# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਮਾਨਵੀ ਆਦਰਸ਼ਾਂ ਦੀ ਵਿਸ਼ਵੀ ਪ੍ਰਾਸੰਗਿਕਤਾ

**Shri Guru Granth Sahib vich Pesh Manvi Adarshaan di Vishvi Prasangikta**

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਆਰਟਸ ਫ਼ੈਕਲਟੀ

ਅਧੀਨ ਪੀ-ਐਚ. ਡੀ. ਦੀ ਡਿਗਰੀ ਲਈ ਪ੍ਰਸਤੁਤ

ਖੋਜ-ਪ੍ਰਬੰਧ

2018


ਖੋਜਾਰਥੀ

ਹਰਪ੍ਰੀਤ ਸਿੰਘ

ਗੁਰੂ ਨਾਨਕ ਸਿੱਖ ਅਧਿਐਨ ਵਿਭਾਗ

ਪੰਜਾਬ ਯੂਨੀਵਰਸਿਟੀ,

ਚੰਡੀਗੜ੍ਹ

DEPARTMENT OF GURU NANAK SIKH STUDIES
PANJAB UNIVERSITY, CHANDIGARH

*JASPAL KAUR KAANG*
**Professor & Academic Incharge**

Ref. No. 4972/GNSS
Date. 20-07-2018

## Correction Certificate

This is to certify that no corrections have been suggested by the examiners in the Ph.D thesis of Mr. Harpreet Singh entitled "**SHRI GURU GRANTH SAHIB VICH PESH MANVI ADARSHAAN DI VISHVI PRASANGIKTA**". His viva-voce was held on 20.07.2018 at 10:00 a.m. in the Department.

**Supervisor**

**Chairperson**
Chairperson
Deptt. of Guru Nanak
Sikh Studies
P.U. Chandigarh

# ਤਤਕਰਾ

**ਭੂਮਿਕਾ** 1-8

**ਅਧਿਆਇ ਪਹਿਲਾ** 9-21

**ਪੂਰਵ ਖੋਜ ਕਾਰਜ ਦਾ ਸਰਵੇਖਣ, ਵਿਸ਼ਲੇਸ਼ਣ ਅਤੇ ਮੁਲਾਂਕਣ**

1.1 ਖੋਜ-ਪ੍ਰਬੰਧ

1.2 ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਅਤੇ ਫ਼ਿਲਾਸਫ਼ੀ ਸੰਬੰਧੀ ਪੁਸਤਕਾਂ

1.3 ਖੋਜ ਵਿਸ਼ੇ ਦੀ ਸਾਰਥਿਕਤਾ ਅਤੇ ਵਿਲੱਖਣਤਾ

**ਅਧਿਆਇ ਦੂਜਾ** 22-86

**ਸ੍ਰੀ ਗੁਰੂ ਗ੍ਰੰਥ ਸਾਹਿਬ: ਵਿਸ਼ਵ ਧਰਮ ਗ੍ਰੰਥਾਂ ਦੇ ਸੰਦਰਭ ਵਿਚ**

2.1 ਹਿੰਦੂ ਧਰਮ ਗ੍ਰੰਥਾਂ ਦੇ ਸੰਦਰਭ

2.2 ਜੈਨ ਅਤੇ ਬੁੱਧ ਧਰਮ ਗ੍ਰੰਥਾਂ ਦੇ ਸੰਦਰਭ

2.3 ਯਹੂਦੀ ਅਤੇ ਇਸਾਈ ਧਰਮ ਗ੍ਰੰਥਾਂ ਦੇ ਸੰਦਰਭ

2.4 ਇਸਲਾਮ ਧਰਮ ਗ੍ਰੰਥਾਂ ਦੇ ਸੰਦਰਭ

2.5 ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਸ਼ਵ ਧਰਮ ਗ੍ਰੰਥਾਂ ਦੇ ਸੰਦਰਭ ਵਿਚ ਵਿਲੱਖਣਤਾ

**ਅਧਿਆਇ ਤੀਜਾ** 87-206

**ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਮਾਨਵੀ ਆਦਰਸ਼ਾਂ ਦੇ ਬਹੁ-ਰੂਪ**

3.1 ਕਰਮ-ਕਾਂਡਾਂ, ਵਹਿਮਾਂ ਭਰਮਾਂ ਤੇ ਮਨੁੱਖੀ ਆਡੰਬਰਾਂ ਦੇ ਵਿਰੋਧ ਵਿਚ ਉਪਜੇ ਗਿਆਨ ਦੇ ਨਵੇਂ ਮਾਡਲ

3.2 ਰੱਬੀ ਏਕਤਾ ਤੇ ਪ੍ਰੇਮ ਭਗਤੀ ਦੀ ਕਰਮਸ਼ੀਲਤਾ

3.3 ਨੈਤਿਕਤਾ ਦੇ ਬਹੁ ਰੂਪਾਂ ਦੀ ਸਿਰਜਣਾ

3.4 ਕਿਰਤ ਦੇ ਨਵੇਂ ਪਾਸਾਰ

3.5 ਹੁਕਮ ਤੇ ਰਜ਼ਾ ਦਾ ਸੰਦਰਭ

3.6 ਸੇਵਾ, ਸਹਿਹੋਂਦ ਤੇ ਸਹਿਣਸ਼ੀਲਤਾ ਦੇ ਨਵੇਂ ਪਾਸਾਰ

**ਅਧਿਆਇ ਚੌਥਾ** 207-290

**ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਮਾਨਵੀ ਆਦਰਸ਼: ਵਿਸ਼ਵੀ ਏਕਤਾ ਦੇ ਪ੍ਰਸੰਗ ਵਿਚ**

4.1 ਧਾਰਮਿਕ ਸਹਿਣਸ਼ੀਲਤਾ

4.2 ਧਾਰਮਿਕ ਬਹੁਲਤਾਵਾਦ ਦੀ ਸਥਾਪਨਾ

4.3 ਅੰਤਰ-ਧਰਮ ਸੰਵਾਦ ਦੀ ਸਥਾਪਨਾ

4.4 ਬਹੁ-ਸਭਿਆਚਾਰਕ ਸਮਾਜ ਦੀ ਸਥਾਪਨਾ

4.5 ਵਿਸ਼ਵ-ਭਾਈਚਾਰਾ ਅਤੇ ਵਿਸ਼ਵ-ਸ਼ਾਂਤੀ ਦੇ ਮਾਡਲ

**ਅਧਿਆਇ ਪੰਜਵਾਂ** 291-370

**ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਾਨਵੀ ਆਦਰਸ਼: ਵਿਸ਼ਵ-ਵਿਆਪੀ ਸੰਗਠਨਾਂ ਦੇ ਸੰਦਰਭ ਵਿਚ**

5.1 ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਮਾਨਵੀ ਅਧਿਕਾਰਾਂ ਦੇ ਸੰਗਠਨ

5.2 ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬੰਧਨ ਮੁਕਤ ਸਮਾਜ ਦੀ ਸਥਾਪਨਾ ਅਤੇ ਦਲਿਤ ਚੇਤਨਾ ਨਾਲ ਜੁੜੇ ਸੰਗਠਨ

5.3 ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿੰਗ ਬਰਾਬਰਤਾ ਤੇ ਨਾਰੀ ਚੇਤਨਾ ਨਾਲ ਜੁੜੇ ਸੰਗਠਨ

5.4 ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਮਾਜਿਕ ਨਿਆਂ ਨਾਲ ਜੁੜੇ ਸੰਗਠਨ

**ਅਧਿਆਇ ਛੇਵਾਂ** 371-418

**ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਮਾਨਵੀ ਆਦਰਸ਼ਾਂ ਦੀ ਸਾਹਿਤਿਕ ਪੇਸ਼ਕਾਰੀ**

**ਸਾਰ ਤੇ ਸਥਾਪਨਾਵਾਂ** 419-430

**ਸਹਾਇਕ ਪੁਸਤਕ-ਸੂਚੀ** 431-454

# ਭੂਮਿਕਾ

ਗੁਰੂ ਗ੍ਰੰਥ ਸਾਹਿਬ ਪੰਜਾਬੀ ਸਾਹਿਤ ਅਤੇ ਸਭਿਆਚਾਰ ਦੀ ਮਾਣਯੋਗ ਤੇ ਗੌਰਵਮਈ ਰਚਨਾਤਮਕ ਵਿਰਾਸਤ ਹੈ ਜਿਸ ਵਿਚੋਂ ਸਮੇਂ ਸਮੇਂ ਤੇ ਮਾਨਵ-ਹਿਤਕਾਰੀ ਵਿਸ਼ਵ-ਦ੍ਰਿਸ਼ਟੀਆਂ ਖੋਜੀਆਂ ਗਈਆਂ ਹਨ ਜੋ ਅੰਤਰ ਸਭਿਆਚਾਰਕ ਅਤੇ ਵਿਸ਼ਵ ਵਿਆਪੀ ਪੱਧਰ ਉੱਤੇ ਸਮੁੱਚੀ ਮਨੁੱਖਤਾ ਲਈ ਸਾਰਥਿਕ ਅਤੇ ਪ੍ਰਾਸੰਗਿਕ ਬਣੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ ਹਿੰਦੁਸਤਾਨ ਦੇ ਵੱਖ-ਵੱਖ ਅਕੀਦਿਆਂ, ਮਜ਼੍ਹਬਾਂ, ਕੌਮਾਂ, ਪ੍ਰਾਂਤਾਂ ਅਤੇ ਧਾਰਨਾਵਾਂ ਨਾਲ ਜੁੜੇ ਹੋਏ ਵੀ ਸਮੁੱਚੀ ਮਾਨਵਤਾ ਦੀ ਰਹਿਬਰੀ ਕਰਦੇ ਪ੍ਰਤੀਤ ਹੁੰਦੇ ਹਨ ਅਤੇ ਮਨੁੱਖਤਾ ਨੂੰ ਅਧਿਆਤਮਿਕਤਾ, ਏਕਤਾ ਅਤੇ ਭਾਈਚਾਰੇ ਦਾ ਆਦਰਸ਼ਕ ਮਾਡਲ ਪੇਸ਼ ਕਰਦੇ ਹਨ ਜੋ ਸਮੁੱਚੀ ਮਨੁੱਖਤਾ ਲਈ 'ਮੁਕਤੀ ਦਾ ਪ੍ਰਵਚਨ' ਬਣਿਆ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਭਾਵੇਂ 12 ਵੀ ਸਦੀ ਤੋਂ ਲੈ ਕੇ 17 ਵੀ ਸਦੀ ਤੱਕ ਦੇ ਸਮਕਾਲੀ ਸਭਿਆਚਾਰ ਦਾ ਇਤਿਹਾਸਕ ਦਸਤਾਵੇਜ਼ ਹੈ ਪਰ ਇਸ ਬਾਣੀ ਵਿਚ ਪੇਸ਼ ਬਾਣੀਕਾਰਾਂ ਦੀਆਂ ਅੰਤਰ-ਦ੍ਰਿਸ਼ਟੀਆਂ ਤੇ ਸੰਵਾਦ ਨੇ ਨਵੇਂ ਮੁੱਲ ਅਤੇ ਨਵੀਂਆਂ ਧਾਰਨਾਵਾਂ ਦਾ ਸਰਬਕਾਲੀ ਸੰਵਾਦ ਸਿਰਜਿਆ ਹੈ; ਜਿਸਦੇ ਬਹੁਭਾਂਤੀ ਤੇ ਬਹੁਪਰਤੀ ਆਦਰਸ਼ਕ ਸਰੋਕਾਰ ਅੱਜ ਸਦੀਆਂ ਬੀਤ ਜਾਣ ਦੇ ਬਾਵਜੂਦ ਵੀ ਉਨੇ ਹੀ ਗ੍ਰਹਿਣਯੋਗ ਅਤੇ ਢੁਕਵੇਂ ਪ੍ਰਤੀਤ ਹੁੰਦੇ ਹਨ ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਹੋਏ ਦਰਸ਼ਨ ਨੂੰ ਤਿੰਨ ਵਰਗਾਂ ਵਿਚ ਸੂਤਰਬੱਧ ਕਰਕੇ ਦੇਖਿਆ ਜਾ ਸਕਦਾ ਹੈ। ਪਹਿਲਾ ਵਰਗ ਬ੍ਰਹਿਮੰਡ ਪਸਾਰੇ ਦੇ ਕਲੇਵਰ ਵਿਚ ਫੈਲਿਆ ਨਿਰੋਲ ਸ਼ਾਸਤਰ ਜਾਂ Metaphysics ਦਾ ਅੰਸ਼ ਬਣਕੇ ਦ੍ਰਿਸ਼ਟਮਾਨ ਹੁੰਦਾ ਹੈ; ਦੂਸਰਾ ਵਰਗ ਸਰਬ-ਵਿਆਪੀ ਅਬਿਨਾਸ਼ੀ ਬ੍ਰਹਮ ਦੇ ਸ਼ੁਧ ਮਿਲਾਪ ਲਈ ਪ੍ਰਸਤੁਤ ਸਥਿਤੀਆਂ ਤੇ ਸੰਭਾਵਨਾਵਾਂ ਦੀ ਸਾਤਵਿਕ ਅਨੁਭੂਤੀ ਨੂੰ ਪ੍ਰਗਟਾਉਂਦਾ ਧਰਮ-ਸ਼ਾਸਤਰੀ ਮਾਰਗ ਨਾਲ ਜਾ ਜੁੜਦਾ ਹੈ। ਤੀਜਾ ਵਰਗ ਮਾਨਵੀ-ਜੀਵਨ ਦੇ ਸਦਾਚਾਰਕ ਮੁੱਲਾਂ ਨੂੰ ਸੰਬੋਧਿਤ ਹੁੰਦਾ ਹੋਇਆ ਵਿਸ਼ਵ-ਵਿਆਪੀ ਪੱਧਰ ਤੇ ਸਰਬਤ ਦੇ ਭਲੇ ਦੇ ਸਰੋਕਾਰਾਂ ਦੀ ਉਸਾਰੀ ਕਰਦਾ ਹੈ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਦੇ ਇਹ ਪਾਸਾਰ ਅੰਤਰ-ਸੰਬੰਧਿਤ ਹੋ ਕੇ ਅਜੋਕੇ ਮਨੁੱਖ ਲਈ ਸਾਰਥਕ ਭੂਮਿਕਾ ਨਿਭਾਉਂਦੇ ਹਨ ਤੇ ਸਮੁੱਚੀ ਨਵ-ਵਿਸ਼ਵ-ਦ੍ਰਿਸ਼ਟੀ ਦਾ ਨਿਰਮਾਣ ਕਰਦੇ ਹਨ ਜੋ ਲੌਕਿਕਤਾ ਤੇ ਪਾਰਲੌਕਿਕਤਾ ਦਾ ਸੁਮੇਲ ਸਿਰਜਦੀ ਹੈ। ਭੌਤਿਕ ਜਗਤ ਵਿਚ ਪਸਾਰਾ ਕਰਦਾ ਹੋਇਆ ਅਜਿਹਾ ਮਨੁੱਖ ਪੂਰੀ ਨਿਸ਼ਠਾ ਨਾਲ ਪਰਾਭੌਤਿਕਤਾ ਨਾਲ ਨਾਤਾ ਜੋੜਦਾ ਹੈ। ਭੌਤਿਕਤਾ ਨੂੰ ਨਿਖੇਧ ਕੇ ਸਮਾਜ ਅਤੇ ਵਿਸ਼ਵ ਤੋਂ ਕਿਨਾਰਾਕਸ਼ੀ ਤੇ ਪਲਾਇਨਵਾਦੀ ਰੁਚੀ ਦੇ ਅੰਤਰਗਤ ਪੈਦਾ ਹੋਇਆ ਸਭਿਆਚਾਰ ਗੁਰਬਾਣੀ ਦੇ ਅਨੁਕੂਲ ਨਹੀਂ। ਇਹੀ ਆਧੁਨਿਕਤਾ ਤੋਂ ਪਾਰ ਉੱਤਰ-ਆਧੁਨਿਕਤਾ ਦੀ ਅੰਤਰ-ਦ੍ਰਿਸ਼ਟੀ ਹੈ ਜੋ ਵਿਸ਼ਵ-ਦੇ ਮੇਚ ਦੀ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇਸ ਧਾਰਾ ਨਾਲ ਜੁੜੀਆਂ ਅਨੁਕੂਲ ਸਥਿਤੀਆਂ ਵਿਚੋਂ ਪ੍ਰਵਾਹਮਾਨ ਹੁੰਦੀ 'ਆਗਾਹਾ ਕੂ ਤ੍ਰਾਘਿ' ਦਾ ਸੰਵਾਦ ਸਿਰਜਦੀ ਹੈ।

ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਸੋਚ ਨੂੰ ਮਨੁੱਖ ਦੀ ਆਤਮਿਕ, ਭਾਈਚਾਰਕ, ਸਮਾਜਕ ਤੇ ਜ਼ਾਬਤਾਬੱਧ ਉਸਾਰੀ ਦੀ ਤਰਜਮਾਨੀ ਮੰਨਦਿਆਂ ਹੋਇਆਂ ਸਾਧੂ ਟੀ.ਐਲ. ਵਿਸਵਾਨੀ ਗੁਰੂ ਗ੍ਰੰਥ ਸਾਹਿਬ ਨੂੰ World Scripture ਭਾਵ 'ਵਿਸ਼ਵ ਦਾ ਧਾਰਮਿਕ ਗ੍ਰੰਥ' ਮੰਨਦਾ ਹੈ। ਪ੍ਰਸਿੱਧ ਅਮਰੀਕੀ ਸਮਾਜ ਸ਼ਾਸਤਰੀ ਅਤੇ ਇਤਿਹਾਸਕਾਰ ਸ੍ਰੀ ਆਰਨਲਡ ਟੋਇਨਬੀ

ਦਾ ਮੱਤ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਮਨੁੱਖੀ ਭਾਈਚਾਰੇ ਦਾ ਇੱਕ ਸਾਂਝਾ ਆਤਮਿਕ ਖ਼ਜ਼ਾਨਾ ਹੈ। ਉਸ ਅਨੁਸਾਰ ਮਨੁੱਖਤਾ ਦਾ ਧਾਰਮਿਕ ਭਵਿੱਖ ਭਾਵੇਂ ਧੁੰਦਲਾ ਹੈ ਪਰ ਫਿਰ ਵੀ ਇਸਦੇ ਬਾਵਜੂਦ ਇਹ ਦੇਖਿਆ ਜਾ ਰਿਹਾ ਹੈ ਕਿ ਜੀਵਤ ਉਚੇਰੇ ਧਰਮ ਪਹਿਲੇ ਦੀ ਨਿਸਬਤ ਹੁਣ ਇਕ ਦੂਜੇ ਦੇ ਵਧੇਰੇ ਨੇੜੇ ਹੋ ਰਹੇ ਹਨ। ਟਾਇਨਬੀ ਦੇ ਵਿਚਾਰ ਮੁਤਾਬਕ ਭਵਿੱਖ ਵਿਚ ਹੋਣ ਵਾਲੀ ਧਰਮਾਂ ਦੀ ਚਰਚਾ ਵਿਚ ਸਿੱਖ ਧਰਮ ਅਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪਾਸ ਕੁਝ ਐਸੀ ਵਿਸ਼ੇਸ਼ ਤੇ ਕੀਮਤੀ ਗੱਲ ਜ਼ਰੂਰ ਰਹੇਗੀ ਜੋ ਬਾਕੀ ਸਾਰੀ ਦੁਨੀਆ ਨੂੰ ਦੱਸੀ ਜਾ ਸਕਦੀ ਹੈ। ਇਖ਼ਲਾਕ ਹੁਸੈਨ ਦਿਹਲਵੀਂ ਅਨੁਭਵ ਕਰਦਾ ਹੈ ਕਿ ਪਵਿੱਤਰ ਗੁਰੂ ਗ੍ਰੰਥ ਸਾਹਿਬ ਸਿੱਖ ਧਰਮ ਦੀ ਹੀ ਇਕ ਸਤਿਕਾਰਯੋਗ ਧਾਰਮਿਕ ਪੁਸਤਕ ਨਹੀਂ, ਸਗੋਂ ਇਸ ਵਿਚੋਂ ਨਿੱਜੀ ਪਛਾਣ ਅਤੇ ਰੱਬੀ ਪਛਾਣ ਦੀ ਅਣਮੁੱਲੀ ਦਾਤ ਪ੍ਰਾਪਤ ਹੁੰਦੀ ਹੈ ਅਤੇ ਰੂਹਾਨੀਅਤ ਦੀ ਮਸਤੀ ਦਾ ਸਰੂਰ ਹਾਸਿਲ ਹੁੰਦਾ ਹੈ ਜਿਸ ਰਾਹੀਂ ਮਨੁੱਖ 'ਇਨਸਾਨ' ਬਣ ਜਾਂਦਾ ਹੈ। ਅਮਰੀਕਾ ਦੀ ਨੋਬਲ ਪੁਰਸਕਾਰ ਵਿਜੇਤਾ ਸ੍ਰੀਮਤੀ ਪਰਲ ਐਸ. ਬੱਕ ਲਿਖਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਮਨੁੱਖੀ ਸਰੀਰ ਦੀਆਂ ਅਮਲੀ ਲੋੜਾਂ ਦੇ ਅਨੁਕੂਲ ਹੈ। ਇਹਨਾਂ ਬਾਣੀਆਂ ਵਿਚ ਹੈਰਾਨੀਜਨਕ ਆਧੁਨਿਕਤਾ ਹੈ।

ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੇ ਗੌਰਵਸ਼ਾਲੀ ਵਿਰਸੇ ਨੂੰ ਵੱਖ-ਵੱਖ ਸਮਿਆਂ ਵਿਚ ਵਿਭਿੰਨ ਵਿਦਵਾਨਾਂ ਵੱਲੋਂ ਵਿਚਾਰ ਕੇ ਇਸ ਵਿਚਲੇ ਗਿਆਨ ਦੀਆਂ ਅਨੰਤ ਸੰਭਾਵਨਾਵਾਂ ਨੂੰ ਉਜਾਗਰ ਕੀਤਾ ਗਿਆ ਹੈ। ਨਿਸ਼ਚੈ ਹੀ ਆਪਣੇ ਆਪ ਵਿਚ ਇਹ ਇਕ ਵਿਲੱਖਣ ਗ੍ਰੰਥ ਹੈ ਜੋ ਆਪਣੇ ਸਮਕਾਲੀ ਸਮੇਂ ਦੌਰਾਨ ਧਾਰਮਿਕ-ਸਮਾਜਕ-ਸਭਿਆਚਾਰਕ ਕ੍ਰਾਂਤੀ ਲੈ ਆਇਆ। ਇਸ ਵਿਚ ਸਿਰਜੀ ਗਈ ਬਾਣੀ ਬਾਣੀਕਾਰਾਂ ਦੀ ਸਮ-ਦ੍ਰਿਸ਼ਟੀ ਦਾ ਸੂਚਕ ਬਣੀ ਹੈ ਜਿਸ ਵਿਚ ਹਰ ਸ਼੍ਰੇਣੀ, ਹਰ ਭਾਸ਼ਾ, ਹਰ ਪ੍ਰਾਂਤ ਵਿਚੋਂ ਪੈਦਾ ਹੋਏ ਸਤਿ ਨੂੰ ਇਕ ਸੂਤਰ ਵਿਚ ਬੰਨ੍ਹ ਕੇ ਪੇਸ਼ ਕੀਤਾ ਗਿਆ ਹੈ ਅਤੇ ਸਮੇਂ ਦੇ ਸਮਾਜਕ, ਰਾਜਨੀਤਿਕ, ਆਰਥਿਕ, ਸੱਭਿਆਚਾਰਕ ਅਤੇ ਨੈਤਿਕ ਪ੍ਰਬੰਧ ਨੂੰ ਨਵੀਂਆਂ ਦਿਸ਼ਾਵਾਂ ਪ੍ਰਦਾਨ ਕੀਤੀਆਂ ਗਈਆਂ ਹਨ। ਇਹ ਸਮੁੱਚੀ ਰਚਨਾ ਏਨੀ ਵਿਸ਼ਾਲ ਤੇ ਅਰਥ ਭਰਪੂਰ ਹੈ ਕਿ ਇਸ ਵਿਚਲੀਆਂ ਅਰਥਾਂ ਦੀਆਂ ਵਿਸ਼ਾਲ, ਗਹਿਨ ਤੇ ਅੰਨਤ ਪਰਤਾਂ ਤੱਕ ਪਹੁੰਚ ਸਕਣਾ ਅਜੇ ਵੀ ਵਿਦਵਾਨਾਂ ਲਈ ਚੁਣੌਤੀ ਹੈ ਜਿਸਤੋਂ ਮਾਨਵੀ ਕਲਿਆਣ ਦੀਆਂ ਅਨੇਕਾਂ ਹੋਰ ਸੰਭਾਵਨਾਵਾਂ ਪੈਦਾ ਹੋਣ ਦੀ ਨਿਰੰਤਰ ਆਸ ਬਣੀ ਰਹੇਗੀ।

ਅੱਜ ਦੇ ਵਿਸ਼ਵੀਕਰਨ ਦੇ ਜੁੱਗ ਵਿਚ ਅਸੀਂ ਵੇਖ ਰਹੇ ਹਾਂ ਕਿ ਤੇਜੀ ਨਾਲ ਵੱਧ ਰਹੇ ਨਵ-ਤਕਨੀਕੀ ਸੰਚਾਰ ਸਾਧਨਾਂ ਦੀ ਵਰਤੋਂ, ਆਵਾਜਾਈ ਦੇ ਸਾਧਨਾਂ ਵਿਚ ਆਈ ਕ੍ਰਾਂਤੀ, ਪਰਵਾਸ, ਆਰਥਿਕ ਸਹਿਚਾਰ ਤੇ ਸਹਿਹੋਂਦ ਦੀਆਂ ਲੋੜਾਂ ਤੇ ਮਜ਼ਬੂਰੀਆਂ ਕਾਰਨ ਵਰਤਮਾਨ ਸੰਸਾਰ ਇਕ ਵਿਸ਼ਵ ਵਿਆਪੀ ਪਿੰਡ ਅਤੇ ਵਰਤਮਾਨ ਸਮਾਜ ਇਕ ਵਿਸ਼ਵ ਵਿਆਪੀ ਸਮਾਜ ਦੇ ਰੂਪ ਵਿਚ ਉੱਭਰ ਰਿਹਾ ਹੈ। ਅੱਜ ਦਾ ਮਨੁੱਖ ਧਰਤੀ ਦੇ ਕਿਸੇ ਇਕ ਟੁਕੜੇ ਨਾਲ ਹੀ ਸੰਬੰਧਿਤ ਨਹੀਂ ਰਿਹਾ, ਬਲਕਿ ਵਿਸ਼ਵ-ਵਿਆਪੀ ਪਿੰਡ ਦਾ ਹਿੱਸਾ ਬਣ ਗਿਆ ਹੈ। ਇਸ ਵਿਸ਼ਵ-ਵਿਆਪੀ ਸਮਾਜ ਵਿਚ ਸੱਭਿਆਚਾਰਕ, ਧਾਰਮਿਕ, ਖੇਤਰੀ, ਨਸਲੀ, ਭਾਸ਼ਾਈ ਸੀਮਾਵਾਂ ਖ਼ਤਮ ਹੋ ਰਹੀਆਂ ਹਨ ਅਤੇ ਅਜੋਕਾ ਮਨੁੱਖ ਇਕ ਅਜਿਹੇ ਬਹੁ-ਜਾਤੀ, ਬਹੁ-ਸੱਭਿਆਚਾਰਕ, ਬਹੁ-ਖੇਤਰੀ, ਬਹੁ-ਨਸਲੀ, ਬਹੁ-ਭਾਸ਼ਾਈ ਅਤੇ ਬਹੁ-ਧਾਰਮਿਕ ਸੰਸਾਰ ਵਿਚ ਰਹਿ ਰਿਹਾ ਹੈ, ਨਤੀਜੇ ਵਜੋਂ ਵਿਸ਼ਵ-ਵਿਆਪੀ ਭਾਈਚਾਰੇ ਨੂੰ ਜਾਤੀ, ਨਸਲੀ, ਖੇਤਰੀ, ਸੰਪਰਦਾਇਕ, ਲਿੰਗ ਅਤੇ ਸਭਿਆਚਾਰਕ ਪਹਿਚਾਣ ਨਾਲ ਜੁੜੀਆਂ ਬਹੁਤ ਸਾਰੀਆਂ ਚੁਣੌਤੀਆਂ ਤੇ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ

ਹੈ। ਇਨ੍ਹਾਂ ਸੱਮਸਿਆਵਾਂ ਦੇ ਸਨਮੁਖ ਇਸ ਵਿਸ਼ਵ-ਵਿਆਪੀ ਪਿੰਡ ਵਿਚ ਸਦੀਵੀ ਸ਼ਾਂਤੀ, ਇਕਸਾਰਤਾ, ਸੰਤੁਲਨ ਤੇ ਆਪਸੀ ਤਾਲਮੇਲ ਪੈਦਾ ਕਰਨ ਲਈ ਅੰਤਰ ਧਰਮ ਸੰਵਾਦ, ਬਹੁ ਧਰਮਵਾਦ, ਬਹੁ ਸਭਿਆਚਾਰਕ ਸਮਾਜ ਦੀ ਸਿਰਜਨਾ ਅਤੇ ਵਿਸ਼ਵ ਵਿਆਪੀ ਸੰਗਠਨਾਂ ਦਾ ਵਿਸ਼ਲੇਸ਼ਣ ਕਰਨਾ ਬਹੁਤ ਪ੍ਰਸੰਗਿਕ ਹੋ ਗਿਆ ਹੈ। ਸਮੁੱਚੇ ਵਿਸ਼ਵ ਦੀ ਰਾਜਨੀਤਿਕ, ਸਮਾਜਿਕ, ਧਾਰਮਿਕ ਵੰਨ-ਸੁਵੰਨਤਾ ਨੂੰ ਖਤਮ ਕਰਕੇ, 'ਰਾਜਸੀ ਏਕਾਤਮਕ-ਤੰਤ੍ਰੀਕਰਨ, ਸਮਾਜਿਕ ਇਕਸਾਰੀਕਰਨ ਅਤੇ ਧਾਰਮਿਕ ਇਕਮਿਕੀਕਰਨ ਦੀਆਂ ਨੀਤੀਆਂ ਨੂੰ ਸਥਾਪਿਤ ਕਰਨ ਲਈ 'ਸਰਵ-ਸਾਂਝੀ ਅਧਿਆਤਮਕ ਆਧਾਰ ਧਰਾਤਲ' ਦੀ ਰਹਿਨੁਮਾਈ ਦੀ ਜ਼ਰੂਰਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਮਨੁੱਖੀ ਆਦਰਸ਼ਾਂ ਦਾ ਮੂਲ ਆਧਾਰ ਬ੍ਰਹਿਮੰਡੀ ਚੇਤਨਾ ਦੇ ਉਸ ਪਾਰਗਾਮੀ ਦ੍ਰਿਸ਼ਟੀ-ਬਿੰਦੂ ਉੱਤੇ ਟਿਕਿਆ ਹੋਇਆ ਹੈ, ਜਿੱਥੇ ਖਲੋ ਕੇ ਭਿੰਨਤਾਵਾਂ ਅਤੇ ਵਿਤਕਰੇ ਮਹੱਤਵਹੀਨ ਜੋ ਜਾਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਮਨੁੱਖੀ ਆਦਰਸ਼ਾਂ ਦੀ ਸਭ ਤੋਂ ਵੱਡੀ ਦੇਣ ਇਕ ਅਜਿਹੇ ਮਾਨਵ ਅਤੇ ਸਮਾਜ ਦੀ ਸਿਰਜਨਾ ਕਰਨ ਵਿਚ ਨਿਹਤ ਹੈ ਜੋ ਜਾਤ-ਬਰਾਦਰੀਆਂ, ਧਾਰਮਿਕ ਵੰਡੀਆਂ ਅਤੇ ਸੌੜੀ ਫ਼ਿਰਕੂ ਸਿਆਸਤ ਦੇ ਵੰਡੇ ਹੋਏ ਮਨੁੱਖੀ ਭਾਈਚਾਰਿਆਂ ਨੂੰ ਪ੍ਰੇਮ-ਪਿਆਰ ਨਾਲ ਜਿਊਣਾ ਸਿਖਾਉਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਸ਼ਵੀ ਦ੍ਰਿਸ਼ਟੀਕੋਣ ਦੇ ਦੋ ਮਹੱਤਵਪੂਰਨ ਪਹਿਲੂ ਹਨ। ਪਹਿਲਾ, ਸਰਬ-ਸਾਂਝਾ ਪੈਗ਼ਾਮ ਅਤੇ ਦੂਸਰਾ ਸਰਬ-ਸਾਂਝਾ ਸਰੂਪ। ਇਸ ਵਿਚ ਕੋਈ ਸ਼ਕ ਨਹੀਂ ਕਿ ਸਰਬ-ਸਾਂਝੇ ਸੰਦੇਸ਼ ਨੂੰ ਹੋਰਨਾਂ ਧਰਮ-ਗ੍ਰੰਥਾਂ ਨੇ ਵੀ ਪ੍ਰਗਟਾਇਆ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਇਸ ਪੱਖੋਂ ਵਿਲੱਖਣ ਸਥਾਨ ਰੱਖਦੀ ਹੈ ਕਿਉਂਕਿ ਇਸ ਵਿਚ ਪ੍ਰਸਤੁਤ ਸਾਂਝੀਵਾਲਤਾ ਅੰਸ਼ ਨਿਰੇ ਸੰਕਲਪ ਦੇ ਰੂਪ ਵਿਚ ਵਰਣਿਤ ਨਹੀਂ ਹੋਈ, ਬਲਕਿ ਸਮੱਗਰ ਰੂਪ ਵਿਚ ਆਈ ਹੈ। ਸਾਰੀ ਵਿਚਾਰਧਾਰਾ ਦਾ ਮੂਲ ਅਨੇਕਤਾ ਵਿਚ ਏਕਤਾ ਦੇ ਪ੍ਰਸਤੁਤੀਕਰਨ ਨਾਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਦੂਜੀ ਵਿਸ਼ੇਸ਼ਤਾ ਇਸਦਾ ਸਰਬ-ਸਾਂਝਾ ਸਰੂਪ ਹੈ ਜੋ ਆਦਿ ਤੋਂ ਅੰਤ ਤੱਕ ਮਨੁੱਖਤਾ ਦੀ ਹਾਮੀ ਭਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਾ ਕੇਵਲ ਸਾਂਝੀਵਾਲਤਾ ਦਾ ਉਪਦੇਸ਼ ਹੈ ਬਲਕਿ ਵਿਭਿੰਨ ਧਰਮਾਂ ਨੂੰ ਆਪਣੇ ਆਪਣੇ ਧਰਮਾਂ ਨਾਲ ਨਿਸ਼ਠਾ ਨਾਲ ਜੁੜਨ ਦਾ ਕਥਨ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਜੀਵਨ ਜੀਣ ਦੀਆਂ ਵਿਭਿੰਨ ਸ਼ੈਲੀਆਂ ਨੂੰ ਇਕ ਸਮਾਨ ਸਵੀਕਾਰ ਕੀਤਾ ਗਿਆ ਹੈ। ਇਸ ਵਿਚ ਸਮਾਜਕ, ਸੰਸਕ੍ਰਿਤਿਕ, ਆਰਥਿਕ ਰੰਗ-ਨਸਲ ਦੇ ਭੇਦ ਜਾਂ ਦਰਜੇਬੰਦੀਆਂ ਲਈ ਕੋਈ ਸਥਾਨ ਨਹੀਂ। ਪੂਰੇ ਵਿਸ਼ਵ ਦੀ ਖੁਸ਼ਹਾਲੀ ਅਤੇ ਸਮ੍ਰਿਧੀ ਵਾਸਤੇ ਮਾਨਵੀ ਬਰਾਬਰੀ ਦੀ ਸੁਰ ਬਲਵਾਨ ਹੈ।

ਉਪਰੋਕਤ ਵਿਚਾਰ ਵਿਮਰਸ਼ ਦੇ ਪਰਿਪੇਖ ਵਿਚ ਸਾਡੇ ਖੋਜ ਕਾਰਜ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਮਾਨਵੀ ਆਦਰਸ਼ਾਂ ਦੀ ਵਿਸ਼ਵੀ ਪ੍ਰਾਸੰਗਿਕਤਾ' ਮਨੁੱਖੀ ਆਦਰਸ਼ਾਂ ਤੇ ਮੁੱਲਾਂ ਦੀ ਸਰਵ ਵਿਆਪਕਤਾ ਤੇ ਸਰਵ ਉਪਯੋਗਤਾ ਦਾ ਅਧਿਐਨ ਕਰਨ ਦਾ ਇਕ ਉਪਰਾਲਾ ਹੈ ਜੋ ਅਜੋਕੀ ਜ਼ਿੰਦਗੀ ਦੀ ਰਹਿਬਰੀ ਕਰਦੇ ਹਨ ਅਤੇ ਜੀਵਨ ਨੂੰ ਬਿਹਤਰ ਬਨਾਉਣ ਵਿਚ ਸਹਾਈ ਹੁੰਦੇ ਹਨ।ਸੋ ਇਸ ਖੋਜ ਕਾਰਜ ਦਾ ਮੁੱਖ ਉਦੇਸ਼ ਉਨ੍ਹਾਂ ਆਦਰਸ਼ਾਂ ਨੂੰ ਖੋਜਣਾ ਹੈ ਜੋ ਇਸ ਨੂੰ ਸਰਬਵਿਆਪੀ ਬਣਾਉਂਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚਲੇ ਆਦਰਸ਼ ਤੇ ਜੀਵਨ ਮੁੱਲ ਮਨੁੱਖ ਨੂੰ ਸਮੇਂ ਤੇ ਸਥਾਨ ਦੀ ਸੀਮਾ ਤੋਂ ਪਾਰ ਲਿਜਾਂਦੇ ਹਨ ਅਤੇ ਜਿਨ੍ਹਾਂ ਦੀ ਅੱਜ ਦੇ ਵਰਤਮਾਨ ਪ੍ਰਸੰਗ ਵਿਚ ਫੇਰ ਲੋੜ ਹੈ। ਇਸ ਪਰਿਪੇਖ ਵਿਚ ਭਾਈਚਾਰਕ ਏਕਤਾ ਅਤੇ ਸੰਯੁਕਤ ਸਭਿਆਚਾਰ ਦੀ ਸਿਰਜਣਾ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਹੋਏ ਬਾਣੀਕਾਰਾਂ ਦੇ ਸੰਕਲਪਾਂ ਜਿਵੇਂ ਧਾਰਮਿਕ ਸਹਿਣਸ਼ੀਲਤਾ, ਬਹੁ-ਧਰਮਵਾਦ, ਅੰਤਰ-ਧਰਮ-ਸੰਵਾਦ, ਬਹੁ-ਸਭਿਆਚਾਰ, ਵਿਸ਼ਵ-

ਭਾਈਚਾਰਾ, ਸਰਬਤ ਦਾ ਭਲਾ ਆਦਿ ਆਦਰਸ਼ਮੁਖੀ ਸੰਕਲਪਾਂ ਨੂੰ ਵਿਚਾਰਨਾ, ਖੋਜਣਾ ਤੇ ਸਮਝਣਾ ਹੈ ਤੇ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਉਨ੍ਹਾਂ ਆਦਰਸ਼ਾਂ ਦੀ ਪਛਾਣ ਕਰਨਾ ਹੈ ਜੋ ਵਿਭਿੰਨ ਸਭਿਆਚਾਰਕ ਪੰਰਪਰਾਵਾਂ ਵਿਚਕਾਰ ਸਹਿ ਹੋਂਦ ਨੂੰ ਸਥਾਪਿਤ ਕਰਦਿਆਂ ਸੰਜੁਗਤ ਸਭਿਆਚਾਰ ਦੀ ਸੰਭਾਵਨਾਵਾਂ ਨੂੰ ਸਾਕਾਰ ਕਰਦੀਆਂ ਹਨ, ਜਿਸ ਵਿਚ ਵਿਭਿੰਨ ਧਰਮਾਂ, ਫ਼ਿਰਕਿਆਂ, ਨਸਲਾਂ, ਜਾਤਾਂ-ਬਰਾਦਰੀਆਂ ਪਰਸਪਰ ਵੈਰ-ਵਿਰੋਧ ਅਤੇ ਟਕਰਾਓ ਨੂੰ ਛੱਡ ਕੇ ਮਿੱਤਰਤਾ, ਪਰਸਪਰ-ਪ੍ਰੇਮ, ਸਦਭਾਵਨਾ, ਸਹਿਯੋਗ ਅਤੇ ਸਹਿਣਸ਼ੀਲਤਾ ਦਾ ਸੰਦੇਸ਼ ਸੰਚਾਰਿਤ ਕਰਦੀਆਂ ਹੋਈਆਂ ਮਾਨਵੀ ਜ਼ਮੀਰ ਨੂੰ ਸ਼ਕਤੀ ਬਖਸ਼ਦੀਆਂ ਹਨ ਅਤੇ ਮਨੁੱਖੀ ਹੱਕਾਂ ਦੀ ਰਾਖੀ ਕਰਨ ਦੇ ਯੋਗ ਹੁੰਦੀਆਂ ਹਨ। ਇਸ ਪ੍ਰਕਾਰ ਇਸ ਖੋਜ-ਕਾਰਜ ਵਿਚ ਉਨ੍ਹਾਂ ਮੁੱਲਾਂ ਜਾਂ ਆਦਰਸ਼ਾਂ ਦੀ ਪਛਾਣ ਕਰਨ ਦਾ ਉਪਰਾਲਾ ਹੈ ਜੋ ਸੁਚੱਜੀ ਅਤੇ ਸਮੁੱਚੀ ਜੀਵਨ-ਜਾਚ ਦੀ ਘਾੜਤ ਘੜਦੇ ਪ੍ਰਤੀਤ ਹੁੰਦੇ ਹਨ ਤੇ ਜਿਸਦੇ ਰਾਹੀਂ ਇੱਕ ਵਿਸ਼ਵ-ਸਮਾਜ ਦੀ ਉਸਾਰੀ ਹੁੰਦੀ ਹੈ। ਇਹ ਆਦਰਸ਼ ਕੇਵਲ ਇੱਕ ਸਮੂਹ ਜਾਂ ਕੌਮ ਲਈ ਨਹੀਂ ਸਗੋਂ ਸਮੁੱਚੇ ਵਿਸ਼ਵ ਵਿਚਲੀ ਮਾਨਵਤਾ ਦੀ ਰਹਿਬਰੀ ਕਰਦੇ ਹਨ। ਇਸ ਲਈ ਇਨ੍ਹਾਂ ਆਦਰਸ਼ਾਂ ਤੇ ਇਨ੍ਹਾਂ ਦੀ ਅੰਤਰੀਵ ਭਾਵਨਾ ਨੂੰ ਖੋਜਣਾ ਇਸ ਖੋਜ ਕਾਰਜ ਦਾ ਮੂਲ ਪ੍ਰਯਤਨ ਹੈ। ਅਜੋਕੇ ਸਮੇਂ ਵਿਚ ਸਭ ਤੋਂ ਅਹਿਮ ਮਸਲਾ ਮਨੁੱਖ ਦੀ ਹੋਂਦ ਨੂੰ ਸਥਾਪਿਤ ਕਰਨਾ ਹੈ। ਉਸਨੂੰ ਨਿੱਜ ਦੀ ਬੇਵਿਸ਼ਵਾਸ਼ੀ, ਉਦਾਸੀਨਤਾ, ਭਟਕਣਾ ਅਤੇ ਅਸ਼ਾਂਤੀ ਤੋਂ ਬਾਹਰ ਕਢ ਕੇ ਉਸਦੇ ਵਿਅਕਤਿਤਵ ਨੂੰ ਨਿਖਾਰਨਾ ਹੈ। ਅਜਿਹੀ ਸਖ਼ਸ਼ੀਅਤ ਦਾ ਨਿਰਮਾਣ ਕਰਨਾ ਹੈ ਜਿਹੜੀ ਬੁਲੰਦ ਹੌਂਸਲੇ ਅਤੇ ਦ੍ਰਿੜ ਇਰਾਦੇ ਨਾਲ ਮੁਸ਼ਕਿਲਾਂ ਦਾ ਸਾਮ੍ਹਣਾ ਕਰਦੇ ਹੋਏ ਆਪਣੇ ਮਿਸ਼ਨ ਨਾਲ ਜੁੜ ਸਕੇ।

ਇਸ ਖੋਜ-ਕਾਰਜ ਨੂੰ ਛੇ ਅਧਿਆਵਾਂ ਵਿੱਚ ਵੰਡਿਆ ਗਿਆ ਹੈ। ਖੋਜ ਪ੍ਰਬੰਧ ਦਾ ਪਹਿਲਾ ਅਧਿਆਇ 'ਪੂਰਵ ਖੋਜ ਕਾਰਜ ਦਾ ਸਰਵੇਖਣ ਤੇ ਮੁਲਾਂਕਣ' ਪ੍ਰਾਪਤ ਖੋਜ ਕਾਰਜ ਦੇ ਵਿਸ਼ਲੇਸ਼ਣ ਤੇ ਮੁਲਾਂਕਣ ਨਾਲ ਸੰਬੰਧਿਤ ਹੈ। ਇਸ ਅਧਿਆਇ ਦਾ ਮੂਲ ਉਦੇਸ਼ ਪ੍ਰਾਪਤ ਹੋਏ ਬਾਣੀ-ਚਿੰਤਨ ਨੂੰ ਨਾ ਤਾਂ ਪੂਰੀ ਤਰ੍ਹਾਂ ਨਕਾਰਨਾ ਹੈ ਤੇ ਨਾ ਹੀ ਉਸੇ ਰੂਪ ਵਿੱਚ ਸਵੀਕਾਰਨਾ ਹੈ ਸਗੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਮਾਨਵੀ ਆਦਰਸ਼ਾਂ ਦੀ ਵਿਸ਼ਵੀ ਪ੍ਰਾਸੰਗਿਕਤਾ ਦੇ ਦ੍ਰਿਸ਼ਟੀ-ਬਿੰਦੂ ਤੋਂ ਉਸ ਦਾ ਆਲੋਚਨਾਤਮਕ ਜਾਇਜ਼ਾ ਲੈਂਦੇ ਹੋਏ ਇਹ ਵਿਚਾਰਨਾ ਹੈ ਕਿ ਪਹਿਲਾਂ ਇਸ ਦ੍ਰਿਸ਼ਟੀ ਤੋਂ ਜੋ ਖੋਜ ਕਾਰਜ ਹੋਏ ਹਨ ਉਹ ਸਾਡੇ ਥੀਮ ਨਾਲ ਕਿੰਨੇ ਕੁ ਮੇਲ ਖਾਂਦੇ ਹਨ ਜਾਂ ਨਹੀਂ ਤੇ ਸਾਡੇ ਦੁਆਰਾ ਚੁਣਿਆ ਇਹ ਵਿਸ਼ਾ ਇਸ ਪ੍ਰਾਪਤ ਖੋਜ ਸੰਦਰਭ ਵਿਚ ਕਿਸ ਤਰ੍ਹਾਂ ਦਾ ਨਵਾਂ ਪਰਿਪੇਖ ਸਿਰਜਦਾ ਹੈ। ਇਸ ਉਦੇਸ਼ ਲਈ ਅਸੀਂ ਮੂਲ ਵਿਸ਼ੇ ਨਾਲ ਸੰਬੰਧਿਤ ਵਿਭਿੰਨ ਯੂਨੀਵਰਸਿਟੀਆਂ ਅਤੇ ਵਿਦਵਾਨ ਚਿੰਤਕਾਂ ਦੇ ਕੁੱਝ ਚੋਣਵੇਂ ਖੋਜ ਪ੍ਰਬੰਧਾਂ ਤੇ ਖੋਜ ਨਿਬੰਧਾਂ ਦਾ ਵੇਰਵਾ ਪ੍ਰਸਤੁਤ ਕੀਤਾ ਹੈ। ਇਨ੍ਹਾਂ ਖੋਜ-ਕਾਰਜਾਂ ਦੇ ਅਧਿਐਨ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਮਾਨਵੀ ਆਦਰਸ਼ਾਂ ਦੀ ਵਿਸ਼ਵੀ ਪ੍ਰਾਸੰਗਿਕਤਾ' ਦੇ ਵਿਸ਼ੇ ਉੱਪਰ ਕੋਈ ਵੀ ਠੋਸ ਖੋਜ-ਕਾਰਜ ਸਾਡੇ ਸਾਹਮਣੇ ਨਹੀਂ ਆਇਆ। ਹੁਣ ਤੱਕ ਹੋ ਚੁੱਕੇ ਖੋਜ ਕਾਰਜ ਵਿੱਚ ਖੋਜਾਰਥੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਸਤੁਤ ਕਿਸੇ ਵਿਸ਼ੇਸ਼ ਸੰਕਲਪ, ਸਮਕਾਲੀਨ ਸਮਾਜਕ, ਆਰਥਿਕ, ਰਾਜਨੀਤਿਕ ਹਾਲਾਤਾਂ ਤੇ ਵਿਚਾਰਧਾਰਿਕ ਪਰਿਪੇਖ ਆਦਿ ਨੂੰ ਵਿਚਾਰਿਆ ਹੈ ਜਾਂ ਕਿਸੇ ਇੱਕ ਵਿਸ਼ੇਸ਼ ਗੁਰੂ ਸਾਹਿਬ ਦੇ ਯੋਗਦਾਨ ਜਾਂ ਗੁਰੂ ਸਾਹਿਬਾਨ ਜਾਂ ਸਮੂਹ ਭਗਤਾਂ ਦੀ ਬਾਣੀ ਨੂੰ ਆਧਾਰ ਲੈ ਕੇ, ਉਨ੍ਹਾਂ ਦੀ ਬਾਣੀ ਦੇ ਪੱਖਾਂ ਦਾ ਵਿਵੇਚਨ ਕੀਤਾ ਹੈ। ਪਰ ਸਾਡੇ ਖੋਜ-ਪ੍ਰਬੰਧ ਦਾ ਵਿਸ਼ਾ ਇਸ ਕਰਕੇ ਗੰਭੀਰ ਅਧਿਐਨ ਦੀ ਮੰਗ

ਕਰਦਾ ਹੈ ਕਿਉਂਕਿ ਇਸ ਵਿਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਪੇਸ਼ ਆਦਰਸ਼ਾਂ ਦੇ ਸਰੂਪ ਦਾ ਵਿਸ਼ਵ ਦੇ ਧਾਰਮਿਕ, ਸਮਾਜਕ, ਸੱਭਿਆਚਾਰਕ ਅਤੇ ਰਾਜਨੀਤਕ ਦ੍ਰਿਸ਼ਟੀਬਿੰਦੂ ਤੋਂ ਅਧਿਐਨ ਕਰਨਾ ਅਤੇ ਇਨ੍ਹਾਂ ਆਦਰਸ਼ਾਂ ਦੀ ਸਮਕਾਲੀ ਅਤੇ ਵਰਤਮਾਨ ਸੰਦਰਭ ਵਿਚ ਪ੍ਰਸੰਗਕਿਤਾ, ਸਾਰਥਿਕਤਾ ਅਤੇ ਪ੍ਰਮਾਣਿਕਤਾ ਨੂੰ ਨਿਸਚਿਤ ਕਰਦੇ ਹੋਏ ਇਕ ਨਿਵੇਕਲੇ ਖੋਜ ਦ੍ਰਿਸ਼ਟੀ ਬਿੰਦੂ ਨੂੰ ਆਕਰਸ਼ਤ ਕਰਨਾ ਹੈ।

ਖੋਜ ਕਾਰਜ ਦਾ ਦੂਸਰਾ ਅਧਿਆਇ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਧਰਮ ਗ੍ਰੰਥਾਂ ਦੇ ਸੰਦਰਭ ਵਿਚ' ਇਸ ਪੱਖ ਤੇ ਕੇਂਦਰਿਤ ਹੋਇਆ ਹੈ ਕਿ ਇਹ ਗ੍ਰੰਥ ਹੋਰ ਵਿਸ਼ਵ-ਵਿਆਪੀ ਧਾਰਮਿਕ ਗ੍ਰੰਥਾਂ ਦੀ ਤੁਲਨਾ ਵਿਚ ਕੀ ਵਿਲੱਖਣਤਾ ਰੱਖਦਾ ਹੈ? ਅਜਿਹੀ ਵਿਲੱਖਣ ਤੇ ਵਰਤਮਾਨ ਭੂਮਿਕਾ ਨੂੰ ਸਮਝਣ ਲਈ ਅਸੀਂ ਇਸ ਅਧਿਆਇ ਵਿਚ ਹਿੰਦੂ ਧਰਮ, ਬੁੱਧ ਧਰਮ, ਜੈਨ ਧਰਮ, ਇਸਲਾਮ ਧਰਮ, ਇਸਾਈ ਧਰਮ ਤੇ ਯਹੂਦੀ ਧਰਮ ਦੇ ਧਰਮ-ਗ੍ਰੰਥਾਂ ਅਤੇ ਉਨ੍ਹਾਂ ਸਿਧਾਂਤਾਂ ਤੇ ਵਿਚਾਰਾਂ ਨੂੰ ਸਮਝਣ ਦਾ ਯਤਨ ਕਰਦਿਆਂ ਗੁਰੂ ਗ੍ਰੰਥ ਸਹਿਬ ਦੀ ਵਿਲੱਖਣਤਾ ਨੂੰ ਸਥਾਪਿਤ ਕਰਨ ਦਾ ਪ੍ਰਯਤਨ ਕੀਤਾ ਹੈ। ਇਸ ਪ੍ਰਯੋਜਨ ਲਈ ਇਸ ਅਧਿਆਇ ਵਿਚ ਇਸਦੇ ਪੰਰਪਰਾਗਤ ਸੰਸਕ੍ਰਿਤਕ ਪਰਿਪੇਖ ਅਤੇ ਸਮਾਜ-ਸਭਿਆਚਾਰਕ ਸੰਦਰਭ ਦੀ ਨਿਸ਼ਾਨਦੇਹੀ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਸੋ ਸਮੁੱਚੇ ਰੂਪ ਵਿਚ ਇਸ ਅਧਿਆਇ ਦਾ ਮਨੋਰਥ ਗੁਰੂ ਗ੍ਰੰਥ ਸਾਹਿਬ ਦਾ ਵਿਵੇਕਪੂਰਣ ਅਤੇ ਗਿਆਨਮਈ ਅੰਤਰ-ਸੰਬੰਧਿਤ ਬਿਰਤਾਂਤ ਉਸਾਰਨਾ ਹੈ ਜੋ ਇਸਨੂੰ ਅਜੋਕੇ ਵਿਸ਼ਵੀ-ਸਰੋਕਾਰਾਂ ਨਾਲ ਜੋੜਨ ਦੇ ਸਮਰੱਥ ਕਰਦਾ ਹੈ।

ਖੋਜ ਕਾਰਜ ਦੇ ਤੀਸਰੇ ਅਧਿਆਇ ਵਿੱਚ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਮਾਨਵੀ ਆਦਰਸ਼ਾਂ ਦੇ ਚੋਣਵੇਂ ਰੂਪ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਇਹ ਰੂਪ ਹਨ: ਕਰਮ-ਕਾਂਡਾਂ, ਵਹਿਮਾਂ ਭਰਮਾਂ ਤੇ ਮਨੁੱਖੀ ਆਡੰਬਰਾਂ ਦੇ ਵਿਰੋਧ ਵਿਚ ਉਪਜੇ ਗਿਆਨ ਦੇ ਨਵੇਂ ਮਾਡਲ, ਰੱਬੀ ਏਕਤਾ ਅਤੇ ਪ੍ਰੇਮ ਭਗਤੀ, ਨੈਤਿਕਤਾ ਦੇ ਬਹੁ ਪਾਸਾਰਾਂ ਦੀ ਸਿਰਜਣਾ, ਕਿਰਤ ਦੇ ਨਵੇਂ ਪਾਸਾਰ, ਹੁਕਮ ਤੇ ਰਜ਼ਾ ਦਾ ਸੰਦਰਭ, ਸੇਵਾ, ਸਹਿਹੋਂਦ ਤੇ ਸਹਿਣਸ਼ੀਲਤਾ ਦੇ ਨਵੇਂ ਪਾਸਾਰ। ਕਿਉਂਜੁ ਇਨ੍ਹਾਂ ਆਦਰਸ਼ਾਂ ਦਾ ਮੂਲ ਪ੍ਰਯੋਜਨ ਇਕ ਅਜਿਹੇ ਮਨੁੱਖੀ ਸਮਾਜ ਦੀ ਸਿਰਜਨਾ ਕਰਨਾ ਹੈ ਜੋ ਸਮੁੱਚੇ ਵਿਸ਼ਵ ਵਿਚ ਆਪਣੀ ਹੋਂਦ ਨੂੰ ਕਾਇਮ ਕਰਦਿਆਂ ਹੋਇਆ ਵਿਸ਼ਵ-ਭਾਈਚਾਰੇ ਨੂੰ ਸਥਾਪਿਤ ਕਰ ਸਕੇ। ਗਲੋਬਲ-ਚੇਤਨਾ ਅਤੇ ਗਲੋਬਲਾਈਜੇਸ਼ਨ ਦੇ ਅਜੋਕੇ ਸੰਦਰਭ ਦੇ ਅੰਤਰਗਤ ਅਸੀਂ ਇਨ੍ਹਾਂ ਮਾਨਵੀ ਆਦਰਸ਼ਾਂ ਦੀ ਵਿਸ਼ਵ-ਵਿਆਪੀ ਸਾਰਥਕਤਾ ਤੇ ਪ੍ਰਾਸੰਗਿਕਤਾ ਨੂੰ ਸਥਾਪਤ ਕਰਨ ਲਈ ਇਨ੍ਹਾਂ ਨਾਲ ਸੰਬੰਧਤ ਵਿਭਿੰਨ ਪਾਸਾਰਾਂ ਦਾ ਵਿਸ਼ਲੇਸ਼ਣ ਕਰਨ ਦਾ ਉਪਰਾਲਾ ਕੀਤਾ ਹੈ। ਇਨ੍ਹਾਂ ਆਦਰਸ਼ਾਂ ਦੇ ਬਹੁ-ਪਰਤੀ ਅਤੇ ਬਹੁ-ਪਾਸਾਰੀ ਸੰਗਠਨ ਦੁਆਰਾ ਪੈਦਾ ਹੋਇਆ ਨੈਤਿਕ ਤੇ ਅਧਿਆਤਮਕ ਵਿਧਾਨ, ਅਜੋਕੀਆਂ ਸਮਾਜਕ-ਸਭਿਆਚਾਰਕ ਸੰਸਥਾਵਾਂ ਦੀਆਂ ਕਦਰਾਂ-ਕੀਮਤਾਂ ਨਾਲ ਸੰਵਾਦ ਸਿਰਜਦਾ ਹੋਇਆ, ਵਰਤਮਾਨ ਦੇ ਮਾਨਵੀ ਸਰੋਕਾਰਾਂ ਨੂੰ ਪੁਨਰ-ਪਰਿਭਾਸ਼ਿਤ ਕਰਨ ਵਿਚ ਸਮਰੱਥ ਹੋ ਕੇ ਨਵ-ਸਮਾਜ ਦੀ ਸਿਰਜਨਾ ਕਰਨ ਵਲ ਰੁਚਿਤ ਹੁੰਦਾ ਹੈ।

ਖੋਜ-ਕਾਰਜ ਦੇ ਚੌਥੇ ਅਧਿਆਇ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਮਾਨਵੀ ਆਦਰਸ਼: ਵਿਸ਼ਵੀ ਏਕਤਾ ਦੇ ਪ੍ਰਸੰਗ ਵਿਚ' ਅਸੀਂ ਬਾਣੀ ਚਿੰਤਨ ਦੇ ਉਨ੍ਹਾਂ ਆਦਰਸ਼ਾਂ ਨੂੰ ਸੂਤਰਬੱਧ ਕਰਨ ਦਾ ਯਤਨ ਕੀਤਾ ਹੈ ਜੋ ਵਿਸ਼ਵ-ਸ਼ਾਂਤੀ ਨੂੰ ਸਥਾਪਿਤ ਕਰਨ ਵਿਚ ਸਹਾਈ ਹੁੰਦੇ ਹਨ। ਅੱਜ ਵਿਸ਼ਵ ਪੱਧਰ ਉੱਤੇ ਦਹਿਸ਼ਤਗਰਦ ਤੇ ਆਤੰਕਵਾਦੀ ਗਤੀਵਿਧੀਆਂ ਦਾ

ਵਾਤਾਵਰਨ ਮੰਡਰਾ ਰਿਹਾ ਹੈ। ਧਾਰਮਿਕ ਅਸਹਿਣਸ਼ੀਲਤਾ ਦੇ ਇਸ ਦੌਰ ਵਿਚ ਸਾਰਾ ਸੰਸਾਰ ਬਾਰੂਦ ਦੇ ਢੇਰ ਤੇ ਬੈਠਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਸੰਬੰਧੀ ਉਚੇਚੇ ਤੇ ਯੋਗ ਆਦਰਸ਼ਾਂ ਦਾ ਪ੍ਰਤੀਪਾਦਨ ਕੀਤਾ ਗਿਆ ਹੈ ਕਿ ਕਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਧਾਰਮਿਕ ਸਹਿਣਸ਼ੀਲਤਾ ਦੇ ਅੰਤਰਗਤ 'ਸਰਬਤ ਦੇ ਭਲੇ' ਦਾ ਸੰਚਾਰ ਕਰਦੀ ਹੋਈ ਧਾਰਮਿਕ ਬਹੁਲਤਾਵਾਦ ਦੀ ਭਾਵਨਾ ਨਾਲ ਵਿਭਿੰਨ ਧਰਮਾਂ ਨੂੰ ਇਕ ਪਲੇਟਫਾਰਮ ਤੇ ਖੜਾ ਕਰਕੇ ਧਾਰਮਿਕ ਅੰਤਰ-ਸੰਵਾਦ ਸਿਰਜਦੀ ਹੋਈ ਬਹੁ-ਸਭਿਆਚਾਰਕ ਸਮਾਜ ਦੀ ਹੋਂਦ ਤੇ ਜ਼ੋਰ ਦਿੰਦੀ ਹੈ। ਇਸ ਅਧਿਆਇ ਵਿਚ ਗੁਰੂ ਗ੍ਰੰਥ ਸਾਹਿਬ ਦੇ ਟੈਕਸਟ ਵਿਚੋਂ ਉਨ੍ਹਾਂ ਸੰਕਲਪਾਂ ਦੀ ਚਰਚਾ ਕੀਤੀ ਗਈ ਹੈ ਜੋ ਵਿਸ਼ਵ-ਭਾਈਚਾਰਾ ਦਾ ਨਿਰਮਾਣ ਕਰਨ ਵਿਚ ਪ੍ਰਾਸੰਗਿਕ ਹਨ ਅਤੇ ਸਦੀਵੀ ਸ਼ਾਂਤੀ ਨੂੰ ਸਥਾਪਿਤ ਕਰਨ ਲਈ ਸਹਾਇਕ ਹਨ। ਇਸ ਅਧਿਐਨ ਵਿਚ ਅਸੀਂ ਇਹ ਪੁਸ਼ਟ ਕੀਤਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਸਿਰਜਿਤ ਸੰਵਾਦ ਵਿੱਚ ਪ੍ਰਸਤੁੱਤ ਵਿਸ਼ਵ-ਚੇਤਨਾ ਅਤੇ ਚਿੰਤਨ ਅਜੋਕੀਆਂ ਵਰਤਮਾਨ ਸਮਾਜਕ ਤੇ ਸਭਿਆਚਾਰਕ ਪਰੰਪਰਾਵਾਂ ਨੂੰ ਅਜਿਹੀਆਂ ਅੰਤਰ-ਦ੍ਰਿਸ਼ਟੀਆਂ ਪ੍ਰਦਾਨ ਕਰ ਸਕਣ ਦੀ ਸਮਰੱਥਾ ਰੱਖਦਾ ਹੈ ਜੋ ਵਿਸ਼ਵ-ਏਕਤਾ ਅਤੇ ਵਿਸ਼ਵ-ਭਾਈਚਾਰੇ ਨੂੰ ਸਥਾਪਤ ਕਰ ਸਕਣ ਦੇ ਅੱਜ ਵੀ ਯੋਗ ਹਨ।

ਖੋਜ ਕਾਰਜ ਦਾ ਪੰਜਵਾਂ ਅਧਿਆਇ 'ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਾਨਵੀ ਆਦਰਸ਼: ਵਿਸ਼ਵ-ਵਿਆਪੀ ਸੰਗਠਨਾਂ ਦੇ ਸੰਦਰਭ ਵਿਚ' ਜੀਵਨ ਅਤੇ ਯਥਾਰਥ ਦੀਆਂ ਉਨ੍ਹਾਂ ਸਮਕਾਲੀ ਸਥਿਤੀਆਂ ਅਤੇ ਚੁਣੌਤੀਆਂ ਦੀ ਨਿਸ਼ਾਨਦੇਹੀ ਕਰਨ ਦਾ ਯਤਨ ਹੈ ਜੋ ਅਜੋਕੇ ਸਮੇਂ ਵਿਚ ਸਮੁੱਚੀ ਮਾਨਵ ਜਾਤੀ ਨੂੰ ਚੁਣੌਤੀਆਂ ਦੇ ਰੂਪ ਵਿਚ ਦਰਪੇਸ਼ ਹਨ। ਅੱਜ ਵਿਸ਼ਵ ਵਿਚ ਅਨੇਕਾਂ ਰਾਜਸੀ, ਸਮਾਜਿਕ-ਸਭਿਆਚਾਰਕ, ਆਰਥਿਕ ਸੰਸਥਾਵਾਂ ਅਤੇ ਵਿਦਿਅਕ ਅਦਾਰੇ ਮਾਨਵੀ ਅਧਿਕਾਰ, ਦਲਿਤ ਚੇਤਨਾ, ਲਿੰਗ-ਬਰਾਬਰਤਾ, ਨਾਰੀ ਚੇਤਨਾ, ਨਾਰੀ ਸਸ਼ਕਤੀਕਰਨ ਤੇ ਸਮਾਜਕ ਨਿਆਂ ਨਾਲ ਜੁੜੀਆਂ ਸਮੱਸਿਆਵਾਂ ਦੇ ਸਮਾਧਾਨ ਜਟਾਉਣ ਲਈ ਸੁਚੇਤ ਰੂਪ ਵਿਚ ਕਾਰਜਸ਼ੀਲ ਹਨ; ਪਰ ਅਸੀਂ ਦੇਖਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਦੀ ਅਧਿਆਤਮਕ ਅਤੇ ਸਭਿਆਚਾਰਕ ਟੈਕਸਟ ਵਿਚ ਇਨ੍ਹਾਂ ਸਮੱਸਿਆਵਾਂ ਦੇ ਸਮਾਧਾਨ ਪਹਿਲਾਂ ਹੀ ਅਗਰਸਰ ਪ੍ਰਤੀਤ ਹੁੰਦੇ ਹਨ ਅਤੇ ਜਿਨ੍ਹਾਂ ਬਾਰੇ ਅੱਜ ਵੀ ਵਿਵਹਾਰਕ ਤੌਰ ਤੇ ਵਿਚਾਰ-ਵਿਮਰਸ਼ ਕਰਕੇ ਉਨ੍ਹਾਂ ਨੂੰ ਇਕ ਨੀਤੀ ਦੇ ਅਧੀਨ ਜਨਤਕ ਮੁਹਿੰਮ ਵਜੋਂ ਪ੍ਰਯੋਗ ਵਿਚ ਲਿਆਂਦਾ ਜਾ ਸਕਦਾ ਹੈ ਜਿਸ ਨਾਲ ਸਮੁੱਚੇ ਮਾਨਵੀ ਸੰਬੰਧਾਂ ਵਿਚ ਇਕਸਾਰਤਾ ਅਤੇ ਇਕਸੁਰਤਾ ਸਥਾਪਤ ਕੀਤੀ ਜਾ ਸਕਦੀ ਹੈ।

ਖੋਜ ਕਾਰਜ ਦਾ ਅੰਤਿਮ ਅਧਿਆਇ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਮਾਨਵੀ ਆਦਰਸ਼ਾਂ ਦੀ ਸਾਹਿਤਿਕ ਪੇਸ਼ਕਾਰੀ' ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਸਾਹਿਤਿਕਤਾ ਨੂੰ ਨਿਰਧਾਰਤ ਕਰਨ ਦਾ ਉਪਰਾਲਾ ਹੈ ਕਿ ਕਿਸ ਪ੍ਰਕਾਰ ਇਹ ਵਿਚਾਰ-ਵਸਤੂ ਆਪਣੇ ਕਲਾਤਮਕ ਰੂਪ ਵਿਚ ਗ੍ਰਹਿਣਯੋਗ ਹੋਈ ਹੈ। ਇਸ ਅਧਿਆਇ ਵਿਚ ਅਸੀਂ ਗੁਰਬਾਣੀ ਦੀ ਸਾਹਿਤਿਕਤਾ ਨੂੰ ਉਸਦੇ ਸੰਪਾਦਕੀ ਵਿਧਾਨ, ਭਾਸ਼ਾਈ ਪਾਸਾਰ, ਕਾਵਿ-ਰੂਪਾਂ, ਸ਼ੈਲੀਆਂ, ਵਿਸ਼ੇਸ਼ ਛੰਦ-ਪ੍ਰਬੰਧ, ਰਸ, ਅੰਲਕਾਰ ਅਤੇ ਰਾਗ/ਸੰਗੀਤ ਆਦਿ ਦੇ ਕਈ ਵਿਭਿੰਨ ਧਰਾਤਲਾਂ ਉੱਪਰ ਵਿਚਾਰਦਿਆਂ ਇਹ ਪ੍ਰਗਟਾਉਣ ਦਾ ਜਤਨ ਕੀਤਾ ਹੈ ਕਿ ਇਨ੍ਹਾਂ ਕਲਾਤਮਕ ਜੁਗਤਾਂ ਦੀ ਵਰਤੋਂ ਆਪਣੀ ਵੰਨ-ਸੁਵੰਨਤਾ, ਮੌਲਿਕਤਾ ਤੇ ਨਵੀਨਤਾ ਦੇ ਗੁਣਾਂ ਵਜੋਂ ਕਿਸ ਪ੍ਰਕਾਰ ਸੁਹਜਮਈ ਹੋਈ ਹੈ।

ਅੰਤ ਵਿਚ 'ਸਾਰ ਅਤੇ ਸਥਾਪਨਾਵਾਂ' ਦੇ ਰੂਪ ਵਿਚ ਸਮੁੱਚੇ ਸੋਧ-ਪ੍ਰਬੰਧ ਵਿਚ ਆਏ ਮਹੱਤਵਪੂਰਨ ਸਿੱਟਿਆਂ ਨੂੰ ਸੰਖੇਪ ਰੂਪ ਵਿਚ ਕਲਮਬੱਧ ਕੀਤਾ ਗਿਆ ਹੈ।

ਖੋਜ ਕਾਰਜ ਨੂੰ ਵਿਗਿਆਨਕ ਤੇ ਤਰਕਸੰਗਤ ਬਣਾਉਣ ਲਈ ਕਿਸੇ ਵਿਸ਼ੇਸ਼ ਖੋਜ ਵਿਧੀ ਨੂੰ ਲਾਗੂ ਕਰਨਾ ਜ਼ਰੂਰੀ ਹੁੰਦਾ ਹੈ। ਹਰੇਕ ਅਨੁਸ਼ਾਸਨ ਵਿਚ ਇਕ ਵੱਖਰੀ ਕਿਸਮ ਦੀ ਖੋਜ ਵਿਧੀ ਅਪਣਾਈ ਜਾਂਦੀ ਹੈ। ਹੱਥਲੇ ਖੋਜ ਕਾਰਜ ਲਈ ਸਾਡਾ ਮੂਲ ਆਧਾਰਗਤ ਸੋਮਾ (Primary Source) ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਹੈ ਜਿਸ ਨੂੰ ਆਧਾਰ ਬਣਾ ਕੇ ਅਸੀਂ ਇਸ ਵਿਚਲੇ ਮਨੁੱਖੀ ਆਦਰਸ਼ਾਂ ਦੀ ਪਛਾਣ ਕੀਤੀ ਹੈ, ਇਸ ਲਈ ਗੁਰੂ ਗ੍ਰੰਥ ਸਾਹਿਬ ਦੇ ਮੂਲ ਪਾਠ ਦਾ ਅਧਿਐਨ ਪਾਠ ਮੁਲੰਕਣ ਵਿਧੀ ਦੁਆਰਾ ਕੀਤਾ ਗਿਆ ਹੈ। ਆਪਣੇ ਵਿਚਾਰਾਂ ਨੂੰ ਨਿਖਾਰਨ ਤੇ ਪ੍ਰਮਣਿਕ ਬਣਾਉਣ ਲਈ ਅਸੀਂ ਅੰਤਰ ਅਨੁਸ਼ਾਸਨਾਂ ਦੀਆਂ ਵਿਧੀਆਂ ਤੇ ਗਿਆਨ ਸਰੋਤ ਪੁਸਤਕਾਂ ਦਾ ਅਧਿਐਨ ਵੀ ਇਸ ਵਿਚ ਸ਼ਾਮਿਲ ਕੀਤਾ ਹੈ। ਇਸ ਲਈ ਅੰਤਰ ਅਨੁਸ਼ਾਸਨੀ ਵਿਧੀਆਂ ਦੇ ਅੰਤਰਗਤ ਵਿਸ਼ੇਸ਼ ਰੂਪ ਵਿਚ ਸਮਾਜ ਸ਼ਾਸਤਰੀ ਪ੍ਰਣਾਲੀ ਅਤੇ ਮਨੋਵਿਗਿਆਨਕ ਅਧਿਐਨ ਪ੍ਰਣਾਲੀਆਂ ਦਾ ਪ੍ਰਯੋਗ ਵੀ ਕੀਤਾ ਗਿਆ ਹੈ। ਇਸ ਖੋਜ ਕਾਰਜ ਲਈ ਸਰਬਗਰਾਹੀ-ਉਦਾਰਚਿਤ Eclectic ਪਹੁੰਚ ਨੂੰ ਅਪਣਾਇਆ ਗਿਆ ਹੈ। ਗੁਰਬਾਣੀ ਵਿਚਲੀਆਂ ਗੂੜ੍ਹ ਰਮਜ਼ਾਂ ਨੂੰ ਸਮਝਣ ਲਈ ਪ੍ਰਸਿੱਧ ਵਿਦਵਾਨਾਂ ਦੀਆਂ ਲਿਖਤਾਂ ਅਤੇ ਗੁਰਬਾਣੀ ਦੇ ਟੀਕਿਆਂ ਦੀ ਮਦਦ ਵੀ ਲਈ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਸਾਹਿਤ ਨਾਲ ਸੰਬੰਧਿਤ ਲਾਇਬ੍ਰੇਰੀਆਂ ਦਾ ਅਧਿਐਨ ਫੀਲਡ ਵਰਕ ਰਾਹੀਂ ਕੀਤਾ ਹੈ। ਇਸ ਦੇ ਇਲਾਵਾ ਵਿਸ਼ੇ ਨਾਲ ਸਬੰਧਤ ਆਲੋਚਨਾਤਮਕ ਕਾਰਜ, ਜਨਮ ਸਾਖੀ ਸਾਹਿਤ, ਟੀਕਾ ਸਾਹਿਤ, ਪਰਚੀਆਂ, ਪੱਤ੍ਰਿਕਾਵਾਂ ਅਤੇ ਵਿਸ਼ੇਸ਼ ਅੰਕ, ਅਖ਼ਬਾਰਾਂ ਤੇ ਰਸਾਲੇ ਆਦਿ ਦਾ ਅਧਿਐਨ ਵੀ ਅਸੀਂ ਕੀਤਾ ਹੈ।

'ਗੁਰੂ ਬਿਨੁ ਗਤੁ ਨਹੀ' ਵਾਕ ਅਨੁਸਾਰ ਗੁਰੂ ਜਾਂ ਉਸਤਾਦ ਦੁਆਰਾ ਰੁਸ਼ਨਾਏ ਮਾਰਗ ਤੇ ਚੱਲ ਕੇ ਹੀ ਸਿੱਖਿਆਰਥੀ ਆਪਣੀ ਜੀਵਨ ਘਾੜਤ ਕਰਦਾ ਆਪਣੇ ਮਿਸ਼ਨ ਤੇ ਪਹੁੰਚਦਾ ਹੈ। ਇਹ ਮੇਰੀ ਖੁਸ਼ਨਸੀਬੀ ਹੈ ਕਿ ਸਮਕਾਲੀਨ ਅਕਾਦਮਿਕਤਾ ਦੀ ਉੱਘੀ ਗਿਆਨ ਭਰਪੂਰ ਸ਼ਖ਼ਸੀਅਤ ਡਾ. ਜਸਪਾਲ ਕੌਰ ਕਾਂਗ (ਪ੍ਰੋਫ਼ੈਸਰ, ਗੁਰੂ ਨਾਨਕ ਸਿੱਖ ਸੱਟਡੀਜ਼, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ) ਜੀ ਦਾ ਵਿਦਿਆਰਥੀ ਹੋਣ ਦਾ ਮੈਨੂੰ ਮਾਣ ਮਿਲਿਆ। ਮੈਂ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਆਪਣੇ ਮਹੱਤਵਪੂਰਨ ਰੁਝੇਵਿਆਂ ਵਿਚੋਂ ਸਮਾਂ ਕੱਢ ਕੇ ਮੇਰੀ ਭਰਪੂਰ ਅਗਵਾਈ ਕੀਤੀ। ਉਨ੍ਹਾਂ ਦੀ ਵਿਦਵਤਾ ਤੇ ਪ੍ਰਸਤੁੱਤ ਵਿਸ਼ੇ ਨਾਲ ਜੁੜਿਆ ਉਨ੍ਹਾਂ ਦਾ ਗੰਭੀਰ ਚਿੰਤਨ ਅਤੇ ਸੁਹਿਰਦਤਾ ਸਦਾ ਹੀ ਮੇਰਾ ਪੱਥ-ਪ੍ਰਦਰਸ਼ਕ ਕਰਦੇ ਰਹੇ ਹਨ। ਖੋਜ ਕਾਰਜ ਦੇ ਆਰੰਭ ਤੋਂ ਲੈ ਕੇ ਸੰਪੂਰਨਤਾ ਤੱਕ ਹਰੇਕ ਛਿਣ ਉਨ੍ਹਾਂ ਦੀ ਨਿੱਜੀ ਗਹਿਰੀ ਦਿਲਚਸਪੀ, ਉਤਸ਼ਾਹਿਤ ਸੁਚਾਰੂ ਅਗਵਾਈ ਤੇ ਉਸਾਰੂ ਉੱਦਮਸ਼ੀਲ ਪ੍ਰੇਰਣਾ ਨਾਲ ਹੀ ਇਹ ਖੋਜ-ਪ੍ਰਬੰਧ ਸੰਪੂਰਨ ਹੋ ਸਕਿਆ ਹੈ। ਉਨ੍ਹਾਂ ਕੋਲੋਂ ਮੈਂ ਕੇਵਲ ਵਿਸ਼ੇ ਨਾਲ ਸੰਬੰਧਿਤ ਜਾਣਕਾਰੀ ਹੀ ਪ੍ਰਾਪਤ ਨਹੀਂ ਕੀਤੀ ਸਗੋਂ ਉਹਨਾਂ ਦੀ ਨਿੱਜੀ ਲਾਇਬ੍ਰੇਰੀ ਵਿਚੋਂ ਵਿਚੋਂ ਵੀ ਲਾਭ ਉਠਾਇਆ ਹੈ।

ਇਸ ਖੋਜ-ਪ੍ਰਬੰਧ ਨੂੰ ਨੇਪਰੇ ਚੜਾਉਣ ਲਈ ਮੈਂ ਸਮੇਂ ਸਮੇਂ ਸਹਿ ਨਿਗਰਾਨ ਡਾ. ਰਾਜਿੰਦਰ ਪਾਲ ਸਿੰਘ ਜੋਸ਼ ਜੀ ਦੁਆਰਾ ਦਿੱਤੇ ਗਏ ਅਕਾਦਮਿਕ ਸਹਿਯੋਗ ਨੂੰ ਪ੍ਰਾਪਤ ਕਰਦਾ ਰਿਹਾ ਹਾਂ। ਖੋਜ-ਕਾਰਜ ਦੌਰਾਨ ਮੇਰੀ ਹਰੇਕ ਮੁਸ਼ਕਿਲ ਸਮੇਂ ਉਨ੍ਹਾਂ ਦੁਆਰਾ ਦਿੱਤੀ ਹੌਂਸਲਾ ਅਫ਼ਜਾਈ, ਉਤਸ਼ਾਹ ਤੇ ਪਿਆਰ ਦਾ ਮੈਂ ਆਭਾਰੀ ਰਹਾਂਗਾ। ਮੈਂ ਉਨ੍ਹਾਂ ਸਭ

ਵਿਦਵਾਨਾਂ ਦਾ ਵੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਦੀਆਂ ਖੋਜ ਭਰਪੂਰ ਰਚਨਾਵਾਂ ਨੇ ਮੈਨੂੰ ਇਸ ਖੋਜ ਪ੍ਰਬੰਧ ਨੂੰ ਮੁਕੰਮਲ ਕਰਨ ਵਿਚ ਉਚਿਤ ਸੇਧ ਅਤੇ ਰੋਸ਼ਨੀ ਪ੍ਰਦਾਨ ਕੀਤੀ ਹੈ।

ਮੈਂ ਆਪਣੇ ਮਾਤਾ ਸੁਰਿੰਦਰ ਕੌਰ ਤੇ ਪਿਤਾ ਸ੍ਰ. ਹਰਚਰਨ ਸਿੰਘ ਦਾ ਤਹਿ ਦਿਲੋਂ ਆਭਾਰੀ ਹਾਂ ਜੋ ਮੈਨੂੰ ਵਿਸ਼ੇ ਤੋਂ ਅਵੇਸਲਾ ਹੋਣ ਸਮੇਂ ਉਤਸ਼ਾਹ ਦੇ ਕੇ ਮੇਰੀ ਖੋਜ ਨੂੰ ਮੁਕੰਮਲ ਹੋਣ ਲਈ ਪ੍ਰੇਰਣਾ ਦਿੰਦੇ ਰਹੇ। ਮੈਂ ਆਪਣੇ ਬੇਟੇ ਗੁਰਸੰਗਤ ਸਿੰਘ ਦੇ ਸਨੇਹ-ਸਹਿਯੋਗ ਦਾ ਤਹਿ ਦਿਲੋਂ ਰਿਣੀ ਹਾਂ ਕਿ ਜਿਸਦਾ ਕੀਮਤੀ ਸਮਾਂ ਮੈਂ ਇਸ ਖੋਜ-ਕਾਰਜ ਦੇ ਲੇਖੇ ਲਗਾਉਂਦਾ ਰਿਹਾ ਹਾਂ। ਮੈਂ ਆਪਣੀ ਪਤਨੀ ਬਲਦੀਪ ਕੌਰ ਦੀ ਨਿਰੰਤਰ ਪ੍ਰੇਰਣਾ ਅਤੇ ਪੂਰਨ ਸਹਿਯੋਗ ਦਾ ਰਿਣ ਕਦੀ ਨਹੀਂ ਚੁਕਾ ਸਕਦਾ, ਜਿਨ੍ਹਾਂ ਨੇ ਖੋਜ ਦੇ ਦੌਰਾਨ ਪੈਦਾ ਹੋਈ ਥਕਾਨ ਅਤੇ ਕਦੇ ਕਦੇ ਨਿਰਾਸ਼ਾ ਦੇ ਛਿਣਾਂ ਵਿਚ ਆਪਣੇ ਦ੍ਰਿੜ ਸੰਕਲਪ ਨਾਲ ਮੇਰੇ ਹੌਂਸਲੇ ਨੂੰ ਬਣਾਈ ਰੱਖਿਆ ਹੈ। ਮੈਂ ਆਪਣੀ ਛੋਟੀ ਭੈਣ ਮਨਪ੍ਰੀਤ ਕੌਰ ਅਤੇ ਛੋਟੇ ਵੀਰ ਗੁਰਪ੍ਰੀਤ ਸਿੰਘ ਤੇ ਉਨ੍ਹਾਂ ਦੇ ਪਰਿਵਾਰਾਂ ਦਾ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਪਰਿਵਾਰਕ ਜਿੰਮੇਵਾਰੀਆਂ ਨੂੰ ਸਾਂਭ ਕੇ ਮੈਨੂੰ ਖੋਜ-ਕਾਰਜ ਲਈ ਵਿਹਲ ਦਿੱਤੀ। ਇਸ ਖੋਜ-ਕਾਰਜ ਨੂੰ ਨੇਪਰੇ ਚਾੜ੍ਹਨ ਵਿਚ ਡਾ.ਪਵਿੱਤਰ ਪ੍ਰਕਾਸ਼, ਡਾ.ਕਿਰਨਦੀਪ ਸਿੰਘ, ਡਾ.ਐਸ. ਪੀ. ਸਿੰਘ, ਪ੍ਰੋ.ਹਰਚਰਨ ਕੌਰ, ਪ੍ਰੋ.ਬਲਵਿੰਦਰ ਪਾਲ ਸਿੰਘ ਅਤੇ ਡਾ. ਵਿਨੋਦ ਦਾ ਮੈਂ ਦਿਲੋਂ ਆਭਾਰੀ ਹਾਂ ਜਿਨ੍ਹਾਂ ਨੇ ਮੈਨੂੰ ਸਦਾ ਪ੍ਰੇਰਿਆ ਹੈ।

ਖੋਜ-ਕਾਰਜ ਦੇ ਦੌਰਾਨ ਸਾਡੀ ਇਹ ਕੋਸ਼ਿਸ਼ ਰਹੀ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਟੈਕਸਟ ਦਾ ਗਹਿਰਾ ਅਧਿਐਨ ਕੀਤਾ ਜਾ ਸਕੇ ਤਾਂ ਜੁ ਇਸ ਵਿਚ ਵਿਸ਼ਾਲ ਤੇ ਵਿਆਪਕ ਰੂਪ ਵਿਚ ਪ੍ਰਸਤੁੱਤ ਹੋਏ ਮਾਨਵੀ ਆਦਰਸ਼ਾਂ ਦੀ ਵਿਸ਼ਵੀ ਪੱਧਰ ਤੇ ਪ੍ਰਾਸੰਗਿਕਤਾ ਸਥਾਪਤ ਹੋ ਸਕੇ।

ਮਾਰਚ10,2018 ਹਰਪ੍ਰੀਤ ਸਿੰਘ

.

## ਅਧਿਆਇ ਪਹਿਲਾ

# 1.0 ਪੂਰਵ ਖੋਜ ਕਾਰਜ ਦਾ ਸਰਵੇਖਣ, ਵਿਸ਼ਲੇਸ਼ਣ ਅਤੇ ਮੁਲਾਂਕਣ

1.1 ਖੋਜ-ਪ੍ਰਬੰਧ

1.2 ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਅਤੇ ਫ਼ਿਲਾਸਫ਼ੀ ਸੰਬੰਧੀ ਪੁਸਤਕਾਂ

1.3 ਖੋਜ ਵਿਸ਼ੇ ਦੀ ਸਾਰਥਿਕਤਾ ਅਤੇ ਵਿਲੱਖਣਤਾ

## ਅਧਿਆਇ ਪਹਿਲਾ

# 1.0 ਪੂਰਵ ਖੋਜ ਕਾਰਜ ਦਾ ਸਰਵੇਖਣ, ਵਿਸ਼ਲੇਸ਼ਣ ਅਤੇ ਮੁਲਾਂਕਣ

ਖੋਜ ਪ੍ਰਬੰਧ ਦੇ ਇਸ ਅਧਿਆਇ ਵਿਚ ਪ੍ਰਸਤੁੱਤ ਖੋਜ-ਕਾਰਜ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪੇਸ਼ ਮਾਨਵੀ ਆਦਰਸ਼ਾਂ ਦੀ ਵਿਸ਼ਵੀ ਪ੍ਰਾਸੰਗਿਕਤਾ' ਦੇ ਪਰਿਪੇਖ ਵਿਚ ਪੂਰਵ ਖੋਜ ਦਾ ਸਰਵੇਖਣ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਇਹ ਖੋਜ ਪ੍ਰਬੰਧ ਆਪਣੀ ਅਧਿਐਨ-ਸਮੱਗਰੀ ਅਤੇ ਦ੍ਰਿਸ਼ਟੀ-ਬਿੰਦੂ ਦੇ ਨੁਕਤੇ ਤੋਂ ਪੂਰੀ ਤਰ੍ਹਾਂ ਨਿਸ਼ਚਿਤ ਤੇ ਸਪਸ਼ਟ ਹੈ। ਅਧਿਐਨ-ਸਮੱਗਰੀ ਦਾ ਆਧਾਰ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਹੈ ਅਤੇ ਦ੍ਰਿਸ਼ਟੀ-ਕੇਂਦਰ ਇਸ ਬਾਣੀ ਵਿੱਚ ਪੇਸ਼ ਮਾਨਵੀ ਆਦਰਸ਼ਾਂ ਦੀ ਵਿਸ਼ਵੀ ਪ੍ਰਾਸੰਗਿਕਤਾ ਨੂੰ ਨਿਸ਼ਚਿਤ ਕਰਨਾ ਹੈ। ਇਸ ਖੋਜ-ਕਾਰਜ ਦੀ ਖੋਜ-ਵਿਧੀ ਨੂੰ ਧਿਆਨ 'ਚ ਰੱਖਦੇ ਹੋਏ ਮੂਲ ਵਿਸ਼ੇ ਵਿੱਚ ਪ੍ਰਵੇਸ਼ ਕਰਨ ਤੋਂ ਪਹਿਲਾਂ ਪ੍ਰਾਪਤ ਬਾਣੀ-ਚਿੰਤਨ ਦਾ ਆਲੋਚਨਾਤਮਕ ਜਾਇਜ਼ਾ ਲੈਣਾ ਜ਼ਰੂਰੀ ਹੋ ਜਾਂਦਾ ਹੈ। ਸੂਚਨਾ ਦੇ ਅਧਿਕਾਰ ਐਕਟ, 2005 ਅਧੀਨ ਮੁੱਖ ਯੂਨੀਵਰਸਿਟੀਆਂ ਜੋ ਪੰਜਾਬੀ ਸਾਹਿਤ ਉਪਰ ਖੋਜ-ਕਾਰਜ  ਕਰਵਾਉਂਦੀਆਂ ਹਨ, ਤੋਂ ਪ੍ਰਾਪਤ ਲਿਖਤੀ ਜਾਣਕਾਰੀ ਮੁਤਾਬਕ ਹੁਣ ਤੱਕ ਹੋਏ ਖੋਜ-ਕਾਰਜ ਅਤੇ ਰਜਿਸਟਰਡ ਟਾਪਿੱਕਸ ਦੀ ਜਾਣਕਾਰੀ ਨੂੰ ਆਧਾਰ ਰੱਖਦੇ ਹੋਏ ਬਹੁਤ ਸਾਰੇ ਖੋਜ-ਪ੍ਰਬੰਧ ਬਾਣੀ-ਚਿੰਤਨ ਉੱਪਰ ਹੋਏ ਮਿਲਦੇ ਹਨ। ਇਨ੍ਹਾਂ ਸਾਰੇ ਖੋਜ-ਪ੍ਰਬੰਧਾਂ ਦਾ ਜਾਇਜ਼ਾ ਪ੍ਰਸਤੁੱਤ ਕਰਨਾ ਸੰਭਵ ਨਹੀਂ, ਇਸ ਲਈ ਅਸੀਂ ਕੁਝ ਸੰਬੰਧਤ ਖੋਜ-ਕਾਰਜਾਂ ਦਾ ਜਾਇਜ਼ਾ ਲੈਣ ਦਾ ਯਤਨ ਕੀਤਾ ਹੈ ਤਾਂ ਕਿ ਬਾਣੀ-ਚਿੰਤਨ ਨਾਲ ਸੰਬੰਧਤ ਅਸੀਂ ਉਨ੍ਹਾਂ ਵਿਚੋਂ ਕੁਝ ਅੰਤਰ-ਦ੍ਰਿਸ਼ਟੀਆਂ ਗ੍ਰਹਿਣ ਕਰ ਸਕੀਏ।ਇਸ ਅਧਿਆਇ ਦਾ ਉਦੇਸ਼ ਪ੍ਰਾਪਤ ਬਾਣੀ-ਚਿੰਤਨ ਦਾ ਆਲੋਚਨਾਤਮਕ ਜਾਇਜ਼ਾ ਲੈਂਦੇ ਹੋਏ ਇਹ ਵੇਖਣਾ ਹੈ ਕਿ ਸਾਡੇ ਮੂਲ ਵਿਸ਼ੇ ਨਾਲ ਸੰਬੰਧਤ ਕੋਈ ਕਾਰਜ ਪਹਿਲਾਂ ਵੀ ਹੋ ਚੁੱਕਾ ਹੈ ਜਾਂ ਨਹੀਂ। ਸਾਡਾ ਉਦੇਸ਼ ਪੂਰਵ ਚਿੰਤਨ ਵਿੱਚੋਂ ਪ੍ਰਾਪਤ ਹੋਣ ਵਾਲੀਆਂ ਸਾਰਥਕ ਅੰਤਰ-ਦ੍ਰਿਸ਼ਟੀਆਂ ਨੂੰ ਆਧਾਰ ਬਣਾ ਕੇ ਆਪਣੇ ਸੰਵਾਦ ਨੂੰ ਅੱਗੇ ਤੋਰਨ ਦਾ ਹੈ। ਸੋ ਇਸ ਸੰਬੰਧ ਵਿਚ ਵੱਖ-ਵੱਖ ਯੂਨੀਵਰਸਿਟੀਆਂ ਵਿਚੋਂ ਪ੍ਰਾਪਤ ਹੋਏ ਪੀ.ਐਚ.ਡੀ. ਦੇ ਖੋਜ-ਕਾਰਜਾਂ ਅਤੇ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਅਤੇ ਫ਼ਿਲਾਸਫ਼ੀ ਸੰਬੰਧਿਤ ਪੁਸਤਕਾਂ ਦਾ ਵੇਰਵਾ ਇਸ ਵਿਚ ਸ਼ਾਮਲ ਕੀਤਾ ਗਿਆ ਹੈ।

## 1.1 ਖੋਜ-ਪ੍ਰਬੰਧ:

'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਮਾਨਵੀ ਆਦਰਸ਼ਾਂ ਦੀ ਵਿਸ਼ਵੀ ਪ੍ਰਾਸੰਗਿਕਤਾ' ਵਿਸ਼ੇ ਨਾਲ ਕਿਸੇ ਤਰ੍ਹਾਂ ਵੀ ਸੰਬੰਧਤ ਹੋਏ ਪੀ.ਐਚ.ਡੀ. ਦੇ ਖੋਜ-ਕਾਰਜਾਂ ਦਾ ਵੇਰਵਾ ਇਸ ਪ੍ਰਕਾਰ ਹੈ:

'ਗੁਰੂ ਗ੍ਰੰਥ ਸਾਹਿਬ ਵਿਚ ਪ੍ਰੇਮ ਅਤੇ ਸ਼ਾਂਤੀ ਦਾ ਸੰਕਲਪ: ਇਕ ਦਾਰਸ਼ਨਿਕ ਅਧਿਐਨ' ਖੋਜ ਪ੍ਰਬੰਧ ਵਿਚ ਡਾ.ਵਲਵਿੰਦਰ ਕੌਰ ਨੇ ਸਭ ਤੋਂ ਪਹਿਲਾ ਧਰਮ-ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਰਬਾਣੀ, ਗੁਰੂ ਤੇ ਗ੍ਰੰਥ ਦਾ ਮਹੱਤਵ ਦੱਸਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਇਤਿਹਾਸ, ਲੋੜ ਅਤੇ ਸੰਪਾਦਨ ਪ੍ਰਕਿਰਿਆ ਦਾ ਵਰਣਨ ਕੀਤਾ ਹੈ। ਖੋਜ-ਕਾਰਜ ਵਿਚ ਪ੍ਰੇਮ ਦੇ ਸਿਧਾਂਤਕ  ਵਿਵੇਚਨ ਅਰਥਾਤ ਪ੍ਰੇਮ ਦੀ ਉਤਪਤੀ, ਵਿਕਾਸ, ਪ੍ਰੇਮ ਦੀਆਂ ਕਿਸਮਾਂ ਅਤੇ ਪ੍ਰੇਮ ਦੇ

ਰੂਪ ਨੂੰ ਬਿਆਨ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਅਨੁਸਾਰ ਪ੍ਰੇਮ ਦੇ ਸੰਕਲਪ ਦੀ ਪਰਿਭਾਸ਼ਾ ਅਤੇ ਸੰਕਲਪ, ਸਰੂਪ ਨੂੰ ਪੇਸ਼ ਕਰਦਿਆਂ ਨਾਮ ਪ੍ਰੇਮ, ਸ਼ਬਦ ਪ੍ਰੇਮ, ਗੁਰੂ ਪ੍ਰੇਮ, ਸਤਿਸੰਗਤ ਨਾਲ ਪ੍ਰੇਮ, ਮਾਇਆ ਪ੍ਰਤੀ ਪ੍ਰੇਮ, ਚਰਨ ਕਮਲਾਂ ਨਾਲ ਪ੍ਰੇਮ, ਜੀਵ ਰੂਪੀ ਇਸਤਰੀ ਦਾ ਪ੍ਰਭੂ ਪਤੀ ਨਾਲ ਪ੍ਰੇਮ, ਭਾਉ, ਭੈਅ ਤੇ ਪ੍ਰੇਮ ਦੀ ਅਤੇ ਸ਼ਾਂਤੀ ਦੇ ਸੰਕਲਪ ਦੀ ਭਰਪੂਰ ਵਿਆਖਿਆ ਕੀਤੀ ਅਤੇ ਅੰਤ ਵਿਚ ਇਸਦੇ ਮਨੁੱਖਤਾ ਤੇ ਪਏ ਪ੍ਰਭਾਵਾਂ ਦਾ ਵਰਣਨ ਕੀਤਾ ਹੈ।

'ਗੁਰੂ ਗ੍ਰੰਥ ਸਾਹਿਬ ਵਿਚ ਆਦਰਸ਼ਕ ਰਿਸ਼ਤੇ-ਨਾਤੇ: ਇਕ ਅਧਿਐਨ' ਖੋਜ ਪ੍ਰਬੰਧ ਵਿਚ ਡਾ.ਅਮਰਜੀਤ ਸਿੰਘ ਨੇ ਰਿਸ਼ਤੇ ਨਾਤੇ ਦਾ ਅਰਥ ਅਤੇ ਮਹੱਤਵ, ਮਨੁੱਖ ਪਰਿਵਾਰ ਅਤੇ ਸਮਾਜ ਵਿਚ ਰਿਸ਼ਤਿਆਂ ਦਾ ਆਧਾਰ ਬਿਆਨ ਕਰਦਿਆਂ ਇਸਦਾ ਸਿਧਾਂਤਕ ਪਰਿਪੇਖ ਸਪਸ਼ਟ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਦਰਸ਼ਕ ਰਿਸ਼ਤੇ ਨਾਤਿਆਂ ਦਾ ਸਰੂਪ ਅਤੇ ਵਰਗੀਕਰਨ ਕਰਦਿਆਂ ਅਧਿਆਤਮਕ ਰਿਸ਼ਤੇ, ਚਿੰਨ੍ਹਾਤਮਕ ਰਿਸ਼ਤੇ, ਸੰਸਾਰਿਕ ਰਿਸ਼ਤੇ, ਰਾਜਨੀਤਿਕ ਰਿਸ਼ਤਿਆਂ ਦਾ ਵਿਸ਼ਲੇਸ਼ਣ ਮਿੱਲਦਾ ਹੈ। ਇਸ ਪ੍ਰਕਾਰ ਇਹ ਖੋਜ ਕਾਰਜ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਸਤੁਤ ਮਨੁੱਖੀ ਰਿਸ਼ਤਿਆਂ ਦੇ ਸਰੂਪ ਤੇ ਸਰੋਕਾਰਾਂ ਨਾਲ ਜੁੜਿਆ ਹੋਇਆ ਹੈ।

ਡਾ.ਕੁਲਵੰਤ ਸਿੰਘ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਰਤ ਦਾ ਸੰਕਲਪ' ਖੋਜ ਪ੍ਰਬੰਧ ਵਿਚ ਗੁਰੂ ਗ੍ਰੰਥ ਸਾਹਿਬ ਵਿੱਚ ਪੇਸ਼ ਕਿਰਤ ਦੇ ਸਿਧਾਂਤਕ ਪਰਿਪੇਖ ਦੇ ਅੰਤਰਗਤ ਕਿਰਤ ਦੇ ਅਰਥ, ਪਰਿਭਾਸ਼ਾ ਅਤੇ ਇਤਿਹਾਸਕ ਵਿਕਾਸ ਨੂੰ ਉਲੀਕਿਆ ਹੈ। ਆਰਥਿਕ ਮਜਬੂਤੀ, ਸਿਹਤ ਅਤੇ ਸਮਾਜਕ ਸਨਮਾਨਤਾ ਲਈ ਕਿਰਤ ਦੀ ਗੌਰਵਸ਼ੀਲਤਾ, ਮਨੁਖੀ ਜੀਵਨ ਦੇ ਵਿਭਿੰਨ ਪੱਖਾਂ ਤੋਂ ਕਿਰਤ ਦਾ ਮਹੱਤਵ, ਯੋਗਤਾ ਅਨੁਸਾਰ ਹੱਕਦਾਰ ਕਿਰਤੀਆਂ ਦੀ ਕਿਰਤ, ਕਿਰਤ ਪ੍ਰਤੀ ਵਿਚਾਰ, ਕਿਰਤੀਆਂ ਦੀ ਪ੍ਰਸੰਸਾ, ਉੱਦਮਸ਼ੀਲ ਜੀਵਨ, ਕਾਰਜਹੀਣ ਭੇਖਾਂ ਅਤੇ ਕਿਰਤਹੀਣ ਫ਼ਿਰਕਿਆਂ ਦਾ ਖੰਡਨ, ਕਿਰਤ ਕਰਨ ਨਾਲ ਪੈਦਾ ਹੋਏ ਸਬਰ ਸੰਤੋਖ, ਕਿਰਤ ਦੇ ਸੰਦਰਭ ਵਿਚ ਹੋਰ ਧਰਮ ਗ੍ਰੰਥਾਂ ਨਾਲ ਤੁਲਨਾ, ਵੰਡ ਛਕਣ ਆਦਿ ਵਿਸ਼ਿਆਂ ਦੀ ਪੇਸ਼ਕਾਰੀ ਕਰਦਿਆਂ ਝੂਠੀ ਕਮਾਈ, ਲੁੱਟ-ਖਸੁੱਟ, ਪਰਾਏ ਹੱਕ ਤੇ ਮਾਰਧਾੜ ਤੋਂ ਦੂਰ ਰਹਿਣ ਦੀ ਵਿਆਖਿਆ ਕਰਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਅਨੁਸਾਰ ਮਨੁੱਖੀ ਕਿਰਤ ਦੀ ਵਿਲੱਖਣਤਾ ਨੂੰ ਪ੍ਰਗਟਾਇਆ ਹੈ।

ਡਾ.ਜਸਵਿੰਦਰ ਸਿੰਘ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਨਿਰਮਤ ਹੋਏ ਬਹੁਲਤਾਵਾਦੀ (Pluralism) ਸਿਧਾਂਤ ਦੀ ਸਮਕਾਲੀਨ ਪ੍ਰਸੰਗਕਿਤਾ' ਖੋਜ ਪ੍ਰਬੰਧ ਵਿਚ ਬਹੁਲਤਾਵਾਦੀ ਸਿਧਾਂਤ ਦੇ ਸਿਧਾਂਤਕ ਪਰਿਪੇਖ ਅਤੇ ਇਤਿਹਾਸਕ ਪਿਛੋਕੜ ਨੂੰ ਬਿਆਨ ਕਰਦਿਆਂ ਬਹੁਲਤਾਵਾਦ ਦੀ ਵਿਭਿੰਨ ਕਿਸਮਾਂ ਤੇ ਵਿਚਾਰ ਕੀਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਵਾਲੇ ਨਾਲ ਸਿੱਖ ਬਹੁਲਤਾਵਾਦ ਦੇ ਅੰਤਰਗਤ ਬਾਣੀ ਸੰਪਾਦਨਾ, ਸਿਧਾਂਤਕ ਪਰਿਪੇਖ, ਇਤਿਹਾਸਕ ਅਤੇ ਸੰਸਥਾਗਤ ਪਰਪੇਖ ਨੂੰ ਪੇਸ਼ ਕਰਦੇ ਹੋਏ ਇਸ ਦੀ ਵਰਤਮਾਨ ਸਾਰਥਿਕਤਾ ਨੂੰ ਪ੍ਰਗਟਾਉਣ ਦਾ ਉਪਰਾਲਾ ਹੈ।

ਡਾ.ਅੱਛਰ ਸਿੰਘ ਕਾਹਲੋਂ ਨੇ Concept of Maya in the Guru Poetry of Adi Granth' ਵਿਚ ਮਾਇਆ ਦੇ ਸਰੂਪ ਦਾ ਵਿਸ਼ਲੇਸ਼ਣ ਪੇਸ਼ ਕੀਤਾ ਹੈ। ਸ਼ੰਕਰਾਚਾਰੀਆ, ਰਾਮਾਨੁਜ, ਅਦੈਵਤਵਾਦ, ਨਿਰਗੁਣ ਅਤੇ ਸਰਗੁਣ ਧਾਰਾਵਾਂ ਦੇ ਅਨੁਸਾਰ ਮਾਇਆ ਦੇ ਸੰਕਲਪ ਦੇ ਵਿਭਿੰਨ ਅਰਥ ਪੇਸ਼ ਕਰਦਿਆਂ ਤੁਲਨਾਤਮਕ ਅਧਿਐਨ ਕੀਤਾ ਗਿਆ ਹੈ। ਖੋਜ-

ਕਾਰਜ ਦੇ ਅਗਲੇ ਵਿਸਥਾਰ ਵਿਚ ਗੁਰੂ-ਕਾਵਿ ਵਿਚ ਮਾਇਆ ਦੇ ਵਿਭਿੰਨ ਪਦ ਪੇਸ਼ ਕਰਕੇ ਮਾਇਆ ਦੇ ਸੰਕਲਪ ਨੂੰ ਪੇਸ਼ ਕੀਤਾ ਗਿਆ ਹੈ। ਗੁਰਮਤਿ ਅਨੁਸਾਰ ਮਾਇਆ ਤੋਂ ਮੁਕਤੀ ਦੇ ਸਾਧਨਾਂ ਦਾ ਵਿਸਥਾਰ ਪੇਸ਼ ਕੀਤਾ ਗਿਆ ਹੈ। ਮਾਇਆ ਤੇ ਬ੍ਰਹਮ, ਮਾਇਆ ਤੇ ਮਨੁੱਖ ਅਤੇ ਮਾਇਆ ਤੇ ਜਗਤ ਦੇ ਆਪਸੀ ਸੰਬੰਧਾਂ ਨੂੰ ਸੂਤਰਬੱਧ ਕੀਤਾ ਗਿਆ ਹੈ। ਸੋ ਇਸ ਤਰ੍ਹਾਂ ਇਹ ਖੋਜ-ਪ੍ਰਬੰਧ ਸਮੁੱਚੇ ਰੂਪ ਵਿਚ ਮਾਇਆ ਦੇ ਸੰਕਲਪ ਦੇ ਵਿਭਿੰਨ ਪਾਸਾਰਾਂ ਨੂੰ ਪੇਸ਼ ਕਰਦਾ ਹੈ।

ਡਾ.ਜਗਦੀਪ ਕੌਰ ਨੇ 'ਗੁਰਮਤਿ ਵਿਚਾਰਧਾਰਾ ਵਿਚ ਨਵੇਂ ਮਨੁੱਖ ਦਾ ਸੰਕਲਪ' ਖੋਜ ਪ੍ਰਬੰਧ ਵਿਚ ਨਵੇਂ ਮਨੁੱਖ ਦੇ ਗੁਰਮਤਿ ਅਨੁਸਾਰੀ ਤਰਕਸ਼ੀਲ ਸਰੂਪ ਉੱਤੇ ਖੋਜ ਵਿਮਰਸ਼ ਕੀਤਾ ਹੈ। ਉਨ੍ਹਾਂ ਨੇ ਭਾਰਤੀ ਸਮਾਜ ਤੇ ਦਰਸ਼ਨ ਅਨੁਸਾਰ ਮਨੁਖ ਦੇ ਵਿਅਕਤੀਤਵ ਦੇ ਵੱਖ ਵੱਖ ਪੱਖਾਂ ਤੇ ਵੀ ਵਿਚਾਰ ਪ੍ਰਸਤੁਤ ਕੀਤੀ ਹੈ ਅਤੇ ਇਸੇ ਸੰਦਰਭ ਵਿਚ ਗੁਰਮਤਿ ਵਿਚਾਰਧਾਰਾ ਅਨੁਸਾਰ ਵਿਵੇਕਸ਼ੀਲ ਮਨੁੱਖ ਦੇ ਨਵੇਂ ਸੰਕਲਪ ਬਾਰੇ ਨਿਸ਼ਕਰਸ਼ ਪ੍ਰਸਤੁਤ ਕਰਦਿਆਂ ਉਸਦੇ ਅਧਿਆਤਮਕ ਸੰਕਲਪ ਅਤੇ ਸਦਾਚਾਰਕ ਸੰਕਲਪ ਦੇ ਸੰਜੋਗੀ ਸਰੂਪ ਨੂੰ ਪੇਸ਼ ਕੀਤਾ ਹੈ।

ਡਾ.ਤਰਲੋਚਨ ਕੌਰ ਨੇ 'ਗੁਰਬਾਣੀ ਵਿਚ ਗਿਆਨ ਦਾ ਸੰਕਲਪ' ਖੋਜ ਪ੍ਰਬੰਧ ਵਿਚ ਵਿਸ਼ੇ ਦੇ ਸਰੂਪ ਅਤੇ ਖੋਜ ਦੀ ਕਾਰਜ ਵਿਧੀ ਨੂੰ ਪੇਸ਼ ਕਰਦਿਆਂ ਪੂਰਬ ਵਿਚ ਗਿਆਨ ਦੀ ਪਰਿਭਾਸ਼ਾ, ਸਰੂਪ ਅਤੇ ਸਰੋਤ ਅਤੇ ਪੱਛਮ ਵਿਚ ਗਿਆਨ ਦੀ ਪਰਿਭਾਸ਼ਾ, ਸਰੂਪ ਅਤੇ ਸਰੋਤ ਦਾ ਅਧਿਐਨ ਪੇਸ਼ ਕੀਤਾ ਹੈ। ਇਸ ਤੁਲਨਾਤਮਕ ਅਧਿਐਨ ਦੇ ਸੰਦਰਭ ਵਿਚ ਗੁਰਬਾਣੀ ਨੂੰ ਗਿਆਨ ਦੀ ਪਰਿਭਾਸ਼ਾ, ਸਰੂਪ ਅਤੇ ਸਰੋਤ ਵਜੋਂ ਵਿਚਾਰਿਆ ਵੀ ਗਿਆ ਹੈ ਅਤੇ ਗੁਰਬਾਣੀ ਨੂੰ ਗਿਆਨ ਦੇ ਸਰੋਤ ਵਜੋਂ ਵੀ ਸਥਾਪਿਤ ਕੀਤਾ ਗਿਆ ਹੈ।

'ਆਦਿ ਗ੍ਰੰਥ ਵਿਚ ਸੰਕਲਿਤ ਭਗਤ-ਬਾਣੀ ਵਿਚ ਨੈਤਿਕਤਾ ਦਾ ਸੰਕਲਪ' ਡਾ.ਮਦਨ ਗੋਪਾਲ ਆਚਾਰੀਆ ਦਾ ਖੋਜ ਪ੍ਰਬੰਧ ਹੈ। ਇਸ ਵਿਚ ਉਨ੍ਹਾਂ ਨੇ ਭਗਤ ਬਾਣੀ ਵਿਚ ਪੇਸ਼ ਮਨੁੱਖੀ ਜੀਵਨ ਦਾ ਮੂਲ ਮਨੋਰਥ ਅਤੇ ਨੈਤਿਕਤਾ ਦੇ ਯੋਗਦਾਨ ਸੰਬੰਧੀ ਚਰਚਾ ਕੀਤੀ ਹੈ। ਭਗਤ ਬਾਣੀ ਵਿਚ ਨੈਤਿਕਤਾ ਦੇ ਸੰਕਲਪ ਦੇ ਅੰਤਰਗਤ ਭਗਤ ਬਾਣੀ ਵਿਚ ਮਾਨਵ ਅਤੇ ਸਮਾਜ, ਕਰਤੱਵ ਅਤੇ ਅਧਿਕਾਰ, ਪ੍ਰਕ੍ਰਿਤੀ ਮਾਇਆ ਅਤੇ ਮਨੁੱਖ ਦੇ ਸਰੂਪ ਨੂੰ ਪੇਸ਼ ਕੀਤਾ ਗਿਆ ਹੈ। ਭਗਤ ਬਾਣੀ ਵਿਚ ਨੈਤਿਕਤਾ ਦੇ ਸਮਾਜਕ, ਆਰਥਿਕ, ਰਾਜਨੀਤਿਕ, ਮਨੋਵਿਗਿਆਨਕ, ਅਧਿਆਤਮਕ ਆਧਾਰਾਂ ਨੂੰ ਪੇਸ਼ ਕਰਦਿਆਂ ਪੰਚ-ਦੋਖ, ਹਉਮੈ, ਪਰ-ਨਿੰਦਾ, ਝੂਠ, ਭੇਖ-ਪਾਖੰਡ, ਜਪ ਤੱਪ, ਹੱਠ-ਯੋਗ, ਜਾਤਿ-ਪਾਤਿ, ਭੇਦ-ਭਾਵ, ਗ੍ਰਹਿਸਥ-ਤਿਆਗ ਆਦਿ ਦਾ ਵਿਵਰਣ ਪੇਸ਼ ਕੀਤਾ ਗਿਆ ਹੈ। ਸੋ ਇਹ ਖੋਜ ਪ੍ਰਬੰਧ ਭਗਤ ਬਾਣੀ ਵਿਚ ਪੇਸ਼ ਵਿਭਿੰਨ ਅਨੈਤਿਕ ਤੱਤਾਂ ਦਾ ਵਿਸ਼ਲੇਸ਼ਣ ਕਰਦਾ ਹੋਇਆ ਨੈਤਿਕਤਾ ਦੀ ਰੂਪ ਰੇਖਾ ਨੂੰ ਕਲਮਬੱਧ ਕਰਦਾ ਹੈ।

'ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਬਾਣੀ ਦਾ ਸਮਾਜ-ਸਭਿਆਚਾਰਕ ਅਧਿਐਨ-ਕਬੀਰ, ਨਾਮਦੇਵ ਅਤੇ ਰਵਿਦਾਸ ਦੀ ਬਾਣੀ ਦੇ ਆਧਾਰ ਤੇ)' ਖੋਜ ਪ੍ਰਬੰਧ ਵਿਚ ਡਾ.ਰੇਨੂੰ ਬਾਲਾ ਨੇ ਭਗਤ ਬਾਣੀ ਦੇ ਆਰੰਭ ਅਤੇ ਵਿਕਾਸ ਨੂੰ ਕਲਮਬੱਧ ਕਰਦਿਆਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਬਾਣੀ ਦਾ ਮਹੱਤਵ ਸਪਸ਼ਟ ਕੀਤਾ। ਵਿਚਾਰਧਾਰਾਈ ਪਰਿਪੇਖ ਦੇ ਆਧਾਰ ਤੇ ਕਬੀਰ ਬਾਣੀ ਦਾ ਸਮਾਜ-ਸਭਿਆਚਾਰਕ ਅਧਿਐਨ ਅਤੇ ਮੂਲ ਸਰੋਕਾਰਾਂ ਤੇ ਆਧਾਰਿਤ ਰਵਿਦਾਸ ਬਾਣੀ ਤੇ ਨਾਮਦੇਵ ਬਾਣੀ ਦਾ ਸਮਾਜ-ਸਭਿਆਚਾਰਕ ਅਧਿਐਨ ਪੇਸ਼ ਕੀਤਾ। ਸਮਾਜ-ਸਭਿਆਚਾਰਕ ਪਰਿਪੇਖ ਅਨੁਸਾਰ ਕਬੀਰ, ਨਾਮਦੇਵ ਅਤੇ ਰਵਿਦਾਸ ਬਾਣੀ ਦਾ ਤੁਲਨਾਤਮਕ ਅਧਿਐਨ ਸਪਸ਼ਟ ਕੀਤਾ। ਇਸ ਪ੍ਰਕਾਰ ਇਹ ਖੋਜ

ਪ੍ਰਬੰਧ ਸਮੁੱਚੇ ਰੂਪ ਵਿਚ ਭਗਤ ਬਾਣੀ ਦੇ ਨਿਰਮਾਣ ਵਿਚ ਪੇਸ਼ ਸਮਾਜ-ਸਭਿਆਚਾਰਕ ਤੱਤਾਂ ਨੂੰ ਅਧਿਐਨ ਦਾ ਵਿਸ਼ਾ ਬਣਾਉਂਦਾ ਹੈ।

ਡਾ.ਜਸਬੀਰ ਸਿੰਘ ਨੇ 'ਭਗਤ ਬਾਣੀ ਦਾ ਸਮਾਜ ਸ਼ਾਸਤਰੀ ਅਧਿਐਨ-ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੇ ਆਧਾਰ 'ਤੇ' ਖੋਜ-ਪ੍ਰਬੰਧ ਵਿਚ ਸਾਹਿਤ ਤੇ ਸਮਾਜ ਦੇ ਆਪਸੀ ਸੰਬੰਧਾਂ ਦਾ ਵਰਣਨ ਕਰਦੇ ਹੋਏ ਸਾਹਿਤ ਅਧਿਐਨ ਦੀ ਸਮਾਜ ਸ਼ਾਸਤਰੀ ਵਿਧੀ, ਇਤਿਹਾਸਮੂਲਕ ਵਿਧੀ, ਮਾਰਕਸਵਾਦੀ ਵਿਧੀ ਦੇ ਪਰਿਪੇਖ ਵਿਚ ਸਾਹਿਤ ਸ਼ਾਸਤਰ ਦਾ ਸਿਧਾਂਤਕ ਅਧਿਐਨ ਕੀਤਾ ਹੈ। ਭਗਤ ਬਾਣੀ ਦੇ ਇਤਿਹਾਸਕ-ਸਮਾਜਕ ਪਰਿਪੇਖ ਦੇ ਅੰਤਰਗਤ ਮੱਧਕਾਲੀਨ ਭਾਰਤੀ ਸਮਾਜ ਦੀ ਸਮਾਜਕ ਸਰੰਚਨਾ, ਰਾਜਨੀਤਿਕ ਸਥਿਤੀ ਤੇ ਸਭਿਆਚਾਰਕ ਪਾਸਾਰਾਂ ਦਾ ਵਿਸ਼ਲੇਸ਼ਣ ਕੀਤਾ ਹੈ। ਭਗਤ ਬਾਣੀ ਦੇ ਦਾਰਸ਼ਨਿਕ ਪਰਿਪੇਖ ਦੇ ਅੰਤਰਗਤ ਬ੍ਰਹਮ, ਜੀਵ, ਜਗਤ ਤੇ ਮਨੁੱਖ ਦੀ ਮੁਕਤੀ ਦੇ ਸੰਕਲਪ ਨੂੰ ਵਿਚਾਰਿਆ ਗਿਆ ਹੈ। ਭਗਤ ਬਾਣੀ ਦੇ ਧਾਰਮਿਕ ਚਿੰਤਨ ਦੇ ਅਧੀਨ ਸਮਕਾਲੀ ਧਾਰਮਿਕ ਚਿੰਤਨ ਤੇ ਸਾਧਨਾ ਪੱਧਤੀਆਂ ਅਤੇ ਭਗਤ ਬਾਣੀ ਨੂੰ ਆਧਾਰ ਬਣਾਇਆ ਗਿਆ ਹੈ। ਇਸ ਪ੍ਰਕਾਰ ਇਸ ਖੋਜ-ਪ੍ਰਬੰਧ ਵਿਚ ਭਗਤ ਬਾਣੀ ਦੇ ਸਮਾਜ-ਸ਼ਾਸਤਰੀ ਪਰਿਪੇਖ ਵਿਚ ਸਮਾਜਕ ਚਿੰਤਨ, ਰਾਜਸੀ ਚਿੰਤਨ ਅਤੇ ਨੈਤਿਕ ਮੁੱਲ ਵਿਧਾਨ ਨੂੰ ਵਿਸ਼ਾ ਬਣਾਇਆ ਗਿਆ ਹੈ।

ਡਾ.ਤ੍ਰਿਪਤ ਕੌਰ ਨੇ 'ਆਦਿ ਗ੍ਰੰਥ ਵਿਚ ਇਸਤਰੀ ਦਾ ਸੰਕਲਪ' ਖੋਜ-ਪ੍ਰਬੰਧ ਵਿਚ ਮੱਧਕਾਲੀਨ ਧਾਰਾਵਾਂ ਵਿੱਚ ਇਸਤਰੀ ਦੀ ਸਥਿਤੀ ਨੂੰ ਰੂਪਮਾਨ ਕੀਤਾ ਹੈ। ਆਦਿ ਗ੍ਰੰਥ ਵਿੱਚ ਪੇਸ਼ ਬਿਆਨ ਦੇ ਆਧਾਰ ਤੇ ਇਸਤਰੀ ਦੇ ਵਿਅਕਤੀਤਵ ਦਾ ਵਰਨਣ ਕੀਤਾ ਗਿਆ ਹੈ। ਇਸ ਤੋਂ ਇਲਾਵਾ ਆਦਰਸ਼ ਇਸਤਰੀ ਦੇ ਸਰੂਪ ਨੂੰ ਬਿਆਨ ਕਰਨ ਦਾ ਉਪਰਾਲਾ ਹੈ। ਇਸ ਤਰ੍ਹਾਂ ਇਹ ਖੋਜ-ਪ੍ਰਬੰਧ ਗੁਰਮਤਿ ਵਿਚ ਇਸਤਰੀ ਦੀ ਸਥਿਤੀ ਨੂੰ ਸਥਾਪਿਤ ਕਰਦਾ ਹੈ।

'ਗੁਰੂ ਨਾਨਕ ਬਾਣੀ ਵਿਚ ਧਾਰਮਿਕ, ਸਮਾਜਕ ਤੇ ਰਾਜਨੀਤਿਕ ਪਰਿਸਥਿਤੀਆਂ ਦੀ ਸਮੀਖਿਆ' ਵਿਚ ਡਾ.ਇਕਬਾਲ ਸੌਂਦ ਨੇ ਨਾਨਕ ਬਾਣੀ ਵਿਚ ਸੰਕਲਿਤ ਰਾਜਸੀ, ਸਮਾਜਕ ਤੇ ਧਾਰਮਿਕ ਪਰਿਸਥਿਤੀਆਂ ਤੇ ਕੁਰੀਤੀਆਂ ਦਾ ਵਰਣਨ ਕੀਤਾ ਹੈ। ਧਾਰਮਿਕ ਪਰਿਸਥਿਤੀਆਂ ਦੇ ਅੰਤਰਗਤ ਗੁਰੂ ਨਾਨਕ ਸਮੇਂ ਦੇ ਸਮਾਜ ਵਿਚ ਪ੍ਰਚਲਿਤ ਹਿੰਦੂ ਧਰਮ ਅਤੇ ਜੋਗ ਧਰਮ ਆਦਿ ਦੇ ਹਵਾਲੇ ਦੇ ਕੇ ਧਰਮ ਦੇ ਸਰੂਪ ਨੂੰ ਪੇਸ਼ ਕੀਤਾ ਗਿਆ ਹੈ ਤੇ ਇਸ ਗੁੰਝਲਦਾਰ ਤੇ ਜਟਿਲ ਧਾਰਮਿਕਤਾ ਨਾਲ ਪੈਦਾ ਹੋਏ ਕਰਮਕਾਂਡਾਂ ਤੇ ਨਿਗੂਣੇ ਰੀਤੀ ਰਿਵਾਜ਼ਾਂ ਦਾ ਖੰਡਨ ਕੀਤਾ ਗਿਆ ਹੈ। ਉਨ੍ਹਾਂ ਦਾ ਇਹ ਖੋਜ-ਕਾਰਜ ਸਿਰਫ਼ ਸਮਕਾਲੀ ਸਮਾਜਕ-ਧਾਰਮਿਕ ਇਤਿਹਾਸ ਨੂੰ ਸੂਤਰਬੱਧ ਕਰਦਾ ਹੋਇਆ ਉਸ ਸਮੇਂ ਦੇ ਸਮਾਜ ਦੀ ਸਭਿਆਚਾਰਕ ਤਸਵੀਰ ਨੂੰ ਪੇਸ਼ ਕਰਦਾ ਹੈ।

ਡਾ.ਗੁਰਸ਼ਰਨ ਕੌਰ ਨੇ ਆਪਣੇ ਖੋਜ-ਪ੍ਰਬੰਧ 'ਗੁਰੂ ਨਾਨਕ ਬਾਣੀ ਵਿਚ ਪ੍ਰੇਮਾ ਭਗਤੀ ਦਾ ਸਰੂਪ' ਵਿਚ ਪ੍ਰੇਮ ਅਤੇ ਭਗਤੀ ਦੇ ਸਰੂਪ ਅਤੇ ਵਿਕਾਸ ਦਾ ਵਰਣਨ ਕੀਤਾ ਹੈ। ਭਾਰਤੀ ਪਰੰਪਰਾ ਵਿਚ ਪ੍ਰਚਲਿਤ ਸ਼ੈਵਮਤ, ਵੈਸ਼ਨਵ, ਜੈਨ ਮਤ, ਉਪਨਿਸ਼ਦ, ਮਹਾਂਭਾਰਤ, ਪੁਰਾਣ ਸਾਹਿਤ, ਭਾਗਵਤ ਪੁਰਾਣ ਆਦਿ ਅਤੇ ਸੂਫ਼ੀ ਭਗਤੀ ਵਿਚ ਪ੍ਰੇਮ ਭਗਤੀ ਦੇ ਸਰੂਪ ਦਾ ਵਿਸ਼ਲੇਸ਼ਣ ਕੀਤਾ ਹੈ। ਗੁਰੂ ਨਾਨਕ ਬਾਣੀ ਵਿਚ ਪ੍ਰੇਮ ਭਗਤੀ ਦੇ ਸਰੂਪ ਤੋਂ ਪ੍ਰੇਰਿਤ ਸਦਾਚਾਰ ਤੱਤ ਅਤੇ ਆਚਾਰ ਤੱਤ ਦੀ ਅਨੁਭੂਤੀ ਦਾ ਮੁਲਾਂਕਨ ਇਸ ਖੋਜ-ਕਾਰਜ ਦਾ ਮੁੱਖ ਵਿਸ਼ਾ ਰਿਹਾ ਹੈ।

'ਗੁਰੂ ਨਾਨਕ ਬਾਣੀ ਵਿਚ ਸਭਿਆਚਾਰ ਦਾ ਰੂਪਾਂਤਰਨ' ਖੋਜ-ਪ੍ਰਬੰਧ ਵਿਚ ਖੋਜਾਰਥੀ ਡਾ.ਗੁਰਵਿੰਦਰ ਜੀਤ ਕੌਰ ਨੇ ਨਾਨਕ ਬਾਣੀ ਵਿਚ ਪੇਸ਼ ਸਭਿਆਚਾਰ ਦੇ ਰੂਪਾਂਤਰਨ ਦੀ ਪ੍ਰਕਿਰਿਆ ਦੇ ਮਹੱਤਵ ਨੂੰ ਉਘਾੜਿਆ ਹੈ। ਖੋਜ-ਪ੍ਰਬੰਧ ਦੇ ਪਹਿਲੇ ਅਧਿਆਇ ਵਿਚ ਸਭਿਆਚਾਰ ਅਤੇ ਸਭਿਆਚਾਰ ਰੂਪਾਂਤਰਨ ਦੇ ਸਕੰਲਪ ਦਾ ਵਿਸਥਾਰ ਵਿਚ ਵਰਣਨ ਕੀਤਾ ਗਿਆ ਹੈ। ਖੋਜ-ਪ੍ਰਬੰਧ ਦਾ ਦੂਸਰਾ ਅਧਿਆਇ ਗੁਰੂ ਨਾਨਕ ਕਾਲੀਨ ਭਾਰਤੀ ਵਿਵਸਥਾ ਨੂੰ ਚਿਤਰਦਾ ਹੈ। ਤੀਸਰੇ ਅਧਿਆਇ ਵਿਚ ਨਾਨਕ ਬਾਣੀ ਵਿਚ ਪੇਸ਼ ਤਤਕਾਲੀ ਮਨੁੱਖ ਅਤੇ ਸਮਾਜ ਦੇ ਰੂਪਾਂਤਰਨ ਨੂੰ ਪੇਸ਼ ਕੀਤਾ ਗਿਆ ਹੈ। ਚੌਥਾ ਅਧਿਆਇ  ਗੁਰੂ ਨਾਨਕ ਰਚਿਤ ਰਚਨਾਵਾਂ ਵਿਚ ਹੋਏ ਲੋਕ ਧਾਰਮਿਕ ਅਨੁਸ਼ਠਾਨਾਂ ਦੇ ਰੂਪਾਂਤਰਨ ਨਾਲ ਸੰਬੰਧਿਤ ਹੈ।ਪੰਜਵੇ ਅਧਿਆਇ ਵਿਚ ਬਾਣੀ ਵਿਚ ਪੇਸ਼ ਲੋਕ-ਵਿਸ਼ਵਾਸਾਂ ਦੇ ਰੂਪਾਂਤਰਨ ਦੀ ਪ੍ਰਕਿਰਿਆ ਦਾ ਵਰਣਨ ਹੈ। ਛੇਵਾਂ ਅਧਿਆਇ ਲੋਕ-ਕਾਵਿ ਰੂਪਾਂ ਦੇ ਰੂਪਾਂਤਰਨ ਦੇ ਹਵਾਲਿਆਂ ਨੂੰ ਪੇਸ਼ ਕਰਦਾ ਹੈ।ਇਸ ਤਰ੍ਹਾਂ ਇਹ ਖੋਜ-ਪ੍ਰਬੰਧ ਸਮੁੱਚੇ ਰੂਪ ਵਿਚ ਨਾਨਕ ਬਾਣੀ ਦੇ ਹਵਾਲਿਆਂ ਨਾਲ ਤਤਕਾਲੀਨ ਸਭਿਆਚਾਰ ਦੀ ਉਸਾਰੀ ਕਰਦਾ ਹੈ।

ਡਾ.ਨਵਦੀਸ਼ ਕੌਰ ਨੇ 'ਗੁਰੂ ਨਾਨਕ ਬਾਣੀ ਵਿਚ ਹਉਮੇ ਦਾ ਸੰਕਲਪ' ਖੋਜ ਪ੍ਰਬੰਧ ਵਿਚ ਹਉਮੇ ਦੀ ਪਰਿਭਾਸ਼ਾ, ਸਰੂਪ ਅਤੇ ਲੱਛਣ ਬਿਆਨ ਕਰਦਿਆਂ ਹਉਮੇ ਦੇ ਸੰਕਲਪ ਦਾ ਵਿਚਾਰਧਾਰਕ ਪਿਛੋਕੜ ਪੇਸ਼ ਕੀਤਾ ਹੈ ਜਿਸ ਦੇ ਅੰਤਰਗਤ ਭਾਰਤੀ ਦਰਸ਼ਨ (ਵੇਦ, ਉਪਨਿਸ਼ਦ, ਵੇਦਾਂਤ, ਯੋਗ ਸ਼ਾਸਤਰ, ਬੁੱਧ ਮਤ, ਜੈਨ ਮਤ ਆਦਿ) ਅਤੇ ਪੱਛਮੀ ਦਰਸ਼ਨ (ਹੀਗਲ, ਸ਼ਾਰਤ੍ਰ, ਕਾਂਟੇ ਆਦਿ) ਪ੍ਰਸਿੱਧ ਚਿੰਤਕਾਂ ਦੀ ਧਾਰਨਾ ਨੂੰ ਸਪਸ਼ਟ ਕੀਤਾ ਹੈ। ਗੁਰੂ ਨਾਨਕ ਬਾਣੀ: ਗਿਆਨ ਮੀਮਾਂਸਾ ਦੇ ਅੰਤਰਗਤ ਨਾਨਕ ਬਾਣੀ ਵਿਚ ਹਉਮੇ ਅਤੇ ਮਾਇਆ, ਹਉਮੇ ਅਤੇ ਨਦਰਿ, ਹਉਮੇ ਅਤੇ ਮੁਕਤੀ ਆਦਿ ਸਿਧਾਂਤਾਂ ਦਾ ਅਧਿਐਨ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਗੁਰੂ ਨਾਨਕ ਬਾਣੀ ਵਿਚ ਹਉਮੇ ਦੇ ਪਰਿਪੇਖ ਵਿਚ ਅਧਿਆਤਮਕ ਪੱਖਾਂ, ਨੈਤਿਕ ਪੱਖਾਂ ਅਤੇ ਮਨੋਵਿਗਿਆਨਕ ਪੱਖਾਂ ਬਾਰੇ ਵਿਚਾਰ ਦ੍ਰਿਸ਼ਟੀਗੋਚਰ ਹੁੰਦੀ ਹੈ।

ਡਾ.ਬਲਜੀਤ ਕੌਰ ਦੇ ਖੋਜ ਪ੍ਰਬੰਧ 'ਗੁਰੂ ਨਾਨਕ ਬਾਣੀ ਵਿਚ ਮਾਨਵਵਾਦ ਦਾ ਸੰਕਲਪ' ਵਿਚ ਸਭ ਤੋਂ ਪਹਿਲਾ ਧਾਰਮਿਕ ਸੰਦਰਭ ਵਿਚ ਮਾਨਵਵਾਦ ਦੇ ਸੰਕਲਪ ਨੂੰ ਵਿਚਾਰਿਆ ਗਿਆ ਹੈ। ਜਿਸ ਦੇ ਅੰਤਰਗਤ ਧਰਮ ਅਤੇ ਮਾਨਵੀ ਕੀਮਤਾਂ, ੴ ਮਾਨਵੀ ਏਕਤਾ ਦੇ ਪ੍ਰਤੀਕ ਤੌਰ ਤੇ ਵਿਚਾਰ ਕਰਕੇ ਬਾਣੀ ਦੇ ਹਵਾਲਿਆਂ ਨਾਲ ਕੂੜਿਆਰ ਤੋਂ ਸਚਿਆਰ ਵਲ ਪ੍ਰੇਰਿਆ ਗਿਆ ਹੈ। ਸਮਾਜਕ ਸੰਦਰਭ ਵਿਚ ਮਾਨਵਵਾਦ ਦੇ ਅੰਤਰਗਤ ਸਭ ਤੋਂ ਪਹਿਲਾ ਨਾਨਕ ਦੇ ਸਮੇਂ ਦੀ ਸਮਾਜਕ ਸਥਿਤੀ ਨੂੰ ਪੇਸ਼ ਕੀਤਾ ਗਿਆ ਹੈ ਅਤੇ ਫਿਰ ਅਮਾਨਵੀ ਕੀਮਤਾਂ ਤੋਂ ਮਾਨਵੀ ਕੀਮਤਾਂ ਵਲ ਪ੍ਰੇਰਿਆ ਗਿਆ ਹੈ। ਮਾਨਵਵਾਦੀ ਦ੍ਰਿਸ਼ਟੀਕੋਣ ਤੋਂ ਇਸਤਰੀ ਜਾਤੀ ਦਾ ਆਦਰ ਸਥਾਪਿਤ ਕੀਤਾ ਹੈ। ਸਦਾਚਾਰਕ ਤੱਤਾਂ ਦੀ ਚਰਚਾ ਕਰਦਿਆਂ ਵਿਸ਼ਵ ਧਰਮ ਦੀ ਸਥਾਪਨਾ ਨੂੰ ਸਪਸ਼ਟ ਕੀਤਾ ਹੈ। ਰਾਜਨੀਤਿਕ ਅਤੇ ਆਰਥਿਕ ਸੰਦਰਭ ਵਿਚ ਮਾਨਵਵਾਦ ਦੇ ਸਰੂਪ ਨੂੰ ਪੇਸ਼ ਕੀਤਾ ਗਿਆ ਹੈ। ਸਮੁੱਚੇ ਰੂਪ ਵਿਚ ਖੋਜ ਪ੍ਰਬੰਧ ਮਾਨਵਵਾਦ ਦੇ ਸਰੋਕਾਰਾਂ ਨਾਲ ਸੰਬੰਧਿਤ ਹੈ।

ਡਾ.ਦਰਸ਼ਨ ਕੌਰ ਨੇ 'ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਪ੍ਰਾਪਤ ਸਾਂਸਕ੍ਰਿਤਕ ਮੂਲ'  ਖੋਜ ਪ੍ਰਬੰਧ ਵਿਚ ਸੰਸਕ੍ਰਿਤੀ ਅਤੇ ਸਾਂਸਕ੍ਰਿਤਕਾਂ ਮੂਲਾਂ ਦੇ ਸੰਬੰਧਾਂ ਦਾ ਸਿਧਾਂਤਕ ਅਧਿਐਨ ਸਪਸ਼ਟ ਕੀਤਾ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਪੇਸ਼ ਧਾਰਮਿਕ ਅਤੇ ਨੈਤਿਕ ਮੁੱਲ, ਸਮਾਜਕ ਮੁੱਲ, ਰਾਜਨੀਤਿਕ ਮੁੱਲ ਅਤੇ ਸੁਹਜਾਤਮਕ ਮੁੱਲਾਂ ਦਾ ਸਮੀਖਿਆਤਾਮਕ ਮੁਲਾਂਕਨ ਕੀਤਾ। ਇਸ ਤਰ੍ਹਾਂ ਇਹ ਖੋਜ ਪ੍ਰਬੰਧ ਸਮੁੱਚੇ ਰੂਪ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ

ਅਧਿਐਨ ਨੂੰ ਆਧਾਰ ਬਣਾਉਂਦਿਆ ਉਸ ਦੇ ਵਿਭਿੰਨ ਸਾਂਸਕ੍ਰਿਤਕ ਪਾਸਾਰਾਂ ਦਾ ਵਿਸ਼ਲੇਸ਼ਣ ਕਰਨ ਦਾ ਉਪਰਾਲਾ ਕਰਦਾ ਹੈ।

ਡਾ.ਮੇਵਾ ਸਿੰਘ ਸਿੱਧੂ ਨੇ 'ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਨੈਤਿਕਤਾ' ਖੋਜ ਪ੍ਰਬੰਧ ਵਿਚ ਨੈਤਿਕਤਾ ਦੀ ਪਰਿਭਾਸ਼ਾ ਅਤੇ ਸਰੂਪ ਦਾ ਵਰਣਨ ਕੀਤਾ ਹੈ। ਭਾਰਤੀ ਪ੍ਰਾਚੀਨ ਸਾਹਿਤ, ਇਸਲਾਮੀ ਸਾਹਿਤ ਅਤੇ ਪੰਜਾਬੀ ਸਾਹਿਤ ਵਿਚ ਨੈਤਿਕਤਾ ਦੀ ਪਰੰਪਰਾ ਨੂੰ ਬਿਆਨ ਕੀਤਾ ਹੈ। ਗੁਰੂ ਅਰਜਨ ਦੇਵ ਜੀ ਦੇ ਧਰਮ ਅਨੁਭਵ ਅਤੇ ਨੈਤਿਕ ਅਭਿਵਿਅਕਤੀ ਨੂੰ ਪੇਸ਼ ਕਰਦੇ ਹੋਏ ਬਾਣੀ ਵਿਚ ਦਰਜ ਨੈਤਿਕ ਵਿਧਾਨ ਦੀ ਸਥਾਪਨਾ ਕੀਤੀ ਹੈ। ਖੋਜਕਾਰ ਨੇ ਵਿਅਕਤੀਗਤ ਅਤੇ ਸਮਾਜਕ ਨੈਤਿਕ ਚੰਗਿਆਈਆਂ ਦਾ ਵਿਸ਼ਲੇਸ਼ਣ ਕੀਤਾ ਅਤੇ ਅਨੁਭੂਤੀ ਦੀ ਕਲਾਤਮਕ ਅਭਿਵਿਅਕਤੀ ਨੂੰ ਵੀ ਪੇਸ਼ ਕੀਤਾ ਹੈ।

'ਗੁਰੂ ਰਵਿਦਾਸ ਦੀ ਬਾਣੀ ਵਿਚ ਸਮਾਜਕ ਚੇਤਨਾ' ਖੋਜ-ਪ੍ਰਬੰਧ ਵਿਚ ਡਾ.ਨਿਰਮਲ ਸਿੰਘ ਨੇ ਸੱਭ ਤੋਂ ਪਹਿਲਾ ਰਵਿਦਾਸ ਦੇ ਸਮੇਂ ਦੇ ਧਾਰਮਿਕ, ਸਮਾਜਕ, ਸਭਿਆਚਾਰਕ ਹਾਲਾਤਾਂ ਅਤੇ ਝੁਕਾਅ ਨੂੰ ਪੇਸ਼ ਕਰਦਿਆਂ ਉਸ ਸਮੇਂ ਦੀ ਭਵਨ ਉਸਾਰੀ, ਸਾਹਿਤਿਕ, ਵਿਦਿਅਕ ਅਤੇ ਫ਼ਾਰਸੀ-ਹਿੰਦੀ ਸੰਸਕ੍ਰਿਤ ਸਾਹਿਤ ਦੀ ਜਾਣਕਾਰੀ ਦਿੱਤੀ ਹੈ। ਅਧਿਆਇ ਦੂਜਾ ਸ੍ਰੀ ਗੁਰੂ ਰਵਿਦਾਸ ਤੇ ਭਗਤੀ ਲਹਿਰ ਦੇ ਅੰਤਰਗਤ ਸ਼ੰਕਰ ਦਾ ਚਿੰਤਨ, ਆਤਮਾ ਦਾ ਸਰੂਪ, ਮਾਇਆ, ਅਵਿਦਿਆ, ਸ੍ਰੀ ਰਾਮਾਨਜੁ ਆਚਾਰੀਆ, ਗਿਆਨ ਮੀਮਾਂਸਾ, ਵਿਸ਼ਨੂਚਿਤ ਪਰਿ ਆਲਵਾਰ, ਗੋਂਦਾ ਅੰਡਾਲ, ਮੁਨਿਵਾਰਣ ਤਿਰੁਪਾਲ, ਮਧੁਰਕਵੀ, ਸਵਾਮੀ ਰਾਮਾਚੰਦ, ਸੈਨ, ਪੀਪਾ ਜੀ, ਕਬੀਰ, ਤੁਕਾਰਾਮ ਆਦਿ ਦਾ ਵਿਸ਼ਲੇਸ਼ਣ ਕੀਤਾ ਹੈ। ਖੋਜਕਾਰ ਨੇ ਗੁਰੂ ਰਵਿਦਾਸ ਦੇ ਨੈਤਿਕ, ਸਮਾਜਕ, ਧਾਰਮਿਕ ਅਤੇ ਰਾਜਨੀਤਿਕ ਸੰਦੇਸ਼ ਦਾ ਵਿਸਥਾਰ ਪੇਸ਼ ਕੀਤਾ ਹੈ। ਤਤਕਾਲੀਨ ਸਮਾਜ ਦੇ ਸੰਦਰਭ ਵਿਚ ਸਮਾਜਕ ਚੇਤਨਾ ਦੇ ਅੰਤਰਗਤ ਵਰਣ ਵਿਵਸਥਾ, ਬੋਧੀ ਤੇ ਬੁੱਧ ਧਰਮ ਦਾ ਦਾਰਸ਼ਨਿਕ ਪੱਖ, ਜੈਨ ਧਰਮ, ਸ਼ੈਵ ਦਰਸ਼ਨ, ਸ਼ਾਕਤ ਮੱਤ, ਸ਼ਕਤੀ ਮੱਤ, ਵਾਮ ਮਾਰਗ,ਨਾਥ ਸੰਪਰਦਾਇ, ਸੂਫ਼ੀਵਾਦ ਆਦਿ ਚਿੰਤਨ ਨੂੰ ਪੇਸ਼ ਕੀਤਾ ਹੈ। ਇਸ ਖੋਜ ਕਾਰਜ ਵਿਚ ਖੋਜਾਰਥੀ ਨੇ ਗੁਰੂ ਰਵਿਦਾਸ ਤੇ ਜੈਨਮੱਤ, ਰਵਿਦਾਸ ਤੇ ਵੈਸ਼ਨਵ ਮੱਤ, ਰਵਿਦਾਸ ਤੇ ਸੂਫ਼ੀਵਾਦ ਦੇ ਸੰਬੰਧਾਂ ਨੂੰ ਪੇਸ਼ ਕਰਦਿਆਂ ਰਵਿਦਾਸ ਜੀ ਦੇ ਸਮਾਜਕ ਸੰਕਲਪ ਵਿਚਲੀ ਮੌਲਿਕਤਾ ਨੂੰ ਪੇਸ਼ ਕੀਤਾ ਹੈ। ਇਸ ਖੋਜ ਪ੍ਰਬੰਧ ਵਿਚ ਰਵਿਦਾਸ ਦੀ ਆਧੁਨਿਕ ਯੁੱਗ ਵਿਚ ਪ੍ਰਸੰਗਿਕਤਾ ਅਤੇ ਰਵਿਦਾਸ ਚਿੰਤਨ ਅਤੇ ਸਿਖਿਆ ਦਾ ਸਮਾਜਕ ਸੰਸਥਾਵਾਂ ਉੱਪਰ ਪ੍ਰਭਾਵ ਦਾ ਵਿਸਥਾਰ ਵੀ ਪੇਸ਼ ਹੈ।

## 1.2 ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਅਤੇ ਫ਼ਿਲਾਸਫ਼ੀ ਸੰਬੰਧੀ ਪੁਸਤਕਾਂ:

ਬਾਣੀ-ਚਿੰਤਨ ਨਾਲ ਸੰਬੰਧਤ ਉਪਰੋਕਤ ਖੋਜ-ਪ੍ਰਬੰਧਾਂ ਦਾ ਆਲੋਚਨਾਤਮਕ ਜਾਇਜ਼ਾ ਲੈਣ ਤੋਂ ਬਾਅਦ ਅਸੀਂ ਕੁਝ ਕੁ ਖੋਜ-ਪੁਸਤਕਾਂ/ਨਿਬੰਧਾਂ ਦਾ ਵੀ ਇਸੇ ਦ੍ਰਿਸ਼ਟੀ ਤੋਂ ਮੁਲਾਂਕਣ ਕੀਤਾ ਹੈ, ਜਿਨ੍ਹਾਂ ਤੋਂ ਪ੍ਰਾਪਤ ਸਿੱਟਿਆਂ ਦੇ ਆਧਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ 'ਗੁਰੂ ਗ੍ਰੰਥ ਸਾਹਿਬ ਵਿੱਚ ਪੇਸ਼ ਮਾਨਵੀ ਆਦਰਸ਼ਾਂ ਦੀ ਵਿਸ਼ਵੀ ਪ੍ਰਾਸੰਗਿਕਤਾ' ਦੇ ਦ੍ਰਿਸ਼ਟੀ-ਬਿੰਦੂ ਤੋਂ ਕੋਈ ਵੀ ਖੋਜ ਕਾਰਜ ਕਰਨ ਦਾ ਉਪਰਾਲਾ ਨਜ਼ਰ ਨਹੀਂ ਆਇਆ।

ਖਾਲਸਾ ਕਾਲਜ, ਪਟਿਆਲਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਾਨਵਤਾ ਦਾ ਸੰਦੇਸ਼ ਵਿਸ਼ੇ ਤੇ ਆਯੋਜਿਤ ਸੈਮੀਨਾਰ ਵਿਚ ਪੜ੍ਹੇ ਪਰਚਿਆਂ ਨੂੰ ਡਾ. ਬਲਤੇਜ ਸਿੰਘ ਮਾਨ ਅਤੇ ਡਾ. ਗੁਰਦੀਸ਼ ਕੌਰ ਬਾਜਵਾ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ: ਮਾਨਵੀ ਸਰੋਕਾਰ' ਪੁਸਤਕ ਦੇ ਰੂਪ ਵਿਚ ਸੰਪਾਦਿਤ ਕੀਤਾ। ਇਸ ਪੁਸਤਕ ਵਿਚ ਆਦਿ ਬੀੜ ਦੇ ਦਮਦਮੀ ਸਰੂਪ ਦੇ ਪ੍ਰਕਾਸ਼ਮੁਖੀ ਅਧਿਐਨ, ਪੋਥੀ ਸਾਹਿਬ ਤੋਂ ਗੁਰਗੱਦੀ ਦੀ ਗਾਥਾ ਦੇ ਸਿਧਾਂਤਕ ਤੇ ਇਤਿਹਾਸਕ ਪਰਿਪੇਖ, ਬਾਬਰਬਾਣੀ ਦਾ ਵਿਗਿਆਨਕ ਵਿਸ਼ਲੇਸ਼ਣ, ਮਾਨਵ ਮੁਕਤੀ ਦਾ ਪ੍ਰਵਚਨ, ਨੈਤਿਕਤਾ ਦਾ ਸੰਕਲਪ, ਗੁਰੂ ਗ੍ਰੰਥ ਸਾਹਿਬ ਅਤੇ 18ਵੀਂ ਸਦੀ ਦੇ ਸਿੱਖ, ਨਾਰੀ ਦੇ ਮਾਨਵੀ ਅਧਿਕਾਰ, ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼, ਗੁਰੂ ਗ੍ਰੰਥ ਸਾਹਿਬ ਵਿਚ ਮਾਨਵਤਾ ਦਾ ਸੰਕਲਪ ਅਤੇ ਸੰਦੇਸ਼, ਗੁਰੂ ਗ੍ਰੰਥ ਸਾਹਿਬ ਵਿਚ ਮਾਨਵਵਾਦੀ ਸੰਦੇਸ਼ ਦੀ ਵਰਤਮਾਨ ਪ੍ਰਾਸੰਗਿਕਤਾ, ਗੁਰੂ ਗ੍ਰੰਥ ਸਾਹਿਬ ਵਿਚ ਭਵਿੱਖਤ ਵਿਗਿਆਨ, ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਅਤੇ ਸਮਾਜਕ-ਆਰਥਿਕ ਵਿਕਾਸ, ਗੁਰੂ ਗ੍ਰੰਥ ਸਾਹਿਬ ਵਿਚ ਸਮਾਜਕ ਕੁਰੀਤੀਆਂ ਬਾਰੇ ਚੇਤੰਨਤਾ, ਗੁਰੂ ਗ੍ਰੰਥ ਸਾਹਿਬ ਵਿਚ ਨਿਰੂਪਤ ਮਾਨਵੀ ਅਧਿਕਾਰ, ਫ਼ਰੀਦ ਬਾਣੀ ਵਿਚ ਮਾਨਵਵਾਦੀ ਸੰਕਲਪ, ਗੁਰਬਾਣੀ ਵਿਆਖਿਆ:ਪ੍ਰਸੰਗ ਅਤੇ ਵਿਆਕਰਨ, ਗੁਰੂ ਗ੍ਰੰਥ ਸਾਹਿਬ ਦੇ ਭਾਸ਼ਾਈ ਰੂਪ, ਗੁਰੂ ਗ੍ਰੰਥ ਸਾਹਿਬ ਦਾ ਮਾਨਵਵਾਦੀ ਪਰਿਪੇਖ, ਗੁਰਮਤਿ ਤੇ ਮਾਨਵਵਾਦ, ਪੰਜਾਬੀ ਵਿਚ ਲਿਖੀ ਪੰਜ ਪਾਣੀਆਂ ਦੀ ਵਿਸ਼ਵ-ਵਿਆਪੀ ਵਿਚਾਰਧਾਰਾ ਉੱਤੇ ਆਧਾਰਿਤ ਵਿਸ਼ਿਆਂ ਨੂੰ ਸੰਕਲਿਤ ਕੀਤਾ ਗਿਆ ਹੈ। ਉਪਰੋਕਤ ਸਾਰੇ ਪਰਚੇ ਮਾਨਵਵਾਦ ਦੇ ਸਰੋਕਾਰ ਨਾਲ ਜੁੜੇ ਹੋਏ ਹਨ। ਮਾਨਵਵਾਦ ਦੇ ਪਰਿਪੇਖ ਵਿਚ ਗੁਰੂ ਗ੍ਰੰਥ ਸਾਹਿਬ ਦੇ ਪੱਖਾਂ ਦਾ ਸਿਧਾਂਤਕ ਅਧਿਐਨ ਕੀਤਾ ਗਿਆ ਹੈ।

ਡਾ. ਜਸਬੀਰ ਕੌਰ ਨੇ ਭਾਸ਼ਾ, ਸਾਹਿਤ ਤੇ ਸਭਿਆਚਾਰ ਦੇ ਵਿਸ਼ੇਸ਼ ਪ੍ਰਸੰਗ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਿੰਨ ਪਰਿਪੇਖ' ਪੁਸਤਕ ਦਾ ਸੰਪਾਦਨ ਕੀਤਾ। ਇਹ ਪੁਸਤਕ 7-9 ਜਨਵਰੀ 2004 ਨੂੰ ਹੋਈ 20ਵੀਂ ਅੰਤਰ-ਰਾਸ਼ਟਰੀ ਪੰਜਾਬੀ ਵਿਕਾਸ ਕਾਨਫਰੰਸ ਵਿਚ ਪੜ੍ਹੇ ਗਏ ਪਰਚਿਆਂ ਤੇ ਆਧਾਰਿਤ ਹੈ। ਇਸ ਪੁਸਤਕ ਵਿਚ ਵੱਖ-ਵੱਖ ਵਿਦਵਾਨਾਂ ਵਲੋਂ ੴ ਦਾ ਸੰਕਲਪ, ਗੁਰੂ ਗ੍ਰੰਥ ਸਾਹਿਬ ਦਾ ਇਤਿਹਾਸਕ ਪਰਿਪੇਖ, ਗੁਰਬਾਣੀ ਵਿਚ ਧਰਮ ਅਤੇ ਸਾਹਿਤ ਦੇ ਸੰਬੰਧ ਦਾ ਪਰਿਪੇਖ, ਗੁਰੂ ਗ੍ਰੰਥ ਸਾਹਿਬ ਦਾ ਵਸਤੂ ਅਧਿਐਨ ਵਿਚਾਰ ਵਟਾਂਦਰਾ, ਗੁਰਬਾਣੀ ਵਿਆਕਰਨ, ਭਾਸ਼ਾ-ਦਿੱਖ ਤੇ ਦ੍ਰਿਸ਼, ਭਾਸ਼ਾਈ ਸੁਮੇਲ, ਸਦਾਚਾਰਕ ਚੇਤੰਨਤਾ, ਰਾਜਨੀਤਿਕ ਚੇਤੰਨਤਾ, ਦਲਿਤ ਤੇ ਦਮਿਤ ਪ੍ਰਵਚਨ, ਧਰਮ ਅਤੇ ਵਿਗਿਆਨ ਦੇ ਸੁਮੇਲ ਦੀਆਂ ਸੰਭਾਵਨਾਵਾਂ, ਸਮਕਾਲੀ ਧਰਮ ਚਿੰਤਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗਿਆਨ ਮੀਮਾਸਾਂ, ਗੁਰੂ ਗ੍ਰੰਥ ਸਾਹਿਬ ਦੇ ਅਜੋਕੇ ਵਿਆਖਿਆ ਸ਼ਾਸਤਰ, ਗੁਰੂ ਗ੍ਰੰਥ ਸਾਹਿਬ ਦੇ ਗਾਇਨ ਵਿਧਾਨ ਦੀ ਵਰਤਮਾਨ ਪ੍ਰਾਸੰਗਿਕਤਾ ਆਦਿ ਵਿਸ਼ਿਆਂ ਤੇ ਚਰਚਾ ਹੈ। ਇਸ ਪੁਸਤਕ ਦਾ ਉਦੇਸ਼ ਭਾਸ਼ਾ ਸਾਹਿਤ ਤੇ ਸਭਿਆਚਾਰ ਦੇ ਪ੍ਰਸੰਗ ਵਿਚ ਗੁਰੂ ਗ੍ਰੰਥ ਸਾਹਿਬ ਦੀ ਗੌਰਵਤਾ ਨੂੰ ਸਥਾਪਿਤ ਕਰਨਾ ਹੈ।

ਡਾ. ਪਰਮਵੀਰ ਸਿੰਘ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਚਿੰਤਨ ਅਤੇ ਵਿਚਾਰਧਾਰਾ' ਪੁਸਤਕ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਨੂੰ ਸਰਲ, ਸੰਖੇਪ ਅਤੇ ਸ਼ਰਧਾਪੂਰਵਕ ਭਾਵਨਾ ਨਾਲ ਪਾਠਕਾਂ ਤੱਕ ਪਹੁੰਚਾਉਣ ਦਾ ਕਾਰਜ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਖੇਪ ਜਾਣਕਾਰੀ, ਮੁੱਢਲੇ ਆਧਾਰ, ਮੂਲ ਸਿਧਾਂਤ, ਸਹਿ-ਸਭਿਆਚਾਰ, ਵਿਸ਼ਵ-

ਭਾਈਚਾਰਾ, ਸਮਾਜਕ ਨੈਤਿਕਤਾ, ਵਿਸ਼ਵ-ਵਿਆਪੀ ਦ੍ਰਿਸ਼ਟੀਕੋਣ ਦਾ ਵਰਤਮਾਨ ਪਰਿਪੇਖ, ਅੰਤਰ-ਧਰਮ ਸੰਵਾਦ, ਕਾਵਿ ਰੂਪ, ਧਾਰਮਿਕ ਸਹਿਣਸ਼ੀਲਤਾ, ਅਰਦਾਸ ਦਾ ਸਰੂਪ ਅਤੇ ਮਹੱਤਵ ਆਦਿ ਵਿਸ਼ਿਆਂ ਦੀ ਦਾਰਸ਼ਨਿਕ ਅਤੇ ਸ਼ਰਧਾਪੂਰਵਕ ਪੇਸ਼ਕਾਰੀ ਕੀਤੀ ਹੈ।

ਡਾ.ਜਗਬੀਰ ਸਿੰਘ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮਕਾਲੀਨ ਪ੍ਰਾਸੰਗਿਕਤਾ' ਪੁਸਤਕ ਵਿਚ ਗੁਰੂ ਗ੍ਰੰਥ ਸਾਹਿਬ ਦੇ ਪਾਠਗਤ ਸੰਕਲਪ ਤੇ ਸਰੂਪ, ਗ੍ਰੰਥ ਦੀਆਂ ਪਾਠਗਤ ਵਿਸ਼ੇਸ਼ਤਾਵਾਂ ਅਤੇ ਇਸਦੇ ਸਿਰਜਨਾਤਮਕ ਪ੍ਰਸੰਗ ਦੀ ਨਿਸ਼ਾਨਦੇਹੀ ਕਰਦਿਆਂ ਗੁਰੂ ਗ੍ਰੰਥ ਸਾਹਿਬ ਨੂੰ ਭਾਰਤ ਦੀ ਸਨਾਤਨ ਗਿਆਨ-ਪਰੰਪਰਾ ਦੇ ਅੰਤਰਗਤ ਰੱਖ ਕੇ ਵਿਚਾਰਨ ਦਾ ਉਪਰਾਲਾ ਕੀਤਾ ਹੈ। ਇਸ ਪੁਸਤਕ ਵਿਚ ਗੁਰੂ ਗ੍ਰੰਥ ਸਾਹਿਬ ਦੇ ਭਾਸ਼ਾਈ ਮੁਹਾਵਰੇ ਅਤੇ ਇਸਦੀ ਸੰਕਲਪੀ ਸ਼ਬਦਾਵਲੀ ਦਾ ਅਧਿਐਨ ਕਰਨ ਦਾ ਵੀ ਯਤਨ ਹੈ ਜਿਸਦੇ ਮੂਲ ਪ੍ਰੇਰਣਾ ਸਰੋਤ ਭਾਰਤੀ ਗਿਆਨ ਪਰੰਪਰਾ ਵਿਚ ਪਏ ਹਨ। ਉਨ੍ਹਾਂ ਨੇ ਆਧੁਨਿਕਤਾ ਅਤੇ ਉੱਤਰ-ਆਧੁਨਿਕਤਾ ਦੇ ਦੌਰ ਵਿਚ ਪ੍ਰਫ਼ੁਲਤ ਹੋਏ ਨਵੇਂ ਗਿਆਨ ਸ਼ਾਸਤਰ ਦਾ ਵਿਵੇਚਨ ਵੀ ਕੀਤਾ ਹੈ ਜਿਸਦੇ ਅੰਤਰਗਤ ਪੂਰਬੀ ਗਿਆਨ ਪ੍ਰਬੰਧਾਂ ਦੀ ਪ੍ਰਾਸੰਗਿਕਤਾ ਅਤੇ ਸਾਰਥਕਤਾ ਨੂੰ ਪਛਾਨਣ ਉੱਤੇ ਬੱਲ ਦਿੱਤਾ ਗਿਆ ਹੈ ਅਤੇ ਇਸਦੇ ਨਾਲ ਨਾਲ ਗੁਰੂ ਗ੍ਰੰਥ ਸਾਹਿਬ ਦੀ ਸਮਕਾਲੀਨ ਪ੍ਰਾਸੰਗਿਕਤਾ ਦੇ ਮਸਲੇ ਨੂੰ ਵੀ ਸਿੱਧੀ ਤਰ੍ਹਾਂ ਸੰਬੋਧਿਤ ਕੀਤਾ ਗਿਆ ਹੈ। ਇਹ ਪੁਸਤਕ ਨਾਰੀ, ਦਲਿਤ, ਵਾਤਾਵਰਨ ਦੀ ਸੰਭਾਲ, ਆਤੰਕਵਾਦੀ ਕਾਰਵਾਈਆਂ, ਧਾਰਮਿਕ ਸਹਿਣਸ਼ੀਲਤਾ ਅਤੇ ਅੰਤਰ ਧਰਮ ਸੰਵਾਦ ਦੇ ਮਸਲਿਆਂ ਨੂੰ ਛੂੰਹਦੀ ਹੈ।

'ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਇਕੀਵੀਂ ਸਦੀ' ਪੁਸਤਕ ਨੂੰ ਡਾ. ਸਰਬਜਿੰਦਰ ਸਿੰਘ ਨੇ ਸੰਪਾਦਿਤ ਕੀਤਾ ਹੈ। ਇਹ ਪੁਸਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵਲੋਂ ਕਰਵਾਏ ਗਏ ਸੈਮੀਨਾਰ ਵਿਚ ਖੋਜੀ ਵਿਦਵਾਨਾਂ ਵਲੋਂ ਪੇਸ਼ ਕੀਤੇ ਗਏ ਖੋਜ-ਪੱਤਰਾਂ ਦਾ ਸੰਕਲਨ ਹੈ। ਡਾ.ਜਸਬੀਰ ਸਿੰਘ ਸਾਬਰ ਦੀ ਪੁਸਤਕ 'ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਇਕੀਵੀਂ ਸਦੀ' ਇਕੀਵੀਂ ਸਦੀ ਦੀਆਂ ਚੁਣੌਤੀਆਂ ਦਾ ਗੁਰੂ ਗ੍ਰੰਥ ਸਾਹਿਬ ਰਾਹੀਂ ਸਮਾਧਾਨ ਆਦਿ ਵਿਸ਼ਿਆਂ ਉੱਤੇ ਕੇਂਦਰਿਤ ਹੁੰਦੀ ਹੋਈ ਗੁਰੂ ਗ੍ਰੰਥ ਸਾਹਿਬ ਦੇ ਮਾਨਵੀ ਸੰਚਾਰ ਨੂੰ ਅਪਣਾਉਣ ਤੇ ਜ਼ੋਰ ਦਿੰਦੀ ਹੈ। ਡਾ. ਧਰਮ ਸਿੰਘ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ:ਅਵਤਰਣ ਤੇ ਪ੍ਰਕਾਸ਼' ਖੋਜ-ਪੱਤਰ ਵਿਚ ਪਾਕਿਸਤਾਨ ਵਿਚ ਛਪੀਆਂ ਕੁਝ ਪੁਸਤਕਾਂ ਵਿਚ ਗੁਰੂ ਗ੍ਰੰਥ ਸਾਹਿਬ ਬਾਰੇ ਕੀਤੀ ਚਰਚਾ ਦੀ ਸਮੀਖਿਆ ਕੀਤੀ ਹੈ। 'ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ਬਦ ਸੰਸਾਰ' ਡਾ. ਪਰਮਜੀਤ ਸਿੰਘ ਦਾ ਲਿਖਿਆ ਖੋਜ-ਪੱਤਰ ਹੈ ਜਿਸ ਵਿਚ ਉਨ੍ਹਾਂ ਨੇ ਗੁਰਬਾਣੀ ਦੇ ਸ਼ਬਦ-ਸਰੂਪ ਨੂੰ ਸ਼ਬਦਾਂ, ਤੁਕਾਂ ਅਤੇ ਪ੍ਰਸੰਗਾਂ ਤੋਂ ਇਲਾਵਾ ਪਾਠ-ਵਿਗਿਆਨਕ ਪਹੁੰਚ ਨਾਲ ਸਮਝਣ ਦਾ ਸੰਦੇਸ਼ ਦਿੱਤਾ ਹੈ ਤਾਂ ਕਿ ਸ਼ਬਦ-ਸਰੂਪ ਤੋਂ ਸ਼ਬਦ-ਸੰਸਾਰ ਦੇ ਦਰਸ਼ਨ ਕੀਤੇ ਜਾ ਸਕਣ ਅਤੇ ਇਸ ਤਰ੍ਹਾਂ ਪ੍ਰਾਪਤ ਕੀਤੀ ਸੁਰਤ ਦੇ ਆਧਾਰ ਤੇ ਸਿੱਖ ਸਮਾਜ ਨੂੰ 'ਸ਼ਬਦ-ਗੁਰੂ' ਦੇ 'ਸ਼ਬਦ-ਸਰੂਪ' ਰਾਹੀਂ ਸੰਚਾਰਿਤ 'ਸ਼ਬਦ-ਸੰਸਾਰ' ਦੀ ਪ੍ਰਾਪਤੀ ਦੇ ਆਦਰਸ਼ ਦੀ ਦਿਸ਼ਾ ਵੱਲ ਗਤੀਸ਼ੀਲ ਕੀਤਾ ਜਾ ਸਕੇ। 'ਸ੍ਰੀ ਗੁਰੂ ਗ੍ਰੰਥ ਸਾਹਿਬ: ਸਮਕਾਲੀਨ ਪ੍ਰਸੰਗਿਕਤਾ' ਮਾਨਵ-ਹਿਤਕਾਰੀ ਪ੍ਰਸੰਗ ਵਿਚ ਲਿਖਿਆ ਖੋਜ ਪੱਤਰ ਹੈ। ਡਾ. ਕੁਲਦੀਪ ਸਿੰਘ ਨੇ 'ਆਧੁਨਿਕ ਗਿਆਨ ਵਿਗਿਆਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ' ਖੋਜ-ਪੱਤਰ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਵਿਗਿਆਨਕ ਆਧਾਰਾਂ ਦਾ ਸੰਕੇਤ ਦਿੱਤੇ ਹਨ। ਡਾ. ਗੁਰਪਾਲ ਸਿੰਘ ਸੰਧੂ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਉੱਤਰ ਬਸਤੀਵਾਦੀ ਦ੍ਰਿਸ਼ਟੀ' ਖੋਜ-ਪੱਤਰ ਵਿਚ ਉੱਤਰ ਬਸਤੀਵਾਦੀ ਦ੍ਰਿਸ਼ਟੀ ਨਾਲ ਬਾਣੀ ਦੀਆਂ ਪਾਠਗਤ ਬਣਤਰਾਂ ਅਤੇ ਪ੍ਰਵਚਨ-ਮੂਲਕ

ਸੁਨੇਹਿਆਂ ਦੇ ਵਿਲੱਖਣ ਸੰਦਰਭਾਂ ਅਤੇ ਸਰੋਕਾਰਾਂ ਨੂੰ ਸਮਝਣ ਦੇ ਯੋਗ ਹੁੰਦੇ ਹਾਂ। ਡਾ. ਸ. ਸ. ਜੋਸ਼ੀ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਪੰਜਾਬੀ ਭਾਸ਼ਾ' ਵਿਚ ਇਕੀਵੀਂ ਸਦੀ ਵਿਚ ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿੱਪੀ ਨੂੰ ਪੇਸ਼ ਆਉਂਦੀਆਂ ਚੁਣੌਤੀਆਂ ਬਾਰੇ ਚਰਚਾ ਕੀਤੀ ਹੈ। ਡਾ. ਬਲਦੇਵ ਸਿੰਘ ਚੀਮਾ ਨੇ 'ਗੁਰਬਾਣੀ ਵਿਆਕਰਣ' ਵਿਚ 'ਪੜਨਾਂਵ ਸ਼ਬਦਾਵਲੀ ਦਾ ਸਰੋਤ, ਸਰੂਪ ਇਤਿਹਾਸ ਅਤੇ ਵਰਤੋਂ' ਬਾਰੇ ਸਿਧਾਂਤਕ ਚਰਚਾ ਕੀਤੀ ਹੈ। ਡਾ. ਬਲਜੀਤ ਕੌਰ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੀ ਵਿਲੱਖਣਤਾ' ਵਿਚ ਗੁਰਬਾਣੀ ਦੀਆਂ ਸਾਹਿਤਿਕ ਤੇ ਭਾਸ਼ਾਈ ਵਿਸ਼ੇਸ਼ਤਾਵਾਂ ਦਾ ਅਧਿਐਨ ਕੀਤਾ ਹੈ। ਡਾ. ਸੁਮੇਲ ਸਿੰਘ ਸਿੱਧੂ ਨੇ 'ਅੰਧੀ ਰਈਅਤ ਗਿਆਨ ਵਿਹੂਣੀ: ਗੁਰੂ ਗ੍ਰੰਥ ਸਾਹਿਬ ਦੇ 400 ਸਾਲ' ਖੋਜ-ਪੱਤਰ ਵਿਚ ਸਿੱਖ ਭਾਈਚਾਰੇ ਤੇ ਇਤਿਹਾਸ ਨੂੰ ਉਲਕਦਿਆਂ ਗੁਰੂ ਗ੍ਰੰਥ ਸਾਹਿਬ ਦੀ ਸ੍ਰੇਸ਼ਟਤਾ ਨੂੰ ਸਮਝਣ ਦਾ ਸੰਦੇਸ਼ ਦਿੱਤਾ ਹੈ।

'ਸ੍ਰੀ ਗੁਰੂ ਗ੍ਰੰਥ ਸਾਹਿਬ: ਸਮਾਜਕ ਸਰੋਕਾਰ' ਡਾ. ਬਲਵਿੰਦਰਜੀਤ ਕੌਰ ਭੱਟੀ ਦੀ ਰਚੀ ਪੁਸਤਕ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਸ਼ੇਸ਼ ਪ੍ਰਸੰਗ ਵਿਚ ਮਾਨਵਤਾ ਅਤੇ ਸਮਾਜਕ ਦਰਜੇਬੰਦੀ, ਕਿਰਤ ਸਭਿਆਚਾਰ, ਇਸਤਰੀ ਦੀ ਦਸ਼ਾ ਅਤੇ ਦਿਸ਼ਾ ਵਿਸ਼ਿਆਂ ਤੇ ਚਰਚਾ ਕਰਕੇ ਵਿਚ ਏਕਤਾ ਅਤੇ ਸਾਂਝੀਵਾਲਤਾ ਦੇ ਪਾਸਾਰ ਦੀ ਗਲ ਕੀਤੀ ਹੋਈ ਹੈ। ਇਸ ਤੋਂ ਇਲਾਵਾ 'ਗੁਰੂ ਨਾਨਕ ਦੀ ਵਾਰਾਂ ਵਿਚ ਸਮਾਜਕ ਸਰੋਕਾਰ', 'ਗੁਰਬਾਣੀ ਵਿਚ ਸੂਰਬੀਰਤਾ', 'ਸ਼ਹਾਦਤ ਦਾ ਸਕੰਲਪ', 'ਗੁਰਦੁਆਰੇ ਦੀ ਸੰਸਥਾ-ਉਤਪਤੀ ਅਤੇ ਸਮਾਜਕ ਮਹੱਤਵ', 'ਗੁਰੂ ਗੋਬਿੰਦ ਸਿੰਘ ਦਾ ਸਾਜਿਆ ਖਾਲਸਾ ਪੰਥ' ਅਤੇ 'ਗੁਰੂ ਨਾਨਕ ਬਾਣੀ ਦਾ ਵਿਸ਼ਵ-ਵਿਆਪੀ ਅਧਿਆਤਮਕਤਾ ਨੂੰ ਯੋਗਦਾਨ' ਵਿਸ਼ਿਆਂ ਨੂੰ ਕਲਮਬੱਧ ਕਰਕੇ, ਗੁਰੂ ਗ੍ਰੰਥ ਸਾਹਿਬ ਦੇ ਸਮਾਜਕ ਰਹੱਸਾਂ ਅਤੇ ਰਮਜ਼ਾਂ ਦੇ ਸੰਦੇਸ਼ ਨੂੰ ਮਨੁੱਖਤਾ ਤੱਕ ਪਹੁੰਚਾਉਣ ਦਾ ਉਪਰਾਲਾ ਕੀਤਾ ਗਿਆ ਹੈ।

'ਸ੍ਰੀ ਗੁਰੂ ਗ੍ਰੰਥ ਸਾਹਿਬ-ਅਧਿਆਤਮ ਤੇ ਵਿਵਹਾਰ' ਡਾ. ਰਾਜਿੰਦਰ ਕੌਰ ਰੋਹੀ ਦੁਆਰਾ ਰਚੀ ਪੁਸਤਕ ਹੈ। ਇਹ ਪੁਸਤਕ ਤਿੰਨ ਭਾਗਾਂ ਵਿਚ ਵੰਡੀ ਹੋਈ ਹੈ। ਪਹਿਲੇ ਭਾਗ ਵਿਚ 'ਭਾਰਤੀ ਧਾਰਮਿਕ ਪਰੰਪਰਾ ਵਿਚ ਈਸ਼ਵਰੀ ਸਿਧਾਂਤ' ਨੂੰ ਰੂਪਬੱਧ ਕਰਦਿਆਂ 'ਸਿੱਖ ਸਿਧਾਂਤ:ਆਰੰਭ ਤੇ ਸਥਾਪਨਾ' ਬਾਰੇ ਚਰਚਾ ਕੀਤੀ ਗਈ ਹੈ। 'ਸਿੱਖ ਸਿਧਾਂਤ ਦਾ ਪ੍ਰੇਰਣਾ ਸ੍ਰੋਤ: ਗੁਰੂ ਗ੍ਰੰਥ ਸਾਹਿਬ' ਦੇ ਅੰਤਰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਸਿਧਾਂਤਾਂ ਅਤੇ ਵਿਚਾਰਧਾਰਾਵਾਂ ਨੂੰ ਸਰਲੀਕ੍ਰਿਤ ਕਰਨ ਦਾ ਉਪਰਾਲਾ ਕੀਤਾ ਹੈ। ਇਸ ਪੁਸਤਕ ਦਾ ਭਾਗ ਦੂਜਾ ਗੁਰੂ ਗ੍ਰੰਥ ਸਾਹਿਬ ਵਿਚਲੇ ਅਧਿਆਤਮਕ ਸਰੋਕਾਰਾਂ ਨਾਲ ਸੰਬੰਧਿਤ ਹੈ। ਇਸ ਦੇ ਅੰਤਰਗਤ 'ਸਿੱਖ ਜੀਵਨ ਦਾ ਅੰਤਿਮ ਉਦੇਸ਼' ਵਿਚ ਸਿੱਖ ਫ਼ਲਸਫ਼ੇ ਦੇ ਮਹੱਤਵਪੂਰਨ ਪੱਖਾਂ ਸਾਧ ਸੰਗਤਿ, ਗੁਰੂ, ਪੰਜ-ਖੰਡਾਂ, ਨਾਮ ਅਤੇ ਸਿਮਰਨ ਆਦਿ ਪੱਖਾਂ ਰਾਹੀਂ ਆਤਮ-ਗਿਆਨ ਦੀ ਵਿਚਾਰਧਾਰਾ ਨੂੰ ਸਪਸ਼ਟ ਕੀਤਾ ਗਿਆ ਹੈ। ਇਸ ਪੁਸਤਕ ਦਾ ਭਾਗ ਤੀਜਾ ਗੁਰੂ ਗ੍ਰੰਥ ਸਾਹਿਬ ਵਿਚਲੇ ਵਿਵਹਾਰਿਕ ਸਰੋਕਾਰਾਂ ਨਾਲ ਸੰਬੰਧਿਤ ਹੈ। 'ਸਿੱਖ ਨੈਤਿਕ ਵਿਵਹਾਰ' ਰਾਹੀਂ ਗੁਰੂ ਗ੍ਰੰਥ ਸਾਹਿਬ ਅਨੁਸਾਰ ਨੈਤਿਕ ਕਰਮਾਂ ਦੀ ਮਹੱਤਤਾ ਨੂੰ ਉਘਾੜਿਆ ਗਿਆ ਹੈ। ਇਸੇ ਤਰ੍ਹਾਂ 'ਖਾਲਸਾ: ਇਕ ਸੰਪੂਰਨ ਵਿਅਕਤੀਤਵ' ਵਿਚ ਖਾਲਸੇ ਦੇ ਗੁਣਾਂ ਅਤੇ ਵਿਸ਼ੇਸ਼ਤਾਵਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਸਥਾਪਤ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵਲੋਂ ਡਾ. ਵਜੀਰ ਸਿੰਘ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਲੱਖਣ ਤੱਤ' ਪੁਸਤਕ ਪ੍ਰਕਾਸ਼ਿਤ ਕੀਤੀ। ਇਸ ਪੁਸਤਕ ਵਿਚ ਡਾ. ਵਜੀਰ

ਸਿੰਘ ਨੇ 'ਭਗਤ ਬਾਣੀ ਵਿਚ ਨਾਮ-ਚਿੰਤਨ, 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭੱਟਾਂ ਦੇ ਸਵੱਈਏ', 'ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਤੇ ਸੰਪਾਦਨ ਦਾ ਸਭਿਆਚਾਰਕ ਪ੍ਰਭਾਵ', 'ਗੁਰਬਾਣੀ ਦਾ ਵਿਲੱਖਣ ਤੇ ਨਿਵੇਕਲਾ ਅਧਿਆਤਮਕ ਚਿੰਤਨ', 'ਗੁਰਬਾਣੀ ਵਿਚ ਕਾਲ ਅਤੇ ਅਕਾਲ ਦਾ ਸਕੰਲਪ' ਅਤੇ 'ਬਾਰਾਮਾਹ ਤੁਖਾਰੀ: ਮਨੋਵਿਗਿਆਨਕ ਅਧਿਐਨ' ਆਦਿ ਵਿਸ਼ਿਆਂ ਬਾਰੇ ਸੰਵਾਦ ਰਚਾਇਆ। ਇਹ ਪੁਸਤਕ ਅਕਾਦਮਿਕ ਤੇ ਅਧਿਐਨ ਦੇ ਖੇਤਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਅਤੇ ਸੰਕਲਪੀ ਵਿਧਾਨ ਦੇ ਅਹਿਮ ਪਹਿਲੂਆਂ ਬਾਰੇ ਕੁਝ ਨਵਾਂ ਲਿਖਵਾਉਣ ਦੇ ਅਧੀਨ ਕੀਤਾ ਗਿਆ ਉਪਰਾਲਾ ਹੈ।

ਇੰਟਰਨੈਸ਼ਨਲ ਇਨਸਟੀਚਿਊਟ ਆਫ਼ ਗੁਰਮਤਿ ਸਟੱਡੀਜ਼, ਲੁਧਿਆਣਾ ਵਲੋਂ 'ਵਿਸਮਾਦ ਨਾਦ' ਪਤ੍ਰਿਕਾ ਦਾ ਵਿਸ਼ੇਸ਼ ਅੰਕ 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾ ਨੂੰ ਦੇਣ' ਪ੍ਰਕਾਸ਼ਿਤ ਹੋਇਆ ਜਿਸ ਨੂੰ ਅਮਰਜੀਤ ਸਿੰਘ ਗਰੇਵਾਲ ਨੇ ਸੰਪਾਦਿਤ ਕੀਤਾ ਹੈ। ਇਹ ਅੰਕ ਗੁਰੂ ਗ੍ਰੰਥ ਸਾਹਿਬ ਦੇ ਪਰਿਪੇਖ, ਸਰੂਪ, ਪ੍ਰਾਸੰਗਿਕਤਾ, ਸਰਬਸਾਂਝੀਵਾਲਤਾ, ਮੁੱਖ ਸੰਕਲਪ, ਮਾਨਵ ਅਤੇ ਸਮਾਜ ਵਰਗਾਂ ਵਿਚ ਵੰਡਿਆ ਹੋਇਆ ਹੈ। ਇਸ ਅੰਕ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਰਿਪੇਖ ਦੇ ਅੰਤਰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਭਾਰਤੀ ਸੰਸਕ੍ਰਿਤੀ, ਭਾਰਤੀ ਅਤੇ ਪੱਛਮੀ ਚਿੰਤਨ ਦੇ ਸੰਦਰਭ ਵਿਚ ਸਿੱਖ ਫ਼ਲਸਫ਼ੇ ਦੀ ਭੂਮਿਕਾ, ਭਾਰਤੀ ਚਿੰਤਨ ਅਤੇ ਗੁਰੂ ਗ੍ਰੰਥ ਸਾਹਿਬ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਭਾਰਤੀ ਸਭਿਆਚਾਰ, ਭਗਤ ਬਾਣੀ ਦੇ ਵਿਚਾਰਧਾਰਾਈ ਆਧਾਰ, ਨਾਥ ਸਿੱਧ ਪਰੰਪਰਾ ਅਤੇ ਗੁਰੂ ਗ੍ਰੰਥ ਸਾਹਿਬ , ਨਾਥ ਬਾਣੀ ਅਤੇ ਗੁਰਬਾਣੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲੋਕਧਾਰਾਈ ਸਾਮੱਗਰੀ ਦਾ ਰੂਪਾਂਤ੍ਰਣ ਅਤੇ ਪ੍ਰਤਿਰੂਪਣ, ਭਗਤੀ ਧਾਰਾ ਦਾ ਵਿਕਾਸ ਅਤੇ ਗੁਰੂ ਗ੍ਰੰਥ ਸਾਹਿਬ, ਜੋਤਿ ਪ੍ਰਕਾਸ਼ ਦੱਸ ਗੁਰੂ ਸਾਹਿਬਾਨ ਆਦਿ ਵਿਸ਼ਿਆਂ ਨੂੰ ਸ਼ਾਮਲ ਕੀਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੇ ਅੰਤਰਗਤ ਗੁਰੂ ਗ੍ਰੰਥ ਸਾਹਿਬ ਦੀ ਸੰਕਲਪਨਾ ਤੇ ਸੰਪਾਦਨਾ, ਸੰਪਾਦਕੀ ਵਿਧਾਨ, ਭਾਸ਼ਾਈ ਵਿਧੀਆਂ, ਰੂਪਾਤਮਕ ਅਧਿਐਨ, ਰਾਗਾਂ ਦਾ ਪ੍ਰਯੋਗ, ਭਾਰਤੀ ਕਾਵਿ ਸ਼ਾਸ਼ਤ੍ਰ ਅਤੇ ਗੁਰੂ ਗ੍ਰੰਥ ਸਾਹਿਬ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਵਿਗਿਆਨ, ਗੁਰੂ ਗ੍ਰੰਥ ਸਾਹਿਬ : ਚਿੰਨ੍ਹ ਵਿਗਿਆਨਕ ਅਧਿਐਨ ਵਿਸ਼ਿਆਂ ਤੇ ਚਰਚਾ ਕੀਤੀ ਗਈ ਹੈ। ਗੁਰੂ ਗ੍ਰੰਥ ਸਾਹਿਬ ਦੀ ਪ੍ਰਾਸੰਗਿਕਤਾ ਦੇ ਅੰਤਰਗਤ ਗੁਰੂ ਨਾਨਕ ਬਾਣੀ ਵਿਚ ਸਭਿਆਚਾਰਕ ਕ੍ਰਾਂਤੀ, ਗੁਰੂ ਗ੍ਰੰਥ ਸਾਹਿਬ ਅਤੇ ਨੈਤਿਕ ਸ਼ਾਸਤਰ, ਗੁਰਬਾਣੀ ਅਤੇ ਗਣਿਤ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਦਰੋਹੀ ਸੁਰ, ਪ੍ਰਸੰਗਿਕ ਧਰਮ-ਸ਼ਾਸਤਰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ, ਨਾਨਕ ਬਾਣੀ ਵਿਚ ਰਾਜਨੈਤਿਕ ਅਵਚੇਤਨ ਦਾ ਨਿਰਮਾਣ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਤਿਹਾਸਕ ਚੇਤਨਾ, ਗੁਰਮਤਿ ਵਿਚ ਅਕਾਲ ਤਖਤ ਸਾਹਿਬ: ਸਦੈਵ ਪ੍ਰਾਸੰਗਿਕਤਾ ਅਤੇ ਸਾਰਥਕਤਾ, ਦਲਿਤ ਪ੍ਰਵਚਨ, ਨਾਰੀ ਚੇਤਨ ਅਤੇ ਰਹਿਤ ਮਰਿਆਦਾ ਨਾਲ ਜੁੜੇ ਵਿਸ਼ਿਆਂ ਨੂੰ ਵਿਚਾਰਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਦੀ ਸਰਬਸਾਂਝੀਵਾਲਤਾ ਦੇ ਅੰਤਰਗਤ ਗੁਰਮਤਿ ਸੰਕਲਪਾਂ ਦੇ ਪਰਿਪੇਖ ਵਿਚ ਸਾਂਝੀਵਾਲਤਾ, ਮਾਨਵ-ਪ੍ਰੇਮ ਅਤੇ ਭਾਈਚਾਰਾ, ਭਗਤਬਾਣੀ ਅਤੇ ਸਰਬਸਾਂਝੀਵਾਲਤਾ, ਗੁਰੂ ਗ੍ਰੰਥ ਸਾਹਿਬ ਰਾਸ਼ਟਰੀ ਏਕਤਾ ਦੇ ਮਾਡਲ ਵਜੋ, ਸ੍ਰੀ ਗੁਰੂ ਅਰਜਨ ਦੇਵ ਤੇ ਸਰਬਸਾਂਝੀਵਾਲਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਰ-ਸਭਿਆਚਾਰਕ ਮਹੱਤਵ ਆਦਿ ਵਿਸ਼ਿਆਂ ਤੇ ਚਿੰਤਨ ਕੀਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਮਾਨਵ ਅਤੇ ਸਮਾਜ ਦੇ ਅੰਤਰਗਤ ਰਵਿਦਾਸ ਅਤੇ ਨਾਮਦੇਵ ਬਾਣੀ ਦੇ ਸਮਾਜਕ ਅਤੇ ਵਿਵਹਾਰਿਕ ਪਰਿਪੇਖ ਨੂੰ ਪੇਸ਼ ਕੀਤਾ ਗਿਆ। ਗੁਰੂ ਗ੍ਰੰਥ ਸਾਹਿਬ ਦੇ ਸੰਕਲਪ ਦੇ ਅੰਤਰਗਤ ਹੁਕਮ, ਗੁਰਮੁਖਿ ਤੇ

ਮਨਮੁਖਿ, ਨਾਮ ਸਿਮਰਨ, ਗੁਰ ਸ਼ਬਦ ਤੇ ਮੁਕਤੀ, ਮੌਤ, ਮਾਇਆ, ਸਤਿ, ਬ੍ਰਹਮ ਗਿਆਨੀ ਆਦਿ ਵਿਸ਼ਿਆਂ ਦੇ ਸਿਧਾਂਤਕ ਪੱਖ ਨੂੰ ਉਸਾਰਿਆ ਗਿਆ ਹੈ। ਸਮੁੱਚੇ ਰੂਪ ਵਿਚ ਇਹ ਅੰਕ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਕ ਅਤੇ ਸ਼ਰਧਾਪੂਰਵਕ ਭਾਵਨਾ ਦਾ ਪ੍ਰਗਟਾ ਹੈ।

ਪ੍ਰੋ. ਕਿਰਪਾਲ ਸਿੰਘ ਨੇ 'ਗੁਰਮਤਿ ਸਭਿਆਚਾਰ' ਪੁਸਤਕ ਵਿਚ ਗੁਰਮਤਿ ਦੇ ਸੋਮਿਆਂ ਦੇ ਰੂਪ ਵਿਚ ਗੁਰੂ ਗ੍ਰੰਥ ਸਾਹਿਬ , ਗੁਰੂ ਅੰਗਦ ਦੇਵ ਜੀ, ਗੁਰੂ ਰਾਮਦਾਸ, ਗੁਰੂ ਤੇਗ ਬਹਾਦਰ ਦੇ ਜੀਵਨ ਅਤੇ ਬਾਣੀ ਵਿਲੱਖਣਤਾ ਨੂੰ ਪੇਸ਼ ਕੀਤਾ ਹੈ। ਇਸ ਪੁਸਤਕ ਵਿਚ  ਗੁਰੂ ਗ੍ਰੰਥ ਸਾਹਿਬ ਦੇ ਮੁੱਖ ਸੰਕਲਪ ਤੇ ਰੂਪ ਦੇ ਅਧੀਨ ਗੁਰਦੁਆਰਾ ਸਾਹਿਬ ਦਾ ਮਹੱਤਵ, ਅੰਮ੍ਰਿਤ ਦੀ ਦਾਤਿ, ਨਾਮ ਦੀ ਮਹਿਮਾ, ਗੁਰਮਤਿ ਤੇ ਕੁਦਰਤ, ਗੁਰਮਤਿ ਅਤੇ ਪਦਾਰਥਵਾਦ, ਗੁਰਮਤਿ ਅਤੇ ਆਨੰਦਕਾਰਜ, ਅਰਦਾਸ ਦਾ ਮਹੱਤਵ, ਗੁਰਸਿੱਖ  ਆਦਿ ਵਿਸ਼ਿਆਂ ਨੂੰ ਚਿੰਤਨ ਦਾ ਆਧਾਰ ਬਣਾਇਆ ਹੈ। ਸਿੱਖ ਇਤਿਹਾਸ ਨਾਲ ਸੰਬੰਧਿਤ ਘਟਨਾਵਾਂ ਨੂੰ ਪੇਸ਼ ਕੀਤਾ। ਇਸ ਪੁਸਤਕ ਵਿਚ ਧਰਮ ਅਤੇ ਰਾਜਨੀਤੀ, ਗ਼ਰੀਬੀ ਅਤੇ ਬੇਰੁਜ਼ਗਾਰੀ ਦੀ ਲਾਹਨਤ ਅਤੇ ਨਸ਼ੇ ਨਾਲ ਸੰਬੰਧਿਤ ਚੁਣੌਤੀਆਂ ਨੂੰ ਪੇਸ਼ ਕੀਤਾ। ਇਹ ਪੁਸਤਕ ਮਨੁੱਖ ਦੇ ਅਧਿਆਤਮਕ ਵਿਕਾਸ ਲਈ ਯਤਨਸ਼ੀਲ ਹੈ ਜੋ ਮੌਜੂਦਾ ਸਮੱਸਿਆਵਾਂ ਤੇ ਭਵਿੱਖੀ ਮੰਜ਼ਿਲਾਂ ਨੂੰ ਇਤਿਹਾਸਕ ਵਿਰਾਸਤ ਅਧੀਨ ਵੇਖਣ ਦੀ ਜਾਚ ਸਿਖਾਂਉਦੀ ਹੈ।

ਉਪਰੋਕਤ ਵਿਸਤ੍ਰਿਤ ਖੋਜ ਜਾਣਕਾਰੀ ਰਾਹੀਂ ਇਹ ਪੁਸ਼ਟੀ ਹੁੰਦੀ ਹੈ ਕਿ ਸਾਡੇ ਚੁਣੇ ਗਏ ਵਿਸ਼ੇ ਨਾਲ ਕੋਈ ਵੀ ਖੋਜ-ਪ੍ਰਬੰਧ ਜਾਂ ਨਿਬੰਧ ਪ੍ਰਤੱਖ ਰੂਪ ਵਿਚ ਮੇਲ ਨਹੀਂ ਖਾਂਦਾ।

## 1.3 ਖੋਜ ਵਿਸ਼ੇ ਦੀ ਸਾਰਥਿਕਤਾ ਅਤੇ ਵਿਲੱਖਣਤਾ:

ਉਪਰੋਕਤ ਅਧਿਐਨ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਬੇਸ਼ਕ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਲਗਭਗ ਹਰੇਕ ਪੱਖ ਬਾਰੇ ਚਿੰਤਨ ਦਾ ਕਾਰਜ ਕੀਤਾ ਮਿਲਦਾ ਹੈ ਪਰ ਫਿਰ ਵੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਮਾਨਵੀ ਆਦਰਸ਼ਾਂ ਦੀ ਵਿਸ਼ਵੀ ਪ੍ਰਾਸੰਗਿਕਤਾ' ਵਿਸ਼ੇ ਉੱਪਰ ਵਿਚਾਰਧਾਰਾਈ ਪਰਿਪੇਖ ਤੋਂ ਕੋਈ ਵੀ ਸੰਬੰਧਤ ਖੋਜ-ਕਾਰਜ ਸਾਹਮਣੇ ਨਹੀਂ ਆਇਆ। ਬਹੁਤ ਸਾਰਾ ਖੋਜ-ਕਾਰਜ ਸਿਧਾਂਤਕ, ਸ਼ਰਧਾਮੂਲਕ ਅਤੇ ਅਧਿਆਤਮਕ ਦ੍ਰਿਸ਼ਟੀ ਤੋਂ ਰਚਿਆ ਹੋਇਆ ਨਜ਼ਰ ਆਉਂਦਾ ਹੈ। ਸੁਚੇਤ ਪੱਧਰ ਤੇ ਮਾਨਵੀ ਆਦਾਰਸ਼ਾਂ ਨੂੰ ਅਧਾਰ ਬਣਾ ਕੇ ਖੋਜ-ਕਾਰਜ ਕਰਨ ਦਾ ਕੋਈ ਸੰਜੀਦਾ ਉਪਰਾਲਾ ਨਜ਼ਰ ਨਹੀਂ ਪੈਂਦਾ। ਇਹ ਸਾਰੇ ਕਾਰਜ ਕੁਲ ਮਿਲਾ ਕੇ ਮੇਰੇ ਹਥਲੇ ਖੋਜ-ਪ੍ਰਬੰਧ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਮਾਨਵੀ ਆਦਰਸ਼ਾਂ ਦੀ ਵਿਸ਼ਵੀ ਪ੍ਰਾਸੰਗਿਕਤਾ' ਦੇ ਪੱਖ ਦੀ ਪੂਰਤੀ ਨਹੀਂ ਕਰਦੇ। ਇਸੇ ਕਰਕੇ ਹੀ ਇਸ ਅਣਗੋਲੇ ਪੱਖ ਦਾ ਅਧਿਐਨ ਕਰਨਾ ਹੀ ਮੇਰਾ ਮੁੱਢਲਾ ਕਾਰਜ ਹੈ।

ਇਸ ਖੋਜ-ਕਾਰਜ ਲਈ ਪ੍ਰਸਤਾਵਿਤ ਸਿਰਲੇਖ ਦੀ ਉਚਿਤਤਾ ਅਤੇ ਵਿਲੱਖਣਤਾ ਇਸ ਲਈ ਵੀ ਹੈ ਕਿਉਂਕਿ ਹੁਣ ਤੱਕ 'ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਬਾਣੀ ਦੀ ਵਿਚਾਰਧਾਰਾ ਅਤੇ ਰੂਪ ਉੱਪਰ ਹੋਏ ਖੋਜ-ਕਾਰਜ, ਜਿਸਦਾ ਕਿ ਵੇਰਵਾ ਉੱਪਰਲੇ ਪੰਨਿਆਂ ਵਿੱਚ ਦਿੱਤਾ ਗਿਆ ਹੈ, ਦੇ ਮੱਦੇਨਜ਼ਰ ਇਸ ਨਿਰਧਾਰਤ ਖੋਜ-ਪ੍ਰਬੰਧ ਦਾ ਆਸ਼ਾ ਨਿਵੇਕਲਾ ਹੈ। ਹੁਣ ਤੱਕ ਹੋ ਚੁੱਕੇ ਕਾਰਜ ਵਿੱਚ ਹਰੇਕ ਖੋਜਾਰਥੀ ਨੇ ਆਮ ਤੌਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ  ਵਿਚ ਪੇਸ਼ ਕਿਸੇ ਸੰਕਲਪ, ਸਮਕਾਲੀਨ ਸਮਾਜਕ, ਆਰਥਿਕ, ਰਾਜਨੀਤਿਕ ਹਾਲਾਤਾਂ ਤੇ ਵਿਚਾਰਧਾਰਿਕ ਪਰਿਪੇਖ ਨੂੰ ਵਿਚਾਰਿਆ ਹੈ। ਇੱਕ ਗੁਰੂ

ਸਾਹਿਬ ਜਾਂ ਗੁਰੂ ਸਾਹਿਬਾਨ ਜਾਂ ਸਮੂਹ ਭਗਤਾਂ ਦੀ ਬਾਣੀ ਨੂੰ ਆਧਾਰ ਲੈ ਕੇ, ਜ਼ਿਆਦਾਤਰ ਇੱਕ ਜਾਂ ਦੋ ਪੱਖਾਂ ਦਾ ਵਿਵੇਚਨ ਕੀਤਾ ਹੈ। ਇਸ ਨਿਰਧਾਰਤ ਖੋਜ-ਪ੍ਰਬੰਧ ਦਾ ਸਿਰਲੇਖ ਇਸ ਕਰਕੇ ਧਿਆਨ ਦੀ ਮੰਗ ਕਰਦਾ ਹੈ ਕਿਉਂਕਿ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਬਾਣੀ ਵਿਚ ਪੇਸ਼ ਆਦਰਸ਼ਾਂ ਦੇ ਸਰੂਪ ਦਾ ਵਿਸ਼ਵੀ ਦ੍ਰਿਸ਼ਟੀਬਿੰਦੂ ਤੋਂ ਅਧਿਐਨ ਦੀ ਮੰਗ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਬਾਣੀ ਵਿਚ ਪੇਸ਼ ਆਦਰਸ਼ਾਂ ਦੇ ਵਿਭਿੰਨ ਪੱਖਾਂ ਦੀ ਸਮਕਾਲੀ ਅਤੇ ਵਰਤਮਾਨ ਸੰਦਰਭ ਵਿਚ ਪ੍ਰਾਸੰਗਕਿਤਾ, ਸਾਰਥਿਕਤਾ ਅਤੇ ਪ੍ਰਮਾਣਿਕਤਾ ਨੂੰ ਅਸੀਂ ਸਥਾਪਤ ਕਰਨ ਦਾ ਯਤਨ ਕੀਤਾ ਹੈ । ਇਸ ਖੋਜ-ਪ੍ਰਬੰਧ ਰਾਹੀਂ ਜਿੱਥੇ ਇਸ ਪ੍ਰਸ਼ਨ ਦਾ ਉੱਤਰ ਤਲਾਸ਼ਣ ਦਾ ਯਤਨ ਕੀਤਾ ਗਿਆ ਹੈ ਕਿ ਗੁਰਮਤਿ ਆਦਰਸ਼ਾਂ ਨੂੰ ਆਤਮਸਾਤ ਕੀਤਿਆਂ ਮਨੁੱਖਤਾ ਦਾ ਭਲਾ ਹੁੰਦਾ ਹੈ ਅਤੇ ਸਮੁੱਚੇ ਮਾਨਵ ਦੀ ਰਹਿਬਰੀ ਹੁੰਦੀ ਹੈ ਉੱਥੇ ਅਜੋਕੇ ਮਨੁੱਖ ਦੇ ਸਮਕਾਲੀ ਭੌਤਿਕ ਹਾਲਾਤਾਂ ਤੇ ਸਥਿਤੀਆਂ ਦਾ ਮੁਲਾਂਕਣ ਕਰਕੇ ਉਸਨੂੰ ਇਸ ਵਿਸ਼ਵ-ਗ੍ਰੰਥ ਰਾਹੀਂ ਦਿੱਤੇ ਗਏ ਗਿਆਨ ਨਾਲ ਜੋੜਨ ਦਾ ਉਪਰਾਲਾ ਕੀਤਾ ਗਿਆ ਹੈ। ਖੋਜ-ਕਾਰਜ ਦੇ ਉਕਤ ਪੱਖ ਅਸਲੋਂ ਨਿਵੇਕਲੇ ਹਨ ਜਿਨ੍ਹਾਂ ਨੂੰ ਅਸੀਂ ਆਪਣੇ ਅਧਿਐਨ ਕੇਂਦਰਿਤ ਕਰਕੇ ਕੁਝ ਸਾਰਥਕ ਧਾਰਨਾਵਾਂ ਨੂੰ ਉਜਾਗਰ ਕਰਨ ਦਾ ਪ੍ਰਯਾਸ ਕੀਤਾ ਹੈ।

ਇਸ ਖੋਜ-ਕਾਰਜ ਦਾ ਉਦੇਸ਼ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਬਾਣੀ ਦੇ ਬਹੁਮੁੱਲੇ ਮਾਨਵੀ ਆਦਰਸ਼ਾਂ ਦਾ ਅਧਿਐਨ ਕਰਦੇ ਹੋਏ ਉਨ੍ਹਾਂ ਦੀ ਵਿਸ਼ਵੀ ਪ੍ਰਾਸੰਗਿਕਤਾ ਨੂੰ ਸਥਾਪਤ ਕਰਨਾ ਹੈ। ਇਹ ਨਵੀਨ ਤੇ ਸਾਰਥਕ ਵਿਚਾਰਧਾਰਾ ਕਿਵੇਂ ਸਰਬਕਾਲੀ ਤੇ ਸਰਬਦੇਸ਼ੀ ਰੂਪ ਵਿਚ ਸਥਾਪਤ ਹੈ। ਇਸ ਖੋਜ ਉਦੇਸ਼ ਦੇ ਅੰਤਰਗਤ ਗੁਰਮਤਿ ਆਦਰਸ਼ਾਂ ਦੇ ਵਿਵਹਾਰਕ ਪ੍ਰਯੋਗ ਰਾਹੀਂ ਵਿਸ਼ਵੀ ਯੁੱਗ ਦੇ ਮਨੁੱਖੀ ਸਮਾਜ ਨੂੰ ਦਰਪੇਸ਼ ਵਿਭਿੰਨ ਮੁੱਦਿਆਂ, ਸਮੱਸਿਆਵਾਂ ਤੇ ਚੁਣੌਤੀਆਂ ਦੇ ਸਮਾਧਾਨ ਦੀਆਂ ਸੰਭਾਵਨਾਵਾਂ ਨੂੰ ਵੇਖਣ ਦਾ ਯਤਨ ਕੀਤਾ ਗਿਆ ਹੈ।

## ਅਧਿਆਇ-ਦੂਜਾ

# 2.0 ਸ੍ਰੀ ਗੁਰੂ ਗ੍ਰੰਥ ਸਾਹਿਬ: ਵਿਸ਼ਵ ਧਰਮ ਗ੍ਰੰਥਾਂ ਦੇ ਸੰਦਰਭ ਵਿਚ

2.1 ਹਿੰਦੂ ਧਰਮ ਗ੍ਰੰਥਾਂ ਦੇ ਸੰਦਰਭ

2.2 ਜੈਨ ਅਤੇ ਬੁੱਧ ਧਰਮ ਗ੍ਰੰਥਾਂ ਦੇ ਸੰਦਰਭ

2.3 ਯਹੂਦੀ ਅਤੇ ਇਸਾਈ ਧਰਮ ਗ੍ਰੰਥਾਂ ਦੇ ਸੰਦਰਭ

2.4 ਇਸਲਾਮ ਧਰਮ ਗ੍ਰੰਥਾਂ ਦੇ ਸੰਦਰਭ

2.5 ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਸ਼ਵ ਧਰਮ ਗ੍ਰੰਥਾਂ ਦੇ ਸੰਦਰਭ ਵਿਚ ਵਿਲੱਖਣਤਾ

### ਅਧਿਆਇ-ਦੂਜਾ

## 2.0 ਸ੍ਰੀ ਗੁਰੂ ਗ੍ਰੰਥ ਸਾਹਿਬ: ਵਿਸ਼ਵ ਧਰਮ ਗ੍ਰੰਥਾਂ ਦੇ ਸੰਦਰਭ ਵਿਚ

ਮਨੁੱਖੀ ਜੀਵਨ ਵਿਚ ਧਰਮ ਦਾ ਬਹੁਤ ਮਹੱਤਵਪੂਰਨ ਸਥਾਨ ਸਥਾਪਤ ਹੈ। ਮਨੁੱਖੀ ਜ਼ਿੰਦਗੀ ਨੂੰ ਧਰਮ ਨੇ ਸਭ ਤੋਂ ਜਿਆਦਾ ਪ੍ਰਭਾਵਿਤ ਕੀਤਾ ਹੈ। ਧਰਮ, ਮਨੁੱਖ ਦੇ ਅਨੁਭਵ, ਗਿਆਨ ਅਤੇ ਵਿਹਾਰ ਨਾਲ ਜੁੜੀ ਇਕ ਵਿਸ਼ਵ-ਵਿਆਪੀ ਸ਼ਕਤੀ ਦੇ ਰੂਪ ਵੱਜੋਂ ਸਥਾਪਿਤ ਹੋਇਆ ਹੈ। ਜਨਮ ਤੋਂ ਮੌਤ ਤੱਕ ਉਸ ਦਾ ਸਮੁੱਚਾ ਮਾਨਵੀ ਜੀਵਨ ਧਰਮ-ਨਿਰਧਾਰਿਤ ਹੈ। ਧਰਮ ਜਿੱਥੇ ਮਨੁੱਖ ਦੀ ਚੇਤਨਾ ਅਤੇ ਅਵਚੇਤਨਾ ਨਾਲ ਜੁੜਿਆ ਇਕ ਮਾਨਸਿਕ ਪ੍ਰਗਟਾਅ ਹੈ ਜੋ ਇਕ ਅਲੌਕਿਕ, ਸਰਬ-ਸ਼ਕਤੀਸ਼ਾਲੀ ਸੱਤਾ ਦੀ ਸਰਬ ਵਿਆਪਕ ਹੋਂਦ ਪ੍ਰਤੀ ਨਿਸ਼ਚੇ ਅਤੇ ਅਨੁਭਵਤਾ ਦਾ ਪ੍ਰਗਟਾਅ ਕਰਦਾ ਹੈ ਉੱਥੇ ਧਰਮ ਦਾ ਇਕ ਅਰਥ ਧਾਰਮਿਕ ਆਦੇਸ਼ਾਂ ਜਾਂ ਵਿਵਹਾਰ ਦੇ ਨਿਯਮਾਂ ਨੂੰ ਧਾਰਨ ਕਰਨਾ ਅਤੇ ਉਨ੍ਹਾਂ ਅਨੁਸਾਰ ਆਪਣਾ ਜੀਵਨ ਬਤੀਤ ਕਰਨਾ ਵੀ ਹੈ। 'ਮਹਾਂਭਾਰਤ ਵਿਚ ਆਏ ਇਕ ਕਥਨ 'ਧਾਰਨ ਧਰਮ ਇਤਿਆਹੁ' ਦਾ ਅਰਥ ਹੈ ਕਿ ਮਨੁੱਖ ਜੋ ਨੈਤਿਕ ਨਿਯਮ ਜਾਂ ਸਦਾਚਾਰ ਧਾਰਨ ਕਰਦਾ ਹੈ, ਉਹ ਹੀ ਧਰਮ ਹੈ। ਮੈਥਿਊ ਆਰਨਲਡ ਅਨੁਸਾਰ ਧਰਮ ਭਾਵਨਾਵਾਂ ਭਰਪੂਰ ਨੈਤਿਕਤਾ ਹੀ ਹੈ। ਇਸੇ ਵਿਚਾਰ ਦੀ ਪ੍ਰੋੜਤਾ ਕਰਦੇ ਹੋਏ ਬਰੈਡਲੇ ਸਪਸ਼ਟ ਕਰਦਾ ਹੈ ਕਿ ਨੈਤਿਕਤਾ ਆਪਣੇ ਤੋਂ ਪਰੇ ਇਕ ਉੱਚ ਕੋਟੀ ਦੀ ਨੇਕੀ ਜਾਂ ਚੰਗਿਆਈ ਵਿਚ ਪਹੁੰਚਦੀ ਹੈ; ਇਸੇ ਚੰਗਿਆਈ ਨੂੰ ਧਰਮ ਕਹਿੰਦੇ ਹਨ। ਧਰਮ ਬਹੁਤ ਸਾਰੀਆਂ ਕਦਰਾਂ-ਕੀਮਤਾਂ ਨਾਲ ਜੁੜਿਆ ਹੈ। ਹਾਫਡਿੰਗ ਇਸ ਦ੍ਰਿਸ਼ਟੀਕੋਣ ਨੂੰ ਪ੍ਰਗਟਾਉਂਦਾ ਕਹਿੰਦਾ ਹੈ ਕਿ ਧਰਮ ਕਦਰਾਂ ਕੀਮਤਾਂ ਦੇ ਪ੍ਰਤਿਪਾਲਣ ਵਿਚ ਵਿਸ਼ਵਾਸ ਹੈ। ਇਸ ਤਰ੍ਹਾਂ ਧਰਮ ਮਨੁੱਖ ਨੂੰ ਨਿਸ਼ਚਿਤ ਵਿਵਹਾਰ ਜਾਂ ਆਦੇਸ਼ ਜਾਂ ਕਦਰਾਂ-ਕੀਮਤਾਂ ਪ੍ਰਦਾਨ ਕਰਦਾ ਹੈ ਜਿਸ ਨਾਲ ਉਹ ਜੀਵਨ ਵਿਚ ਉੱਚਤਮ ਸੀਮਾ ਤੱਕ ਵਿਕਾਸ ਕਰਦਾ ਹੈ।'[1] ਅਸਲ ਵਿਚ ਧਰਮ ਨੈਤਿਕਤਾ ਤੇ ਅਤੇ ਨੈਤਿਕਤਾ ਧਰਮ 'ਤੇ ਆਧਾਰਿਤ ਹੁੰਦੀ ਹੈ ਪਰ ਇਸ ਤੱਥ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਧਰਮ ਅਤੇ ਨੈਤਿਕਤਾ ਪਰਸਪਰ ਇਕ ਦੂਜੇ 'ਤੇ ਨਿਰਭਰ ਹਨ ਅਤੇ ਇਕ ਦੂਜੇ ਦੀ ਹੋਂਦ ਨੂੰ ਨਿਰਧਾਰਿਤ ਤੇ ਪ੍ਰਭਾਵਿਤ ਕਰਦੇ ਹਨ। ਮਨੁੱਖੀ ਜੀਵਨ ਨੂੰ ਉੱਚਤਮ ਅਤੇ ਸੰਪੂਰਣ ਬਨਾਉਣ ਵਿਚ ਧਰਮ ਦਾ ਮਹੱਤਵਪੂਰਨ ਯੋਗਦਾਨ ਹੁੰਦਾ ਹੈ। ਅਜੋਕੀ ਦੁਨੀਆਂ ਵਿਚ ਕੋਈ ਮਨੁੱਖ, ਫ਼ਿਰਕਾ ਜਾਂ ਸੰਪਰਦਾਇ ਦੂਜਿਆਂ ਤੋਂ ਵੱਖ ਹੋ ਕੇ ਨਹੀਂ ਰਹਿ ਸਕਦੇ। ਵਿਭਿੰਨ ਧਰਮਾਂ ਦੇ ਸਮੁਦਾਇ ਜਾਂ ਲੋਕਾਂ ਦਾ ਪਰਸਪਰ ਮਿੱਲ ਕੇ ਰਹਿਣਾ ਅਜੋਕੇ ਵਿਸ਼ਵੀ ਪਿੰਡ ਦੀ ਮਹੱਤਵਪੂਰਨ ਲੋੜ ਬਣ ਚੁੱਕੀ ਹੈ। ਵਿਸ਼ਵੀ ਪਿੰਡ ਵਿਚ ਸ਼ਾਂਤੀ ਨਾਲ ਰਹਿਣ ਲਈ ਆਪਣੀ ਕੌਮ, ਨਸਲ, ਰੰਗ, ਰਸਮ ਰਿਵਾਜ ਤੇ ਧਰਮ ਦੇ ਵਿਤਕਰਿਆਂ ਤੋਂ ਉੱਪਰ ਉੱਠ ਕੇ ਪਰਸਪਰ ਪਿਆਰ ਤੇ ਸ਼ਾਂਤੀ ਨਾਲ ਜਿਊਣਾ ਜ਼ਰੂਰੀ ਹੋ ਚੁੱਕਾ ਹੈ ਕਿਉਂਕਿ ਵਰਤਮਾਨ ਵਿਸ਼ਵੀ-ਸਭਿਅਤਾ ਆਪਸੀ ਟਕਰਾਉ ਤੇ ਤਣਾਵ ਨਾਲ ਬਰਬਾਦ ਹੋ ਸਕਦੀ ਹੈ। ਸਾਰੇ ਧਰਮ ਮਨੁੱਖੀ ਜੀਵਨ ਨੂੰ ਚੰਗੇਰਾ ਬਣਾਉਣਾ ਲੋਚਦੇ ਹਨ। ਸਮਾਜ ਵਿਚ ਇਕਸੁਰਤਾ ਤੇ ਇਕਸਾਰਤਾ ਦਾ ਪਾਸਾਰ ਕਰਨਾ ਚਾਹੁੰਦੇ ਹਨ। ਧਰਮ ਦਾ ਮੂਲ ਉਦੇਸ਼ ਪਿਆਰ, ਦਇਆ, ਸਦਭਾਵਨਾ, ਮਿੱਤਰਤਾ, ਹਮਦਰਦੀ, ਪਰਉਪਕਾਰ, ਸੇਵਾ, ਨਿਆਂ ਦੀ ਸਥਾਪਤੀ ਕਰਨਾ ਹੈ। ਡਾ. ਐਲ. ਐਮ. ਜੋਸ਼ੀ ਅਤੇ ਡਾ. ਜੋਧ ਸਿੰਘ ਦੀ ਸੰਪਾਦਿਤ ਪੁਸਤਕ 'ਵਿਸ਼ਵ ਧਰਮ ਸੰਗ੍ਰਹਿ' ਦੀ ਭੂਮਿਕਾ ਵਿਚ ਭਲੀਭਾਂਤ ਸਪੱਸ਼ਟ ਕੀਤਾ ਗਿਆ ਹੈ ਕਿ 'ਜੇ ਧਰਮ ਦਾ ਮਤਲਬ ਨਿਸ਼ਚਾ ਜਾਂ ਅਕੀਦਾ ਹੈ ਤਾਂ ਸਾਨੂੰ ਇਹ

ਮੰਨਣਾ ਹੀ ਪਏਗਾ ਕਿ ਮਨੁੱਖੀ ਜੀਵਨ ਦੀ ਮੁੱਖ ਲੋੜ ਹੀ ਆਸ ਤੇ ਅਕੀਦਾ ਹੈ। ਧਰਮਗੱਤਾ ਦਾ ਮੁੱਖ ਆਧਾਰ ਹੀ ਨਿਸ਼ਚਾ ਹੈ ਤੇ ਨਿਸ਼ਚਾ ਉਹ ਮਨੁੱਖੀ ਗੁਣ ਹੈ ਜਿਹੜਾ ਮਨੁੱਖੀ ਜੀਵਨ ਨੂੰ ਠੀਕ ਦਿਸ਼ਾ ਦਿੰਦਾ ਹੈ। ਨਿਸ਼ਚਾ ਮਨੁੱਖ ਦੇ ਆਚਾਰ ਤੇ ਵਿਚਾਰ ਦਾ ਧੁਰਾ ਬਣਦਾ ਹੈ। ਨਿਸ਼ਚਾ ਹੀ ਮਨੁੱਖ ਦੀਆਂ ਆਸਾਂ, ਉਮੀਦਾਂ, ਵਿਚਾਰਾਂ, ਅਸੂਲਾਂ ਤੇ ਕਰਮਾਂ ਨੂੰ ਪ੍ਰੇਰਦਾ ਹੈ। ਜੀਵਨ ਦੇ ਸਮਾਜਕ, ਆਰਥਿਕ, ਸਿਆਸੀ ਤੇ ਕਲਾਤਮਿਕ ਪੱਖ ਸਾਰੇ ਹੀ ਧਾਰਮਿਕ ਨਿਸ਼ਚੇ ਤੋਂ ਪ੍ਰਭਾਵਿਤ ਹੁੰਦੇ ਹਨ।'[2]

ਅਜੋਕੇ ਵਿਸ਼ਵੀ ਪ੍ਰਸੰਗ ਵਿਚ ਸਦੀਆਂ ਤੋਂ ਚੱਲਿਆ ਆ ਰਿਹਾ ਕੀਮਤ-ਪ੍ਰਬੰਧ ਕਈ ਪ੍ਰਕਾਰ ਦੇ ਆਰਥਿਕ, ਸਮਾਜਕ, ਸਿਆਸੀ ਪਰਿਵਰਤਨਾਂ ਨਾਲ ਖੇਰੂੰ-ਖੇਰੂੰ ਹੋ ਰਿਹਾ ਹੈ; ਮਨੁੱਖ ਦਾ ਜੀਵਨ ਪ੍ਰਵਾਹ ਤੇ ਵਿਚਾਰ-ਪ੍ਰਸੰਗ ਪਤਨਸ਼ੀਲ ਹੋ ਗਿਆ ਹੈ। ਅਜਿਹੇ ਸਮੇਂ ਵਿਚ ਮਨੁੱਖਤਾ ਨੂੰ ਪ੍ਰਫੁਲਤ ਕਰਨ ਲਈ ਧਰਮ ਦੀ ਸਾਰਥਿਕਤਾ ਤੇ ਪ੍ਰਾਸੰਗਿਕਤਾ ਬਾਰੇ ਚਰਚਾ ਕਰਨੀ ਅਤਿ ਆਵਸ਼ਕ ਹੈ। ਧਰਮ ਦਾ ਇਤਿਹਾਸ ਮਨੱਖ ਦੇ ਇਤਿਹਾਸ ਜਿੰਨਾ ਹੀ ਪੁਰਾਣਾ ਹੈ।ਇਸ ਦਾ ਮੁੱਖ ਸ੍ਰੋਤ ਧਰਮ-ਗ੍ਰੰਥ ਹੈ ਜੋ ਆਪਣੇ ਆਪਣੇ ਧਰਮ ਦੀ ਪ੍ਰਤਿਨਿਧਤਾ ਕਰਦਾ ਹੈ। ਖੋਜ ਕਾਰਜ ਦੇ ਇਸ ਅਧਿਆਇ ਵਿਚ ਅਸੀਂ ਗਿਆਨ ਅਤੇ ਵਿਸ਼ਵ ਤਕਨਾਲੋਜੀ ਨਾਲ ਵਿਕਸਿਤ ਹੋਏ ਅਜੋਕੇ ਵਿਗਿਆਨਕ ਸਮੇਂ ਵਿਚ ਵਿਸ਼ਵ ਦੇ ਵਿਭਿੰਨ ਧਰਮਾਂ ਅਤੇ ਉਨ੍ਹਾਂ ਦੇ ਗ੍ਰੰਥਾਂ ਦੀ ਗਿਆਨ ਮੂਲਕ ਵਿਲੱਖਣਤਾ ਅਤੇ ਅਦੁੱਤੀਪਨ ਦਾ ਅਧਿਐਨ ਕਰਨ ਦਾ ਯਤਨ ਕਰਾਂਗੇ। ਇਸ ਖੋਜ-ਕਾਰਜ ਦਾ ਟੀਚਾ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਮਾਨਵੀ ਆਦਰਸ਼ਾਂ ਦੀ ਵਿਸ਼ਵੀ ਪ੍ਰਾਸੰਗਿਕਤਾ ਦਾ ਵਿਸ਼ਲੇਸ਼ਣ ਕਰਨਾ ਹੈ। ਇਸ ਲਈ ਇਹ ਅਧਿਆਇ 'ਸ੍ਰੀ ਗੁਰੂ ਗ੍ਰੰਥ ਸਾਹਿਬ: ਵਿਸ਼ਵ ਧਰਮ ਗ੍ਰੰਥਾਂ ਦੇ ਸੰਦਰਭ ਵਿਚ' ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦੀ ਵਿਲੱਖਣਤਾ ਦੇ ਬਹੁਪੱਖੀ ਪਹਿਲੂਆਂ ਨੂੰ ਖੋਜਣ ਉੱਤੇ ਕੇਂਦਰਿਤ ਹੋਵੇਗਾ ਕਿ ਇਹ ਗ੍ਰੰਥ ਹੋਰ ਮਹੱਤਵਪੂਰਨ ਧਰਮ ਗ੍ਰੰਥਾਂ ਦੇ ਸੰਦਰਭ ਵਿਚ ਕੀ ਮਹੱਤਵ ਰੱਖਦਾ ਹੈ। ਇਸ ਲਈ ਇਸ ਅਧਿਆਇ ਵਿਚ ਹਿੰਦੂ ਧਰਮ, ਬੁੱਧ ਧਰਮ, ਜੈਨ ਧਰਮ, ਇਸਲਾਮ ਧਰਮ, ਇਸਾਈ ਧਰਮ, ਯਹੂਦੀ ਧਰਮ ਅਤੇ ਸੰਬੰਧਿਤ ਧਰਮ-ਗ੍ਰੰਥਾਂ ਦਾ ਅਧਿਐਨ ਕੀਤਾ ਜਾਵੇਗਾ। ਖੋਜ-ਕਾਰਜ ਦੇ ਇਸ ਅਧਿਆਇ ਦਾ ਯਤਨ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਦਾ ਵਿਵੇਕਪੂਰਣ, ਤਰਕਸ਼ੀਲ, ਵਿਗਿਆਨਕ, ਗਿਆਨਮਈ ਅਤੇ ਅੰਤਰ-ਸੰਬੰਧਿਤ ਬਿਰਤਾਂਤ ਉਸਾਰਨਾ ਹੈ ਤਾਂ ਜੋ ਵਿਸ਼ਵ ਧਰਮ ਗ੍ਰੰਥਾਂ ਦੇ ਪਰਿਪੇਖ ਵਿਚ ਇਸਦੀ ਸਾਰਥਿਕਤਾ ਤੇ ਵਿਲੱਖਣਤਾ ਉਜਾਗਰ ਹੋ ਸਕੇ ਅਤੇ ਇਸਨੂੰ ਅਜੋਕੇ ਵਿਸ਼ਵੀ-ਸਰੋਕਾਰਾਂ ਨਾਲ ਜੋੜਿਆ ਜਾ ਸਕੇ।

## 2.1 ਹਿੰਦੂ ਧਰਮ ਗ੍ਰੰਥਾਂ ਦੇ ਸੰਦਰਭ:

ਹਿੰਦੂ ਧਰਮ ਜਾਂ ਬ੍ਰਾਹਮਣ ਧਰਮ ਵਿਸ਼ਵ ਦੇ ਪ੍ਰਾਚੀਨ ਧਰਮਾਂ ਦੀ ਸ਼੍ਰੇਣੀ ਵਿਚੋਂ ਪ੍ਰਮੁੱਖ ਹੈ; ਜਿਸ ਦੀਆਂ ਜੜ੍ਹਾਂ ਹੜੱਪਾ ਸੰਸਕ੍ਰਿਤੀ ਤੱਕ ਜਾ ਜੁੜਦੀਆਂ ਹਨ। ਅਸਲ ਵਿਚ ਹਿੰਦੂ ਧਰਮ ਕਿਸੇ ਇਕ ਵਿਅਕਤੀ, ਕਿਸੇ ਇਕ ਗ੍ਰੰਥ, ਕਿਸੇ ਇਕ ਫ਼ਿਰਕੇ, ਮੱਤ ਜਾਂ ਨਿਸਚਿਤ ਨੇਮਾਂ ਦੇ ਸੰਗ੍ਰਹਿ ਨਾਲ ਸੰਬੰਧਿਤ ਨਹੀਂ ਬਲਕਿ ਇਕ ਧਰਮ-ਭੰਡਾਰ ਜਾਂ ਧਰਮ ਸੰਗ੍ਰਹਿ ਨਾਲ ਜੁੜਿਆ ਖੁੱਲ੍ਹਾ ਪੱਦ ਹੈ ਜਿਸ ਵਿਚ ਵਿਭਿੰਨ ਮਤ-ਮਤਾਦਰਾਂ ਦੀਆਂ ਵਿਚਾਰਧਾਰਾਵਾਂ ਤੇ ਰਹੁ-ਰੀਤਾਂ ਦਾ ਵਿਸਥਾਰ ਹੈ। ਡਾ. ਰਾਧਾ ਕ੍ਰਿਸ਼ਨਨ ਆਪਣੀ ਪੁਸਤਕ ਵਿਚ ਲਿਖਦੇ ਹਨ ਕਿ ਹਿੰਦੂ ਮੱਤ ਤਾਂ ਭਾਂਤ ਭਾਂਤ ਦੀਆਂ ਫ਼ਿਲਾਸਫ਼ੀਆਂ, ਭਿੰਨ ਭਿੰਨ ਧਰਮਾਂ, ਪੁਰਾਣਾਂ ਤੇ ਕਈ ਤਰਾਂ ਦੇ ਜਾਦੂ ਟੂਣਿਆਂ ਦੇ ਅਰਥ ਦੇਣ ਲੱਗ ਗਿਆ ਹੈ। ਹਿੰਦੂ ਸ਼ਬਦ ਦੇ ਜਦੋਂ ਅਸੀਂ ਪਿਛੋਕੜ

ਦਾ ਅਧਿਐਨ ਕਰਦੇ ਹਾਂ ਤਾਂ ਕਈ ਗੁੰਝਲਾਂ ਜਾਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਂਕਿ ਕਿਸੇ ਇਕ ਨਤੀਜੇ ਜਾਂ ਇਕ ਪਰਿਭਾਸ਼ਾ ਵਿਚ ਇਸ ਨੂੰ ਸੀਮਿਤ ਨਹੀਂ ਕੀਤਾ ਜਾ ਸਕਦਾ। 'ਹਿੰਦੂ' ਸ਼ਬਦ 'ਸਿੰਧੂ' ਸ਼ਬਦ ਦਾ ਵਿਗੜਿਆ ਰੂਪ ਹੈ। ਸਿੰਧ ਦਰਿਆ ਤੇ ਇਸ ਦੇ ਆਲੇ-ਦੁਆਲੇ ਦੇ ਇਲਾਕੇ ਨੂੰ ਪੁਰਾਤਨ ਇਰਾਨੀ ਹਿੰਦ ਜਾਂ ਹਿੰਦੂ ਕਹਿੰਦੇ ਸਨ। ਬਾਅਦ ਵਿਚ ਅਰਬੀਆਂ ਤੇ ਤੁਰਕਾਂ ਨੇ ਭਾਰਤ ਨੂੰ 'ਹਿੰਦੂ' ਦਾ ਨਾਂ ਦੇ ਦਿੱਤਾ ਜੋ 'ਹਿੰਦੋਸਤਾਨ' ਵਿਚ ਤਬਦੀਲ ਹੋ ਗਿਆ।'[3] ਸੋ ਇਸ ਤਰ੍ਹਾਂ ਹਿੰਦੂ ਕਿਸੇ ਮਨੁੱਖ ਜਾਂ ਦੇਵਤੇ ਜਾਂ ਧਰਮ ਦੇ ਬਾਨੀ ਦਾ ਪ੍ਰਤੀਕ ਨਹੀਂ ਸਗੋਂ ਭਾਰਤ ਵਿਚ ਰਹਿਣ ਵਾਲੇ ਲੋਕਾਂ ਦੇ ਧਰਮ ਨਾਲ ਜੁੜਿਆ ਹੈ; ਉਹ ਧਰਮ ਜੋ ਵੇਦਾਂ, ਪੁਰਾਣਾਂ, ਉਪਨਿਸ਼ਦਾਂ, ਮਹਾਂਭਾਰਤ ਤੇ ਗੀਤਾ ਦੇ ਗ੍ਰੰਥਾਂ ਵਿਚਲੇ ਦਰਸ਼ਨ ਅਨੁਸਾਰ ਆਪਣੀਆਂ ਧਾਰਮਿਕ ਕਿਰਿਆਵਾਂ ਸੰਪੂਰਨ ਕਰਦਾ ਹੈ। ਕਿਉਂਕਿ ਭਾਰਤ ਵਿਚ ਹੋਰ ਵੀ ਬਹੁਤ ਧਰਮਾਂ ਦੇ ਲੋਕਾਂ ਦੀ ਬਹੁਤਾਤ ਹੈ ਇਸ ਲਈ ਇਸ ਧਰਮ ਨੂੰ ਹਿੰਦੂ ਧਰਮ ਦੇ ਨਾਲ ਨਾਲ ਬ੍ਰਾਹਮਣ ਧਰਮ ਵੀ ਕਿਹਾ ਜਾਂਦਾ ਹੈ। ਬ੍ਰਾਹਮਣੀ ਮਤ ਨੂੰ ਮੁਸਲਮਾਨਾਂ ਨਾਲੋਂ ਨਿਖੇੜ ਕੇ ਦੱਸਣ ਲਈ ਹਿੰਦੂ ਸ਼ਬਦ ਦੀ ਵਰਤੋਂ ਮੱਧਕਾਲ ਵਿਚ ਆਰੰਭ ਹੋਈ ਜਾਪਦੀ ਹੈ। ਸਮੇਂ ਦੇ ਨਾਲ ਇਸਲਾਮ ਅਤੇ ਹਿੰਦੂ ਧਰਮ ਵਿਚ ਵੱਧ ਰਹੇ ਤਣਾਵ ਤੇ ਵਾਦ-ਵਿਵਾਦ ਨਾਲ ਲੋਕਾਂ ਨੇ ਹਿੰਦੂ ਸ਼ਬਦ ਨੂੰ ਸੰਪਰਦਾਇਕ ਜਾਂ ਫਿਰਕੂ ਅਰਥਾਂ ਵਿਚ ਸਵੀਕਾਰ ਕਰਦੇ ਹੋਏ ਸਥਾਪਿਤ ਕਰ ਲਿਆ। ਭਾਰਤ ਵਿਚ ਆਰੀਆ ਸਮਾਜੀ ਲੋਕਾਂ ਦੀ ਪਰੰਪਰਾ ਇਸ ਸ਼ਬਦ ਨੂੰ ਘ੍ਰਿਣਤ ਸ਼ਬਦ ਮੰਨਦੇ ਹਨ ਅਤੇ ਉਹ ਇਸ ਦੀ ਜਗ੍ਹਾ ਤੇ ਆਰੀਆ ਪਦ ਵਰਤਣ ਤੇ ਜ਼ੋਰ ਦਿੰਦੇ ਹਨ। ਪ੍ਰਸਿੱਧ ਭਾਰਤੀ ਫ਼ਿਲਾਸਫ਼ਰ ਡਾ. ਰਾਧਾ ਕ੍ਰਿਸ਼ਨਨ 'ਹਿੰਦੂ' ਸ਼ਬਦ ਬਾਰੇ ਲਿੱਖਦੇ ਹਨ:

" ਕਈਆਂ ਨੂੰ ਤਾਂ ਇਹ ਹਿੰਦੂ ਪਦ ਅਜਿਹੀ ਸ਼ੈਅ ਦਾ ਨਾਂ ਨਾਉਂ ਜਾਪਦਾ ਹੈ, ਜਿਸ ਧਰਮ ਦੀ ਹੋਂਦ ਹੀ ਨਹੀਂ ਹੈ। ਇਕ ਅਭਾਵ (ਅਰਥ-ਹੀਣ) ਵਸਤੂ ਦਾ ਨਾਂ ਹੈ।-----ਇਸ ਪਦ ਦੇ ਅਰਥ ਸਮੇਂ ਸਮੇਂ, ਵੱਖੋ ਵੱਖ ਜਾਤੀਆਂ ਤੇ ਸੁਭਾਵਾਂ ਦੇ ਮੁਤਾਬਿਕ ਬਦਲਦੇ ਆਏ ਹਨ। ਕਦੇ ਇਸ ਪਦ ਦਾ ਅਰਥ ਕੁੱਝ ਤੇ ਕਦੇ ਕੁਝ। ਵੇਦਾਂ ਦੇ ਸਮੇਂ ਇਸ ਪਦ ਦੇ ਅਰਥ ਹੋਰ ਸਨ, ਬ੍ਰਾਹਮਣ ਗ੍ਰੰਥਾਂ ਵਿਚ ਹੋਰ ਤੇ ਬੁੱਧ ਧਰਮ ਵੇਲੇ ਹੋਰ। ਹੁਣ ਭੀ ਹਿੰਦੂ ਪੱਦ ਦੇ ਅਰਥ ਇਕ ਵੈਸ਼ਨੋ ਨੂੰ ਪੁਛੋ ਤਾਂ ਕੁਝ ਹੋਰ ਦੱਸੇਗਾ, ਸ਼ਿਵ ਜੀ ਦਾ ਉਪਾਸ਼ਕ ਕੁਝ ਹੋਰ ਤੇ ਸ਼ਕਤੀ ਮਾਈ ਨੂੰ ਪੂਜਣ ਵਾਲਾ ਕੁੱਝ ਹੋਰ ਅਰਥ ਕਰੇਗਾ।"[4]

ਹਿੰਦੂ ਧਰਮ ਦੀ ਕਿਸੇ ਨਿਸਚਿਤ ਪਰਿਭਾਸ਼ਾ ਦੀ ਅਣਹੋਂਦ ਵਿਚ ਅੱਜ ਵੇਦ-ਸ਼ਾਸਤਰਾਂ, ਪੁਰਾਣਾਂ, ਉਪਨਿਸ਼ਦਾਂ ਅਤੇ ਸਿਮਰੱਥ ੀਆਂ ਦੇ ਵਿਚਾਰਾਂ ਉੱਤੇ ਆਧਾਰਿਤ ਮੱਤ ਮਤਾਂਦਰਾਂ ਦੇ ਸਮੂਹ ਨੂੰ ਹੀ ਹਿੰਦੂ ਧਰਮ ਕਿਹਾ ਜਾਂਦਾ ਹੈ। ਹਿੰਦੂ ਧਰਮ ਦਾ ਨਿਕਾਸ ਵੇਦਾਂ ਤੋਂ ਮੰਨਿਆ ਜਾਂਦਾ ਹੈ ਜੋ 1500 ਈ. ਪੂਰਵ ਤੋਂ 600 ਈ. ਪੂਰਵ ਦੇ ਸਮੇਂ ਵਿਚ ਰਚੇ ਗਏ। ਇਸ ਤਰਾਂ ਹਿੰਦੂ ਧਰਮ ਦਾ ਇਤਿਹਾਸ 3500 ਸਾਲਾਂ ਤੋਂ ਮੰਨਿਆ ਜਾ ਸਕਦਾ ਹੈ। ਹਿੰਦੂ ਧਰਮ ਦੇ ਵਿਕਾਸ ਨੂੰ ਪੰਜ ਪੜਾਵਾਂ ਰਾਹੀਂ ਸਪਸ਼ਟ ਕੀਤਾ ਜਾ ਸਕਦਾ ਹੈ।

ਸ਼ਰੁਤੀ ਕਾਲ:ਇਹ ਕਾਲ ਹਿੰਦੂ ਧਰਮ ਵਿਚ ਵੇਦਾਂ ਦੇ ਰਚਣ ਦਾ ਕਾਲ ਹੈ। ਇਸ ਕਾਲ ਦਾ ਸਮਾਂ 1500 ਈ. ਪੂਰਵ ਤੋਂ 600 ਈ. ਪੂਰਵ ਮੰਨਿਆ ਜਾਂਦਾ ਹੈ। ਇਸ ਸਮੇਂ ਦੌਰਾਨ ਆਰੀਆ ਲੋਕਾਂ ਦਾ ਪੰਜਾਬ ਵਿਚ ਪ੍ਰਵੇਸ਼ ਹੋ ਚੁੱਕਾ ਸੀ ਅਤੇ ਉਹ ਭਾਰਤ ਵਿਚ ਆਪਣੀ ਸੰਸਕ੍ਰਿਤੀ ਤੇ ਸਭਿਅਤਾ ਨੂੰ ਵਿਕਸਿਤ ਕਰ ਚੁੱਕੇ ਸਨ।

ਸਿਮ੍ਰਿਤੀ ਕਾਲ: ਇਸ ਕਾਲ ਦਾ ਸਮਾਂ 600 ਈ. ਪੂਰਵ ਤੋਂ 500 ਈ. ਪੂਰਵ ਦਾ ਮੰਨਿਆ ਜਾਂਦਾ ਹੈ। ਇਸੇ ਹੀ ਸਮੇਂ ਭਾਰਤੀ ਵਿਰਸੇ ਦੀਆਂ ਮਹਾਨ ਰਚਨਾਵਾਂ 'ਰਾਮਾਇਣ' ਅਤੇ 'ਮਹਾਂਭਾਰਤ' ਦੀ ਰਚਨਾ ਹੋਈ। ਇਸ ਕਾਲ ਵਿਚ

ਰਚੀਆਂ ਹੋਰ ਰਚਨਾਵਾਂ ਦੇ ਸਮੂਹ ਨੂੰ ਵੇਦਾਂਤ ਕਿਹਾ ਜਾਂਦਾ ਹੈ ਜੋ ਜੋਤਸ਼, ਕਰਮ-ਕਾਂਡ, ਧੁਨੀ ਵਿਗਿਆਨ, ਸ਼ਬਦ-ਵਿਗਿਆਨ ਵਿਆਕਰਨ ਤੇ ਜੀਵ ਦੇ ਸਮਾਜਿਕ ਆਚਾਰ ਤੇ ਜਿੰਮੇਵਾਰੀਆਂ ਨੂੰ ਨਿਰਧਾਰਿਤ ਕਰਦੀਆਂ ਹਨ। ਮੰਨੂ ਦਾ ਧਰਮ ਸ਼ਾਸਤਰ ਧਾਰਮਿਕ-ਸਾਮਾਜਿਕਤਾ ਦਰਸ਼ਨ ਦੀ ਮੁੱਖ ਉਦਾਹਰਨ ਹੈ।

ਦਰਸ਼ਨ ਕਾਲ: ਹਿੰਦੂ ਧਰਮ ਦੇ ਇਸ ਪੜਾਅ ਦਾ ਸਮਾਂ 200 ਈ. ਤੋਂ 1200 ਈ. ਤੱਕ ਦਾ ਮੰਨਿਆ ਗਿਆ ਹੈ। ਇਸ ਕਾਲ ਵਿਚ ਹਿੰਦੂ ਧਰਮ ਵਿਚ ਉਤਪੰਨ ਹੋਏ ਖੱਟ ਸ਼ਾਸਤਰ (ਛੇ ਸਕੂਲ) ਹੋਂਦ ਵਿਚ ਆਏ।ਇਹ ਹਨ: ਨਿਆਇ, ਵਿਸ਼ੇਸ਼ਕ, ਸਾਂਖ, ਯੋਗ, ਮੀਮਾਂਸਾ ਅਤੇ ਵੇਦਾਂਤ।

ਭਗਤੀ ਕਾਲ: ਭਾਰਤ ਵਿਚ 13ਵੀਂ, 14ਵੀਂ ਅਤੇ 15ਵੀਂ ਸਦੀ ਵਿਚ ਭਗਤੀ ਲਹਿਰ ਦਾ ਬਹੁਤ ਪ੍ਰਭਾਵ ਸੀ। ਭਗਤਾਂ, ਸੰਤਾਂ ਨੇ ਸਮੁੱਚੀ ਲੋਕਾਈ ਦੀ ਰਹਿਨੁਮਾਈ ਕੀਤੀ ਅਤੇ ਉਸ ਸਮੇਂ ਦੇ ਧਰਮ ਵਿਚ ਆ ਚੁੱਕੀਆਂ ਬੁਰਾਈਆਂ ਤੇ ਐਬਾਂ ਦੇ ਖ਼ਿਲਾਫ਼ ਅੰਦੋਲਨ ਆਰੰਭਿਆ। ਬੇਸ਼ਕ ਇਹ ਭਗਤੀ ਲਹਿਰ ਹਿੰਦੂ ਧਰਮ ਤੇ ਸਮਾਜ ਵਿਚੋਂ ਵਿਕਸਿਤ ਹੋਈ ਪਰ ਇਨ੍ਹਾਂ ਨੇ ਬ੍ਰਾਹਮਣਵਾਦ ਅਤੇ ਪੁਰੋਹਿਤਵਾਦ ਦੀਆਂ ਸਿਖਿਆਵਾਂ ਵਿਰੁੱਧ ਆਵਾਜ਼ ਬੁਲੰਦ ਕੀਤੀ। ਇਸੇ ਹੀ ਕਾਲ ਵਿਚ ਸਿਮਰੱਥ ੀ ਕਾਲ ਤੇ ਦਰਸ਼ਨ ਕਾਲ ਦੀਆਂ ਰਚਨਾਵਾਂ ਦੇ ਕਈ ਭਾਸ਼ਯ ਅਤੇ ਉਪ ਭਾਸ਼ਯ ( ਅਨੁਵਾਦ) ਰਚੇ ਗਏ। 13 ਵੀਂ ਤੋਂ 18 ਵੀਂ ਸਦੀ ਤੱਕ ਹਿੰਦੂ ਧਰਮ ਵੈਸ਼ਨਵ ਮੱਤ, ਸ਼ੈਵ ਮੱਤ ਅਤੇ ਸ਼ਾਕਤ ਮੱਤ ਦੀਆਂ ਕਈ ਸੰਪਰਦਾਵਾਂ ਦੇ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ।

ਪੁਨਰ ਜਾਗ੍ਰਿਤੀ ਦਾ ਵਰਤਮਾਨ ਕਾਲ: ਵਿਗਿਆਨ ਦੇ ਮਸ਼ੀਨੀ ਯੁੱਗ ਤੇ ਆਧੁਨਿਕ ਸਿੱਖਿਆ ਅਤੇ ਇਸਾਈ ਮੱਤ ਦੇ ਪ੍ਰਚਾਰ ਨਾਲ ਹਿੰਦੂ ਧਰਮ ਦੇ ਪੁਨਰ-ਜਾਗਰਣ ਦਾ ਸਮਾਂ ਸਾਮ੍ਹਣੇ ਆਉਂਦਾ ਹੈ। ਰਾਜਾ ਰਾਮ ਮੋਹਨ ਰਾਏ, ਸਵਾਮੀ ਦਯਾਨੰਦ ਸਰਸਵਤੀ, ਸ੍ਰੀ ਅਗਨੀਹੋਤਰੀ, ਸ੍ਰੀ ਰਾਮ ਕ੍ਰਿਸ਼ਨ ਪਰਮਹੰਸ, ਐਨੀਬੈਂਸਟ, ਸੁਆਮੀ ਵਿਵੇਕਾਨੰਦ, ਸ੍ਰੀ ਅਰਬਿੰਦ ਘੋਸ਼ ਸ੍ਰੀ ਰਵਿੰਦਰ ਨਾਥ ਟੈਗੋਰ, ਡਾ. ਐਸ ਰਾਧਾ ਕ੍ਰਿਸ਼ਨਨ ਆਦਿ ਧਰਮ ਸੁਧਾਰਕਾਂ ਦੁਆਰਾ ਚਲਾਈਆਂ ਲਹਿਰਾਂ ਤੇ ਵਿਚਾਰਧਾਰਾਵਾਂ ਨੇ ਹਿੰਦੂ ਧਰਮ ਦੀ ਪੁਨਰ ਜਾਗ੍ਰਿਤੀ ਵਿਚ ਅਹਿਮ ਭੂਮਿਕਾ ਨਿਭਾਈ ਤੇ ਇਸ ਧਰਮ ਦੀਆਂ ਸਿਖਿਆਵਾਂ ਨੂੰ ਸਮੇਂ ਦੇ ਅਨੁਕੂਲ ਸਾਰਥਕ ਤੇ ਪ੍ਰਾਸੰਗਿਕ ਬਣਾਇਆ।

ਇਨ੍ਹਾਂ ਕਾਲਾਂ ਵਿਚ ਰਚੇ ਗ੍ਰੰਥਾਂ ਦੇ ਆਧਾਰ ਤੇ ਅਸੀਂ ਹਿੰਦੂ ਵਿਚਾਰਧਾਰਾ ਨੂੰ ਸਮਝਣ ਦਾ ਪ੍ਰਯਤਨ ਕਰਾਂਗੇ। ਵੈਦਿਕ ਸਾਹਿਤ ਇਨ੍ਹਾਂ ਵਿਚੋਂ ਸਰਵੋਤਮ ਹੈ। 'ਵੈਦਿਕ ਸਾਹਿਤ ਤੇ ਵਿਚਾਰਧਾਰਾ ਨਾਲ ਸੰਬੰਧਿਤ ਧਰਮ ਤੇ ਧਾਰਮਿਕ ਸਾਹਿਤ ਦਾ ਵਿਕਾਸ ਮਾਧਮਿਕ ਸਮੇਂ ਤਕ ਜਾਰੀ ਰਿਹਾ। ਵੈਦਿਕ ਗ੍ਰੰਥਾਂ- ਰਿਗਵੇਦ, ਯਜੁਰਵੇਦ, ਸਾਮਵੇਦ, ਅਥਰਵਵੇਦ, ਬ੍ਰਾਹਮਣ ਗ੍ਰੰਥ, ਆਰਣਿਕ, ਉਪਨਿਸ਼ਦ ਤੋਂ ਇਲਾਵਾ ਸਿਮ੍ਰਿਤੀਆਂ, ਪੁਰਾਣ, ਮਹਾਭਾਰਤ, ਰਾਮਾਇਣ ਤੰਤ੍ਰ ਤੇ ਸ਼ਤੋਤਰ ਆਦਿ ਇਸੇ ਪਰੰਪਰਾ ਵਿਚ ਮੰਨੇ ਹੋਏ ਧਾਰਮਿਕ ਗ੍ਰੰਥ ਹਨ।'[5] ਇਨ੍ਹਾਂ ਧਾਰਮਿਕ ਪੁਸਤਕਾਂ ਨੂੰ ਮੰਨਣ ਵਾਲਿਆਂ ਦੀਆਂ ਸ਼ਾਖਾ ਹਨ ਜਿਵੇਂ ਸ਼ੈਵ, ਸ਼ਾਕਤ, ਵੈਸ਼ਨਵ ਆਦਿ।

ਹਿੰਦੂ ਧਰਮ ਦੇ ਪ੍ਰਾਚੀਨ ਗ੍ਰੰਥ 'ਵੇਦ' ਭਾਰਤੀ ਸੰਸਕ੍ਰਿਤੀ ਦਾ ਪ੍ਰਤੀਕ ਹਨ। 'ਵੇਦ' ਦਾ ਅਰਥ ਹੈ 'ਉੱਤਮ ਜਾਂ ਧਾਰਮਿਕ ਗਿਆਨ'।[6] ਇਹ ਪੜਾਅ ਭਾਰਤੀ ਲੋਕਾਂ ਦੀ ਚੇਤਨਾ ਦੇ ਉਸ ਦੌਰ ਨਾਲ ਸੰਬੰਧਿਤ ਹਨ ਜਦੋਂ ਉਨ੍ਹਾਂ ਨੇ ਕੁਦਰਤੀ ਸ਼ਕਤੀਆਂ ਨੂੰ ਦੇਵੀ-ਦੇਵਤਿਆਂ ਦੇ ਰੂਪ ਵਿਚ ਅਰਾਧਣਾ ਸ਼ੁਰੂ ਕੀਤਾ। ਉਨ੍ਹਾਂ ਦੀ ਉਸਤਤੀ ਵਿਚ ਗੀਤ ਰਚੇ।

ਇਨ੍ਹਾਂ ਗੀਤਾਂ ਨੂੰ ਮੰਤ੍ਰ ਜਾਂ ਰਿਚਾ ਕਿਹਾ ਗਿਆ ਅਤੇ ਇਨਾਂ ਦੇ ਸੰਗ੍ਰਹਿ ਜਾਂ ਸੰਕਲਨ ਨੂੰ 'ਸੰਹਿਤਾ' ਜਾਂ ਵੇਦ ਦਾ ਨਾਂ ਦਿੱਤਾ ਗਿਆ। ਵੈਦਿਕ ਰਿਸ਼ੀਆਂ ਜਾਂ ਪੁਰੋਹਿਤਾਂ ਦੁਆਰਾ ਰਚੇ ਮੰਤ੍ਰਾਂ, ਉਸਤਤਾਂ, ਤੰਤ੍ਰਾਂ, ਯੱਗ-ਵਿਧੀਆਂ ਦੀ ਸਦੀਆਂ ਤੋਂ ਚਲੀ ਆ ਰਹੀ ਪੀੜੀ ਦਰ ਪੀੜੀ ਪਰੰਪਰਾ ਨੂੰ ਜਦੋਂ ਸੰਕਲਿਤ ਕੀਤਾ ਗਿਆ ਤਾਂ ਇਹ ਧਾਰਮਿਕ ਸਾਹਿਤ ਵੇਦਾਂ ਦੇ ਰੂਪ ਵਿਚ ਸਾਹਮਣੇ ਆਇਆ। ਇਹ ਸੰਕਲਨ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਗਿਆ:ਰਿਗ, ਯਜੁਰ ਅਤੇ ਸਾਮ।'ਰਿਗ' ਦਾ ਅਰਥ ਹੈ ਉਸਤਤ ਜਾਂ ਪ੍ਰਾਰਥਨਾ। 'ਯੁਜਰ' ਯੱਗ-ਵਿਧਾਨ ਅਤੇ 'ਸਾਮ' ਸ਼ਾਂਤੀ ਜਾਂ ਮੰਗਲ ਸਥਾਪਿਤ ਕਰਨ ਵਾਲੇ ਗੀਤਾਂ ਨਾਲ ਸੰਬੰਧਿਤ ਹੈ। ਬਾਅਦ ਵਿਚ ਲੌਕਿਕ ਕਾਰਜਾਂ ਤੇ ਜਾਦੂ-ਟੂਣਿਆਂ ਨਾਲ ਸੰਬੰਧਿਤ ਸਾਮਗ੍ਰੀ ਨੂੰ ਅਥਰਵਾ ਰਿਸ਼ੀ ਨੇ ਸੰਕਲਿਤ ਕੀਤਾ ਤੇ ਇਹ ਚੌਥਾ ਵੇਦ ਅਥਰਵ ਵੇਦ ਵਜੋਂ ਪ੍ਰਸਿੱਧ ਹੋਇਆ। ਇਹ ਮੰਨਿਆ ਜਾਂਦਾ ਹੈ ਕਿ ਰਿਸ਼ੀ ਵਿਆਸ ਨੇ ਵੇਦਾਂ ਦੀ ਸਹੀ ਢੰਗ ਨਾਲ ਸੰਪਾਦਨਾ ਤੇ ਵਰਗ ਵੰਡ ਕੀਤੀ।

ਰਿਗਵੇਦ: ਰਿਗਵੇਦ ਗ੍ਰੰਥ ਸਭ ਤੋਂ ਪ੍ਰਾਚੀਨ ਤੇ ਮਹੱਤਵਪੂਰਨ ਗ੍ਰੰਥ ਹੈ। ਇਹ ਭਾਰਤੀ ਧਰਮ ਸਾਧਨਾ ਦਾ ਪਹਿਲਾ ਰੂਪ ਹੈ। ਇਸ ਵਿਚ ਸ਼ਾਮਿਲ ਮੰਤ੍ਰਾਂ ਦੀ ਸੰਖਿਆ ਦੱਸ ਹਜ਼ਾਰ ਹੈ। ਮੰਤ੍ਰਾਂ ਦੇ ਸਮੂਹ ਨੂੰ 'ਸੂਕਤ' ਕਿਹਾ ਜਾਂਦਾ ਹੈ ਅਤੇ ਇਸ ਗ੍ਰੰਥ ਵਿਚ 1028 ਸੂਕਤ ਹਨ। ਇਨ੍ਹਾਂ ਮੰਤ੍ਰਾਂ ਵਿਚ ਮੁੱਖ ਰੂਪ ਵਿਚ ਕੁਦਰਤੀ ਸ਼ਕਤੀਆਂ (ਵਰੁਣ, ਅਗਨੀ, ਪ੍ਰਿਥਵੀ, ਸੂਰਜ, ਊਸ਼ਾ ਆਦਿ) ਨੂੰ ਦੇਵਤਿਆਂ ਵਿਚ ਕਲਪਿਤ ਕਰਕੇ ਉਨ੍ਹਾਂ ਦੀ ਉਸਤਤੀ ਕੀਤੀ ਗਈ ਹੈ। ਐਤਰੇਯ ਅਤੇ ਕੌਸ਼ੀਤਕਿ ਨਾਂ ਦੇ ਬ੍ਰਾਹਮਣ ਰਿਸ਼ੀ ਅਤੇ ਆਰਣਯਕ ਤੇ ਉਪਨਿਸ਼ਦ ਇਸੇ ਸੰਹਿਤਾ ਨਾਲ ਜੁੜੇ ਹੋਏ ਹਨ।

ਸਾਮਵੇਦ:ਸਾਮਵੇਦ ਦਾ ਸੰਬੰਧ ਗਾਇਨ ਵਿਧੀ ਨਾਲ ਜਾ ਜੁੜਦਾ ਹੈ। ਇਸ ਵੇਦ ਦਾ ਸੰਬੰਧ ਸੰਗੀਤ ਅਤੇ ਸੁਰ ਨਾਲ ਹੈ ਜੋ ਗੀਤ ਦੇ ਪ੍ਰਮੁੱਖ ਤੱਤ ਹਨ। ਇਸ ਵੇਦ ਵਿਚ ਵੇਦਾਂ ਵਿਚ ਆਏ ਗੀਤਾਂ ਦੀ ਗਾਇਨ ਪ੍ਰਕਿਰਿਆ ਦਾ ਵਿਸਥਾਰ ਵਿਚ ਵਰਣਨ ਹੈ। ਇਸ ਵਿਚ ਕੁੱਲ 1549 ਮੰਤ੍ਰ ਜਾਂ ਗੀਤ ਹਨ। ਜਿਨ੍ਹਾਂ ਵਿਚੋਂ 1474 ਰਿਗਵੇਦ ਵਿਚੋਂ ਹੀ ਲਏ ਗਏ ਹਨ। ਇਸ ਵੇਦ ਵਿਚ 75 ਮੰਤ੍ਰ ਹੀ ਸੁਤੰਤਰ ਰੂਪ ਵਿਚ ਸ਼ਾਮਿਲ ਹਨ। ਇਸ ਲਈ ਵਿਦਵਾਨ ਇਸ ਵੇਦ ਦੀ ਸੁਤੰਤਰ ਹੋਂਦ ਨੂੰ ਸਵੀਕਾਰ ਨਹੀਂ ਕਰਦੇ। ਇਸ ਵੇਦ ਦੇ ਚਾਰ ਬ੍ਰਾਹਮਣ (ਤਾਂਡਯੇ,ਸ਼ਤਵਿੰਸ਼, ਸ਼ਾਮ-ਵਿਧਾਨ ਅਤੇ ਜੈਮਨੀਯ) ਦੋ ਆਰਣਯਕ (ਛਾਂਦੋਗਯ ਅਤੇ ਜੈਮਿਨੀਯ) ਅਤੇ ਤਿੰਨ ਉਪਨਿਸ਼ਦ (ਛਾਂਦੋਗਯ, ਕੇਨ ਅਤੇ ਜੈਮਿਨੀਯ) ਹਨ।

ਯਜੁਰਵੇਦ:ਇਸ ਗ੍ਰੰਥ ਦੇ ਬਹੁਤ ਸਾਰੇ ਮੰਤ੍ਰ ਰਿਗਵੇਦ ਤੋਂ ਲੈ ਕੇ ਸ਼ਾਮਿਲ ਕੀਤੇ ਗਏ ਹਨ। ਇਸ ਗ੍ਰੰਥ ਦੀ ਰਚਨਾ ਕਰਮ-ਕਾਂਡ, ਕਰਮ-ਵਿਧੀਆਂ ਅਤੇ ਯੱਗ ਵਿਧੀਆਂ ਦੇ ਉਦੇਸ਼ ਤੋਂ ਕੀਤੀ ਗਈ ਹੈ। ਇਨ੍ਹਾਂ ਦਾ ਕ੍ਰਮ ਯੱਗ-ਪ੍ਰਕਿਰਿਆ ਅਨੁਸਾਰ ਹੈ। ਇਹ ਵੇਦ ਦੋ ਰੂਪਾਂ ਵਿਚ ਪ੍ਰਾਪਤ ਹਨ:ਇਕ ਕ੍ਰਿਸ਼ਨ ਤੇ ਦੂਸਰਾ ਸ਼ੁਕਲ। ਜੋ ਤੈਤਿਰੀਯ ਅਤੇ ਵਾਜਸਨੇਯੀ ਦੇ ਨਾਂ ਨਾਲ ਵੀ ਜਾਣੇ ਜਾਂਦੇ ਹਨ। ਕ੍ਰਿਸ਼ਨ ਰੂਪ ਵਿਚ 7 ਕਾਂਡ, 44 ਅਧਿਆਇ, 651 ਅਨੁਵਾਕ ਅਤੇ 2198 ਮੰਤ੍ਰ ਹਨ। ਸ਼ੁਕਲ ਰੂਪ ਵਿਚ 40 ਅਧਿਆਇ, 651 ਅਨੁਵਾਕ, 1975 ਮੰਤ੍ਰ ਹਨ। ਤੈਤਰੀਯ ਬ੍ਰਾਹਮਣ ਅਤੇ ਆਰਣਯਕ ਅਤੇ ਤਿੰਨ ਉਪਨਿਸ਼ਦ (ਤੈਤਿਰੀਯ, ਮੈਤ੍ਰਾਯਿਣੀ ਅਤੇ ਕਠ) ਦਾ ਸੰਬੰਧ ਇਸ ਮਤ ਨਾਲ ਹੈ।

ਅਥਰਵੇਦ: ਇਸ ਵੇਦ ਵਿਚ ਤੰਤ੍ਰਾਂ ਦਾ ਸੰਕਲਨ ਹੋਇਆ ਹੈ ਜੋ ਜਾਦੂ ਟੂਣਿਆਂ ਨਾਲ ਸੰਬੰਧਿਤ ਹੈ। ਇਸ ਨੂੰ ਤੰਤ੍ਰ-ਸੰਹਿਤਾ ਵੀ ਕਿਹਾ ਜਾਂਦਾ ਹੈ। ਇਸ ਵੇਦ ਵਿਚ ਦੇਵਤਿਆਂ ਤੇ ਪ੍ਰਕ੍ਰਿਤੀ ਦੇ ਵਾਤਾਵਰਣ ਤੋਂ ਹੱਟ ਕੇ ਭੂਤਾਂ, ਪ੍ਰੇਤਾਂ, ਪਿਸ਼ਾਚਾਂ,

ਰਾਖਸ਼ਾਂ ਦੀ ਹੋਂਦ ਨੂੰ ਵੀ ਮੰਨਿਆ ਗਿਆ ਹੈ ਜੋ ਯੱਗਾਂ ਤੇ ਜੀਵਾਂ ਦੇ ਰਾਹਾਂ ਵਿਚ ਆਉਣ ਵਾਲੀਆਂ ਰੁਕਾਵਟਾਂ ਦਾ ਕਾਰਨ ਬਣਦੇ ਹਨ। ਇਨ੍ਹਾਂ ਵਿਘਨਾਂ ਨੂੰ ਦੂਰ ਕਰਨ ਲਈ ਇਸ ਵਿਚ ਕੁੱਲ 5849 ਮੰਤ੍ਰ ਹਨ। 1200 ਮੰਤ੍ਰ ਰਿਗਵੇਦ ਦੇ ਹੀ ਹਨ ਅਤੇ ਬਾਕੀ ਸੁਤੰਤਰ ਹਨ। ਇਹ ਵੇਦ 20 ਕਾਂਡਾਂ ਵਿਚ ਵੰਡਿਆ ਹੋਇਆ ਹੈ ਜਿਸ ਵਿਚ 34 ਪ੍ਰਪਾਠਕ, 111 ਅਨੁਵਾਕ ਅਤੇ 731 ਸੂਕਤ ਹਨ। ਇਕ ਬ੍ਰਾਹਮਣ (ਗੋਪਥ) ਅਤੇ ਤਿੰਨ ਉਪਨਿਸ਼ਦ (ਮੁੰਡਕ, ਮਾਂਡੂਕਯ ਅਤੇ ਪ੍ਰਸ਼ਨ) ਦਾ ਸੰਬੰਧ ਇਸ ਮੱਤ ਨਾਲ ਹੈ।

ਉਪਰੋਕਤ ਚਾਰ ਵੇਦ ਇਕ ਇਕ ਉਪਵੇਦ ਨਾਲ ਜੁੜੇ ਹੋਏ ਹਨ। ਰਿਗਵੇਦ ਆਯੁਰਵੇਦ, ਸਾਮਵੇਦ ਸੰਗੀਤਵੇਦ, ਯਜੁਰਵੇਦ ਧਨੁਰਵੇਦ ਅਤੇ ਅਥਰਵਵੇਦ ਅਰਥ-ਸ਼ਾਸ਼ਤ੍ਰ ਵੇਦ ਨਾਲ ਜੁੜਿਆ ਹੋਇਆ ਹੈ। ਇਨ੍ਹਾਂ ਚਾਰੋਂ ਵੇਦਾਂ ਵਿਚੋਂ ਰਿਗਵੇਦ ਸਭ ਤੋਂ ਪ੍ਰਾਚੀਨ ਤੇ ਗੌਰਵਸ਼ਾਲੀ  ਹੈ ਜੋ ਪੰਜਾਬ ਦੀ ਪ੍ਰਾਚੀਨ ਪਰੰਪਰਾ ਤੇ ਸਭਿਆਚਾਰ ਨੂੰ ਨਿਰਧਾਰਿਤ ਕਰਨ ਵਾਲਾ ਪ੍ਰਾਮਣੀਕ ਦਸਤਾਵੇਜ ਮੰਨਿਆ ਗਿਆ ਹੈ। ਪੰਜਾਬ ਦੀ ਉਸ ਸਮੇਂ ਦੀ ਵੈਦਿਕ ਸੰਸਕ੍ਰਿਤੀ ਭਾਸ਼ਾ ਵਿਚ ਭਾਰਤੀ ਸਭਿਆਚਾਰ ਨੂੰ ਰੂਪਮਾਨ ਕਰਨ ਵਾਲਾ ਇਹ ਗ੍ਰੰਥ ਆਪਣੀ ਪ੍ਰਕ੍ਰਿਤੀ ਤੇ ਸਰੂਪ ਵਜੋਂ ਨਿਵੇਕਲਾ ਤੇ ਨਿਖੜਵਾ ਹੈ।

ਬ੍ਰਾਹਮਣ ਗ੍ਰੰਥ: ਹਿੰਦੂ ਧਰਮ ਦੀ ਵੈਦਿਕ ਫ਼ਿਲਾਸਫ਼ੀ ਦਾ ਦੂਜਾ ਮਹੱਤਵਪੂਰਨ ਸ੍ਰੋਤ ਬ੍ਰਾਹਮਣ ਗ੍ਰੰਥ ਹਨ ਜਿਨ੍ਹਾਂ ਦਾ ਵੇਦਾਂ ਨਾਲ ਬਹੁਤ ਨਿਕਟਵਰਤੀ ਸੰਬੰਧ ਹੈ; ਜਿਵੇਂ ਕਿ ਉੱਪਰ ਹਰੇਕ ਵੇਦ ਨਾਲ ਬ੍ਰਾਹਮਣ ਗ੍ਰੰਥ ਦਾ ਸੰਕੇਤ ਕੀਤਾ ਗਿਆ ਹੈ। ਇਨ੍ਹਾਂ ਗ੍ਰੰਥਾਂ ਵਿਚ ਵਿਭਿੰਨ ਦ੍ਰਿਸ਼ਟਾਂਤਾਂ ਤੇ ਕਥਾਵਾਂ ਦੁਆਰਾ ਵੇਦ-ਮੰਤ੍ਰਾਂ ਦੀ ਵਰਤੋਂ, ਉਤਪਤੀ ਤੇ ਵਿਆਖਿਆ ਮਿਲਦੀ ਹੈ। ਬ੍ਰਾਹਮਣ ਗ੍ਰੰਥਾਂ ਦੇ ਵਿਸ਼ਿਆਂ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ:- ਵਿਧੀ-ਭਾਗ, ਅਰਥਵਾਦ-ਭਾਗ, ਉਪਨਿਸ਼ਦ-ਭਾਗ ਅਤੇ ਆਖਿਆਨ-ਭਾਗ।

ਆਰਣਕਯ: ਆਰਣਕਯ ਵੈਦਿਕ ਦਰਸ਼ਨ ਦਾ ਤੀਸਰਾ ਪ੍ਰਮੁੱਖ ਅੰਗ ਹੈ। ਜਿਵੇਂ ਬ੍ਰਾਹਮਣ ਗ੍ਰੰਥ ਵੇਦਾਂ ਦੇ ਪੂਰਕ ਹਨ ਉਸੇ ਤਰ੍ਹਾਂ ਆਰਣਕਯ ਬ੍ਰਾਹਮਣ ਗ੍ਰੰਥਾਂ ਦੇ ਪੂਰਕ ਹਨ। ਇਨਾਂ ਦੀ ਉਪਲਬਧ ਗਿਣਤੀ ਚਾਰ ਮੰਨੀ ਗਈ ਹੈ-ਬ੍ਰਿਹਦ, ਤੈਤਿਰੀਯ, ਐਤਰੇਯ ਅਤੇ ਕੌਸ਼ੀਤਕਿ। ਇਨ੍ਹਾਂ ਗ੍ਰੰਥਾਂ ਦੀ ਰਚਨਾ ਉਨਾਂ ਬ੍ਰਾਹਮਣਾਂ ਦੇ ਲਈ ਹੋਈ ਜਾਪਦੀ ਹੈ ਜੋ ਘਰ-ਬਾਰ ਤਿਆਗ ਕੇ ਬਨਾਂ ਵਿਚ ਜਾ ਕੇ ਵਸਦੇ ਹਨ। ਮਨੁੱਖੀ ਚਿੰਤਨ ਤੇ ਅਨੁਭਵ ਨੂੰ ਇਸ ਵਿਚ ਨਵੀਨ ਸ਼ੈਲੀ ਰਾਹੀਂ ਪ੍ਰਗਟਾਇਆ ਗਿਆ ਹੈ। ਧਰਮ ਦੇ ਸਰੂਪ ਨੂੰ ਬਿਆਨ ਕਰਦਿਆਂ ਇਸ ਗ੍ਰੰਥ ਦੇ ਇਕ ਸੂਤਰ ਵਿਚ ਆਉਂਦਾ ਹੈ:

'ਸਾਰਾ ਬ੍ਰਹਿਮੰਡ ਧਰਮ ਦੀ ਬੁਨਿਆਦ ਤੇ ਕਾਇਮ ਹੈ।---ਆਦਮੀ ਧਰਮ ਦੀ ਸ਼ਕਤੀ ਨਾਲ ਬੁਰਾਈ ਨੂੰ ਦੂਰ ਭਜਾ ਦਿੰਦਾ ਹੈ। ਸਾਰਾ ਕੁਝ ਧਰਮ ਤੇ ਆਧਾਰਿਤ ਹੈ। ਇਸ ਲਈ ਧਰਮ ਨੂੰ ਹੀ ਸਭ ਤੋਂ ਉੱਤਮ ਪਦਾਰਥ ਕਿਹਾ ਜਾਂਦਾ ਹੈ।'[7]

ਉਪਨਿਸ਼ਦ:  ਉਪਨਿਸ਼ਦ ਵੈਦਿਕ ਸਾਹਿਤ ਦਾ ਚੌਥਾ ਤੇ ਅੰਤਿਮ ਰੂਪ ਹੈ।ਉਪਨਿਸ਼ਦ ਦਾ ਸ਼ਾਬਦਿਕ ਅਰਥ ਹੈ-ਨੇੜੇ ਹੋ ਕੇ ਬੈਠਣਾ। ਗੁਰੂ ਦੀ ਅਗਵਾਈ ਜਾਂ ਓਟ ਵਿਚ ਸ਼ਿਸ਼ ਦਾ ਗਿਆਨ ਹਾਸਲ ਕਰਨਾ। ਇਸ ਵਿਚਲੀ ਪਰਾ ਵਿਦਿਆ ਅਸਲ ਵਿਚ ਬ੍ਰਹਮ ਵਿਦਿਆ ਦਾ ਸਰਵੋਤਮ ਰੂਪ ਹੈ ਜਿਸ ਵਿਚ ਬ੍ਰਹਮ, ਜੀਵ, ਆਤਮਾ, ਜਗਤ, ਬੰਧ, ਮੋਕਸ਼ ਆਦਿ ਦਾ ਬੜੇ ਸਰਲ ਤੇ ਭਾਵਪੂਰਤ ਢੰਗ ਨਾਲ ਬਿਆਨ ਕੀਤਾ ਗਿਆ ਹੈ। ਉਪਨਿਸ਼ਦ ਤਕਰੀਬਨ 100 ਪੁਸਤਕਾਂ ਦਾ ਸੰਗ੍ਰਹਿ ਹੈ ਪਰ ਪ੍ਰਾਮਣਿਕ ਉਪਨਿਸ਼ਦਾਂ ਉਹ ਹੀ ਮੰਨੀਆਂ ਜਾਂਦੀਆਂ ਹਨ ਜਿਨ੍ਹਾਂ ਉੱਤੇ ਸ਼ੰਕਰਾਚਾਰਯ ਨੇ ਭਾਸ਼ ਰਚੇ ਅਤੇ ਜਿਨ੍ਹਾਂ ਦੀ

ਰਚਨਾ ਮਹਾਤਮਾ ਬੁੱਧ ਤੋਂ ਪਹਿਲੇ ਹੋ ਚੁੱਕੀ ਸੀ ਜਿਵੇਂ-ਈਸ਼ਵਾਸ਼ਯ, ਕੇਨ, ਕਠ, ਪ੍ਰਸ਼ਨ, ਮੁੰਡਕ, ਮਾਂਡੂਕਯ, ਤੈਤਿਰੀਯ, ਐਤਰੇਯ, ਛਾਂਦੋਗਯ, ਬ੍ਰਹਦਾਰਣਯਕ, ਸ਼ਵੈਤਾਸ਼ਵਤਰ। ਉਪਨਿਸ਼ਦ ਨੂੰ ਵੇਦਾਂਤ ਦੀ ਸੰਖਿਆ ਵੀ ਦਿੱਤੀ ਜਾ ਸਕਦੀ ਹੈ ਕਿਉਂਕਿ ਇਹ ਵੇਦਾਂ ਦੀ ਵਿਆਖਿਆ ਨੂੰ ਸਿਖਰਾਂ ਤੱਕ ਪਹੁੰਚਾਉਣ ਵਾਲਾ ਵੈਦਿਕ ਸਾਹਿਤ ਦਾ ਅੰਤਿਮ ਰੂਪ ਹੈ। ਨਿਰਗੁਣ ਭਗਤਾਂ ਤੇ ਸੰਤਾਂ ਦੀਆਂ ਰਚਨਾਵਾਂ ਦਾ ਉਪਨਿਸ਼ਦਾਂ ਨਾਲ ਨਜ਼ਦੀਕ ਦਾ ਸੰਬੰਧ ਹੈ। ਇਹ ਕਹਿਣ ਵਿਚ ਕੋਈ ਅਤਿਕਥਨੀ ਨਹੀਂ ਕਿ ਮੱਧਯੁੱਗ ਵਿਚ ਉਤਪੰਨ ਹੋਈ ਨਿਰਗੁਣ ਧਰਮ ਚੇਤਨਾ ਦਾ ਮੁੱਖ ਆਧਾਰ ਉਪਨਿਸ਼ਦ ਸਾਹਿਤ ਹੀ ਹੈ। ਕਠ ਉਪਨਿਸ਼ਦ ਦੇ ਇਕ ਮੰਤਰ ਦੀ ਉਦਾਹਰਨ ਤੋਂ ਉਪਨਿਸ਼ਦਾਂ ਦੇ ਸਰੂਪ-ਪ੍ਰਕਿਰਿਆ ਨੂੰ ਸਮਝਿਆ ਜਾ ਸਕਦਾ ਹੈ:

ਉਹ ਸ਼ਬਦ (ਮੰਤਰ) ਜਿਹੜਾ ਸਾਰੇ ਵੇਦ ਬਾਰ ਬਾਰ ਦੁਹਰਾਂਦੇ ਹਨ; ਜਿਸਨੂੰ ਸਾਰੇ ਤਿਆਗੀ ਪੁਕਾਰਦੇ ਹਨ, ਜਿਸ ਦੀ ਇੱਛਾ ਕਾਰਣ ਆਦਮੀ ਬਰਹਮਚਰਜ ਦਾ ਜੀਵਨ ਬਤੀਤ ਕਰਦੇ ਹਨ, ਮੈਂ ਉਹ ਸ਼ਬਦ (ਮੰਤਰ) ਤੁਹਾਨੂੰ ਸੰਖੇਪ ਰੂਪ ਵਿਚ ਦੱਸਦਾ ਹਾਂ।

ਉਹ ਹੈ 'ਓਮ'

ਉਹ ਸ਼ਬਦ ਹੀ ਸੱਚ ਮੁੱਚ ਬ੍ਰਹਮ ਹੈ।

ਉਹ ਸ਼ਬਦ ਹੀ ਵਾਕਈ ਉੱਚਤਮ ਹੈ।

ਜੇਕਰ ਉਸ ਸ਼ਬਦ ਨੂੰ ਸੱਚ ਮੁੱਚ ਜਾਣ ਲਿਆ ਜਾਏ ਤਾਂ ਜੋ ਕੁੱਝ ਚਾਹੇ ਉਹ ਉਸ ਨੂੰ ਪ੍ਰਾਪਤ ਹੋ ਜਾਂਦਾ ਹੈ। ਇਹ ਸ਼ਬਦ ਹੀ ਸਭ ਤੋਂ ਵੱਡਾ ਸਹਾਰਾ ਹੈ। ਇਹ ਸ਼ਬਦ (ਓਮ) ਹੀ ਉੱਚਤਮ ਆਸਰਾ ਹੈ।[8]

**ਖੱਟ ਸ਼ਾਸਤ੍ਰ (ਛੇ ਦਰਸ਼ਨ):** ਖੱਟ ਸ਼ਾਸਤ੍ਰ ਭਾਰਤੀ ਦਰਸ਼ਨ ਦਾ ਮਹੱਤਵਪੂਰਨ ਸ੍ਰੋਤ ਹੈ। 'ਖੱਟ' ਦਾ ਅਰਥ ਹੈ ਛੇ ਅਤੇ 'ਸ਼ਾਸਤ੍ਰ' ਦਾ ਅਰਥ ਹੈ ਉਦ ਸਿਧਾਂਤਕ ਰਚਨਾ ਜਿਸ ਰਾਹੀਂ ਸਿੱਖਿਆ ਜਾ ਆਦੇਸ਼ ਦਿੱਤਾ ਜਾਵੇ। ਇਸ ਤਰਾਂ ਖੱਟ-ਸ਼ਾਸਤ੍ਰ ਦਾ ਅਰਥ ਹੈ ਹਿੰਦੂ ਧਰਮ ਦੇ ਛੇ ਦਰਸ਼ਨ। ਉਹ ਦਰਸ਼ਨ ਜੋ ਵੇਦਾਂ ਦੀ ਪ੍ਰਮਾਣਿਕਤਾ ਨੂੰ ਮੰਨਦੇ ਹਨ। ਇਹ ਹਨ: ਨਿਆਇ, ਵੈਸ਼ੇਸ਼ਿਕ, ਯੋਗ, ਪੂਰਵ-ਮੀਮਾਂਸਾ ਅਤੇ ਉੱਤਰ ਮੀਮਾਂਸਾ। ਇਨਾਂ ਵਿਚੋਂ ਯੋਗ ਅਤੇ ਵੇਦਾਂਤ ਦਰਸ਼ਨ ਨੇ ਭਾਰਤੀ ਦਰਸ਼ਨ ਤੇ ਸਭਿਆਚਾਰ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਇਨਾਂ ਦਾ ਵੇਰਵਾ ਇਸ ਪ੍ਰਕਾਰ ਹੈ-

1. ਨਿਆਇ ਦਰਸ਼ਨ: ਗੌਤਮ ਰਿਸ਼ੀ ਨੂੰ ਨਿਆਇ ਦਰਸ਼ਨ ਦਾ ਸੰਸਥਾਪਕ ਮੰਨਿਆ ਜਾਂਦਾ ਹੈ। ਇਸ ਦਰਸ਼ਨ ਵਿਚ 532 ਸੂਤ੍ਰ ਹਨ। ਇਹ ਅਸਲ ਵਿਚ ਵਸਤੂਵਾਦੀ ਦਰਸ਼ਨ ਹੈ ਅਤੇ ਇਸ ਵਿਚ ਯੁਕਤੀ ਨੂੰ ਆਧਾਰ ਬਣਾਇਆ ਗਿਆ ਹੈ। ਇਸ ਵਿਚ ਚਾਰ ਪ੍ਰਕਾਰ ਦੇ ਪ੍ਰਮਾਣ ਮੰਨੇ ਗਏ ਹਨ। ਗਿਆਨ ਹਾਸਲ ਕਰਨ ਦੇ ਸਾਧਨ ਨੂੰ ਪ੍ਰਮਾਣ ਕਿਹਾ ਜਾਂਦਾ ਹੈ। ਇਹ ਪ੍ਰਮਾਣ ਹਨ: ਪ੍ਰਤੱਖ, ਅਨੁਮਾਨ, ਉਪਮਾਨ ਅਤੇ ਸ਼ਬਦ।

   ਗਿਆਨ-ਇੰਦਰੀਆਂ ਦੇ ਸੰਯੋਗ ਨਾਲ ਵਸਤੂਆਂ ਦੇ ਸਾਖਿਆਤ ਗਿਆਨ ਪ੍ਰਾਪਤ ਕਰਨ ਨੂੰ ਪ੍ਰਤੱਖ ਗਿਆਨ ਕਹਿੰਦੇ ਹਨ। ਪ੍ਰਤੱਖ ਗਿਆਨ ਅੰਦਰੂਨੀ ਅਤੇ ਬਾਹਰੀ ਦੋਹਾਂ ਰੂਪਾਂ ਵਿਚ ਮਿਲਦਾ ਹੈ। ਅੱਖਾਂ ਤੇ ਕੰਨਾਂ ਵਰਗੀਆਂ ਬਾਹਰੀ ਇੰਦਰੀਆਂ ਰਾਹੀਂ ਮਿਲਣ ਵਾਲਾ ਗਿਆਨ ਬਾਹਰਲਾ ਪ੍ਰਤੱਖ ਗਿਆਨ ਅਤੇ ਜੇ ਵਿਸ਼ਾ ਮਨ ਨਾਲ ਸੰਬੰਧਿਤ ਹੋਵੇ ਤਾਂ ਉਸਨੂੰ ਅੰਦਰਲਾ ਜਾਂ ਮਾਨਸ ਪ੍ਰਤੱਖ ਕਿਹਾ ਜਾਵੇਗਾ। ਅਨੁਮਾਨ ਕਿਸੇ ਚਿੰਨ੍ਹ ਜਾਂ ਸਾਧਨ ਦੇ ਗਿਆਨ

ਦੁਆਰਾ ਅਤੇ ਉਪਮਾਨ ਨਾਮ ਅਤੇ ਨਾਮੀ ਦੇ ਸੰਬੰਧ ਦੁਆਰਾ ਸਥਾਪਿਤ ਹੁੰਦਾ ਹੈ। ਵਿਸ਼ਵਾਸ਼ਯੋਗ ਸਾਧਕਾਂ ਦੇ ਬੋਲਾਂ ਅਤੇ ਕਥਨਾਂ ਰਾਹੀਂ ਜੋ ਗਿਆਨ ਪ੍ਰਾਪਤ ਹੁੰਦਾ ਹੈ ਉਸ ਨੂੰ ਸ਼ਬਦ ਕਹਿੰਦੇ ਹਨ।

ਨਿਆਇ-ਸ਼ਾਸਤ੍ਰ ਵਿਚ ਪ੍ਰਮਾਣ ਦੁਆਰਾ ਗਿਆਤ ਹੋਣ ਵਾਲੇ ਸਾਹਿਤ ਨੂੰ 'ਪ੍ਰਮੇਯ' ਕਿਹਾ ਜਾਂਦਾ ਹੈ। ਪ੍ਰਮੇਯ ਦੀ ਸੰਖਿਆ 12 ਮੰਨੀ ਗਈ ਹੈ, ਜਿਵੇਂ ਆਤਮਾ, ਸ਼ਰੀਰ, ਇੰਦ੍ਰੀਆਂ, ਅਰਥ, ਬੁੱਧੀ, ਮਨ, ਪ੍ਰਵ੍ਰਿੱਤੀ, ਦੋਸ਼, ਪ੍ਰੇਤਯ-ਭਾਵ, ਫਲ, ਦੁੱਖ, ਮੋਕਸ਼। ਨਿਆਇ ਦਰਸ਼ਨ ਦਾ ਮੁੱਖ ਉਦੇਸ਼ ਆਤਮਾ ਨੂੰ ਸਰੀਰ, ਇੰਦ੍ਰੀਆਂ ਅਤੇ ਸੰਸਾਰਿਕ ਵਿਸ਼ਿਆਂ ਤੋਂ ਮੁਕਤ ਕਰਨਾ ਹੈ। ਆਤਮਾ ਸਰੀਰ ਅਤੇ ਮਨ ਤੋਂ ਭਿੰਨ ਹੈ। ਸਰੀਰ ਭੌਤਿਕ ਤੱਤਾਂ ਦੇ ਮੇਲ ਨਾਲ ਹੋਂਦ ਵਿਚ ਆਉਂਦਾ ਹੈ। ਮਨ ਅਣੂ ਹੈ, ਅਖੰਡ ਹੈ। ਆਤਮਾ ਸੂਖ਼ਮ ਤੇ ਅਮਰ ਹੈ। ਆਤਮਾ ਕਰਮਾਂ ਅਨੁਸਾਰ ਜਨਮ ਮਰਨ ਦੇ ਗੇੜ ਵਿਚ ਆਉਂਦੀ ਹੈ। ਸਾਰੇ ਜਗਤ ਤੇ ਪ੍ਰਕ੍ਰਿਤੀ ਦੀ ਸਿਰਜਣਾ, ਪਾਲਣਾ ਅਤੇ ਸੰਘਾਰ ਈਸ਼ਵਰ ਕਰਦਾ ਹੈ। ਸੋ ਕੁੱਲ ਮਿਲਾ ਕੇ ਇਹ ਦਰਸ਼ਨ ਵਸਤੂਵਾਦੀ ਅਤੇ ਬਹੁ-ਤੱਤਵਾਦੀ ਹੈ।

2. ਵੈਸ਼ੇਸ਼ਿਕ ਦਰਸ਼ਨ : ਇਸ ਦਰਸ਼ਨ ਦਾ ਮੋਢੀ ਕਣਾਦ ਨੂੰ ਮੰਨਿਆ ਗਿਆ ਹੈ। ਵਿਸ਼ੇਸ ਪਦਾਰਥ ਦੀ ਸਵੀਕ੍ਰਿਤੀ ਕਰਕੇ ਇਸਨੂੰ ਵੈਸ਼ੇਸ਼ਿਕ ਨਾਂ ਦਿੱਤਾ ਗਿਆ। ਇਹ ਦਰਸ਼ਨ ਨਿਆਇ ਦਰਸ਼ਨ ਨਾਲ ਬਹੁਤ ਸਮਾਨਤਾ ਰੱਖਦਾ ਹੈ। ਦੋਹਾਂ ਵਿਚ ਆਤਮਾ, ਜਗਤ, ਮੋਕਸ਼-ਪ੍ਰਾਪਤੀ ਆਦਿ ਸਾਧਨਾਂ ਬਾਰੇ ਕਾਫ਼ੀ ਸਮਾਨਤਾ ਹੈ। ਵੈਸ਼ੇਸ਼ਿਕ ਦਰਸ਼ਨ ਵਿਚ ਕੇਵਲ ਪ੍ਰਤੱਖ ਅਤੇ ਅਨੁਮਾਨ ਨੂੰ ਪ੍ਰਮਾਣ ਵਜੋਂ ਸਥਾਪਿਤ ਕੀਤਾ ਗਿਆ ਹੈ। ਨਿਆਇ ਦਰਸ਼ਨ ਵਿਚ 16 ਪਦਾਰਥ ਮੰਨੇ ਗਏ ਹਨ ਜਦ ਕਿ ਵੈਸ਼ੇਸ਼ਿਕ ਦਰਸ਼ਨ ਵਿਚ ਕੇਵਲ 07 ਪਦਾਰਥ ਮੰਨੇ ਗਏ ਹਨ। ਆਰੰਭ ਵਿਚ ਇਸ ਮੱਤ ਵਿਚ ਈਸ਼ਵਰ ਦਾ ਉਲੇਖ ਨਹੀਂ ਪਰ ਬਾਅਦ ਵਿਚ ਹੋਏ ਵਿਦਵਾਨਾਂ ਨੇ ਇਕ ਜੀਵਆਤਮਾ ਤੇ ਦੂਸਰਾ ਪਰਮਾਤਮਾ ਦੇ ਰੂਪ ਵਿਚ ਜਗਤ ਨੂੰ ਵੰਡਿਆ ਹੈ। ਇਸ ਦਰਸ਼ਨ ਦਾ ਮੁੱਖ ਉਦੇਸ਼ ਵੀ ਸਰੀਰ ਅਤੇ ਇੰਦਰੀਆਂ ਦੇ ਬੰਧਨ ਤੋਂ ਆਤਮਾ ਦਾ ਮੁਕਤ ਕਰਵਾਉਣਾ ਹੈ।

3. ਸ਼ਾਂਖ ਦਰਸ਼ਨ: ਸ਼ਾਂਖ ਦਰਸ਼ਨ ਦਾ ਸੰਸਥਾਪਕ ਕਪਿਲ ਰਿਸ਼ੀ ਨੂੰ ਮੰਨਿਆ ਗਿਆ ਹੈ। ਇਹ ਮੱਤ ਬਹੁਤ ਪ੍ਰਾਚੀਨ ਹੈ। ਇਸ ਦੇ ਖੰਡਨ ਅਤੇ ਮੰਡਨ ਕਰਦੇ ਹਵਾਲੇ ਉਪਨਿਸ਼ਦਾਂ, ਗੀਤਾ ਅਤੇ ਪੁਰਾਣਾਂ ਵਿਚ ਮਿਲਦੇ ਹਨ। ਇਸ ਦੀ ਪ੍ਰਤਿਨਿਧਤਾ ਕਰਦਾ ਹੋਇਆ ਪ੍ਰਾਮਣਿਕ ਗ੍ਰੰਥ 'ਸਾਂਖਯਕਾਰਿਕਾ' ਹੈ ਜਿਸ ਦਾ ਕਰਤਾ ਈਸ਼ਵਰ ਕ੍ਰਿਸ਼ਨ ਹੈ। ਇਹ ਰਚਨਾ ਸਨ 200 ਦੇ ਨੇੜੇ ਦੀ ਹੈ। ਇਸ ਰਚਨਾ ਅਨੁਸਾਰ ਪਹਿਲਾ ਤੱਤ ਗਿਆਨ ਕਪਿਲ ਰਿਸ਼ੀ ਨੂੰ, ਉਪਰੰਤ ਉਸ ਦੇ ਚੇਲੇ ਆਸੁਰੀ ਨੂੰ, ਫਿਰ ਪੰਚ-ਸ਼ਿਖਾ ਨੂੰ ਅਤੇ ਉਸ ਤੋਂ ਬਾਦ ਵਿਭਿੰਨ ਸ਼ਿਸ਼ਾਂ ਰਾਹੀ ਹੁੰਦਾ ਵੈਸ਼ੇਸ਼ਿਕ ਦਰਸ਼ਨ ਤੱਕ ਪੁੱਜਾ ਹੈ। ਤੱਤਾਂ ਦੀ ਗਿਣਤੀ ਦੱਸਣ ਅਤੇ ਵਿਵੇਕ ਗਿਆਨ ਹਾਸਲ ਕਰਕੇ ਮੁਕਤੀ ਪ੍ਰਾਪਤ ਕਰਨ ਨੂੰ ਇਸਨੂੰ ਸ਼ਾਂਖਯ ਕਿਹਾ ਜਾਂਦਾ ਹੈ। ਇਸ ਮੱਤ ਅਨੁਸਾਰ 25 ਤੱਤ ਮੰਨੇ ਗਏ ਹਨ। ਜਿਸ ਦੀ ਵੀ ਸੱਤਾ ਹੈ ਉਹ ਤੱਤ ਹੈ। ਪੁਰਸ਼ ਅਤੇ ਪ੍ਰਕ੍ਰਿਤੀ ਮੁੱਖ ਤੱਤ ਹਨ। ਇਸ ਵਿਚ ਮੰਨਿਆ ਗਿਆ ਹੈ ਕਿ ਦੁੱਖਾਂ ਤੋਂ ਖਲਾਸੀ ਹੀ ਮੁਕਤੀ ਹੈ। ਜਿਸ ਦਾ ਸਾਧਨ ਵਿਵੇਕ ਗਿਆਨ ਹੈ। ਆਤਮਾ ਦਾ ਪ੍ਰਕਾਸ਼ ਹੀ ਮੁਕਤੀ ਹੈ। ਜਦੋਂ ਤੱਕ ਜੀਵ ਪਿੱਛਲੇ ਜਨਮਾਂ ਦੇ ਕਰਮਾਂ ਦਾ ਫਲ ਨਹੀਂ ਭੋਗ ਲੈਂਦਾ ਉਦੋਂ ਤੱਕ ਉਸ ਨੂੰ ਜੀਵਨ ਮੁਕਤ ਅਵਸਥਾ ਵਿਚ ਰਹਿਣਾ ਪੈਂਦਾ ਹੈ। ਫਲ ਭੋਗ ਕੇ ਪੂਰਨ ਮੁਕਤੀ ਮਿੱਲਦੀ ਹੈ। ਇਹ ਦਰਸ਼ਨ ਈਸ਼ਵਰ ਵਿਚ ਵਿਸ਼ਵਾਸ ਨਹੀਂ ਰੱਖਦਾ।

ਕਿਉਂਕਿ ਈਸ਼ਵਰ ਨੂੰ ਪ੍ਰਮਾਣਿਤ ਨਹੀਂ ਕੀਤਾ ਜਾ ਸਕਦਾ। ਭਾਈ ਗੁਰਦਾਸ ਨੇ ਸ਼ਾਂਖ ਦੇ ਸਿਧਾਂਤ ਨੂੰ ਨਿਚੋੜ ਦੇ ਰੂਪ ਵਿਚ ਇਸ ਪ੍ਰਕਾਰ ਪੇਸ਼ ਕੀਤਾ ਹੈ:

ਕਪਲ ਰਿਖੀਸੁਰਿ ਸਾਂਖਿ ਮਥਿ ਅਥਰਵਣਿ ਵੇਦ ਕੀ ਰਿਚਾ ਸੁਣਾਈ।
ਗਿਆਨ ਮਹਾ ਰਸ ਪੀਅ ਕੇ ਸਿਮਰੇ ਨਿਤ ਅਨਿਤ ਨਿਆਈ।
ਗਿਆਨ ਬਿਨਾ ਨਹਿ ਪਾਈਐ ਜੇ ਕੋਈ ਕੋਟਿ ਜਤਨਿ ਕਰਿ ਧਾਈ।
ਕਰਮਿ ਜੋਗ ਦੇਹੀ ਕਰੇ ਸੋ ਅਨਿਤ ਖਿਨ ਟਿਕੇ ਨ ਰਾਈ।
ਗਿਆਨ ਮਤੇ ਸੁਖ ਊਪਜੇ ਜਨਮ ਮਰਨ ਕਾ ਭਰਮ ਚੁਕਾਈ।
ਗੁਰਮੁਖਿ ਗਿਆਨੀ ਸਹਜਿ ਸਮਾਈ।[9]

4. ਯੋਗ-ਦਰਸ਼ਨ: ਯੋਗ ਸਾਧਨਾ ਨਾਲ ਸੰਬੰਧਿਤ ਨਿਯਮ-ਪ੍ਰਣਾਲੀ ਨੂੰ ਯੋਗ-ਦਰਸ਼ਨ ਕਿਹਾ ਜਾਂਦਾ ਹੈ। ਦਰਸ਼ਨ ਵਿਚ ਆਤਮਾ ਤੇ ਪਰਮਾਤਮਾ ਦੇ ਮੇਲ ਨੂੰ ਯੋਗ ਕਿਹਾ ਜਾਂਦਾ ਹੈ। ਯੋਗ ਦਾ ਇਕ ਅਰਥ ਹੈ-ਯਤਨ। ਸੋ ਯਤਨ ਭਰਪੂਰ ਕੀਤੀ ਸਾਧਨਾ ਨੂੰ 'ਯੋਗ' ਦਾ ਨਾਂ ਦਿੱਤਾ ਜਾਂਦਾ ਹੈ। ਯੋਗ-ਦਰਸ਼ਨ ਵਿਚ ਅਸ਼ਟਾਂਗ ਯੋਗ ਦਾ ਬਹੁਤ ਮਹੱਤਵਪੂਰਨ ਸਥਾਨ ਹੈ। ਇਹ ਹੱਠ ਯੋਗ ਦੇ ਸਮਾਨ ਹੈ। ਤੰਤ੍ਰ-ਗ੍ਰੰਥਾਂ ਵਿਚ ਇਸ ਦੇ ਬੁਨਿਆਦੀ ਆਧਾਰ ਪੇਸ਼ ਹਨ। ਗੋਰਖਨਾਥ ਨੇ ਇਸ ਯੋਗ ਦੀ ਸਥਾਪਨਾ ਕੀਤੀ। ਕਿਤੇ ਕਿਤੇ ਇਹ ਸੁੰਤਤਰ ਰੂਪ ਵਿਚ ਵੀ ਪ੍ਰਚੱਲਿਤ ਹਨ। ਹੱਠ ਯੋਗ ਨੂੰ ਯੋਗ-ਸਾਧਨਾ ਦੀ ਪਹਿਲੀ ਪਉੜੀ ਮੰਨਿਆ ਗਿਆ ਹੈ। ਯੋਗ-ਦਰਸ਼ਨ ਦੀ ਪ੍ਰਾਮਣਿਕ ਰਚਨਾ 'ਯੋਗ ਸੂਤ੍ਰ' ਹੈ। ਇਸ ਦੇ ਚਾਰ ਭਾਗ ਹਨ। ਸਮਾਧੀ ਭਾਗ ਵਿਚ ਯੋਗ ਦੇ ਲੱਛਣ ਤੇ ਸਰੂਪ ਦਾ ਵਰਣਨ ਹੈ। ਸਾਧਨ-ਪਾਦ ਵਿਚ ਅਗਿਆਨ ਕਰਕੇ ਮਿਲਣ ਵਾਲੇ ਕਲੇਸ਼ਾਂ ਤੇ ਦੁੱਖਾਂ ਦਾ ਵਰਣਨ ਹੈ। ਇਨ੍ਹਾਂ ਦੁੱਖਾਂ ਦਾ ਨਾਸ਼ ਕਰਨ ਲਈ ਵਿਵੇਕ ਗਿਆਨ ਦੀ ਲੋੜ ਹੈ ਅਤੇ ਇਹ ਗਿਆਨ ਇਨ੍ਹਾਂ ਸਾਧਨਾਂ ਰਾਹੀਂ ਪ੍ਰਾਪਤ ਕੀਤਾ ਜਾ ਸਕਦਾ ਹੈ: ਯਮ, ਨਿਯਮ, ਆਸਨ, ਪ੍ਰਾਣਾਯਾਮ, ਪ੍ਰਤਯਾਹਾਰ, ਧਾਰਣਾ, ਧਿਆਨ, ਸਮਾਧੀਯੋਗ-ਦਰਸ਼ਨ ਈਸ਼ਵਰ ਤੱਤ ਵਿਚ ਵਿਸ਼ਵਾਸ਼ ਰੱਖਦਾ ਹੈ। ਇਸ ਵਿਚ ਮੰਨਿਆ ਗਿਆ ਹੈ ਕਿ ਈਸ਼ਵਰ ਸਨਾਤਨ, ਪੁਰਸ਼, ਨਿੱਤ, ਪ੍ਰਕ੍ਰਿਤੀ ਤੋਂ ਵੱਖਰਾ ਇੱਕ ਸੁਤੰਤਰ ਤੱਤ ਹੈ। ਉਹ ਅੰਨਤ ਸ਼ਕਤੀਆਂ ਦਾ ਮਾਲਕ ਹੈ। ਜੋ ਸਾਧਕ ਆਪਣੇ ਆਪ ਨੂੰ ਪਰਮੇਸ਼ਰ ਅੱਗੇ ਸਮਰਪਿਤ ਕਰ ਦਿੰਦਾ ਹੈ ਉਸ ਦੀਆਂ ਸਾਰੀਆਂ ਕਠਿਨਾਈਆਂ ਦੂਰ ਹੋ ਜਾਂਦੀਆਂ ਹਨ। ਵਿਵੇਕ ਗਿਆਨ ਦੇ ਪ੍ਰਾਪਤ ਹੋਣ ਤੇ ਜੀਵ ਯੋਗ ਸਾਧਨਾ ਦੁਆਰਾ ਬੰਧਨਾਂ ਤੋਂ ਮੁਕਤੀ ਪ੍ਰਾਪਤ ਕਰਦਾ ਹੈ। ਚਿੱਤ ਨਾਲ ਸੰਜੋਗ ਆਤਮਾ ਦੇ ਬੰਧਨ ਦਾ ਕਾਰਨ ਹੈ। ਵਿਵੇਕ ਗਿਆਨ ਅਤੇ ਯੋਗ ਸਾਧਨਾ ਨਾਲ ਇਹ ਚਿੱਤ-ਵ੍ਰਿਤੀ ਰੁੱਕ ਜਾਂਦੀ ਹੈ। ਜਿਸ ਨਾਲ ਚਿੱਤ ਦਾ ਆਤਮਾ ਨਾਲੋਂ ਸੰਜੋਗ ਟੁੱਟ ਜਾਂਦਾ ਹੈ। ਸੋ ਇਸ ਦਰਸ਼ਨ ਦੁਆਰਾ ਅਸ਼ਟਾਂਗ ਰਾਹੀਂ ਕਲੇਸ਼ ਖ਼ਤਮ ਕੀਤੇ ਜਾ ਸਕਦੇ ਹਨ ਜਿਸ ਨਾਲ ਸਮਾਧੀ ਦੀ ਅਵਸਥਾ ਹਾਸਲ ਕੀਤੀ ਜਾ ਸਕਦੀ ਹੈ ਅਤੇ ਇਹੋ ਯੋਗ ਸਿੱਧੀ ਦਾ ਉਦੇਸ਼ ਹੈ।

5. ਪੂਰਵ-ਮੀਮਾਂਸਾ ਦਰਸ਼ਨ: ਇਸ ਦਰਸ਼ਨ ਦਾ ਮੋਢੀ ਜੈਮਿਨੀ ਹੈ। ਜੈਮਿਨੀ ਬਾਦਰਾਯਣ ਦਾ ਸਮਕਾਲੀ ਸੀ। ਜੈਮਿਨੀ ਨੇ ਮੀਮਾਂਸਾ ਵਿਚ ਵੇਦ ਅੰਦਰ ਕਰਮ-ਕਾਂਡ ਦਾ ਖੰਡਨ ਕੀਤਾ ਅਤੇ ਬਾਦਰਾਯਣ ਨੇ ਬ੍ਰਹਮ ਸੂਤ੍ਰ ਵਿਚ ਗਿਆਨ ਕਾਂਡ ਦੀ ਮਹਾਨਤਾ ਤੇ ਬੱਲ ਦਿੱਤਾ। ਇਹ ਦੋਵੇਂ ਵਿਦਵਾਨ ਵੇਦ ਅੰਦਰ ਕਰਮ ਅਤੇ ਗਿਆਨ ਸੰਬੰਧੀ ਇਕ ਦੂਜੇ ਦਾ ਵਿਰੋਧ ਕਰ ਰਹੇ ਸਨ। ਇਸੇ ਲਈ ਦੋਹਾਂ ਦੇ ਗ੍ਰੰਥ ਮੀਮਾਂਸਾ ਨਾਲ ਪ੍ਰਸਿੱਧ ਹੋਏ। ਜੈਮਿਨੀ ਦੀ ਰਚਨਾ ਪਹਿਲਾ ਰਚੀ ਹੋਣ ਕਰਕੇ ਪੂਰਵ ਮੀਮਾਂਸਾ ਅਤੇ ਬਾਦਰਾਯਣ ਦੀ ਬ੍ਰਹਮ ਸੂਤ੍ਰ ਬਾਦ ਵਿਚ ਰਚੀ ਹੋਣ ਕਰਕੇ 'ਉੱਤਰ ਮੀਮਾਂਸਾ' ਕਹਿਲਾਈ। ਇਸ ਦਰਸ਼ਨ ਦਾ ਮੂਲ ਆਧਾਰ ਵੈਦਿਕ ਕਰਮ-ਕਾਂਡ ਦਾ ਦਲ਼ੀਲ ਪੂਰਵਕ ਵਿਸ਼ਲੇਸ਼ਣ ਕਰਨਾ ਹੈ। ਵੇਦ ਦੈਵੀ ਬਾਣੀ ਹੈ ਅਤੇ ਇਨ੍ਹਾਂ ਨੂੰ ਪ੍ਰਕਾਸ਼ ਵਿਚ ਲਿਆਉਣ ਵਾਲੇ ਰਿਸ਼ੀ ਹਨ। ਵੇਦ ਗਿਆਨ ਅਤੇ ਧਰਮ ਦਾ ਸ੍ਰੋਤ ਹਨ। ਵੇਦ ਵਿਚ ਪੇਸ਼ ਅਧਰਮ ਤੋਂ ਦੂਰ ਰਹਿਣਾ ਚਾਹੀਦਾ ਹੈ।ਇਸ ਮੱਤ ਅਨੁਸਾਰ ਆਤਮਾ ਨਿੱਤ ਹੈ ਅਤੇ ਇਸ ਦਾ ਨਾਸ਼ ਨਹੀਂ ਹੋ ਸਕਦਾ। ਸਵਰਗ ਦੀ ਪ੍ਰਾਪਤੀ ਲਈ ਧਰਮ ਦਾ ਅਨੁਸਰਨ ਕਰਨਾ ਬਹੁਤ ਜਰੂਰੀ ਹੈ। ਜਗਤ ਅਨਾਦਿ ਅਤੇ ਅਨੰਤ ਹੈ। ਸੰਸਾਰਿਕ ਵਸਤੂਆਂ ਦਾ ਨਿਰਮਾਣ ਆਤਮਾਵਾਂ ਦੇ ਕਿਰਤ ਕਰਮਾਂ ਅਨੁਸਾਰ ਭੌਤਿਕ ਤੱਤਵਾਂ ਨਾਲ ਮਿੱਲ ਕੇ ਹੁੰਦਾ ਹੈ। ਇਸ ਤਰ੍ਹਾਂ ਇਹ ਮੱਤ ਆਤਮਾਵਾਂ ਦੀ ਹੋਂਦ ਨੂੰ ਮੰਨਦਾ ਹੈ ਪਰ ਜਗਤ ਦੇ ਕਿਸੇ ਰਚਨਹਾਰ ਜਾਂ ਕਰਤਾ ਦੀ ਹੋਂਦ ਨੂੰ ਨਹੀਂ ਮੰਨਦਾ।
6. ਵੇਦਾਂਤ ਦਰਸ਼ਨ: ਇਸ ਦਰਸ਼ਨ ਨੂੰ ਉੱਤਰ ਮੀਮਾਂਸਾ ਵੀ ਕਿਹਾ ਜਾਂਦਾ ਹੈ। ਬਾਦਰਾਯਣ ਇਸ ਦਰਸ਼ਨ ਦਾ ਸੰਸਥਾਪਕ ਹੈ। ਇਸ ਦਾ ਮੂਲ ਆਧਾਰ ਉਪਨਿਸ਼ਦ ਹੈ। ਉਪਨਿਸ਼ਦਾਂ ਵਿਚ ਵੈਦਿਕ ਵਿਚਾਰਧਾਰਾ ਆਪਣੇ ਸਿਖਰਾਂ ਤੇ ਸੀ।ਬਾਦਰਾਯਣ ਨੇ ਵੇਦਾਂਤ ਦੇ ਮੂਲ ਸਿਧਾਂਤਾਂ ਨੂੰ 'ਬ੍ਰਹਮ ਸੂਤ੍ਰ' ਵਿਚ ਸੰਕਲਿਤ ਕੀਤਾ ਹੈ। ਇਹ ਦਰਸ਼ਨ ਸਰੀਰ ਅੰਦਰ ਸਥਿਤ ਅਵਿਨਾਸ਼ੀ ਆਤਮਾ ਤੇ ਆਧਾਰਿਤ ਹੈ ਇਸ ਲਈ ਇਸ ਨੂੰ ਸਰੀਰਿਕ ਮੀਮਾਂਸਾਵੀ ਕਿਹਾ ਜਾਂਦਾ ਹੈ। ਜੈਮਿਨੀ ਨੇ ਜਿੱਥੇ ਵੇਦਾਂ ਨੂੰ ਕਰਮ ਪ੍ਰਧਾਨ ਮੰਨ ਕੇ ਪੂਰਵ ਮੀਮਾਂਸਾ ਰਚਿਆ ਉੱਥੇ ਬਾਦਰਾਯਣ ਨੇ ਵੇਦਾਂ ਨੂੰ ਗਿਆਨ ਪ੍ਰਧਾਨ ਮੰਨ ਕੇ ਉੱਤਰ ਮੀਮਾਂਸਾ ਦੀ ਰਚਨਾ ਰਚੀ। ਵੇਦਾਂਤ ਦਾ ਮੂਲ ਵਿਸ਼ਾ ਬ੍ਰਹਮ ਹੈ। ਬ੍ਰਹਮ ਸੰਬੰਧੀ ਉਨ੍ਹਾਂ ਦੀ ਮੂਲ ਬਿਰਤੀ ਅਦਵੈਤਵਾਦੀ ਹੈ। ਬ੍ਰਹਮਸੂਤ੍ਰ ਦੇ ਮੰਤਰਾਂ ਦੀ ਵਿਆਖਿਆ ਵੱਖ ਵੱਖ ਆਚਾਰੀਆਂ ਨੇ ਆਪਣੇ ਆਪਣੇ ਢੰਗ ਨਾਲ ਕੀਤੀ। ਇਨ੍ਹਾਂ ਵਿਚੋਂ ਸ਼ੰਕਰਾਚਾਰਯ ਅਤੇ ਰਾਮਾਨੁਜਚਾਰਯ ਉਲੇਖਯੋਗ ਹਨ। ਸ਼ੰਕਰਾਚਾਰਯ ਦੀ ਧਾਰਨਾ ਹੈ ਕਿ ਬ੍ਰਹਮ ਇਕ ਮਾਤ੍ਰ ਸਤਿ ਹੈ। ਈਸ਼ਵਰ ਤੋਂ ਬਿਨਾਂ ਹੋਰ ਕੋਈ ਸੱਤਾ ਨਹੀਂ ਹੈ। ਸ਼ੰਕਰਾਚਾਰਯ ਵਿਵਹਾਰਿਕ ਦ੍ਰਿਸ਼ਟੀ ਤੋਂ ਪਰਮਾਤਮਾ ਬਾਰੇ ਸਪਸ਼ਟ ਕਰਦੇ ਹਨ ਕਿ ਪਰਮਾਤਮਾ ਸਰਵ-ਸ਼ਕਤੀਮਾਨ ਹੈ ਸੰਸਾਰ ਦਾ ਰੱਖਿਅਕ ਅਤੇ ਸੰਘਾਰਕ ਹੈ। ਸਰਗੁਣ ਬ੍ਰਹਮ ਦਾ ਸੰਕਲਪ ਇਸੇ ਦਾ ਵਿਸਥਾਰ ਹੈ। ਪਰਮਾਰਥਿਕ ਦ੍ਰਿਸ਼ਟੀ ਤੋਂ ਸ਼ੰਕਰਾਚਾਰਯ ਸਪਸ਼ਟ ਕਰਦੇ ਹਨ ਕਿ ਗਿਆਨਵਾਨ ਲੋਕ ਈਸ਼ਵਰ ਤੋਂ ਬਿਨਾਂ ਹੋਰ ਕੋਈ ਸ਼ਕਤੀ ਨਹੀਂ ਮੰਨਦੇ ਅਤੇ ਸੰਸਾਰ ਉਨਾਂ ਲਈ ਮਾਯਾਵੀ ਜਾਂ ਮਿਥਕ ਹੈ। ਇਸ ਦਿਸ਼ਟੀ ਤੋਂ ਨਿਰਗੁਣ ਬ੍ਰਹਮ ਦੀ ਹੋਂਦ ਸਾਮ੍ਹਣੇ ਆਉਂਦੀ ਹੈ ਅਤੇ ਸਾਰਾ ਸੰਸਾਰ ਭਾਂਤੀਮੂਲਕ ਜਾਪਦਾ ਹੈ ਜਿਸ ਵਿਚ ਆਤਮਾ ਤੇ ਬ੍ਰਹਮ ਵਿਚ ਕੋਈ ਭੇਦ ਨਹੀਂ ਰਹਿ ਜਾਂਦਾ। ਮਨੁੱਖ ਨੂੰ ਅਵਿਦਿਆ ਨੂੰ ਦੂਰ ਕਰਨ ਲਈ ਮਨ-ਇੰਦਰੀਆਂ ਨੂੰ ਕੰਟਰੋਲ ਵਿਚ ਰੱਖਣਾ ਪੈਂਦਾ ਹੈ। ਸੰਸਾਰਿਕ ਵਸਤੂਆਂ ਪ੍ਰਤੀ ਵੈਰਾਗ ਦੀ ਭਾਵਨਾ ਵਿਕਸਿਤ ਕਰਦੇ ਹੋਏ ਸੰਸਾਰ

ਤੋਂ ਵਿਰਕਤ ਰਹਿਣਾ ਹੁੰਦਾ ਹੈ। ਇਸ ਤਰ੍ਹਾਂ ਆਤਮਾ ਦੇ ਦੁੱਖਾਂ ਦਾ ਅੰਤ ਹੋ ਜਾਂਦਾ ਹੈ ਆਤਮਾ ਮੁਕਤ ਹੋ ਜਾਂਦੀ ਹੈ ਅਤੇ ਉਪਰੰਤ ਬ੍ਰਹਮ ਵਾਂਗ ਆਨੰਦ-ਸਰੂਪੀ ਜਾਂ ਬ੍ਰਹਮ-ਸਰੂਪੀ ਹੋ ਜਾਂਦੀ ਹੈ। ਸ਼ੰਕਰਾਚਾਰਯ ਨੇ ਇਸ ਸਿਧਾਂਤ ਨੂੰ ਅਦਵੈਤਵਾਦ ਕਿਹਾ ਹੈ।

ਰਾਮਾਨੁਜਚਾਰੀਆ ਨੇ ਇਸ ਦੀ ਆਪਣੇ ਢੰਗ ਨਾਲ ਵਿਆਖਿਆ ਕੀਤੀ। ਉਸ ਅਨੁਸਾਰ ਈਸ਼ਵਰ ਸਰਵੱਗ ਅਤੇ ਸਰਵ-ਸ਼ਕਤੀਮਾਨ ਹੈ। ਈਸ਼ਵਰ ਨੇ ਸੰਸਾਰ ਦੀ ਉਤਪਤੀ ਅਤੇ ਸਿਰਜਨਾ ਕੀਤੀ ਹੈ। ਕਰਮਾਂ ਅਨੁਸਾਰ ਹਰ ਆਤਮਾ ਨੂੰ ਸਰੀਰ ਧਾਰਨ ਕਰਨਾ ਪੈਂਦਾ ਹੈ। ਆਤਮਾ ਦਾ ਸਰੀਰ ਨਾਲੋਂ ਵਖਰੇਵਾਂ ਮੋਕਸ਼ ਕਹਿਲਾਉਂਦਾ ਹੈ। ਕਰਮ ਬੰਧਨ ਦਾ ਕਾਰਨ ਹਨ। ਇਸ ਅਵਸਥਾ ਵਿਚ ਆਤਮਾ ਆਪਣੇ ਸਰੂਪ ਨੂੰ ਪਛਾਣ ਨਹੀਂ ਸਕਦੀ। ਉਹ ਸਰੀਰ ਨੂੰ ਆਪਣਾ ਸਰੂਪ ਸਮਝਦੀ ਹੈ। ਸਰੀਰਿਕ ਲੋਭਾਂ-ਲਾਲਸਾਵਾਂ ਤੇ ਵਿਸ਼ੇ-ਵਿਕਾਰਾਂ ਕਾਰਨ ਆਤਮਾ ਮੁੜ ਮੁੜ ਜਨਮ ਲੈਂਦੀ ਹੈ। ਵੇਦਾਂਤ ਦਰਸ਼ਨ ਰਾਹੀਂ ਆਤਮਾ ਨੂੰ ਗਿਆਨ ਹੁੰਦਾ ਹੈ ਕਿ ਆਤਮਾ ਸਰੀਰ ਤੋਂ ਵੱਖ ਹੈ ਅਤੇ ਈਸ਼ਵਰ ਦਾ ਅੰਸ਼ ਹੈ। ਪ੍ਰੇਮ ਪੂਰਵਕ ਭਗਤੀ ਕਰਨ ਨਾਲ ਈਸ਼ਵਰ ਪ੍ਰਸੰਨ ਹੋ ਜਾਂਦਾ ਹੈ ਅਤੇ ਭਗਤ ਦੇ ਬੰਧਨ ਕੱਟ ਕੇ ਉਸ ਨੂੰ ਮੁਕਤ ਕਰ ਦਿੰਦਾ ਹੈ। ਜਨਮ ਮਰਨ ਦਾ ਗੇੜ ਖ਼ਤਮ ਹੋ ਜਾਂਦਾ ਹੈ। ਇਸੇ ਤਰ੍ਹਾਂ ਰਾਮਾਨੁਜਚਾਰੀਆ ਅਤੇ ਆਚਾਰਯ ਨਿੰਬਾਰਕ ਦੀਆਂ ਧਾਰਨਾਵਾਂ ਆਉਂਦੀਆਂ ਹਨ।

ਰਾਮਾਇਣ: ਰਿਸ਼ੀ ਬਾਲਮੀਕੀ ਦੁਆਰਾ ਸੰਸਕ੍ਰਿਤ ਭਾਸ਼ਾ ਵਿਚ ਰਚੇ ਮਹਾਂਕਾਵਿ 'ਰਾਮਾਇਣ' ਨੂੰ ਸਮੁੱਚੇ ਭਾਰਤੀ ਸਭਿਆਚਾਰ ਤੇ ਸਾਹਿਤ ਦਾ ਅਨਮੋਲ ਵਿਰਸਾ ਹੋਣ ਦਾ ਮਾਣ ਹਾਸਲ ਹੈ। ਇਸ ਵਿਚ ਸ੍ਰੀ ਰਾਮ ਦੀ ਪਵਿੱਤਰ ਕਥਾ ਦਾ ਵਰਣਨ ਹੈ। ਇਹ ਇਕ ਐਸੀ ਰਚਨਾ ਹੈ ਜਿਸ ਤੋਂ ਪ੍ਰੇਰਣਾ ਲੈ ਕੇ ਵੱਖ-ਵੱਖ ਭਾਸ਼ਾਵਾਂ ਵਿਚ ਰਾਮ-ਚਰਿਤ੍ਰ ਨਾਲ ਸੰਬੰਧਿਤ ਸੈਂਕੜੇ ਰਚਨਾਵਾਂ ਰਚੀਆਂ ਗਈਆਂ ਹਨ। ਰਾਮਾਇਣ ਪੁਰਾਣਾਂ ਤੋਂ ਵੀ ਪ੍ਰਾਚੀਨ ਹੈ ਕਿਉਂਕਿ ਰਾਮ ਚਰਿਤਰ ਨਾਲ ਸੰਬੰਧਿਤ ਅਨੇਕਾਂ ਪ੍ਰਸੰਗ ਮਹਾਂਭਾਰਤ ਤੇ ਪੁਰਾਣਾਂ ਵਿਚ ਮਿਲਦੇ ਹਨ। ਇਸ ਦੀ ਰਚਨਾ ਬਾਲਮੀਕੀ ਨੇ ਤਮਸਾ ਨਦੀ ਦੇ ਕੰਢੇ ਕੀਤੀ ਸੀ। ਬਾਲਮੀਕੀ ਰਾਮਾਇਣ ਨੂੰ ਸੱਤ ਕਾਂਡਾਂ ਵਿਚ ਵੰਡਿਆ ਗਿਆ ਹੈ। ਇਨ੍ਹਾਂ ਸੱਤ ਕਾਂਡਾਂ ਵਿਚ 24000 ਸਲੋਕ ਹਨ ਅਤੇ 500 ਤੋਂ ਵੱਧ ਸਰਗ ਹਨ। ਰਾਮਾਇਣ ਤੋਂ ਬਾਦ ਰਾਮ-ਕਾਵਿ ਦੀ ਪਰਪੰਰਾ ਵਿਕਸਿਤ ਹੋਈ। ਸੰਸਕ੍ਰਿਤ ਦੇ ਕਈ ਮਹਾਨ ਗ੍ਰੰਥ, ਮਹਾਂਕਾਵਿ, ਖੰਡਕਾਵਿ ਆਦਿ ਇਸ ਤੇ ਆਧਾਰਿਤ ਹਨ। ਹਿੰਦੀ ਵਿਚ ਤੁਲਸੀਦਾਸ ਦੀ ਰਚਨਾ 'ਰਾਮ-ਚਰਿਤ-ਮਾਨਸ' ਇਕ ਮਹਾਨ ਅਤੇ ਸ੍ਰੇਸ਼ਠ ਮਹਾਂਕਾਵਿ ਵਜੋਂ ਪ੍ਰਮਾਣਿਤ ਹੋਈ ਹੈ।

ਮਹਾਂਭਾਰਤ: ਮਹਾਂਭਾਰਤ ਵੀ ਭਾਰਤੀ ਸਭਿਆਚਾਰ ਤੇ ਵਿਰਸੇ ਨੂੰ ਰੂਪਮਾਨ ਕਰਨ ਵਾਲਾ ਗੌਰਵਸ਼ਾਲੀ ਗ੍ਰੰਥ ਹੈ; ਜਿਸ ਵਿਚ ਹਿੰਦੂ ਧਰਮ ਨੂੰ ਬੜੇ ਵਿਸਤ੍ਰਿਤ ਰੂਪ ਵਿਚ ਸਾਕਾਰ ਕੀਤਾ ਗਿਆ ਹੈ। ਇਹ ਗੰਥ ਗਿਆਨ ਦਾ ਸਾਗਰ ਹੈ। ਇਸ ਗ੍ਰੰਥ ਵਿਚ ਨਾ ਕੇਵਲ ਹਿੰਦੂ ਦਰਸ਼ਨ ਅਤੇ ਫ਼ਿਲਾਸਫ਼ੀ ਨੂੰ ਸਮੇਟ ਦਿੱਤਾ ਗਿਆ ਹੈ ਬਲਕਿ ਇਹ ਗ੍ਰੰਥ ਭਾਰਤ ਦੇ ਇਤਿਹਾਸ, ਧਰਮ, ਰਾਜਨੀਤੀ, ਸਮਾਜ ਆਦਿ ਦੇ ਵਿਸ਼ਵਕੋਸ਼ ਦੀ ਭੂਮਿਕਾ ਨਿਭਾਉਂਦਾ ਹੈ। ਰਿਸ਼ੀ ਵਿਆਸ ਨੂੰ ਇਸ ਦਾ ਕਰਤਾ ਮੰਨਿਆ ਜਾਂਦਾ ਹੈ ਪਰ ਇਸ ਸੰਬੰਧੀ ਵਿਦਵਾਨਾਂ ਵਿਚ ਮੱਤ ਭੇਦ ਹੈ। ਇਸ ਵਿਚ 18 ਪਰਵ ਅਤੇ ਇਕ ਲੱਖ ਸ਼ਲੋਕ ਹਨ। ਇਸ ਦਾ ਵਰਤਮਾਨ ਸਰੂਪ ਡੇਢ ਹਜ਼ਾਰ ਸਾਲ ਪੁਰਾਣਾ ਹੈ ਅਤੇ ਅਨੇਕਾਂ ਸਦੀਆਂ ਤੋਂ ਵਿਕਸਿਤ ਹੁੰਦਾ

ਚਲਿਆ ਆਇਆ ਹੈ। ਕੌਰਵਾਂ ਪਾਂਡਵਾਂ ਸੰਬੰਧੀ ਪ੍ਰਾਚੀਨ ਕਾਲ ਤੋਂ ਜੋ ਧਾਰਨਾਵਾਂ ਤੇ ਮਾਨਤਾਵਾਂ ਪ੍ਰਚਲਿਤ ਸਨ ਉਸੇ ਨੂੰ ਰਿਸ਼ੀ ਵਿਆਸ ਨੇ ਸੰਯੋਜਿਤ ਕੀਤਾ ਹੈ। ਮਹਾਂਭਾਰਤ ਵਿਚ ਕਰਮਾਂ ਤੇ ਆਧਾਰਿਤ ਵਿਚਾਰਧਾਰਾ ਨੂੰ ਹੇਠ ਲਿਖੀਆਂ ਸਤਰਾਂ ਤੋਂ ਸਮਝਿਆ ਜਾ ਸਕਦਾ ਹੈ:

'ਆਪਣੇ ਪੂਰਬਲੇ ਜਨਮਾਂ ਵਿਚ ਕੀਤੇ ਗਏ ਕਰਮਾਂ ਦਾ ਫਲ, ਸਿਆਣੇ ਤੇ ਮੂਰਖ, ਬਹਾਦਰ ਤੇ ਬੁਜ਼ਦਿਲ, ਸਭ ਲੋਕਾਂ ਨੂੰ ਭੁਗਤਣਾ ਪੈਂਦਾ ਹੈ। ਇਸੇ ਕਾਰਣ ਮਨੁੱਖਾਂ ਦੇ ਜੀਵਨ ਵਿਚ ਲਗਾਤਾਰ ਹਰਖ ਤੇ ਸੋਗ, ਸੁਖਾਵੀਆਂ ਤੇ ਅਣਸੁਖਾਵੀਆਂ ਘਟਨਾਵਾਂ ਦਾ ਚੱਕਰ ਚਲਦਾ ਰਹਿੰਦਾ ਹੈ।'[10]

'ਉਹ ਲੋਕ ਜੋ ਧਰਮ ਤੇ ਨਹੀਂ ਚਲਦੇ, ਮਨੁੱਖ ਜਾਤੀ ਵਿਚ ਇਤਨੇ ਹੀ ਮਾੜੇ ਹਨ ਜਿਤਨੇ ਖੇਤ ਵਿਚ ਉਹ ਬੂਟੇ ਜਿਨ੍ਹਾਂ ਨੂੰ ਦਾਣੇ ਨਹੀਂ ਪੈਂਦੇ ਜਾਂ ਜਿਵੇਂ ਪੰਖੇਰੂਆਂ ਵਿਚ ਮੱਛਰ। ਜਿਵੇਂ ਇਕ ਬੱਛੜਾ ਇਕ ਹਜ਼ਾਰ ਗਊਆਂ ਦੇ ਵੱਗ ਵਿਚ ਵੀ ਆਪਣੀ ਮਾਂ ਨੂੰ ਪਛਾਣ ਕੇ ਉਸ ਪਾਸ ਚਲਾ ਜਾਂਦਾ ਹੈ, ਇਸੇ ਤਰ੍ਹਾਂ ਸਾਡੇ ਪੂਰਬਲੇ ਜੀਵਨ ਦੇ ਕਰਮ ਸਾਡੇ ਨਵੇਂ ਜੀਵਨ ਵਿਚ ਸਾਨੂੰ ਪਛਾਣ ਲੈਂਦੇ ਹਨ ਤੇ ਉਨ੍ਹਾਂ ਦਾ ਫਲ ਸਾਨੂੰ ਭੁਗਤਣਾ ਪੈਂਦਾ ਹੈ।'[11]

ਗੀਤਾ: ਗੀਤਾ ਦੇ ਰਚਨ ਕਾਲ ਬਾਰੇ ਵਿਦਵਾਨਾਂ ਵਿਚ ਮੱਤ-ਭੇਦ ਹੈ ਪਰ ਪਰੰਪਰਾਗਤ ਮਾਨਤਾ ਅਨੁਸਾਰ ਇਸ ਦੀ ਰਚਨਾ ਮਹਾਂਭਾਰਤ ਦੇ ਨਾਲ ਹੋਈ ਮੰਨੀ ਜਾਂਦੀ ਹੈ। ਗੀਤਾ ਨੂੰ ਮਹਾਂਭਾਰਤ ਦੀ ਮਹਾਨ ਪ੍ਰਾਪਤੀ ਮੰਨਿਆ ਜਾਂਦਾ ਹੈ। ਮਹਾਂਭਾਰਤ ਦੇ ਯੁੱਧ ਸਮੇਂ ਸ੍ਰੀ ਕ੍ਰਿਸ਼ਨ ਨੇ ਅਰਜਨ ਦਾ ਮੋਹ ਤੋੜਨ ਲਈ ਜੋ ਉਪਦੇਸ਼ ਦਿੱਤਾ, ਉਹ 'ਗੀਤਾ' ਦੇ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ। ਇਹ ਮਹਾਂਭਾਰਤ ਦੇ ਭੀਸ਼ਮ-ਪਰਵ ਵਿਚ ਦਰਜ ਹੈ। ਇਸ ਨੂੰ 18 ਅਧਿਆਇ ਅਤੇ 700 ਸਲੋਕਾਂ ਵਿਚ ਵੰਡਿਆ ਗਿਆ ਹੈ। ਇਹ ਰਚਨਾ ਹਿੰਦੂ ਧਰਮ ਅਤੇ ਦਰਸ਼ਨ ਦੀ ਬੁਨਿਆਦ ਹੈ। ਸਮੁੱਚੇ ਭਾਰਤੀ ਧਰਮਾਂ ਤੇ ਇਸ ਦਾ ਪ੍ਰਭਾਵ ਹੈ। ਇਸ ਦਾ ਬਹੁਤ ਭਾਸ਼ਾਵਾਂ ਵਿਚ ਅਨੁਵਾਦ ਹੋਇਆ। ਇਸ ਵਿਚ ਮੁਕਤੀ ਦੇ ਤਿੰਨ ਸਾਧਨ-ਗਿਆਨ ਮਾਰਗ, ਕਰਮ ਮਾਰਗ ਅਤੇ ਭਗਤੀ ਮਾਰਗ ਦਾ ਵਿਸਥਾਰ ਵਿਚ ਵਰਣਨ ਹੈ। ਇਸ ਗ੍ਰੰਥ ਦੀ ਮੁੱਖ ਵਿਸ਼ਿਸ਼ਟਤਾ ਇਸੇ ਵਿਚ ਹੈ ਕਿ ਇਹ ਗ੍ਰੰਥ ਵਿਚਾਰਧਾਰਕ ਪਰੰਪਰਾ ਤੋਂ ਹੱਟ ਕੇ ਉਸਾਰੂ ਜੀਵਨ ਸੇਧ ਪੇਸ਼ ਕਰਦਾ ਹੈ। ਕੇਵਲ ਗ੍ਰਹਿਸਥ ਦਾ ਤਿਆਗ ਕਰਕੇ ਸੰਨਿਆਸ ਧਾਰਨ ਕਰਨ ਨਾਲ ਹੀ ਮੁਕਤੀ ਨਹੀਂ ਬਲਕਿ ਗ੍ਰਹਿਸਥ ਵਿਚ ਵਿਚਰਦਿਆਂ ਹੋਇਆਂ ਭਗਤੀ ਕਰਦਿਆ ਵੀ ਮੋਕਸ਼ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ।

ਭਗਵਤ ਗੀਤਾ ਵਿਚ ਗਿਆਨ ਮਾਰਗ ਦਾ ਇਹ ਸੂਤਰ ਵਿਚਾਰਨਯੋਗ ਹੈ:

> 'ਕੇਵਲ ਨਿਸਚੇ ਤੇ ਸ਼ਰਧਾ ਵਾਲਾ ਪੁਰਸ਼ ਹੀ ਤੱਤ (ਗਿਆਨ) ਪ੍ਰਾਪਤ ਕਰ ਸਕਦਾ ਹੈ। ਉਹ ਪੁਰਸ਼ ਜਿਹੜਾ ਇਸ ਨੂੰ ਪ੍ਰਾਪਤ ਕਰਨ ਤੇ ਤੁਲਿਆ ਹੋਇਆ ਹੈ ਤੇ ਜਿਸ ਨੂੰ ਆਪਣੀਆਂ ਇੰਦਰੀਆਂ ਤੇ ਕਾਬੂ ਹੈ, ਗਿਆਨ ਦੀ ਪ੍ਰਾਪਤੀ ਕਰਨ ਮਗਰੋਂ ਉਹ ਛੇਤੀ ਹੀ ਪੂਰਨ ਸ਼ਾਂਤੀ ਪ੍ਰਾਪਤ ਕਰ ਲੈਂਦਾ ਹੈ।'[12]

ਰੱਬੀ ਤੇ ਅਸੁਰੀ ਮਨੁੱਖ ਦੇ ਲੱਛਣਾਂ ਬਾਰੇ ਗੀਤਾ ਵਿਚ ਜ਼ਿਕਰ ਆਉਂਦਾ ਹੈ:

> 'ਨਿਰਭੈਤਾ, ਚਿਤਸ਼ੁੱਧੀ, ਯੋਗ ਵਿਚ ਦ੍ਰਿੜਤਾ ਤੇ ਇਕਾਗਰਤਾ, ਦਾਨ, ਸਵੈ-ਕਾਬੂ, ਯਗ, ਧਰਮ-ਗ੍ਰੰਥਾਂ ਦਾ ਅਧਿਐਨ, ਤਪ, ਸਰਲਤਾ, ਅਹਿੰਸਾ, ਸੱਚਾਈ, ਕ੍ਰੋਧ ਦੀ ਅਣਹੋਂਦ, ਸ਼ਾਂਤੀ, ਨਿੰਦਾ ਚੁਗਲੀ ਨਾ ਕਰਨਾ, ਜੀਵਾਂ ਤੇ ਤਰਸ ਕਰਨਾ, ਲਾਲਚ ਤੋਂ ਮੁਕਤੀ, ਸੁਭਾਅ ਦੀ ਨਰਮੀ, ਸ਼ਰਮਸਾਰੀ, ਮਾਫ਼ ਕਰ ਦੇਣਾ, ਸਹਿ ਜਾਣਾ, ਹੰਕਾਰ

ਤੇ ਕੀਨੇ ਤੋਂ ਖ਼ਾਲੀ ਹੋਣਾ, ਹੇ ਭਾਰਤ! ਇਹ ਉਸ ਸੁਰੀ ਪੁਰਸ਼ ਦੇ ਗੁਣ ਹਨ ਜਿਹੜਾ ਰੱਬੀ ਬਖਸ਼ਿਸ਼ਾਂ ਲੈ ਕੇ ਆਇਆ ਹੈ। ਜ਼ਾਹਰਦਾਰੀ ਜਾਂ ਪਾਖੰਡ, ਹੰਕਾਰ, ਹਉਮੈ, ਕ੍ਰੋਧ, ਭੱਦਾਪਨ, ਅਗਿਆਨਤਾ, ਇਹ ਲੱਛਣ ਉਸ ਅਸੁਰੀ ਮਨੁੱਖ ਦੇ ਹਨ ਜਿਹੜਾ ਸ਼ੈਤਾਨੀ ਵਿਰਸਾ ਲੈ ਕੇ ਆਇਆ ਹੈ। ਕਾਮ, ਕ੍ਰੋਧ, ਤੇ ਲੋਭ ਨਰਕ ਦੇ ਦਰਵਾਜੇ ਹਨ ਜਿਹੜੇ ਮਨੁੱਖ ਨੂੰ ਮੁਕੰਮਲ ਬਰਬਾਦੀ ਵੱਲ ਲੈ ਜਾਂਦੇ ਹਨ। ਇਸ ਲਈ ਇਨ੍ਹਾਂ ਤਿੰਨਾਂ ਤੋਂ ਬਚਣਾ ਚਾਹੀਦਾ ਹੈ।'[13]

ਪੁਰਾਣ: ਪੁਰਾਣ ਹਿੰਦੂ ਸਾਹਿਤ ਦਾ ਅਨਮੋਲ ਅੰਗ ਹੈ। 'ਨਿਰੁਕਤਕਾਰ ਯਾਸਕਾਚਾਰਯ ਅਨੁਸਾਰ ਪੁਰਾਣ ਤੋਂ ਭਾਵ ਹੈ ਜੋ ਪਹਿਲਾਂ ਕਦੀ ਨਵਾਂ ਰਿਹਾ ਹੋਵੇ। 'ਮਤਸਯ ਪੁਰਾਣ' (53/62) ਅਨੁਸਾਰ ਪ੍ਰਾਚੀਨ ਘਟਨਾਵਾਂ ਦਾ ਵੇਰਵਾ ਜੁਟਾਉਣ ਵਾਲਾ ਗ੍ਰੰਥ ਪੁਰਾਣ ਹੈ। ਡਾ. ਵਿੰਦਰਨਿਟਸ ਅਤੇ ਡਾ. ਪੁਸਲਕਾਰ ਵਰਗੇ ਵਿਦਵਾਨਾਂ ਨੇ 'ਪੁਰਾਣ' ਸ਼ਬਦ ਨੂੰ ਪੁਰਾਣੇ ਆਖਿਆਨਾਂ ਦਾ ਸੂਚਕ ਮੰਨਿਆ ਹੈ। ਇਸ ਤਰ੍ਹਾਂ ਪੁਰਾਣ ਸਾਹਿਤ ਤੋਂ ਭਾਵ ਹੈ ਉਹ ਰਚਨਾਵਾਂ ਜਿਸ ਵਿਚ ਪੁਰਾਤਨ ਕਥਾਵਾਂ, ਘਟਨਾਵਾਂ ਅਤੇ ਆਖਿਆਨ ਸੰਕਲਿਤ ਹੋਣ। ਪਰ ਹੌਲੀ ਹੌਲੀ ਇਹ ਸ਼ਬਦ ਵਰਤਮਾਨ ਪੁਰਾਣ ਗ੍ਰੰਥਾਂ ਲਈ ਰੂੜ ਹੋ ਗਿਆ।'[14] ਪੁਰਾਣਾਂ ਦੀ ਗਿਣਤੀ ਆਮ ਤੌਰ ਤੇ 18 ਮੰਨੀ ਗਈ ਹੈ ਇਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ: ਬ੍ਰਹਮ, ਪਦਮ, ਵਿਸ਼ਨੂੰ, ਸ਼ਿਵ, ਭਾਗਵਤ, ਨਾਰਦ, ਮਾਰਕੰਡਯ, ਅਗਨੀ, ਭਵਿਸ਼ਯ, ਬ੍ਰਹਮ-ਵੈਵਰਤ, ਲਿੰਗ, ਵਾਰਾਹ, ਸਕੰਦ, ਵਾਮਨ, ਕੂਰਮ, ਮਤਸਯ, ਗਰੁੜ, ਬ੍ਰਹਮਾਂਡ। ਇਨਾਂ 18 ਪੁਰਾਣਾਂ ਤੋਂ ਇਲਾਵਾਂ ਕੁਝ ਉਪ-ਪੁਰਾਣ ਵੀ ਮਿਲਦੇ ਹਨ ਜਿਨ੍ਹਾਂ ਦੀ ਗਿਣਤੀ ਸੌ ਤੋਂ ਵੀ ਵੱਧ ਮੰਨੀ ਗਈ ਹੈ। ਇਨ੍ਹਾਂ ਦਾ ਆਕਾਰ ਵੀ ਛੋਟਾ ਹੈ ਅਤੇ ਮਹਾਂਪੁਰਾਣ ਦੇ ਸਨਮੁੱਖ ਇਨਾਂ ਦੀ ਮਾਨਤਾ ਸਥਾਪਿਤ ਨਹੀਂ ਹੋਈ। ਪੁਰਾਣਾਂ ਵਿਚ ਦਾਰਸ਼ਨਿਕਤਾ ਘੱਟ ਹੈ ਅਤੇ ਧਾਰਮਿਕਤਾ ਵੱਧ ਹੈ। ਧਾਰਮਿਕਤਾ ਸੁਭਾਵਕ ਰੂਪ ਵਿਚ ਘੱਟ ਅਤੇ ਸੰਪਰਦਾਇਕਤਾ ਦੇ ਅਸਰ ਵਾਲੀ ਹੈ। ਪਰ ਵਾਸਤਵ ਵਿਚ ਪੁਰਾਣ ਵੇਦਾਂ ਤੋਂ ਬਾਦ ਭਾਰਤੀ ਸੰਸਕ੍ਰਿਤੀ ਦਾ ਪਾਸਾਰ ਕਰਦੇ ਹਨ। ਸਾਰੀਆਂ ਆਧੁਨਿਕ ਭਾਸ਼ਾਵਾਂ ਨੇ ਪੁਰਾਣਾਂ ਤੋਂ ਆਪਣੀਆਂ ਰਚਨਾਵਾਂ ਲਈ ਕਥਾ-ਵਸਤੂ, ਦ੍ਰਿਸ਼ਟਾਂਤ, ਸੰਦਰਭ, ਸੰਕੇਤ, ਮੁਹਾਵਰੇ ਆਦਿ ਪ੍ਰਾਪਤ ਕੀਤੇ। ਪੰਜਾਬ ਦੇ ਸਭਿਆਚਾਰ ਨੂੰ ਪੁਰਾਣਾਂ ਨੇ ਬਹੁਤ ਪ੍ਰਭਾਵਿਤ ਕੀਤਾ ਹੈ।

ਸਿਮ੍ਰਿਤੀਆਂ: ਹਿੰਦੂ ਧਰਮ ਵਿਚ ਸਮ੍ਰਿਤੀਆਂ ਦਾ ਬਹੁਤ ਮਹੱਤਵ ਹੈ। ਇਸ ਦਾ ਸਾਧਾਰਣ ਅਰਥ ਹੈ ਯਾਦ। ਭਾਵ ਅਨੁਭਵ ਕੀਤੇ ਵਿਸ਼ੇ ਦੀ ਜਾਣਕਾਰੀ। ਹਿੰਦੂ ਧਰਮ ਵਿਚ ਸਮ੍ਰਿਤੀਆਂ ਦੀ ਵਰਤੋਂ ਵੇਦਾਂ, ਸੂਤ੍ਰਾਂ, ਧਰਮ-ਸ਼ਾਸਤ੍ਰਾਂ, ਪੁਰਾਣਾਂ, ਰਾਮਾਇਣ, ਮਹਾਂਭਾਰਤ ਆਦਿ ਲਈ ਕੀਤੀ ਗਈ। ਵਿਵਹਾਰਿਕ ਧਰਮ ਵਿਚ ਸਮ੍ਰਿਤੀਆਂ ਦਾ ਬਹੁਤ ਯੋਗਦਾਨ ਹੈ। ਸਮ੍ਰਿਤੀਆਂ ਦੇ ਰਚੇ ਜਾਣ ਤੋਂ ਪਹਿਲਾਂ ਧਰਮ-ਸੂਤ੍ਰ ਹੋਂਦ ਵਿਚ ਆ ਗਏ ਸਨ। ਇਹ ਬਹੁਤ ਸੰਖਿਪਤ ਅਤੇ ਸੂਤ੍ਰਾਤਮਕ ਸ਼ੈਲੀ ਵਿਚ ਰਚੇ ਗਏ ਹਨ। ਧਰਮ-ਸੂਤ੍ਰ ਧਰਮ-ਸ਼ਾਸਤ੍ਰਾਂ ਵਿਚ ਵਿਕਸਿਤ ਹੋ ਗਏ। ਇਹ ਸਲੋਕਾਂ ਦੇ ਰੂਪ ਵਿਚ ਰਚੇ ਗਏ ਅਤੇ ਸਮ੍ਰਿਤੀਆਂ ਦੇ ਨਾਂ ਨਾਲ ਪ੍ਰਸਿੱਧ ਹੋਏ। ਸਮ੍ਰਿਤੀਆਂ ਵਿਚੋਂ 'ਮਨੂ ਸਮ੍ਰਿਤੀ', 'ਯਾਗਵਲਕਯ-ਸਮ੍ਰਿਤੀ', ਨਾਰਦ ਸਮ੍ਰਿਤੀ ਆਦਿ ਉਲੇਖਨੀਯ ਹਨ। ਅਸਲ ਵਿਚ ਇਹ ਸਮ੍ਰਿਤੀਆਂ ਧਰਮ ਅਨੁਸਾਰ ਨਿਰਧਾਰਿਤ ਰਹਿਤ ਮਰਿਯਾਦਾ ਨੂੰ ਪੇਸ਼ ਕਰਦੀਆਂ ਹਨ। ਮਨੂੰ ਸਿਮਰੱਥ ੀ ਵਿਚ ਇਸ ਬਾਰੇ ਇਕ ਜ਼ਿਕਰ ਆਉਂਦਾ ਹੈ:

'ਵੇਦਾਂ ਦਾ ਅਧਿਐਨ, ਤਪੱਸਿਆ, ਗਿਆਨ ਦੀ ਪ੍ਰਾਪਤੀ, ਆਪਣੀਆਂ ਇੰਦਰੀਆਂ ਦਾ ਵਸੀਕਰਨ, ਹਿੰਸਾ ਤੋਂ ਬਚਣਾ ਤੇ ਗੁਰੂ ਦੀ ਸੇਵਾ ਕਰਨਾ ਪਰਮ ਆਨੰਦ ਦੀ ਪ੍ਰਾਪਤੀ ਦੇ ਸਭ ਤੋਂ ਚੰਗੇ ਸਾਧਨ ਹਨ।'[15]

ਹਿੰਦੂ ਧਰਮ ਨਿਸਚਿਤ ਰੂਪ ਵਿਚ ਭਾਰਤ ਦਾ ਬਹੁਤ ਪ੍ਰਾਚੀਨ ਤੇ ਗੌਰਵਸ਼ਾਲੀ ਧਰਮ ਹੈ; ਜਿਸਦੇ ਵਿਭਿੰਨ ਗ੍ਰੰਥਾਂ ਵਿਚ ਪੇਸ਼ ਅਨੇਕਾਂ ਅੰਤਰ-ਦ੍ਰਿਸ਼ਟੀਆਂ ਗਿਆਨ ਦੇ ਵਿਲੱਖਣ ਰੂਪਾਂ ਨੂੰ ਉਜਾਗਰ ਕਰਦੀਆਂ ਹਨ। ਇਹ ਧਰਮ ਭਾਰਤ ਦੇ ਧਾਰਮਿਕ-ਸਭਿਆਚਾਰਕ ਜੀਵਨ ਦੀ ਬੁਨਿਆਦ ਹੈ। ਇਹ ਧਰਮ ਸਮੁੱਚੀ ਲੋਕਾਈ ਦੀ ਅਧਿਆਤਮਕ ਤੇ ਸਮਾਜਕ ਪਛਾਣ ਨੂੰ ਨਿਰਧਾਰਿਤ ਕਰਨ ਦਾ ਉਪਰਾਲਾ ਹੈ। ਅਜੋਕੇ ਸਮਿਆਂ ਵਿਚ ਇਸ ਧਰਮ ਦੀ ਪ੍ਰਾਸੰਗਿਕਤਾ ਤੇ ਸਾਰਥਕਤਾ ਨੂੰ ਸਥਾਪਿਤ ਕਰਨ ਲਈ ਇਸ ਦੇ ਵਿਭਿੰਨ ਪਾਸਾਰਾਂ ਦਾ ਵਿਸ਼ਲੇਸ਼ਣ ਕਰਦੇ ਹੋਏ, ਮੁੜ ਪਰਿਭਾਸ਼ਤ ਕਰਨਾ ਸਮੇਂ ਦੀ ਵੱਡੀ ਲੋੜ ਹੈ। ਅੱਜ ਦੇ ਵਿਸ਼ਵੀਕਰਨ ਦੇ ਯੁੱਗ ਵਿਚ ਉਹ ਧਰਮ ਹੀ ਆਪਣੀ ਸਦੀਵੀ ਤੇ ਸਰਵਜਨਕ ਹੋਂਦ ਨੂੰ ਬਰਕਰਾਰ ਰੱਖ ਸਕਦਾ ਹੈ ਜੋ ਆਉਣ ਵਾਲੀਆਂ ਪੀੜੀਆਂ ਦਾ ਸਹੀ ਮਾਰਗ ਦਰਸ਼ਨ ਕਰਦਾ ਹੋਇਆ ਓਨ੍ਹਾਂ ਦਾ ਸੱਚਾ ਰਹਿਬਰ ਸਥਾਪਿਤ ਹੋਣ ਦੀ ਸਮਰੱਥਾ ਰੱਖਦਾ ਹੈ।

## 2.2 ਜੈਨ ਧਰਮ ਅਤੇ ਬੁੱਧ ਧਰਮ ਗ੍ਰੰਥਾਂ ਦੇ ਮੁੱਖ ਸੰਦਰਭ:

ਸੰਸਾਰ ਪ੍ਰਸਿੱਧ ਧਰਮਾਂ ਵਿਚ ਜੈਨ ਧਰਮ ਅਤੇ ਬੁੱਧ ਧਰਮ ਦਾ ਬਹੁਤ ਨਿਵੇਕਲਾ ਸਥਾਨ ਹੈ। ਖੋਜ ਕਾਰਜ ਦੇ ਇਸ ਭਾਗ ਵਿਚ ਅਸੀਂ ਜੈਨ ਧਰਮ ਅਤੇ ਬੁੱਧ ਧਰਮ ਦੇ ਪ੍ਰਮੁੱਖ ਗ੍ਰੰਥਾਂ ਦੀ ਰੂਪ ਰੇਖਾ ਅਤੇ ਉਨ੍ਹਾਂ ਵਿਚ ਪੇਸ਼ ਵਿਚਾਰਧਾਰਾ ਦਾ ਅਧਿਐਨ ਕਰਨ ਦਾ ਯਤਨ ਕਰਾਂਗੇ।

### ਜੈਨ ਧਰਮ ਗ੍ਰੰਥਾਂ ਦੇ ਮੁੱਖ ਸੰਦਰਭ :

ਜੈਨ ਧਰਮ ਭਾਰਤ ਦੇ ਪ੍ਰਾਚੀਨ ਧਰਮਾਂ ਵਿਚੋਂ ਇਕ ਪ੍ਰਮੁੱਖ ਧਰਮ ਹੈ ਜੋ ਗੈਰ-ਵੈਦਿਕ ਅਤੇ ਗੈਰ-ਆਰੀਆ ਧਰਮਾਂ ਦੀ ਸ਼੍ਰੇਣੀ ਵਿਚ ਆਉਂਦਾ ਹੈ। ਇਸ ਧਰਮ ਦੇ ਕਈ ਤੱਤ ਰਿਗਵੇਦ ਦੇ ਮੱਤ ਤੋਂ ਵੀ ਪੁਰਾਣੇ ਹਨ। ਜੈਨ ਧਰਮ ਮਨੁੱਖ ਨੂੰ ਸੱਚਾ ਸੁੱਚਾ ਸੰਜਮਸ਼ੀਲ ਜੀਵਨ ਜਿਉਣ ਦਾ ਪ੍ਰਵਚਨ ਦਿੰਦਾ ਹੈ। ਇਹ ਧਰਮ ਮਨੁੱਖ ਨੂੰ ਨਿਗੂਣੇ ਤੇ ਨਿਰਾਰਥਕ ਕਰਮ-ਕਾਡਾਂ ਨੂੰ ਕਰਨ ਦੀ ਬਜਾਇ ਸੁਚਾਰੂ ਤੇ ਸੁਚੱਜੇ ਕਰਮ ਕਰਨ ਦੀ ਪ੍ਰੇਰਨਾ ਦਿੰਦਾ ਹੈ। 'ਜੈਨ' ਸ਼ਬਦ ਮੂਲ ਰੂਪ ਵਿਚ 'ਜਿਨ' ਸ਼ਬਦ ਤੋਂ ਬਣਿਆ ਹੈ; ਜਿਸ ਦਾ ਅਰਥ ਹੈ ਜਿੱਤ ਪ੍ਰਾਪਤ ਕਰਨ ਵਾਲਾ ਜਾਂ ਜੇਤੂ। ਭਾਵ ਉਹ ਪੁਰਸ਼ ਜੋ ਰਾਗ-ਦਵੇਸ਼, ਪਿਆਰ-ਨਫ਼ਰਤ, ਮੇਰ-ਤੇਰ ਆਦਿ ਦੋਸ਼ਾਂ ਤੋਂ ਉੱਪਰ ਉੱਠ ਜਾਵੇ ਅਤੇ ਵਿਸ਼ੇ-ਵਿਕਾਰਾਂ ਜਿਵੇਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਮਾਇਆ ਆਦਿ ਨੂੰ ਕਾਬੂ ਕਰ ਲਏ। ਅਜਿਹਾ ਸਾਧਕ ਜਿਨ ਕਹਿਲਾਉਂਦਾ ਹੈ। ਇਸ ਤਰ੍ਹਾਂ ਜਿਨ ਦੇ ਮਾਰਗ ਤੇ ਚੱਲਣ ਵਾਲਾ ਜਾਂ ਜਿਨ ਦੁਆਰਾ ਨਿਰਧਾਰਿਤ ਸਾਧਨ ਅਤੇ ਮਾਰਗ ਨੂੰ ਅਪਣਾਉਣ ਵਾਲੇ ਨੂੰ ਜੈਨ ਕਿਹਾ ਜਾਂਦਾ ਹੈ। ਜੈਨ ਧਰਮ ਦੇ ਸਰੂਪ ਨੂੰ ਹੇਠ ਲਿਖੀਆਂ ਸਤਰਾਂ ਤੋਂ ਸਮਝਿਆ ਜਾ ਸਕਦਾ ਹੈ-

"ਜਿਸ ਮਹਾਂਪੁਰਖ ਨੇ ਪਿਆਰ ਅਤੇ ਨਫ਼ਰਤ, ਮੋਹ, ਕਾਮ, ਕ੍ਰੋਧ, ਮਾਣ ਆਦਿ ਦੁਸਮਣਾਂ ਉੱਤੇ ਪੂਰਨ ਜਿੱਤ ਪ੍ਰਾਪਤ ਕਰ ਲਈ ਹੈ ਅਤੇ ਜਿਸ ਨੇ ਆਤਮਾ ਨੂੰ ਪੂਰਨ ਰੂਪ ਵਿਚ ਸੁਖੀ ਅਤੇ ਅਨੰਤ ਗਿਆਨ ਦਾ ਭੰਡਾਰ ਬਣਾ ਲਿਆ ਹੈ, ਉਸ ਨੂੰ 'ਜਿਨ' ਕਹਿੰਦੇ ਹਨ। ਅਜਿਹਾ ਸੂਰਬੀਰ ਮਹਾਂਪੁਰਖ ਬਿਨਾਂ ਕਿਸੇ ਤਰ੍ਹਾਂ ਦੇ ਭੇਦ-ਭਾਵ ਦੇ ਸੰਸਾਰ ਦੀਆਂ ਦੁਖੀ ਆਤਮਾਵਾਂ ਦੇ ਕਲਿਆਣ ਲਈ ਜਿਹੜਾ ਸੱਚਾ ਮਾਰਗ ਦਿਖਾਉਂਦਾ ਹੈ, ਜਿਸ ਉੱਤੇ ਚੱਲ ਕੇ ਆਤਮਾਵਾਂ ਉਹਦੇ ਵਾਂਗ ਹੀ ਪਰਮਾਤਮਾ

ਬਣ ਸਕਣ, ਉਸ ਮਾਰਗ ਨੂੰ ਹੀ ਜੈਨ ਧਰਮ ਕਹਿੰਦੇ ਹਨ। ਇਸ ਦਾ ਸਾਰ ਇਹ ਹੈ ਕਿ ਸੰਸਾਰ ਦੀਆਂ ਆਤਮਾਵਾਂ ਦੀ ਨਿਰਬਲਤਾ ਦੂਰ ਕਰ ਕੇ ਪੂਰੀ ਬਹਾਦਰੀ ਨਾਲ ਮੰਦੀਆਂ ਵਾਸਨਾਵਾਂ ਅਤੇ ਰਾਗ-ਦਵੇਸ਼ ਆਦਿ ਵਿਕਾਰਾਂ ਉੱਤੇ ਪੂਰੀ ਜਿੱਤ ਪ੍ਰਾਪਤ ਕਰਵਾ ਕੇ, ਸੱਚੇ ਆਨੰਦ ਅਤੇ ਸੱਚੀ ਸ਼ਾਂਤੀ ਦੇ ਸਿੱਧੇ ਮਾਰਗ ਉੱਤੇ ਪਾ ਕੇ ਆਤਮਾ ਨੂੰ ਪਰਮ ਪਦ ਪ੍ਰਾਪਤ ਕਰਵਾ ਦੇਣ ਵਾਲੇ ਧਰਮ ਨੂੰ ਹੀ ਜੈਨ ਧਰਮ ਕਹਿੰਦੇ ਹਨ।"[16]

ਜੈਨ ਧਰਮ ਵਿਚ ਸੰਸਾਰ ਨੂੰ ਅਨਾਦੀ ਮੰਨਿਆ ਗਿਆ ਹੈ। ਜੈਨ ਪਰੰਪਰਾ ਮੁਤਾਬਕ ਉੱਚ ਕੋਟੀ ਦੇ ਮਹਾਤਮਾ ਜਿਨ੍ਹਾਂ ਨੂੰ ਜਿਨ ਜਾਂ ਤੀਰਥੰਕਰ ਕਿਹਾ ਜਾਂਦਾ ਹੈ ਸਮੁਚੀ ਲੋਕਾਈ ਦੇ ਕਲਿਆਣ ਲਈ ਸੰਸਾਰ ਵਿਚ ਵਿਚਰਦੇ ਰਹੇ ਹਨ। ਤੀਰਥੰਕਰ ਦਾ ਅਰਥ ਹੈ ਉਹ ਘਾਟ ਜਿੱਥੋਂ ਜੀਵਾਂ ਨੂੰ ਸੰਸਾਰ-ਸਮੁੰਦਰ ਪਾਰ ਕਰਵਾਇਆ ਜਾਂਦਾ ਹੈ। ਜੈਨ ਪਰੰਪਰਾ ਅਨੁਸਾਰ ਜੋ ਜੀਵ ਤੀਰਥੰਕਰ ਦੇ ਬਚਨਾਂ ਨੂੰ ਸੁਣ ਕੇ ਜਿਉਂ ਦਾ ਤਿਉਂ ਯਾਦ ਰੱਖਦਾ ਹੈ ਉਹਦੇ ਗਿਆਨ ਨੂੰ ਦ੍ਰਵਯਸ਼੍ਰਤ-ਗਿਆਨ ਕਹਿੰਦੇ ਹਨ। ਜਿਹੜਾ ਮਨੁੱਖ ਉਨ੍ਹਾਂ ਦੇ ਬਚਨਾਂ ਦੇ ਕੇਵਲ ਭਾਵ-ਅਰਥ ਜਾਂ ਵਿਚਾਰਾਂ ਨੂੰ ਗ੍ਰਹਿਣ ਕਰਦਾ ਹੈ ਉਸਦੇ ਗਿਆਨ ਨੂੰ ਭਾਵ-ਸ਼੍ਰਤ ਗਿਆਨ ਕਹਿੰਦੇ ਹਨ। ਜੈਨ ਧਰਮ ਵਿਚ 'ਪੰਚਪਰਮੇਸ਼ਟੀ' ਦੀ ਪਰੰਪਰਾ ਆਉਂਦੀ ਹੈ। ਇਸ ਅਨੁਸਾਰ ਜੈਨ ਧਰਮ ਵਿਚ ਗਿਆਨ ਜਾਂ ਆਚਾਰ ਦੀ ਸਿੱਖਿਆ ਦੇਣ ਲਈ ਪੰਜ ਕਿਸਮ ਦੀ ਮਹਾਤਮਾਵਾਂ ਮੰਨੀਆਂ ਗਈਆਂ ਹਨ-ਅਰਹੰਤ, ਸਿੱਧ, ਆਚਾਰੀਆ, ਉਪਾਧਿਆਇ ਅਤੇ ਸਾਧੂ। ਆਚਾਰੀਆ ਵਿਚੋਂ ਪ੍ਰਮੁੱਖ ਜਨਾਂ ਨੂੰ ਗਣਧਰ ਕਹਿੰਦੇ ਹਨ। ਇਕ ਤੀਰਥੰਕਰ ਦੇ ਸੰਸਾਰ ਵਿਚੋਂ ਚਲੇ ਜਾਣ ਅਤੇ ਦੂਸਰੇ ਤੀਰਥੰਕਰ ਦੇ ਸੰਸਾਰ ਵਿਚ ਪ੍ਰਵੇਸ਼ ਕਰਨ ਦੇ ਦੌਰਾਨ ਗਣਧਰ, ਅਚਾਰੀਆ ਅਤੇ ਉਪਾਧਿਆਇ ਤੀਰਥੰਕਰ ਦੇ ਉਪਦੇਸ਼ ਨੂੰ ਸੁਰੱਖਿਅਤ ਰੱਖਦੇ ਹਨ।[17] ਜੈਨ ਧਰਮ ਵਿਚ ਇਕ ਰਵਾਇਤ ਪ੍ਰਚਲਿਤ ਹੈ ਕਿ ਪਿੱਛਲੇ ਯੁੱਗ ਵਿਚ 24 ਤੀਰਥੰਕਰ ਆਏ ਸਨ। ਇਸ ਯੁੱਗ ਵਿਚ 24 ਤੀਰਥੰਕਰ ਆਏ ਹਨ ਅਤੇ ਭਵਿੱਖ ਵਿਚ ਵੀ 24 ਤੀਰਥੰਕਰ ਆਉਣਗੇ। ਇਹ ਸਿਲਸਿਲਾ ਨਿਰੰਤਰ ਜਾਰੀ ਰਹੇਗਾ। ਰਿਸ਼ਭਦੇਵ ਨੂੰ ਜੈਨ ਧਰਮ ਦਾ ਪਹਿਲਾ ਤੀਰਥੰਕਰ ਮੰਨਿਆ ਜਾਂਦਾ ਹੈ। ਜੈਨ ਧਰਮ ਦੇ 23ਵੇਂ ਤੀਰਥੰਕਰ ਪਾਰਸ਼ਵ ਨਾਥ ਨੂੰ ਮੰਨਿਆ ਜਾਂਦਾ ਹੈ। ਜੈਨ ਧਰਮ ਦੇ 24ਵੇਂ ਤੀਰਥੰਕਰ ਵਰਧਮਾਨ ਮਹਾਂਵੀਰ ਨੂੰ ਮੰਨਿਆ ਜਾਂਦਾ ਹੈ। ਬਚਪਨ ਵਿਚ ਆਪ ਦਾ ਨਾਂ ਵਰਧਮਾਨ ਸੀ ਅਤੇ ਕੈਵਲਯ ਦੀ ਪ੍ਰਾਪਤੀ ਤੋਂ ਬਾਅਦ ਆਪ ਨੂੰ ਮਹਾਂਵੀਰ ਦੇ ਨਾਂ ਨਾਲ ਜਾਣਿਆ ਗਿਆ। ਆਪ ਦਾ ਸਮਾਂ 563-463 ਈ. ਪੂਰਵ ਮੰਨਿਆ ਜਾਂਦਾ ਹੈ। ਆਪ ਦੇ ਪਿਤਾ ਰਾਜਾ ਸਿਧਾਰਥ ਵੈਸ਼ਾਲੀ ਦੇ ਨੇੜੇ ਕੁਡੰਰ ਗ੍ਰਾਮ ਦੇ ਰਹਿਣ ਵਾਲੇ ਕਾਸ਼ਯਵੰਸ਼ ਦੇ ਖੱਤਰੀ ਸਨ। ਆਪ ਦੀ ਮਾਤਾ ਤ੍ਰਿਸ਼ਲਾ ਉਸ ਸਮੇਂ ਦੇ ਵੈਸ਼ਾਲੀ ਦੇ ਰਾਜਾ ਦੀ ਭੈਣ ਸੀ। ਇਸ ਤਰ੍ਹਾਂ ਰਾਜ ਘਰਾਣਿਆਂ ਨਾਲ ਸੰਬੰਧਿਤ ਹੋਣ ਦੇ ਬਾਵਜੂਦ ਮਹਾਵੀਰ ਜੀ ਬਚਪਨ ਤੋਂ ਹੀ ਦੁਨਿਆਵੀਂ ਵਿਸ਼ਿਆਂ ਵਲ ਰੁਚਿਤ ਨਹੀਂ ਸਨ। 28 ਸਾਲ ਦੀ ਆਯੂ ਵਿਚ ਆਪਨੇ ਘਰ-ਬਾਰ ਤਿਆਗ ਦਿੱਤਾ ਅਤੇ 12 ਸਾਲ ਕਰੜੀ ਤਪੱਸਿਆ ਕੀਤੀ। ਉਪਰੰਤ ਆਪ ਨੂੰ ਕੇਵਲੀ ਗਿਆਨ ਦੀ ਪ੍ਰਾਪਤੀ ਹੋਈ। ਗਿਆਨ ਪ੍ਰਾਪਤੀ ਤੋਂ ਬਾਅਦ ਆਪ ਨੇ ਸਾਰਾ ਜੀਵਨ ਜੈਨ ਧਰਮ ਦੇ ਉਪਦੇਸ਼ ਅਤੇ ਵਿਕਾਸ ਲਈ ਬਤੀਤ ਕੀਤਾ। ਅੰਤ ਵਿਚ ਆਪ ਨੇ ਬਿਹਾਰ ਦੇ ਪਾਵਾਪੁਰੀ ਵਿਚ ਸਰੀਰ ਦੇ ਚੋਲੇ ਦਾ ਤਿਆਗ ਕੀਤਾ। ਜੈਨ ਧਰਮ ਦੇ ਵਿਕਾਸ ਅਤੇ ਇਸ ਨੂੰ ਵਰਤਮਾਨ ਵਿਚ ਇਕ ਸੰਗਠਿਤ ਰੂਪ ਦੇਣ ਵਿਚ ਮਹਾਂਵੀਰ ਜੀ ਦਾ ਸਭ ਤੋਂ ਮਹੱਤਵਪੂਰਨ ਯੋਗਦਾਨ ਹੈ। ਸਮਾਂ ਪਾ ਕੇ ਜੈਨ ਧਰਮ ਸ਼ਵੇਤਾਂਬਰ ਅਤੇ ਦਿਗੰਬਰ ਦੋ ਸੰਪਰਦਾਵਾਂ ਵਿਚ ਵੰਡਿਆ ਗਿਆ। ਸ਼ਵੇਤ (ਚਿੱਟੇ) ਕਪੜੇ ਪਾਉਣ ਵਾਲਿਆਂ ਨੂੰ 'ਸ਼ਵੇਤਾਂਬਰ' ਅਤੇ ਸਾਰੀਆਂ ਦਿਸ਼ਾਵਾਂ ਨੂੰ ਕੱਪੜੇ ਮੰਨ

ਕੇ ਨੰਗੇ ਰਹਿਣ ਵਾਲਿਆਂ ਨੂੰ 'ਦਿਗੰਬਰ' ਕਿਹਾ ਗਿਆ। ਅਸਲ ਵਿਚ ਭਦਰਬਾਹੂ ਗੁਰੂ ਜੀ ਪਰੰਪਰਾਗਤ ਸਿਧਾਂਤਾਂ ਵਿਚ ਕੋਈ ਵੀ ਤਬਦੀਲੀ ਨਹੀਂ ਚਾਹੁੰਦੇ ਸਨ; ਉਹ ਨੰਗੇ ਰਹਿਣ ਦੇ ਨਿਯਮ ਦੀ ਪੂਰੀ ਤਰ੍ਹਾਂ ਪਾਲਣਾ ਕਰਦੇ ਸਨ ਅਤੇ ਗੁਰੂ ਸਥੂਲਭੱਦਰ ਜੀ ਨੇ ਇਸ ਨਿਯਮ ਵਿਚ ਕੁੱਝ ਢਿੱਲ ਦੇ ਕੇ ਜੈਨੀ ਸਾਧੂਆਂ ਨੂੰ ਚਿੱਟੇ ਕਪੜਿਆਂ ਨਾਲ ਸਰੀਰ ਢੱਕਣ ਦੀ ਇਜ਼ਾਜ਼ਤ ਦੇ ਦਿੱਤੀ। ਅਸਲ ਵਿਚ ਇਨਾਂ ਦੋਹਾਂ ਸੰਪਰਦਾਵਾਂ ਵਿਚ ਮੂਲ ਸਿਧਾਂਤਾਂ ਬਾਰੇ ਕੋਈ ਮੱਤ ਭੇਦ ਨਹੀਂ। ਦੋਹਾਂ ਧਾਰਾਵਾਂ ਦੀ ਮਹਾਂਵੀਰ ਜੀ ਵਿਚ ਪੂਰੀ ਆਸਥਾ ਹੈ। ਤੀਰਥੰਕਰਾਂ ਵਿਚ ਪੂਰਾ ਨਿਸਚਾ ਹੈ। ਕੇਵਲ ਆਚਾਰ-ਵਿਹਾਰ ਨੂੰ ਲੈ ਕੇ ਦੋਹਾਂ ਸੰਪਰਦਾਵਾਂ ਵਿਚ ਵਖਰੇਵਾਂ ਦੇਖਣ ਨੂੰ ਮਿੱਲਦਾ ਹੈ। ਸ਼ਵੇਤਾਂਬਰ ਸੰਪਰਦਾਇ ਵਾਲੇ ਪੁਰਖ ਦੀ ਤਰ੍ਹਾਂ ਇਸਤਰੀ ਨੂੰ ਵੀ ਮੋਖ ਪ੍ਰਾਪਤੀ ਦਾ ਅਧਿਕਾਰ ਦੇਣ ਦਾ ਦਾਅਵਾ ਕਰਦੇ ਸਨ ਜਦੋਂ ਕਿ ਦਗੰਬਰ ਮੱਤ ਵਾਲੇ ਇਸ ਨਾਲ ਸਹਿਮਤ ਨਹੀਂ ਸਨ। ਸ਼ਵੇਤਾਂਬਰ ਸੰਪਰਦਾਇ ਵਾਲੇ ਫ਼ਲ, ਸਬਜੀਆਂ ਦਾ ਭੋਜਨ ਕਰਦੇ ਸਨ ਜਦੋਂਕਿ ਦਗੰਬਰ ਮੱਤ ਵਾਲਿਆਂ ਨੂੰ ਭੁੱਖ-ਪਿਆਸ ਆਦਿ ਨਹੀਂ ਸਤਾਉਂਦੀ ਸੀ। ਸ਼ਵੇਤਾਂਬਰ ਪਰੰਪਰਾ ਵਾਲੇ ਕਪੜੇ, ਬਰਤਨ ਆਦਿ ਜ਼ਰੂਰੀ ਵਸਤਾਂ ਦੀ ਵਰਤੋਂ ਨਾਲ ਵੀ ਮੋਕਸ਼ ਪ੍ਰਾਪਤੀ ਕਰਨ ਵਿਚ ਯਕੀਨ ਰੱਖਦੇ ਸਨ ਜਦੋਂਕਿ ਦਗੰਬਰ ਮੱਤ ਅਨੁਸਾਰ ਕੱਪੜਿਆਂ ਆਦਿ ਦੀ ਵਰਤੋਂ ਕਰਨ ਵਾਲਾ ਸਾਧੂ ਮੋਕਸ਼ ਦਾ ਅਧਿਕਾਰੀ ਨਹੀਂ ਹੋ ਸਕਦਾ। ਸ਼ਵੇਤਾਂਬਰ ਸੰਪਰਦਾਇ ਵਾਲੇ ਅਚਾਰਾਂਗ, ਸੂਤਰ ਕ੍ਰਿਤਾਂਗ (2+10 ਬਾਰਾਂ ਅੰਗ) ਨੂੰ ਮੰਨਦੇ ਹਨ। ਉਨ੍ਹਾਂ ਦੀ ਮਾਨਤਾ ਹੈ ਕਿ ਬਾਰਾਂ ਅੰਗਾਂ ਵਿਚੋਂ ਦ੍ਰਿਸ਼ਟੀਵਾਦ ਨਾਮੀ ਅੰਗ ਅੱਜ ਪ੍ਰਾਪਤ ਨਹੀਂ ਹੈ ਜਦੋਂਕਿ ਬਾਕੀ ਸਾਰੇ ਅੰਗ ਮੌਜੂਦ ਹਨ। ਦਗੰਬਰ ਮੱਤ ਅਨੁਸਾਰ ਸਮੇਂ ਦੇ ਮਾੜੇ ਪ੍ਰਭਾਵ ਕਰਕੇ ਇਹ ਸਾਰੇ ਅੰਗ ਅਲੋਪ ਹੋ ਗਏ ਹਨ। ਉਹ ਵਰਤਮਾਨ ਅੰਗਾਂ ਨੂੰ ਪ੍ਰਮਾਣਿਕਤਾ ਨਹੀਂ ਦਿੰਦੇ। ਅਸਲ ਵਿਚ ਆਚਾਰੀਆ ਸਥੂਲਭੱਦਰ ਜੀ ਨੇ ਪਾਟਲੀ ਪੁੱਤਰ ਵਿਚ ਜੈਨ ਸੰਘ ਦਾ ਇਕ ਸੰਮੇਲਨ ਬੁਲਾਇਆ, ਜਿਸ ਵਿਚ ਜੈਨ ਸਾਹਿਤ/ਜਨ ਧਰਮ ਗ੍ਰੰਥਾਂ ਨੂੰ ਸੰਕਲਨ ਕਰਨ ਦੀ ਵਿਚਾਰ ਕੀਤੀ ਗਈ। ਇਸ ਸੰਮੇਲਨ ਵਿਚ 12 ਅੰਗਾਂ ਵਿਚੋਂ 11 ਅੰਗਾਂ ਦਾ ਹੀ ਸੰਕਲਨ ਹੋਇਆ। ਪਹਿਲਾਂ ਤੋਂ ਚੱਲ ਰਹੇ 14 ਪੂਰਵ ਵੀ ਸ਼ਾਮਿਲ ਕੀਤੇ ਗਏ। ਮੰਨਿਆ ਜਾਂਦਾ ਕਿ ਸਥੂਲਭੱਦਰ ਜੀ ਨੇ 12ਵੇਂ ਅੰਗ ਦਾ ਵੀ ਸੰਕਲਨ ਕਰ ਲਿਆ। ਪਰ ਜਦੋਂ ਆਚਾਰੀਆ ਭਦਰਬਾਹੂ ਜੀ ਦੱਖਣ ਭਾਰਤ ਤੋਂ ਵਾਪਸ ਆਏ ਤਾਂ ਉਨ੍ਹਾਂ ਨੇ ਆਪਣੀ ਗੈਰ-ਹਾਜ਼ਰੀ ਵਿਚ ਕੀਤੇ ਸੰਮੇਲਨ ਵਿਚ ਨਿਸ਼ਚਿਤ ਕੀਤੇ ਅੰਗਾਂ ਨੂੰ ਮਾਨਤਾ ਨਹੀਂ ਦਿੱਤੀ। ਅੰਤ ਵਿਚ ਤਕਰੀਬਨ 800 ਸਾਲ ਬਾਅਦ 454 ਈਸਵੀ ਵਿਚ ਆਚਾਰੀਆ ਦੇਵਬਿਰਧ ਦੀ ਅਗਵਾਈ ਵਿਚ ਵੱਲਭੀ ਵਿਖੇ ਜੈਨ ਸੰਘ ਦੇ ਦੂਜੇ ਸੰਮੇਲਨ ਵਿਚ ਸਰਬ-ਸੰਮਤੀ ਨਾਲ ਪ੍ਰਵਾਨ ਜੈਨ ਧਰਮ ਗ੍ਰੰਥਾਂ ਨੂੰ ਲਿਖਤੀ ਰੂਪ ਦੇ ਦਿੱਤਾ।

ਜੈਨ ਧਰਮ ਦੇ ਸਭ ਤੋਂ ਪ੍ਰਾਚੀਨ ਗ੍ਰੰਥਾਂ ਨੂੰ 'ਪੂਰਵ' ਕਿਹਾ ਜਾਂਦਾ ਹੈ।ਇਨ੍ਹਾਂ ਦੀ ਰਚਨਾ ਮਹਾਂਵੀਰ ਤੋਂ ਪਹਿਲਾ ਹੋਈ। ਇਨ੍ਹਾਂ ਦੀ ਗਿਣਤੀ 14 ਮੰਨੀ ਜਾਦੀ ਹੈ। ਮਹਾਂਵੀਰ ਦੇ ਸਮੇਂ 11 ਅੰਗਾਂ ਦੀ ਰਚਨਾ ਹੋਈ। ਬਾਅਦ ਵਿਚ ਦ੍ਰਿਸ਼ਟੀਵਾਦ ਨਾਮੀ ਬਾਹਰਵਾਂ ਅੰਗ ਅਤੇ ਸਾਰੇ ਪੂਰਵ ਗ੍ਰੰਥ ਅਲੋਪ ਹੋ ਗਏ। ਇਸ ਸਮੇਂ ਜੋ ਜੈਨ ਸਾਹਿਤ ਜਾਂ ਗ੍ਰੰਥ ਪ੍ਰਾਪਤ ਹਨ ਉਨ੍ਹਾਂ ਨੂੰ ਹੇਠ ਲਿਖੀਆਂ ਛੇ ਕਿਸਮਾਂ ਵਿਚ ਵੰਡਿਆ ਜਾ ਸਕਦਾ ਹੈ।ਇਨ੍ਹਾਂ ਦਾ ਵੇਰਵਾ[16] ਇਸ ਪ੍ਰਕਾਰ ਹੈ:

ਅੰਗ ਸਾਹਿਤ: ਜੈਨ ਸਾਹਿਤ ਦਾ ਸੱਭ ਤੋਂ ਅਹਿਮ ਸਾਹਿਤ ਅੰਗ ਸਾਹਿਤ ਹੈ। ਇਸ ਦੇ ਬਾਰਾਂ ਅੰਗ ਹਨ। ਇਨ੍ਹਾਂ ਦਾ ਸੰਖੇਪ ਵਿਚ ਵਰਣਨ ਇਸ ਪ੍ਰਕਾਰ ਹੈ:

1. ਆਚਾਰਾਂਗ ਸੂਤਰ: ਉਨ੍ਹਾਂ ਆਚਾਰਾਂ ਜਾ ਨਿਯਮਾਂ ਦਾ ਸੰਗ੍ਰਹਿ ਹੈ ਜਿਨ੍ਹਾਂ ਦੀ ਭਿਖਸ਼ੂ ਪਾਲਣਾ ਕਰਦੇ ਹਨ। ਇਸ ਵਿਚ ਮਹਾਂਵੀਰ ਦਾ ਆਪਣੇ ਸ਼ਿਸ਼ ਸੁਧਰਮ ਨੂੰ ਦਿੱਤਾ ਉਪਦੇਸ਼ ਅਤੇ ਸੁਧਰਮ ਦਾ ਆਪਣੇ ਸ਼ਿਸ਼ ਜੰਬੂ ਨੂੰ ਦਿੱਤਾ ਉਪਦੇਸ਼ ਸ਼ਾਮਿਲ ਹੈ।
2. ਸੂਤਰ ਕ੍ਰਿਤਾਂਗ: ਜੈਨ ਧਰਮ ਵਿਚ ਸ਼ਾਮਿਲ ਹੋਣ ਵਾਲੇ ਨਵੇਂ ਸਾਧਕਾਂ ਨੂੰ ਸੰਦੇਸ਼ ਦਿੰਦੇ ਹੋਏ ਵਿਰੋਧੀ ਧਿਰਾਂ ਵਲੋਂ ਸੁਚੇਤ ਤੇ ਸਾਵਧਾਨ ਕੀਤਾ ਗਿਆ ਹੈ।
3. 3-4. ਸਥਾਨਾਂਗ ਸੂਤਰ ਅਤੇ ਸਮਵਾਯਾਂਗ ਸੂਤਰ: ਜੈਨ ਧਰਮ ਦੇ ਫ਼ਲਸਫ਼ੇ ਅਤੇ ਜੈਨ ਆਚਾਰੀਆਂ ਦੇ ਇਤਿਹਾਸਕ ਜੀਵਨ-ਚਰਿੱਤਰ ਸ਼ਾਮਿਲ ਹਨ।
5. ਭਗਵਤੀ ਸੂਤਰ: ਇਸ ਵਿਚ ਮਹਾਂਵੀਰ ਜੀ ਦੇ ਜੀਵਨ ਅਤੇ ਕਾਰਜਾਂ ਦਾ ਬਿਰਤਾਂਤ, ਸਮਕਾਲੀ ਵਿਅਕਤੀਆਂ ਨਾਲ ਸੰਬੰਧ ਅਤੇ ਚੰਗੇ ਮਾੜੇ ਕਰਮਾਂ ਅਨੁਸਾਰ ਸਵਰਗ ਨਰਕ ਦੀ ਅਵੱਸਥਾ ਦਾ ਵਰਣਨ ਕੀਤਾ ਗਿਆ ਹੈ।
6. ਗਯਾਤਰੀਧਰਮ ਕਥਾ: ਕਹਾਣੀਆਂ ਅਤੇ ਪਹੇਲੀਆਂ ਦੁਆਰਾ ਮਹਾਂਵੀਰ ਦੀ ਸਿਖਿਆਵਾਂ ਦਾ ਬਿਉਰਾ ਹੈ।
7. ਉਪਾਸਕਦਸ਼ਾ ਸੂਤਰ: ਜੈਨੀ ਉਪਾਸਕਾਂ ਦੇ ਆਚਾਰ, ਨਿਯਮਾਂ ਦਾ ਸੰਕਲਨ ਹੈ। ਇਸ ਵਿਚ ਤਪੱਸਿਆ ਦੀ ਸਾਧਨਾ ਦਾ ਵੀ ਵਰਣਨ ਹੈ।
8. 8-9. ਅੰਤਕ੍ਰਿਦਸ਼ਾ ਅਤੇ ਅਨੁਤਰੋਪਪਾਸਿਕ ਦਸ਼ਾ: ਉਨ੍ਹਾਂ ਭਿਖਸ਼ੂਆਂ ਦਾ ਵਰਣਨ ਜੋ ਤੱਪ ਰਾਹੀਂ ਸੁਰਗਾਂ ਨੂੰ ਪ੍ਰਾਪਤ ਹੋਏ।

10 ਪ੍ਰਸ਼ਨ ਵਯਾਕਰਨ: ਜੈਨ ਧਰਮ ਦੇ ਪੰਜ ਮਹਾਂਵਰਤਾਂ ਅਤੇ ਹੋਰ ਨਿਯਮਾਂ ਦਾ ਵਰਣਨ ਸ਼ਾਮਿਲ ਹੈ।

11. ਵਿਪਾਕ ਸੂਤਰ: ਇਸ ਵਿਚ ਪਾਪ ਅਤੇ ਪੁੰਨ ਬਾਰੇ ਅਨੇਕਾਂ ਕਥਾਵਾਂ ਸ਼ਾਮਿਲ ਹਨ।

12. ਦ੍ਰਿਸ਼ਟੀਵਾਦ: ਇਹ ਅੰਗ ਪ੍ਰਾਪਤ ਨਹੀਂ। ਦੂਸਰੇ ਕੁੱਝ ਗ੍ਰੰਥਾਂ ਤੋਂ ਇਸ ਬਾਰੇ ਜਾਣਕਾਰੀ ਮਿਲਦੀ ਹੈ।

**ਉਪਾਂਗ:** ਉਪਾਂਗ ਵੀ ਬਾਰਾਂ ਹਨ। ਇਸ ਵਿਚ ਬ੍ਰਹਿਮੰਡ ਅਤੇ ਜੀਵਾਂ ਦੀ ਸ਼੍ਰੇਣੀਆਂ ਦਾ ਵਰਣਨ ਹੈ। ਇਹ ਗ੍ਰੰਥ ਸਮੇਂ ਦੀਆਂ ਸਥਿਤੀਆਂ ਅਤੇ ਮੌਤ ਤੋਂ ਬਾਅਦ ਦੇ ਜੀਵਨ-ਵਿਵੱਸਥਾ ਨੂੰ ਪੇਸ਼ ਕਰਦਾ ਹੈ।

**ਪ੍ਰਕੀਰਣ:** ਇਨ੍ਹਾਂ ਦੀ ਗਿਣਤੀ ਦੱਸ ਹੈ। ਅਸਲ ਵਿਚ ਇਹ ਮੁੱਖ ਗ੍ਰੰਥਾਂ ਦੀਆਂ ਅੰਤਿਕਾਵਾਂ ਹਨ। ਜੋ ਅਨੇਕਾਂ ਵਿਸ਼ਿਆਂ ਨੂੰ ਸੂਤਰਬੱਧ ਕਰਦੀਆਂ ਹਨ।

**ਛੇਦ ਸੂਤਰ:** ਇਨ੍ਹਾਂ ਦੀ ਗਿਣਤੀ ਛੇ ਹੈ। ਇਨ੍ਹਾਂ ਵਿਚ ਜੈਨੀ ਭਿਖਸ਼ੂਆਂ ਲਈ ਅਨੇਕਾਂ ਉਪਯੋਗੀ ਨਿਯਮ ਪੇਸ਼ ਕੀਤੇ ਮਿੱਲਦੇ ਹਨ।

**ਮੂਲ ਸੂਤਰ:** ਇਹ ਚਾਰ ਹਨ। ਇਨ੍ਹਾਂ ਵਿਚ ਜੈਨ ਧਰਮ ਦੇ ਬਹੁਤ ਸਾਰੇ ਉਪਦੇਸ਼, ਭਿਖਸ਼ੂਆਂ ਦੇ ਕਰਤੱਵ, ਵਿਵਹਾਰਿਕ ਜੀਵਨ, ਯਮ, ਨਿਯਮ ਆਦਿ ਬਿਆਨ ਕੀਤੇ ਹਨ।

**ਚੂਲਿਕਾ ਸੂਤਰ:** ਇਹ ਦੋਵੇਂ ਗ੍ਰੰਥ ਜੈਨੀਆਂ ਦੇ ਸੁਤੰਤਰ ਗ੍ਰੰਥ ਹਨ । ਇਨ੍ਹਾਂ ਗ੍ਰੰਥਾਂ ਨੂੰ ਵਿਸ਼ਵਕੋਸ਼ ਮੰਨਿਆ ਜਾਂਦਾ ਹੈ। ਇਨ੍ਹਾਂ ਵਿਚ ਭਿਖਸ਼ੂਆਂ ਦੇ ਆਚਾਰ ਅਤੇ ਦੁਨੀਆਦਾਰੀ ਗੱਲਾਂ ਦਾ ਬਿਰਤਾਂਤ ਹੈ। ਇਸ ਵਿਚ ਨਾਨਦੀ ਸੂਤਰ ਅਤੇ ਅਨੁਯੋਗ ਦਵਾਰ ਸ਼ਾਮਿਲ ਹੈ।

ਉਪਰੋਕਤ ਗ੍ਰੰਥ ਸ਼ਵੇਤਾਂਬਰ ਸੰਪਰਦਾਇ ਦੇ ਜੈਨੀਆਂ ਨਾਲ ਸੰਬੰਧਿਤ ਹਨ ਕਿਉਂਕਿ ਦਿਗੰਬਰ ਸੰਪਰਦਾਇ ਵਾਲੇ ਇਨ੍ਹਾਂ ਨੂੰ ਪ੍ਰਾਮਣੀਕ ਨਹੀਂ ਮੰਨਦੇ। ਦਿਗੰਬਰ ਸੰਪਰਦਾਇ ਵਿਚ ਵੱਖਰੇ ਗ੍ਰੰਥ, ਗ੍ਰੰਥਾਂ ਦੇ ਟੀਕੇ ਅਤੇ ਵਿਆਖਿਆਵਾਂ ਪ੍ਰਾਪਤ ਹਨ ਜੋ ਪ੍ਰਾਕ੍ਰਿਤ ਅਤੇ ਸੰਸਕ੍ਰਿਤ ਦੋਹਾਂ ਵਿਚ ਹਨ। ਇਨ੍ਹਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ:

ਉਪਾਸਵਾਤੀ ਦੁਆਰਾ ਰਚਿਆ ਗਿਆ ਤਤਵਾਰਥਾਧਿਗਮ ਸੂਤਰ।

ਭੱਦਰਬਾਹੂ ਦੁਆਰਾ ਲਿਖਿਆ ਗਿਆ ਕਲਪ ਸੂਤਰ।

ਗੁਣਧਰ ਦੁਆਰਾ ਲਿਖਿਆ ਗਿਆ ਕਸਾਇਪਾਹੁੜ।

ਧਰਮ ਸੇਨ ਦੁਆਰਾ ਰਚਿਆ ਗਿਆ ਸ਼ਟਖੰਡਾਗਮ।

ਯਤੀ ਵ੍ਰਿਸ਼ਭ ਦੁਆਰਾ ਰਚਿਆ ਗਿਆਤਿਲੋਇਪਣਣਤੀ ।

ਨੇਮੀਚੰਦਰ ਦੁਆਰਾ ਰਚਿਆ ਗਿਆ ਦ੍ਰਵਯਸੰਗ੍ਰਹਿ।

ਮਲਿਲਸੇਨ ਦੁਆਰਾ ਰਚਿਆ ਗਿਆ ਸਯਾਦਵਾਦਮੰਜਰੀ।

ਇਨ੍ਹਾਂ ਗ੍ਰੰਥਾਂ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਲਈ ਹਿੰਦੀ ਅਤੇ ਹੋਰ ਦੂਸਰੀਆਂ ਭਾਰਤੀ ਭਾਸ਼ਾਵਾਂ ਵਿਚ ਇਨ੍ਹਾਂ ਦੀ ਰਚਨਾ ਹੋਈ। ਤਰਕਸ਼ਾਸ਼ਤਰ, ਜੀਵਨੀਆਂ, ਨੈਤਿਕ ਕਥਾਵਾਂ, ਨਾਟਕ, ਵਿਆਕਰਣ, ਕਵਿਤਾ, ਵਾਰਤਕ ਆਦਿ ਅਨੇਕ ਰੂਪਾਂ ਨਾਲ ਜੈਨ ਧਰਮ ਤੇ ਦਰਸ਼ਨ ਨੂੰ ਪ੍ਰਸਤੁਤ ਕਰਨ ਦੇ ਯਤਨ ਹੋਏ। ਉਪਰੋਕਤ ਗ੍ਰੰਥਾਂ ਦੇ ਕੀਤੇ ਅਧਿਐਨ ਤੋਂ ਮਿਲੇ ਗਿਆਨ ਅਤੇ ਸੋਚ-ਵਿਚਾਰ ਭਰਪੂਰ ਸਮੱਗਰੀ ਨੂੰ ਇਸ ਤਰ੍ਹਾਂ ਸੂਤਰਬੱਧ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ:

ਜੈਨ ਧਰਮ ਗ੍ਰੰਥਾਂ ਤੋਂ ਮਿਲੇ ਗਿਆਨ ਨੂੰ ਪੰਜ ਕਿਸਮਾਂ[16] ਵਿਚ ਵੰਡਿਆ ਜਾ ਸਕਦਾ ਹੈ–

1. ਮਤੀ ਗਿਆਨ: ਇਹ ਪ੍ਰਤੱਖ ਗਿਆਨ ਦੀ ਵੰਨਗੀ ਹੈ। ਮਨ ਅਤੇ ਇੰਦਰੀਆਂ ਦੁਆਰਾ ਪ੍ਰਾਪਤ ਕੀਤਾ ਗਿਆਨ ਹੈ। ਅਰਥਾਤ ਉਹ ਗਿਆਨ ਜੋ ਆਤਮਾ ਬਿਨਾਂ ਕਿਸੇ ਦੂਸਰੇ ਮਾਧਿਅਮ ਤੋਂ ਬਿਨਾਂ ਆਪ ਅਨੁਭਵ ਕਰਦੀ ਹੈ।
2. ਸ਼ਰੂਤੀ ਗਿਆਨ: ਧਰਮ ਗ੍ਰੰਥਾਂ, ਆਚਾਰੀਆਂ ਅਤੇ ਅਨੁਭਵੀ ਵਿਅਕਤੀਆਂ ਦੁਆਰਾ ਦਿੱਤੇ ਉਪਦੇਸ਼ਾਂ ਤੋਂ ਪ੍ਰਾਪਤ ਹੋਣ ਵਾਲਾ ਗਿਆਨ ਸ਼ਰੂਤੀ ਗਿਆਨ ਕਹਿਲਾਉਂਦਾ ਹੈ। ਮਤੀ ਗਿਆਨ ਵਿਚ ਜਿੱਥੇ ਵਰਤਮਾਨ ਸੰਬੰਧੀ ਗਿਆਨ ਮਿੱਲਦਾ ਹੈ ਉੱਥੇ ਸ਼ਰੂਤੀ ਗਿਆਨ ਭੂਤ, ਵਰਤਮਾਨ ਤੇ ਭਵਿੱਖ ਤਿੰਨਾਂ ਨਾਲ ਸੰਬੰਧਿਤ ਗਿਆਨ ਦਿੰਦਾ ਹੈ।
3. ਅਵਧੀ ਗਿਆਨ: ਜੀਵ ਆਪਣੇ ਕਰਮਾਂ ਨੂੰ ਨਾਸ਼ ਜਾਂ ਸ਼ਾਂਤ ਕਰਨ ਬਾਅਦ ਪ੍ਰਾਪਤ ਦ੍ਰਿਸ਼ਟੀ ਅਨੁਸਾਰ ਇੰਦਰੀਆਂ ਤੋਂ ਉੱਚਾ ਉੱਠ ਕੇ ਸੂਖਮ ਤੇ ਅਸਪਸ਼ਟ ਪਦਾਰਥਾਂ ਬਾਰੇ ਜਾਣਨ ਲੱਗਦਾ ਹੈ। ਪਰ ਪੂਰਨ ਰੂਪ ਵਿਚ ਸਾਰੇ ਕਾਰਨਾਂ ਨੂੰ ਜਾਣਨ ਤੋਂ ਅਸਮਰੱਥ ਹੁੰਦਾ ਹੈ।
4. ਮਨ ਪਰਯਾਇ ਗਿਆਨ- ਦੂਸਰੇ ਵਿਅਕਤੀਆਂ ਦੇ ਮਨ ਦੇ ਅਤੀਤ ਅਤੇ ਵਰਤਮਾਨ ਵਿਚਾਰਾਂ ਨੂੰ ਜਾਣਨ ਵਾਲੇ ਗਿਆਨ ਨੂੰ ਮਨ ਪਰਯਾਇ ਗਿਆਨ ਕਹਿੰਦੇ ਹਨ। ਇਹ ਗਿਆਨ ਮੋਹ ਮਾਇਆ, ਈਰਖਾ ਅਤੇ ਹੋਰ ਮਾਨਸਿਕ ਵਿਕਾਰਾਂ ਦੇ ਦੂਰ ਹੋ ਜਾਣ ਤੋਂ ਬਾਅਦ ਦੀ ਅਵੱਸਥਾ ਦਾ ਸੂਚਕ ਹੈ। ਇਸ ਦੀ ਇਕ ਵੰਨਗੀ ਰਿਜੂਮਤੀ ਹੈ ਜਿਸ ਦੇ ਅੰਤਰਗਤ ਵਿਅਕਤੀ ਦੂਸਰਿਆਂ ਦੇ ਸਰਲ ਤੇ ਸਿੱਧੇ ਵਿਚਾਰਾਂ ਨੂੰ ਜਾਣ ਜਾਂਦਾ ਹੈ। ਇਸ ਦੀ ਦੂਸਰੀ ਵੰਨਗੀ ਵਿਪੁਲਮਤੀ ਹੈ ਜਿਸ ਦੇ ਅੰਤਰਗਤ ਮਨੁੱਖ ਦੂਸਰਿਆਂ ਦੇ ਜਟਿਲ ਤੋਂ ਜਟਿਲ ਵਿਚਾਰਾਂ ਨੂੰ ਜਾਣ ਜਾਂਦਾ ਹੈ। ਇਹ ਗਿਆਨ ਦ੍ਰਿੜ ਸਾਧਨਾ ਦਾ ਨਤੀਜਾ ਹੈ।

5. ਕੇਵਲ ਜਾਂ ਕੈਵਲਯ ਗਿਆਨ- ਸਮੂਹ ਕਰਮਾਂ ਦੇ ਨਾਸ ਹੋਣ ਤੋਂ ਬਾਅਦ ਜਦੋਂ ਆਤਮਾ ਸੁਭਾਵਿਕ ਅੰਨਤ ਗਿਆਨ ਪ੍ਰਾਪਤ ਕਰਦੀ ਹੈ। ਇਹ ਮਨ-ਇੰਦਰੀਆਂ ਤੋਂ ਪਰੇ ਦਾ ਗਿਆਨ ਹੈ। ਇਸ ਵਿਚ ਸਾਧਕ ਭੂਤ, ਵਰਤਮਾਨ ਅਤੇ ਭਵਿੱਖ ਨਾਲ ਜੁੜੇ ਸਾਰੇ ਪੱਖਾਂ, ਸਥਿਤੀਆਂ ਅਤੇ ਪਰਿਵਰਤਨਸ਼ੀਲ਼ ਰੂਪਾਂ ਅਤੇ ਅਵਸਥਾਵਾਂ ਨੂੰ ਇਕੋ ਵਾਰ ਜਾਣ ਲੈਂਦਾ ਹੈ।

ਇਸ ਪ੍ਰਕਾਰ ਜੈਨ ਧਰਮ ਵਿਚ ਮੰਨਿਆ ਜਾਂਦਾ ਹੈ ਕਿ ਸੱਚਾ ਵਿਸ਼ਵਾਸ ਅਤੇ ਸੱਚਾ ਗਿਆਨ ਪ੍ਰਾਪਤ ਕਰਨ ਤੋਂ ਬਾਅਦ ਉਨ੍ਹਾਂ ਦੇ ਅਨੁਸਾਰ ਜੀਵਨ ਨੂੰ ਢਾਲਣਾ ਹੀ ਸਮਯਕ ਚਰਿੱਤਰ ਜਾਂ ਅਸਲ ਚਰਿੱਤਰ ਹੈ। ਅਜਿਹੇ ਕਿਰਦਾਰ ਦੁਆਰਾ ਹੀ ਮੋਕਸ਼ ਦੀ ਪ੍ਰਾਪਤੀ ਹੁੰਦੀ ਹੈ। ਸੱਚੇ ਗਿਆਨ ਨੂੰ ਪ੍ਰਾਪਤ ਕਰਕੇ ਆਪਣੇ ਮਾਣ-ਰੁਤਬੇ ਨੂੰ ਵਧਾਉਣਾ ਜਾਂ ਗਿਆਨ ਨੂੰ ਧਨ ਕਮਾਉਣ ਦਾ ਸਾਧਨ ਬਣਾ ਲੈਣਾ ਨਿਰਾਰਥਕ ਹੈ। ਅਸਲ ਮੰਤਵ ਆਪਣੀ ਆਤਮਾ ਦੀ ਪਛਾਣ ਕਰਨਾ ਹੈ।

ਜੈਨ ਮੱਤ ਅਣਈਸ਼ਵਰਵਾਦੀ ਧਰਮਾਂ ਦੀ ਸ਼੍ਰੇਣੀ ਦਾ ਧਰਮ ਹੈ। ਇਸ ਵਿਚ ਪ੍ਰਭੂ ਅਤੇ ਪ੍ਰਭੂ ਭਗਤੀ ਦੀ ਕੋਈ ਹੋਂਦ ਨਹੀਂ। ਜੈਨ ਮਾਰਗ ਕਰੜੀ ਤਪਸਿਆ ਅਤੇ ਅਨੇਕਾਂ ਸਰੀਰਿਕ ਕਸ਼ਟਾਂ ਤੇ ਜ਼ੋਰ ਦੇ ਕੇ ਮੁਕਤੀ ਲਈ ਪ੍ਰੇਰਿਤ ਕਰਦਾ ਹੈ। ਜੈਨ ਧਰਮ ਦੇ ਗ੍ਰੰਥਾਂ ਵਿਚ ਅਨੁਪ੍ਰੇਕਸ਼ਾ ਨੂੰ ਧਾਰਨ ਕਰਨ ਦਾ ਜ਼ੋਰਦਾਰ ਉਪਦੇਸ਼ ਹੈ। ਦੁਨਿਆਵੀਂ ਪਦਾਰਥਾਂ ਦੀ ਅਸਲੀਅਤ ਨੂੰ ਨਾਂ ਸਮਝਣ ਕਾਰਨ ਮਨੁੱਖ ਇਨਾਂ ਪਦਾਰਥਾਂ ਵਿਚ ਲਿਪਤ ਹੋ ਜਾਂਦਾ ਹੈ। ਜੈਨ ਧਰਮ ਅਨੁਸਾਰ ਜਦੋਂ ਤੱਕ ਮਨੁੱਖ ਅੰਦਰ ਸੰਸਾਰ ਪ੍ਰਤੀ ਵਿਰਾਗ, ਉਪਰਾਮਤਾ ਜਾਂ ਨਿਰਲੇਪਤਾ ਦੀ ਭਾਵਨਾ ਪੈਦਾ ਨਹੀਂ ਹੁੰਦੀ, ਉਦੋਂ ਤੱਕ ਉਸ ਨੂੰ ਸੰਸਾਰ ਤੋਂ ਛੁਟਕਾਰਾ ਨਹੀਂ ਮਿੱਲ ਸਕਦਾ। ਅਨੁਪ੍ਰੇਕਸ਼ਾ ਦਾ ਅਰਥ ਹੀ ਬਾਰ-ਬਾਰ ਡੂੰਘਾਈ ਵਿਚ ਜਾ ਕੇ ਦੇਖਣਾ , ਸੋਚਣਾ ਜਾਂ ਵਿਚਾਰ ਕਰਨਾ ਹੈ। ਤਤਵਅਰਥਾਧਿਗਮ ਵਿਚ ਸਪਸ਼ਟ ਕੀਤਾ ਗਿਆ ਹੈ ਕਿ 'ਤੱਤ, ਸੱਚ ਜਾਂ ਅਸਲੀਅਤ ਬਾਰੇ ਬਾਰ-ਬਾਰ ਸੋਚ-ਵਿਚਾਰ ਕਰਨਾ ਹੀ ਅਨੁਪ੍ਰੇਕਸ਼ਾ (ਭਾਵਨਾ) ਹੈ।'[20]

ਜੈਨ ਗ੍ਰੰਥਾਂ ਵਿਚ 12 ਕਿਸਮ [21] ਦੀਆਂ ਅਨੁਪ੍ਰੇਕਸ਼ਾਵਾਂ ਦਾ ਵਰਣਨ ਮਿੱਲਦਾ ਹੈ:

1. ਅਨਿੱਤ ਭਾਵਨਾ: ਇਸ ਦਾ ਸਾਰ ਇਹ ਹੈ ਕਿ ਸੰਸਾਰ ਜੋ ਸੁਖਦਾਈ ਜਾਂ ਸਥਾਈ ਨਜ਼ਰ ਆਉਂਦਾ ਹੈ, ਉਹ ਅਸਲ ਵਿਚ ਅਸਥਾਈ ਤੇ ਦੁੱਖਦਾਈ ਹੈ। ਇਸ ਵਿਚ ਜੇ ਜਨਮ, ਸੰਜੋਗ, ਦੌਲਤ, ਜਾਂ ਸਫ਼ਲਤਾ ਹੈ ਤਾਂ ਨਾਲ ਹੀ ਮੌਤ, ਵਿਜੋਗ, ਬਿਪਤਾ ਅਤੇ ਅਸਫਲਤਾ ਵੀ ਹੈ। ਇਸ ਲਈ ਕਦੇ ਵੀ ਸੰਸਾਰ ਜਾਂ ਸਰੀਰਿਕ ਸੁੱਖਾਂ ਵਿਚ ਖਚਿਤ ਨਹੀਂ ਹੋਣਾ ਚਾਹੀਦਾ। ਇਸ ਤਰ੍ਹਾਂ ਆਤਮਾ ਦੇ ਸੱਚੇ ਸਰੂਪ ਦੀ ਪਛਾਣ ਕਰਨ ਅਤੇ ਮੁਕਤੀ ਪ੍ਰਾਪਤ ਕਰਨ ਵਿਚ ਮਦਦ ਮਿਲਦੀ ਹੈ।
2. ਅਸ਼ਰਨ ਭਾਵਨਾ: ਦੁਨੀਆ ਦਾ ਕੋਈ ਵੀ ਜੀਵ ਜਾਂ ਦੁਨੀਆ ਦਾ ਕੋਈ ਵੀ ਪਦਾਰਥ ਉਸ ਦੀ ਰੱਖਿਆ ਜਾਂ ਸੁਰੱਖਿਆ ਨਹੀਂ ਕਰ ਸਕਦਾ। ਅਰਥਾਤ ਕੋਈ ਵੀ ਉਸ ਦਾ ਦੁੱਖ ਨਹੀਂ ਵੰਡਾ ਸਕਦਾ ਤੇ ਨਾਂ ਹੀ ਉਸ ਨੂੰ ਸ਼ਰਨ ਦੇ ਸਕਦਾ ਹੈ। ਸਿਰਫ਼ ਧਰਮ ਦੀ ਪਾਲਣਾ ਹੀ ਉਸ ਦੀ ਰੱਖਿਆ ਕਰ ਸਕਦੀ ਹੈ। ਇਸ ਲਈ ਜੀਵ ਨੂੰ ਖਿਮਾ, ਕੌਮਲਤਾ, ਨਿਰਮਲਤਾ, ਸੱਚ, ਸੰਜਮ ਆਦਿ ਨਾਲ ਧਰਮ ਦੀ ਪਾਲਣਾ ਕਰਨੀ ਚਾਹੀਦੀ ਹੈ।ਜਿਨਵਾਣੀ ਵਿਚ ਕਿਹਾ ਹਿਆ ਹੈ-
   "ਜਿਹੜਾ ਜੀਵ ਖਿਮਾ ਆਦਿ ਦੇ ਧਰਮ ਵਿਚ ਦਾਖਲ ਹੋ ਜਾਵੇ, ਉਹ ਖ਼ੁਦ ਹੀ ਆਪਣੀ ਸ਼ਰਨ ਬਣ ਜਾਂਦਾ ਹੈ।"[22]
3. ਸੰਸਾਰ ਭਾਵਨਾ: ਅਗਿਆਨਤਾ ਵਸ ਮਨੁੱਖ ਜੋ ਕਰਮ ਕਰਦਾ ਹੈ ਉਸ ਅਨੁਸਾਰ ਉਸ ਨੂੰ ਅਨੇਕਾਂ ਜੂਨਾਂ ਵਿਚ ਜਨਮ ਲੈਣਾ ਪੈਂਦਾ ਹੈ। ਚੰਗੇ-ਮੰਦੇ ਕਰਮਾਂ, ਪੁੰਨਾਂ-ਪਾਪਾਂ ਵਿਚ ਉਲਝੇ ਜੀਵ ਦਾ ਜਨਮ-ਮਰਨ ਦਾ ਚੱਕਰ ਚੱਲਦਾ ਰਹਿੰਦਾ ਹੈ। ਇਸ ਆਵਾਗੌਣ ਨੂੰ ਸਮਝਦੇ ਹੋਏ ਆਤਮ-ਤੱਤ ਦਾ ਧਿਆਨ ਕਰ ਕੇ ਇਸ ਤੋਂ ਮੁਕਤੀ ਪ੍ਰਾਪਤ ਕਰਨ ਦਾ ਯਤਨ ਕਰਨਾ ਚਾਹੀਦਾ ਹੈ।

4. ਏਕਤਵ ਭਾਵਨਾ: ਮਨੁੱਖ ਸੰਸਾਰ ਵਿਚ ਵਿਚਰਦਿਆਂ ਆਪਣੇ ਘਰ ਪਰਿਵਾਰ, ਪਤਨੀ, ਬੱਚਿਆਂ, ਮਿਤਰਾਂ, ਸੰਬੰਧੀਆਂ ਦੇ ਮੋਹ-ਮਮਤਾ ਵਿਚ ਘਿਰਿਆ ਹੋਣ ਕਰਕੇ ਏਕਤਵ-ਭਾਵ ਨੂੰ ਭੁਲਾ ਦਿੰਦਾ ਹੈ। ਘਰ-ਪਰਿਵਾਰ ਲਈ ਕੀਤੇ ਕਰਮਾਂ ਦਾ ਫਲ ਉਸ ਨੂੰ ਇੱਕਲੇ ਭੋਗਣਾ ਪੈਂਦਾ ਹੈ। ਇਸ ਸੱਚਾਈ ਬਾਰੇ ਬਾਰ-ਬਾਰ ਸੋਚ-ਵਿਚਾਰ ਕਰਨਾ ਹੀ ਏਕਤਵ ਭਾਵਨਾ ਹੈ। ਇਸ ਭਾਵਨਾ ਨਾਲ ਮਨੁੱਖ ਦੁਨੀਆ ਦੇ ਵਿਸ਼ਿਆਂ ਤੋਂ ਨਿਰਲੇਪ ਹੋ ਜਾਂਦਾ ਹੈ ਅਤੇ ਸਹਿਜੇ ਹੀ ਉਸ ਨੂੰ ਮੋਕਸ਼ ਦੀ ਪ੍ਰਾਪਤੀ ਹੁੰਦੀ ਹੈ।
5. ਅਨਯਤਵ ਭਾਵਨਾ: ਚੇਤਨ ਅਤੇ ਨਿਰਾਕਾਰ ਆਤਮਾ ਜੜ੍ਹ ਅਤੇ ਮੂਰਤੀਮਾਨ ਸਰੀਰ ਅਤੇ ਸੰਸਾਰਿਕ ਪਦਾਰਥਾਂ ਤੋਂ ਬਿਲਕੁਲ ਵੱਖ ਹੈ। ਇਸ ਬਾਰੇ ਵਿਚਾਰ ਕਰਨਾ ਅਨਯਤਵ ਭਾਵਨਾ ਹੈ। ਜਦੋਂ ਜੀਵ ਸਮਝ ਜਾਂਦਾ ਹੈ ਕਿ ਸਾਰੀਆਂ ਬਾਹਰਲੀਆਂ ਵਸਤਾਂ ਆਤਮਾ ਤੋਂ ਵੱਖ ਹਨ ਤਾਂ ਉਸ ਨਾਲ ਮੋਹ ਪਾਉਣਾ ਉਸ ਨੂੰ ਮੂਰਖਤਾ ਜਾਪਦਾ ਹੈ। ਜਦੋਂ ਜੀਵ ਦੀ ਆਤਮਾ ਦਾ ਸਰੀਰ ਨਾਲ ਸੰਬੰਧ ਨਹੀਂ ਤਾਂ ਬਾਹਰਲੇ ਸੰਸਾਰ ਨਾਲ ਰਿਸ਼ਤਾ ਕੋਈ ਅਰਥ ਨਹੀਂ ਰੱਖਦਾ। ਇਹ ਵਿਚਾਰ ਉਸ ਨੂੰ ਮੋਕਸ਼ ਨਾਲ ਜੋੜਦਾ ਹੈ।
6. ਅਸ਼ੁਚੀ ਭਾਵਨਾ: ਆਤਮਾ ਨਿਰਮਲ ਅਤੇ ਪਵਿੱਤਰ ਹੈ ਤੇ ਇਸਨੂੰ ਜ਼ਰੂਰ ਸੰਸਾਰ ਦੇ ਮੰਦੇ, ਅਪਵਿੱਤਰ ਤੇ ਅਸ਼ੁਭ ਜਾਂ ਗੰਦੇ ਪੱਖਾਂ ਬਾਰੇ ਸੋਚ-ਵਿਚਾਰ ਕਰਨੀ ਚਾਹੀਦੀ ਹੈ ਤੇ ਆਪਣੇ ਆਪ ਨੂੰ ਆਪਣੀ ਪਰਮ ਆਤਮਾ ਵਿਚ ਲੀਨ ਕਰ ਦੇਣਾ ਚਾਹੀਦਾ ਹੈ।
7. ਆਸ੍ਰਵ ਭਾਵਨਾ: ਜੀਵ ਮਨ, ਬਚਨ ਅਤੇ ਕਾਇਆ ਦੁਆਰਾ ਜੋ ਵੀ ਸ਼ੁਧ ਜਾਂ ਅਸ਼ੁਭ ਕਰਮ ਕਰਦਾ ਹੈ ਉਸ ਅਨੁਸਾਰ ਉਹਦੇ ਅੰਦਰ ਪੁੰਨਾਂ ਅਤੇ ਪਾਪਾਂ ਦੇ ਵਿਕਾਰ ਦਾਖਲ ਹੁੰਦੇ ਹਨ। ਸ਼ੁਭ ਅਤੇ ਅਸ਼ੁਭ ਕਰਮਾਂ ਤੋਂ ਪੈਦਾ ਹੋਏ ਪੁੰਨਾਂ ਅਤੇ ਪਾਪਾਂ ਦੇ ਵਿਕਾਰਾਂ ਦੇ ਜੀਵ ਵਿਚ ਦਾਖਲ ਹੋਣ ਨੂੰ ਹੀ ਆਸ੍ਰਵ ਕਿਹਾ ਜਾਂਦਾ ਹੈ। ਇਹ ਇਸ ਤਰ੍ਹਾਂ ਦੇ ਚਿੰਤਨ ਵਲ ਸੰਕੇਤ ਕਰਦਾ ਹੈ ਕਿ ਜੀਵ ਸੋਚ-ਵਿਚਾਰ ਕੇ ਪੁੰਨਾਂ-ਪਾਪਾਂ ਤੋਂ ਉੱਪਰ ਉੱਠ ਕੇ ਨਿਰਲੇਪਤਾ ਧਾਰਨ ਕਰਨ ਅਤੇ ਆਪਣੀ ਆਤਮਾ ਵਿਚ ਲੱਗਣ ਦੀ ਪ੍ਰੇਰਨਾ ਦਿੰਦਾ ਹੈ। ਆਤਮਾ ਦੇ ਨਿੱਜ ਸਰੂਪ ਦੇ ਧਿਆਨ ਨਾਲ ਪੁੰਨਾਂ-ਪਾਪਾਂ ਦਾ ਪਰਵਾਹ ਰੁਕ ਜਾਂਦਾ ਹੈ ਜੋ ਕਰਮਾਂ ਤੋਂ ਛੁਟਕਾਰਾ ਪਾਉਣ ਲਈ ਬਹੁਤ ਆਵਸ਼ਕ ਹੈ।
8. ਸੰਵਰ ਭਾਵਨਾ: ਤਤਵਅਰਥਾਧਿਗਮ ਸੂਤਰ ਅਨੁਸਾਰ ਕਰਮਾਂ ਦੇ ਆਸ੍ਰਵ ਦਾ ਵਿਰੋਧ ਹੀ ਸੰਵਰ ਹੈ। ਇੰਦਰੀਆਂ ਦੇ ਵਿਸ਼ੇ-ਵਿਕਾਰਾਂ ਪ੍ਰਤੀ ਮੋਹ ਜਾਂ ਲਗਾਉ ਨਾ ਰੱਖਣ ਅਤੇ ਉਨ੍ਹਾਂ ਤੋਂ ਉਪਰਾਮ ਰਹਿਣ ਨਾਲ ਆਤਮਾ ਵਿਚ ਕੋਈ ਨਵਾਂ ਕਰਮ ਦਾਖਲ ਨਹੀਂ ਹੁੰਦਾ। ਇਹੋ ਸੰਵਰ ਦਾ ਅਰਥ ਹੈ।
9. ਨਿਰਜਰਾ ਭਾਵਨਾ: ਨਿਰਜਰਾ ਦਾ ਭਾਵ-ਅਰਥ ਹੈ ਕਰਮਾਂ ਦੇ ਫਲ ਦਾ ਸੜ ਜਾਣਾ ਜਾਂ ਝੜ ਜਾਣਾ।ਕਰਮ ਹੀ ਸੰਸਾਰ ਦੇ ਬੀਜ ਹਨ। ਨਿਰਜਰਾ ਦੁਆਰਾ ਆਤਮਾ ਦੇ ਸਭ ਸੰਚਿਤ ਕਰਮ ਸੜ ਜਾਂਦੇ ਹਨ ਅਤੇ ਆਤਮਾ ਸਦਾ ਲਈ ਮੁਕਤੀ ਪ੍ਰਾਪਤ ਕਰ ਲੈਂਦੀ ਹੈ। ਸੰਵਰ ਦੁਆਰਾ ਜਿੱਥੇ ਨਵੇਂ ਕਰਮਾਂ ਦਾ ਪ੍ਰਵਾਹ ਰੁੱਕਦਾ ਹੈ ਉੱਥੇ ਨਿਰਜਰਾ ਦੁਆਰਾ ਸੰਚਿਤ ਕਰਮ ਸੜ ਜਾਂਦੇ ਹਨ।
10. ਲੋਕ ਭਾਵਨਾ: ਆਤਮਾ ਨੂੰ ਸੰਸਾਰ ਦੇ ਸਭ ਪਦਾਰਥਾਂ ਪ੍ਰਤੀ ਮੋਹ ਮਾਇਆ-ਮਮਤਾ ਤੇ ਮੈਂ ਮੇਰੀ ਦਾ ਭਾਵ ਤਿਆਗ ਦੇਣਾ ਚਾਹੀਦਾ ਹੈ ਅਤੇ ਅੰਤਰਮੁੱਖ ਧਿਆਨ ਦੁਆਰਾ ਆਤਮਾ ਦੇ ਸੱਚੇ ਸਰੂਪ ਦੀ ਪਛਾਣ ਦਾ ਅਨੁਭਵ ਪ੍ਰਾਪਤ ਕਰਨਾ ਚਾਹੀਦਾ ਹੈ।ਇਹ ਹੀ ਲੋਕ ਭਾਵਨਾ ਦਾ ਮੂਲ ਉਦੇਸ਼ ਹੈ।
11. ਬੋਧੀ-ਦੁਰਲੱਭ ਭਾਵਨਾ: ਮਨੁੱਖਾ ਜੂਨ ਸਭ ਤੋਂ ਸ੍ਰੇਸ਼ਟ ਅਤੇ ਦੁਰਲੱਭ ਹੈ। ਇਸ ਲਈ ਮਨੁੱਖ ਨੂੰ ਸੱਚਾ ਦਰਸ਼ਨ, ਸੱਚਾ ਗਿਆਨ ਅਤੇ ਸੱਚਾ ਚਰਿੱਤਰ ਧਾਰਨ ਕਰਨ ਤੇ ਜ਼ੋਰ ਦੇਣਾ ਚਾਹੀਦਾ ਹੈ।

12. ਧਰਮ ਭਾਵਨਾ: ਧਰਮ, ਲੋਕ ਵਿਚ ਜੀਵ ਦੀ ਰੱਖਿਆ ਕਰਦਾ ਹੈ ਅਤੇ ਪਰਲੋਕ ਵਿਚ ਉਸ ਨੂੰ ਮੁਕਤੀ ਦੀ ਦਾਤ ਬਖਸ਼ਦਾ ਹੈ। ਇਸ ਲਈ ਮਨੁਖ ਨੂੰ ਚਾਹੀਦਾ ਹੈ ਕਿ ਉਹ ਦ੍ਰਿੜਤਾ ਨਾਲ ਅਹਿੰਸਾ, ਸੱਚ ਅਤੇ ਧਰਮ ਦੇ ਸਾਰੇ ਨਿਯਮਾਂ ਦੀ ਪਾਲਣਾ ਕਰੇ। ਧਰਮ ਦੇ ਵਾਸਤਵਿਕ ਸਰੂਪ ਤੇ ਮਿਸ਼ਨ ਨੂੰ ਸਮਝਦੇ ਹੋਏ ਇਸ ਬਾਰੇ ਚਿੰਤਨ ਅਤੇ ਸੋਚ ਵਿਚਾਰ ਕਰਨਾ ਹੀ ਧਰਮ ਭਾਵਨਾ ਹੈ।

**ਪੰਜ ਮਹਾਂਵਰਤ**[20] ਜੈਨ ਧਰਮ ਵਿਚ ਪੇਸ਼ ਪੰਜ ਮਹਾਂਵਰਤ ਜੈਨ ਧਰਮ ਦੀ ਬੁਨਿਆਦ ਹਨ। ਅਚਾਰੰਗਸੂਤ੍ਰ ਵਿਚ ਇਨਾਂ ਪੰਜ ਮੁੱਖ ਪ੍ਰਣਾਂ ਜਾ ਵਰਤਾਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ-

1. **ਅਹਿੰਸਾ:** ਇਸ ਸਿਧਾਂਤ ਵਿਚ ਜੀਊਂਦੀਆਂ ਚੀਜਾਂ ਨੂੰ ਭਾਵੇਂ ਉਹ ਸੂਖਮ ਰੂਪ ਵਿਚ ਹੋਣ ਜਾਂ ਸਥੂਲ ਰੂਪ ਵਿਚ ਚਲਾਇਮਾਨ ਹੋਣ ਜਾਂ ਅਚਲ, ਜਾਨ ਤੋਂ ਕਦੇ ਵੀ ਨਾ ਮਾਰਨ ਦੀ ਪਰੇਰਨਾ ਦਿੱਤੀ ਗਈ ਹੈ। ਮਨੁੱਖ ਨੂੰ ਇਹ ਨਿਸਚਾ ਕਰਨਾ ਪਏਗਾ ਕਿ ਨਾਂ ਤਾਂ ਉਹ ਆਪ ਹੀ ਜਾਨਦਾਰ ਚੀਜ਼ਾਂ ਨੂੰ ਕਦੇ ਜਾਨ ਤੋਂ ਮਾਰਾਂਗਾ, ਨਾ ਦੂਸਰਿਆਂ ਤੋਂ ਅਜਿਹਾ ਕਰਵਾਏਗਾ ਤੇ ਨਾ ਹੀ ਅਜਿਹਾ ਕਰਨ ਲਈ ਕਦੇ ਸੰਮਤੀ ਜਾਂ ਸਹਿਮਤੀ ਦੇਵੇਗਾ।
2. **ਸੱਤਯ:** ਇਸ ਸਿਧਾਂਤ ਵਿਚ ਕ੍ਰੋਧ, ਲਾਲਚ, ਡਰ ਜਾਂ ਖੁਸ਼ੀ ਵਿਚ ਆ ਕੇ ਝੂਠ ਬੋਲਣ ਆਦਿ ਪਾਪਾਂ ਦਾ ਤਿਆਗ ਕਰਨ ਦਾ ਪ੍ਰਵਚਨ ਹੈ। ਹਰ ਜੈਨੀ ਨੂੰ ਇਹ ਨਿਸ਼ਚਿਤ ਕਰਨਾ ਹੋਵੇਗਾ ਕਿ ਨਾ ਉਹ ਆਪ ਹੀ ਕਦੇ ਝੂਠ ਬੋਲਾਂਗਾ ਤੇ ਨਾ ਹੀ ਹੋਰਨਾਂ ਤੋਂ ਬੁਲਾਵਾਂਗਾ ਨਾ ਦੂਸਰਿਆਂ ਤੋਂ ਝੂਠ ਬੋਲੇ ਜਾਣ ਨਾਲ ਕਦੇ ਵੀ ਸਹਿਮਤ ਹੀ ਹੋਵੇਗਾ।
3. **ਅਸਤੇਯ:** ਇਸ ਸਿਧਾਂਤ ਵਿਚ ਚੋਰੀ ਨਾ ਕਰਨ ਤੋਂ ਗੁਰੇਜ ਕੀਤਾ ਗਿਆ ਹੈ। ਹਰ ਜੈਨੀ ਨੂੰ ਇਹ ਪ੍ਰਣ ਜਾ ਵਰਤ ਲੈਣਾ ਪਏਗਾ ਕਿ ਉਹ ਹਰ ਉਸ ਚੀਜ਼ ਜਾਂ ਵਸਤੂ ਨੂੰ ਸਵੀਕਾਰ ਕਰਨ ਦਾ ਤਿਆਗ ਕਰਦਾ ਹੈ ਜਿਹੜੀ ਉਸਨੂੰ ਆਪ ਨਾ ਦਿੱਤੀ ਗਈ ਹੋਵੇ ਅਤੇ ਜਿਸਦਾ ਉਹ ਹੱਕਦਾਰ ਨਾ ਹੋਵੇ, ਭਾਵੇਂ ਉਹ ਕਿਸੇ ਪਿੰਡ ਵਿੱਚ, ਸ਼ਹਿਰ ਜਾ ਜੰਗਲ ਵਿਚ ਹੋਵੇ, ਛੋਟੀ ਹੋਵੇ ਜਾਂ ਵੱਡੀ, ਥੋੜੀ ਹੋਵੇ ਜਾਂ ਬਹੁਤੀ, ਜੀਵਤ ਹੋਵੇ ਜਾਂ ਨਿਰਜੀਵ। ਉਹ ਨਾ ਆਪ ਹੀ ਕੋਈ ਅਜਿਹੀ ਵਸਤੂ ਲਵੇਗਾ, ਨਾ ਦੂਸਰਿਆਂ ਦੇ ਲੈਣ ਵਿਚ ਸਹਾਈ ਜਾਂ ਸਹਿਮਤ ਹੋਵੇਗਾ।
4. **ਕਾਮ ਵਾਸ਼ਨਾ ਦਾ ਤਿਆਗ:** ਜੈਨ ਧਰਮ ਕਾਮ ਵਾਸਨਾ ਦਾ ਤਿਆਗ ਕਰਦਾ ਹੈ ਭਾਵੇਂ ਉਸ ਦਾ ਸੰਬੰਧ ਦੇਵੀ ਦੇਵਤਿਆਂ ਨਾਲ ਹੋਵੇ, ਮਨੁੱਖ ਨਾਲ ਜਾਂ ਜਾਨਵਰਾਂ ਨਾਲ ਹੋਵੇ। ਜੈਨੀ ਕਦੇ ਵੀ ਕਾਮ ਚੇਸ਼ਟਾ ਦਾ ਸ਼ਿਕਾਰ ਨਹੀਂ ਹੋਵੇਗਾ, ਨਾ ਹੀ ਦੂਸਰਿਆਂ ਤੋਂ ਅਜਿਹਾ ਕਰਵਾਏਗਾ ਤੇ ਨਾ ਹੀ ਦੂਸਰਿਆਂ ਤੇ ਅਜਿਹਾ ਕਰਨ ਨਾਲ ਸਹਿਮਤ ਹੋਵੇਗਾ।
5. **ਅਪ੍ਰੀਗ੍ਰਹਿ :** ਇਹ ਸਿਧਾਂਤ ਸੰਸਾਰਿਕ ਵਸਤਾਂ ਦੇ ਮੋਹ ਦਾ ਤਿਆਗ ਕਰਦਾ ਹੈ। ਜੈਨੀ ਨੂੰ ਸਾਰੇ ਮੋਹ ਦਾ ਤੇ ਬਾਹਰਲੀਆਂ ਵਸਤਾਂ ਚਾਹੇ ਛੋਟੀਆਂ-ਵੱਡੀਆਂ ਜਾਂ ਜੀਵ ਤੇ ਨਿਰਜੀਵ ਹੋਣ, ਦੇ ਭੋਗ ਦਾ ਤਿਆਗ ਕਰਨਾ ਚਾਹੀਦਾ ਹੈ। ਉਸਨੂੰ ਕਦੇ ਵੀ ਇਸ ਮੋਹ ਵਿਚ ਆਪ ਅਤੇ ਦੂਸਰਿਆਂ ਨੂੰ ਨਹੀਂ ਪਾਉਣਾ ਚਾਹੀਦਾ।

ਸੋ ਉਪਰੋਕਤ ਅਨੁਪ੍ਰੇਕਸ਼ਾ ਅਤੇ ਪੰਚਵ੍ਰਤ ਦੇ ਅਧਿਐਨ ਤੋਂ ਜੈਨ ਮੱਤ ਦੀ ਫ਼ਿਲਾਸਫ਼ੀ ਦੇ ਤਿੰਨ ਰਤਨ Three jewels ਦ੍ਰਿਸ਼ਟੀਗੋਚਰ ਹੁੰਦੇ ਹਨ ਜੋ ਬਹੁਤ ਮਹੱਤਵਪੂਰਨ ਹਨ।ਇਹ ਤਿੰਨ ਰਤਨ ਹਨ:

1. ਸੱਚਾ ਗਿਆਨ

2. ਸੱਚਾ ਦਰਸ਼ਨ

3. ਸੱਚਾ ਚਰਿੱਤਰ

ਇਸੇ ਤਰ੍ਹਾਂ ਜੈਨ ਫ਼ਲਸਫ਼ੇ ਵਿਚ ਨੈਤਿਕ ਸਿਧਾਂਤਾਂ ਦੇ ਤਿੰਨ ਅਸੂਲ ਪ੍ਰਤੱਖ ਹੁੰਦੇ ਹਨ-

1. ਅਹਿੰਸਾ
2. ਸੰਜਮ
3. ਤਪ

ਪੂਰੀ ਤਰ੍ਹਾਂ ਅਹਿੰਸਾ ਦੀ ਪਾਲਣਾ ਕਰਨ ਲਈ ਜੈਨੀਆਂ ਨੂੰ ਇਸ ਸਾਧਨਾ ਨੂੰ ਅਪਣਾਉਣਾ ਪਏਗਾ-
ਕੇਵਲ ਪ੍ਰਚਲਿਤ ਪਗਡੰਡੀਆਂ ਤੇ ਬਣੇ ਮਾਰਗਾਂ ਦੀ ਵਰਤੋਂ ਕਰਨੀ ਚਾਹੀਦੀ ਹੈ; ਜਿਸ ਨਾਲ ਜੀਵ ਜੰਤੂਆਂ ਦੇ ਕੁਚਲੇ ਜਾਂ ਮਿਧੇ ਜਾਣ ਦੀ ਸੰਭਾਵਨਾਵਾ ਘੱਟ ਜਾਣ। ਸੁੰਦਰ ਤੇ ਮਿੱਠੇ ਬਚਨਾਂ ਦੀ ਵਰਤੋਂ ਨਾਲ ਹਿੰਸਾ ਤੋਂ ਬਚਿਆ ਜਾ ਸਕਦਾ ਹੈ। ਕੌੜੇ ਜਾਂ ਮਾੜੇ ਬੋਲਾਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਭਿੱਖਿਆ ਲੈਣ ਵੇਲੇ ਵੀ ਭਿਖਸ਼ੂ ਨੂੰ ਦਾਨ ਦੀ ਸਹੀ ਪੜਚੋਲ ਕਰਨੀ ਚਾਹੀਦੀ ਹੈ। ਮਲ ਮੂਤਰ ਦੇ ਤਿਆਗ ਵੇਲੇ ਵੀ ਇਸ ਸੰਬੰਧੀ ਉਚੇਚਾ ਧਿਆਨ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਜੈਨੀਆਂ ਨੂੰ ਮੂੰਹ ਅੱਗੇ ਵਸਤਰ ਰੱਖਣਾ, ਰਜੋਹਰਾ ਅਰਥਾਤ ਸੂਤ ਦਾ ਝਾੜੂ ਕੋਲ ਰੱਖਣਾ ਤਾਂ ਕਿ ਬੈਠਣ ਸਮੇਂ ਜ਼ਮੀਨ ਸਾਫ਼ ਕੀਤੀ ਜਾ ਸਕੇ, ਨਿਰਮਲ ਜੱਲ ਨਾਲ ਨਾ ਇਸ਼ਨਾਨ ਕਰਨਾ, ਠੰਡਾ ਭੋਜਨ ਕਰਨਾ, ਉਬਲਿਆ ਪਾਣੀ ਨਾ ਪੀਣਾ ਆਦਿ ਹਦਾਇਤਾਂ ਦਿੱਤੀਆਂ ਗਈਆਂ ਹਨ।

ਜੈਨ ਧਰਮ-ਗ੍ਰੰਥਾਂ ਤੋਂ ਇਹ ਨਿਸਚੈ ਰੂਪ ਵਿਚ ਸਪਸ਼ਟ ਹੋ ਜਾਂਦਾ ਹੈ ਕਿ ਜੈਨ ਧਰਮ ਕਿਸੇ ਖਾਸ ਘੇਰੇ, ਸੰਪਰਦਾਇ, ਪਹਿਰਾਵੇ ਅਤੇ ਸਰੀਰ ਦੀ ਕਿਰਿਆ ਨਹੀਂ ਹੈ ਬਲਕਿ ਆਤਮਾ ਦੇ ਅਸਲ ਸਰੂਪ ਦੀ ਪਛਾਣ ਹੀ ਅਸਲ ਜੈਨ ਧਰਮ ਤੇ ਜੈਨਤਵ ਹੈ। ਜੈਨ ਤੀਰਥੰਕਰਾਂ ਨੇ ਕਰੜੀ ਘਾਲਣਾ ਅਤੇ ਅਭਿਆਸ ਤੋਂ ਬਾਅਦ ਆਪਣੇ ਆਤਮਿਕ ਸਰੂਪ ਦੀ ਪਛਾਣ ਕੀਤੀ ਜੀਵਾਂ ਨੂੰ ਸਮਝਾਇਆ ਕਿ ਆਤਮਾ ਹੀ ਜੀਵਨ ਦਾ ਸਾਰ ਤੱਤ ਹੈ। ਇਹੋ ਹੀ ਪੂਰਨ ਗਿਆਨ ਅਤੇ ਆਨੰਦ ਦਾ ਭੰਡਾਰ ਹੈ। ਆਪਣੀ ਆਤਮਾ ਦੀ ਅਸਲ ਪਹਿਚਾਣ ਕਰਨਾ ਹੀ ਧਰਮ ਦਾ ਮੂਲ ਉਦੇਸ਼ ਹੈ ਓਤੇ ਇਹ ਹੀ ਮੁਕਤੀ ਦਾ ਸਾਧਨ ਹੈ। ਆਪਣੀ ਆਤਮਾ ਦੀ ਪਛਾਣ ਨਾਲ ਹੀ ਆਤਮਾ ਪਰਮਾਤਮਾ ਬਣ ਜਾਂਦੀ ਹੈ। ਇਸ ਤਰ੍ਹਾਂ ਇਹ ਧਰਮ ਆਤਮਾ ਨੂੰ ਨਿਰਮਲ ਬਣਾਉਣ ਅਤੇ ਸਦੀਵੀ ਖੁਸ਼ੀਆਂ ਦੇਣ ਵਾਲਾ ਧਰਮ ਹੈ।

## ਬੁੱਧ ਧਰਮ ਗ੍ਰੰਥਾਂ ਦੇ ਸੰਦਰਭ ਵਿਚ:

ਅਜੋਕੇ ਵਿਸ਼ਵ ਵਿਚ ਬੁੱਧ ਧਰਮ ਇਕ ਬਹੁਪੱਖੀ ਪਰੰਪਰਾ ਜਾਂ ਧਾਰਾ ਦੇ ਰੂਪ ਵਿਚ ਸਾਹਮਣੇ ਆਇਆ ਹੈ; ਜਿਸਨੂੰ ਸੰਸਾਰ ਭਰ ਦੇ ਲੋਕਾਂ ਨੇ ਵੱਖ-ਵੱਖ ਰੂਪਾਂ ਵਿਚ ਅਪਣਾਇਆ ਹੈ। ਬੁੱਧ ਧਰਮ ਦੇ ਸੰਪਰਦਾਇ ਅਤੇ ਇਸ ਨਾਲ ਸੰਬੰਧਿਤ ਵੱਖ-ਵੱਖ ਸਾਧਨਾਂ ਦੀਆਂ ਵਿਧੀਆਂ ਮਹਾਤਮਾ ਬੁੱਧ ਦੇ ਮੌਖਿਕ ਉਪਦੇਸ਼ਾਂ ਉੱਤੇ ਆਧਾਰਿਤ ਹਨ। ਬੁੱਧ ਧਰਮ ਇਕ ਵਿਵਹਾਰਕ ਤੇ ਯਥਾਰਥਕ ਮਾਰਗ ਦ੍ਰਿਸ਼ਟੀਗੋਚਰ ਕਰਦਾ ਹੈ, ਜਿਸ ਨੂੰ ਅਪਣਾ ਕੇ ਮਨੁੱਖ ਦੁੱਖਾਂ ਤੋਂ ਨਿਵਿਰਤ ਹੋ ਕੇ ਸਦੀਵੀ ਮੁਕਤੀ ਤੇ ਸ਼ਾਂਤੀ ਪ੍ਰਾਪਤ ਕਰ ਸਕਦਾ ਹੈ। ਨਿਸਚੇ ਹੀ ਮਹਾਤਮਾ ਬੁੱਧ ਸੰਸਾਰ ਦੇ ਮਹਾਨ ਪੁਰਖਾਂ ਦੀ ਸ਼੍ਰੇਣੀ ਵਿਚੋਂ

ਇਕ ਮਹਾਨ ਪੂਰਨ ਪੁਰਖ ਹਨ ਜੋ ਸੱਚੀ ਜਿਗਿਆਸਾ ਨਾਲ ਸੱਚ ਦੀ ਖੋਜ ਅਤੇ ਸੱਚ ਦੀ ਪ੍ਰਾਪਤੀ ਲਈ ਨਿਰੰਤਰ ਘਾਲਣਾ ਘਾਲਦੇ ਹਨ। ਆਚਰਨ ਦੀ ਨਿਰਮਲਤਾ ਅਤੇ ਅੰਤਰਮੁਖ ਆਤਮਿਕ ਸੋਝੀ ਨਾਲ ਜਿੱਥੇ ਆਪ ਗਿਆਨ ਹਾਸਲ ਕਰਦੇ ਹਨ ਉੱਥੇ ਗਿਆਨ ਦੇ ਪਾਸਾਰ ਕਰਨ ਲਈ ਦ੍ਰਿੜ ਸੰਕਲਪ ਨਾਲ ਜੁੱਟ ਕੇ ਅਹਿਮ ਯਤਨ ਕਰਦੇ ਹਨ ਤਾਂ ਕਿ ਸਮੁੱਚੀ ਲੋਕਾਈ ਦਾ ਕਲਿਆਣ ਅਤੇ ਭਲਾ ਕਰ ਸਕਣ।

ਮਹਾਤਮਾ ਬੁੱਧ ਦਾ ਅਸਲ ਨਾਂ ਸਿੱਧਾਰਥ ਗੌਤਮ ਸੀ। ਗਿਆਨ ਦੀ ਪ੍ਰਾਪਤੀ ਤੋਂ ਬਾਅਦ ਆਪ ਨੂੰ ਬੁੱਧ ਕਿਹਾ ਜਾਣ ਲੱਗਾ। ਬੁੱਧ ਤੋਂ ਭਾਵ ਗਿਆਤਾ, ਗਿਆਨੀ ਜਾਂ ਜਾਗਿਆ ਹੋਇਆ ਹੈ। ਮਹਾਤਮਾ ਬੁੱਧ ਦੇ ਪਿਤਾ ਰਾਜਾ ਸ਼ੁਧੋਧਨ ਜੀ ਸ਼ਾਕਯ ਵੰਸ਼ ਨਾਲ ਸੰਬੰਧ ਰੱਖਦੇ ਸਨ ਇਸ ਲਈ ਆਪ ਨੂੰ ਸ਼ਾਕਯਮੁਨੀ ਮਹਾਤਮਾ ਜਾਂ ਸ਼ਾਕਯਵੰਸ਼ ਦਾ ਮਹਾਤਮਾ ਵੀ ਕਿਹਾ ਜਾਂਦਾ ਹੈ। ਆਪ ਲਈ ਤਥਾਗਤ ਸ਼ਬਦ ਦਾ ਵੀ ਪ੍ਰਯੋਗ ਹੁੰਦਾ ਰਿਹਾ ਹੈ ਜਿਸ ਦਾ ਅਰਥ ਹੈ 'ਪਹੁੰਚ ਚੁੱਕਿਆ' ਅਰਥਾਤ ਜੋ ਆਵਾਗਵਣ ਦੇ ਚੱਕਰ ਤੋਂ ਉੱਪਰ ਉੱਠ ਗਿਆ ਹੈ।[24] ਮਹਾਤਮਾ ਬੁੱਧ ਦਾ ਜਨਮ ਛੇਵੀਂ ਸਦੀ ਈਸਾ ਪੂਰਬ ਵਿਚ ਹੋਇਆ। ਆਪ ਦੇ ਜਨਮ ਬਾਰੇ ਵੱਖ-ਵੱਖ ਹਵਾਲੇ ਮਿੱਲਦੇ ਹਨ। ਇਕ ਮੱਤ ਅਨੁਸਾਰ ਜਨਮ 563 ਈ. ਪੂਰਬ ਅਤੇ ਦਿਹਾਂਤ 483 ਈ. ਪੂਰਬ ਵਿਚ ਹੋਇਆ। ਇਸ ਤੋਂ ਇਲਾਵਾ 480-400 ਈ. ਪੂ. ਅਤੇ 470-350 ਈ. ਪੂਰਬ ਵਿਚ ਵੀ ਜਨਮ-ਦਿਹਾਂਤ ਦੀਆਂ ਦਲੀਲਾਂ ਮਿਲਦੀਆਂ ਹਨ। ਬੁੱਧ ਧਰਮ ਦਾ ਜਨਮ ਭਾਰਤ ਵਿਚ ਛੇਵੀਂ ਸਦੀ ਈਸਾ-ਪੂਰਬ ਵਿਚ ਹੋਇਆ। ਇਹ ਧਰਮ ਭਾਰਤ ਵਿਚ ਤਕਰੀਬਨ 1500 ਸਾਲ ਤੱਕ ਵਿਕਸਿਤ ਹੁੰਦਾ ਰਿਹਾ ਅਤੇ ਏਥੋਂ ਦੂਸਰਿਆਂ ਦੇਸ਼ਾਂ ਵਿਚ ਫੈਲ ਗਿਆ। ਮਹਾਤਮਾ ਬੁੱਧ ਦੇ ਉਪਦੇਸ਼ ਪਹਿਲੀ ਸਦੀ ਈਸਵੀ ਤਕ ਤਕਰੀਬਨ ਪੰਜ ਸੌ ਸਾਲ ਜ਼ਬਾਨੀ ਪੀੜ੍ਹੀ-ਦਰ-ਪੀੜ੍ਹੀ ਅੱਗੇ ਫੈਲਦੇ ਗਏ। ਇਸ ਤੋਂ ਬਾਅਦ ਬੁੱਧ ਧਰਮ ਦੇ ਵੱਖ-ਵੱਖ ਸੰਪਰਦਾਵਾਂ ਨੇ ਆਪੋ-ਆਪਣੇ ਧਰਮ-ਗ੍ਰੰਥ ਲਿਖਣੇ ਸ਼ੁਰੂ ਕਰ ਦਿੱਤੇ। ਇਨ੍ਹਾਂ ਵਿਚੋਂ ਤਿੰਨ ਪ੍ਰਮੁੱਖ ਧਰਮ ਗ੍ਰੰਥਾਂ ਨੂੰ ਪਾਲੀ ਵਿਚ ਤਿਪਿਟਕ ਅਤੇ ਸੰਸਕ੍ਰਿਤ ਵਿਚ ਤ੍ਰਿਪਿਟਕ ਕਿਹਾ ਜਾਂਦਾ ਹੈ।ਬੁੱਧ ਧਰਮ ਸਾਹਿਤ ਦਾ ਸਭ ਤੋ ਸਰਵੋਤਮ ਸ੍ਰੋਤ ਪਾਲੀ ਭਾਸ਼ਾ ਵਿਚ ਰਚਿਆ (ਤ੍ਰਿਪਟਕ) ਸਾਹਿਤ ਹੈ। ਤ੍ਰਿਪਟਕ ਤੋਂ ਭਾਵ ਤਿੰਨ ਪਟਾਰੀਆਂ ਹਨ। ਇਸ ਵਿਚ ਸ਼ਾਮਿਲ ਗ੍ਰੰਥਾਂ ਦੀ ਸੂਚੀ ਇਸ ਪ੍ਰਕਾਰ ਹੈ:

1. ਸੁੱਤਪਿਟਕ (ਪ੍ਰਵਚਨਾਂ ਦੀ ਪਿਟਾਰੀ)
2. ਵਿਨਯਪਿਟਕ (ਆਚਾਰ ਸੰਹਿਤਾ)
3. ਅਭਿਧੱਮ ਪਿਟਕ (ਪਰਮਾਰਥੀ ਉਪਦੇਸ਼ਾਂ ਦੀ ਪਿਟਾਰੀ)

   ਸੁੱਤਪਿਟਕ ਅੱਗੋਂ ਪੰਜ ਭਾਗਾਂ ਵਿਚ ਵੰਡਿਆ ਹੋਇਆ ਹੈ:

   1. ਦੀਘ ਨਿਕਾਇ— 34 ਲੰਬੇ ਪ੍ਰਵਚਨਾਂ ਦਾ ਸੰਕਲਨ
   2. ਮੱਝਿਮ ਨਿਕਾਇ- ਮੱਧਮ ਆਕਾਰ ਦੇ152 ਸੂਤਰਾਂ ਦਾ ਸੰਗ੍ਰਹਿ
   3. ਸੰਯੁੱਤ ਨਿਕਾਇ- ਮਿਲੇ ਜੁਲੇ 7 ਹਜ਼ਾਰ ਪ੍ਰਵਚਨਾਂ ਦਾ ਸੰਗ੍ਰਹਿ
   4. ਅੰਗੁੱਤਰ ਨਿਕਾਇ- ਅੰਕ ਤੇ ਆਧਾਰਿਤ 9557 ਸੂਤਰ /ਪ੍ਰਵਚਨਾਂ ਦਾ ਸੰਗ੍ਰਹਿ
   5. ਖੁੱਦਕ ਨਿਕਾਇ- ਛੋਟੀਆਂ ਕਿਤਾਬਾਂ ਦਾ ਸੰਗ੍ਰਹਿ। ਇਸ ਦੇ ਅੱਗੋਂ ਅਠਾਰਾਂ ਭਾਗ ਹਨ।

ਵਿਨਯ ਪਿਟਕ ਵਿਚ ਤਿੰਨ ਕਿਤਾਬਾਂ ਸ਼ਾਮਿਲ ਹਨ-

ਸੁਤਵਿਭੰਗ- ਇਸ ਵਿਚ ਸੰਘ ਦੇ ਨਿਯਮਾਂ ਦੀ ਵਿਆਖਿਆ ਹੈ।

ਖੰਧਕ- ਇਸ ਦੇ 22 ਖੰਡਾਂ ਵਿਚ ਸੰਘ ਵਿਚ ਦਾਖਲ ਹੋਣ ਦੇ ਨਿਯਮ, ਮੱਠ ਦੀਆਂ ਰਹੁ-ਰੀਤਾਂ ਸੰਬੰਧੀ ਨਿਯਮਾਂ ਦਾ ਵਰਣਨ ਹੈ।

ਪਰਿਵਾਰ- ਇਸ ਵਿਚ ਪਹਿਲੇ ਦੋ ਭਾਗਾਂ ਵਿਚ ਬਿਆਨ ਕੀਤੇ ਗਏ ਨਿਯਮਾਂ ਦਾ ਸੰਖੇਪ ਸਾਰ ਹੈ ਅਤੇ ਆਲੋਚਨਾਤਮਿਕ ਵਿਆਖਿਆ ਹੈ।

ਅਭਿਧੱਮ ਪਿਟਕ ਵਿਚ ਸੱਤ ਕਿਤਾਬਾਂ ਸ਼ਾਮਿਲ ਹਨ।

ਸੁੱਤਪਿਟਕ ਤੋਂ ਭਾਵ ਪ੍ਰਵਚਨਾਂ ਦੀ ਪਿਟਾਰੀ ਹੈ। ਇਸ ਵਿਚ ਦਰਜ ਪ੍ਰਵਚਨ ਮਹਾਤਮਾ ਬੁੱਧ ਦੇ ਮੰਨੇ ਜਾਂਦੇ ਹਨ। ਵਿਨਯਪਿਟਕ ਨੂੰ ਸੰਜਮ ਦੀ ਪਿਟਾਰੀ ਮੰਨਿਆ ਜਾਂਦਾ ਹੈ। ਇਸ ਦਾ ਲਫ਼ਜ਼ੀ ਅਰਥ ਹੈ-ਅਗਵਾਈ ਕਰਨਾ, ਵਿਦਿਆ, ਸੰਜਮ। ਇਸ ਵਿਚ ਭਿਕਸ਼ੂਆਂ ਦੁਆਰਾ ਅਪਣਾਏ ਜਾਣ ਵਾਲੇ ਸੰਜਮਾਂ ਦਾ ਬਿਆਨ ਹੈ। ਅਭਿਧੱਮ ਪਿਟਕ ਵਿਚ ਬੁੱਧ ਧਰਮ ਦੇ ਫ਼ਲਸਫ਼ੇ ਅਤੇ ਸਿਧਾਂਤ ਦੀ ਮਹਾਤਮਾ ਬੁੱਧ ਦੇ ਪ੍ਰਵਚਨਾਂ ਉੱਤੇ ਆਧਾਰਿਤ ਵਿਸਥਾਰ ਪੂਰਵਕ ਆਲੋਚਨਾਤਮਕ ਵਿਆਖਿਆ ਸ਼ਾਮਿਲ ਹੈ। ਇਹ ਗ੍ਰੰਥ ਬੋਧੀ ਵਿਚਾਰਧਾਰਾ ਅਤੇ ਸਾਧਨਾ ਦਾ ਸਾਰ ਹੈ। ਬੁੱਧ ਧਰਮ ਦਾ ਧਾਰਮਿਕ ਸਾਹਿਤ ਬਹੁਤ ਮਾਤਰਾ ਵਿਚ ਮਿਲਦਾ ਹੈ। ਇਹ ਕਈ ਭਾਸ਼ਾਵਾਂ ਵਿਚ ਉਪਲਬਧ ਹੈ। ਬੁੱਧ ਬਾਣੀ ਦੇ ਕਈ ਅਨੁਵਾਦ ਚੀਨੀ, ਜਾਪਾਨੀ, ਤਿੱਬਤੀ ਆਦਿ ਭਾਸ਼ਾਵਾਂ ਵਿਚ ਮਿਲਦੇ ਹਨ। ਪਰ ਮੂਲ ਬੁੱਧ ਵਾਣੀ ਪਾਲੀ, ਸੰਸਕ੍ਰਿਤ, ਪ੍ਰਾਕ੍ਰਿਤ ਭਾਸ਼ਾਵਾਂ ਵਿਚ ਹੀ ਮਿਲਦੇ ਹਨ। ਬੁੱਧ ਗ੍ਰੰਥਾਂ ਵਿਚ ਆਏ ਸੰਪਰਦਾਇ ਸੰਬੰਧੀ ਵਿਧਾਨ ਅਤੇ ਬੁੱਧ ਫ਼ਿਲਾਸਫ਼ੀ ਤੋਂ ਸਪਸ਼ਟ ਹੁੰਦਾ ਹੈ

ਅਜੋਕੇ ਸਮੇਂ ਵਿਚ ਬੁੱਧ ਧਰਮ ਦੇ ਤਿੰਨ ਸੰਪਰਦਾਇ ਬਹੁਤ ਪ੍ਰਚਲਿਤ ਹਨ। ਇਨ੍ਹਾਂ ਦਾ ਸੰਖੇਪ ਵਿਚ ਵੇਰਵਾ ਇਸ ਪ੍ਰਕਾਰ ਹੈ:

ਥੇਰਵਾਦ- ਥੇਰਵਾਦ ਦਾ ਅਰਥ ਹੈ ਵੱਡਿਆਂ ਦਾ ਉਪਦੇਸ਼। ਇਹ ਸੰਪਰਦਾਇ ਸ੍ਰੀ ਲੰਕਾ ਅਤੇ ਦੱਖਣੀ ਪੂਰਬੀ ਏਸ਼ੀਆ ਵਿਚ ਪ੍ਰਚਲਿਤ ਹੈ।

ਮਹਾਯਾਨ- ਮਹਾਯਾਨ ਦਾ ਅਰਥ ਹੈ ਮਹਾਨ ਰੱਥ ਜਾਂ ਵੱਡਾ ਚੱਕਰ। ਇਹ ਸੰਪਰਦਾਇ ਤਿੱਬਤ ਅਤੇ ਪੂਰਬੀ ਏਸ਼ੀਆ ਵਿਚ ਪ੍ਰਚਲਿਤ ਹੈ।

ਵਜਰਯਾਨ- ਵਜਰਯਾਨ ਦਾ ਅਰਥ ਹੈ 'ਰਤਨ' ਜਾਂ ਮੰਤਰਯਾਨ। ਇਹ ਇਹ ਸੰਪਰਦਾਇ ਤਿੱਬਤ ਅਤੇ ਜਾਪਾਨ ਵਿਚ ਪ੍ਰਚਲਿਤ ਹੈ।

ਬੁੱਧ ਧਰਮ ਦੇ ਪਾਸਾਰ ਵਿਚ ਭਾਰਤ ਦੇ ਰਾਜਾ ਅਸ਼ੋਕ ਦਾ ਬਹੁਤ ਵੱਡਾ ਰੋਲ ਹੈ। ਉਸ ਨੇ ਆਪਣੇ ਪੁੱਤਰ ਅਤੇ ਪੁੱਤਰੀ ਨੂੰ ਸ੍ਰੀ ਲੰਕਾ ਭੇਜਿਆ। ਬੁੱਧ ਧਰਮ ਦਾ ਪ੍ਰਚਾਰ ਪਹਿਲਾ ਭਾਰਤ ਦੇ ਨਾਲ ਲੱਗਦੇ ਦੱਖਣੀ ਦੇਸ਼ਾਂ ਅਤੇ ਬਾਅਦ ਵਿਚ ਉੱਤਰੀ ਦੇਸ਼ਾਂ ਵਿਚ ਹੋਇਆ। ਥੇਰਵਾਦ ਬਰਮਾ, ਥਾਈਲੈਂਡ, ਕੋਰੀਆ, ਚੀਨ ਅਤੇ ਜਾਪਾਨ ਵਿਚ ਪ੍ਰਫ਼ੁਲਤ ਹੋਇਆ। ਮਹਾਯਾਨ ਮੰਗੋਲੀਆ, ਕੋਰੀਆ, ਚੀਨ, ਜਾਪਾਨ ਵਿਚ ਪ੍ਰਫ਼ੁਲਤ ਹੋਇਆ। ਵਜਰਯਾਨ ਤਿੱਬਤ ਅਤੇ ਹਿਮਾਲਾ ਪਰਬਤ ਦੇ ਨਾਲ ਲੱਗਦੇ ਦੇਸ਼ਾਂ ਵਿਚ ਪ੍ਰਫ਼ੁਲਤ ਹੋਇਆ।

ਮਹਾਤਮਾ ਬੁੱਧ ਨੂੰ ਗਿਆਨ ਦੀ ਪ੍ਰਾਪਤੀ ਬੋਧ ਗਯਾ ਵਿਖੇ ਹੋਈ। ਆਪ ਨੇ ਆਪਣਾ ਪਹਿਲਾ ਉਪਦੇਸ਼ ਬਨਾਰਸ (ਸਾਰਨਾਥ) ਵਿਖੇ ਪੰਜ ਸੰਨਿਆਸੀਆਂ ਨੂੰ ਦਿੱਤਾ। ਆਪ ਦੇ ਉਪਦੇਸ਼ਾਂ ਜਾਂ ਸਿਖਿਆਵਾਂ ਦਾ ਸਾਰ ਇਸ ਪ੍ਰਕਾਰ ਸੀ-

ਚਾਰ ਮਹਾਨ ਸੱਚ: ਮਹਾਤਮਾ ਬੁੱਧ ਨੇ ਚਾਰ ਨਿਰਮਲ ਜਾਂ ਚਾਰ ਪਵਿੱਤਰ ਸੱਚ ਪੇਸ਼ ਕੀਤੇ। ਇਹ ਸਚਾਈਆਂ ਵਿਚਲਾ ਗਿਆਨ ਬੁੱਧ ਧਰਮ ਦੀ ਬੁਨਿਆਦ ਹੈ। ਇਨ੍ਹਾਂ ਨੂੰ ਸੂਤਰਬੱਧ ਰੂਪ ਵਿਚ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ:

1. ਦੁੱਖ: ਦੁਨੀਆਂ ਦੁੱਖਾਂ ਦਾ ਘਰ ਹੈ।
2. ਦੁੱਖ- ਸਮੁਦੈਯ: ਇਨ੍ਹਾਂ ਦੁੱਖਾਂ ਦਾ ਇਕ ਮੂਲ ਕਾਰਨ ਹੈ।
3. ਦੱਖ-ਨਿਰੋਧ: ਇਨ੍ਹਾਂ ਦੁੱਖਾਂ ਦਾ ਅੰਤ ਕੀਤਾ ਜਾ ਸਕਦਾ ਹੈ।
4. ਦੁੱਖ-ਨਿਰੋਧਾਗਾਮਿਨੀ-ਪ੍ਰਤਿਪਦਾ: ਦੁੱਖਾਂ ਤੋਂ ਦੂਰ ਜਾਣ ਦਾ ਇਕ ਮਾਰਗ ਹੈ ਜਿਸਨੂੰ ਆਰਯ-ਅਸ਼ਟਾਂਗ ਮਾਰਗ ਕਿਹਾ ਜਾਂਦਾ ਹੈ।

ਉਪਰੋਕਤ ਸੱਚਾਈਆਂ ਤੋਂ ਇਹ ਸਮਝਿਆ ਜਾ ਸਕਦਾ ਹੈ ਕਿ ਮਨੁੱਖੀ ਜ਼ਿੰਦਗੀ ਵਿਚ ਦੁੱਖਾਂ ਦੀ ਹੋਂਦ ਹੈ। ਸੰਸਾਰ ਦੁੱਖਾਂ ਦਾ ਘਰ ਹੈ। ਇਨ੍ਹਾਂ ਦੁੱਖਾਂ ਦਾ ਕੋਈ ਨਾ ਕੋਈ ਕਾਰਨ ਹੁੰਦਾ ਹੈ। ਜੋ ਅਸਲ ਵਿਚ ਸਾਡੀਆਂ ਕਾਮਨਾਵਾਂ ਤੇ ਇੱਛਾਵਾਂ ਜਾਂ ਲਾਲਸਾਵਾਂ ਵੱਲ ਸੰਕੇਤ ਕਰਦਾ ਹੈ। ਇੱਛਾਵਾਂ ਸਾਡੇ ਸਾਧਨਾਂ ਤੋਂ ਬਹੁਤ ਜ਼ਿਆਦਾ ਹਨ ਜਿਸ ਨਾਲ ਦੁੱਖ ਪੈਦਾ ਹੁੰਦਾ ਹੈ। ਪਰ ਇਨ੍ਹਾਂ ਦੁੱਖਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਜੇ ਮਨੁੱਖ ਆਪਣੇ ਮਨ ਜਾਂ ਇੰਦਰੀਆਂ ਨੂੰ ਕੰਟਰੋਲ ਵਿਚ ਕਰ ਲਏ ਤਾਂ ਦੁੱਖ ਖ਼ਤਮ ਹੋ ਸਕਦੇ ਹਨ। ਦੁੱਖਾਂ ਤੋਂ ਮੁਕਤ ਹੋਣ ਲਈ ਮਹਾਤਮਾ ਬੁੱਧ ਦੇ ਦੱਸੇ ਮਾਰਗ ਤੇ ਚੱਲਣਾ ਚਾਹੀਦਾ ਹੈ। ਜਿਸਨੂੰ ਅਸ਼ਟਾਂਗ ਜਾਂ ਮੱਧ ਮਾਰਗ Eight Fold Path ਜਾਂ Middle Way ਕਿਹਾ ਜਾਂਦਾ ਹੈ। ਧੱਮਪਦ ਵਿਚ ਇਸ ਮਾਰਗ ਨੂੰ ਇਸ ਤਰ੍ਹਾਂ ਸਪਸ਼ਟ ਕੀਤਾ ਗਿਆ ਹੈ:

ਠੀਕ ਵਿਚਾਰ ਇਹ ਹਨ: ਠੀਕ ਨਿਸ਼ਠਾ, ਠੀਕ ਕਥਨੀ, ਠੀਕ ਕਰਨੀ, ਠੀਕ ਕਰਮ, ਠੀਕ ਨਿਰਬਾਹ, ਠੀਕ ਕੋਸ਼ਿਸ਼, ਠੀਕ ਧਿਆਨ, ਠੀਕ ਸਮਾਧੀ ।ਹੇ ਭਿਕਸ਼ੂ ਲੋਕੋਂ! ਇਹ ਹੀ ਮੱਧ ਮਾਰਗ ਹੈ ਜਿਹੜਾ ਤਥਾਗਤ (ਬੁੱਧ) ਨੇ ਲੱਭਿਆ ਹੈ। ਜਿਸ ਦੁਆਰਾ ਮਨੁੱਖ ਦ੍ਰਿਸ਼ਟਾ ਵੀ ਬਣਦਾ ਹੈ ਅਤੇ ਗਿਆਨੀ ਵੀ। ਇਹ ਮਾਰਗ ਸ਼ਾਂਤੀ, ਸੂਝ, ਗਿਆਨ ਤੇ ਨਿਰਵਾਣ ਦਾ ਰਸਤਾ ਹੈ।'[25]

ਮਹਾਤਮਾ ਬੁੱਧ ਨੇ ਉਪਦੇਸ਼ ਦਿੱਤਾ ਹੈ ਕਿ ਅਸ਼ਟਾਂਗ ਮਾਰਗ ਤੇ ਚੱਲ ਕੇ ਪੀੜਾ ਜਾਂ ਦੁੱਖਾਂ ਨੂੰ ਘਟਾਇਆ ਜਾ ਸਕਦਾ ਹੈ। ਇਹ ਮੱਧ ਮਾਰਗ ਸ਼ਾਂਤੀ, ਸੂਝ, ਗਿਆਨ ਤੇ ਨਿਰਵਾਣ ਦਾ ਰਸਤਾ ਹੈ। ਇਹ ਅੱਠ ਸਿਧਾਂਤਾਂ ਤੇ ਆਧਾਰਿਤ ਫਲਸਫ਼ਾ ਮੱਧ ਜਾਂ ਵਿਚਲਾ ਰਸਤਾ ਸੁਝਾਉਂਦਾ ਹੈ। ਮਨੁੱਖ ਨੂੰ ਨਾ ਤਾਂ ਸਰੀਰ ਨੂੰ ਬਹੁਤ ਕਸ਼ਟ ਦੇਣ ਵਾਲਾ ਰਾਹ ਅਪਣਾਉਣਾ ਚਾਹੀਦਾ ਹੈ ਤੇ ਨਾਂ ਹੀ ਅਤਿ ਵਿਲਾਸਤਾ ਵਾਲਾ ਜੀਵਨ। ਇਸਦੇ ਹੇਠ ਲਿਖੇ ਅੰਗ ਹਨ:

1. ਸੰਮ ਜਾਂ ਸਮਿਅਕ ਦ੍ਰਿਸ਼ਟੀ Right View
2. ਸੰਮ ਜਾਂ ਸਮਿਅਕ ਸੰਕਲਪ Right Intension
3. ਸੰਮ ਜਾਂ ਸਮਿਅਕ ਵਾਕ Right Speech
4. ਸੰਮ ਜਾਂ ਸਮਿਅਕ ਕਰਮ Right action
5. ਸੰਮ ਜਾਂ ਸਮਿਅਕ ਆਜੀਵਕਾ Right Livelihood
6. ਸੰਮ ਜਾਂ ਸਮਿਅਕ ਵਯਾਯਾਮ Right Efforts

7. ਸੰਮ ਜਾਂ ਸਮਿਅਕ ਸਿਮਰਿਤੀ Right Mindfulness
8. ਸੰਮ ਜਾਂ ਸਮਿਅਕ ਸਮਾਧੀ Right Meditation

ਇਨ੍ਹਾਂ ਅੱਠ ਅੰਗਾਂ ਨੂੰ ਹੇਠ ਲਿਖੇ ਤਿੰਨ ਭਾਗਾਂ[26] ਵਿਚ ਵੰਡਿਆ ਜਾ ਸਕਦਾ ਹੈ:

1. ਪ੍ਰਗਿਆ: ਬੁੱਧੀ ਜਾਂ ਵਿਵੇਕ ਜਿਸ ਨਾਲ ਇਸ ਮਾਰਗ ਦਾ ਆਰੰਭ ਹੁੰਦਾ ਹੈ, ਇਸ ਵਿਚ ਸੱਚੀ ਸੰਤੁਲਿਤ ਦ੍ਰਿਸ਼ਟੀ ਅਤੇ ਸੱਚਾ ਸੰਕਲਪ ਸ਼ਾਮਲ ਹਨ।
2. ਸ਼ੀਲ: ਨਿਰਮਲ ਸਦਾਚਾਰ ਜੋ ਸਮਾਧੀ ਲਈ ਆਧਾਰ ਤਿਆਰ ਕਰਦਾ ਹੈ। ਇਸ ਵਿਚ ਸੱਚੇ ਬਚਨ, ਸੱਚੇ ਕਰਮ ਅਤੇ ਸੱਚੀ ਕਮਾਈ ਸ਼ਾਮਲ ਹੈ।
3. ਇਕਾਗਰਤਾ ਜਾਂ ਸਮਾਧੀ: ਇਸ ਨਾਲ ਧਰਮ ਦੀ ਪਛਾਣ ਹੁੰਦੀ ਹੈ। ਇਸ ਵਿਚ ਸੱਚਾ ਯਤਨ. ਸੱਚਾ ਮਨ  ਅਤੇ ਸੱਚੀ ਸਮਾਧੀ ਸ਼ਾਮਲ ਹੈ।

ਬੁੱਧ ਧਰਮ ਅਨੁਸਾਰ ਮੁਕਤੀ ਦੀ ਪ੍ਰਾਪਤੀ ਲਈ  ਅਸ਼ਟਾਂਗ ਮਾਰਗ ਦਾ ਪੂਰਨ ਅਭਿਆਸ ਜ਼ਰੂਰੀ ਹੈ। ਇਨਾਂ ਸਿਧਾਂਤਾਂ ਵਿਚ ਮਨੁੱਖ ਦੀ ਦ੍ਰਿਸ਼ਟੀ ਜਾਂ ਨਜ਼ਰੀਆ, ਠੀਕ ਇਰਾਦੇ, ਠੀਕ ਬੋਲਚਾਲ, ਸੁਚੱਜੇ ਕਰਮ, ਹੱਕ ਮਿਹਨਤ ਦੀ ਰੋਜ਼ੀ ਤੇ ਰੁਜ਼ਗਾਰ, ਮਨ ਦਾ ਸਾਵਧਾਨ ਜਾਂ ਸੁਚੇਤ ਹੋਣਾ ਅਤੇ ਮਨ ਦੀ ਇਕਾਗਰਤਾ ਨੂੰ ਕਾਇਮ ਕਰਨ ਤੇ ਜ਼ੋਰ ਦਿੱਤਾ ਗਿਆ ਹੈ। ਬੁੱਧ ਧਰਮ ਦਾ ਇਹ ਮੱਧ ਮਾਰਗ ਅਜਿਹੀ ਸੰਪੂਰਨ, ਸੰਤੁਲਿਤ ਰੂਹਾਨੀ ਸਾਧਨਾ ਦਾ ਸੰਵਾਦ ਰਚਾਉਂਦਾ ਹੈ ਜੋ ਅਤਿ ਤੋਂ ਬੱਚ ਕੇ ਚੱਲਦਾ ਹੈ। ਮਨ ਨੂੰ ਸਾਵਧਾਨ, ਸੁਚੇਤ ਅਤੇ ਥਿਰ ਰੱਖਣ ਦਾ ਅਭਿਆਸ ਚੇਤਨਾ ਦੇ ਵਿਕਾਸ ਦਾ ਸੂਚਕ ਬਣ ਜਾਂਦਾ ਹੈ ਜੋ ਅੱਗੇ ਜਾ ਕੇ ਪਰਮ-ਚੇਤਨਾ ਜਾਂ ਸੱਚੇ-ਬੁੱਧ ਵਿਚ ਅਭੇਦ ਹੋ ਜਾਂਦਾ ਹੈ।

**ਪੰਚਸ਼ੀਲ** : ਬੁੱਧ ਧਰਮ ਵਿਚ ਪੇਸ਼ ਪੰਚਸ਼ੀਲ ਸਿਧਾਂਤ ਪੰਜ ਜ਼ਰੂਰੀ ਆਦੇਸ਼ਾਂ ਜਾਂ ਪੰਜ ਸੰਜਮਾਂ ਦਾ ਫ਼ਲਸਫ਼ਾ ਬਿਆਨ ਕਰਦਾ ਹੈ। ਬੁੱਧ ਦੇ ਮਾਰਗ ਤੇ ਚੱਲਣ ਵਾਲੇ ਸਾਧਕ ਆਪਣਾ ਅਭਿਆਸ ਪੰਚਸ਼ੀਲ ਜਾਂ ਪੰਜ ਪ੍ਰਕਾਰ ਦੇ ਸੰਜਮ ਨਾਲ ਕਰਦੇ ਹਨ। ਅਰਥਾਤ ਪੰਚਸ਼ੀਲ ਵਿਚ ਪੰਜ ਕਿਸਮ ਦੇ ਕਰਮ ਨਾ ਕਰਨ ਦਾ ਸੰਜਮ ਸ਼ਾਮਲ ਹੈ। ਖੁੱਦਕਪਾਠ ਵਿਚ ਇਹ ਪੰਜ ਉਪਦੇਸ਼[27] ਇਸ ਤਰ੍ਹਾਂ ਅੰਕਿਤ ਹਨ:

1. ਮੈਂ ਕਿਸੇ ਜੀਵ ਨੂੰ ਮਾਰਨ ਜਾਂ ਕੋਈ ਜ਼ਖ਼ਮ ਜਾਂ ਚੋਟ ਲਾਣ ਤੋਂ ਪ੍ਰਹੇਜ਼ ਕਰਨ ਦਾ ਇਕਰਾਰ ਕਰਦਾ ਹਾਂ।
2. ਮੈਂ ਉਸ ਵਸਤੂ ਨੂੰ ਸਵੀਕਾਰ ਕਰਨ ਤੋਂ ਨਾ ਕਰਨ ਦਾ ਇਕਰਾਰ ਕਰਦਾ ਹਾਂ ਜਿਹੜੀ ਮੈਨੂੰ ਆਪ ਨਾ ਦਿੱਤੀ ਗਈ ਹੋਵੇ।
3. ਮੈਂ ਲਿੰਗ ਬਦਫ਼ੈਲੀ ਤੋਂ ਪ੍ਰਹੇਜ਼ ਕਰਨ ਦਾ ਇਕਰਾਰ ਕਰਦਾ ਹਾਂ।
4. ਮੈਂ ਝੂਠ ਬੋਲਣ ਤੋਂ ਪ੍ਰਹੇਜ਼ ਕਰਨ ਦਾ ਇਕਰਾਰ ਕਰਦਾ ਹਾਂ।
5. ਮੈਂ ਨਸ਼ੇ ਵਾਲੀਆਂ ਤੇ ਉਨਾਂ ਚੀਜ਼ਾਂ ਤੋਂ ਪ੍ਰਹੇਜ਼ ਕਰਨ ਦਾ ਇਕਰਾਰ ਕਰਦਾ ਹਾਂ ਜਿਨ੍ਹਾਂ ਦੇ ਪੀਣ ਨਾਲ ਆਲਸ ਤੇ ਸੁਸਤੀ ਪੈਦਾ ਹੁੰਦੀ ਹੈ।

ਸੋ ਇਸ ਤਰ੍ਹਾਂ ਪੰਚਸ਼ੀਲ ਅਹਿੰਸਾ ਤੇ ਜ਼ੋਰ ਦਿੰਦਾ ਹੈ; ਜੋ ਜੀਵ ਹੱਤਿਆ ਦੇ ਤਿਆਗ ਲਈ ਆਧਾਰ-ਭੂਮੀ ਤਿਆਰ ਕਰਨ ਦਾ ਸੰਕੇਤ ਕਰਦਾ ਹੈ। ਚੋਰੀ ਜਾਂ ਬੇਈਮਾਨੀ ਨਾ ਕਰਨ, ਕਾਮ-ਵਾਸਨਾ ਦਾ ਤਿਆਗ, ਝੂਠ ਦਾ ਤਿਆਗ ਅਤੇ ਨਸ਼ਿਆਂ

ਦਾ ਤਿਆਗ ਕਰਕੇ ਸੱਚੀ-ਸੁੱਚੀ ਸ਼ਖਸ਼ੀਅਤ ਦੀ ਘਾੜਤ ਘੜਨ ਦਾ ਉਪਰਾਲਾ ਹੈ। ਨੇਕ ਕਰਮ ਕਰਕੇ ਜ਼ਿੰਦਗੀ ਨੂੰ ਸ਼ਾਂਤਚਿਤ ਤੇ ਕਲੇਸ਼ਮੁਕਤ ਬਣਾਉਣ ਦਾ ਉਪਰਾਲਾ ਹੈ।

ਛੇ ਪਾਰਮਿਤਾ ( ਸਿਧੀਆਂ) : ਬੁੱਧ ਧਰਮ ਵਿਚ ਪਾਰਮਿਤਾ[28] ਦੇ ਸੰਕਲਪ ਉੱਤੇ ਵੀ ਚਰਚਾ ਮਿਲਦੀ ਹੈ। ਪਾਰਮਿਤਾ ਦਾ ਅਰਥ ਹੈ ਉੱਚੀ ਤੋਂ ਉੱਚੀ ਸਿੱਧੀ ਜਾਂ ਸੰਪੂਰਨਤਾ ਦੀ ਪ੍ਰਾਪਤੀ। ਇਹ ਹੇਠ ਲਿਖੇ ਗੁਣਾਂ ਨੂੰ ਧਾਰਨ ਕਰਨ ਨਾਲ ਪ੍ਰਾਪਤ ਕੀਤੀ ਜਾ ਸਕਦੀ ਹੈ:

1. ਦਾਨ-ਜਾਨਦਾਰ ਚੀਜ਼ਾਂ ਪ੍ਰਤੀ ਸੁਹਿਰਦਤਾ।
2. ਸ਼ੀਲ-ਕਰਨੀ ਤੇ ਕਥਨੀ ਵਿਚ ਇਕੋ ਜਿਹਾ ਹੋਣਾ।
3. ਸ਼ਾਂਤੀ: ਧਾਰਮਕ ਅਮਲ (ਧਾਰਮਿਕ ਸਿੱਖਿਆਵਾਂ ਤੇ ਚੱਲਣ ) ਸਮੇਂ ਦੁੱਖ-ਤਕਲੀਫਾਂ ਤੋਂ ਨਾ ਘਬਰਾਉਣਾ।
4. ਵੀਰਯ: ਆਤਮਿਕ ਸ਼ਕਤੀ। ਇਸ ਤੋਂ ਭਾਵ ਧਰਮ ਜਾਂ ਨੇਕੀ ਦੇ ਵਾਧੇ ਲਈ ਉਤਸ਼ਾਹ ਦਾ ਹੋਣਾ ਹੈ।
5. ਧਯਾਨ—ਮਨ ਉੱਤੇ ਕਾਬੂ।
6. ਪ੍ਰਾਜਣਾ-ਉਚਤਮ ਸਿਆਣਪ। ਇਹ ਵਸਤੂਆਂ ਦੀ ਅਸਲੀਅਤ ਨੂੰ ਪਹਿਚਾਨਣਾ ਹੈ।

ਤਿੰਨ ਰਤਨ: ਬੁੱਧ ਧਰਮ ਵਿਚ ਪਰਮਾਰਥ ਦੇ ਪਾਂਧੀਆਂ ਲਈ ਤ੍ਰਿਰਤਨਾਂ ਦੀ ਹੋਂਦ ਨੂੰ ਜ਼ਰੂਰੀ ਮੰਨਿਆ ਗਿਆ ਹੈ।ਇਹ ਤਿੰਨ ਰਤਨ ਹਨ: ਬੁੱਧ, ਬੁੱਧ ਦਾ ਸੱਚਾ ਉਪਦੇਸ਼ (ਧਰਮ) ਅਤੇ ਧਰਮ ਉੱਤੇ ਚੱਲਣ ਵਾਲਿਆਂ ਦੀ ਸੰਗਤ ਅਰਥਾਤ ਸੰਘ ਦਾ ਮੈਂਬਰ ਬਣਨਾ। ਇਨ੍ਹਾਂ ਤਿੰਨ ਰਤਨਾਂ ਵਿਚੋਂ ਬੁੱਧ ਜਾ ਗੁਰੂ ਅਤਿ ਆਵਸ਼ਕ ਤੇ ਮਹੱਤਵਪੂਰਨ ਹੈ। ਗੁਰੂ ਦੀ ਅਗਵਾਈ ਤੋਂ ਬਿਨਾਂ ਧਰਮ ਧਾਰਨ ਨਹੀਂ ਕੀਤਾ ਜਾ ਸਕਦਾ। ਧਰਮ ਦੀ ਸਾਧਨਾ ਲਈ ਸੰਘ ਜਾਂ ਸੰਗਤ ਬਹੁਤ ਮਹਤਵਪੂਰਨ ਹੈ।

ਮਹਾਤਮਾ ਬੁੱਧ ਦਾ ਫ਼ਲਸਫ਼ਾ ਸਪਸ਼ਟ ਕਰਦਾ ਹੈ ਕਿ ਸਮੁੱਚਾ ਵਿਸ਼ਵ ਜੀਵਾਂ ਨਾਲ ਭਰਿਆ ਪਿਆ ਹੈ। ਜੀਵ ਆਪਣੇ ਪੂਰਬਲੇ ਕਰਮਾਂ ਕਾਰਨ ਜੰਮਣ-ਮਰਣ ਦੇ ਚੱਕਰ ਵਿਚ ਪਏ ਹੋਏ ਹਨ। ਜੱਦ ਤੱਕ ਮਨੁੱਖ ਕਿਸੇ ਸਾਕਾਰ ਬੁੱਧ ਨਾਲ ਨਹੀਂ ਜੁੜਦਾ ਅਤੇ ਉਸ ਦੇ ਸਮਝਾਏ ਮਾਰਗ ਤੇ ਨਹੀਂ ਚੱਲਦਾ ਤਦੋਂ ਤੀਕ ਉਹ ਜੰਮਣ-ਮਰਣ ਦੇ ਚੱਕਰ ਤੋਂ ਮੁਕਤ ਨਹੀਂ ਹੋ ਸਕਦਾ। ਮਹਾਤਮਾ ਬੁੱਧ ਜੀਵਨ ਨੂੰ ਬਹੁਤ ਅਮੋਲਕ ਮੰਨਦਾ ਹੈ ਕਿਉਂਕਿ ਉਨ੍ਹਾਂ ਅਨੁਸਾਰ ਸਾਰਾ ਰੂਹਾਨੀ ਗਿਆਨ ਸਰੀਰ ਦੇ ਅੰਦਰ ਹੀ ਹੈ ਅਤੇ ਇਸ ਦੇ ਅੰਦਰੋਂ ਹੀ ਉਸ ਦੀ ਖੋਜ ਕੀਤੀ ਜਾ ਸਕਦੀ ਹੈ। ਸੱਚ ਦੀ ਖੋਜ ਬਾਹਰਮੁਖੀ ਕਰਮਕਾਂਡਾਂ ਜਾਂ ਲਿਖਤੀ ਧਰਮ-ਗ੍ਰੰਥਾਂ ਵਿਚ ਕਰਨਾ ਵਿਅਰਥ ਹੈ ਕਿਉਂਕਿ ਨਿਰਾਕਾਰ ਸੱਚ ਜਾਂ ਪਰਮ ਤੱਤ ਇਸ ਸਰੀਰ ਦੇ ਅੰਦਰ ਮੌਜੂਦ ਹੈ। ਮਹਾਤਮਾ ਬੁੱਧ ਨੇ ਜ਼ੋਰ ਦਿੱਤਾ ਕਿ ਮਨੁੱਖੀ ਸਰੀਰ ਅਤੇ ਸੰਸਾਰ ਨਾਸ਼ਵਾਨ ਹੈ। ਛਿੰਨ-ਭੰਗਰ ਅਤੇ ਥੋੜ-ਚਿਰ੍ਹਾ ਹੈ। ਬੁਢਾਪਾ, ਦੁੱਖ, ਬਿਮਾਰੀ ਅਤੇ ਮੌਤ ਹੀ ਵਾਸਤਵਿਕ ਸੱਚਾਈ ਹੈ। ਇਸ ਨਾਸ਼ਵਾਨ ਦੁਨੀਆਂ ਦੇ ਵਿਚ ਸੁਚੱਜੇ ਕਰਮਾਂ ਨਾਲ ਜੀਵਨ ਬਿਤਾਉਣਾ ਚਾਹੀਦਾ ਹੈ। ਬੁੱਧ ਮੱਤ ਅਣਈਸ਼ਵਰਵਾਦੀ ਧਰਮ ਹੈ। ਪਰਮਾਤਮਾ ਦੀ ਹੋਂਦ ਬਾਰੇ ਚੁੱਪ ਹੈ। ਰੱਬ ਵਿਚ ਯਕੀਨ ਨਹੀਂ ਰੱਖਦਾ। ਬੁੱਧ ਧਰਮ ਆਤਮਾ ਦੀ ਹੋਂਦ ਨੂੰ ਵੀ ਨਹੀਂ ਮੰਨਦਾ। ਇਸ ਮੱਤ ਅਨੁਸਾਰ ਮਨੁੱਖ ਇੰਦਰੀਆਂ ਅਤੇ ਸੰਵੇਦਨਾਵਾਂ ਦਾ ਹੀ ਸਮੂਹ ਹੈ। ਸਭ ਕੁਝ ਮਾਦਾ ਹੈ। ਮਾਦਾ ਵਿਕਾਸ ਕਰਕੇ ਮਨ ਬਣ ਜਾਂਦਾ ਹੈ। ਆਤਮਾ ਸਰੀਰ ਨਾਲੋਂ ਕੋਈ ਵੱਖਰੀ ਸ਼ੈਅ ਨਹੀਂ। ਮੌਤ ਪਿਛੋਂ ਕੁਝ ਨਹੀਂ ਬਚਦਾ।

ਮਹਾਤਮਾ ਬੁੱਧ ਨੇ ਸਮਾਜ ਦੀ ਪਰੰਪਰਾਗਤ ਜਾਤੀ-ਵੰਡ ਅਤੇ ਵਰਣ ਪਰੰਪਰਾ ਦਾ ਖੰਡਨ ਕੀਤਾ ਅਤੇ ਸਾਰੀ ਮਨੁੱਖਜਾਤੀ ਦੀ ਕੁਦਰਤੀ ਸਮਾਨਤਾ ਉੱਤੇ ਜ਼ੋਰ ਦਿੱਤਾ। ਮਹਾਤਮਾ ਬੁੱਧ ਨੇ ਉਪਦੇਸ਼ ਦਿੱਤਾ ਕਿ ਸਾਰੇ ਮਨੁੱਖ ਮੂਲ ਰੂਪ ਵਿਚ ਬੁੱਧ ਹਨ, ਹਰ ਇਨਸਾਨ ਬੁੱਧ ਬਣ ਸਕਣ ਦੀ ਸਮਾਨ ਸਮਰੱਥਾ ਰੱਖਦਾ ਹੈ। ਜਾਤ-ਪਾਤ ਦੇ ਭੇਦ-ਭਾਵ ਦਾ ਕੋਈ ਉਚਿਤ ਆਧਾਰ ਨਾ ਹੋਣ ਕਾਰਨ, ਬੁੱਧ ਧਰਮ ਨੇ ਇਸ ਤਰ੍ਹਾਂ ਭਰਮਾਂ ਨਾਲ ਭਰੇ ਰਿਵਾਜਾਂ ਨੂੰ ਨਿਰਸੰਕੋਚ ਹੋ ਕੇ ਰੱਦ ਕਰ ਦਿੱਤਾ ਅਤੇ ਸਮੁੱਚੀ ਲੋਕਾਈ ਨੂੰ ਪੂਰਨ ਏਕਤਾ ਅਤੇ ਬਰਾਬਰੀ ਦਾ ਸੰਚਾਰ ਕੀਤਾ।

ਬੁੱਧ ਧਰਮ ਅਜਿਹਾ ਵਿਵਹਾਰਿਕ ਤੇ ਯਥਾਰਥਕ ਮਾਰਗ ਦਿਖਾਉਂਦਾ ਹੈ, ਜਿਸ ਉੱਤੇ ਚੱਲ ਕੇ ਦੁੱਖਾਂ ਤੋਂ ਸਦੀਵੀਂ ਮੁਕਤੀ ਪ੍ਰਾਪਤ ਕਰਕੇ ਨਿਰਵਾਣ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ।ਅਰਥਾਤ ਮਨੁੱਖ ਸ਼ਾਂਤੀ ਤੇ ਆਨੰਦ ਦੀ ਅਵੱਸਥਾ ਨੂੰ ਮਾਣ ਸਕਦਾ ਹੈ।

## 2.3 ਯਹੂਦੀ ਅਤੇ ਇਸਾਈ ਧਰਮ ਗ੍ਰੰਥਾਂ ਦੇ ਸੰਦਰਭ:

ਸੰਸਾਰ ਦੇ ਪ੍ਰਾਚੀਨ ਧਰਮਾਂ ਵਿਚੋਂ ਯਹੂਦੀ ਧਰਮ ਆਪਣੇ ਅਕੀਦਿਆਂ, ਵਿਸ਼ਵਾਸ਼ਾਂ, ਰਹੁ-ਰੀਤਾਂ, ਆਦਰਸ਼ਾਂ ਤੇ ਫ਼ਰਜ਼ਾਂ ਕਰਕੇ ਇੱਕ ਨਿਵੇਕਲਾ ਤੇ ਵਿਸ਼ਿਸ਼ਟ ਸਥਾਨ ਰੱਖਦਾ ਹੈ। ਵਿਸ਼ਵ ਦੇ ਦੋ ਸੱਭ ਤੋਂ ਵੱਡੇ ਧਰਮ ਈਸਾਈ ਅਤੇ ਇਸਲਾਮ ਧਰਮ ਦੀ ਉਤਪਤੀ ਯਹੂਦੀ ਧਰਮ ਤੋਂ ਹੀ ਹੋਈ ਮੰਨੀ ਜਾਂਦੀ ਹੈ। ਇਨ੍ਹਾਂ ਤਿੰਨਾਂ ਧਰਮਾਂ ਨੂੰ ਸੰਯੁਕਤ ਰੂਪ ਵਿਚ ਇਬਰਾਹੀਮੀ ਧਰਮ ਵੀ ਕਿਹਾ ਜਾਦਾ ਹੈ। ਧਾਰਮਿਕ ਪੈਗ਼ਬੰਰੀ ਧਾਰਨਾ ਦੀ ਪਾਲਨਾ ਕਰਨ ਵਾਲੇ ਧਰਮ ਇਸਲਾਮ ਅਤੇ ਇਸਾਈ ਧਰਮ ਦਾ ਆਧਾਰ ਇਸ ਪਰੰਪਰਾ ਤੇ ਵਿਚਾਰਧਾਰਾ ਨੂੰ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਯਹੂਦੀ ਮੱਤ ਕਤੇਬੀ ਮੱਤਾਂ ਵਿਚੋਂ ਇਕ ਨਾਮੀ ਮੱਤ ਹੈ। ਹਜ਼ਰਤ ਮੂਸਾ ਜੀ ਯਹੂਦੀ ਪਰੰਪਰਾ ਦੇ ਸਭ ਤੋਂ ਮੁੱਢਲੇ ਪੈਗ਼ੰਬਰ ਹੋਏ ਹਨ ਇਸ ਲਈ ਉਨ੍ਹਾਂ ਨੂੰ ਇਸ ਮੱਤ ਦਾ ਸੰਸਥਾਪਕ ਮੰਨਿਆ ਗਿਆ ਹੈ। ਯਹੂਦੀ ਧਰਮ ਦੀ ਪਰੰਪਰਾ ਦਾ ਆਰੰਭ ਪੱਛਮ ਏਸ਼ੀਆ ਵਿਚ ਅਜੋਕੇ ਇਜਰਾਈਲ ਅਤੇ ਇਸਦੇ ਨੇੜਲੇ ਖੇਤਰਾਂ ਵਿਚੋਂ ਹੋਇਆ ਮੰਨਿਆ ਜਾਂਦਾ ਹੈ। ਇਸ ਧਰਮ ਦਾ ਪਾਸਾਰ ਯੂਰਪ ਤੱਕ ਹੋਇਆ ਪਰ ਵਿਰੋਧ ਕਾਰਨ ਇਹ ਇਜ਼ਰਾਈਲ ਅਤੇ ਅਮਰੀਕਾ ਤੱਕ ਸੀਮਿਤ ਹੋ ਗਿਆ। ਇਜ਼ਰਾਈਲ ਵਿਚ ਯਹੂਦੀਆਂ ਦੀ ਬਹੁ-ਗਿਣਤੀ ਹੈ ਤੇ ਬਾਕੀ ਸੱਭ ਥਾਵਾਂ ਤੇ ਇਸ ਧਰਮ ਨੂੰ ਮੰਨਣ ਵਾਲੇ ਅਲਪ ਸੰਖਿਅਕ ਲੋਕਾਂ ਦੇ ਸਮੂਹ ਹਨ। ਅੱਜ ਯਹੂਦੀ ਧਰਮ ਇਜ਼ਰਾਈਲ ਅਤੇ ਹਿਬਰੂ ਭਾਸ਼ੀ-ਲੋਕਾਂ ਦਾ ਰਾਜ-ਧਰਮ ਹੈ ਅਤੇ ਹਿਬਰੂ ਬਾਈਬਲ ਨੂੰ ਇਸ ਦਾ ਪਵਿੱਤਰ ਗ੍ਰੰਥ ਮੰਨਿਆ ਜਾਂਦਾ ਹੈ। ਇਸ ਗ੍ਰੰਥ ਨੂੰ ਤਨਖ ਬਾਈਬਲ ਜਾਂ ਇਬ੍ਰਾਨੀ ਬਾਈਬਲ ਵੀ ਕਿਹਾ ਜਾਂਦਾ ਹੈ। ਇੱਕ ਰੱਬ ਅਤੇ ਪੈਗ਼ੰਬਰ ਦੀ ਮਾਨਤਾ ਤੇ ਆਧਾਰਿਤ ਇਹ ਧਰਮ ਤਕਰੀਬਨ 3000 ਸਾਲ ਤੋਂ ਪੁਰਾਣਾ ਮੰਨਿਆ ਜਾਂਦਾ ਹੈ। ਇਸ ਧਰਮ ਦੇ ਪਿਛੋਕੜ ਅਤੇ ਖੇਤਰ ਬਾਰੇ ਹੇਠ ਲਿਖੇ ਕਥਨ ਬੜੇ ਵਿਚਾਰਨਯੋਗ ਹਨ:

Jews arean ethnoreligious group and include those born Jewish and converts to judaism.. In 2015, the world jewish population was estimated at about 14.3 million, or roughly 0.2% of the total world population. About 43% of all Jews reside in Israel and another 43% reside in the United States and Canada, with most of the remainder living in Europe, and other minority groups spread throughout South America, Asia, Africa, and Australia. Unlike other ancient Near

Eastern gods, the Hebrew God is portrayed as unitary and solitary; consequently, the Hebrew God's principal relationships are not with other gods, but with the world, and more specifically, with the people he created. Judaism thus begins with ethical monotheism: the belief that God is one and is concerned with the actions of humankind. According to theTanakh (Hebrew Bible), God promised Abraham to make of his offspring a great nation. Many generations later, he commanded the nation of Israel to love and worship only one God; that is, the Jewish nation is to reciprocate God's concern for the world. He also commanded the Jewish people to love one another; that is, Jews are to imitate God's love for people. These commandments are but two of a large corpus of commandments and laws that constitute this covenant, which is the substance of Judaism.[29]

ਯਹੂਦੀ ਮੱਤ ਦੇ ਬਾਨੀ ਹਜ਼ਰਤ ਮੂਸਾ, ਹਜ਼ਰਤ ਈਸਾ ਜੀ ਤੋਂ ਲਗਭਗ ਪੌਣੇ ਸੋਲ੍ਹਾਂ ਸਦੀਆਂ ਪਹਿਲੇ ਮਿਸਰ ਵਿਚੋਂ ਪੈਦਾ ਹੋਏ ਸਨ। ਆਪ ਦਾ ਜਨਮ ਹਜ਼ਰਤ ਇਸਮਾਈਲ ਜੀ ਦੇ ਵੰਸ਼ ਵਿਚੋਂ ਅਮਰਾਨ ਦੇ ਘਰ ਹੋਇਆ। ਮੂਸਾ ਜੀ ਦੇ ਜਨਮ ਨਾਲ ਸੰਬੰਧਿਤ ਇਕ ਰਵਾਇਤ ਜੁੜੀ ਹੋਈ ਹੈ ਕਿ ਆਪ ਦੇ ਜਨਮ ਸਮੇਂ ਮਿਸਰ ਵਿਚ ਫਰਔਨ ਬਾਦਸ਼ਾਹ ਰਾਜ ਕਰਦਾ ਸੀ। ਫਰਔਨ ਇਸਰਾਈਲ ਵੰਸ਼ ਦੇ ਬਾਲਕਾਂ ਨੂੰ ਜੰਮਦਿਆਂ ਹੀ ਮਰਵਾ ਦਿੰਦਾ ਸੀ। ਮੂਸਾ ਨੂੰ ਬਚਾਉਣ ਲਈ ਆਪ ਦੀ ਮਾਤਾ ਤਿੰਨ ਮਹੀਨੇ ਲੁੱਕਦੀ ਛਿੱਪਦੀ ਰਹੀ ਤੇ ਅੰਤ ਨਿੱਕੇ ਜਿਹੇ ਬਾਲ ਨੂੰ ਇਕ ਸੰਦੂਕ ਵਿਚ ਬੰਦ ਕਰਵਾ ਕੇ ਨੀਲ ਦਰਿਆ ਵਿਚ ਰੋੜ ਦਿੱਤਾ। ਕੁਦਰਤ ਬੜੀ ਬਲਵਾਨ ਹੁੰਦੀ ਹੈ ਤੇ ਮੂਸਾ ਦੀ ਕਿਸਮਤ ਵੀ ਖ਼ੁਦਾ ਨੇ ਆਪ ਲਿਖੀ ਸੀ। ਫਰਔਨ ਦੀ ਸ਼ਹਿਜ਼ਾਦੀ ਨਦੀ ਕਿਨਾਰੇ ਸੈਰ ਕਰ ਰਹੀ ਸੀ ਤੇ ਉਸਦੀ ਨਿਗ੍ਹਾਹ ਸੰਦੂਕ ਤੇ ਪਈ। ਸੰਦੂਖ ਖੁਲਵਾਇਆ ਗਿਆ ਤੇ ਇਕ ਖੂਬਸੂਰਤ ਬੱਚੇ ਨੂੰ ਵੇਖ ਕੇ ਸਹਿਜ਼ਾਦੀ ਉਸਨੂੰ ਆਪਣੇ ਮਹਿਲ ਵਿਚ ਲੈ ਗਈ ਤੇ ਉਸ ਦੀ ਪਰਵਰਿਸ਼ ਕੀਤੀ। ਇਬਰਾਨੀ ਭਾਸ਼ਾ ਵਿਚ 'ਮਾਸਾਹ' ਦਾ ਅਰਥ ਖਿੱਚਿਆ ਹੈ ਤੇ ਪਾਣੀ ਵਿਚੋਂ ਖਿਚ ਕੇ ਲਿਆਉਣ ਦੇ ਕਾਰਨ ਹੀ ਆਪ ਦਾ ਨਾ 'ਮੂਸਾ' ਰੱਖਿਆ ਗਿਆ। ਚਾਲ੍ਹੀ ਸਾਲ ਦੀ ਉਮਰ ਵਿਚ ਮੂਸਾ ਜੀ ਅਰਬ ਦੇਸ਼ ਵਲ ਆਏ ਅਤੇ ਇੱਥੇ ਹੀ ਆਪ ਨੇ ਘਰ ਗ੍ਰਹਿਸਥੀ ਜਮਾਈ। 'ਸਫਰ' ਨਾ ਦੀ ਇਕ ਕੁੜੀ ਨਾਲ ਆਪ ਨੇ ਵਿਆਹ ਕੀਤਾ ਅਤੇ ਆਪ ਦੇ ਘਰ ਇਕ ਬੇਟੇ ਨੇ ਜਨਮ ਲਿਆ ਜਿਸ ਦਾ ਨਾ 'ਗੋਰਸੇ' ਰੱਖਿਆ ਗਿਆ।

ਹਜ਼ਰਤ ਮੂਸਾ ਜੀ ਦੇ ਜੀਵਨ ਵਿਚ ਇਕ ਹੋਰ ਘਟਨਾ ਬੜੀ ਅਹਿਮੀਅਤ ਰੱਖਦੀ ਹੈ। ਇਹ ਰੂਹਾਨੀ ਜਾਂ ਅਗੰਮੀ ਅਨੁਭਵ ਸੀ। ਉਹ ਇਹ ਕਿ ਆਪ ਕੋਹਤੂਰ ਪਰਬਤ ਤੇ ਜਾਇਆ ਕਰਦੇ ਸਨ ਅਤੇ ਰੱਬ ਨਾਲ ਗੱਲਾਂ ਕਰਿਆ ਕਰਦੇ ਸਨ। ਇਸੇ ਪਰਬਤ ਤੇ ਆਪ ਨੂੰ ਗਿਆਨ ਦੀ ਪ੍ਰਾਪਤੀ ਹੋਈ। ਬਾਈਬਲ ਤੇ ਕੁਰਾਨ ਅਨੁਸਾਰ ਆਪ ਤੇ ਰੱਬੀ ਹੁਕਮ ਨਾਜ਼ਿਲ ਹੁੰਦੇ ਸਨ। ਇਕ ਹੋਰ ਰਵਾਇਤ ਅਨੁਸਾਰ ਹਜ਼ਰਤ ਸਾਹਿਬ ਨੇ ਨਿਰੰਤਰ 40 ਦਿਨ ਰੋਜ਼ੇ ਰੱਖੇ ਤੇ ਇਸ ਦੌਰਾਨ ਰੱਬ ਨਾਲ ਬੇਅੰਤ ਸੰਵਾਦ ਰਚਾਇਆ ਤੇ ਖ਼ੁਦਾ ਨੇ ਆਪ ਨੂੰ ਆਪਣੇਂ ਹੱਥਾਂ ਨਾਲ ਲਿਖੀਆਂ ਸਲੇਟਾਂ ਪ੍ਰਦਾਨ ਕੀਤੀਆਂ ਅਤੇ

ਇਕ ਕਰਾਮਾਤੀ ਸੋਟੇ ਦੀ ਬਖਸ਼ਿਸ ਕੀਤੀ। ਖ਼ੁਦਾ ਵਲੋਂ ਆਪ ਨੂੰ ਜੋ ਹਦਾਇਤਾਂ ਦਾ ਫੁਰਮਾਨ ਹੋਇਆ ਉਸ ਦਾ ਜ਼ਿਕਰ ਬਾਈਬਲ ਵਿਚ ਆਉਂਦਾ ਹੈ ਜਿਨ੍ਹਾਂ ਦਾ ਸੰਕੇਤ ਭਾਵ ਇਸ ਪ੍ਰਕਾਰ ਹੈ:

1. ਕੇਵਲ ਮੈਨੂੰ ਹੀ ਰੱਬ ਸਮਝਣਾ ਅਤੇ ਮੇਰੇ ਸਮਾਨ ਹੋਰ ਕਿਸੇ ਨੂੰ ਨਹੀਂ ਸਮਝਣਾ।
2. ਮੂਰਤੀ ਪੂਜਾ ਨਹੀਂ ਕਰਨੀ।
3. ਖ਼ੁਦਾ ਦਾ ਨਾਂ ਅਕਾਰਥ ਨਹੀਂ ਲੈਣਾ।
4. ਸ਼ਨਿਚਰ ਦਾ ਦਿਨ ਪਵਿੱਤਰ ਸਮਝ ਕੇ ਕੋਈ ਕੰਮ ਨਹੀਂ ਕਰਨਾ ਕਿਉਂਕਿ ਇਸ ਦਿਨ ਦੁਨੀਆ ਰੱਚ ਕੇ ਮੈਂ ਆਰਾਮ ਕੀਤਾ ਹੈ।
5. ਮਾਤਾ-ਪਿਤਾ ਦਾ ਪੂਰਨ ਸਤਿਕਾਰ ਕਰਨਾ ਹੈ।
6. ਚੋਰੀ ਯਾਰੀ ਨਹੀਂ ਕਰਨੀ।
7. ਕਿਸੇ ਨੂੰ ਗ਼ੁਲਾਮ ਨਹੀਂ ਬਣਾਉਣਾ।
8. ਕਤਲ ਨਹੀਂ ਕਰਨਾ।
9. ਕਿਸੇ ਗੁਆਂਢੀ ਲਈ ਝੂਠੀ ਗੁਆਹੀ ਨਹੀਂ ਦੇਣੀ।
10. ਗੁਆਢੀਂ ਦੀ ਕਿਸੇ ਵਸਤੂ ਦਾ ਲਾਲਚ ਨਹੀਂ ਕਰਨਾ।

ਯਹੂਦੀਆਂ ਨੂੰ ਮੌਜਜੇ ਦਿਖਾਉਣ ਕਾਰਨ ਹਜ਼ਰਤ ਮੂਸਾ ਜੀ ਨੂੰ 'ਨਬੀ' ਦੀ ਮਾਨਤਾ ਮਿਲੀ। 'ਤੌਰੇਤ' ਉਹ ਧਾਰਮਿਕ ਪੁਸਤਕ ਹੈ ਜੋ ਖ਼ੁਦਾ ਵਲੋਂ ਆਪ ਤੇ ਨਾਜ਼ਿਲ ਹੋਈ। ਇੰਜ ਮੰਨਿਆ ਜਾਂਦਾ ਹੈ ਕਿ ਹਾਰੂਨ ਆਪ ਦਾ ਪਹਿਲਾ ਮੁਰੀਦ ਸੀ। ਯਹੂਦੀ ਧਰਮ ਦੀ ਪਵਿੱਤਰ ਪੁਸਤਕ ਬਾਈਬਲ ਨੂੰ ਓਲਡ ਟੈਸਟਾਮੈਂਟ Old Testament ਵੀ ਕਿਹਾ ਜਾਂਦਾ ਹੈ। ਬਾਈਬਲ ਜਾਂ ਓਲਡ ਟੈਸਟਾਮੈਂਟ ਅਨੇਕ ਗ੍ਰੰਥਾਂ ਦੇ ਸੰਗ੍ਰਹਿ ਦਾ ਨਾਂ ਹੈ। ਇਸ ਵਿਚ ਸੱਭ ਤੋਂ ਪੁਰਾਣੇ ਗ੍ਰੰਥ ਹਨ:

**ਜੈਨੇਸਿਸ:** ਇਹ ਪੁਸਤਕ ਹਿਬਰੂ ਬਾਈਬਲ ਦੀ ਪਹਿਲੀ ਪੁਸਤਕ ਹੈ। ਜੈਨੇਸਿਸ ਤੋਂ ਭਾਵ ਹੈ ਸ੍ਰਿਸ਼ਟੀ। ਇਹ ਪੁਸਤਕ ਈਸ਼ਵਰ ਦੀ ਰਚੀ ਸ੍ਰਿਸ਼ਟੀ ਦਾ ਗੁਣਗਾਨ ਕਰਦੀ ਹੈ।

"ਪਰਮਾਤਮਾ ਨੇ ਇੱਛਾ ਕੀਤੀ ਕਿ ਮੈਂ ਆਪਣੇ ਸਰੂਪ ਅਨੁਸਾਰ ਮਨੁੱਖ ਦੀ ਘਾੜਤ ਘੜਾਂ ਆਪਣੇ ਹੀ ਵਰਗਾ ਤੇ ਫਿਰ ਉਸ ਮਨੁੱਖ ਦੀ ਸਮੁੰਦਰ ਦੀਆਂ ਮੱਛੀਆਂ, ਹਵਾ ਵਿਚ ਉੱਡਣ ਵਾਲੇ ਪੰਛੀਆਂ, ਜਾਨਵਰਾਂ, ਧਰਤੀ ਤੇ ਰੀਂਗਣ ਵਾਲੇ ਸਾਰੇ ਜੀਵ-ਜੰਤੂਆਂ ਅਥਵਾ ਹਰ ਇਕ ਜਾਨਦਾਰ ਉਪਰ ਸਰਦਾਰੀ ਜਾਂ ਹੁਕਮ ਕਰਾਂ। ਸੋ ਪਰਮਾਤਮਾ ਨੇ ਮਨੁੱਖ ਨੂੰ ਆਪਣੇ ਹੀ ਸਰੂਪ ਅਨੁਸਾਰ ਸਾਜਿਆ, ਮਰਦ ਤੇ ਇਸਤ੍ਰੀ ਦੋਹਾਂ ਨੂੰ ਆਪਣਾ ਵਰਗਾ ਹੀ ਬਣਾਇਆ।[30]

ਇਕਸੋਡਸ: ਇਹ ਪੁਸਤਕ ਹਿਬਰੂ ਬਾਈਬਲ ਦੀ ਦੂਸਰੀ ਪੁਸਤਕ ਹੈ। ਇਸ ਵਿਚ ਉਨ੍ਹਾਂ ਦੱਸ ਆਦੇਸ਼ਾਂ ਦਾ ਵਰਣਨ ਹੈ ਜੋ ਯਹੂਦੀਆਂ ਅਤੇ ਇਸਾਈਆਂ ਲਈ ਜ਼ਰੂਰੀ ਸਨ। ਇਕਸੋਡਸ ਵਿਚ ਇਨ੍ਹਾਂ ਦੱਸ ਆਦੇਸ਼ਾਂ ਨੂੰ ਇਸ ਤਰ੍ਹਾਂ ਵਿਅਕਤ ਕੀਤਾ ਗਿਆ ਹੈ:

"ਤੇ ਫਿਰ ਪਰਮਾਤਮਾ ਨੇ ਇਹ ਸ਼ਬਦ ਉਚਾਰੇ ਕਿ ਮੈਂ ਤੁਹਾਡਾ ਪ੍ਰਭੂ ਹਾਂ ਜਿਸ ਨੇ ਤੁਹਾਨੂੰ ਮਿਸਰ ਦੀ ਧਰਤੀ 'ਚੋਂ, ਉਸ ਬੰਧਨ ਦੇ ਘਰ ਵਿਚੋਂ ਮੁਕਤ ਕੀਤਾ ਹੈ। ਹੁਣ ਤੁਹਾਨੂੰ ਮੇਰੇ ਟਾਕਰੇ ਤੇ ਕਿਸੇ ਹੋਰ ਦੇਵਤਾ ਨੂੰ ਮੰਨਣਾ ਯੋਗ ਨਹੀਂ ਹੋਵੇਗਾ। ਜਾਂ ਇਸ ਧਰਤੀ ਉੱਪਰ ਦੀ ਜਾਂ ਪਾਣੀ ਵਿਚ ਦੀ ਜਾਂ ਥਲ ਦੀ ਕਿਸੇ ਹੋਰ ਚੀਜ਼ ਨੂੰ ਮੇਰਾ ਰੂਪ ਨਹੀਂ ਦਿਉਂਗੇ। ਤੁਸੀਂ ਕਿਸੇ ਹੋਰ ਬੁੱਤ ਅੱਗੇ ਨਹੀਂ ਝੁਕੋਗੇ ਤੇ ਮੇਰੇ ਬਿਨਾਂ ਕਿਸੇ ਹੋਰ ਦੀ ਉਪਾਸ਼ਨਾ ਨਹੀਂ ਕਰੋਗੇ। ਇਹ ਜਾਣ ਲਉ ਕਿ ਮੈਂ ਪਰਮਾਤਮਾ ਤੁਹਾਡਾ ਮਾਲਕ (ਪ੍ਰਭੂ) ਬੜਾ ਈਰਖਾਲੂ ਰੱਬ ਹਾਂ ਤੇ ਉਹਨਾਂ ਪਿਤਾਮਿਆਂ ਦੀ ਬੇਇਨਸਾਫ਼ੀ ਜਾਂ ਅਨਿਆਂ ਦਾ ਬਦਲਾ ਉਹਦੀ ਤੀਸਰੀ ਜਾਂ ਚੋਥੀ ਪੀੜ੍ਹੀ ਤੋਂ ਵੀ ਚੁਕਾਉਂਦਾ ਹਾਂ ਜਿਹੜੇ ਮੇਰੇ ਤੋਂ ਘਿਰਣਾ ਕਰਦੇ ਹਨ ਤੇ ਨਾਲ ਹੀ ਮੈਂ ਉਨ੍ਹਾਂ ਨੂੰ ਆਪਣਾ ਨਿਰੰਤਰ ਸਦੀਵੀ ਪਿਆਰ ਦਿੰਦਾ ਹਾਂ ਜਿਹੜੇ ਮੈਨੂੰ ਪ੍ਰੇਮ ਕਰਦੇ ਹਨ ਤੇ ਮੇਰੇ ਹੁਕਮ ਮੰਨਦੇ ਹਨ।

ਤੁਹਾਨੂੰ ਆਪਣੇ ਪ੍ਰਭੂ ਪਰਮਾਤਮਾ ਦਾ ਨਾਂ ਬਿਨਾਂ ਮਤਲਬ ਨਹੀਂ ਲੈਣਾ ਚਾਹੀਦਾ। ਪਰੰਤੂ ਪਰਮਾਤਮਾ ਉਸ ਮਨੁੱਖ ਨੂੰ ਨਿਰਅਪਰਾਧ ਨਹੀਂ ਸਮਝੇਗਾ ਜਿਹੜੇ ਉਸ ਦਾ ਨਾਂ ਬਿਨਾ ਲੋੜ ਦੇ ਲੈਂਦੇ ਹਨ।

ਸੱਬਾਬ ( ਯਹੂਦੀਆ ਦਾ ਪਵਿੱਤਰ ਤਿਉਹਾਰ) ਦਾ ਦਿਨ ਯਾਦ ਰੱਖੋ ਤੇ ਇਸ ਦੀ ਪਵਿੱਤ੍ਰਤਾ ਨੂੰ ਕਾਇਮ ਰੱਖੋ।

ਆਪਣੇ ਮਾਤਾ ਪਿਤਾ ਦਾ ਸਤਿਕਾਰ ਕਰੋ ਤਾਂ ਜੋ ਤੁਸੀਂ ਆਪਣੇ ਦੇਸ਼ ਵਿਚ ਚਿੰਰਕਾਲ ਜੀਵਤ ਰਹੋ ਜੋ ਕਿ ਪ੍ਰਭੂ ਨੇ ਤੁਹਾਨੂੰ ਦਿੱਤਾ ਹੈ।

ਤੁਸੀਂ ਕਿਸੇ ਨੂੰ ਜਾਨ ਤੋਂ ਨਾ ਮਾਰੋ।

ਤੁਸੀਂ ਵਿਭਚਾਰ ਨਾ ਕਰੋ, ਚੋਰੀ ਨਾ ਕਰੋ।

ਕਿਸੇ ਵਿਰੁੱਧ ਝੂਠੀ ਗਵਾਹੀ ਨਾ ਦਿਓ, ਆਪਣੇ ਗੁਆਂਢੀ ਦੇ ਘਰ-ਮਾਲ ਨੂੰ ਲਾਲਚ ਦੀ ਦ੍ਰਿਸ਼ਟੀ ਨਾਲ ਨਾ ਵੇਖੋ ਤੇ ਨਾ ਹੀ ਉਸ ਦੀ ਇਸਤ੍ਰੀ ਵਲ ਮੈਲੀ ਅੱਖ ਕਰੋ। ਤੇ ਨਾ ਹੀ ਉਸ ਦੇ ਨੌਕਰ, ਨੌਕਰਾਣੀ, ਬਲਦ, ਗਧਾ ਜਾਂ ਉਸ (ਗਵਾਢੀ) ਦੀ ਕਿਸੇ ਹੋਰ ਚੀਜ਼ ਵਲ ਵੀ ਮਾੜੀ ਦ੍ਰਿਸ਼ਟੀ ਨਾਲ ਹੀ ਤੱਕੋ। ਪ੍ਰਭੂ ਦਾ ਕਾਨੂੰਨ ਬੜ੍ਹਾ ਪੂਰਨ ਤੇ ਮੁਕੰਮਲ ਹੈ, ਉਹ ਆਤਮਾ ਨੂੰ ਸੁਰਜੀਤ ਕਰਦਾ ਹੈ। ਪ੍ਰਭੂ ਦੀ ਗਵਾਹੀ ਪੱਕੀ ਤੇ ਯਕੀਨ ਵਾਲੀ ਹੈ, ਉਹ ਭੋਲਿਆਂ ਨੂੰ ਸਿਆਣਾ ਬਣਾਂਦਾ ਹੈ।[31]

ਸਬਾਬ: ਇਹ ਯਹੂਦੀਆਂ ਦਾ ਪਵਿੱਤਰ ਤੇ ਆਰਾਮ ਦਾ ਦਿਨ ਮੰਨਿਆ ਜਾਂਦਾ ਹੈ। ਇਸਾਈਆਂ ਵਿਚ ਇਹ ਦਿਨ ਐਤਵਾਰ ਮੰਨਿਆ ਜਾਂਦਾ ਹੈ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਪਰਮਾਤਮਾ ਨੇ ਛੇ ਦਿਨ ਸ੍ਰਿਸ਼ਟੀ ਦੀ ਰਚਨਾ ਕਰਕੇ ਸੱਤਵੇਂ ਦਿਨ ਆਰਾਮ ਕੀਤਾ ਸੀ।

ਸਾਮਜ਼: ਇਹ ਪਰਮਾਤਮਾ ਦੇ ਮਹਾਤਮ ਤੇ ਸ਼ਾਨ ਤੇ ਆਧਾਰਿਤ ਧਾਰਮਿਕ ਭਾਵਨਾਵਾਂ ਨਾਲ ਭਰਪੂਰ ਗੀਤਾਂ ਦਾ ਸੰਗ੍ਰਹਿ ਹੈ। ਯਹੂਦੀ ਲੋਕ ਆਪਣੇ ਧਾਰਮਿਕ ਸਥਾਨ ਸਿਨੇਗਾਗ ਵਿਖੇ ਇਨ੍ਹਾਂ ਦਾ ਗਾਇਨ ਕਰਦੇ ਹਨ।ਪ੍ਰਭੂ ਦੀ ਸਿਫ਼ਤ ਨੂੰ ਸਾਮਜ਼ ਗ੍ਰੰਥ ਵਿਚ ਇਸ ਤਰ੍ਹਾਂ ਬਿਆਨ ਕੀਤਾ ਗਿਆ ਹੈ:

'ਪਰਮਾਤਮਾ ਦੇ ਉਪਦੇਸ ਦਰੁਸਤ ਹਨ,
ਉਹ ਦਿਲ ਵਿਚ ਹੁਲਾਸ ਪੈਦਾ ਕਰਦੇ ਹਨ,
ਪ੍ਰਭੂ ਦਾ ਹੁਕਮ ਪਵਿੱਤਰ ਹੈ,
ਉਹ ਮਨੁੱਖ ਦੇ ਨੇਤਰਾਂ ਨੂੰ ਗਿਆਨ ਦਾ ਚਾਨਣ ਦਿੰਦਾ ਹੈ,
ਪਰਮਾਤਮਾ ਦਾ ਭੈਅ ਨਿਰਮਲ ਹੈ,
ਉਹ ਸਦਾ ਕਾਇਮ ਦਾਇਮ ਹੈ,
ਪ੍ਰਭੂ ਦੇ ਹੁਕਮ ਬਿਲਕੁਲ ਸੱਚੇ ਤੇ ਸ਼ੁਭ ਹਨ।
ਉਨ੍ਹਾਂ ਨੂੰ ਸੋਨੇ ਤੋਂ ਵੀ ਵੱਧ, ਬਾਰਾਵੰਨੀ ਦੇ ਸੋਨੇ ਤੋਂ ਵੀ ਵੱਧ,
ਕੀਮਤੀ ਸਮਝ ਕੇ ਅਪਨਾਉਣਾ ਉਚਿਤ ਹੈ;
ਪ੍ਰਭੂ ਦੇ ਹੁਕਮ ਸ਼ਹਿਦ ਤੋਂ ਵੀ ਮਿੱਠੇ ਹਨ,
ਸ਼ਹਿਦ ਦੇ ਛੱਤੇ ਤੋਂ ਤ੍ਰਿਪਕਦੇ ਰਸ ਤੋਂ ਵੀ ਮਿੱਠੇ।[32]

ਪ੍ਰੋਵਰਬਜ਼: ਧਾਰਮਿਕ ਕਹਾਵਤਾਂ ਵੀ ਯਹੂਦੀ ਬਾਈਬਲ ਦਾ ਹਿੱਸਾ ਹੈ ਜਿਨ੍ਹਾਂ ਦਾ ਮੁੱਖ ਮਨੋਰਥ ਮਨੁੱਖ ਮਾਤਰ ਨੂੰ ਨੈਤਿਕ ਤੇ ਸੁਚਾਰੂ ਜੀਵਨ ਜਿਉਣ ਦੀ ਸਿੱਖਿਆ ਦੇਣਾ ਹੈ। ਯਹੂਦੀ ਧਰਮ ਦੇ ਗ੍ਰੰਥ ਪਰੋਵਰਬਜ਼ ਵਿਚ ਪੇਸ਼ ਨੁਕਤੇ ਮਨੁੱਖ ਦੇ ਜੀਵਨ ਨੂੰ ਬਿਹਤਰ ਬਣਾਉਣ ਲਈ ਬੜੀ ਤਰਕਸ਼ੀਲਤਾ ਨਾਲ ਪੇਸ਼ ਕੀਤੇ ਹੋਏ ਮਿਲਦੇ ਹਨ। ਇਨ੍ਹਾਂ ਵਿਚ ਵਰਜਿਤ ਕਰਮਾਂ [33] ਦਾ ਵਰਣਨ ਇਸ ਪ੍ਰਕਾਰ ਹੈ:

ਪ੍ਰਭੂ ਛੇ ਚੀਜ਼ਾਂ ਤੋਂ ਬੜੀ ਘਿਰਣਾ ਕਰਦਾ ਹੈ ਤੇ ਸੱਤ ਹੋਰ ਚੀਜ਼ਾਂ ਉਸ ਲਈ ਅਸਹਿ ਹਨ: ਹੰਕਾਰ ਭਰੀਆਂ ਅੱਖਾਂ, ਝੂਠ ਬੋਲਣ ਵਾਲੀ ਜ਼ੁਬਾਨ, ਬੇਗੁਨਾਹਾਂ ਦਾ ਖੁਨ ਡੋਲ੍ਹਣ ਵਾਲੇ ਹੱਥ, ਦੂਜਿਆਂ ਲਈ ਭੈੜੀਆਂ ਵਿਉਂਤਾਂ ਸੋਚਣ ਵਾਲਾ ਹਿਰਦਾ, ਬੁਰਾਈ ਵਲ ਤੇਜ਼ੀ ਨਾਲ ਵਧਣ ਵਾਲੇ ਕਦਮ, ਝੂਠਾ ਗਵਾਹ ਜਿਹੜਾ ਲਗਾਤਾਰ ਕੂੜ ਬੋਲਦਾ ਹੈ ਤੇ ਉਹ ਪੁਰਸ਼ ਜਿਹੜਾ ਭਰਾਵਾਂ ਵਿਚ ਵੈਰ ਪਾਂਦਾ ਹੈ।

ਨਿਸਚੇ ਹੀ ਯਹੂਦੀ ਧਰਮ ਨੈਤਿਕਵਾਨ ਤੇ ਆਦਰਸ਼ ਇਖ਼ਲਾਕ ਤੇ ਚਰਿੱਤਰ ਦੇ ਨਿਰਮਾਣ ਤੇ ਜ਼ੋਰ ਦਿੰਦਾ ਹੈ। ਜਿਸ ਵਿਚ ਪਰਮਾਤਮਾ ਦੇ ਕਰਤਵ ਤੇ ਸ਼ਕਤੀਸ਼ਾਲੀ ਰੂਪ ਨੂੰ ਪ੍ਰਗਟ ਕਰਕੇ ਮਨੁਖ ਨੂੰ ਉਸ ਦੇ ਹੁਕਮ ਵਿਚ ਪ੍ਰਸੰਨ ਰਹਿ ਕੇ ਜੀਵਨ-ਜਿਉਣ ਦਾ ਪ੍ਰਵਚਨ ਸਿਖਾਇਆ ਗਿਆ ਹੈ। ਇਹ ਧਾਰਮਿਕ ਗ੍ਰੰਥ ਸਚਿਆਰਾ ਮਨੁੱਖ ਦਾ ਆਦਰਸ਼ ਪੇਸ਼ ਕਰਦੇ ਦ੍ਰਿੜ ਕਰਦੇ ਹਨ ਕਿ ਸਚਿਆਰੇ ਮਨੁੱਖ ਤੇ ਪ੍ਰਭੂ ਦੀ ਸਦਾ ਮਿਹਰ ਰਹੇਗੀ। ਪ੍ਰਭੂ ਬਹੁਤ ਦਿਆਲੂ ਹੈ, ਕ੍ਰਿਪਾਲੂ ਤੇ ਸਤਿਵਾਦੀ ਹੈ ਜੋ ਸਚਿਆਰੇ ਪੁਰਸ਼ਾਂ ਤੇ ਕਦੀ ਕੋਈ ਮੁਸ਼ਕਲ ਨਹੀਂ ਆਉਣ ਦਿੰਦਾ। ਅਜਿਹੇ ਪੁਰਸ਼ਾਂ ਨੂੰ ਚੰਗੀ ਸੰਤਾਨ ਤੇ ਦੌਲਤਾਂ ਦੀ

ਕਮੀ ਨਹੀਂ ਹੋ ਸਕਦੀ। ਇਸ ਲਈ ਯਹੂਦੀ ਧਰਮ ਉਪਦੇਸ਼ ਕਰਦਾ ਹੈ ਕਿ 'ਪਰਮਾਤਮਾ ਦੀ ਉਸਤਤ ਕਰੋ। ਧੰਨ ਉਹ ਪੁਰਸ਼ ਹੈ ਜਿਹੜਾ ਰੱਬ ਤੋਂ ਡਰਦਾ ਹੈ ਤੇ ਉਸਦੇ ਹੁਕਮ ਨੂੰ ਮੰਨ ਕੇ ਪ੍ਰਸੰਨ ਹੁੰਦਾ ਹੈ।'[34] ਇਸ ਤਰ੍ਹਾਂ ਯਹੂਦੀ ਧਰਮ ਪਰਮਾਤਮਾ ਦੀ ਅਪਰੰਮਅਪਾਰਤਾ ਤੇ ਸ਼੍ਰੇਸ਼ਟਤਾ ਨੂੰ ਸਥਾਪਤ ਕਰਦੇ ਹੋਏ ਮਨੁੱਖ ਨੂੰ ਉਸ ਦੇ ਪਵਿੱਤਰ ਨਾਂ ਨਾਲ ਜੋੜਨ ਦਾ ਸੰਵਾਦ ਰਚਾਉਂਦਾ ਹੈ ਪਰਮਾਤਮਾ ਦੇ ਹੁਕਮ ਤੇ ਨਿਰਮਲ ਭੈਅ ਵਿਚ ਸਚਿਆਰਾ ਪੁਰਸ਼ ਬਣਨ ਦਾ ਰਾਹ ਉਲੀਕਦਾ ਹੈ। ਸੋ ਯਹੂਦੀ ਧਰਮ ਸੰਸਾਰ ਦੇ ਇਕਈਸ਼ਵਰਵਾਦੀ ਧਰਮਾਂ ਦੀ ਸ਼੍ਰੇਣੀ ਵਿਚ ਆਪਣੀ ਵਿਸ਼ੇਸ਼ ਭੂਮਿਕਾ ਨਿਭਾਉਂਦਾ ਮਨੁਖ ਦੀ ਯੋਗ ਅਗਵਾਈ ਕਰਦਾ ਉਸ ਲਈ ਸਦੀਵੀਂ ਖੁਸ਼ੀਆਂ ਦੀ ਤਲਾਸ਼ ਕਰਦਾ ਹੈ।

## ਈਸਾਈ ਧਰਮ ਗ੍ਰੰਥਾਂ ਦੇ ਸੰਦਰਭ:

ਇਸਾਈ ਧਰਮ ਤੌਹੀਦੀ ਤੇ ਇਬਰਾਹੀਮੀ ਧਰਮਾਂ ਵਿਚੋਂ ਇਕ ਪ੍ਰਮੁੱਖ ਧਰਮ ਹੈ ਇਸਨੂੰ ਮਸੀਹੀ ਧਰਮ ਜਾਂ ਮਸੀਹੀਅਤ Christianity ਵੀ ਕਿਹਾ ਜਾਂਦਾ ਹੈ। ਇਹ ਧਰਮ ਜੀਸਜ਼ ਕ੍ਰਾਈਸਟ ਦੀ ਜ਼ਿੰਦਗੀ ਅਤੇ ਸਿਖਿਆਵਾਂ ਤੇ ਆਧਾਰਿਤ ਹੈ ਜਿਨ੍ਹਾਂ ਨੂੰ ਹਜ਼ਰਤ ਈਸਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਧਰਮ ਦਾ ਨਾਂ ਇਸਦੇ ਬਾਨੀ ਹਜ਼ਰਤ ਈਸਾ ਤੋਂ ਹੀ ਪਿਆ ਹੈ।ਵਿਸ਼ਵ ਦੇ ਪ੍ਰਸਿੱਧ ਧਰਮਾਂ ਦੀ ਤਰ੍ਹਾਂ ਇਸਾਈ ਧਰਮ ਦਾ ਉਦੈ ਵੀ ਏਸ਼ੀਆ ਵਿਚ ਹੋਇਆ ਅਤੇ ਇਹ ਧਰਮ ਯੂਰਪ ਵਿਚ ਵਧਿਆ ਫੁੱਲਿਆ। ਇਸਾਈ ਪ੍ਰਚਾਰਕ ਦੇ ਪ੍ਰਯਤਨਾਂ ਨਾਲ ਇਹ ਧਰਮ ਵਿਸ਼ਵ ਦਾ ਸਭ ਤੋਂ ਵੱਡਾ ਧਰਮ ਬਣ ਕੇ ਉਭਰਿਆ ਹੈ ਤੇ ਇਸ ਤਰ੍ਹਾਂ ਇਹ ਧਰਮ ਪੂਰੀ ਦੁਨੀਆਂ ਤੇ ਵਿਸ਼ੇਸ਼ ਕਰਕੇ ਪੱਛਮੀ ਦੁਨੀਆ ਵਿਚ ਸੱਭ ਤੋਂ ਵੱਧ ਮੰਨਿਆ ਜਾਣ ਵਾਲਾ ਧਰਮ ਹੈ। ਇਸ ਧਰਮ ਦੇ ਪੈਰੋਕਾਰਾਂ ਨੂੰ ਕ੍ਰਿਸਚਨ ਕਿਹਾ ਜਾਂਦਾ ਹੈ। ਇਹ ਧਰਮ ਇਕਈਸ਼ਵਰਵਾਦੀ (ਕੇਵਲ ਇਕ ਰੱਬ ਵਿਚ ਨਿਸ਼ਠਾ ਰੱਖਣ ਵਾਲੇ) ਧਰਮਾਂ ਦੀ ਸ਼੍ਰੇਣੀ ਵਿਚ ਸਭ ਤੋਂ ਵੱਧ ਮਕਬੂਲ ਹੋਇਆ ਹੈ। ਅੱਜ ਦੇ ਗਲੋਬਲ ਯੁੱਗ ਦਾ ਤਕਰੀਬਨ 33% ਹਿੱਸਾ ਇਸਾਈ ਧਰਮ ਨਾਲ ਸੰਬੰਧਿਤ ਹੈ ਅਰਥਾਤ ਪੂਰੀ ਲੋਕਾਈ ਦੇ 2.4 ਬਿਲੀਅਨ ਲੋਕ ਇਸਾਈ ਧਰਮ ਦੇ ਪੈਰੋਕਾਰ ਹਨ। ਇਸਾਈ ਸਮਰੱਥ ਕਾਂ ਦਾ ਇਹ ਨਿਸਚਾ ਹੈ ਕਿ ਜੀਸਜ਼ ਕ੍ਰਾਈਸਟ ਰੱਬ ਦੇ ਪੁੱਤਰ ਸਨ ਅਤੇ ਉਹ ਮਾਨਵਤਾ ਦੀ ਭਲਾਈ ਲਈ ਮਸੀਹਾ ਬਣ ਕੇ ਧਰਤੀ ਤੇ ਪਧਾਰੇ। ਬਾਈਬਲ ਈਸਾਈ ਧਰਮ ਦਾ ਪ੍ਰਸਿੱਧ ਗ੍ਰੰਥ ਹੈ। ਬਾਈਬਲ ਦੇ ਦੋ ਪ੍ਰਮੁੱਖ ਹਿੱਸੇ ਹਨ।ਪਹਿਲੇ ਹਿੱਸੇ ਨੂੰ ਯਹੂਦੀ ਬਾਈਬਲ ਜਾਂ ਓਲਡ ਟੈਸਟਾਮੈਂਟ (ਪੁਰਾਣਾ ਅਹਿਦਨਾਮਾ /ਨੇਮ) Old Testament ਕਿਹਾ ਜਾਂਦਾ ਹੈ ਅਤੇ ਦੂਜੇ ਹਿੱਸੇ ਨੂੰ ਈਸਾਈ ਬਾਈਬਲ ਜਾਂ ਨਿਊ ਟੈਸਟਾਮੈਂਟ (ਨਵਾਂ ਅਹਿਦਨਾਮਾ/ ਨਿਯਮ) New Testament ਕਿਹਾ ਜਾਂਦਾ ਹੈ। ਟੈਸਟਾਮੈਂਟ ਤੋਂ ਭਾਵ 'ਕਾਨਵੈਂਟ' ਜਾਂ ਐਗਰੀਮੈਂਟ (ਸਮਝੋਤਾ ) ਹੈ।ਓਲਡ ਟੈਸਟਾਮੈਂਟ ਵਿਚ ਈਸਾ ਜੀ ਦੇ ਜਨਮ ਤੋਂ ਪਹਿਲਾਂ ਦੇ ਹਾਲਾਤ ਅੰਕਿਤ ਹਨ। ਇਸ ਵਿਚ ਕੁਲ ਮਿਲਾ ਕੇ 39 ਪੁਸਤਕਾਂ ਹਨ। ਨਿਊ ਟੈਸਟਾਮੈਂਟ 27 ਪੁਸਤਕਾਂ ਦਾ ਸੰਗ੍ਰਹਿ ਹੈ। ਇਸ ਹਿੱਸੇ ਵਿਚ ਈਸਾ ਜੀ ਦੇ ਜੀਵਨ, ਸਿਖਿਆਵਾਂ ਅਤੇ ਈਸਾਈ ਧਰਮ ਦੇ ਮੁਢਲੇ ਰਸੂਲਾਂ ਦੇ ਅਨੁਭਵ ਤੇ ਵਿਚਾਰ ਹਨ।ਇਸ ਤਰ੍ਹਾਂ ਬਾਈਬਲ ਇਕ ਪੁਸਤਕ ਨਹੀਂ ਸਗੋਂ 66 ਪੁਸਤਕਾਂ ਦਾ ਸੰਕਲਨ ਹੈ ਜਿਸ ਨੂੰ ਵੱਖ-ਵੱਖ 40 ਲੇਖਕਾਂ ਨੇ ਲਿਖਿਆ ਹੈ। ਬਾਈਬਲ ਲਿਖੇ ਜਾਣ ਵਿਚ 1600 ਸਾਲ ਦਾ ਸਮਾਂ ਲੱਗਿਆ ਹੈ। ਇਸ ਤਰਾਂ ਇਹ ਯਹੂਦੀਆਂ ਤੇ ਈਸਾਈਆਂ ਦਾ ਸਾਂਝਾਂ ਧਰਮ

ਗ੍ਰੰਥ ਹੈ ਜੋ ਮਿੱਥ ਤੇ ਕਾਲਪਨਿਕ ਕਥਾਂਵਾਂ ਤੋਂ ਆਰੰਭ ਹੋ ਕੇ ਇਤਿਹਾਸ ਦਾ ਫੀਚਰ ਹੋ ਨਿਬੜਦਾ ਹੈ।ਨਿਊ ਟੈਸਟਾਮੈਂਟ ਵਿਚ ਚਾਰ ਉਪਦੇਸ਼ (ਗਾਸਪਲ) ਬਹੁਤ ਮਸ਼ਹੂਰ ਹਨ:

ਮੈਥਿਊ: ਮੈਥਿਊ ਦੁਆਰਾ ਸੰਕਲਿਤ ਈਸਾਈ ਬਾਈਬਲ ਦੀ ਪਹਿਲੀ ਪੁਸਤਕ ਹੈ ਜਿਸ ਵਿਚ ਯਸੂ ਮਸੀਹ ਦੀਆਂ ਸਿਖਿਆਵਾਂ ਦਾ ਸੰਗ੍ਰਹਿ ਹੈ। ਇਸ ਦਾ ਕਾਲ ਲਗਭਗ 90 ਈਸਵੀ ਸੰਨ ਮੰਨਿਆ ਜਾਂਦਾ ਹੈ।

ਮਾਰਕ: ਈਸਾਈ ਬਾਈਬਲ ਦੀ ਦੂਸਰੀ ਪੁਸਤਕ ਨੂੰ 'ਮਾਰਕ ਦਾ ਗਾਸਪਲ' ਕਿਹਾ ਜਾਂਦਾ ਹੈ ਕਿਉਂਕਿ ਇਹ ਗ੍ਰੰਥ ਮਾਰਕ ਦੁਆਰਾ ਸੰਕਲਿਤ ਹੈ।

ਲਿਊਕ: ਈਸਾਈ ਬਾਈਬਲ ਦੀ ਤੀਸਰੀ ਪੁਸਤਕ ਨੂੰ 'ਲਿਊਕ ਦਾ ਗਾਸਪਲ' ਕਿਹਾ ਜਾਂਦਾ ਹੈ। ਲਿਊਕ ਸੰਗ੍ਰਹਿ ਕਰਤਾ ਦਾ ਨਾਂ ਹੈ।ਇਸ ਗ੍ਰੰਥ ਦਾ ਸੰਕਲਨ ਮੈਥਿਊ ਅਤੇ ਮਾਰਕ ਤੋਂ ਬਾਅਦ ਵਿਚ ਹੋਇਆ।

ਜੌਨ: ਈਸਾਈ ਬਾਈਬਲ ਦੀ ਚੌਥੀ ਪੁਸਤਕ ਨੂੰ 'ਜੌਨ ਦਾ ਗਾਸਪਲ' ਕਿਹਾ ਜਾਂਦਾ ਹੈ। ਜੌਨ ਯਸੂ ਮਸੀਹ ਦਾ ਮੁਰੀਦ ਸੀ। ਇਸ ਗ੍ਰੰਥ ਦੀ ਰਚਨਾ ਉਪਰੋਕਤ ਤਿੰਨਾਂ ਗ੍ਰੰਥਾਂ ਤੋਂ ਬਾਅਦ ਲਗਭਗ 200 ਈਸਵੀ ਵਿਚ ਮੁਕੰਮਲ ਹੋਈ।

ਯਹੂਦੀਆਂ ਦੇ ਧਰਮ ਗ੍ਰੰਥ Old Testament (ਪੁਰਾਣੇ ਨੇਮ) ਜਿਸਨੂੰ ਬਾਈਬਲ ਦਾ ਪਹਿਲਾ ਹਿੱਸਾ ਮੰਨਿਆ ਜਾਂਦਾ ਹੈ ਵਿਚ ਇਕ ਭਵਿੱਖਬਾਣੀ ਅੰਕਿਤ ਕੀਤੀ ਮਿਲਦੀ ਹੈ ਕਿ 'ਦੁਨੀਆ ਦੀ ਮੁਕਤੀ ਦਾ ਦਾਤਾ' ਇਕ ਕੰਜਕ ਦੇ ਘਰ ਪੈਦਾ ਹੋਏਗਾ ਅਤੇ ਈਸਾ ਜੀ ਦਾ ਜਨਮ ਯਹੂਦੀਆਂ ਦੇ ਦੇਸ਼ ਫਿਲਸਤੀਨ ਦੇ ਸ਼ਹਿਰ ਬੈਥਲਹਮ ਵਿਚ ਸੰਨ 6 ਈ: ਪੂਰਵ ਵਿਚ ਕੁਆਰੀ ਕੰਨਿਆ 'ਮੇਰੀ' ਦੀ ਕੁੱਖੋਂ ਹੋਇਆ। ਬਾਈਬਲ ਵਿਚ ਇਸ ਰਵਾਇਤ ਦਾ ਜ਼ਿਕਰ ਆਉਂਦਾ ਹੈ ਕਿ ਜ਼ਬਰਾਈਲ ਫਰਿਸ਼ਤੇ ਨੇ 'ਮੇਰੀ' ਨਾਲ ਸੰਵਾਦ ਰਚਾਉਂਦਿਆ ਉਸ ਨੂੰ ਆਖਿਆ ਸੀ ਕਿ ਉਹ ਇਕ ਪਵਿੱਤਰ ਰੂਹ ਦੁਆਰਾ ਗਰਭਵਤੀ ਹੋਵੇਗੀ ਅਤੇ ਇਕ ਧਰਮ ਪ੍ਰਚਾਰਕ ਨੂੰ ਜਨਮ ਦੇਵੇਗੀ। 'ਮੇਰੀ' ਉਸ ਸਮੇਂ ਯੂਸਫ ਨਾਂ ਦੇ ਤਰਖਾਣ ਦੀ ਮੰਗੇਤਰ ਸੀ। ਜ਼ਬਰਾਈਲ ਫਰਿਸ਼ਤੇ ਦੀ ਯੂਸਫ ਨਾਲ ਹੋਈ ਗਲਬਾਤ ਤੋਂ ਯੂਸਫ ਨੂੰ ਮੇਰੀ ਤੇ ਬੱਚੇ ਦੀ ਪਵਿਤਰਤਾ ਦਾ ਯਕੀਨ ਹੋ ਗਿਆ ਅਤੇ ਉਹ 'ਮੇਰੀ' ਅਤੇ ਬੱਚੇ ਯੀਸੂ ਨੂੰ ਆਪਣੇ ਘਰ ਲੈ ਆਇਆ। ਫਿਲਸਤੀਨ ਵਿਖੇ ਉਸ ਸਮੇਂ ਹੀਰੋਡ ਨਾਂ ਦਾ ਰਾਜਾ ਰਾਜ ਕਰਦਾ ਸੀ। ਹੀਰੋਡ ਬਹੁਤ ਜ਼ਾਲਮ ਅਤੇ ਅਤਿਆਚਾਰੀ ਰਾਜਾ ਸੀ ਜੋ ਯਹੂਦੀਆਂ ਨੂੰ ਬਰਦਾਸ਼ਤ ਨਹੀਂ ਕਰਦਾ ਸੀ। ਜੋਤਸੀਆਂ ਨੇ ਹੀਰੋਡ ਨੂੰ ਭਵਿਖਬਾਣੀ ਕੀਤੀ ਕਿ ਫਿਲਸਤੀਨ ਵਿਖੇ ਯਹੂਦੀਆਂ ਦਾ ਇਕ ਬਾਦਸ਼ਾਹ ਪੈਦਾ ਹੋ ਗਿਆ ਹੈ ਜਿਸਦਾ ਨਾਂ ਰਹਿੰਦੀ ਦੁਨੀਆ ਤੱਕ ਕਾਇਮ ਰਹੇਗਾ। ਹੀਰੋਡ ਨੇ ਗੁੱਸੇ ਵਿਚ ਆ ਕੇ ਹੁਕਮ ਕਰ ਦਿੱਤਾ ਕਿ ਯੂਰੋਸਲਮ ਵਿਚ ਦੋ ਸਾਲ ਤੋਂ ਛੋਟੇ ਸਾਰੇ ਬੱਚਿਆਂ ਦਾ ਕਤਲ ਕਰ ਦਿੱਤਾ ਜਾਵੇ। ਯੂਸਫ ਮੇਰੀ ਅਤੇ ਬਾਲ ਯੀਸੂ ਨੂੰ ਲੈ ਕੇ ਮਿਸਰ ਦੇਸ਼ ਵਿਚ ਆ ਗਏ। ਬਾਈਬਲ ਵਿਚ ਇਕ ਘਟਨਾ ਦਾ ਜ਼ਿਕਰ ਆਉਂਦਾ ਹੈ ਕਿ ਮਿਸਰ ਵਿਚ ਆਉਣ ਤੋਂ ਪਹਿਲਾਂ ਉਹ ਧਰਮ ਅਸਥਾਨ ਯੂਰੋਸ਼ਲਮ ਵਿਚ ਗਏ ਅਤੇ ਆਪਣਾ ਬੱਚਾ 'ਰੱਬ ਦੀ ਸੇਵਾ' ਲਈ ਸਮਰਪਿਤ ਕਰਦਿਆਂ ਪਰੰਪਰਾ ਦਾ ਪਾਲਣ ਕੀਤਾ। ਹੀਰੋਡ ਦੀ ਮੌਤ ਤੋਂ ਬਾਦ ਯੂਸਫ ਆਪਣੇ ਪਰਿਵਾਰ ਨੂੰ ਵਾਪਸ ਦੇਸ਼ ਲੈ ਆਇਆ ਅਤੇ ਉਨ੍ਹਾਂ ਨੇ ਨਜ਼ਰੇਥ ਸੀਹਰ ਵਿਚ ਟਿਕਾਣਾ ਕੀਤਾ। ਯਸੂ ਮਸੀਹ ਦਾ ਬਚਪਨ ਬਹੁਤ ਪ੍ਰਭਾਵਸ਼ਾਲੀ ਸੀ। ਆਪ ਅਜੇ

12 ਸਾਲ ਦੇ ਹੀ ਸਨ ਜਦੋਂ ਯੂਰੋਸ਼ਲਮ ਦੇ ਮੰਦਰ ਵਿਚ ਵਿਦਵਾਨਾਂ ਨਾਲ ਹੋਈ ਚਰਚਾ ਵਿਚ ਆਪ ਨੇ ਆਪਣੇ ਤੀਖਣ ਗਿਆਨ ਦੁਆਰਾ ਸਭ ਨੂੰ ਹੈਰਾਨ ਕਰ ਦਿੱਤਾ ਸੀ। ਈਸਾ ਜੀ ਦੇ ਗਿਆਨ ਪ੍ਰਾਪਤੀ ਦੇ ਮਾਰਗ ਨਾਲ ਕਈ ਰਵਾਇਤਾਂ ਪ੍ਰਚਲਿਤ ਹਨ। ਇਕ ਪਰੰਪਰਾ ਅਨੁਸਾਰ ਆਪ ਨੇ 30 ਸਾਲ ਦੀ ਉਮਰ ਵਿਚ ਆਪਣੇ ਚਚੇਰੇ ਭਰਾ ਭਾਈ ਜੌਹਨ ਤੋਂ ਜਾਰਡਨ ਨਦੀ ਦੇ ਕਿਨਾਰੇ ਬਪਤਿਸਮਾ (ਈਸਾਈਆਂ ਦਾ ਅੰਮ੍ਰਿਤ) ਲਿਆ। ਜਦੋਂ ਆਪ ਨਦੀ ਤੋਂ ਬਾਹਰ ਆਏ ਤਾਂ ਇਕ ਅਕਾਸ਼ ਤੋਂ ਪਵਿੱਤਰ ਆਤਮਾ ਕਬੂਤਰ ਦੀ ਤਰ੍ਹਾਂ ਈਸਾ ਜੀ ਉੱਤੇ ਆਣ ਟਿਕੀ। ਬਾਈਬਲ ਵਿਚ ਜ਼ਿਕਰ ਆਉਂਦਾ ਹੈ ਕਿ ਇਸ ਸਮੇਂ ਸਵਰਗਾਂ ਵਿਚੋਂ ਆਵਾਜ਼ ਆਈ 'ਈਸਾ ਪਰਮਾਤਮਾ ਦਾ ਪੁੱਤਰ ਹੈ'। ਇਸ ਤੋਂ ਬਾਦ ਈਸਾ ਜੀ 40 ਦਿਨ ਲਗਾਤਾਰ ਪ੍ਰਾਰਥਨਾ ਤੇ ਤਪਸਿਆ ਵਿਚ ਜੁੜੇ ਰਹੇ।

ਈਸਾ ਦਾ ਚਚੇਰਾ ਭਰਾ ਜੌਹਨ ਬਹੁਤ ਪ੍ਰਭਾਵਸ਼ਾਲੀ ਧਰਮ ਪ੍ਰਚਾਰਕ ਸੀ। ਜਿਸ ਦੇ ਉਪਦੇਸ਼ਾਂ ਦਾ ਮੁੱਖ ਸਾਰ ਇਹ ਸੀ ਕਿ ਬੰਦੇ ਨੂੰ ਆਪਣੇ ਗੁਨਾਹਾਂ ਤੋਂ ਤੋਬਾ ਕਰਨੀ ਚਾਹੀਦੀ ਹੈ, ਵਿਸ਼ੇ-ਵਿਕਾਰਾਂ ਤੋਂ ਮੁਕਤ ਹੋ ਕੇ ਆਪਣੇ ਹਿਰਦੇ ਨੂੰ ਪਵਿੱਤਰ ਬਣਾਉਣਾ ਚਾਹੀਦਾ ਹੈ। ਭੌਤਿਕ ਪਦਾਰਥਾਂ ਤੋਂ ਉੱਚਾ ਉੱਠ ਕੇ ਆਪਣੇ ਜੀਵਨ ਨੂੰ ਸਰਲ ਤੇ ਸੰਜਮਸ਼ੀਲ ਬਣਾਉਣਾ ਚਾਹੀਦਾ ਹੈ। ਜੌਹਨ ਦਾ ਕਿਆਮਤ ਦੇ ਦਿਨ ਵਿਚ ਵੀ ਯਕੀਨ ਸੀ ਜਿਸ ਦਿਨ ਸਾਰਿਆਂ ਦੇ ਕਰਮਾਂ ਦਾ ਫ਼ੈਸਲਾ ਹੋਣਾ ਹੈ। ਪੁਰਾਣੇ ਟੈਸਟਾਮੈਂਟ ਵਿਚ ਅੰਕਿਤ ਭਵਿਖਬਾਣੀ ਬਾਰੇ ਜੌਹਨ ਨਿਰੰਤਰ ਪ੍ਰਚਾਰ ਕਰਦਾ ਸੀ ਕਿ ਯਹੂਦੀਆਂ ਦਾ ਮੁਕਤੀ ਦਾਤਾ ਈਸਾ ਮਸੀਹ ਪ੍ਰਗਟ ਹੋਣ ਵਾਲਾ ਹੈ ਅਤੇ ਫਿਰ ਦੁਨੀਆਂ ਵਿਚ ਰੱਬ ਦੀ ਪਾਤਸ਼ਾਹੀ ਕਾਇਮ ਹੋ ਜਾਏਗੀ। ਯਹੂਦੀਆਂ ਦੇ ਬਾਦਸ਼ਾਹ ਨੂੰ ਇਹ ਕਥਨ ਬਰਦਾਸ਼ਤ ਨਹੀਂ ਹੁੰਦੇ ਸਨ; ਉਸ ਨੇ ਜੌਹਨ ਨੂੰ ਦੇਸ਼ ਧ੍ਰੋਹੀ ਤੇ ਬਾਗੀ ਦਾ ਦੋਸ਼ ਲਗਾ ਕੇ ਕੈਦ ਕਰ ਲਿਆ ਅਤੇ ਮਗਰੋਂ ਕਤਲ ਕਰ ਦਿੱਤਾ। ਜੌਹਨ ਦੀ ਕੈਦ ਤੋਂ ਬਾਅਦ ਬਪਤਿਸਮਾ(ਅੰਮ੍ਰਿਤ) ਦੇਣ ਦੀ ਜਿੰਮੇਵਾਰੀ ਨੂੰ ਈਸਾ ਜੀ ਨੇ ਨਿਭਾਇਆ। ਅਜਿਹੇ ਸਮੇਂ ਹੀ ਉਨ੍ਹਾਂ ਨੇ ਆਪਣੀਆਂ ਕਰਾਮਾਤਾਂ ਤੇ ਆਤਮਿਕ ਸ਼ਕਤੀ ਦੀ ਪਛਾਣ ਨਾਲ ਲੋਕਾਂ ਨੂੰ ਇਹ ਦ੍ਰਿੜ ਕਰਵਾ ਦਿੱਤਾ ਕਿ ਈਸਾ ਜੀ ਹੀ ਵਾਸਤਵ ਵਿਚ ਸੰਸਾਰ ਦੇ ਰੱਖਿਅਕ ਹਨ।ਈਸਾ ਦੇ ਉਪਦੇਸ਼ ਲੋਕਾਂ ਵਿਚ ਬਹੁਤ ਪ੍ਰਸਿੱਧ ਹੋਣ ਲੱਗੇ। ਇਸੇ ਤਰ੍ਹਾਂ ਇਕ ਉਪਦੇਸ਼ 'ਟਿੱਲੇ ਦਾ ਉਪਦੇਸ਼' (Sermon on the Mount) ਬਹੁਤ ਪ੍ਰਸਿੱਧ ਹੋਇਆ।ਇਸ ਉਪਦੇਸ਼ ਨੂੰ ਸੁਣਨ ਵਿਚ ਬਹੁਤ ਭੀੜ ਇਕੱਠੀ ਹੋਈ। ਈਸਾ ਜੀ ਨੇ ਇਕ ਪਹਾੜੀ ਦੇ ਟਿੱਲੇ ਦੇ ਉੱਪਰ ਚੜ੍ਹ ਕੇ ਉਪਦੇਸ਼ ਦਿੱਤਾ। ਆਪ ਨੇ ਲੋਕਾਂ ਨੂੰ ਸਿਖਿਆ ਦਿੱਤੀ ਕਿ ਨਿਮਰ ਤੇ ਸ਼ਾਂਤੀ ਦੀ ਪ੍ਰਾਪਤੀ ਕਰਨ ਵਾਲੇ ਲੋਕ ਸਭ ਤੋਂ ਵਧੇਰੇ ਭਾਗਸ਼ਾਲੀ ਹਨ। ਅਜਿਹੇ ਲੋਕ ਹੀ ਧਰਮੀ ਬਣ ਸਕਦੇ ਹਨ ਜੋ ਆਪਣੇ ਸ਼ੁਧ-ਹਿਰਦਿਆਂ ਨਾਲ ਲੋਕਾਂ ਤੇ ਦਯਾ ਤੇ ਹਮਦਰਦੀ ਰੱਖਦੇ ਪਰਉਪਕਾਰ ਕਰਦੇ ਹਨ। ਅਜਿਹੇ ਲੋਕ ਧਰਮ ਦੀ ਖਾਤਰ ਦੁੱਖਾਂ-ਤਸੀਹਿਆਂ ਦੀ ਪਰਵਾਹ ਨਹੀਂ ਕਰਦੇ। ਈਸਾ ਜੀ ਨੇ ਆਪਣੇ ਉਪਦੇਸ਼ਾਂ ਵਿਚ ਲੋਕਾਂ ਨੂੰ ਇਹ ਨਿਸਚਾ ਕਰਵਾਇਆ ਕਿ ਰੱਬ ਨੇ ਉਨ੍ਹਾਂ ਨੂੰ ਗੁਮਰਾਹ ਪਏ ਲੋਕਾਂ ਨੂੰ ਸਿੱਧੇ ਰਸਤੇ ਪਾਉਣ ਲਈ ਭੇਜਿਆ ਹੈ। ਉਨ੍ਹਾਂ ਕੋਲ ਗੁਨਾਹ ਮਾਫ ਕਰਨ ਦਾ ਅਧਿਕਾਰ ਹੈ। ਈਸਾ ਜੀ ਨੇ ਆਪਣੇ ਸ਼ਰਧਾਲੂਆਂ ਵਿਚੋਂ 12 ਰਸੂਲ Apostles ਦੀ ਚੋਣ ਕੀਤੀ ਅਤੇ ਧਰਮ ਪ੍ਰਚਾਰ ਦੀ ਸਿੱਖਿਆ ਦਿੱਤੀ। ਈਸਾ ਜੀ ਨਿਰੰਤਰ ਸਾਧਨਾ ਵਿਚ ਜੁਟੇ ਰਹੇ। ਬੜੀ ਹਿੰਮਤ, ਦਲੇਰੀ, ਨਿਡਰਤਾ ਨਾਲ ਉਹ ਨਾ ਕੇਵਲ ਪ੍ਰਚਾਰ ਕਰਦੇ ਬਲਕਿ ਆਪਣੀਆਂ ਕਰਾਮਾਤਾਂ ਅਤੇ ਲੋਕਾਂ ਦੇ ਦੁਖ ਹਰਨ ਕਰ ਕੇ ਲੋਕਾਂ ਵਿਚ ਬਹੁਤ ਹਰਮਨ ਪਿਆਰੇ ਹੋ ਗਏ। ਲੋਕ ਆਪ ਨੂੰ ਬਾਦਸ਼ਾਹ ਬਣਾਉਣਾ ਲੋਚਦੇ ਸਨ ਪਰ ਆਪ ਰੱਬੀ ਰੰਗ ਵਿਚ ਰੰਗੇ ਬਸ ਲੋਕਾਂ ਦਾ ਕਲਿਆਣ ਕਰਨ

ਦੇ ਇਛੁਕ ਸਨ। ਜਦੋਂ ਇਹ ਪ੍ਰਚਾਰ ਤੇ ਪ੍ਰਸਿੱਧੀ ਸਿਖਰਾਂ ਨੂੰ ਛੂਹਣ ਲੱਗੀ ਤਾਂ ਹਾਕਮ ਸ਼੍ਰੇਣੀ ਆਪ ਦੀ ਵਿਰੋਧੀ ਹੋ ਗਈ। ਕੱਟੜ ਤੇ ਪੁਰਾਤਨ ਪੰਥੀ ਯਹੂਦੀ ਵੀ ਆਪ ਦੇ ਵਿਰੋਧੀ ਹੋ ਗਏ ਤੇ ਆਪ ਉੱਤੇ ਕਈ ਦੋਸ਼ ਲਗਾਏ ਗਏ। ਜੂਡਾ ਆਪ ਦਾ ਰਸੂਲ ਸੀ। ਉਸ ਨੇ ਵਿਰੋਧੀਆਂ ਨਾਲ ਮਿੱਲ ਕੇ ਈਸਾ ਜੀ ਨੂੰ ਕੈਦ ਕਰਵਾ ਦਿੱਤਾ। ਸਰਕਾਰ ਨੇ ਆਪ ਉੱਤੇ ਇਹ ਦੋਸ਼ ਲਗਾਏ:

1. ਈਸਾ ਇਕ ਕਾਫ਼ਰ ਹੈ ਜੋ ਰੱਬ ਦਾ ਪੁੱਤਰ ਹੋਣ ਦਾ ਦਾਅਵਾ ਕਰਦਾ ਹੈ।

2. ਈਸਾ ਰੋਮਨ ਸਰਕਾਰ ਦਾ ਬਾਗੀ ਹੈ ਕਿਉਂਕਿ ਉਹ 'ਨਵੀਂ ਪਾਤਸ਼ਾਹੀ' ਸਥਾਪਤ ਕਰਨ ਦਾ ਪ੍ਰਚਾਰ ਕਰਦਾ ਰਿਹਾ ਹੈ।

ਈਸਾ ਜੀ ਨੂੰ ਮੌਤ ਦੀ ਸਜ਼ਾ ਸੁਣਾਈ ਗਈ। ਇਕ ਹਾਲ ਵਿਚ ਲਿਜਾ ਕੇ ਆਪ ਦੇ ਸਿਰ ਤੇ ਕੰਡਿਆਂ ਦਾ ਤਾਜ ਰੱਖਿਆ ਗਿਆ, ਆਪ ਨੂੰ ਕੋਰੜੇ ਮਾਰੇ ਗਏ। ਉਨਾਂ ਨੂੰ ਸੂਲੀ Cross ਉੱਤੇ ਚਾੜ ਕੇ ਫਾਂਸੀ ਦੇ ਦਿੱਤੀ ਗਈ ਅਤੇ ਇਕ ਮਕਬਰੇ ਵਿਚ ਦਫਨਾ ਦਿੱਤਾ ਗਿਆ। ਬਾਈਬਲ ਵਿਚ ਜ਼ਿਕਰ ਆਉਂਦਾ ਹੈ ਕਿ ਆਪ ਤੀਜੇ ਦਿਨ ਫਿਰ ਸੁਰਜੀਤ ਹੋ ਗਏ ਅਤੇ 40 ਦਿਨਾਂ ਤੱਕ ਆਪਣੇ ਰਸੂਲਾਂ ਨੂੰ ਦਰਸ਼ਨ ਦਿੰਦੇ ਰਹੇ ਅਤੇ ਫਿਰ ਅੰਤਮ ਆਸ਼ੀਰਵਾਦ ਦੇ ਕੇ ਅਤੇ 'ਪਵਿਤਰ ਆਤਮਾ' ਭੇਜਣ ਦਾ ਇਕਰਾਰ ਕਰਕੇ ਆਪ ਸਵਰਗਾਂ ਵਿਚ ਚਲੇ ਗਏ। ਇਸਾਈ ਧਰਮ ਵਿਚ ਇਹ ਰਵਾਇਤ ਪ੍ਰਚਲਿਤ ਹੈ ਕਿ ਹਜਰਤ ਈਸਾ ਜੀ ਦੀ ਮੌਤ ਅਤੇ ਉਨ੍ਹਾਂ ਦੇ ਮੁੜ ਜਾਗ ਪੈਣ ਦੀ ਘਟਨਾ Resurrection ਤੋਂ ਬਾਅਦ ਰੱਬ ਦੀ ਆਤਮਾ ਰਸੂਲਾਂ ਵਿਚ ਆ ਗਈ। ਈਸਾਈ ਇਸ ਘਟਨਾ ਨੂੰ ਹਰ ਸਾਲ 'ਪੈਂਟੋਂਕਾਸਟ ਦੇ ਪੁਰਬ' Feast of Pentocast ਵਜੋਂ ਮਨਾਉਂਦੇ ਹਨ। ਰਸੂਲਾਂ ਨੇ ਪੂਰੀ ਤਨਦਿਲੀ ਨਾਲ ਹਜ਼ਰਤ ਈਸਾ ਦੇ ਸੰਦੇਸ਼ਾਂ ਦਾ ਪ੍ਰਚਾਰ ਕੀਤਾ। ਰਸੂਲ ਪੀਟਰ ਦਾ ਇਸ ਪੱਖੋਂ ਬੜਾ ਉਘੜਵਾਂ ਸਥਾਨ ਹੈ।ਉਸ ਨੇ ਇਕ ਵੱਡਾ ਈਸਾਈ ਭਾਈਚਾਰਾ ਕਾਇਮ ਕਰਨ ਵਿਚ ਵਡਮੁੱਲਾ ਯੋਗਦਾਨ ਪਾਇਆ। ਸੇਂਟ ਪਾਲ ਦੁਆਰਾ ਈਸਾਈ ਧਰਮ ਦੇ ਪ੍ਰਚਾਰ ਲਈ ਲਿਖੇ ਖਤ ਈਸਾਈ ਸਾਹਿਤ ਦਾ ਅਹਿਮ ਅੰਗ ਹਨ। ਪਾਲ ਅਤੇ ਪੀਟਰ ਨੂੰ ਇਸ ਬਦਲੇ ਆਪਣੀ ਜਾਨ ਤੋਂ ਹੱਥ ਧੋਣਾ ਪਿਆ। ਰੋਮ ਦੇ ਬਾਦਸ਼ਾਹ ਨੇ ਉਨ੍ਹਾਂ ਨੂੰ ਸ਼ਹੀਦ ਕਰਵਾ ਦਿੱਤਾ। ਪਰ ਈਸਾਈ ਭਾਈਚਾਰਾ ਵੱਧਦਾ-ਫੁਲਦਾ ਰਿਹਾ ਅਤੇ 'ਚਰਚ' ਨਾਂ ਦੀ ਸੰਸਥਾ ਹੋਂਦ ਵਿਚ ਆਈ। 'ਚਰਚ' ਯੂਨਾਨੀ ਸ਼ਬਦ 'ਕੁਰੀਆਕੋਨ' Kuriakon ਤੋਂ ਹੋਂਦ ਵਿਚ ਆਇਆ ਹੈ ਜਿਸ ਦਾ ਅਰਥ ਹੈ ਪਰਮਾਤਮਾ ਸੰਬੰਧੀ ਥਾਂ ਜਾਂ ਵਸਤ। ਰੋਮ ਵਿਚ ਇਕ ਲੰਬੇ ਸੰਘਰਸ਼ ਤੋਂ ਬਾਦ ਚੌਥੀ ਸਦੀ ਦੇ ਪਹਿਲੇ ਅੱਧ ਵਿਚ ਈਸਾਈ ਧਰਮ ਨੂੰ ਸਰਕਾਰੀ ਜਾਂ ਰਾਜ ਧਰਮ ਵਜੋਂ ਮਾਨਤਾ ਮਿਲੀ। ਪੰਜਵੀਂ ਸਦੀ ਵਿਚ ਫਰਾਂਸ ਅਤੇ ਛੇਵੀਂ ਸਦੀ ਵਿਚ ਇਹ ਧਰਮ ਸਪੇਨ ਵਿਚ ਫੈਲ ਗਿਆ। ਰੋਮ ਦੇ ਬਿਸ਼ਪ ਜਿਸਨੂੰ ਪੋਪ ਕਿਹਾ ਜਾਂਦਾ ਹੈ ਦੇ ਯਤਨਾਂ ਦੇ ਫਲਸਰੂਪ ਇਹ ਧਰਮ 1500 ਈ. ਤੱਕ ਪੂਰੇ ਯੂਰਪ ਵਿਚ ਇਕ ਧਾਰਮਿਕ ਇਕਾਈ ਵਜੋਂ ਸਥਾਪਿਤ ਹੋ ਗਿਆ। 1054 ਵਿਚ ਚਰਚ ਦੀ ਵੰਡ ਸਮੇਂ ਪੱਛਮੀ ਚਰਚ ਰੋਮਨ ਕੈਥੋਲਿਕ ਅਤੇ ਪੂਰਬੀ ਚਰਚ ਗਰੀਕ ਆਰਥੌਡੈਕਸ ਵਜੋਂ ਪਹਿਚਾਣੀ ਗਈ। ਈਸਾਈ ਧਰਮ ਦੇ ਨਿਘਾਰ ਵਿਚ ਮਾਰਟਿਨ ਲੂਥਰ ਦਾ ਨਾਂ ਵਿਸ਼ੇਸ਼ ਰੂਪ ਵਿਚ ਆਉਂਦਾ ਹੈ ਜਿਸਨੇ ਚਰਚ ਦੇ ਸੰਵਿਧਾਨ ਨੂੰ ਰੱਦ ਕਰ ਦਿੱਤਾ। ਉਸ ਨੇ ਜਰਮਨੀ ਨੂੰ ਲੂਥਰਨ ਅਤੇ ਕੈਥੋਲਿਕ ਰਾਜਾਂ ਵਿਚ ਵੰਡ ਦਿੱਤਾ। ਇਸ ਵਿਰੋਧ Protest ਵਿਚੋਂ ਕਈ ਜੰਗ ਯੁਧ ਨਿਕਲੇ ਜਿਨ੍ਹਾਂ ਨੂੰ ਧਰਮ-ਯੁੱਧ ਦਾ ਨਾਂ ਦਿੱਤਾ ਗਿਆ। ਫਰਾਂਸ ਦੀ ਕ੍ਰਾਂਤੀ ਸਮੇਂ ਈਸਾਈ ਧਰਮ ਨੂੰ ਬੜੀ ਢਾਹ ਲੱਗੀ। ਪਰ ਈਸਾਈ

ਮਿਸ਼ਨਰੀਆਂ ਦੇ ਨਿਰੰਤਰ ਪ੍ਰਯਤਨਾਂ ਦੇ ਫਲਸਰੂਪ ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਲਾਤੀਨੀ ਅਮਰੀਕਾ, ਅਫਰੀਕਾ ਅਤੇ ਏਸ਼ੀਆ ਵਿਚ ਇਹ ਧਰਮ ਅਤੇ ਚਰਚਾਂ ਦੀ ਸਥਾਪਨਾ ਵਿਚ ਵਾਧਾ ਹੁੰਦਾ ਚਲਿਆ ਗਿਆ। ਯੋਜਨਾਬੱਧ ਢੰਗ ਨਾਲ ਕੀਤੀ ਟਰੇਨਿੰਗ ਸਦਕਾ ਅਜ ਈਸਾਈ ਧਰਮ ਦੁਨੀਆਂ ਦਾ ਸਭ ਤੋਂ ਵੱਡਾ ਧਰਮ ਹੈ। ਦੁਨੀਆ ਦਾ ਇਕ ਤਿਹਾਈ ਹਿੱਸਾ ਈਸਾਈ ਧਰਮ ਦਾ ਪੈਰੋਕਾਰ ਹੈ।

ਤ੍ਰਿਮੂਰਤੀ ਜਾ ਤਰੈ-ਪੱਖੀ ਰੱਬ (Trinity) ਈਸਾਈ ਦਰਸ਼ਨ ਦਾ ਬੁਨਿਆਦੀ ਸਿਧਾਂਤ ਹੈ। ਇਸ ਦਰਸ਼ਨ ਅਨੁਸਾਰ ਪਰਮਾਤਮਾ ਦੇ ਤਿੰਨ ਪੱਖ ਹਨ। ਪਹਿਲਾ ਪਰਮਾਤਮਾ ਆਪ ਹੈ ਜੋ ਪਿਤਾ ਰੂਪ ਹੈ। ਦੂਸਰਾ ਪਰਮਾਤਮਾ ਦੀ ਪਵਿਤਰ ਆਤਮਾ ਜਾਂ ਰੂਹ ਨੂੰ ਪ੍ਰਮਾਣਿਤ ਕੀਤਾ ਹੈ। ਤੀਸਰਾ ਪਰਮਾਤਮਾ ਦਾ ਪੁੱਤਰ ਈਸਾ ਮਸੀਹ ਨੂੰ ਮੰਨਿਆ ਗਿਆ ਹੈ। ਇਨਾਂ ਤਿਨਾਂ ਨੂੰ ਦੈਵੀ ਪੁਰਸ਼ ਵਿਚਾਰਿਆ ਗਿਆ ਹੈ। ਹੇਠ ਲਿਖੀਆਂ ਸਤਰਾਂ ਇਨ੍ਹਾਂ ਕਥਨਾਂ ਨੂੰ ਸਪਸ਼ਟ ਕਰਦੀਆਂ ਹਨ:

'All true Christians believe in the Trinity, which means that there are three different persons of the Godhead. The three persons of the Godhead are the Father, the Son, and the Holy Spirit. God created the world. Jesus is the name of God the Son. Christians believe Him to be the Son of God. They believe that He was the human son of the Virgin Mary and the divine Son of God. They believe He suffered and died to free humans from their sin and was later raised from the dead. He then went up into Heaven. At the end of time, Jesus will come back to Earth to judge all mankind, both alive and dead, giving everlasting life to those who believe in him. The Holy Spirit is the spirit of God on the Earth that spoke through prophets.'[35]

ਈਸਾਈ ਧਰਮ ਵਿਚ ਰੱਬ ਨੂੰ ਸਰਬ ਵਿਆਪੀ, ਨਿਰਾਕਾਰ, ਮਿਹਰਵਾਨ, ਦਇਆਵਾਨ ਮੰਨਿਆ ਗਿਆ ਹੈ। ਬਾਈਬਲ ਵਿਚ ਜ਼ਿਕਰ ਆਉਂਦਾ ਹੈ ਕਿ ਰੱਬ ਆਪਣੀ ਰਚੀ ਦੁਨੀਆਂ ਤੋਂ ਦੂਰ ਅਸਮਾਨਾਂ ਵਿਚ ਵਸਦਾ ਹੈ। ਬਾਈਬਲ ਵਿਚ 'ਵਿਅਕਤੀਗਤ ਰੱਬ' (Personal God) ਦਾ ਰੂਪ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਰੱਬ ਵਿਚ ਚੇਤਨਤਾ, ਸਵੈ-ਇੱਛਾ ਅਤੇ ਬੁੱਧੀ ਦੇ ਗੁਣ ਮੌਜੂਦ ਹੁੰਦੇ ਹਨ।

ਬਾਈਬਲ ਦੀ ਇਕ ਪ੍ਰਸਿੱਧ ਪੁਸਤਕ 'ਉਤਪਤੀ ਸਿਧਾਂਤ' (The book of Genesis of the Bible) ਇਹ ਸੰਕੇਤ ਕਰਦੀ ਹੈ ਕਿ ਮਨੁੱਖ ਬਾਬਾ ਆਦਮ ਤੇ ਹਵਾ (Adam & Eve) ਦੀ ਸੰਤਾਨ ਹੈ, ਜਿਨ੍ਹਾਂ ਨੇ ਪ੍ਰਭੂ ਦੀ ਹੁਕਮ ਅਦੂਲੀ ਕੀਤੀ ਤੇ ਪਾਪ ਦੇ ਭਾਗੀ ਬਣੇ। ਇਸ ਲਈ ਉਨ੍ਹਾਂ ਦੀ ਸੰਤਾਨ ਵੀ ਪਾਪੀ ਹੈ।

ਬਾਈਬਲ ਇਹ ਮੰਨਦੀ ਹੈ ਕਿ ਰੱਬੀ ਸਚਾਈ ਦਾ ਗਿਆਨ ਪਹਿਲਾ ਨਬੀਆਂ ਰਾਹੀਂ ਪ੍ਰਗਟ ਹੋਇਆ ਅਤੇ ਅੰਤ ਵਿਚ ਇਹ ਪ੍ਰਕਾਸ਼ ਰੱਬ ਦੇ ਪੁੱਤਰ ਈਸਾ ਮਸੀਹ ਰਾਹੀਂ ਪ੍ਰਗਟ ਕੀਤਾ ਹੈ। ਈਸਾ ਮਸੀਹ ਤੋਂ ਮਗਰੋਂ ਇਸ ਰੱਬੀ ਸੱਚਾਈ ਦਾ ਪ੍ਰਗਟਾਵਾ ਬੰਦ ਹੋ ਗਿਆ ਹੈ।

ਈਸਾਈ ਧਰਮ ਵਿਚ ਇਕ ਦੂਸ਼ਿਤ ਪਾਤਰ ਚਿਤਰਿਆ ਗਿਆ ਹੈ ਜੋ ਮਨੁੱਖ ਨੂੰ ਬੁਰਾਈ ਤੇ ਪਾਪ ਵੱਲ ਪ੍ਰੇਰਦਾ ਹੈ। ਈਸਾਈ ਧਰਮ ਵਿਚ ਇਸ ਨੂੰ ਸ਼ੈਤਾਨ, ਵੱਡਾ ਸੱਪ, ਪੁਰਾਨਾ ਅਜਗਰ, ਮੌਤ ਦਾ ਸਰਦਾਰ, ਧੋਖੇਬਾਜ, ਝੂਠਾ, ਨਾਸ਼ ਕਰਨ

ਵਾਲਾ, ਵੈਰੀ ਆਦਿ ਕਿਹਾ ਜਾਂਦਾ ਹੈ। ਸ਼ੈਤਾਨ ਸਰਬ-ਸ਼ਕਤੀਸ਼ਾਲੀ ਹੈ ਜੋ ਧਰਮੀ ਪੁਰਖਾਂ ਨੂੰ ਬਹਿਕਾਉਣ ਦਾ ਯਤਨ ਕਰਦਾ ਹੈ। ਸ਼ੈਤਾਨ ਨੇ ਹੀ ਬਾਬਾ ਆਦਮ ਨੂੰ ਵਰਜਿਤ ਫਲ ਖਾਣ ਲਈ ਵਰਗਲਾਇਆ ਸੀ। ਸ਼ੈਤਾਨ ਨੇ ਈਸਾ ਮਸੀਹ ਦੀ ਵੀ ਪਰੀਖਿਆ ਲਈ ਸੀ ਪਰ ਉਹ ਹਾਰ ਗਿਆ ਸੀ।

ਬਾਈਬਲ ਇਕ ਯਕੀਨ ਕਰਵਾਉਂਦੀ ਹੈ ਕਿ ਯਸੂ ਮਸੀਹ ਮੁਕਤੀ ਦਾਤਾ ਹਨ। ਅਰਥਾਤ ਰੱਬ ਦੇ ਪੁੱਤਰ ਈਸਾ ਜੀ ਰਾਹੀਂ ਮੁਕਤੀ ਪ੍ਰਾਪਤ ਹੁੰਦੀ ਹੈ। ਈਸਾਈਆਂ ਦਾ ਆਤਮਾ ਬਾਰੇ ਇਹ ਮੰਨਣਾ ਹੈ ਕਿ ਇਹ ਕੇਵਲ ਇਕ ਸਰੀਰ ਨੂੰ ਜਿਉਂਦਾ ਰੱਖ ਸਕਦੀ ਹੈ। ਇਸ ਜੀਵਨ ਵਿਚ ਇਸਦੀ ਹੋਂਦ ਕੇਵਲ ਇਕ ਵਾਰ ਹੀ ਹੁੰਦੀ ਹੈ। ਈਸਾਈਆਂ ਦਾ ਵਿਸ਼ਵਾਸ ਹੈ ਕਿ ਪੁਨਰਉਥਾਨ Resurrection ਵਾਲਾ ਦਿਨ ਜ਼ਰੂਰ ਆਏਗਾ, ਜਦੋਂ ਇਹ ਆਤਮਾ ਆਪਣੇ ਪਹਿਲੇ ਸਰੀਰ ਵਿਚ ਮਿਲ ਜਾਏਗੀ, ਜੋ ਭਾਵੇਂ ਮਿੱਟੀ ਵਿਚ ਨਾ ਮਿਲ ਗਿਆ ਹੋਵੇ।

ਈਸਾਈ ਧਰਮ ਵਿਚ ਇਹ ਮੰਨਿਆ ਜਾਂਦਾ ਹੈ ਕਿ ਮਨੁੱਖ ਆਪਣੇ ਅੰਤਿਮ ਮਨੋਰਥ ਨੂੰ ਪਾਉਣ ਲਈ ਰੱਬ ਨੂੰ ਪੂਰੇ ਮਨ ਨਾਲ ਸਮਰਪਿਤ ਕਰੇ। ਹਜ਼ਰਤ ਈਸਾ ਦੀ ਸਿੱਖਿਆ ਅਤੇ ਉਨ੍ਹਾਂ ਦੇ ਪੂਰਨਿਆਂ ਤੇ ਚੱਲ ਕੇ ਪਰਮਾਨੰਦ ਦੀ ਪ੍ਰਾਪਤੀ ਹੋਵੇਗੀ। ਕਿਉਂਜੋ ਹਜ਼ਰਤ ਈਸਾ ਹੀ ਪਰਮਾਤਮਾ ਤੇ ਮਨੁੱਖਾਂ ਵਿਚਕਾਰ ਵਿਚੋਲੇ ਹਨ।

ਈਸਾਈ ਧਰਮ ਵਿਚ ਜੋ ਰਸਮਾਂ ਤੇ ਪੁਰਬ ਮਨਾਏ ਜਾਂਦੇ ਹਨ ਉਨ੍ਹਾਂ ਵਿਚੋਂ ਪ੍ਰਮੁੱਖ ਪੁਰਬਾਂ ਦਾ ਵਰਣਨ ਇਸ ਪ੍ਰਕਾਰ ਹੈ:

ਬਪਤਿਸਮਾ Baptism: ਈਸਾਈ ਧਰਮ ਵਿਚ ਦਾਖਲ ਹੋਣ ਲਈ ਜਿਹੜੀ ਪ੍ਰਤਿਗਿਆ ਲਈ ਜਾਂਦੀ ਹੈ ਅਤੇ ਜੋ ਰਸਮ ਪੂਰੀ ਕੀਤੀ ਜਾਂਦੀ ਹੈ ਉਸ ਨੂੰ ਬਪਤਿਸਮਾ (ਅੰਮ੍ਰਿਤ) ਲੈਣਾ ਕਹਿੰਦੇ ਹਨ।

ਹੋਲੀ ਕਮਊਨਿਅਨ Holi Communion : ਹੋਲੀ ਕਮਊਨਿਅਨ ਨੂੰ ਲਾਰਡਜ਼ ਸੁਪਰ ਜਾਂ ਪਵਿਤਰ ਭੋਜਨ ਵੀ ਕਿਹਾ ਜਾਂਦਾ ਹੈ। ਇਹ ਰਸਮ ਉਸ ਭੋਜਨ ਦੀ ਯਾਦ ਵਿਚ ਮਨਾਇਆ ਜਾਂਦਾ ਹੈ ਜੋ ਈਸਾ ਜੀ ਨੇ ਸ਼ਹੀਦ ਹੋਣ ਤੋਂ ਇਕ ਦਿਨ ਪਹਿਲਾਂ ਆਪਣੇ ਮੁਰੀਦਾਂ ਨਾਲ ਮਿਲ ਕੇ ਖਾਧਾ ਸੀ।

ਕ੍ਰਿਸਮਿਸChristmas: ਈਸਾ ਜੀ ਦੇ ਹਨਮ ਦਿਨ ਦਾ ਤਿਉਹਾਰ ਹੈ ਜੋ ਹਰ ਸਾਲ 25 ਦਸੰਬਰ ਨੂੰ 'ਵੱਡੇ ਦਿਨ' ਦੇ ਤੌਰ ਤੇ ਮਨਾਇਆ ਜਾਂਦਾ ਹੈ।

ਗੁਡ ਫਰਾਈਡੇ Good Friday: ਇਹ ਦਿਨ ਈਸਾ ਜੀ ਦੇ ਸ਼ੂਲੀ ਤੇ ਚੜ੍ਹ ਕੇ ਸ਼ਹੀਦ ਹੋਣ ਦੀ ਯਾਦ ਵਿਚ ਮਨਾਇਆ ਜਾਂਦਾ ਹੈ।

ਈਸਟਰEaster: ਇਹ ਈਸਾ ਜੀ ਦੀ ਮੌਤ ਮਗਰੋਂ ਤੀਜੇ ਦਿਨ (ਐਤਵਾਰ ਨੂੰ) ਮੁੜ ਸੁਰਜੀਤ ਹੋਣ ਦੀ ਯਾਦ ਵਿਚ ਮਨਾਇਆ ਜਾਂਦਾ ਹੈ।

ਅਸਨੈਸ਼ਨ Ascension : ਇਹ ਈਸਾ ਜੀ ਦੇ ਮੁੜ ਸਵਰਗਾਂ ਵਲ ਚਲੇ ਜਾਣ ਦੀ ਯਾਦ ਵਿਚ ਮਨਾਇਆ ਜਾਂਦਾ ਹੈ।

ਈਸਾਈ ਧਰਮ ਕੇਵਲ ਰੂਹਾਨੀ ਜਾਂ ਅਧਿਆਤਮਕ ਗਿਆਨ ਤੱਕ ਸੀਮਿਤ ਨਹੀਂ, ਬਲਕਿ ਇਸਦਾ ਸਮਾਜਕ ਪਰਿਪੇਖ ਬਹੁਤ ਪ੍ਰਭਾਵਸ਼ਾਲੀ ਹੈ। ਧਰਮ ਦਾ ਮੁੱਖ ਕਰਤਵ ਹੀ ਸਮਾਜ ਦੀ ਰਹਿਨੁਮਾਈ ਕਰਨਾ ਹੁੰਦਾ ਹੈ। ਈਸਾਈ ਧਰਮ ਦਾ ਸਮਾਜਕ ਵਰਤਾਰਾ ਇਕ ਸੁੰਦਰ ਭਾਈਚਾਰੇ ਦੀ ਸਿਰਜਣਾ ਕਰਦਾ ਪ੍ਰਤੀਤ ਹੁੰਦਾ ਹੈ। ਇਸਾਈ ਧਰਮ ਵਿਚ ਆਏ ਆਦਰਸ਼ ਤੇ ਸਦਾਚਾਰਕ ਤੱਤ ਇਕ ਮਜ਼ਬੂਤ ਸਮਾਜ ਦੀ ਸਿਰਜਣਾ ਹਨ। ਈਸਾਈ ਧਰਮ ਦਾ ਮੁੱਖ ਆਧਾਰ ਬਿੰਦੂ ਪ੍ਰੇਮ

ਦੁਆਲੇ ਘੁੰਮਦਾ ਹੈ। ਮਨੁੱਖ ਨੂੰ ਪਰਮਾਤਮਾ ਨਾਲ ਅਤੇ ਪਰਮਾਤਮਾ ਦੀ ਬਣਾਈ ਹੋਈ ਦੁਨੀਆ ਨਾਲ ਪ੍ਰੇਮ ਕਰਕੇ ਮਨੁੱਖਤਾ ਨੂੰ ਪ੍ਰਫੁਲਤ ਕਰਨ ਦਾ ਯਤਨ ਕਰਨਾ ਚਾਹੀਦਾ ਹੈ। ਯਸੂ ਮਸੀਹ ਦੁਸਮਣਾਂ ਨਾਲ ਵੀ ਪ੍ਰੇਮ ਕਰਦੇ ਰਹਿਣ ਦਾ ਸੰਵਾਦ ਰਚਾਉਂਦੇ ਹਨ ਤਾਂ ਕਿ ਪਿਆਰ ਤੇ ਸਦਭਾਵਨਾ ਦਾ ਮਾਹੌਲ ਬਣਾਇਆ ਜਾ ਸਕੇ।

'ਤੁਸੀਂ ਇਕ ਦੂਜੇ ਨੂੰ ਇੰਜ ਪਿਆਰ ਕਰੋ ਜਿਵੇਂ ਮੈਂ ਤੁਹਾਡੇ ਨਾਲ ਕੀਤਾ ਹੈ। ਇਸ ਨਾਲੋਂ ਹੋਰ ਵਡੇਰਾ ਪਿਆਰ ਨਹੀਂ ਕਿ ਇਕ ਪੁਰਸ਼ ਆਪਣੇ ਮਿਤਰਾਂ ਦੇ ਭਲੇ ਲਈ ਆਪਣੀ ਜਾਨ ਵੀ ਵਾਰ ਦੇਵੇ।'[36]

ਨਿਮਰਤਾ ਜਾਂ ਹਲੀਮੀ ਜ਼ਿੰਦਗੀ ਦਾ ਮੀਰੀ ਸਦਾਚਾਰਕ ਆਦਰਸ਼ ਹੈ। ਅਜਿਹਾ ਵਿਅਕਤੀ ਜ਼ਿੰਦਗੀ ਵਿਚ ਰੱਜ ਕੇ ਇੱਜ਼ਤ ਤੇ ਸਤਿਕਾਰ ਦਾ ਪਾਤਰ ਬਣਦਾ ਹੈ। ਮਾਣ ਤੇ ਹੰਕਾਰ ਕਰਨ ਵਾਲਿਆਂ ਦਾ ਅੰਤ ਮਾੜਾ ਹੁੰਦਾ ਹੈ। ਲਿਯੂਕ ਨੇ ਯਸੂ ਮਸੀਹ ਦੀ ਇਸ ਸਿਖਿਆ ਨੂੰ ਬੜੇ ਭਾਵਪੂਰਤ ਢੰਗ ਨਾਲ ਪੇਸ਼ ਕੀਤਾ ਹੈ–

'ਜਦ ਯਸੂ ਮਸੀਹ ਨੇ ਮਜਲਸ ਵਿਚ ਮਹਿਮਾਨਾਂ ਨੂੰ ਸਨਮਾਨ ਵਾਲੀਆਂ ਪਹਿਲੀਆਂ ਥਾਵਾਂ ਪ੍ਰਾਪਤ ਕਰਨ ਲਈ ਕੋਸ਼ਿਸ਼ ਕਰਦਿਆਂ ਵੇਖਿਆ ਤਾਂ ਉਨ੍ਹਾਂ ਨੇ ਪ੍ਰਮਾਣ ਦੇ ਕੇ ਉਨ੍ਹਾਂ ਨੂੰ ਦੱਸਿਆ, " ਜੇਕਰ ਤੁਹਾਨੂੰ ਕਿਸੇ ਸ਼ਾਦੀ ਦੇ ਪ੍ਰੀਤੀ ਭੋਜਨ ਤੇ ਬੁਲਾਇਆ ਜਾਏ ਤਾਂ ਤੁਸੀਂ ਉੱਚੀ ਥਾਂ ਤੇ ਅੱਗੇ ਜਾ ਕੇ ਬੈਠੋ।ਇਹ ਸੰਭਵ ਹੈ ਤੁਹਾਡੇ ਨਾਲੋਂ ਵੀ ਵੱਧ ਪ੍ਰਤਿਸ਼ਠ ਪੁਰਸ਼ ਨੂੰ ਉੱਥੇ ਬੁਲਾਇਆ ਗਿਆ ਹੋਵੇ। ਤਦ ਤੁਹਾਡਾ ਮੇਜ਼ਬਾਨ ਆਵੇਗਾ ਤੇ ਕਹੇਗਾ, "ਤੁਸੀਂ ਆਪਣੀ ਥਾਂ ਇਸ ਪੁਰਸ਼ ਨੂੰ ਦੇ ਦਿਉ ਜੀ।" ਤਦ ਤੁਸੀਂ ਆਪਣੇ ਲਈ ਕੋਈ ਆਖਰੀ ਜਾਂ ਨੀਵੀਂ ਥਾਂ ਭਾਲਦੇ ਹੋਏ ਬੜੇ ਮੂਰਖ ਜਾਪੋਗੇ। ਇਸ ਲਈ ਜਦ ਤੁਹਾਨੂੰ ਕੋਈ ਸੱਦਾ ਪੱਤਰ ਮਿਲੇ ਤਾਂ ਤੁਸੀਂ ਉੱਥੇ ਜਾ ਲੇ ਸਭ ਤੋਂ ਨੀਵੀਂ ਥਾਂ'ਤੇ ਬੈਠ ਜਾਉ ਤਾਂ ਜੋ ਤੁਹਾਡਾ ਮੇਜ਼ਬਾਨ ਤੁਹਾਨੂੰ ਆ ਕੇ ਆਖੇ, " ਮੇਰੇ ਦੋਸਤ ਤੁਸੀਂ ਉਚੇਰੀ ਥਾਂ ਤੇ ਅੱਗੇ ਆ ਕੇ ਬੈਠੋ।" ਤਦ ਤੁਹਾਡੇ ਨਾਲ ਦੇ ਸਾਰੇ ਮਹਿਮਾਨ ਵੇਖਣਗੇ ਕਿ ਤੁਹਾਡੀ ਕਿੰਨੀ ਇੱਜ਼ਤ ਤੇ ਸਤਿਕਾਰ ਹੈ। ਕਾਰਨ ਇਹ ਹੈ ਕਿ ਕੋਈ ਆਪਣੇ ਆਪ ਨੂੰ ਉੱਚਾ ਜਾਣਦਾ ਹੈ ਉਸ ਨੂੰ ਨੀਂਵਾ ਹੋਣਾ ਪੈਂਦਾ ਹੈ। ਜੋ ਕੋਈ ਨਿਮਰਤਾ ਵਿਚ ਰਹਿੰਦਾ ਹੈ ਉਸ ਨੂੰ ਸਤਿਕਾਰ ਮਿਲਦਾ ਹੈ।[37]

ਨਿਮਰਤਾ ਦੀ ਅਜਿਹੀ ਭਾਵਨਾ ਨੂੰ ਮਾਰਕ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ:

'ਜੇਕਰ ਕੋਈ ਸਭ ਤੋਂ ਪਹਿਲਾ ਦਰਜਾ ਪ੍ਰਾਪਤ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਆਪਣੇ ਆਪ ਨੂੰ ਸਭ ਤੋਂ ਨੀਵਾਂ ਤੇ ਸਭ ਦਾ ਸੇਵਾਦਾਰ ਬਣਾਉਣਾ ਚਾਹੀਦਾ ਹੈ।'[38]

ਸਹਿਣਸ਼ੀਲਤਾ ਤੇ ਸਬਰ ਉੱਚ-ਇਖ਼ਲਾਕੀ ਗੁਣ ਹਨ। ਯਸੂ ਮਸੀਹ ਤੇ ਬਾਈਬਲ ਨੇ ਇਨ੍ਹਾਂ ਗੁਣਾਂ ਨੂੰ ਧਾਰਨ ਕਰਨ ਦਾ ਪੁਰਜ਼ੋਰ ਯਤਨ ਕੀਤਾ ਹੈ। ਮੈਥਿਊ ਆਫ ਗਾਸਪਲ ਵਿਚ ਇਸ ਸੰਬੰਧੀ ਇਸ ਤਰ੍ਹਾਂ ਵਰਣਨ ਮਿਲਦਾ ਹੈ:

'ਤੁਸਾਂ ਜਾਣ ਲਿਆ ਹੈ ਕਿ ਉਨ੍ਹਾਂ ਨੂੰ ਦਸਿਆ ਗਿਆ ਸੀ ਕਿ ਆਪਣੇ ਪੜੋਸੀ ਨਾਲ ਪਿਆਰ ਕਰੋ ਤੇ ਆਪਣੇ ਵੈਰੀ ਤੋਂ ਘਿਰਣਾ ਕਰੋ। ਪਰਤੂੰ ਜੋ ਕੁਝ ਤੁਹਾਨੂੰ ਮੈਂ ਦੱਸਦਾ ਹਾਂ ਉਹ ਇਹ ਹੈ ਕਿ ਆਪਣੇ ਵੈਰੀਆਂ ਨਾਲ ਵੀ ਪਿਆਰ ਕਰੋ ਤੇ ਤਸੀਹੇ ਦੇਣ ਵਾਲਿਆਂ ਲਈ ਵੀ ਪ੍ਰਾਥਨਾ ਕਰੋ। ਅਜਿਹਾ ਕਰਨ ਨਾਲ ਤੁਸੀਂ ਆਪਣੇ ਪ੍ਰਭੂ ਦੇ ਪਿਆਰੇ ਪੁੱਤਰ ਬਣ ਸਕਦੇ ਹੋ।'[39]

ਨਿਰਸੰਦੇਹ ਈਸਾਈ ਧਰਮ ਵਿਸ਼ਵ ਵਿਚ ਆਪਣੀ ਨਿਵੇਕਲੀ ਤੇ ਵਿਸ਼ਿਸ਼ਟ ਪਛਾਣ ਸਥਾਪਿਤ ਕਰ ਚੁੱਕਾ ਹੈ। ਇਸ ਧਰਮ ਦੀ ਲੋਕਪ੍ਰਿਯਤਾ ਤੇ ਪਰਚਲਿਤ ਹੋਣ ਦਾ ਮੁਖ ਕਾਰਨ ਇਸ ਧਰਮ ਦੀਆਂ ਸਰਲ ਰੂਪ ਵਿਚ ਪੇਸ਼ ਕੀਤੀਆਂ ਸਿੱਖਿਆਵਾਂ ਹਨ ਜੋ ਸਮੁੱਚੀ ਵਿਸ਼ਵ-ਲੋਕਾਈ ਨੂੰ ਆਪਣੇ ਕਲੇਵਰ ਵਿਚ ਲੈਂਦੀਆਂ ਹਨ। ਅੱਜ ਦੇ ਨਵ-ਜਾਗ੍ਰਿਤ ਲੋਕ ਤੇ ਆਧੁਨਿਕ ਵਿਸ਼ਵੀ ਗਲੋਬਲ ਇਰਾ ਵਿਚ ਇਸ ਧਰਮ ਦੀ ਪ੍ਰਾਸੰਗਿਕਤਾ ਤੇ ਪ੍ਰਮਾਣਿਤਾ ਨੂੰ ਬਰਕਰਾਰ ਰੱਖਣ ਲਈ ਇਸ ਧਰਮ ਤੋਂ ਹੋਰ ਸੰਭਾਵਨਾਵਾਂ ਦੀ ਆਸ ਹੈ।

## 2.4 ਇਸਲਾਮ ਧਰਮ ਗ੍ਰੰਥ ਦੇ ਸੰਦਰਭ:

ਇੱਕ ਈਸ਼ਵਰਵਾਦੀ ਧਰਮਾਂ ਦੀ ਸ਼੍ਰੇਣੀ ਵਿਚ ਇਸਲਾਮ ਵਿਸ਼ਵ ਦਾ ਦੂਜਾ ਵੱਡਾ ਧਰਮ ਹੈ। ਅੱਜ ਵਿਸ਼ਵ ਦਾ ਬਹੁ-ਸੰਖਿਅਕ ਵਰਗ ਜੋ ਤਕਰੀਬਨ ਚੌਵੀ ਪ੍ਰਤੀਸ਼ਤ ਹੈ ਇਸਲਾਮ ਧਰਮ ਨਾਲ ਜੁੜਿਆ ਹੋਇਆ ਹੈ। ਇਸਲਾਮ ਇਕ ਅੱਲਾਹ ਪ੍ਰਤੀ ਸਮਰਪਣ ਅਤੇ ਉਸ ਦੁਆਰਾ ਸਿਰਜੀ ਖਲਕਤ ਵਿਚ ਇਕ ਐਸੀ ਜੀਵਨ-ਜਾਚ ਨੂੰ ਪੇਸ਼ ਕਰਦਾ ਹੈ ਜੋ ਨੈਤਿਕ ਨਿਯਮਾਂ ਦੀ ਪਾਲਣਾ ਕਰਦੇ ਹੋਏ ਸਮਾਜ ਵਿਚ ਸ਼ਾਂਤੀ ਬਣਾਏ ਰੱਖਣਾ ਲੋਚਦਾ ਹੈ। ਸੋ ਇਸ ਤਰ੍ਹਾਂ ਇਸਲਾਮ ਕਿਸੇ ਇਕ ਫਿਰਕੇ ਜਾਂ ਕੌਮ-ਕਬੀਲੇ ਤੱਕ ਸੀਮਿਤ ਨਹੀਂ ਹੈ ਬਲਕਿ ਇਨਸਾਨੀਅਤ ਦੇ ਧਰਮ ਵਜੋਂ ਪੇਸ਼ ਹੁੰਦਾ ਹੈ ਜਿੱਥੋਂ ਸਮੁੱਚਾ ਵਿਸ਼ਵ ਨਸੀਹਤ ਅਤੇ ਰਹਿਨੁਮਾਈ ਲੈ ਕੇ ਆਪਣਾ ਜੀਵਨ ਨੂੰ ਸੁਚੱਜਾ ਤੇ ਸੁਚਾਰੂ ਬਣਾ ਸਕਦਾ ਹੈ।ਇਸਲਾਮ ਤੇ ਇਸਲਾਮਿਕ ਵਿਚਾਰਧਾਰਾ ਬੜੀ ਸਰਲ, ਸਾਦੀ ਤੇ ਸਪਸ਼ਟ ਹੈ; ਇਸੇ ਲਈ ਇਸਲਾਮ ਨੂੰ ਦੀਨ-ਏ-ਫਿਤਰਤ ਭਾਵ ਕੁਦਰਤੀ ਤੇ ਸੁਭਾਵਿਕ ਧਰਮ ਵੀ ਮੰਨਿਆ ਜਾਂਦਾ ਹੈ। ਇਸ ਧਰਮ ਤੋਂ ਪ੍ਰਾਪਤ ਹੋਣ ਵਾਲੇ ਪੈਗ਼ਾਮ ਤੇ ਇਲਮ ਵਿਚ ਕੋਈ ਗੁੰਝਲਦਾਰ ਪ੍ਰਕਿਰਿਆ ਨਹੀਂ। 'ਇਸਲਾਮ, ਜੋ ਕਿ ਇਕ "ਤੌਹੀਦੀ ਮਜ਼ਹਬ"(ਇਕੀਸ਼ਵਰਵਾਦੀ ਧਰਮ) ਹੈ, ਮੁਸਲਮਾਨ ਵਿਦਵਾਨਾਂ ਦੇ ਵਿਚਾਰਾਂ ਅਨੁਸਾਰ ਸੰਤੁਲਨ ਅਤੇ ਸਮਤਾ ਦਾ ਦੂਸਰਾ ਨਾਮ ਹੈ। ਵਿਸ਼ਵਾਸ ਤੇ ਵਿਵਹਾਰ ਦੇ ਪੱਖੋਂ ਇਹ ਇਕ ਸਰਲ ਤੇ ਸਿੱਧਾ (ਅਲਕੱਯਮ) ਧਰਮ ਹੈ ਜੋ ਮਾਨਵ-ਜਾਤੀ ਲਈ ਸੁਤੰਤਰਤਾ, ਸਮਾਨਤਾ ਤੇ ਭਰਾਤਰੀਭਾਵ ਦਾ ਸਮਰੱਥ ਕ ਹੈ। ਇਸਲਾਮ ਨੇ ਸਮਰਾਟਵਾਦ ਤੇ ਭੂਪੀਵਾਦੀ ਵਿਵਸਥਾ ਨੂੰ ਖ਼ਤਮ ਕਰਨ ਦੇ ਅਸੂਲ ਨੂੰ ਪ੍ਰਚਾਰਿਆ। ਇਹੀ ਕਾਰਨ ਹੈ ਕਿ ਇਸ ਮਜ਼ਹਬ ਦੇ ਪੈਰੋਕਾਰਾਂ ਵਿਚ ਸੰਸਾਰ ਦੀਆਂ ਤਕਰੀਬਨ ਸਾਰੀਆਂ ਨਸਲਾਂ ਦੇ ਵਿਅਕਤੀ ਸ਼ਾਮਿਲ ਹਨ। ਦੁਨੀਆਂ ਦੇ ਹਰ ਅੱਠ ਆਦਮੀਆਂ ਵਿਚੋਂ ਇਕ ਆਦਮੀ ਹਜ਼ਰਤ ਮੁਹੰਮਦ ਸਾਹਿਬ ਦੇ ਇਸ ਮਜ਼ਹਬ ਦਾ ਅਨੁਯਾਈ ਹੈ।'[40] ਇਸਲਾਮ ਦੇ ਸਰੂਪ ਨੂੰ 'ਅੱਲਾਹ ਵਾਹਿਦ ਹੈ', 'ਕੁਰਾਨ ਖੁਦਾਈ ਕਲਾਮ ਹੈ' ਅਤੇ 'ਹਜਰਤ ਮੁਹੰਮਦ ਸਾਹਿਬ ਖੁਦਾ ਦੇ ਭੇਜੇ ਹੋਏ ਰਸੂਲ ਹਨ'ਦੇ ਤ੍ਰੈ-ਸੂਤਰੀ ਫਾਰਮੂੱਲੇ ਜਾਂ ਤ੍ਰਿਕ TRIAD ਦੁਆਰਾ ਸਮਝਿਆ ਜਾ ਸਕਦਾ ਹੈ।

'ਇਸਲਾਮ' ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਸ਼ਬਦੀ ਅਰਥ ਆਗਿਆ ਦਾ ਪਾਲਣ ਹੈ। ਲਫ਼ਜ਼ 'ਇਸਲਾਮ' ਸ਼ਬਦ ਨਿਰੁਕਤੀ ਦੇ ਪੱਖੋਂ ਤਿੰਨ ਅੱਖਰੀ ਅਰਬੀ ਮੂਲ ਸ਼ਬਦ ਸ-ਲ-ਮ (ਸੀਨ ਲਾਮ ਮੀਮ)[41] ਤੋਂ ਬਣਿਆ ਹੈ। ਜਿਸ ਦੇ ਮਾਅਨੇ ਸਾਬਤ, ਸਲਾਮਤ ਅਤੇ ਅਮਨ (Wholeness, safeness and peace) ਹੁੰਦੇ ਹਨ। ਧਾਰਮਿਕ ਅਰਥਾਂ ਵਿਚ ਇਸ ਸ਼ਬਦ ਦੇ ਅਰਥ Voluntary Submission to God[42] ਮੰਨੇ ਗਏ ਹਨ।ਇਸਲਾਮਿਕ ਪਰੰਪਰਾ ਅਨੁਸਾਰ ਇਸਲਾਮ ਸ਼ਬਦ ਦੇ ਅਰਥ ਹਨ:

"ਇਸਲਾਮ ਤੋਂ ਭਾਵ ਹੈ ਅੱਲਾਹ ਦੀ ਅਧੀਨਗੀ ਸਵੀਕਾਰ ਕਰਨਾ, ਖ਼ੁਦਾ ਦੀ ਰਜ਼ਾ ਨੂੰ ਅੰਗੀਕਾਰ ਕਰਨਾ, ਅੱਲਾਹ ਤਆਲਾ ਦੀ ਆਗਿਆ ਦਾ ਪਾਲਣ ਕਰਨਾ, ਆਪਣੇ ਆਪ ਨੂੰ ਖ਼ੁਦਾ ਦੀ ਮਰਜ਼ੀ ਅੱਗੇ ਸਮਰਪਿਤ ਕਰ ਦੇਣਾ ਅਰਥਾਤ ਖ਼ੁਦਾ ਦਾ ਭਾਣਾ ਮੰਨਣਾ, ਰੱਬ ਦੀ ਰਜ਼ਾ ਵਿਚ ਰਾਜ਼ੀ ਰਹਿਣਾ। ਇਸ ਤਰ੍ਹਾਂ ਇਸਲਾਮ ਤੋਂ ਭਾਵ ਹੈ ਖ਼ੁਦਾ ਦੀ ਅਧੀਨਗੀ, ਖ਼ੁਦਾ ਦੀ ਤਾਬੇਦਾਰੀ ਅਤੇ ਖ਼ੁਦਾ ਦੇ ਹੁਕਮ ਅਤੇ ਰਜ਼ਾ ਨੂੰ ਸਵੀਕਾਰ ਕਰਨਾ।" [43]

ਡਾ.ਰਤਨ ਸਿੰਘ ਜੱਗੀ ਅਨੁਸਾਰ ਇਸਲਾਮ ਸ਼ਬਦ ਦੇ ਅਰਥਾਂ ਨੂੰ ਇੰਝ ਵਿਅਕਤ ਕਰਦੇ ਹਨ:

"ਮੁਸਲਮਾਨਾਂ ਦੇ ਧਰਮ ਨੂੰ ਇਸਲਾਮ ਕਿਹਾ ਜਾਂਦਾ ਹੈ। ਇਸਲਾਮ ਦਾ ਸ਼ਾਬਦਿਕ ਅਰਥ ਹੈ ਸਿਰ ਨਿਵਾਉਣਾ, ਅਰਥਾਤ ਖ਼ੁਦਾ ਦੀ ਰਜ਼ਾ ਮੰਨਣਾ, ਖ਼ੁਦਾਈ ਆਗਿਆ ਦਾ ਪਾਲਣ ਕਰਨਾ। ਹੁਣ ਇਹ ਸ਼ਬਦ ਉਸ ਧਰਮ ਲਈ ਰੂੜ੍ਹ ਹੋ ਚੁੱਕਿਆ ਹੈ ਜਿਸ ਵਿਚ ਹਜ਼ਰਤ ਮੁਹੰਮਦ ਦੁਆਰਾ ਦਰਸਾਏ ਢੰਗ ਨਾਲ ਖ਼ੁਦਾਈ ਆਗਿਆ ਦਾ ਪਾਲਨ ਕੀਤਾ ਜਾਂਦਾ ਹੈ। ਇਸ ਦੀ ਬੁਨਿਆਦ ਤਿੰਨ ਤੱਤਾਂ ਤੇ ਉਸਰੀ ਹੋਈ ਹੈ। ਇਕ ਇਹ ਕਿ ਹਜ਼ਰਤ ਮੁਹੰਮਦ ਰੱਬ ਦੇ ਭੇਜੇ ਹੋਏ ਪੈਗੰਬਰ ਹਨ। ਦੂਜਾ ਇਹ ਕਿ ਕੁਰਾਨ ਖੁਦਾਈ ਕਲਾਮ ਹੈ ਅਤੇ ਤੀਜਾ ਅੱਲਾਹ ਲਾਸ਼ਰੀਕ ਹੈ।"[44]

ਪੈਗ਼ੰਬਰ ਹਜ਼ਰਤ ਮੁੰਹਮਦ ਸਾਹਿਬ ਨੂੰ ਇਸਲਾਮ ਦਾ ਬਾਨੀ ਹੋਣ ਦਾ ਮਾਣ ਹਾਸਿਲ ਹੈ।ਬੇਸ਼ਕ ਇਸਲਾਮ ਧਰਮ ਵਿਚ ਇਸ ਸੰਬੰਧੀ ਵੱਖਰੀਆਂ-ਵੱਖਰੀਆਂ ਧਾਰਨਾਵਾਂ ਪ੍ਰਚੱਲਿਤ ਹਨ। ਉਲੇਮਾ ਲੋਕਾਂ ਦਾ ਮੰਨਣਾ ਹੈ ਕਿ ਇਸਲਾਮ ਦਾ ਉਦੈ ਹਜ਼ਰਤ ਇਬਰਾਹੀਮ ਖਲੀਲ ਉੱਲਾਹ ਦੇ ਕਾਲ ਤੋਂ ਹੋ ਗਿਆ ਸੀ। ਇਸ ਸੰਬੰਧੀ ਅੱਜ ਵੀ ਮੱਕੇ ਅੰਦਰ ਖਾਨਾ ਕਾਅਬਾ ਵਿਖੇ ਨਿਸ਼ਾਨੀਆਂ ਮੌਜੂਦ ਹਨ। ਇਸਲਾਮ ਦੇ ਪਾਵਨ ਤਿਉਹਾਰ 'ਈਦ-ਉਲ-ਜ਼ੁਹਾ' ਦਾ ਸੰਬੰਧ ਹਜ਼ਰਤ ਇਬਰਾਹੀਮ ਦੇ ਬੇਟੇ ਹਜ਼ਰਤ ਇਸਮਾਈਲ ਦੀ ਖ਼ੁਦਾ ਦੇ ਰਾਹ ਤੇ ਦਿੱਤੀ ਸ਼ਹਾਦਤ ਨਾਲ ਹੀ ਹੈ। ਇਸਲਾਮ ਵਿਚ ਇਕ ਧਾਰਨਾ ਇਹ ਵੀ ਪ੍ਰਚੱਲਿਤ ਹੈ ਕਿ ਖ਼ੁਦਾ ਨੇ ਕੁੱਲ ਦੁਨੀਆਂ ਵਿਚ ਇਕ ਲੱਖ ਚੌਵੀ ਹਜ਼ਾਰ ਪੈਗ਼ੰਬਰ ਭੇਜੇ ਪਰ ਉਨ੍ਹਾਂ ਵਿਚੋਂ ਹਜ਼ਰਤ ਇਬਰਾਹੀਮ ਅਤੇ ਹਜ਼ਰਤ ਮੁਹੰਮਦ ਨੂੰ ਖ਼ੁਦਾ ਦੇ ਕਰੀਬੀ ਹੋਣ ਦੀ ਮਾਨਤਾ ਮਿਲੀ। ਹਜ਼ਰਤ ਮੁਹੰਮਦ ਸਾਹਿਬ ਨੂੰ ਆਖ਼ਰੀ ਪੈਗ਼ੰਬਰ ਮੰਨਿਆ ਜਾਂਦਾ ਹੈ ਜਿਨਾ ਨੇ ਮੁਕੰਮਲ ਰੂਪ ਵਿਚ ਆਪਣਾ ਪੈਗ਼ਾਮ ਇਨਸਾਨੀਅਤ ਦੇ ਰੂਬਰੂ ਜ਼ਾਹਰ ਕੀਤਾ। ਇਸਲਾਮ ਦੇ ਪ੍ਰਚਾਰ ਤੇ ਪਾਸਾਰ ਦੇ ਪ੍ਰਕਰਣ ਵਿਚ ਹਜ਼ਰਤ ਮੁਹੰਮਦ ਸਾਹਿਬ ਦੀ ਭੂਮਿਕਾ ਬਾਕਮਾਲ ਰਹੀ ਹੈ। ਅੱਧੀ ਸਦੀ ਦੇ ਦੌਰਾਨ ਹੀ ਇਹ ਧਰਮ ਕਈ ਦੇਸ਼ਾਂ ਵਿਚ ਫੈਲ ਗਿਆ।

ਹਜ਼ਰਤ ਮੁਹੰਮਦ ਸਾਹਿਬ ਦਾ ਜਨਮ 20 ਅਪ੍ਰੈਲ 571 ਈ ਨੂੰ ਮੱਕਾ ਸ਼ਹਿਰ ਦੇ ਕੁਰੈਸ਼ ਕਬੀਲੇ ਦੇ ਅਬਦੁੱਲਾ ਦੇ ਘਰ ਬੀਬੀ ਆਮਿਨਾ ਦੀ ਕੁੱਖੋਂ ਹੋਇਆ। ਜਨਮ ਤੋਂ ਪਹਿਲਾ ਹੀ ਬਾਪ ਚੱਲ ਵਸੇ ਅਤੇ ਅਜੇ ਛੇ ਸਾਲ ਦੇ ਹੀ ਬੱਚੇ ਹੀ ਸਨ ਜਦੋਂ ਆਪ ਦੀ ਮਾਤਾ ਦਾ ਵੀ ਇੰਤਕਾਲ ਹੋ ਗਿਆ। ਅੱਠ ਸਾਲ ਦੀ ਉਮਰ ਵਿਚ ਦਾਦਾ ਹਜ਼ਰਤ ਅਬਦੁਲ ਮੁੱਤਲਿਬ ਵੀ ਕਾਲ-ਵੱਸ ਹੋ ਗਏ ਅਤੇ ਆਪ ਦੀ ਪਰਵਰਿਸ਼ ਦੀ ਜ਼ਿੰਮੇਵਾਰੀ ਚਾਚਾ ਹਜ਼ਰਤ ਅਬੂ ਤਾਲਿਬ ਨੇ ਨਿਭਾਈ। ਬਚਪਨ ਵਿਚ ਆਪ ਨੂੰ 'ਆਮੀਨ' ਕਹਿ ਕੇ ਪੁਕਾਰਿਆ ਜਾਂਦਾ ਰਿਹਾ ਜਦ ਕਿ ਕੁਰਾਨ ਵਿਚ ਆਪ ਲਈ 'ਮੁਹੰਮਦ' ਅਤੇ 'ਅਹਿਮਦ' ਨਾਵਾਂ ਦਾ ਵੀ ਆਪ ਲਈ ਜ਼ਿਕਰ ਆਇਆ ਹੈ।'ਮੁਹੰਮਦ' ਦਾ ਅਰਥ ਹੀ ਬਹੁ-ਪ੍ਰਸ਼ੰਸਿਤ ਜਾਂ ਬਹੁਤ ਸਾਲਾਹਿਆ ਹੋਇਆ ਮੰਨੇ ਗਏ ਹਨ। ਆਪ ਦੇ ਬਚਪਨ ਦੇ ਬਿਰਤਾਂਤ ਸੰਬੰਧੀ ਸ੍ਰੋਤਾਂ ਦੀ ਘਾਟ ਕਰਕੇ ਆਪ ਦੇ ਬਚਪਨ ਬਾਰੇ ਜਾਣਕਾਰੀ ਨਹੀਂ ਮਿਲਦੀ। ਬਚਪਨ ਵਿਚ ਭੇਡਾਂ ਬਕਰੀਆਂ ਚਰਾਉਣ ਅਤੇ ਚਾਚੇ ਅਬੂ ਤਾਲਿਬ ਦੀ ਦੇਖ-ਰੇਖ ਹੇਠ

ਸੀਰੀਆ ਦੇ ਇਲਾਕੇ ਵਿਚ ਵਪਾਰ ਕਰਨ ਦੀਆਂ ਕਥਾਵਾਂ ਪ੍ਰਚੱਲਿਤ ਹਨ। ਵੀਹ ਸਾਲ ਦੀ ਉਮਰ ਵਿਚ ਆਪ ਨੇ ਮੱਕੇ ਦੀ ਇਕ ਧਨਵੰਤ ਵਿਧਵਾ ਖ਼ਦੀਜਾ ਦੀ ਨੌਕਰੀ ਕਰ ਲਈ। ਆਪ ਨੇ ਬੜੀ ਲਗਨ ਅਤੇ ਇਮਾਨਦਾਰੀ ਨਾਲ ਆਪਣੀ ਨੌਕਰੀ ਨੂੰ ਨਿਭਾਇਆ ਤੇ ਵਪਾਰ ਦੀ ਤਰੱਕੀ ਕੀਤੀ। ਹਜ਼ਰਤ ਖ਼ਦੀਜਾ ਆਪ ਤੋਂ ਬਹੁਤ ਪ੍ਰਭਾਵਿਤ ਹੋਈ। ਹਜ਼ਰਤ ਮੁਹੰਮਦ ਸਾਹਿਬ ਦੇ ਚਾਚੇ ਅਬੂ ਤਾਲਿਬ ਨੇ ਹਜ਼ਰਤ ਖ਼ਦੀਜਾ ਦੇ ਮੁਹੰਮਦ ਸਾਹਿਬ ਨਾਲ ਨਿਕਾਹ ਦੇ ਰਿਸ਼ਤੇ ਨੂੰ ਖੁਸ਼ੀ-ਖੁਸ਼ੀ ਸਵੀਕਾਰ ਕੀਤਾ। ਇਸ ਵਿਆਹ ਤੋਂ ਆਪ ਦੇ ਘਰ ਚਾਰ ਲੜਕੇ ਅਤੇ ਦੋ ਧੀਆਂ ਦਾ ਜਨਮ ਹੋਇਆ ਪਰ ਕੇਵਲ ਇਕੋਂ ਬੇਟੀ 'ਫ਼ਾਤਿਮਾ' ਬਚੀ ਜਿਸਨੂੰ ਹਜ਼ਰਤ ਅਲੀ ਨਾਲ ਵਿਆਹਿਆ ਗਿਆ। ਹਜ਼ਰਤ ਮਹੁੰਮਦ ਸਾਹਿਬ ਅਤੇ ਬੀਬੀ ਹਜ਼ਰਤ ਖ਼ਦੀਜਾ ਦੇ ਸੰਬੰਧ ਬਹੁਤ ਸਨੇਹ ਭਰੇ ਸਨ। ਹਜ਼ਰਤ ਸਾਹਿਬ ਨੇ ਖ਼ਦੀਜਾ ਦੇ ਜਿਉਂਦਿਆ ਜੀਅ ਦੂਸਰਾ ਵਿਆਹ ਨਹੀਂ ਕੀਤਾ। ਇਸ ਸਮੇਂ ਦੌਰਾਨ ਆਪ ਨੂੰ ਇਬਾਦਤ ਅਤੇ ਸਾਧਨਾ ਦਾ ਵੀ ਨਿਰੰਤਰ ਮੌਕਾ ਮਿਲਦਾ ਰਿਹਾ। ਮੱਕਾ ਸ਼ਰੀਫ ਦੇ ਨਜ਼ਦੀਕ ਪਹਾੜਾ ਵਿਚ 'ਗਾਰੇ ਹਿਰਾ' ਵਿਚ ਆਪ ਲੰਬੇ ਸਮੇਂ ਤੱਕ ਅੱਲਾਹ ਦੀ ਇਬਾਦਤ ਵਿਚ ਲੀਨ ਰਹਿੰਦੇ। ਇੱਥੇ ਹੀ ਆਪ ਨੂੰ ਹਜ਼ਰਤ ਜ਼ਿਬਰਾਈਲ ਦੀ ਆਵਾਜ਼ ਵਿਚ 'ਇਲਹਾਮੀ ਪ੍ਰਕਾਸ਼' ਹੋਇਆ। ਇਹ ਆਵਾਜ਼ ਸੀ- 'ਪੜ੍ਹ ਆਪਣੇ ਰੱਬ ਦੇ ਨਾਮ ਨਾਲ ਜਿਸਨੇ ਪੈਦਾ ਕੀਤਾ।' ਇਹ ਪਹਿਲੀ "ਵਹੀ" ਸੀ ਜੋ ਆਪ ਉੱਪਰ ਉਤਰੀ।[45] ਇਸੇ ਤਰ੍ਹਾਂ ਆਪ ਨੂੰ ਇਕ ਵਾਰ ਫੇਰ ਚਾਲੀ ਸਾਲ ਦੀ ਉਮਰ ਵਿਚ ਵਹੀ ਨਾਜ਼ਿਲ ਹੋਈ। ਇਸ 'ਇਲਹਾਮੀ ਪ੍ਰਕਾਸ਼' ਦੁਆਰਾ ਆਪ ਨੂੰ ਨਬੂਵਤ ਅਤਾ ਫ਼ਰਮਾਈ ਗਈ। ਅਰਥਾਤ ਆਪ ਨੂੰ ਪੈਗ਼ੰਬਰੀ ਹਾਸਿਲ ਹੋਈ। ਆਪ ਨੇ ਸਭ ਤੋਂ ਪਹਿਲਾ ਹਜ਼ਰਤ ਖ਼ਦੀਜਾ ਨਾਲ ਜ਼ਿਕਰ ਕੀਤਾ ਅਤੇ ਉਸਨੇ ਆਪਦੀ ਪੈਗ਼ੰਬਰੀ ਸਵੀਕਾਰ ਕੀਤੀ ਅਰਥਾਤ ਆਪ ਪਰ ਈਮਾਨ ਲਿਆਈ। ਹਜ਼ਰਤ ਮੁਹੰਮਦ ਸਾਹਿਬ ਨੇ ਸਮੁੱਚੇ ਕਬੀਲੇ ਵਾਲਿਆਂ ਨੂੰ ਨਵੀਨ ਧਾਰਮਿਕ ਸੰਦੇਸ਼ ਨਾਲ ਜੋੜਨ ਦਾ ਪ੍ਰਯਤਨ ਕੀਤਾ ਪਰ ਉਹ ਪ੍ਰਾਚੀਨ ਸੰਸਕਾਰਾਂ ਦੇ ਪ੍ਰਭਾਵ ਹੇਠ ਮੁਹੰਮਦ ਸਾਹਿਬ ਨਾਲ ਜੁੜ ਨਾ ਪਾਏ। ਕੇਵਲ ਪਤਨੀ ਖਦੀਜਾ, ਚਚੇਰਾ ਭਰਾ ਅਲੀ ਅਤੇ ਇਕ ਰਿਸ਼ਤੇਦਾਰ ਅਬੂ ਬਦਰ ਆਪ ਦੇ ਮੁਰੀਦ ਬਣੇ। ਸੱਤਾਧਾਰੀ ਤੇ ਸਾਧਨ-ਸੰਪੰਨ ਲੋਕਾਂ ਦੇ ਵਿਰੋਧ ਤੇ ਮਜ਼ਾਕ ਨੂੰ ਆਪ ਨੇ ਸਹਿਣ ਕੀਤਾ। ਜਿਵੇਂ-ਜਿਵੇਂ ਨਿਮਨ ਗਰੀਬ ਵਰਗ ਆਪ ਨਾਲ ਜੁੜਦਾ ਗਿਆ ਇਹ ਵਿਰੋਧ ਹੋਰ ਪ੍ਰਚੰਡ ਹੁੰਦਾ ਗਿਆ। ਅਸਲ ਵਿਚ ਲਾ-ਮਜ਼ਹਬ ਲੋਕ ਵਧੇਰੇ ਕਰਕੇ ਬੁੱਤਪ੍ਰਸਤੀ ਸਨ। ਹੁੱਵਲ, ਵਦ, ਸੁਬਾਅ, ਯਗੂਸ, ਨਸਰ, ਉਜਾ, ਲਾਤ, ਮਨਾਤ ਆਦਿ ਬੁੱਤਾਂ ਵਿਚ ਲੋਕ ਆਪਣਾ ਇਸ਼ਟ ਦੇਖਦੇ ਸਨ। ਹਜ਼ਰਤ ਸਾਹਿਬ ਦੇ ਤੌਹੀਦ ਦੇ ਪੈਗ਼ਾਮ ਨੂੰ ਕੋਈ ਸਮਝਣ ਲਈ ਤਿਆਰ ਨਹੀਂ ਸੀ। ਪਰ ਹਜ਼ਰਤ ਸਾਹਿਬ ਬੜੀ ਨਿਸ਼ਠਾ ਤੇ ਯਤਨਾਂ ਨਾਲ ਆਪਣੇ ਮਿਸ਼ਨ ਨਾਲ ਜੁੜੇ ਰਹੇ। ਇਸੇ ਹੀ ਸਮੇਂ ਦੌਰਾਨ ਇਸਲਾਮ ਵਿਚ ਮਿਆਰਾਜ ਦੀ ਘਟਨਾ ਦਾ ਜ਼ਿਕਰ ਆਉਂਦਾ ਹੈ ਜੋ ਹਜ਼ਰਤ ਸਾਹਿਬ ਦੇ 'ਬੁਰਾਕ' ਨਾਂ ਦੇ ਘੋੜੇ ਤੇ ਸਵਾਰ ਹੋ ਕੇ ਸੱਤਵੇਂ ਅਸਮਾਨ ਉੱਪਰ ਤਸ਼ਰੀਫ਼ ਲੈ ਕੇ ਆਉਣ ਦੀ ਘਟਨਾ ਤੇ ਆਧਾਰਿਤ ਹੈ। ਆਪ ਲੋਕਾਂ ਨੂੰ ਆਪਣੇ ਦੀਨ ਨਾਲ ਜੋੜਦੇ ਰਹੇ ਪਰ ਕਿਸੇ ਨੂੰ ਇਸਲਾਮ ਧਾਰਨ ਕਰਨ ਲਈ ਮਜਬੂਰ ਨਹੀਂ ਕੀਤਾ। ਮੁਸ਼ਰਿਕ ਤੇ ਕਾਫਿਰ ਲੋਕਾਂ ਦੇ ਵਧੇਰੇ ਤੰਗ ਕਰਨ ਤੇ ਆਪ ਨੇ ਮੱਕੇ ਤੋਂ ਮਦੀਨੇ ਵੱਲ ਪ੍ਰਸਥਾਨ ਕੀਤਾ। ਇਸਲਾਮ ਵਿਚ ਇਹ ਘਟਨਾ 'ਹਿਜਰਤ' ਨਾ ਨਾਲ ਜਾਣੀ ਜਾਂਦੀ ਹੈ।24 ਅਗਸਤ 624 ਈ ਨੂੰ (ਇਕ ਵਿਚਾਰ ਅਨੁਸਾਰ 622 ਈ.) ਆਪ ਮਦੀਨਾ ਪਹੁੰਚ ਗਏ। ਇਸੇ ਦਿਨ ਤੋਂ ਹਿਜਰੀ ਸੰਨ ਦਾ ਆਰੰਭ ਹੁੰਦਾ ਹੈ। ਮੱਕੇ ਕਾਂਡ ਤੋਂ ਬਾਅਦ ਮਦੀਨਾ ਕਾਂਡ ਇਸਲਾਮਿਕ ਸਭਿਆਚਾਰ ਦੇ ਕੌਮੀ ਸਰੂਪ ਵਿਚ ਪਹੁੰਚਣ ਦਾ ਪੜਾਅ ਹੈ। ਮਦੀਨਾ ਵਾਸੀਆਂ ਨੇ ਹਜ਼ਰਤ

ਸਾਹਿਬ ਦਾ ਸੁਆਗਤ ਕੀਤਾ ਸੀ। ਪਰ ਮੱਕੇ ਦਾ ਵਿਰੋਧ ਜਾਰੀ ਰਿਹਾ। ਨਤੀਜੇ ਵੱਜੋਂ ਆਪ ਦੀਆਂ ਮੱਕੇ ਵਾਲਿਆਂ ਨਾਲ ਕਈ ਨਿੱਕੀਆਂ ਮੋਟੀਆਂ ਲੜਾਈਆਂ ਹੋਈਆਂ। ਆਪ ਨੇ ਮਜਬੂਰੀ ਵੱਸ ਲੜਾਈਆਂ ਤਾਂ ਲੜੀਆਂ ਪਰ ਕਿਸੇ ਦਾ ਕਤਲ ਨਹੀਂ ਕੀਤਾ ਤੇ ਅੰਤ ਮੱਕੇ ਤੇ ਜਿੱਤ ਹੀ ਪ੍ਰਾਪਤ ਨਹੀਂ ਕੀਤੀ ਬਲਕਿ ਮੱਕੇ ਵਾਲਿਆਂ ਨੂੰ ਮੁਆਫ਼ ਕਰਕੇ ਆਪਣੀ ਦਿਆਨਤਦਾਰੀ ਅਤੇ ਵੱਡਪਣ ਦਾ ਸਬੂਤ ਵੀ ਦਿੱਤਾ। ਇੱਥੇ ਆਪ ਨੇ ਕਾਅਬਾ ਸ਼ਰੀਫ਼ ਦੀ ਪ੍ਰਦੱਖਣਾ ਕੀਤੀ ਅਤੇ ਹਜਰੇ ਅਸਵਦ ਨੂੰ ਚੁੰਮਿਆ। ਆਪ ਨੇ ਹਜ਼ਰਤ ਬਿਲਾਲ ਨੂੰ ਹੁਕਮ ਦਿੱਤਾ ਕਿ ਉਹ ਕਾਅਬਾ ਸ਼ਰੀਫ ਦੀ ਛੱਤ ਤੇ ਚੜ੍ਹ ਕੇ ਅਜ਼ਾਨ ਦੇਵੇ ਅਤੇ ਇਹ ਪਰੰਪਰਾ ਉਦੋਂ ਤੋਂ ਅੱਜ-ਤੀਕ ਚੱਲਦੀ ਆ ਰਹੀ ਹੈ। ਹਜ਼ਰਤ ਬਿਲਾਲ ਜੋ ਹਬਸ਼ੀ ਤੇ ਗੁਲਾਮ ਸੀ ਨੂੰ ਇਹ ਆਦੇਸ਼ ਦੇ ਕੇ ਆਪ ਨੇ ਬਿਨਾਂ ਰੰਗ, ਨਸਲ, ਕੌਮ ਜਾਂ ਮਜ਼ਹਬ ਦੇ ਸਮੁੱਚੀ ਮਾਨਵਤਾ ਨੂੰ ਸਾਂਝ ਦਾ ਪੈਗ਼ਾਮ ਦੇ ਕੇ ਇਸਲਾਮ ਦਾ ਮਨੋਰਥ ਸਪਸ਼ਟ ਕਰਨਾ ਚਾਹਿਆ ਸੀ।ਸ਼ੁਕਰਵਾਰ ਦਾ ਦਿਨ ਵਿਸ਼ੇਸ਼ ਸਮੂਹਿਕ ਪ੍ਰਾਰਥਨਾ ਦਾ ਦਿਨ ਮਿਥਿਆ ਗਿਆ। ਸੰਖ ਜਾਂ ਘੜਿਆਲ ਦੀ ਥਾਂ ਬਾਂਗ ਦੇ ਕੇ ਪ੍ਰਾਰਥਨਾ ਸਮੇਂ ਨੂੰ ਦਰਸਾਉਣ ਦਾ ਹੁਕਮ ਦਿੱਤਾ ਗਿਆ। ਰਮਜ਼ਾਨ ਰੋਜ਼ਿਆਂ ਦਾ ਮਹੀਨਾ ਨਿਸ਼ਚਿਤ ਕੀਤਾ ਗਿਆ। ਕਾਅਬੇ ਨੂੰ ਪਵਿੱਤਰ ਸਥਾਨ ਵੱਜੋਂ ਮਾਨਤਾ ਦਿੱਤੀ ਗਈ। ਹਿਜਰੀ ਸੰਨ ਨੂੰ ਜਦੋਂ ਕਿ ਆਪ ਨੇ ਮੱਕਾ ਫ਼ਤਿਹ ਕੀਤਾ ਸੀ  ਤੋਂ ਬਾਅਦ ਆਪ ਮਦੀਨਾ ਵਿਖੇ ਆ ਗਏ ਤੇ ਕੁਝ ਦਿਨ ਬਿਮਾਰ ਰਹੇ। ਅੰਤ ਸਮੇਂ ਹਜ਼ਰਤ ਆਇਸ਼ਾ ਪਾਸ ਆਪਨੇ ਸੰਨ 632 ਈਸਵੀ ਨੂੰ ਵਫ਼ਾਤ ਪਾਈ। ਇਸੇ ਹੀ ਆਇਸ਼ਾ ਵਾਲੇ ਘਰ ਵਿਚ ਆਪ ਨੂੰ ਦਫਨਾਇਆ ਗਿਆ ਜਿੱਥੇ ਬਾਦ ਵਿਚ ਆਪ ਦੇ ਰੋਜ਼ਾ-ਏ-ਮੁਬਾਰਿਕ ਦੀ ਤਮੀਰ ਕਰਵਾਈ ਗਈ। ਸੰਸਾਰ ਵਿਚ ਅੱਜ ਤਕਰੀਬਨ 1.7 ਬਿਲੀਅਨ ਲੋਕ[46] ਪੂਰੀ ਸ਼ਰਧਾ ਤੇ ਸਿਦਕ ਨਾਲ ਹਜ਼ਰਤ ਸਾਹਿਬ ਤੇ ਇਸਲਾਮ ਵਿਚ ਯਕੀਨ ਰੱਖਦੇ ਹਨ। ਆਪ ਦੇ ਵਿਸ਼ਵਾਸਾਂ ਤੇ ਆਧਾਰਿਤ ਗ੍ਰੰਥ 'ਕੁਰਾਨ' ਤੇ ਅੱਜ ਦੁਨੀਆਂ ਦੀ ਆਬਾਦੀ ਦਾ ਅੱਠਵਾਂ ਹਿੱਸਾ ਵਿਸ਼ਵਾਸ ਕਰ ਰਿਹਾ ਹੈ।

ਹਜ਼ਰਤ ਮੁਹੰਮਦ ਸਾਹਿਬ ਦੁਆਰਾ ਸਥਾਪਿਤ ਧਰਮ ਦਾ ਮਹੱਤਵਪੂਨ ਸ੍ਰੋਤ 'ਕੁਰਾਨ' ਹੈ। ਇਸਲਾਮ ਵਿਚ ਅੱਲਾਹ ਤਆਲਾ ਅਤੇ ਹਜ਼ਰਤ ਸਾਹਿਬ ਤੋਂ ਬਾਦ ਸਭ ਤੋਂ ਅਹਿਮ ਸਥਾਨ ਕੁਰਾਨ ਮਜੀਦ ਦਾ ਹੈ ਜਿਸ ਵਿਚ ਇਸਲਾਮ ਦਾ ਪੂਰਾ ਰੂਹਾਨੀ ਵਿਸਥਾਰ ਸ਼ਾਮਿਲ ਹੈ। ਕੁਰਾਨ ਮਜੀਦ ਨੂੰ ਕਲਾਮੇ-ਏ ਇਲਾਹੀ, ਕਲਾਮੇ-ਏ-ਪਾਕ, ਕੁਰਾਨੇ ਕਰੀਮ ਅਤੇ ਕੁਰਾਨ ਸ਼ਰੀਫ਼ ਆਦਿ ਨਾਵਾਂ ਨਾਲ ਸਤਿਕਾਰਿਆ ਜਾਂਦਾ ਹੈ। ਇਸਲਾਮ ਵਿਚ ਧਾਰਨਾ ਹੈ ਕਿ ਇਸਲਾਮ ਦਾ ਵੱਡਾ ਹਿੱਸਾ ਜ਼ਿਬਰਾਈਲ ਫਰਿਸ਼ਤੇ ਰਾਹੀਂ, ਸੁਪਨਿਆਂ ਅਤੇ ਇਬਾਦਤ ਦੇ ਦੌਰਾਨ ਹਜ਼ਰਤ ਮਹੁੰਮਦ ਸਾਹਿਬ ਨੂੰ ਨਾਜ਼ਿਲ ਹੋਇਆ।'ਕੁਰਾਨ ਮੁਸਲਮਾਨਾਂ ਦਾ ਪੱਵਿਤਰ ਧਰਮ-ਗ੍ਰੰਥ ਹੈ ਜਿਸਨੂੰ ਖ਼ੁਦਾਈ ਕਿਤਾਬ, ਇਲਾਹੀ ਕਿਤਾਬ ਅਤੇ ਇਲਹਾਮੀ ਸਹੀਫ਼ਾ ਵੀ ਕਿਹਾ ਜਾਂਦਾ ਹੈ। ਮੁਸਲਮਾਨਾਂ ਲਈ ਧਾਰਮਿਕ, ਅਧਿਆਤਮਿਕ, ਸਦਾਚਾਰਿਕ, ਨੈਤਿਕ, ਸਿਧਾਂਤਕ ਅਗਵਾਈ, ਪ੍ਰੇਰਣਾ ਅਤੇ ਪ੍ਰਭਾਵ ਲਈ ਇਹ ਗ੍ਰੰਥ ਇਕ ਅਤਿਅੰਤ ਉੱਤਮ ਪ੍ਰਮਾਣਿਕਤਾ ਦਾ ਦਰਜਾ ਰਖਦਾ ਹੈ।'[47] ਹਜ਼ਰਤ ਮਹੁੰਮਦ ਸਾਹਿਬ ਦੇ ਦਿਹਾਂਤ ਮਗਰੋਂ ਹਾਫਿਜ਼ਾਂ ਦੀ ਖ਼ਤਮ ਹੋ ਰਹੀ ਹੋਂਦ ਤੋਂ ਇਹ ਮਹਿਸੂਸ ਕੀਤਾ ਗਿਆ ਕਿ ਕੁਰਾਨ ਮਜੀਦ ਦੇ ਸਾਰੇ ਭਾਗ ਇਕੱਤਰ ਕੀਤੇ ਜਾਣ। ਹਜ਼ਰਤ ਸਾਹਿਬ ਦੇ ਕਾਤਿਬ ਜ਼ੈਦ ਇਬਤ-ਏ-ਸਾਬਤ ਨੇ ਖ਼ਜੂਰ ਦੇ ਪੱਤਿਆਂ, ਚਿੱਟੇ ਪੱਥਰ ਦੀਆਂ ਤਖ਼ਤੀਆਂ ਅਤੇ ਲੋਕ-ਯਾਦਾਂ ਤੋਂ ਸਾਰੀ ਸਾਮੱਗਰੀ ਤਿਆਰ ਕਰਵਾ ਕੇ ਮਦੀਨੇ ਰੱਖਿਆ ਗਿਆ ਤੇ ਇਸ ਦੇ ਤਿੰਨ ਉਤਾਰੇ ਕਰਵਾਏ ਗਏ। ਹਜ਼ਰਤ ਅਬੂ ਅਤੇ ਹਜ਼ਰਤ ਉਸਮਾਨ ਦੁਆਰਾ ਤਿਆਰ ਕੀਤੇ

ਖਰੜਿਆਂ ਵਿਚ ਪਾਠ-ਅੰਤਰ ਸੀ। ਮਦੀਨੇ ਵਾਲੇ ਖਰੜੇ ਨੂੰ ਪ੍ਰਾਮਣੀਕ ਮੰਨਦੇ ਹੋਏ ਇਬਿਨ ਮਜਾਹਦ ਅਤੇ ਦੋ ਵਜ਼ੀਰਾਂ ਇਬਨਿਮਕਲਾ ਅਤੇ ਇਬਨਿਈਸਾ ਦੇ ਯਤਨਾਂ ਨਾਲ ਇਸਨੂੰ ਨਿਸਚਿਤ ਰੂਪ ਮਿਲਿਆ। ਇਸਲਾਮ ਵਿਚ ਮੰਨਿਆ ਜਾਂਦਾ ਹੈ ਕਿ ਇਸ ਗ੍ਰੰਥ ਦਾ ਮੂਲ ਸੱਤਵੇਂ ਅਸਮਾਨ ਉੱਪਰ 'ਲੌਹ-ਏ-ਮਹਿਫੂਜ਼' ਅਰਥਾਤ ਸੁਰੱਖਿਅਤ ਪੱਟੀ ਵਿਚ ਹੈ। 'ਮਹਾਨ ਕੋਸ਼ ਅਨੁਸਾਰ ਕੁਰਾਨ ਵਿਚ ਕੁੱਲ 323741 ਅੱਖਰ, 79436 ਪਦ, 6666 ਆਯਤਾਂ ਅਤੇ 114 ਸੂਰਤਾਂ ਹਨ। ਪਰ 'ਪੰਜਾਬੀ ਵਿਸ਼ਵਕੋਸ਼' ਵਿਚ ਅੱਖਰਾਂ ਦੀ ਗਿਣਤੀ 323621, ਪਦਾਂ ਦੀ 77934, ਆਯਤਾਂ ਦੀ 6236 ਅਤੇ ਸੂਰਤਾਂ ਦੀ 114 ਲਿਖੀ ਹੈ। ਇਨ੍ਹਾਂ 114 ਸੂਰਤਾਂ ਵਿਚੋਂ 90 ਦਾ ਸੰਬੰਧ ਮੱਕੇ ਦੇ ਨਿਵਾਸ-ਕਾਲ ਨਾਲ ਹੈ ਅਤੇ 24 ਦਾ ਸੰਬੰਧ ਮਦੀਨੇ ਨਾਲ ਹੈ। ਮਦੀਨੇ ਵਾਲੀਆਂ ਆਯਤਾਂ ਆਕਾਰ ਵਜੋਂ ਵੱਡੀਆਂ ਹਨ ਅਤੇ ਕੁਰਾਨ ਦੇ ਲਗਭਗ ਤੀਜੇ ਹਿੱਸੇ ਵਿਚ ਪਸਰੀਆਂ ਹੋਈਆਂ ਹਨ। ਇਨ੍ਹਾਂ ਵਿਚ ਇਸਲਾਮ ਦੀ ਧਾਰਮਿਕ ਮਰਯਾਦਾ, ਇਬਾਦਤ ਦੀਆਂ ਵਿਧੀਆਂ, ਸਮਾਜਿਕ ਫ਼ਰਜ਼ਾਂ ਅਤੇ ਧਾਰਮਿਕ ਯੁੱਧਾਂ ਬਾਰੇ ਵਿਸਤਾਰ ਨਾਲ ਗੱਲ ਹੋਈ ਹੈ। ਇਨ੍ਹਾਂ ਦੇ ਮੁਕਾਬਲੇ ਮੱਕੇ ਵਾਲੀਆਂ ਆਯਤਾਂ ਬੜੀਆਂ ਸੰਖਿਪਤ, ਚੁਸਤ ਸ਼ੈਲੀ ਵਾਲੀਆਂ ਅਤੇ ਪ੍ਰਭਾਵਸ਼ਾਲੀ ਹਨ। ਇਨ੍ਹਾਂ ਵਿਚ ਖ਼ੁਦਾ ਦੀ ਅਦਵੈਤਤਾ, ਲਾਸ਼ਰੀਰਿਕਤਾ ਅਤੇ ਹੋਰ ਸਿਫ਼ਤਾਂ ਤੋਂ ਇਲਾਵਾ ਮਨੁੱਖ ਦੇ ਕਰਤੱਵ ਉੱਤੇ ਵੀ ਚਾਨਣਾ ਪਾਇਆ ਗਿਆ ਹੈ।'[48] ਸਾਰੇ ਕੁਰਾਨ ਸ਼ਰੀਫ ਨੂੰ ਤੀਹ ਪਾਰਿਆਂ ਅਰਥਾਤ 30 ਹਿੱਸਿਆਂ ਵਿਚ ਵੰਡਿਆ ਗਿਆ ਹੈ। ਤੀਹ ਪਾਰਿਆਂ ਨੂੰ ਅੱਗੋਂ 114 ਸੂਰਤਾਂ ਵਿਚ ਵੰਡਿਆ ਗਿਆ ਹੈ। ਕੁਰਾਨ ਦੀ ਪਹਿਲੀ ਸੂਰਹਾ ਅਲ-ਫ਼ਾਤਿਹਾ ਅਤੇ ਆਖਰੀ ਸੂਰਹਾ ਅਨ-ਨਾਸ ਹੈ। ਸੂਰਹਾ ਅਲ-ਫ਼ਾਤਿਹਾ ਸੂਰਹਾ ਮੱਕੀ ਹੈ। ਇਸ ਦੀਆਂ ਅੱਗੋਂ ਸੱਤ ਆਇਤਾਂ ਹਨ। ਕੁਰਾਨ ਮਜੀਦ ਦੇ ਆਰੰਭ ਵਿਚ 'ਬਿਸਮਿਲਾ ਹਿਰਮਾਨਿਰ ਰਹੀਮ' ਆਉਂਦਾ ਹੈ ਜੋ ਖ਼ੁਦਾ ਦੇ ਮਿਹਰਬਾਨ ਅਤੇ ਰਹਿਮ ਏ ਕਰਮ ਨੂੰ ਪ੍ਰਗਟਾਉਂਦਾ ਖ਼ੁਦਾ ਨੂੰ ਯਾਦ ਕਰਵਾਉਂਦਾ ਹੈ। ਸੂਰਹਾ ਅਲ-ਫ਼ਾਤਿਹਾ ਸਮੁੱਚੇ ਕੁਰਾਨ ਸ਼ਰੀਫ ਦਾ ਆਧਾਰ ਹੈ ਭਾਵ ਮੁਕੰਮਲ ਕੁਰਾਨ ਸ਼ਰੀਫ਼ ਇਸ ਸੂਰਹਾ ਦਾ ਵਿਸਥਾਰ ਹੈ। ਇਨ੍ਹਾਂ ਸਤਰਾਂ ਦੇ ਭਾਵ ਨੂੰ ਅਸੀਂ ਇਸ ਤਰਾਂ ਸਮਝ ਸਕਦੇ ਹਾਂ[49] -

ਅਲ ਹਮਦੋ ਲਿਲਹਾਹੀ ਰਬਿਲ ਆਲਮੀਨ।

( ਸਭ ਤਰ੍ਹਾਂ ਦੀ ਤਰੀਫ਼ ਖ਼ੁਦਾ ਲਈ ਹੈ ਜੋ ਸਾਰੀ ਕਾਇਨਾਤ ਦਾ ਪਰਵਰਦਿਗਾਰ ਹੈ।)

ਅਰ ਰਹਿਮਾਨਿਰ ਰਹੀਮ।

( ਬਹੁਤ ਮਿਹਰਬਾਨ, ਨਿਹਾਇਤ ਰਹਿਮ ਵਾਲਾ।)

ਮਾਲਿਕ ਯੌਮੇਦੀਨ ।

( ਇਨਸਾਫ ਦੇ ਦਿਨ ਦਾ ਹਾਕਿਮ।)

ਇਯਾਕਾ ਨਅਬੂਦੋ ਵ ਇਯਾਕਾ ਨਸਤਈਨ।

( ਹੇ ਪਰਵਰਦਿਗਾਰ ! ਅਸਾਂ ਤੇਰੀ ਹੀ ਇਬਾਦਤ ਕਰਦੇ ਹਾਂ ਅਤੇ ਤੇਰੇ ਕੋਲੋਂ ਹੀ ਮਦਦ ਮੰਗਦੇ ਹਾਂ!)

ਇਹਦਨਸੁ-ਸਿਰਾਤਲ ਮੁਸਤਕੀਮ।

( ਅਸਾਂ ਨੂੰ ਸਿੱਧੇ ਰਸਤੇ ਤੇ ਚਲਾ।)

ਸਿਰਾਤਲ ਲਜੀਨਾ ਅਨਅਮਤ ਅਲੈਹਿਮੁ।

( ਉਨ੍ਹਾਂ ਲੋਕਾਂ ਵਾਲਾ ਰਸਤਾ ਜਿਨ੍ਹਾਂ ਉੱਤੇ ਤੂੰ ਆਪਣਾ ਫ਼ਜ਼ਲ ਤੇ ਕਰਮ ਕਰਦਾ ਰਿਹਾ।)

ਗ਼ੈਰਿਲੁ-ਮਗ਼ਜ਼ੂਬਿ ਅਲੈਹਿਮੁ ਵਲਜਾਈਨ।

(ਨਾ ਕਿ ਉਨ੍ਹਾਂ ਦਾ ਰਸਤਾ ਜਿਨ੍ਹਾਂ ਉੱਤੇ ਤੂੰ ਗੁੱਸੇ ਹੁੰਦਾ ਰਿਹਾ ਅਤੇ ਨਾ ਗੁਮਰਾਹ ਲੋਕਾਂ ਦਾ।)

ਇਹ ਸੂਰਹਾ ਨੂੰ ਕੁਰਾਨ ਦੀ ਬੁਨਿਆਦ (ਅਸਾਂਸੁਲ-ਕੁਰਾਨ) ਵੀ ਕਿਹਾ ਜਾਂਦਾ ਹੈ। ਇਸੇ ਵਿਚ ਕੁਰਾਨ ਦਾ ਸਾਰਾਂਸ਼ ਹੈ।ਇਹ ਧਾਰਨਾ ਹੈ ਕਿ ਜੇ ਕੋਈ ਮੁਸਲਮਾਨ ਪੂਰਾ ਕੁਰਾਨ ਦਾ ਪਾਠ ਨਾ ਵੀ ਕਰ ਸਕੇ ਤਾਂ ਕੇਵਕ ਇਸ ਸੂਰਤ ਨੂੰ ਪੜ੍ਹਨ ਨਾਲ ਸਮੁੱਚੇ ਪਾਠ ਦਾ ਮਹਾਤਮ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਲਈ ਇਸਦਾ ਪਾਠ ਸਾਰੇ ਮੁਸਲਮਾਨਾਂ ਲਈ ਲਾਜ਼ਮੀ ਹੈ। ਜਿਸ ਵਿਚ ਰੱਬੀ ਕ੍ਰਿਪਾ ਦੇ ਪਾਤਰ ਬਣਨ ਲਈ ਸ਼ੁਭ-ਅਮਲਾਂ ਦੇ ਯੋਗਦਾਨ ਦੀ ਹਦਾਇਤ ਹੈ। ਸੂਰਹਾ-ਏ-ਅਨ-ਨਾਸ ਕੁਰਾਨ ਮਜੀਦ ਦੀ ਆਖ਼ਰੀ ਸੂਰਤ ਹੈ ਜੋ ਮਦਨੀ ਹੈ। ਇਸ ਖ਼ੁਦਾ ਦੀ ਪਨਾਹ ਵਿਚ ਜਾ ਕੇ ਸਭ ਬੁਰਾਈਆਂ ਤੋਂ ਦੂਰ ਰਹਿਣ ਦਾ ਸੰਕੇਤ ਹੈ।

ਕੁਰਾਨ ਦੇ ਨਾਲ ਨਾਲ ਇਸਲਾਮ ਵਿਚ 'ਹਦੀਸ' ਦਾ ਬਹੁਤ ਮਹੱਤਵ ਹੈ। 'ਹਦੀਸ' ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ 'ਗਲਬਾਤ', ਪਰ ਇਸਲਾਮ ਵਿਚ ਇਹ ਸ਼ਬਦ ਹਜ਼ਰਤ ਮੁਹੰਮਦ ਸਾਹਿਬ ਦੇ ਬਚਨਾਂ, ਅਤੇ ਉਪਕਾਰਾਂ ਲਈ ਰੂੜ੍ਹ ਹੋ ਗਿਆ। ਅਰਥਾਤ 'ਹਦੀਸ' ਹਜ਼ਰਤ ਮਹੁੰਮਦ ਸਾਹਿਬ ਦੇ ਪ੍ਰਵਚਨਾਂ ਅਤੇ ਅਮਲਾਂ ਦਾ ਸੰਗ੍ਰਹਿ ਹੈ।'ਕੁਰਾਨ' ਵਿਚ ਜਿੱਥੇ ਅੱਲਾਹ ਤੋਂ ਨਾਜ਼ਲ ਹੋਏ ਫ਼ੁਰਮਾਨ ਹਨ 'ਹਦੀਸ' ਹਜ਼ਰਤ ਸਾਹਿਬ ਵੱਲੋਂ ਪ੍ਰਗਟਾਏ ਵਿਚਾਰ ਹਨ। ਹਜ਼ਰਤ ਸਾਹਿਬ ਨਾਲ ਸੰਬੰਧਿਤ ਸਾਖੀਆਂ ਵੀ ਇਸ ਦਾ ਹਿੱਸਾ ਹਨ।ਨਬੀ ਬਣਨ ਤੋਂ ਬਾਅਦ ਹਜ਼ਰਤ ਸਾਹਿਬ ਦੇ ਉਪਦੇਸ਼ਾਂ ਤੇ ਸਿਖਿਆਵਾਂ ਨੂੰ ਉਨ੍ਹਾਂ ਦੀਆਂ ਪਰੰਪਰਾਵਾਂ ਨੇ ਵਿਕਸਿਤ ਕੀਤਾ। 'ਸੰਨ 870 ਈ. ਦੇ ਨੇੜੇ ਤੇੜੇ ਬੁਖ਼ਾਰੀ ਨੇ ਲੱਖਾਂ ਦੀ ਗਿਣਤੀ ਵਿਚ ਉਪਲਬਧ ਹਦੀਸਾਂ ਵਿਚੋਂ ਕੇਵਲ 9397 ਹਦੀਸਾਂ ਨੂੰ ਸਹੀ ਮੰਨ ਕੇ 'ਸਹੀਹ ਅਲਬੁਖ਼ਾਰੀ' ਨਾਂ ਦਾ ਸੰਕਲਨ ਤਿਆਰ ਕੀਤਾ ਜੋ 97 ਖੰਡਾਂ ਵਿਚ ਵੰਡਿਆ ਹੋਇਆ ਹੈ। ਇਸ ਤੋਂ ਇਲਾਵਾ ਕੁਝ ਹੋਰ ਸੰਕਲਨ ਵੀ ਮਿਲਦੇ ਹਨ। ਇਨ੍ਹਾਂ ਸੰਕਲਨਾਂ ਨੂੰ ਵੀ ਹਦੀਸ ਕਿਹਾ ਜਾਂਦਾ ਹੈ। ਇਸਲਾਮ ਦੀਆਂ ਅਨੇਕ ਰਾਜਨੀਤਿਕ, ਧਾਰਮਿਕ ਅਤੇ ਸਮਾਜਕ ਸਮਸਿਆਵਾਂ ਦੇ ਸਮਾਧਾਨ ਲਈ ਹਦੀਸ ਨੂੰ ਪ੍ਰਮਾਣ ਵਜੋਂ ਸਵੀਕਾਰ ਕਰ ਲਿਆ ਜਾਂਦਾ ਹੈ। ਕੁਰਾਨ ਮਜੀਦ ਤੋਂ ਬਾਦ ਹਦੀਸ ਹੀ ਪ੍ਰਮੁਖ ਧਾਰਮਿਕ ਸਰੋਤ ਹੈ।'[50]

ਇਸਲਾਮ ਦੇ ਮਹਤੱਵਪੂਰਨ ਬੁਨਿਆਦੀ ਤੱਤ 'ਅੱਲਾਹ' ਦੀ ਹੋਂਦ ਨਾਲ ਵਾਬਸਤਾ ਹਨ। ਹਜ਼ਰਤ ਮਹੁੰਮਦ ਸਾਹਿਬ ਨੇ ਇਲਾਹੀ ਤੌਹੀਦ ਨੂੰ ਇਸਲਾਮ ਦੇ ਪ੍ਰਮੁੱਖ ਸੰਕਲਪ ਜਾਂ ਸਿਧਾਂਤ ਦੇ ਰੂਪ ਵਿਚ ਪੇਸ਼ ਕੀਤਾ ਹੈ ਜਿਸਦਾ ਸਾਧਾਰਨ ਅਰਥ ਇਕਈਸ਼ਵਰਵਾਦ ਨਾਲ ਜੁੜਦਾ ਹੈ। ਇਕ ਅਨੰਤ ਪਰਮਸੱਤਾ ਸਾਰੀ ਸ਼੍ਰਿਸਟੀ ਵਿਚ ਵਿਆਪਤ ਹੈ; ਇਹ ਆਕਾਰ ਰਹਿਤ ਅਤੇ ਆਪਣੇ ਆਪ ਤੋਂ ਕਾਇਮ ਹੈ; ਅੱਲਾਹ ਹੀ ਇਬਾਦਤ ਦੇ ਯੋਗ ਹੈ ਅਤੇ ਉਸਦਾ ਕੋਈ ਸ਼ਰੀਕ ਜਾਂ ਬਦਲ ਨਹੀਂ; ਅੱਲਾਹ ਦੇ ਮੁਕਾਬਲੇ ਕੋਈ ਹੋਰ ਇਬਾਦਤ ਪਾਪ ਹੈ; ਅੱਲਾਹ ਸਰਵ ਸ਼੍ਰੇਸ਼ਠ ਸਿਰਜਣਹਾਰ, ਸਰਵ ਗਿਆਨ ਸੰਪੰਨ ਅਤੇ ਸ਼ਕਤੀਮਾਨ ਅਤੇ ਸਿਰਜਨਹਾਰ ਹੈ; ਅੱਲਾਹ ਜਮੀਲ, ਗ਼ਫ਼ਾਰ, ਖਿਮਾਵਾਨ, ਨਿਆਂਸ਼ੀਲ, ਸਹਿਨਸ਼ੀਲ, ਪਰਵਿਰਦਗਾਰ ਅਤੇ ਕ੍ਰਿਪਾਲੂ ਹੈ। ਕੁਰਾਨ ਵਿਚ ਅੱਲਾਹ ਨੂੰ ਤਕਰੀਬਨ 99 ਨਾਵਾਂ ਨਾਲ ਸੰਬੋਧਿਤ ਕੀਤਾ ਗਿਆ ਹੈ। ਮੁਸਲਮਾਨਾਂ ਦੁਆਰਾ ਵਰਤੀ ਜਾਂਦੀ ਤਸ਼ਬੀਹ ਵਿਚ 99 ਮਣਕੇ ਇਨਾਂ ਸਿਫਤੀ ਮੁੱਲਾਂ ਦਾ ਪ੍ਰਤੀਕ ਹਨ।ਸੋ ਇਸ ਪ੍ਰਕਾਰ

ਤੌਹੀਦ ਦਾ ਸੰਕਲਪ ਉਸ ਇਕ ਰੱਬ ਨਾਲ ਸੰਬੰਧਿਤ ਹੈ ਜੋ ਸਾਰੇ ਨਿਜ਼ਾਮ ਦਾ ਕਰਤਾ ਵੀ ਹੈ ਅਤੇ ਜਿਸਦੀ ਮਰਜੀ ਨਾਲ ਕਿਆਮਤ ਆਉਣੀ ਹੈ। ਕੁਰਾਨ ਮਨੁੱਖ ਨੂੰ ਅੱਲਾਹ ਨਾਲ ਜੋੜਦੀ ਨਿਸਚਿਤ ਕਰਦੀ ਹੈ ਕਿ ਮਨੁੱਖ ਨੇ ਜੋ ਕੁੱਝ ਵੀ ਪਾਉਣਾ ਹੈ ਉਹ ਅੱਲਾਹ ਅੱਗੇ ਬੇਨਤੀ ਜਾਂ ਦੁਆ ਕਰਕੇ ਹੀ ਮਿਲਣਾ ਹੈ ਜੋ ਕੁੱਝ ਦੇਣਾ ਹੈ ਉਸ ਖ਼ੁਦਾ ਨੇ ਹੀ ਬਖਸ਼ਣਾ ਹੈ; ਇਹ ਸਿਧਾਂਤ ਹੀ ਤੌਹੀਦ ਦਾ ਸਿਧਾਂਤ ਹੈ। ਕੁਰਾਨ ਮਜੀਦ ਦੀ ਸੂਰਹਾ ਅਲ-ਬਕਰ ਦੀ ਆਇਤ ਨੰਬਰ 163 ਵਿਚ ਇਰਸ਼ਾਦ ਹੈ:

"ਔਰ ਲੋਕੋ ਤੁਹਾਡਾ ਮਾਅਬੂਦ ਖ਼ੁਦਾ-ਏ-ਵਾਹਿਦ ਹੈ।ਉਸ ਬੜੇ ਮਿਹਰਬਾਨ
ਔਰ ਰਹਿਮ ਵਾਲੇ ਦੇ ਸਿਵਾ ਕੋਈ ਇਬਾਦਤ ਦੇ ਲਾਇਕ ਨਹੀਂ।"

ਇਸਲਾਮ ਵਿਚ 'ਰਸਾਲਤ' ਅਤੇ 'ਇਮਾਨ' ਦੇ ਸੰਕਲਪਾਂ ਦਾ ਅਰਥ ਹੈ ਕਿ ਹਜ਼ਰਤ ਮਹੁੰਮਦ ਮੁਸਤਫਾਂ ਦੀ ਪੈਗ਼ੰਬਰੀ ਤੇ ਵਿਸ਼ਵਾਸ ਕਿ ਉਹ ਅੱਲਾਹ ਦੇ ਰਸੂਲ ਅਤੇ ਆਖਰੀ ਨਬੀ ਹੋਏ ਹਨ।'ਲਾ-ਇਲਾ-ਇੱਲਾ ਅੱਲਾਹ-ਮਹੁੰਮਦ ਰਸੂਲੁਅੱਲਾਹ' ਦਾ ਅਰਥ ਇਹ ਹੈ ਕਿ ਅੱਲਾਹ ਤੋਂ ਛੁੱਟ ਕੋਈ ਉਸਦੀ ਉਪਾਸਨਾ ਦੇ ਯੋਗ ਨਹੀਂ ਓਤੇ ਹਜ਼ਰਤ ਮਹੁੰਮਦ ਅੱਲਾਹ ਦੇ ਭੇਜੇ ਹੋਏ ਦੂਤ ਹਨ। ਹਰ ਮੁਸਲਮਾਨ ਦੇ ਜਨਮ ਸਮੇਂ ਅਤੇ ਮਰਨ ਉਪਰੰਤ ਉਸ ਦੀ ਕਬਰ ਤੇ ਇਨ੍ਹਾਂ ਸ਼ਬਦਾਂ ਦਾ ਉਚਾਰਨ ਕੀਤਾ ਜਾਦਾ ਹੈ। ਸਾਰੀ ਜ਼ਿੰਦਗੀ ਇਨ੍ਹਾਂ ਸ਼ਬਦਾਂ ਦਾ ਇਕਰਾਰ ਕਰਵਾਇਆ ਜਾਦਾ ਹੈ। ਹਰ ਮੁਸਲਮਾਨ ਇਨਾਂ ਸ਼ਬਦਾਂ ਨੂੰ ਧਾਰਨ ਕਰਦਾ ਅੱਲਾਹ ਤੇ ਹਜ਼ਰਤ ਸਾਹਿਬ ਨੂੰ ਆਪਣੀ ਜ਼ਿੰਦਗੀ ਦੇ ਰਹਿਨੁਮਾ ਮੰਨਦਾ ਹੈ ਅਤੇ ਉਹ ਲੋਕ ਜੋ ਖ਼ੁਦਾ ਦੇ ਬਰਾਬਰ ਕਿਸੇ ਹੋਰ ਨੂੰ ਮਾਨਤਾ ਦਿੰਦੇ ਹਨ ਅਤੇ ਖ਼ੁਦਾ ਦੀ ਇਬਾਦਤ ਦੇ ਨਾਲ ਨਾਲ ਕਿਸੇ ਹੋਰ ਨੂੰ ਸ਼ਰੀਕ ਕਰਦੇ ਹਨ ਤਾਂ ਇਸ ਤੋਂ ਵੱਡਾ ਹੋਰ ਕੋਈ ਗੁਨਾਹ ਨਹੀਂ ਹੈ। ਇਸਲਾਮ ਵਿਚ ਸ਼ਿਰਕ ਬਹੁਤ ਵੱਡਾ ਪਾਪ ਹੈ। ਸੋ ਸ਼ਿਰਕ ਤੋਂ ਭਾਵ ਰੱਬ ਦੇ ਬਰਾਬਰ ਕਿਸੇ ਹੋਰ ਨੂੰ ਮਾਨਤਾ ਦੇਣੀ ਜਾਂ ਕਿਸੇ ਹੋਰ ਗ਼ੈਬੀ ਸ਼ਕਤੀ ਦੀ ਪੂਜਾ ਕਰਨੀ ਹੈ। ਅਜਿਹੇ ਭਟਕੇ ਮਨੁੱਖ ਨੂੰ ਖ਼ੁਦਾ ਕਦੀ ਨਹੀਂ ਬਖਸ਼ੇਗਾ।

ਇਸਲਾਮ ਵਿਚ ਆਖ਼ਿਰਤ ਤੇ ਵਿਸ਼ਵਾਸ ਕੀਤਾ ਗਿਆ ਹੈ। ਇਸਲਾਮ ਸਰੀਰਿਕ ਮੌਤ ਨੂੰ ਜੀਵਨ ਦਾ ਅੰਤ ਨਹੀਂ ਮੰਨਦਾ। ਇਸਲਾਮ ਦਾ ਨਿਹਚਾ ਹੈ ਕਿ ਕਿਆਮਤ ਤੋਂ ਬਾਅਦ ਰੋਜ਼-ਏ-ਮਹਸ਼ਰ ਨੂੰ ਸਭ ਇਨਸਾਨਾਂ ਦਾ ਹਸ਼ਰ ਦੇ ਮੈਦਾਨ ਵਿਚ ਅਮਲਾਂ ਅਨੁਸਾਰ ਲੇਖਾ ਜੋਖਾ ਹੋਣਾ ਹੈ। ਹਰ ਨਬੀ ਨੇ ਆਪਣੀ ਉੱਮਤ ਦੀ ਅੱਲਾਹ ਦੇ ਦਰਬਾਰ ਵਿਚ ਵਕਾਲਤ ਕਰਨੀ ਹੈ ਜਿਸ ਅਨੁਸਾਰ ਨੇਕ ਇਨਸਾਨ ਜੰਨਤ ਤੇ ਦੋਸ਼ੀ ਮਨੁੱਖ ਦੋਜ਼ਖ ਵਿਚ ਪਹੁੰਚ ਜਾਣਗੇ।

ਇਸਲਾਮ ਵਿਚ ਰੱਬ ਦੀ ਹੋਂਦ ਅਤੇ ਉਸ ਦੀ ਹਸਤੀ ਤੋਂ ਮੁਨਕਿਰ ਤੋਂ ਇਨਕਾਰੀ ਹੋਣ ਦੀ ਧਾਰਨਾ ਕੁਫ਼ਰ ਮੰਨੀ ਗਈ ਹੈ।ਅਜਿਹੇ ਲੋਕ ਜੋ ਪਦਾਰਥਵਾਦੀ ਸੋਚ ਦੇ ਧਾਰਨੀ ਹਨ ਤੇ ਰੱਬ ਦੀ ਹੋਂਦ ਤੇ ਯਕੀਨ ਨਹੀਂ ਰੱਖਦੇ ਉਨ੍ਹਾਂ ਨੂੰ ਕਾਫ਼ਿਰ ਮੰਨਿਆ ਜਾਂਦਾ ਹੈ ਅਤੇ ਅੱਲਾਹ ਵਿਚ ਨਿਸਚਾ ਰੱਖਣ ਵਾਲੇ ਮੁਸਲਮਾਨਾਂ ਨੂੰ ਮੋਮਿਨ ਆਖਿਆ ਜਾਂਦਾ ਹੈ।ਇਸਲਾਮ ਵਿਚ ਵਹਿਮਾਂ-ਭਰਮਾਂ, ਪਾਖੰਡਾਂ, ਅੰਸ਼-ਵਿਸ਼ਵਾਸ਼ਾਂ ਦੇ ਵਿਖਾਵੇ ਨੂੰ ਬਿਲਕੁਲ ਰੱਦ ਕੀਤਾ ਗਿਆ ਹੈ।ਲੋਕ ਧਰਮੀ-ਕਰਮੀ ਦਾ ਬਹੁਤ ਦਿਖਾਵਾ ਕਰਦੇ ਹਨ। ਧਰਮ ਨੂੰ ਤਾਂ ਮੰਨਦੇ ਹਨ ਪਰ ਧਰਮ ਦੇ ਅਸੂਲਾਂ ਤੇ ਨਹੀਂ ਚੱਲਦੇ। ਇਸਲਾਮ ਵਿਚ ਅਜਿਹੀ ਰਿਯਾਕਾਰੀ ਦੀ ਨਿਖੇਧੀ ਕੀਤੀ ਗਈ ਹੈ। ਕੁਰਾਨ ਮਜੀਦ ਦੀ ਸੂਰਹਾ ਅਲ-ਮਾਊਨ ਦੀ ਆਇਤ ਨੰਬਰ 4,5,6 ਵਿਚ ਇਰਸ਼ਾਦ ਹੈ:

"ਐਸੇ ਨਮਾਜ਼ੀਆਂ ਲਈ ਖਰਾਬੀ ਹੈ। ਜੋ ਨਮਾਜ਼ ਦੇ ਲਈ ਗਾਫ਼ਿਲ ਰਹਿੰਦੇ ਹਨ। ਜੋ ਨਮਾਜ਼ ਦਿਖਾਵੇ ਲਈ ਪੜ੍ਹਦੇ ਹਨ।"

ਇਸਲਾਮ ਕਪਟੀ ਧੋਖੇ ਤੇ ਝੂਠੇ ਜੀਵਨ ਨਾਲੋਂ ਅਖ਼ਲਾਕ ਅਤੇ ਇਖ਼ਲਾਸ ਵਾਲੇ ਜੀਵਨ ਦੀ ਪ੍ਰੇਰਣਾ ਦਿੰਦਾ ਹੈ। ਸੁਹਿਰਦਤਾ, ਨੇਕ ਚਾਲ-ਚਲਨ, ਤਹਿਜ਼ੀਬ ਅਤੇ ਸੁਚੱਜੀ ਰਹਿਣੀ-ਬਹਿਣੀ ਦੀ ਨਸੀਹਤ ਕਰਦਾ ਹੈ। ਇਸਲਾਮ ਵਿਚ ਧਾਰਮਿਕ ਜੀਵਨ ਦੀ ਅਗਵਾਈ ਲਈ ਜਿਨ੍ਹਾਂ ਬੁਨਿਆਦੀ ਗੱਲਾਂ ਉੱਤੇ ਵਿਸ਼ੇਸ਼ ਬੱਲ ਦਿੱਤਾ ਗਿਆ ਹੈ ਉਸ ਨੂੰ 'ਰੁਕਨ' ਕਹਿੰਦੇ ਹਨ। ਇਨ੍ਹਾਂ ਦੀ ਗਿਣਤੀ ਪੰਜ ਹੈ-ਕਲਮਾਂ, ਨਮਾਜ਼, ਜ਼ਕਾਤ, ਰੋਜ਼ਾ ਅਤੇ ਹੱਜ। ਇਸ ਨੂੰ ਇਸਲਾਮੀ ਸ਼ਰੀਅਤ ਦੇ ਪੰਜ ਥੰਮ ਵੀ ਮੰਨਿਆ ਗਿਆ ਹੈ। ਕਲਮਾਂ ਦਾ ਜ਼ਿਕਰ ਅਸੀਂ ਇਸ ਅਧਿਆਇ ਵਿਚ ਪਹਿਲਾਂ ਕਰ ਚੁੱਕੇ ਹਾਂ। ਪਾਕ ਕੁਰਾਨ ਦੀਆਂ ਮੁੱਢਲੀਆਂ ਆਇਤਾਂ ਦਾ ਪਾਠ ਜਾਂ ਉਚਾਰਨ ਕਰਨਾ ਹੈ। ਇਹ ਆਇਤਾਂ ਮੁਕੰਮਲ ਕੁਰਾਨ ਦਾ ਸਾਰ ਹਨ ਜਿਨ੍ਹਾਂ ਦੀ ਵਰਤੋਂ ਹਰ ਅਨੁਸ਼ਠਾਨ ਤੇ ਹੁੰਦੀ ਹੈ। ਇਨ੍ਹਾਂ ਦੇ ਉਚਾਰਨ ਦਾ ਮਹਾਤਮ ਸਮੁੱਚੇ ਕੁਰਾਨ ਦੇ ਪਾਠ ਦੇ ਤੁੱਲ ਹੈ।

p. Schuon ਲਿਖਦੇ ਹਨ:

" It is said that the FATIHAH contains in essence the whole of Quran…"[51]

ਨਮਾਜ਼ ਨੂੰ ਸਲਾਤ ਵੀ ਕਿਹਾ ਜਾਂਦਾ ਹੈ।ਇਹ ਸ਼ਰੀਅਤ ਦਾ ਦੂਜਾ ਥੰਮ ਜਾਂ ਲਾਜ਼ਮੀ ਰੁਕਨ ਹੈ। ਹਰ ਇਕ ਮੁਸਲਮਾਨ ਦਾ ਫਰਜ਼ ਹੈ ਕਿ ਉਹ 24 ਘੰਟਿਆਂ ਵਿਚ ਪੰਜ ਵਾਰ ਨਮਾਜ਼ ਜਰੂਰ ਪੜ੍ਹੇ।'ਦਿਨ ਵਿਚ ਪੰਜ ਵਾਰ ਮੱਕੇ ਵਲ ਮੂੰਹ ਕਰਕੇ ਨਿਸਚਿਤ ਨਮਾਜ਼ ਨੂੰ ਪੜ੍ਹਨਾ ਹਰ ਸਿਦਕਵਾਨ ਮੁਸਲਮਾਨ ਦਾ ਧਾਰਮਿਕ ਫ਼ਰਜ਼ ਅਤੇ ਇਸਲਾਮ ਦਾ ਦੂਜਾ ਬੁਨਿਆਦੀ ਪੱਖ ਹੈ। ਨਮਾਜ਼ ਦੇ ਵੇਲਿਆਂ ਨੂੰ ਧਿਆਨ ਵਿਚ ਰੱਖ ਕੇ ਸਾਰੇ ਇਸਲਾਮੀ ਜਗਤ ਉੱਪਰ ਝਾਤ ਪਾਈ ਜਾਵੇ ਤਾਂ ਪੰਗਤੀਆਂ ਦੀਆਂ ਖੜੀਆਂ ਨਮਾਜ਼ੀਆਂ ਦੀਆਂ ਜਮਾਤਾਂ ਪ੍ਰਤੱਖ ਦਿਸਣਗੀਆਂ ਜੋ ਪੱਛਮੀ ਅਫਰੀਕਾ ਤੋਂ ਲੈ ਕੇ ਚੀਨ ਅਤੇ ਸਾਇਬੇਰੀਆ ਤੋਂ ਕੇਪਟਾਊਨ ਤੱਕ ਵਿਸ਼ਾਲ ਇਕੱਤਰਤਾਵਾਂ ਵਿਚ ਖੜੀਆਂ ਹਨ।'[52] ਨਮਾਜ਼ ਇਕ ਪ੍ਰਕਾਰ ਦੀ ਦੁਆ ਹੈ ਜੋ ਖ਼ੁਦਾ ਅੱਗੇ ਕੀਤੀ ਜਾਂਦੀ ਹੈ।ਪੰਜ ਵਕਤ ਪੜ੍ਹੀਆਂ ਜਾਣ ਵਾਲੀਆਂ ਨਮਾਜ਼ਾਂ ਦਾ ਵੇਰਵਾ ਇਸ ਪ੍ਰਕਾਰ ਹੈ:

ਫ਼ਜ਼ਰ ਦੀ ਨਮਾਜ਼-ਪਹੁ ਫੁੱਟਣ ਤੋਂ ਸੂਰਜ ਚੜ੍ਹਨ ਤੋਂ ਪਹਿਲਾਂ ਤੱਕ ਪੜ੍ਹੀ ਜਾਣ ਵਾਲੀ ਨਮਾਜ਼।

ਗ਼ੁਹਰ ਦੀ ਨਮਾਜ਼-ਦੁਪਹਿਰ ਵੇਲੇ ਸੂਰਜ ਦੇ ਦਿਨ ਦੇ ਦੂਜੇ ਅੱਧ ਵਿਚ ਦਾਖਲ ਹੋਣ ਸਮੇਂ ਪੜ੍ਹੀ ਜਾਣ ਵਾਲੀ ਨਮਾਜ਼।

ਅਸਰ ਦੀ ਨਮਾਜ਼- ਦਿਨ ਦੇ ਤੀਸਰੇ ਪਹਿਰ ਸਮੇਂ ਪੜ੍ਹੀ ਜਾਣ ਵਾਲੀ ਨਮਾਜ਼।

ਮਗ਼ਰਿਬ ਦੀ ਨਮਾਜ਼- ਸ਼ਾਮ ਨੂੰ ਸੂਰਜ ਛਿਪਣ ਤੋਂ ਛੇਤੀ ਬਾਅਦ ਪੜ੍ਹੀ ਜਾਣ ਵਾਲੀ ਨਮਾਜ਼।

ਇਸ਼ਾ ਦੀ ਨਮਾਜ਼- ਸੌਣ ਤੋਂ ਪਹਿਲਾਂ ਪੜ੍ਹੀ ਜਾਣ ਵਾਲੀ ਨਮਾਜ਼।

ਇਸ ਤੋਂ ਇਲਾਵਾ ਸ਼ੁਕਰਵਾਰ ਨੂੰ ਸਭ ਬਾਲਿਗਾਂ ਲਈ 'ਜ਼ੁੰਮੇ ਦੀ ਨਮਾਜ਼' ਪੜ੍ਹਨੀ ਜ਼ਰੂਰੀ ਹੈ। ਐਸੀ ਨਮਾਜ਼ ਮਸਜਿਦ ਵਿਚ ਜਾ ਕੇ ਜਮਾਤ ਵਿਚ ਇਕੱਠਿਆਂ ਪੜ੍ਹਨ ਦੀ ਨਸੀਹਤ ਫ਼ਰਮਾਈ ਗਈ ਹੈ। ਇਸ ਤੋਂ ਇਲਾਵਾ 'ਈਦ-ਉਲ ਫਿਤਰ' ਅਤੇ 'ਈਦ-ਉਲ ਜ਼ੁਹਾ' ਨੂੰ ਈਦਗਾਹਾਂ ਵਿਖੇ ਵਿਸ਼ੇਸ਼ ਨਮਾਜ਼ ਅਦਾ ਕੀਤੀ ਜਾਂਦੀ ਹੈ।

ਇਸਲਾਮ ਦੇ ਪੰਜ ਰੁਕਨਾਂ ਵਿਚੋਂ 'ਜ਼ਕਾਤ' ਦਾ ਤੀਸਰਾ ਸਥਾਨ ਹੈ। ਕੁਰਾਨ ਮਜੀਦ ਵਿਚ ਹਰ ਮੁਸਲਮਾਨ ਲਈ ਇਸ ਦੀ ਪਾਲਨਾ ਕਰਨ ਦਾ ਆਦੇਸ਼ ਹੈ।'ਜ਼ਕਾਤ' ਦਾ ਸ਼ਾਬਦਿਕ ਅਰਥ ਹੈ ਪਵਿਤਰਤਾ ਜਾਂ ਸ਼ੁੱਧੀ। ਇਸਲਾਮ ਦਾ ਮੰਨਣਾ ਹੈ ਕਿ ਆਮਦਨ ਵਿਚੋਂ 'ਜ਼ਕਾਤ' ਦਿੱਤੇ ਜਾਣ ਨਾਲ ਬਾਕੀ ਧਨ-ਮਾਲ ਪਵਿੱਤਰ ਹੋ ਜਾਂਦਾ ਹੈ।'ਜ਼ਕਾਤ' ਕੇਵਲ ਮੁਸਲਮਾਨਾਂ ਤੋਂ ਵਸੂਲ ਕਰ ਕੇ ਮੁਸਲਮਾਨਾਂ ਤੇ ਖਰਚਿਆ ਜਾਂਦਾ ਹੈ। ਕੁਰਾਨ ਮਜੀਦ ਵਿਚ ਜ਼ਕਾਤ ਦੇ ਹਿੱਸੇ ਬਾਰੇ ਕੋਈ ਸਪਸ਼ਟ ਉਲੇਖ ਨਹੀਂ ਮਿਲਦਾ। ਹਦੀਸਾਂ ਵਿਚ ਇਸ ਬਾਰੇ ਬਹੁਤ ਵੇਰਵੇ ਮਿਲਦੇ ਹਨ। ਧਰਮ-ਸ਼ਾਸਤਰ ਦੇ ਵੱਖ-ਵੱਖ ਪ੍ਰਕਰਣਾਂ ਨੂੰ ਧਿਆਨ ਵਿਚ ਰੱਖ ਕੇ ਔਸਤਨ ਢਾਈ ਪ੍ਰਤਿਸ਼ਤ ਜ਼ਕਾਤ ਨਿਰਧਾਰਿਤ ਕੀਤੀ ਗਈ ਹੈ।

'ਰੋਜ਼ਾ' ਦਾ ਸ਼ਾਬਦਿਕ ਅਰਥ ਹੈ ਵਰਤ। ਸ਼ਰੀਅਤ ਵਿਚ ਰਮਜ਼ਾਨ ਦੇ ਮਹੀਨੇ ਵਿਚ ਰੱਖੇ ਰੋਜ਼ਿਆਂ ਦਾ ਬਹੁਤ ਅਸਰ ਹੈ।'ਸੂਰਾ-ਏ ਬਕਰ' ਵਿਚ ਇਸ ਸੰਬੰਧੀ ਭਰਪੂਰ ਉਲੇਖ ਮਿੱਲਦਾ ਹੈ। ਹਦੀਸ ਵਿਚ ਵੀ ਜ਼ਿਕਰ ਆਉਂਦਾ ਹੈ ਕਿ ਰਮਜ਼ਾਨ ਦੇ ਮਹੀਨੇ ਬਹਿਸ਼ਤ ਦੇ ਦਰਵਾਜੇ ਖੁੱਲ੍ਹਦੇ ਹਨ ਅਤੇ ਦੌਜ਼ਕ ਦੇ ਬੰਦ ਹੋ ਜਾਦੇ ਹਨ। ਸ਼ੈਤਾਨ ਵੀ ਇਸ ਸਮੇਂ ਬੰਧਨ ਵਿਚ ਰਹਿੰਦਾ ਹੈ। ਸੋ ਇਸ ਅਧਿਆਤਮਕ ਵਾਤਾਵਰਨ ਵਿਚ ਰੱਖੇ ਰੋਗ਼ਿਆਂ ਨਾਲ ਪੁੰਨ ਹੁੰਦਾ ਹੈ ਅਤੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਰੋਜ਼ੇ ਵਿਚ ਸਵੇਰ ਦੇ ਨਿਸਚਿਤ ਸਮੇਂ ਤੋਂ ਸ਼ਾਮ ਦੇ ਨਿਸ਼ਚਿਤ ਸਮੇਂ ਤੱਕ ਕੋਈ ਖਾਧ-ਪਦਾਰਥ ਗ੍ਰਹਿਣ ਨਹੀਂ ਕੀਤਾ ਜਾਂਦਾ। ਜਿਸ ਭੋਜਨ ਨੂੰ ਖਾ ਕੇ ਰੋਜ਼ਾ ਰੱਖਿਆ ਜਾਂਦਾ ਹੈ ਉਸ ਨੂੰ 'ਸੇਹਰੀ' ਅਤੇ ਜਿਸ ਭੋਜਨ ਨੂੰ ਖਾ ਕੇ ਰੋਜ਼ਾ ਖੋਲਿਆ ਜਾਂਦਾ ਹੇ ਉਸਨੂੰ 'ਇਫ਼ਤਾਰ' ਕਹਿੰਦੇ ਹਨ। ਰੋਜ਼ਾ ਰੱਖਣ ਦੀ ਪ੍ਰਕ੍ਰਿਆ ਪੂਰਾ ਮਹੀਨਾ ਚੱਲਦੀ ਹੈ। ਬਜ਼ੁਰਗ, ਬਿਮਾਰ, ਨਿੱਕੇ ਬੱਚੇ ਅਤੇ ਗਰਭਵਤੀਆਂ ਅਤੇ ਦੁੱਧ ਚੰਘਾਉਣ ਵਾਲੀਆਂ ਬੀਬੀਆਂ ਲਈ ਰੋਜ਼ਾ ਰੱਖਣ ਤੋਂ ਛੁਟ ਹੁੰਦੀ ਹੈ।

'ਹੱਜ' ਇਸਲਾਮ ਦਾ ਪੰਜਵਾਂ ਧਰਮ-ਕਰਮ ਹੈ। ਹੱਜ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸਦਾ ਅਰਥ ਹੈ-ਯਾਤਰਾ ਜਾਂ ਜ਼ਿਆਰਤ। ਪਰ ਹਜ਼ਰਤ ਇਬਰਾਹੀਮ ਦੇ ਸਮੇਂ ਤੋਂ ਇਹ ਸ਼ਬਦ 'ਕਾਅਬੇ' ਦੀ ਯਾਤਰਾ ਲਈ ਰੂੜ੍ਹ ਹੋ ਗਿਆ ਹੈ। ਹਰ ਇਕ ਮੁਸਲਮਾਨ ਲਈ ਜੀਵਨ ਵਿਚ ਇਕ ਵਾਰ ਹੱਜ ਕਰਨੀ ਜ਼ਰੂਰ ਮੰਨੀ ਗਈ ਹੈ।ਹੱਜ ਯਾਤਰਾ ਹਿਜਰੀ ਸੰਮਤ ਦੇ ਬਾਰ੍ਹਵੇਂ ਮਹੀਨੇ ਵਿਚ ਕੀਤੀ ਜਾਂਦੀ ਹੈ। ਮੱਕੇ ਨੇੜੇ ਪਹੁੰਚ ਕੇ ਹੱਜ ਕਰਨ ਵਾਲਾ ਸਾਧਕ ਆਪਣੇ ਕਪੜੇ ਉਤਾਰ ਕੇ ਅਣਸੀਤੀਆਂ ਚਾਦਰਾਂ (ਇਹਰਾਮ) ਧਾਰਨ ਕਰਦਾ ਹੈ। ਇਕ ਤੇੜ ਬੰਨਦਾ ਹੈ ਦੂਸਰੀ ਸ਼ਰੀਰ ਉੱਪਰ ਧਾਰਨ ਕਰਦਾ ਹੈ।ਰੱਬ ਦੀ ਉਸਤਤ ਕਰਦਿਆਂ ਕਾਅਬੇ ਪਹੁੰਚ ਕੇ ਇਸ਼ਨਾਨ ਕਰਦਾ ਹੈ, ਸੰਗੇ ਅਸਵਰ (ਕਾਲੇ ਪੱਥਰ) ਨੂੰ ਚੁੰਮ ਕੇ ਤਿੰਨ ਵਾਰ ਤੇਜ਼ ਚਾਲ ਅਤੇ ਚਾਰ ਵਾਰ ਮੱਠੀ ਚਾਲ ਵਿਚ ਕੁਲ ਸੱਤ ਵਾਰ ਪਰਿਕਰਮਾ ਕਰਦਾ ਹੈ।ਉਪਰੰਤ ਹਜ਼ਰਤ ਇਬਰਾਹੀਮ ਦੇ ਮੁਕਾਮਪੁਰ ਅਤੇ ਫਿਰ ਸਫ਼ਾ ਮਰੂਹ ਤੇ ਜਾ ਕੇ ਦੁਆ ਫ਼ਰਿਆਦ ਕੀਤੀ ਜਾਂਦੀ ਹੈ। ਇਸ ਉਪਰੰਤ ਕਾਅਬਾ ਵਿਖੇ ਖੁਤਬਾ ਸੁਣਿਆ ਜਾਂ ਇਸੇ ਦੌਰਾਨ ਮੀਨਾ ਦੇ ਮੈਦਾਨ ਵਿਖੇ ਰਾਤ ਗੁਜਾਰਨੀ ਪੈਂਦੀ ਹੈ ਅਤੇ ਅਰਾਫ਼ਾਤ ਦੀ ਪਹਾੜੀ ਤੇ ਜਾ ਕੇ ਫ਼ਰਿਆਦ ਕਰਨੀ ਪੈਂਦੀ ਹੈ।ਮੁਜ਼ਦਲਿਫਾ ਮੁਕਾਮਪੁਰ ਨਮਾਜ਼ ਪੜ੍ਹਨ ਉਪਰੰਤ ਸ਼ੈਤਾਨ ਦੇ ਕੰਕਰ ਮਾਰੇ ਜਾਂਦੇ ਹਨ। ਮੀਨਾ ਪਹੁੰਚ ਕੇ ਬਕਰੇ ਜਾਂ ਊਠ ਆਦਿ ਦੀ ਕੁਰਬਾਨੀ ਦਿੱਤੀ ਜਾਂਦੀ ਹੈ। ਇਸ ਉਪਰੰਤ ਹਾਜ਼ੀ ਇਹਤਰਾਮ ਤਿਆਗ ਕੇ ਪੂਰੇ ਵਸਤਰ ਪਹਿਨਦਾ ਹੈ ਅਤੇ ਤਿੰਨ ਦਿਨ ਤੱਕ ਮੱਕਾ ਵਿਖੇ ਕਿਆਮ ਕਰਦਾ ਹੈ। ਮੱਕੇ ਸ਼ਰੀਫ ਤੋਂ ਚੱਲਣ ਵਕਤ ਕਾਅਬਾ ਸ਼ਰੀਫ ਦੀ ਪਰਿਕਰਮਾ ਕੀਤੀ ਜਾਂਦੀ ਹੈ। ਮੱਕੇ ਤੋਂ ਬਾਅਦ ਮਦੀਨੇ ਦੀ ਯਾਤਰਾ ਵੀ ਕੀਤੀ ਜਾਂਦੀ ਹੈ।ਮਦੀਨੇ ਦੀ

ਜ਼ਿਆਰਤ ਤੋਂ ਬਿਨਾਂ ਹੱਜ ਮੁਕੰਮਲ ਨਹੀਂ ਸਮਝਿਆ ਜਾਂਦਾ। ਮੱਕੇ ਦੇ ਛੋਟੇ ਹੱਜ ਨੂੰ 'ਉਮਰਾ' ਕਿਹਾ ਜਾਂਦਾ ਹੈ ਜੋ ਸਾਲ ਵਿਚ ਕਿਸੇ ਵੀ ਸਮੇਂ ਕੀਤਾ ਜਾ ਸਕਦਾ ਹੈ।

ਨਿਰਸੰਦੇਹ ਮੰਨਿਆ ਜਾ ਸਕਦਾ ਹੈ ਕਿ ਇਸਲਾਮ ਮਨੁੱਖਤਾ ਨਾਲ ਪ੍ਰੇਮ ਦਾ ਪੈਗ਼ਾਮ ਲੈ ਕੇ ਆਇਆ। ਸਾਰੀ ਕਾਇਨਾਤ ਅੱਲਾਹ ਤਾਅਲਾ ਦੀ ਸਿਰਜੀ ਹੈ; ਹਰ ਆਦਮੀ ਹਜ਼ਰਤ ਆਦਮ ਦੀ ਔਲਾਦ ਹੈ; ਇਸ ਲਈ ਸਾਰੀ ਖ਼ਲਕਤ ਨੂੰ ਪ੍ਰੇਮ-ਪਿਆਰ ਨਾਲ ਜੀਵਨ ਬਸਰ ਕਰਨ ਦਾ ਦਾ ਪਾਠ ਪੜ੍ਹਾਇਆ।ਇਸਲਾਮ ਦੀ ਧਾਰਨਾ ਹੈ ਕਿ ਨੇਕ ਕਰਮਾਂ ਦਾ ਸਵਾਬ ਮਿੱਲਦਾ ਹੈ ਅਤੇ ਬਦ-ਅਮਲਾਂ ਦਾ ਅਜ਼ਾਬ ਸਹਿਣਾ ਪੈਂਦਾ ਹੈ। ਹਜ਼ਰਤ ਸਾਹਿਬ ਦਾ ਦੀਨ ਸ਼ੁਕਰ ਤੇ ਸਬਰ ਦਾ ਸੁਨੇਹਾ ਦਿੰਦਾ ਹੈ। ਮਨੁੱਖ ਨੂੰ ਹਰ ਸਮੇਂ ਖ਼ੁਦਾ ਵੱਲੋਂ ਦਿੱਤੀਆਂ ਨਿਆਮਤਾਂ ਤੇ ਬਖਸ਼ਿਸ਼ਾਂ ਦਾ ਸ਼ੁਕਰ ਕਰਨ ਚਾਹੀਦਾ ਹੈ ਅਤੇ ਸਬਰ ਰੱਖਣਾ ਚਾਹੀਦਾ ਹੈ। ਅੱਜ ਇਸਲਾਮ ਪੂਰੇ ਵਿਸ਼ਵ ਵਿਚ ਫੈਲਿਆ ਦੂਜਾ ਵੱਡਾ ਧਰਮ ਹੈ ਜਿਸ ਕੋਲੋਂ ਮਨੁੱਖਤਾ ਨੂੰ ਦੇਣ ਵਾਸਤੇ ਬਹੁਤ ਕੁੱਝ ਹੈ। ਲੋੜ ਇਸਲਾਮ ਦੇ ਸਹੀ ਸਰੂਪ ਤੇ ਦਿਸ਼ਾ ਨੂੰ ਸਮਝਣ ਦੀ ਹੈ।

## 2.5 ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਸ਼ਵ ਧਰਮ ਗ੍ਰੰਥਾਂ ਦੇ ਸੰਦਰਭ ਵਿਚ ਵਿਲੱਖਣਤਾ

ਵਿਭਿੰਨ ਧਰਮ-ਗ੍ਰੰਥਾਂ ਦੇ ਅਧਿਐਨ ਤੋਂ ਇਹ ਗਲ ਸਪਸ਼ਟ ਹੋ ਜਾਂਦੀ ਹੈ ਕਿ ਧਰਮ ਇਨਸਾਨਾਂ ਦੇ ਬਣਾਏ ਹੋਏ ਹਨ। ਹਰੇਕ ਧਰਮ ਦਾ ਮੂਲ ਉਦੇਸ਼ ਮਨੁੱਖ ਨੂੰ ਉਸ ਦੇ ਆਪੇ ਬਾਰੇ ਸੁਚੇਤ ਕਰਦਿਆਂ ਉਸ ਨੂੰ ਦੁੱਖਾਂ ਤਕਲੀਫਾਂ ਤੋਂ ਨਿਜਾਤ ਦਿਵਾਉਣਾ ਹੈ। ਧਰਮ ਇਸ ਲਈ ਨਹੀਂ ਹੋਂਦ ਵਿਚ ਆਏ ਕਿ ਮਨੁੱਖ-ਜਾਤੀ ਵਿਚ ਦੀਵਾਰਾਂ ਖੜ੍ਹੀਆਂ ਕਰ ਦਿੱਤੀਆਂ ਜਾਣ; ਵੰਡੀਆਂ ਪਾ ਕੇ ਉਨ੍ਹਾਂ ਵਿਚ ਦਵੈਸ਼ ਤੇ ਕਲੇਸ਼ ਉਤਪੰਨ ਕੀਤੇ ਜਾਣ। ਸਮਸਤ ਧਰਮਾਂ ਦਾ ਸਾਰ ਇਹ ਰੂਪਮਾਨ ਕਰਦਾ ਹੈ ਕਿ ਧਰਮ ਦੀ ਸਿਰਜਣਾ ਤਾਂ ਇਸ ਲਈ ਹੋਈ ਕਿ ਸਮੁੱਚੀ ਲੋਕਾਈ ਵਿਚ ਆਚਰਨ, ਪ੍ਰੇਮ-ਪਿਆਰ, ਸਦਭਾਵਨਾ, ਭਾਈਚਾਰਾ, ਏਕਤਾ ਆਦਿ ਪੈਦਾ ਕੀਤੀ ਜਾ ਸਕੇ ਤਾਂ ਕਿ ਮਨੁੱਖਤਾ ਤੇ ਇਨਸਾਨੀਅਤ ਪ੍ਰਫੁਲਤ ਹੋ ਸਕੇ। ਨਿਸਚੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰੇਰਨਾ ਅਤੇ ਪ੍ਰਾਸੰਗਿਕਤਾ ਬਾਕੀ ਧਰਮ-ਗ੍ਰੰਥਾਂ ਵਾਂਗ ਸਰਵਜਨਕ ਅਤੇ ਸਦੀਵੀਂ ਹੈ।

ਸੰਬੰਧਿਤ ਖੋਜ-ਵਿਸ਼ੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਸ਼ਵ ਧਰਮ ਗ੍ਰੰਥਾਂ ਦੇ ਸੰਦਰਭ ਵਿਚ ਵਿਲੱਖਣਤਾ' ਨੂੰ ਸਥਾਪਿਤ ਕਰਨ ਤੋਂ ਪਹਿਲਾ ਅਸੀਂ ਸਮੇਂ ਤੇ ਸਥਾਨ ਦੀ ਸੀਮਾ ਨੂੰ ਧਿਆਨ ਵਿਚ ਰੱਖਦੇ ਹੋਏ ਸੰਸਾਰ ਦੇ ਪ੍ਰਸਿੱਧ ਧਰਮਾਂ ਦਾ ਸੰਖੇਪ ਅਧਿਐਨ ਕਰਨ ਦਾ ਯਤਨ ਕੀਤਾ ਹੈ। ਇਹ ਧਰਮ ਹਨ-ਹਿੰਦੂ ਧਰਮ, ਬੁੱਧ ਧਰਮ, ਜੈਨ ਧਰਮ, ਯਹੂਦੀ ਧਰਮ, ਈਸਾਈ ਧਰਮ ਅਤੇ ਇਸਲਾਮ ਧਰਮ। ਪਹਿਲੇ ਤਿੰਨ ਧਰਮ ਭਾਰਤੀ ਪਰੰਪਰਾ ਦੇ ਨਾਲ ਸੰਬੰਧਿਤ ਹਨ ਅਤੇ ਮਗਰਲੇ ਤਿੰਨ ਧਰਮ ਸਾਮੀ ਪਰੰਪਰਾ ਨੂੰ ਪ੍ਰਗਟਾਉਂਦੇ ਹਨ। ਇਨ੍ਹਾਂ ਸਾਰੇ ਧਰਮਾਂ ਦੇ ਧਰਮ-ਗ੍ਰੰਥਾਂ ਦੇ ਅਧਿਐਨ ਤੋਂ ਸਪਸ਼ਟ ਹੁੰਦਾ ਹੈ ਕਿ ਬੇਸ਼ਕ ਸਮੂਹ ਧਰਮਾਂ ਦੀਆਂ ਆਪੋ ਆਪਣੀਆਂ ਰਵਾਇਤਾਂ, ਪ੍ਰਥਾਵਾਂ, ਮਾਨਤਾਵਾਂ ਅਤੇ ਰੀਤਾਂ ਹਨ ਪਰ ਸਭ ਧਰਮਾਂ ਦਾ ਆਸ਼ਾ ਇਕ ਹੈ। ਉਪਦੇਸ਼ ਇੱਕੋ ਹੈ-ਸੱਚਾ ਜੀਵਨ ਬਤੀਤ ਕਰਨਾ। ਹਰ ਧਰਮ ਨੇ ਨੈਤਿਕ ਵਿਧਾਨ, ਸਦਾਚਾਰ-ਆਦਰਸ਼ ਤੇ ਸਭਿਆਚਾਰ ਰਹਿਣੀ ਬਹਿਣੀ ਦੇ ਪੈਮਾਨਿਆਂ ਨੂੰ ਉਸਾਰਿਆ ਹੈ ਜੋ ਜੀਵਨ ਦੀ ਸੁਚਾਰੂ ਤੇ ਉਸਾਰੂ ਘਾੜਤ ਕਰਨ ਵਿਚ ਸਹਾਈ ਤੇ ਸਾਰਥਕ ਬਣਦੇ ਹਨ ਪਰ ਹਰ ਧਰਮ ਦੀ ਆਪਣੀ ਪੇਸ਼ਕਾਰੀ ਤੇ ਵਿਧੀ-ਵਿਧਾਨ ਹੈ। ਸਵਾਲ ਇਹ ਹੈ ਕਿ ਅਜੋਕੇ ਸਮਿਆਂ ਵਿਚ ਧਰਮ ਮਨੁੱਖ ਲਈ ਰਹਿਬਰ ਕਿਵੇਂ ਬਣੇ? ਅੱਜ ਦੇ ਤਕਨੀਕੀ ਆਧੁਨਿਕ

ਵਿਗਿਆਨਕ ਯੁੱਗ ਨੇ ਸਾਰੀਆਂ ਸੋਚਾਂ ਤੇ ਵਿਚਾਰਧਾਰਾਵਾਂ ਨੂੰ ਨਵਾਂ ਰੂਪ ਦੇ ਦਿੱਤਾ ਹੈ। ਨਵਾਂ ਬੋਧ ਤੇ ਵਿਵੇਕ ਹੁਣ ਅੰਨ੍ਹੇਵਾਹ ਪਿਛੱਲਗ ਧਾਰਨਾਵਾਂ ਅਤੇ ਰੂੜੀਗਤ ਪਰੰਪਰਾਵਾਂ ਦੇ ਮਗਰ ਨਹੀਂ ਲੱਗ ਸਕਦਾ। ਅੱਜ ਤਰਕਸ਼ੀਲਤਾ ਤੇ ਵਿਗਿਆਨਕਤਾ ਦੇ ਆਧਾਰ ਦੇ ਉੱਤੇ ਧਰਮ ਨੂੰ ਖਰਾ ਉਤਰਨਾ ਪਏਗਾ। ਬੇਸ਼ਕ ਧਰਮ ਦਾ ਸਰੂਪ ਭਾਵੁਕਤਾ, ਸ਼ਰਧਾ ਤੇ ਵਿਸ਼ਵਾਸ਼ ਉੱਤੇ ਆਧਾਰਿਤ ਹੈ ਪਰ ਸਦੀਆਂ ਤੱਕ ਜਿਉਂਦਾ ਰਹਿਣ ਲਈ ਉਸਦਾ ਸਰਲ, ਸਾਦਾ ਤੇ ਆਧੁਨਿਕ ਸੋਚ ਦਾ ਧਾਰਨੀ ਹੋਣਾ ਬਹੁਤ ਜ਼ਰੂਰੀ ਹੈ। ਧਰਮ ਨੂੰ ਆਪਣੀਆਂ ਰੂੜ੍ਹੀਵਾਦੀ ਰਵਾਇਤਾਂ, ਗੁੰਝਲਦਾਰ ਰੀਤਾਂ ਤੇ ਕੱਟੜਪ੍ਰਸਥੀਆਂ ਨੂੰ ਤਿਆਗਣਾ ਪਏਗਾ; ਸਹਿਣਸ਼ੀਲਤਾ ਤੇ ਉਦਾਰਤਾ ਦਾ ਵਾਤਾਵਰਨ ਉਸਾਰਨਾ ਪਏਗਾ ਜੋ ਅੱਜ ਦੇ ਸਮੇਂ ਦੀ ਮਹੱਤਵਪੂਰਨ ਲੋੜ ਹੈ। ਸਭ ਤੋਂ ਪਹਿਲਾਂ ਅਸੀਂ ਹਿੰਦੂ ਧਰਮ ਦੀ ਗਲ ਕੀਤੀ ਹੈ ਜਿਸਨੂੰ ਸਨਾਤਨ ਧਰਮ ਜਾ ਬ੍ਰਾਹਮਣ ਧਰਮ ਨਾਲ ਜਾਣਿਆ ਜਾਂਦਾ ਹੈ। ਇਹ ਧਰਮ ਭਾਰਤ ਦੀ ਵੈਦਿਕ ਜਾਂ ਆਰੀਆ ਪਰੰਪਰਾ ਨਾਲ ਸੰਬੰਧਿਤ ਹੈ। ਇਸ ਧਰਮ ਦੇ ਅੰਤਰਗਤ ਅਸੀਂ ਵੇਦ, ਉਪਨਿਸ਼ਦ, ਬ੍ਰਾਹਮਣ, ਆਰਣਕਯ, ਸਿਮਰੱਥ ੀਆਂ, ਰਾਮਾਇਣ, ਮਹਾਂਭਾਰਤ ਤੇ ਗੀਤਾ ਆਦਿ ਗ੍ਰੰਥਾਂ ਦਾ ਸੰਖੇਪ ਵਿਸ਼ਲੇਸ਼ਣ ਕੀਤਾ ਹੈ। ਇਸ ਵਿਚ ਕੋਈ ਸ਼ਕ ਨਹੀਂ ਕਿ ਗੁਰਬਾਣੀ ਵਿਚ ਇਸ ਧਰਮ ਤੇ ਗ੍ਰੰਥਾਂ ਦੇ ਅੰਸ਼ਾਂ ਦਾ ਸਮਾਵੇਸ਼ ਹੋਇਆ ਪ੍ਰਤੀਤ ਹੁੰਦਾ ਹੈ; ਪੌਰਾਣਿਕ ਮਿੱਥਾਂ ਤੇ ਪ੍ਰਤੀਕਾਂ ਦੀ ਵਰਤੋਂ ਹੈ; ਭਾਸ਼ਾਈ ਚਿੰਨ੍ਹਾਂ ਨੂੰ ਵਰਤਿਆ ਹੈ। ਪਰ ਇਹ ਪ੍ਰਭਾਵ ਬੜਾ ਸੁਭਾਵਿਕ ਹੈ। ਕਿਉਂਕਿ ਉਸੇ ਹੀ ਧਰਤੀ ਤੇ ਪੈਦਾ ਹੋਈ ਇਹ ਵਿਚਾਰਧਾਰਾ ਉਸ ਕੱਟੜਤਾ ਦਾ ਹੀ ਪ੍ਰਤੀਕਰਮ ਹੈ। ਸੋ ਗੁਰੂ ਸਾਹਿਬ ਨੇ ਉਸ ਪਰੰਪਰਾ ਨੂੰ ਨਵੇਂ ਰੂਪ (ਗੁਰਬਾਣੀ) ਵਿਚ ਚਿਤਵਦੇ ਹੋਏ ਪੇਸ਼ ਕਰਨ ਦਾ ਯਤਨ ਕੀਤਾ ਹੈ। ਵੇਦਾਂ ਨੂੰ ਗਿਆਨ ਦਾ ਭੰਡਾਰ ਮੰਨਿਆ ਗਿਆ ਹੈ। ਸਨਾਤਨ ਧਰਮ ਦੀ ਇਹ ਮਾਨਤਾ ਕਿ ਜੋ ਵੇਦਾਂ ਨੂੰ ਮੰਨਦੇ ਹਨ ਉਹ ਆਸਤਿਕ ਅਤੇ ਜੋ ਵੇਦਾਂ ਨੂੰ ਨਹੀਂ ਮੰਨਦੇ ਨਾਸਤਕ ਹਨ ਦੀ ਕਟੜਤਾ ਬਾਰੇ ਵਿਸ਼ਵ ਦਾ ਆਪਣਾ ਨਜ਼ਰੀਆ ਹੈ। ਬੁੱਧ ਮੱਤ, ਜੈਨ ਮੱਤ ਅਤੇ ਚਾਰਵਾਕ ਮੱਤ ਵੇਦਾਂ ਦੀ ਪ੍ਰਭੂਸੱਤਾ ਨੂੰ ਨਹੀਂ ਮੰਨਦੇ, ਇਸ ਕਰਕੇ ਹਿੰਦੂ ਵਿਦਵਾਨ ਇਸ ਨੂੰ ਨਾਸਤਿਕ ਮੱਤ ਆਖਣ ਲੱਗੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵੀ ਵੇਦਾਂ ਦੀ ਪ੍ਰਭੂਸੱਤਾ ਨੂੰ ਨਹੀਂ ਸਵੀਕਾਰਦਾ। ਵੇਦਾਂ ਵਿਚ ਪੇਸ਼ ਦੇਵੀ-ਦੇਵਤਿਆਂ, ਕੁਦਰਤੀ ਸ਼ਕਤੀਆਂ ਦੀ ਪੂਜਾ, ਯੱਗਾਂ, ਬਲੀਆਂ, ਵਰਣ-ਵੰਡ, ਆਸ਼ਰਮ ਧਰਮ ਆਦਿ ਦਾ ਪੂਰੀ ਤਰ੍ਹਾਂ ਵਿਰੋਧ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਤਾਂ ਨਾਮ-ਸਿਮਰਨ ਤੇ ਪ੍ਰਭੂ ਦੀ ਉਸਤਤਿ ਤੇ ਉਸ ਵਿਚ ਨਿਸਚੇ ਤੇ ਜ਼ੋਰ ਦਿੰਦਾ ਹੈ ਤਾਂ ਜੋ ਉਸ ਦੀ ਵਿਸ਼ਾਲਤਾ ਤੇ ਵਿਰਾਟਤਾ ਦੇ ਸਨਮੁਖ ਮਨੱਖ ਉਸ ਦੇ ਹੁਕਮ ਤੇ ਭਾਣੇ ਵਿਚ ਆ ਕੇ ਹਲੀਮੀ ਵਾਲਾ ਜੀਵਨ ਬਤੀਤ  ਕਰ ਸਕੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿਰਫ਼ ਅਕਾਲ ਪੁਰਖ ਦੀ ਸਿਫ਼ਤ-ਸਲਾਹ ਦਾ ਉਪਦੇਸ਼ ਹੈ ਅਤੇ ਅਵਤਾਰਵਾਦ ਦਾ ਖੰਡਨ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਰਣ-ਵੰਡ ਦਾ ਖੰਡਨ ਕਰਦੀ ਹੈ। ਜਾਤ-ਪਾਤ ਨੂੰ ਨਿਖੇਧਦੀ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਰਬ-ਸਾਂਝੀਵਾਲਤਾ ਤੇ ਏਕਤਾ ਦਾ ਪਾਸਾਰ ਕਰਦੀ ਹੈ। ਮਨੁੱਖਤਾ ਤੇ ਇਨਸਾਨੀਅਤ ਨੂੰ ਪ੍ਰਫ਼ੁਲਤ ਕਰਨ ਲਈ 'ਸੰਗਤ' ਤੇ 'ਪਗੰਤ' ਸਿਸਟਮ ਨੂੰ ਵਿਵਹਾਰਿਕ ਰੂਪ ਵਿਚ ਲਾਗੂ ਕਰਦੀ ਹੈ। ਗੁਰਬਾਣੀ ਆਸ਼ਰਮ ਸਿਸਟਮ ਦਾ ਖੰਡਨ ਕਰਦੀ ਗ੍ਰਹਿਸਥ ਜੀਵਨ ਵਿਚ ਵਿਚਰ ਕੇ ਹੀ ਪ੍ਰਭੂ ਤੇ ਪ੍ਰਭੂ ਦੀ ਬਣਾਈ ਦੁਨੀਆ ਦੀ ਸੇਵਾ ਕਰਨ ਦਾ ਸੰਵਾਦ ਰਚਾਉਂਦੀ ਹੈ। ਗੁਰਬਾਣੀ ਮੂਰਤੀ ਪੂਜਾ ਤੇ ਆਰਤੀ, ਧੂਪ, ਭੋਗ ਆਦਿ ਦਾ ਖੰਡਨ ਕਰਦੀ ਹਰ ਪਾਸੇ ਪ੍ਰਭੂ ਨੂੰ ਚਿਤਵਦੀ ਹੈ। ਪ੍ਰਭੂ ਨੂੰ ਕਿਸੇ ਆਕਾਰ ਜਾਂ ਰੂਪ ਵਿਚ ਬੰਨ੍ਹਿਆ ਨਹੀਂ ਜਾ ਸਕਦਾ। ਸਨਾਤਨ ਧਰਮ ਵਿਚ ਅਨੇਕ ਤਰ੍ਹਾਂ ਦੇ ਵਰਤਾਂ ਦੀ ਹੋਂਦ ਹੈ। ਖਾਸ ਦਿਨਾਂ ਨੂੰ ਅੰਨ-ਪਾਣੀ ਅੰਗੀਕਾਰ ਨਹੀਂ ਕੀਤਾ ਜਾਂਦਾ।

ਪਰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਰਤਾਂ ਦਾ ਨਿਖੇਧ ਕਰਦੀ ਹੈ। ਵਰਤ ਨਾਲ ਨਾ ਤਾਂ ਮਨ ਦੀ ਪਵਿੱਤਰਤਾ ਅਤੇ ਨਾ ਹੀ ਆਚਰਣ ਦੀ ਉੱਚਤਾ ਨਿਰਧਾਰਿਤ ਹੁੰਦੀ ਹੈ ਸਗੋਂ ਰੱਬ ਦੇ ਬਣਾਏ ਸਰੀਰ ਨੂੰ ਕਸ਼ਟ ਮਿਲਦਾ ਹੈ। ਗੁਰਬਾਣੀ ਤੀਰਥਾਂ ਤੇ ਜਾਂ ਕੇ ਇਸ਼ਨਾਨ ਤੇ ਦਾਨ ਦੇਣ ਨਾਲੋਂ ਮਨ ਦੀ ਪਵਿੱਤਰਤਾ ਨੂੰ ਸਥਾਪਿਤ ਕਰਦੇ ਹੋਏ ਗਰੀਬ ਨਿਮਾਣਿਆਂ ਦੀ ਸੇਵਾ ਤੇ ਪਰਉਪਕਾਰ ਦੀ ਭਾਵਨਾ ਨੂੰ ਬੱਲ ਦਿੰਦੀ ਹੋਈ 'ਕਿਰਤ ਕਰੋ' ਤੇ 'ਵੰਡ ਕੇ ਛਕੋ' ਦਾ ਮਾਡਲ ਪ੍ਰਸਤੁੱਤ ਕਰਦੀ ਹੈ। ਹਿੰਦੂ ਧਰਮ ਵਿਚ ਆਏ ਜੋਗ-ਸਿੱਧ ਮੱਤ ਅਤੇ ਗੁਰਬਾਣੀ ਦਾ ਸਿਧਾਂਤਕ ਪੱਖ ਤੋਂ ਬਹੁਤ ਫ਼ਰਕ ਹੈ।

ਜਿੱਥੋਂ ਤੱਕ ਬੁੱਧ ਮੱਤ ਦਾ ਸਵਾਲ ਹੈ ਬੁੱਧ ਧਰਮ ਅਣਈਸ਼ਵਰਵਾਦੀ ਧਰਮ ਹੈ ਜਦੋਂ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਰੋਮ ਰੋਮ ਤੋਂ ਉਸ ਪ੍ਰਭੂ ਨੂੰ ਚੇਤੇ ਰੱਖਣ ਦਾ ਸੰਦੇਸ਼ ਹੈ। ਗੁਰੂ ਗ੍ਰੰਥ ਸਾਹਿਬ ਵਿਚ ਰੱਬ ਪੂਰੀ ਤਰ੍ਹਾਂ ਰਮਿਆ ਹੋਇਆ ਹੈ।ਗੁਰੂ ਗ੍ਰੰਥ ਸਾਹਿਬ ਉਸ ਇਕ ਰੱਬ ਤੇ ਜ਼ੋਰ ਦੇ ਕੇ ਉਸ ਦੀ ਬਣਾਈ ਇਕ ਦੁਨੀਆਂ ਵਿਚ ਪਿਆਰ ਤੇ ਸਾਂਝ ਨੂੰ ਅਮਲੀ ਤੌਰ ਤੇ ਲਾਗੂ ਕਰਨਾ ਚਾਹੁੰਦਾ ਹੈ। ਬੁੱਧ ਮੱਤ ਦੇ ਧਰਮ-ਗ੍ਰੰਥ ਆਤਮਾ ਵਿਚ ਯਕੀਨ ਨਹੀਂ ਰੱਖਦੇ। ਇਸ ਧਰਮ ਅਨੁਸਾਰ ਮਨੁੱਖ ਇੰਦਰੀਆਂ ਅਤੇ ਸੰਵੇਦਨਾਵਾਂ ਦਾ ਸਮੂਹ ਹੈ। ਸਭ ਕੁਝ ਮਾਦਾ ਹੈ ਜੋ ਵਿਕਾਸ ਕਰਕੇ ਮਨ ਬਣ ਜਾਂਦਾ ਹੈ। ਆਤਮਾ ਸਰੀਰ ਨਾਲੋਂ ਕੋਈ ਵੱਖਰੀ ਸ਼ੈਅ ਨਹੀਂ ਇਸ ਕਰਕੇ ਮੌਤ ਤੋਂ ਬਾਅਦ ਕੁਝ ਨਹੀਂ ਬੱਚਦਾ। ਪਰ ਗੁਰਬਾਣੀ ਆਤਮਾ ਵਿਚ ਨਿਸਚਾ ਰੱਖਦੀ ਇਸਨੂੰ ਪ੍ਰਭੂ ਦੀ ਜੋਤਿ ਮੰਨਦੇ ਹੋਏ, ਅਮਰ ਅਤੇ ਅਬਿਨਾਸ਼ੀ ਮੰਨਦੀ ਹੈ। ਇਹ ਬੜਾ ਵਿਰੋਧਾਭਾਸ ਪ੍ਰਤੀਤ ਹੁੰਦਾ ਹੈ ਕਿ ਬੁੱਧ ਧਰਮ ਆਤਮਾ ਵਿਚ ਯਕੀਨ ਨਾ ਰੱਖਦਾ ਹੋਇਆ ਵੀ ਪੁਨਰ ਜਨਮ ਵਿਚ ਯਕੀਨ ਰੱਖਦਾ ਹੈ। ਉਨ੍ਹਾਂ ਨੇ ਇਸ ਨੂੰ ਜੀਵਾਂ ਦੀ ਚੇਤੰਨਤਾ ਨਾਲ ਜੋੜਿਆ ਹੈ। ਇਹ ਚੇਤੰਨਤਾ ਜੀਵ ਦੇ ਇਕ ਜਨਮ ਨੂੰ ਦੂਜੇ ਜਨਮ ਨਾਲ ਜੋੜਦੀ ਹੈ। ਜੀਵ ਦੇ ਖ਼ਤਮ ਹੋ ਜਾਣ ਤੋਂ ਬਾਅਦ ਇਸਦੇ ਪ੍ਰਭਾਵ ਨੂੰ ਸਮਝਣਾ ਬੜਾ ਗੁੰਝਲਦਾਰ ਹੈ। ਮਹਾਤਮਾ ਬੁੱਧ ਦੀ ਫ਼ਿਲਾਸਫ਼ੀ ਦੁੱਖਾਂ ਦੇ ਦੁਆਲੇ ਘੁੰਮਦੀ ਹੈ ਪਰ ਗੁਰਬਾਣੀ ਦੁੱਖਾਂ ਤੇ ਸੁੱਖਾਂ ਨੂੰ ਸਮਾਂਨਾਤਰ ਲੈ ਕੇ ਚਲਦੀ ਹੈ। ਗੁਰਬਾਣੀ ਆਨੰਦ ਤੇ ਖੇੜੇ ਦੀ ਅਵਸਥਾ ਨੂੰ ਸਿਰਜਦੀ ਸੰਸਾਰਿਕ ਦੁੱਖਾਂ ਤੇ ਜਿੱਤ ਪਾਉਣਾ ਸਿਖਾਉਂਦੀ ਹੈ। ਇਸ ਤਰ੍ਹਾਂ ਜਿੱਥੇ ਬੁੱਧ-ਮੱਤ ਦਾ ਦਰਸ਼ਨ ਮਨੁੱਖ ਨੂੰ ਸੰਸਾਰ ਤਿਆਗੀ, ਨਿਰਾਸ਼ਾਵਾਦੀ ਤੇ ਭਾਂਜਵਾਦੀ ਬਣਾਉਂਦਾ ਹੈ ਉੱਥੇ ਗੁਰਬਾਣੀ ਮਨੁੱਖ ਨੂੰ ਆਸ਼ਾਵਾਦੀ ਤੇ ਕਰਮਸ਼ੀਲ਼ ਬਣਾ ਕੇ ਜੀਵਨ ਵਿਚ ਸਫ਼ਲ ਬਣਾਉਣਾ ਸਿਖਾਉਂਦੀ ਹੈ ਜੋ ਅੱਜ ਦੇ ਸਮੇਂ ਦੀ ਬੜੀ ਵੱਡੀ ਲੋੜ ਹੈ। ਬੁੱਧਮੱਤ ਵਿਚ ਪੇਸ਼ ਸਦਾਚਾਰ ਵਿਧਾਨ ਜਿਵੇਂ ਅਸ਼ਟਾਂਗ ਮਾਰਗ ਜਾਂ ਪੰਚਸ਼ੀਲ ਆਦਿ ਨਿਸਚਿਤ ਰੂਪ ਵਿਚ ਮਨੁੱਖ ਦੀ ਨੈਤਿਕ ਅਗਵਾਈ ਕਰਦਾ ਹੈ ਪਰ ਗੁਰਬਾਣੀ ਅਨੁਸਾਰ ਸਦਾਚਾਰ ਪ੍ਰਭੂ-ਭਗਤੀ ਵਿਚੋਂ ਉਤਪੰਨ ਹੁੰਦਾ ਹੈ ਪ੍ਰਭੂ ਦੇ ਭੈਅ ਤੇ ਨਦਰ ਤੋਂ ਬਿਨਾਂ ਉੱਚ ਅਵਸਥਾ ਵਿਚ ਜਿਉਣਾ ਨਾਮੁਮਕਿਨ ਪ੍ਰਤੀਤ ਹੁੰਦਾ ਹੈ।

ਜੈਨ ਧਰਮ ਵੀ ਰੱਬ ਦੀ ਹੋਂਦ ਵਿਚ ਯਕੀਨ ਨਹੀਂ ਰੱਖਦਾ ਜਦੋਂਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਕਿਣਕੇ ਕਿਣਕੇ ਵਿਚ ਰੱਬ ਨੂੰ ਨਿਹਾਰਦੀ ਹੈ। ਅੱਜ ਦੇ ਵਿਗਿਆਨ ਨੇ ਵੀ ਗਲੋਬਲ ਗਾਡ ਪਾਰਟੀਕਲ ਦੀ ਹੋਂਦ ਨੂੰ ਸਵੀਕਾਰਿਆ ਹੈ।ਜੈਨ ਧਾਰਨਾ ਮਨੁੱਖਾਂ ਵਾਂਗ ਆਤਮਾਵਾਂ ਦੀ ਵੀ ਸ਼੍ਰੇਣੀ ਵੰਡ ਕਰਦੀ ਹੈ ਜਦੋਂਕਿ ਗੁਰਬਾਣੀ ਰੱਬ ਦੀ ਇਕ ਜੋਤਿ ਨੂੰ ਦ੍ਰਿੜ ਕਰਦੀ ਸਮੁੱਚੀ ਦੁਨੀਆ ਨੂੰ ਏਕਤਾ ਦਾ ਰਾਹ ਦਿਖਾਉਂਦੀ ਹੈ। ਜੈਨ ਸੰਪਰਦਾਵਾਂ ਮੁਕਤੀ ਪ੍ਰਾਪਤੀ ਲਈ ਕਰੜੀ ਤਪੱਸਿਆ, ਸਰੀਰਿਕ ਕਸ਼ਟਾਂ (ਜਪ, ਤਪ ਤੇ ਜਟਿਲ ਸਾਧਨਾਵਾਂ) ਤੇ ਜ਼ੋਰ ਦਿੰਦੀਆਂ ਹਨ ਪਰ ਗੁਰਬਾਣੀ ਬੜੀ ਸਰਲਤਾ ਨਾਲ ਗੁਰੂ ਦੀ ਸਿਖਿਆਵਾਂ ਤੇ ਚੱਲ ਕੇ, ਨਾਮ ਜੱਪਦੇ ਹੋਏ, ਵਿਸ਼ੇ ਵਿਕਾਰਾਂ ਤੋਂ ਰਹਿਤ ਹੋ ਕੇ ਸਹਿਜ ਅਵਸਥਾ ਵਿਚ ਆ ਜਾਂਦੇ ਹਨ

ਤੇ ਜੀਵਨ ਮੁਕਤ ਦੀ ਅਵਸਥਾ ਨੂੰ ਪ੍ਰਾਪਤ ਕਰਦੇ ਹਨ। ਜੈਨ ਮਾਰਗ ਵਿਚਲੀ ਲੋੜ ਤੋਂ ਵੱਧ ਅਹਿੰਸਾ ਨੇ ਉਨ੍ਹਾਂ ਨੂੰ ਕਾਇਰ ਤੇ ਬੁਜ਼ਦਿਲ ਬਣਾਇਆ ਹੈ ਪਰ ਗੁਰਬਾਣੀ ਹੱਕਾਂ ਤੇ ਨਿਆਂ ਦੀ ਖਾਤਿਰ ਭਗਤੀ ਦੇ ਨਾਲ ਨਾਲ ਸ਼ਕਤੀ, ਸੰਤ ਦੇ ਨਾਲ ਨਾਲ ਸੰਤ-ਸਿਪਾਹੀ ਨੂੰ ਪੇਸ਼ ਕਰਦੀ ਹੈ ਜਿਸ ਨਾਲ ਉਹ ਸੁਤੰਤਰ ਤੇ ਨਿਡਰ ਹੋ ਕੇ ਜਿਉਂਦੇ ਹਨ। ਗੁਰਬਾਣੀ ਨਿਮਾਣਿਆਂ, ਨਿਤਾਣਿਆਂ, ਨਿਆਸਰਿਆਂ, ਬੇਸਹਾਰਿਆਂ ਨੂੰ ਆਸਰਾ ਦੇਣ ਲਈ ਸੰਘਰਸ਼ ਦਾ ਰਾਹ ਸਿਖਾਉਂਦਾ ਹੈ ਤੇ ਅਜੋਕੇ ਨਿਜ਼ਾਮ ਵਿਚ ਇਸ ਰਾਹ ਦੀ ਬੜੀ ਲੋੜ ਹੈ।

ਭੈ ਕਾਹੂ ਕਉ ਦੇਤਿ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥[53]

ਈਸਾਈ ਧਰਮ ਸੰਸਾਰ ਦੇ ਸਭ ਤੋਂ ਪ੍ਰਸਿੱਧ ਧਰਮ ਦੇ ਰੂਪ ਵਿਚ ਸਥਾਪਿਤ ਹੋਇਆ ਹੈ। ਇਸ ਧਰਮ ਵਿਚ ਪੇਸ਼ ਚਿੰਤਨ ਤੇ ਚੇਤਨਾ ਮਨੁੱਖ ਦੀ ਸੁਚੱਜੀ ਪੈਰਵੀ ਕਰਦੇ ਹਨ। ਅਜੋਕੇ ਸਮਾਜ ਨੂੰ ਜਿਸ ਸਦਾਚਾਰ ਤੇ ਸ਼ਿਸ਼ਟਾਚਾਰ ਵਿਧਾਨ ਦੀ ਲੋੜ ਹੈ ਈਸਾਈ ਮੱਤ ਨਿਸਚਿਤ ਰੂਪ ਵਿਚ ਉਨ੍ਹਾਂ ਆਦਰਸ਼ਾਂ ਨੂੰ ਪੇਸ਼ ਕਰਨ ਵਿਚ ਖਰਾ ਉਤਰਦਾ ਹੈ।ਪਰ ਈਸਾਈ ਧਰਮ ਵਿਚ ਪੇਸ਼ ਕੁਝ ਨੁਕਤੇ ਵਿਵਹਾਰਿਕ ਦ੍ਰਿਸ਼ਟੀ ਤੋਂ ਚਰਚਾ ਦਾ ਵਿਸ਼ਾ ਬਣੇ ਹਨ। ਈਸਾਈ ਧਰਮ ਵਿਚ ਪੇਸ਼ ਤ੍ਰਿਮੂਰਤੀ ਜਾਂ ਤਰੈ-ਪੱਖ Trinity ਸਿਧਾਂਤ ਈਸ਼ਵਰ ਦੇ ਤਿੰਨ ਰੂਪਾਂ ਬਾਰੇ ਚਰਚਾ ਕਰਦਾ ਹੈ। ਅੱਜ ਸਮੁੱਚੇ ਵਿਸ਼ਵ ਵਿਚ ਇਹ ਧਾਰਨਾ ਬਣ ਰਹੀ ਹੈ ਕਿ ਰੱਬ ਕੇਵਲ ਇੱਕੋ ਹੈ। ਜਿਸ ਨੂੰ ਕਿਸੇ ਸਹਾਇਕ ਦੀ ਲੋੜ ਨਹੀਂ। ਗੁਰਬਾਣੀ ਵੀ ਰੱਬ ਨੂੰ ਸਰਬ-ਗੁਣ ਸੰਪੰਨ ਮੰਨਦੀ ਹੈ। ਈਸਾਈ ਧਰਮ ਇਸ ਰੱਬੀ ਸਚਾਈ Supernatural Revelation ਸਿਧਾਂਤ ਦੁਆਰਾ ਦੱਸਿਆ ਗਿਆ ਹੈ ਕਿ ਸਚਾਈ ਦਾ ਇਹ ਪ੍ਰਕਾਸ਼ ਦਿਮਾਗ਼ ਦੀ ਪਹੁੰਚ ਤੋਂ ਪਰੇ ਹੈ। ਪਹਿਲਾ ਇਹ ਪ੍ਰਕਾਸ਼ ਨਬੀਆਂ ਦੁਆਰਾ ਪ੍ਰਗਟ ਹੋਇਆ ਅਤੇ ਅੰਤ ਵਿਚ ਇਹ ਪ੍ਰਕਾਸ਼ ਪਰਮਾਤਮਾ ਨੇ ਆਪਣੇ ਪੁੱਤਰ ਈਸਾ ਰਾਹੀ ਪ੍ਰਗਟ ਕੀਤਾ। ਈਸਾਈ ਧਰਮ ਦੇ ਇਸ ਵਿਚਾਰ ਨਾਲ ਮੱਤ-ਭੇਦ ਬਣਦੇ ਹਨ ਕਿ ਜਿਹੜਾ ਪੁਰਸ਼ ਈਸਾ ਨੂੰ ਨਹੀਂ ਮੰਨਦਾ, ਉਸਨੂੰ ਪ੍ਰਭੂ ਦੋਸ਼ੀ ਠਹਿਰਾਏਗਾ ਅਤੇ ਉਸ ਮਨੁੱਖ ਉੱਤੇ ਕਰੋਧਵਾਨ ਰਹੇਗਾ। ਹਜਰਤ ਈਸਾ ਹੀ ਪਰਮਾਤਮਾ ਤੇ ਮਨੁੱਖਾਂ ਵਿਚਕਾਰ ਵਿਚੋਲੇ ਹਨ। ਜਿਹੜੇ ਲੋਕ ਈਸਾ ਜੀ ਦੀ ਸਿਖਿਆ ਤੇ ਪੂਰਨਿਆਂ ਉੱਤੇ ਚੱਲਣਗੇ ਉਹ ਅਸਲ ਵਿਚ ਪਰਮਾਤਮਾ ਦੀ ਇੱਛਾ ਦਾ ਪਾਲਣ ਕਰ ਰਹੇ ਹੋਣਗੇ। ਉਹ ਸਵਰਗਾਂ ਦੇ ਭਾਗੀਦਾਰ ਹੋਣਗੇ। ਉਹ ਪਰਮ-ਆਨੰਦ ਦੀ ਅਵਸਥਾ ਵਿਚ ਪ੍ਰਭੂ ਕੋਲ ਰਹਿਣਗੇ। ਗੁਰੂ ਸਾਹਿਬਾਨ ਨੇ ਸਮੁੱਚੀ ਲੋਕਾਈ ਨੂੰ ਸ਼ਬਦ-ਗੁਰੂ ਨਾਲ ਜੋੜਿਆ। ਉਨ੍ਹਾਂ ਨੇ ਸਿੱਖਾਂ ਨੂੰ ਗੁਰਮਤਿ-ਗਾਡੀ ਰਾਹ ਉੱਤੇ ਚੱਲਣ ਦਾ ਸੰਵਾਦ ਸਿਰਜਿਆ। ਸ਼ਬਦ ਗੁਰੂ ਦੇ ਲੜ ਲੱਗ ਕੇ, ਪ੍ਰਭੂ ਨਾਲ ਪ੍ਰੇਮ ਪਾ ਕੇ, ਉਸ ਬਾਣੀ ਨੂੰ ਅਮਲੀ ਜੀਵਨ ਵਿਚ ਅਪਣਾ ਕੇ ਪ੍ਰਭੂ ਵਿਚ ਲੀਨ ਹੋਇਆ ਜਾ ਸਕਦਾ ਹੈ। ਈਸਾ ਦੇ ਕੁਆਰੀ ਕੰਨਿਆ ਤੋਂ ਪੈਦਾ ਹੋਣ ਦੇ ਗੈਰ-ਕੁਦਰਤੀ ਢੰਗ ਤੋਂ ਵੀ ਅਜੋਕੀ ਵਿਗਿਆਨਕ ਪੀੜੀ ਸਵਾਲ ਕਰਦੀ ਹੈ। ਭਗਤ ਕਬੀਰ ਜੀ ਫਰਮਾਉਂਦੇ ਹਨ-

ਜੈਸੇ ਮਾਤ ਪਿਤਾ ਬਿਨੁ ਬਾਲੁ ਨ ਹੋਈ ॥[54]

ਈਸਾਈ ਧਰਮ ਵਿਚ ਪੇਸ਼ ਸ਼ੈਤਾਨ ਦੀ ਹੋਂਦ ਮਨੁੱਖ ਨੂੰ ਬੁਰਾਈ ਵਲ ਪ੍ਰੇਰਿਤ ਕਰਨ ਦਾ ਕਾਰਨ ਸਥਾਪਿਤ ਹੁੰਦੀ ਹੈ। ਈਸਾਈ ਧਰਮ ਮੁਤਾਬਕ ਸ਼ੈਤਾਨ ਹੀ ਸੰਸਾਰ ਵਿਚ ਹੋਣ ਵਾਲੇ ਸਾਰੇ ਪਾਪਾਂ, ਬੁਰਾਈਆਂ ਦੀ ਜੜ੍ਹ ਹੈ। ਗੁਰਬਾਣੀ ਸ਼ੈਤਾਨ

ਦੀ ਹੋਂਦ ਨੂੰ ਨਹੀਂ ਸਵੀਕਾਰਦੀ। ਗੁਰਮਤਿ ਦਾ ਨਿਸਚਾ ਹੈ ਕਿ ਰੱਬ ਦੇ ਮੁਕਾਬਲੇ ਤੇ ਉਸ ਦਾ ਵਿਰੋਧ ਕਰਨ ਵਾਲੀ ਕੋਈ ਤਾਕਤ ਜਾਂ ਸ਼ਕਤੀ ਪੂਰੇ ਬ੍ਰਹਿਮੰਡ ਵਿਚ ਨਹੀਂ। ਗੁਰਮਤਿ ਆਦਮ ਤੇ ਹਵਾ ਦੀ ਹੋਂਦ ਨੂੰ ਨਹੀਂ ਮੰਨਦੀ ਤੇ ਫਿਰ ਉਨ੍ਹਾਂ ਦੁਆਰਾ ਕੀਤੇ ਪਾਪ ਨਾਲ ਸਾਰੀ ਸ੍ਰਿਸ਼ਟੀ ਦੇ ਭ੍ਰਿਸ਼ਟੇ ਜਾਣ ਦਾ ਖਿਆਲ ਵੀ ਕੋਈ ਅਰਥ ਨਹੀਂ ਰੱਖਦਾ। ਗੁਰਬਾਣੀ ਇਹ ਨਹੀਂ ਮੰਨਦੀ ਕਿ ਕਿਸੇ ਇਕ ਦੇ ਪਾਪ ਦਾ ਫਲ ਕਿਸੇ ਹੋਰ ਨੂੰ ਭੁਗਤਣਾ ਪਏਗਾ।ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਅਟੱਲ ਯਕੀਨ ਹੈ ਕਿ ਸਭ ਨੂੰ ਆਪਣੇ ਕੀਤੇ ਕਰਮਾਂ ਦਾ ਫਲ ਭੋਗਣਾ ਪਏਗਾ। ਗੁਰਬਾਣੀ ਦ੍ਰਿੜ ਕਰਵਾਉਂਦੀ ਹੈ:

ਅਹਿਕਰ ਕਰੇ ਸੁ ਅਹਿਕਰੁ ਪਾਏ ਇਕ ਘੜੀ ਮੁਹਤੁ ਨ ਲਾਗੈ॥[55]

ਇਸ ਵਿਚ ਕੋਈ ਸ਼ਕ ਨਹੀਂ ਕਿ ਗੁਰਬਾਣੀ ਵਿਚ ‘ਮਾਇਆ’ ਦਾ ਸਕੰਲਪ ਆਉਂਦਾ ਹੈ ਜੋ ਮਨੁੱਖ ਨੂੰ ਪਾਪ ਅਤੇ ਅਪਰਾਧ ਵੱਲ ਮੋੜਦਾ ਹੈ। ਪਰ ਗੁਰੂ ਦੀ ਓਟ ਵਿਚ ਯਕੀਨ ਕਰਨ ਵਾਲੇ ਇਸ ਅਸਲੀਅਤ ਨੂੰ ਸਮਝ ਜਾਂਦੇ ਹਨ ਤੇ ਨਾਮ ਸਿਮਰਨ ਤੇ ਇਸ ਮਾਰਗ ਤੇ ਅਮਲੀ ਰੂਪ ਵਿਚ ਚੱਲਦੇ ਹੋਏ ਮਾਇਆ ਨੂੰ ਪਛਾੜ ਦਿੰਦੇ ਹਨ। ਈਸਾਈ ਧਰਮ ਵਿਚ ਸ੍ਰਿਸ਼ਟੀ ਨੂੰ ਸਾਜਣ ਦੀ ਪੂਰੀ ਪ੍ਰਕਿਰਿਆ ਵਿਅਕਤ ਹੈ ਪਰ ਅਜੋਕਾ ਬੋਧ ਇਸ ਤੱਥ ਨਾਲ ਅਸਹਿਮਤੀ ਪ੍ਰਗਟਾਉਂਦਾ ਬਿਆਨ ਕਰਦਾ ਹੈ ਕਿ ਪ੍ਰਭੂ ਨੂੰ ਛੇ ਦਿਨ ਸਾਰਾ ਉਚੇਚ ਕਰਨ ਅਤੇ ਸੱਤਵੇਂ ਦਿਨ ਆਰਾਮ ਕਰਨ ਵਾਲਾ ਤੱਥ ਅਸੁਭਾਵਿਕ ਜਾਪਦਾ ਹੈ। ਆਤਮਾ ਬਾਰੇ ਈਸਾਈਆਂ ਦਾ ਇਹ ਕਥਨ ਪ੍ਰਚਲਿਤ ਹੈ ਕਿ ਪੁਨਰਉਥਾਨ Resurrection ਵਾਲੇ ਦਿਨ ਆਤਮਾ ਫਿਰ ਪਹਿਲੇ ਸਰੀਰ ਵਿਚ ਮਿਲ ਜਾਵੇਗੀ, ਜੋ ਭਾਵੇਂ ਮਿੱਟੀ ਹੀ ਕਿਉਂ ਨਾ ਹੋ ਗਿਆ ਹੋਵੇ; ਇਹ ਆਤਮਾ ਬਿਲਕੁਲ ਵੱਖਰੀ ਭਾਂਤ ਦੀ ਹੈ ਜੋ ਪਸ਼ੂਆਂ ਜਾਂ ਪੌਦਿਆਂ ਵਿਚ ਪ੍ਰਵੇਸ਼ ਨਹੀਂ ਕਰ ਸਕਦੀ। ਗੁਰਬਾਣੀ ਆਤਮਾ ਨੂੰ ਅਮਰ ਤੇ ਅਵਿਨਾਸ਼ੀ ਮੰਨਦਾ ਹੈ। ਉਸ ਦਾ ਪੁਨਰਉਥਾਨ ਵਿਚ ਬਿਲਕੁਲ ਯਕੀਨ ਨਹੀਂ। ਗੁਰਬਾਣੀ ਆਤਮਾ ਦੀਆਂ ਸ਼੍ਰੇਣੀਆਂ ਵਿਚ ਵੀ ਯਕੀਨ ਨਹੀਂ ਰੱਖਦਾ। ਗੁਰਬਾਣੀ ਇਹ ਵੀ ਨਹੀਂ ਮੰਨਦੀ ਕਿ ਇਕ ਆਤਮਾ ਇਕ ਹੀ ਸਰੀਰ ਲਈ ਹੁੰਦੀ ਹੈ। ਈਸਾਈ ਮੱਤ ਵਿਚ ਪੇਸ਼ ਇਹ ਵਿਚਾਰ ਬੜਾ ਸਵੈ-ਵਿਰੋਧੀ ਜਾਪਦਾ ਹੈ ਕਿ ਕਰਮਾਂ ਮੁਤਾਬਿਕ ਮਨੁੱਖ ਨੂੰ ਸਵਰਗ ਜਾਂ ਨਰਕ ਮਿਲੇਗਾ ਤੇ ਦੂਜੇ ਪਾਸੇ ਪੁਨਰਉਥਾਨ ਵਾਲੇ ਦਿਨ ਸਭ ਆਤਮਾਵਾਂ ਆਪਣਾ ਮਨੁੱਖਾ ਸਰੀਰ ਧਾਰਨ ਕਰ ਲੈਣ ਗੀਆਂ ਅਤੇ ਉਨ੍ਹਾਂ ਮਨੁੱਖਾਂ ਨੂੰ ਈਸਾ ਮਸੀਹ ਆਪ ਸਵਰਗਾਂ ਵਿਚ ਲੈ ਕੇ ਜਾਣਗੇ। ਈਸਾਈ ਮੱਤ ਆਵਾਗਵਣ (ਪੁਨਰ-ਜਨਮ) ਦੇ ਸਿਧਾਂਤ ਵਿਚ ਯਕੀਨ ਨਹੀਂ ਰੱਖਦਾ ਜਦੋਂ ਕਿ ਗੁਰਮਤਿ ਆਵਾਗਵਨ ਦੇ ਸਿਧਾਂਤ ਨੂੰ ਦ੍ਰਿੜਤਾ ਨਾਲ ਸਵੀਕਾਰਦੀ ਤੇ ਪ੍ਰਚਾਰਦੀ ਹੈ। ਯਹੂਦੀ ਧਰਮ ਉੱਚ ਆਦਰਸ਼ਕ ਰਹਿਣੀ ਬਹਿਣੀ ਦਾ ਪ੍ਰਵਚਨ ਦਿੰਦਾ ਹੈ। ਇਹ ਧਰਮ ਵੀ ਈਸਾਈ ਧਰਮ ਵਾਂਗ ਯਹੂਦੀ ਧਰਮ ਮੂਸਾ ਜੀ ਦੁਆਲੇ ਘੁੰਮਦਾ ਹੈ। ਉਨ੍ਹਾਂ ਤੇ ਨਾਜ਼ਲ ਹੋਈ ਇਹ ਹਦਾਇਤ ਕਿ ‘ਮੈਨੂੰ ਹੀ ਰੱਬ ਜਾਣੀ ਅਤੇ ਮੇਰੇ ਤੁੱਲ ਕਿਸੇ ਹੋਰ ਨੂੰ ਨਾ ਸਮਝੀ’, ਜਾਨਵਰਾਂ ਦੀ ਵੰਡ ਕਰ ਕੇ ਕੁਰਬਾਨੀ ਦੇਣ ਨੂੰ ਅਧਿਆਤਮਕ ਕਰਮ ਮੰਨਣਾ, ਰੋਜ਼ੇ ਰੱਖਣਾ, ਸਨੀਚਰਵਾਰ ਦੀ ਪਵਿਤਰਤਾ ਨੂੰ ਮੰਨਣਾ ਆਦਿ ਤੱਥਾਂ ਨਾਲ ਗੁਰਬਾਣੀ ਕੋਈ ਸਰੋਕਾਰ ਨਹੀਂ ਰੱਖਦੀ। ਗੁਰਬਾਣੀ ਅਨੁਸਾਰ ਸਭ ਘੜੀਆਂ ਸੁਲੱਖਣੀਆਂ ਹਨ।ਬਾਰਾਮਾਹ ਵਿਚ ਜ਼ਿਕਰ ਆਉਂਦਾ ਹੈ:

ਬੇਦਸ ਮਾਹ ਰੁਤੀ ਥਿਤੀ ਵਾਰ ਭਲੇ॥
ਘੜੀ ਮੂਰਤ ਪਲ ਸਾਚੇ ਆਏ ਸਹਜਿ ਮਿਲੇ॥[56]

ਵਿਸ਼ਵ ਵਿਚ ਦੂਜੇ ਵੱਡੇ ਧਰਮ ਦੇ ਤੌਰ ਤੇ ਇਸਲਾਮ ਧਰਮ ਜਾਣਿਆ ਜਾਂਦਾ ਹੈ। ਇਹ ਇਕ ਜੱਥੇਬੰਦ ਸਮਾਜਕ ਧਰਮ ਹੈ ਜੋ ਮਨੁੱਖ ਦੀ ਅਧਿਆਤਮਕ ਤੇ ਸਦਾਚਾਰਕ ਲੋੜਾਂ ਮੁਤਾਬਕ ਉੱਚੀਆਂ ਕਦਰਾਂ-ਕੀਮਤਾਂ ਦੀ ਪੇਸ਼ਕਾਰੀ ਕਰਦਾ ਹੈ।ਇੱਕ ਰੱਬ ਵਿਚ ਵਿਸ਼ਵਾਸ ਕਰਦਾ ਹੋਇਆ ਇਹ ਧਰਮ ਵੀ ਦੇਵਤਿਆਂ ਦੀ ਹੋਂਦ ਤੋਂ ਇਨਕਾਰੀ ਹੈ ਅਤੇ ਮੂਰਤੀ ਪੂਜਾ ਦੇ ਮੁਕੰਮਲ ਰੂਪ ਵਿਚ ਖ਼ਿਲਾਫ਼ ਹੈ। ਪ੍ਰਭੂ ਦੇ ਹੁਕਮ, ਰਜ਼ਾ, ਅਰਦਾਸ, ਸੰਗਤ, ਭਗਤੀ ਅਤੇ ਸ਼ਕਤੀ ਆਦਿ ਦੇ ਸਿਧਾਂਤਾਂ ਨੂੰ ਲੈ ਕੇ ਗੁਰਮਤਿ ਅਤੇ ਇਸਲਾਮ ਵਿਚ ਬਹੁਤ ਸਮਾਨਤਾ ਹੈ। ਪਰ ਸਿਧਾਂਤਕ ਤੌਰ ਤੇ ਦੋਨਾਂ ਧਰਮਾਂ ਵਿਚ ਕਾਫੀ ਵਖਰੇਵਾ ਵੀ ਹੈ। ਗੁਰਮਤਿ ਇਸਲਾਮ ਦੇ ਇਕ-ਈਸ਼ਵਰਵਾਦ ਤੇ ਸਰਬ-ਸਮਰੱਥ  ਸਰੂਪ ਨੂੰ ਤਾਂ ਮੰਨਦੀ ਹੈ ਪਰ ਇਹ ਰਵਾਇਤ ਕਿ ਰੱਬ ਸਤਵੇਂ ਅਸਮਾਨ ਤੇ ਬਿਰਾਜਮਾਨ ਹੈ ਜਾਂ ਉਸ ਦਾ ਤਖ਼ਤ ਫ਼ਰਿਸ਼ਤਿਆਂ ਨੇ ਚੁੱਕਿਆ ਹੈ ਬਾਰੇ ਗਰਬਾਣੀ ਦ੍ਰਿੜ ਕਰਦੀ ਹੈ ਕਿ ਪ੍ਰਭੂ ਤਾਂ ਸਰਬ-ਵਿਆਪਕ ਹੈ।ਉਹ ਸਮੁੱਚੀ ਕੁਦਰਤ ਜਾਂ ਬ੍ਰਹਿਮੰਡ ਵਿਚ ਰਮਿਆ ਹੋਇਆ ਹੈ। ਗੁਰਬਾਣੀ ਵਿਚ ਜ਼ਿਕਰ ਆਉਂਦਾ ਹੈ:

ਸਗਲ ਬਨਸਪਤਿ ਮਹਿ ਬੈਸੰਤਰ ਸਗਲ ਦੂਧ ਮਹਿ ਘੀਆ॥
ਊਚ ਨੀਚ ਮਹਿ ਜੋਤ ਸਮਾਣੀ ਘਟਿ ਘਟਿ ਮਾਧਉ ਜੀਆ॥ [57]
ਅਗਮ ਅਗਾਧਿ ਪਾਰਬ੍ਰਹਮ ਸੋਇ॥
ਜੋ ਜੋ ਕਹੈ ਸੁ ਮੁਕਤਾ ਹੋਇ॥ [58]
ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ॥
ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ॥ [59]

ਗੁਰਮਤਿ ਹਜ਼ਰਤ ਮੁਹੰਮਦ ਸਾਹਿਬ ਨੂੰ ਆਖਰੀ ਪੈਗ਼ੰਬਰ ਨਹੀਂ ਮੰਨਦੀ। ਗੁਰਬਾਣੀ ਦਾ ਨਿਸਚਾ ਹੈ ਕਿ ਹਜ਼ਾਰਾ ਪੈਗ਼ੰਬਰ ਤੇ ਮਹਾਂਪੁਰਸ਼ ਸੰਸਾਰ ਵਿਚ ਉਪਜਦੇ ਤੇ ਬਿਨਸਦੇ ਰਹਿੰਦੇ ਹਨ। ਗੁਰਮਤਿ ਇਸ ਗਲ ਨੂੰ ਅਪ੍ਰਵਾਨ ਕਰਦੀ ਹੈ ਕਿ ਕਿਸੇ ਪੈਗੰਬਰ ਦੀ ਸ਼ਿਫਾਰਸ਼ ਨਾਲ ਇਨਸਾਨ ਦੇ ਸਾਰੇ ਗੁਨਾਹ ਮੁਆਫ਼ ਹੋ ਜਾਣਗੇ ਤੇ ਉਹ ਸੁਰਗਾਂ ਦਾ ਵਾਸੀ ਬਣੇਗਾ। ਗੁਰਮਤਿ ਸ਼ੁਭ ਅਮਲਾਂ ਤੇ ਕਰਮਾਂ ਨਾਲ ਕਿਰਦਾਰ ਨੂੰ ਉੱਚਾ ਤੇ ਸੁੱਚਾ ਬਣਾਉਣ ਦੀ ਪ੍ਰੇਰਣਾ ਦਿੰਦਾ ਹੈ। ਗੁਰਮਤਿ  ਨੇ ਜਿਵੇਂ ਬ੍ਰਾਹਮਣ ਧਰਮ ਵਿਚ ਆਏ ਵਰਤਾਂ ਦੀ ਨਿਖੇਧੀ ਕੀਤੀ ਹੈ ਉਵੇਂ ਇਸਲਾਮ ਦੇ ਰੋਜ਼ਿਆਂ ਦਾ ਵੀ ਖੰਡਨ ਕੀਤਾ ਹੈ। ਗੁਰਬਾਣੀ ਦਾ ਸੰਵਾਦ ਹੈ:

ਅੰਨੁ ਨ ਖਾਹਿ ਦੇਹੀ ਦੁਖ ਦੀਜੈ॥
ਬਿਨੁ ਗੁਰ ਗਿਆਨ ਤ੍ਰਿਪਤਿ ਨਹੀਂ ਥੀਜੈ॥ [60]

ਗੁਰਮਤਿ ਇਸਲਾਮ ਦੀ ਤਰ੍ਹਾਂ ਰਮਜ਼ਾਨ ਦੇ ਮਹੀਨੇ ਅਤੇ ਜੁੰਮਾ ਨੂੰ ਹੀ ਪਵਿਤਰ ਨਹੀਂ ਮੰਨਦਾ ਬਲਕਿ ਸਾਰੇ ਮਹੀਨੇ, ਦਿਨ, ਤਿਥਾਂ ਨੂੰ ਪਵਿਤਰ ਮੰਨਦਾ ਹੈ। ਗੁਰਮਤਿ ਵਿਚ ਜ਼ਿਕਰ ਆਉਂਦਾ ਹੈ:

ਸਤਿਗੁਰ ਬਾਝਹੁ ਅੰਧੁ ਗੁਬਾਰੁ॥
ਥਿਤੀ ਵਾਰ ਸੇਵਹਿ ਮੁਗਧ ਗਵਾਰ॥ [61]

ਗੁਰਮਤਿ ਰਮਜ਼ਾਨ ਦੇ ਮਹੀਨੇ ਅਤੇ ਇਸ ਮਹੀਨੇ ਵਿਚ ਵਿਚਰਨ ਵਾਲੇ ਫਰਿਸ਼ਤਿਆਂ ਦੀ ਹੋਂਦ ਵਿਚ ਯਕੀਨ ਨਹੀਂ ਰੱਖਦੀ। ਇਸਲਾਮ ਕਿਆਮਤ ਦੀ ਧਾਰਨਾ ਵਿਚ ਯਕੀਨ ਰੱਖਦਾ ਹੈ। ਜਿਸ ਅਨੁਸਾਰ ਕਿਆਮਤ ਵਾਲੇ ਦਿਨ ਸਭ ਆਦਮੀ ਆਪਣੀਆਂ ਕਬਰਾਂ ਵਿਚੋਂ ਉੱਠ ਖੜੋਣਗੇ। ਚੰਗੇ ਕੰਮ ਕਰਨ ਵਾਲੇ ਜੰਨਤ ਤੇ ਮਾੜੇ ਕੰਮ ਕਰਨ ਵਾਲੇ ਦੌਜਖ ਜਾਣਗੇ। ਗੁਰਮਤਿ ਕਰਮਾਂ ਦੇ ਸਿਧਾਂਤ ਵਿਚ ਯਕੀਨ ਰੱਖਦੀ ਹੈ। ਚੰਗੇ ਮੰਦੇ ਕਰਮਾਂ ਅਨੁਸਾਰ ਮਨੁੱਖ ਨੂੰ ਜੀਵਨ ਮਿਲਦਾ ਹੈ। ਇਸਲਾਮ ਧਰਮ ਵੀ ਈਸਾਈ ਧਰਮ ਵਾਂਗ ਸ਼ੈਤਾਨ ਦੀ ਹੋਂਦ ਨੂੰ ਮੰਨਦਾ ਹੈ ਜੋ ਜੀਵ ਨੂੰ ਪਾਪ ਵਲ ਪ੍ਰੇਰਦਾ ਹੈ।ਗੁਰਮਤਿ ਦੁੱਖਾਂ ਦਾ ਕਾਰਨ ਮਾਇਆ ਨੂੰ ਮੰਨਦੇ ਹਨ। ਪਰ ਜੀਵ ਨਾਮ ਦੁਆਰਾ ਰੱਬੀ ਮਾਰਗ ਤੇ ਚੱਲ ਕੇ ਚੰਗੇ ਕਰਮ ਕਰਦਾ ਹੋਇਆ ਵਿਕਾਰਾਂ ਤੇ ਜਿੱਤ ਪ੍ਰਾਪਤ ਕਰ ਲੈਂਦਾ ਹੈ।

ਇਸ ਤਰ੍ਹਾਂ ਇਹ ਸਪਸ਼ਟ ਹੁੰਦਾ ਹੈ ਕਿ ਵਿਸ਼ਵ ਵਿਚ ਜਿੰਨੇ ਵੀ ਪ੍ਰਮੁੱਖ ਧਰਮ ਹਨ, ਉਨ੍ਹਾਂ ਦਾ ਆਪੋ-ਆਪਣਾ ਧਰਮ-ਗ੍ਰੰਥ ਹੈ ਜੋ ਉਸ ਧਰਮ ਦੇ ਨਿਯਮਾਂ, ਆਦੇਸ਼ਾਂ ਤੇ ਸਿਧਾਂਤਾਂ ਤੇ ਆਧਾਰਿਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਮੂਲ ਰੂਪ ਵਿਚ ਸਿੱਖ ਧਰਮ ਦਾ ਧਰਮ-ਗ੍ਰੰਥ ਹੈ ਜੋ ਗੁਰਮਤਿ ਵਿਚਾਰਧਾਰਾ ਤੇ ਦਰਸ਼ਨ ਨੂੰ ਰੂਪਮਾਨ ਕਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਐਸੀਆਂ ਬਹੁਤ ਵਿਸ਼ੇਸ਼ਤਾਵਾਂ ਹਨ ਜਿਸ ਨਾਲ ਉਹ ਦੂਜੇ ਧਰਮਾਂ ਤੋਂ ਵਿਲੱਖਣ ਬਣ ਜਾਂਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ 1430 ਪੰਨਿਆਂ ਤੇ ਫੈਲਿਆ ਵੱਡ-ਆਕਾਰੀ ਗ੍ਰੰਥ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 36 ਮਹਾਂਪੁਰਖਾਂ ਦੀ ਬਾਣੀ ਦਰਜ ਹੈ ਜਿਨ੍ਹਾਂ ਵਿਚ ਛੇ ਗੁਰੂ ਸਾਹਿਬਾਨ, ਪੰਦਰਾਂ ਭਗਤ, ਗਿਆਰਾਂ ਭੱਟਾਂ, ਚਾਰ ਗੁਰਸਿੱਖਾ ਦੀ ਬਾਣੀ ਹੈ; ਜੋ ਹਿੰਦੁਸਤਾਨ ਦੇ ਵੱਖ-ਵੱਖ ਅਕੀਦਿਆਂ, ਮਜ਼ਬਾਂ, ਕੌਮਾਂ, ਪ੍ਰਾਂਤਾਂ ਅਤੇ ਧਾਰਨਾਵਾਂ ਨਾਲ ਜੁੜੇ ਹੋਏ ਵੀ ਸਮੁੱਚੀ ਮਾਨਵਤਾ ਦੀ ਰਹਿਬਰੀ ਕਰਦੇ ਪ੍ਰਤੀਤ ਹੁੰਦੇ ਹਨ। ਮਨੁੱਖਤਾ ਨੂੰ ਅਧਿਆਤਮਿਕਤਾ, ਏਕਤਾ ਅਤੇ ਭਾਈਚਾਰੇ ਦਾ ਉਹ ਮਾਡਲ ਪੇਸ਼ ਕਰ ਰਹੇ ਸਨ ਜੋ ਮਨੁੱਖ ਲਈ 'ਮੁਕਤੀ ਪ੍ਰਵਚਨ' ਦਾ ਪ੍ਰਤੀਕ ਬਣ ਗਿਆ। ਸਮੇਂ ਅਤੇ ਸਥਾਨ ਦੀ ਦ੍ਰਿਸ਼ਟੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ 12 ਵੀ ਸਦੀ ਤੋਂ ਲੈ ਕੇ 17 ਵੀ ਸਦੀ ਤੱਕ ਦਾ ਸਭਿਆਚਾਰਕ ਇਤਿਹਾਸਕ ਦਸਤਾਵੇਜ਼ ਹੈ ਪਰ ਇਸ ਵਿਚ ਪੇਸ਼ ਅੰਤਰ-ਦ੍ਰਿਸ਼ਟੀਆਂ ਤੇ ਸੰਵਾਦ ਅਜੋਕੇ ਭਾਰਤੀ ਸਮਾਜ ਜਾਂ ਸਭਿਆਚਾਰ ਲਈ ਨਹੀਂ ਸਮੁੱਚੀ ਜਾਤੀ ਜਾਂ ਮਨੁੱਖਤਾ ਲਈ ਪ੍ਰਾਸੰਗਿਕ ਹਨ, ਸਾਰਥਿਕ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ 31 ਰਾਗਾਂ ਵਿਚ ਦਰਜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਅਰਜਨ ਦੇਵ ਜੀ ਨੇ 1604 ਈ. ਵਿਚ ਸੰਪਾਦਿਤ ਕੀਤਾ। ਭਾਈ ਗੁਰਦਾਸ ਜੀ ਇਸ ਦੇ ਪਹਿਲੇ ਲਿਖਾਰੀ ਸਨ। ਗੁਰੂ ਗੋਬਿੰਦ ਸਿੰਘ ਜੀ ਨੇ 1706 ਈ. ਵਿਚ ਤਲਵੰਡੀ ਸਾਬੋ ਵਿਖੇ ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਸ਼ਾਮਿਲ ਕਰਕੇ ਇਸਨੂੰ ਸੰਪੂਰਨਤਾ ਪ੍ਰਦਾਨ ਕੀਤੀ। ਅਰਥਾਤ 102 ਸਾਲਾਂ ਬਾਅਦ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਬੀੜ ਭਾਈ ਮਨੀ ਸਿੰਘ ਤੋਂ ਦੁਬਾਰਾ ਤਿਆਰ ਕਰਵਾਈ ਗਈ ਅਤੇ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਸ਼ਾਮਿਲ ਕੀਤਾ ਗਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਕੇਵਲ ਇੱਕੋ-ਇੱਕ ਧਰਮ ਗ੍ਰੰਥ ਹੈ, ਜਿਸਨੂੰ ਧਰਮ ਦੇ ਬਾਨੀਆਂ (ਗੁਰੂ ਸਾਹਿਬਾਨ) ਨੇ ਆਪ ਤਿਆਰ ਕਰਵਾਇਆ। 'ਗੁਰੂ ਅਰਜਨ ਦੇਵ ਜੀ ਨੇ ਮਨੁੱਖੀ ਭਾਈਚਾਰੇ ਦੀ ਰੂਹਾਨੀ ਤੇ ਨੈਤਿਕ ਅਗਵਾਈ ਲਈ ਲਿਖਤੀ ਪਾਠ ਦੇ ਮਹੱਤਵ ਨੂੰ ਪਛਾਣਦਿਆਂ ਇਸ ਗ੍ਰੰਥ ਦੀ ਸੰਕਲਪਨਾ ਕੀਤੀ। ਸਿੱਖ ਧਰਮ ਦੇ ਪ੍ਰਵਰਤਕ, ਗੁਰੂ ਨਾਨਕ ਦੇਵ, ਨੇ ਦੈਵੀ ਪ੍ਰੇਰਣਾ ਦੇ ਛਿਣਾਂ ਵਿਚ ਰਚੀ ਆਪਣੀ ਬਾਣੀ ਦਾ ਸੰਗ੍ਰਹਿ ਤਿਆਰ ਕਰਕੇ ਇਸ ਤਰ੍ਹਾਂ ਦੇ ਭਵਿੱਖਾਰਥੀ ਉਪਰਾਲੇ ਦੀ

ਨੀਂਹ ਰੱਖ ਦਿੱਤੀ ਸੀ ਜਿਸਨੂੰ ਹੋਰ ਮਜਬੂਤ ਕਰਨ ਵਿਚ ਹੋਰਨਾਂ ਗੁਰੂ ਵਿਅਕਤੀਆਂ ਨੇ ਵੀ ਆਪਣੀ ਬਾਣੀ ਸਿਰਜਨਾ ਰਾਹੀਂ ਮਹੱਤਵਪੂਰਨ ਯੋਗਦਾਨ ਪਾਇਆ। ਗੁਰੂ ਅਰਜਨ ਦੇਵ ਜੀ ਨੇ ਨਾ ਸਿਰਫ਼ ਆਪਣੀ ਬਾਣੀ ਇਕੱਤਰ ਕੀਤੀ ਸਗੋਂ ਆਪਣੇ ਪੂਰਬ-ਵਰਤੀ ਗੁਰੂ ਵਿਅਕਤੀਆਂ ਦੀ ਥਾਂ ਪਰ ਥਾਂ ਖਿਲਰੀ ਹੋਈ ਬਾਣੀ ਨੂੰ ਬੜੇ ਤਰੱਦਦ ਨਾਲ ਇਕ ਥਾਂ ਇਕੱਤਰ ਕੀਤਾ। ਉਨ੍ਹਾਂ ਨੇ ਬੜੀ ਨੀਝ ਨਾਲ ਇਸ ਬਾਣੀ ਦੀ ਪ੍ਰਾਮਾਣਿਕਤਾ ਦਾ ਨਿਰਣਾ ਵੀ ਕੀਤਾ।'[62]

ਹੋਰ ਜਿੰਨੇ ਵੀ ਧਰਮ-ਗ੍ਰੰਥ ਹਨ ਉਨ੍ਹਾਂ ਦੀ ਰਚਨਾ ਉਨ੍ਹਾਂ ਦੇ ਬਾਨੀਆਂ ਦੇ ਕਾਲ ਤੋਂ ਬਹੁਤ ਬਾਅਦ ਵਿਚ ਹੋਈ । ਅਰਥਾਤ ਧਰਮ ਦੇ ਬਾਨੀਆਂ ਦੀ ਮੌਜੂਦਗੀ ਵਿਚ ਗ੍ਰੰਥ ਤਿਆਰ ਨਹੀਂ ਹੋਏ। ਵੇਦਾਂ ਤੇ ਉਪਨਿਸ਼ਦਾਂ ਦੇ ਰਚਨਾਕਾਰਾਂ ਅਤੇ ਰਚਣ ਕਾਲ ਬਾਰੇ ਮੱਤ-ਭੇਦ ਹਨ। ਚਾਰੇ ਕਤੇਬਾਂ ਤੌਰੇਤ, ਜੰਬੂਰ, ਇੰਜੀਲ ਤੇ ਕੁਰਾਨ, ਜੈਨ ਧਰਮ ਦੇ ਗ੍ਰੰਥ ਤ੍ਰਿਪਟਕ, ਬੁੱਧ ਧਰਮ ਦੇ ਗ੍ਰੰਥ ਧਮਪਦ ਆਦਿ ਦੀ ਰਚਨਾ ਬਹੁਤ ਬਾਅਦ ਵਿਚ ਇਨ੍ਹਾਂ ਧਰਮਾਂ ਦੇ ਪੈਰੋਕਾਰਾਂ ਵੱਲੋਂ ਕੀਤੀ ਗਈ।

ਕੁਰਾਨ ਮੁਸਲਮਾਨਾਂ ਦਾ ਪੱਵਿਤਰ ਧਰਮ-ਗ੍ਰੰਥ ਹੈ ਜਿਸਨੂੰ ਖ਼ੁਦਾਈ ਕਿਤਾਬ, ਇਲਾਹੀ ਕਿਤਾਬ ਅਤੇ ਇਲਹਾਮੀ ਸਹੀਫ਼ਾ ਵੀ ਕਿਹਾ ਜਾਂਦਾ ਹੈ। ਮੁਸਲਮਾਨਾਂ ਲਈ ਧਾਰਮਿਕ, ਅਧਿਆਤਮਿਕ, ਸਦਾਚਾਰਿਕ, ਨੈਤਿਕ, ਸਿਧਾਂਤਕ ਅਗਵਾਈ, ਪ੍ਰੇਰਣਾ ਅਤੇ ਪ੍ਰਭਾਵ ਲਈ ਇਹ ਗ੍ਰੰਥ ਇਕ ਅਤਿਅੰਤ ਉੱਤਮ ਪ੍ਰਮਾਣਿਕਤਾ ਦਾ ਦਰਜਾ ਰਖਦਾ ਹੈ। ਹਜ਼ਰਤ ਮਹੁੰਮਦ ਸਾਹਿਬ ਦੇ ਦਿਹਾਂਤ ਮਗਰੋਂ ਹਾਫਿਜ਼ਾਂ ਦੀ ਖ਼ਤਮ ਹੋ ਰਹੀ ਹੋਂਦ ਤੋਂ ਇਹ ਮਹਿਸੂਸ ਕੀਤਾ ਗਿਆ ਕਿ ਕੁਰਾਨ ਮਜੀਦ ਦੇ ਸਾਰੇ ਭਾਗ ਇਕੱਤਰ ਕੀਤੇ ਜਾਣ। ਹਜ਼ਰਤ ਸਾਹਿਬ ਦੇ ਕਾਤਿਬ ਜ਼ੈਦ ਇਬਤ-ਏ-ਸਾਬਤ ਨੇ ਖ਼ਜੂਰ ਦੇ ਪੱਤਿਆਂ, ਚਿੱਟੇ ਪੱਥਰ ਦੀਆਂ ਤਖਤੀਆਂ ਅਤੇ ਲੋਕ-ਯਾਦਾਂ ਤੋਂ ਸਾਰੀ ਸਾਮੱਗਰੀ ਤਿਆਰ ਕਰਵਾ ਕੇ ਮਦੀਨੇ ਰੱਖਿਆ ਗਿਆ ਤੇ ਇਸ ਦੇ ਤਿੰਨ ਉਤਾਰੇ ਕਰਵਾਏ ਗਏ। ਹਜ਼ਰਤ ਅਬੂ ਅਤੇ ਹਜ਼ਰਤ ਉਸਮਾਨ ਦੁਆਰਾ ਤਿਆਰ ਕੀਤੇ ਖਰੜਿਆਂ ਵਿਚ ਪਾਠ-ਅੰਤਰ ਸੀ। ਮਦੀਨੇ ਵਾਲੇ ਖਰੜੇ ਨੂੰ ਪ੍ਰਾਮਣੀਕ ਮੰਨਦੇ ਹੋਏ ਇਬਿਨ ਮਜਾਹਦ ਅਤੇ ਦੋ ਵਜ਼ੀਰਾਂ ਇਬਨਿਮਕਲਾ ਅਤੇ ਇਬਨਿਈਸਾ ਦੇ ਯਤਨਾਂ ਨਾਲ ਇਸਨੂੰ ਨਿਸਚਿਤ ਰੂਪ ਮਿਲਿਆ।

ਬਾਈਬਲ ਦੇ ਦੋ ਪ੍ਰਮੁੱਖ ਹਿੱਸੇ ਹਨ।ਪਹਿਲੇ ਹਿੱਸੇ ਨੂੰ ਯਹੂਦੀ ਬਾਈਬਲ ਜਾਂ ਓਲਡ ਟੈਸਟਾਮੈਂਟ (ਪੁਰਾਣਾ ਅਹਿਦਨਾਮਾ /ਨੇਮ) Old Testament ਕਿਹਾ ਜਾਂਦਾ ਹੈ ਅਤੇ ਦੂਜੇ ਹਿੱਸੇ ਨੂੰ ਈਸਾਈ ਬਾਈਬਲ ਜਾਂ ਨਿਊ ਟੈਸਟਾਮੈਂਟ (ਨਵਾਂ ਅਹਿਦਨਾਮਾ/ ਨਿਯਮ) New Testament ਕਿਹਾ ਜਾਂਦਾ ਹੈ। ਟੈਸਟਾਮੈਂਟ ਤੋਂ ਭਾਵ 'ਕਾਨਵੈਂਟ' ਜਾਂ ਐਗਰੀਮੈਂਟ (ਸਮਝੋਤਾ) ਹੈ।ਓਲਡ ਟੈਸਟਾਮੈਂਟ ਵਿਚ ਈਸਾ ਜੀ ਦੇ ਜਨਮ ਤੋਂ ਪਹਿਲਾਂ ਦੇ ਹਾਲਾਤ ਅੰਕਿਤ ਹਨ। ਇਸ ਵਿਚ ਕੁਲ ਮਿਲਾ ਕੇ 39 ਪੁਸਤਕਾਂ ਹਨ। ਨਿਊ ਟੈਸਟਾਮੈਂਟ 27 ਪੁਸਤਕਾਂ ਦਾ ਸੰਗ੍ਰਹਿ ਹੈ। ਇਸ ਹਿੱਸੇ ਵਿਚ ਈਸਾ ਜੀ ਦੇ ਜੀਵਨ, ਸਿਖਿਆਵਾਂ ਅਤੇ ਈਸਾਈ ਧਰਮ ਦੇ ਮੁਢਲੇ ਰਸੂਲਾਂ ਦੇ ਅਨੁਭਵ ਤੇ ਵਿਚਾਰ ਹਨ।ਇਸ ਤਰ੍ਹਾਂ ਬਾਈਬਲ ਇਕ ਪੁਸਤਕ ਨਹੀਂ ਸਗੋਂ 66 ਪੁਸਤਕਾਂ ਦਾ ਸੰਕਲਨ ਹੈ ਜਿਸ ਨੂੰ ਵੱਖ-ਵੱਖ 40 ਲੇਖਕਾਂ ਨੇ ਲਿਖਿਆ ਹੈ। ਬਾਈਬਲ ਲਿਖੇ ਜਾਣ ਵਿਚ 1600 ਸਾਲ ਦਾ ਸਮਾਂ ਲੱਗਿਆ ਹੈ। ਇਸ ਤਰਾਂ ਇਹ ਯਹੂਦੀਆਂ ਤੇ ਈਸਾਈਆਂ ਦਾ ਸਾਂਝਾਂ ਧਰਮ ਗ੍ਰੰਥ ਹੈ ਜੋ ਮਿੱਥ ਤੇ ਕਾਲਪਨਿਕ ਕਥਾਂਵਾਂ ਤੋਂ ਆਰੰਭ ਹੋ ਕੇ ਇਤਿਹਾਸ ਦਾ ਫੀਚਰ ਹੋ ਨਿਬੜਦਾ ਹੈ। ਨਿਊ ਟੈਸਟਾਮੈਂਟ ਵਿਚ ਚਾਰ ਉਪਦੇਸ਼ (ਗਾਸਪਲ) ਬਹੁਤ ਮਸ਼ਹੂਰ ਹਨ: ਮੈਥਿਊ, ਮਾਰਕ, ਲਿਊਕ, ਜੌਨ ।

ਮੈਕਾਲਿਫ਼ ਨੇ ਇਸੇ ਵਿਲੱਖਣ ਨੁਕਤੇ ਨੂੰ ਵਿਚਾਰਦਿਆਂ ਵਿਸ਼ਵ ਦੇ ਸਾਰੇ ਧਰਮਾਂ, ਉਨ੍ਹਾਂ ਦੇ ਸੰਸਥਾਪਕਾਂ ਅਤੇ ਧਰਮ-ਗ੍ਰੰਥਾਂ ਦੇ ਨਾਂ ਲੈ ਕੇ ਇਹ ਕਥਨ ਬੜੇ ਭਰੋਸੇ ਦ੍ਰਿੜ ਸ਼ਬਦਾਂ ਵਿਚ ਕਿਹਾ ਸੀ:

The Sikh Religion differs as regards the authenticity of its dogmas from most other great theological systems. Many of the great teachers, the World has know, have not left a line of their own compositions, and we only know what they taught through tradition or second hand information… But the composition of Sikh Gurus are preserved ( in Granth Sahib) and we know at first hand what they taught.[63]

ਅਰਥਾਤ ਸਿੱਖ ਧਰਮ ਆਪਣੇ ਸਿਧਾਂਤਾਂ ਤੇ ਨਿਸਚਿਆਂ ਦੀ ਪ੍ਰਮਾਣਿਕਤਾ ਕਾਰਨ, ਹੋਰ ਬਹੁਤ ਸਾਰੀਆਂ ਦਾਰਸ਼ਨਿਕ ਪ੍ਰਣਾਲੀਆਂ ਨਾਲੋਂ ਵੱਖਰਾ ਜਾਂ ਵਿਲੱਖਣ ਹੈ। ਦੁਨੀਆਂ ਵਿਚ ਹੋ ਚੁੱਕੇ ਬਹੁਤ ਸਾਰੇ ਉਪਦੇਸ਼ਕ ਤੇ ਧਰਮ ਸੰਚਾਲਕ ਆਪਣੀ ਰਚਨਾ ਦੀ ਇਕ ਲਿਖਤ ਵੀ ਪਿੱਛੇ ਛੱਡ ਕੇ ਨਹੀਂ ਗਏ ਅਤੇ ਅਸੀਂ ਉਨ੍ਹਾਂ ਦੇ ਸਿੱਖਿਆ ਤੇ ਉਪਦੇਸ਼ ਨੂੰ ਸੁਣੀ-ਸੁਣਾਈ ਜਾਂਦੀ ਜਾਣਕਾਰੀ ਦੇ ਆਧਾਰ ਤੇ ਕੇਵਲ ਰਵਾਇਤ ਰਾਹੀਂ ਹੀ ਜਾਣਦੇ ਹਾਂ।---ਪੰਰਤੂ ਬਾਣੀਕਾਰਾਂ ਦੀਆਂ ਕਿਰਤਾਂ ਗੁਰੂ ਗ੍ਰੰਥ ਸਾਹਿਬ ਵਿਚ ਇੰਨ-ਬਿੰਨ ਸੁਰੱਖਿਅਤ ਹਨ ਅਤੇ ਸਾਨੂੰ ਉਨ੍ਹਾਂ ਦੀ ਸਿੱਖਿਆ ਤੇ ਉਦੇਸ਼ ਉਨ੍ਹਾਂ ਰਾਹੀਂ ਹੀ, ਆਪਣੇ ਅਸਲ ਰੂਪ ਵਿਚ ਪਰਾਪਤ ਹਨ।

ਵਿਸ਼ਾਲ ਆਕਾਰ ਅਤੇ ਵਿਸ਼ਾਲ ਭੂਗੋਲਿਕ ਖਿੱਤੇ ਨਾਲ ਸੰਬੰਧਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਸਤੁਤ ਬਾਣੀ ਦੀ ਸੰਪਾਦਨਾ ਮਹਾਨ ਸੰਪਾਦਕ ਦੀ ਵਿਸ਼ਾਲ ਸੰਪਾਦਕੀ ਸੂਝ ਨੂੰ ਨਿਰਧਾਰਿਤ ਕਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਪੱਧਰ ਤੇ ਇੱਕੋ ਐਹੋ ਜਿਹਾ ਗ੍ਰੰਥ ਹੈ ਜਿਸ ਨੂੰ 'ਸਿੱਖ-ਧਰਮ' ਵਿਚ ਗੁਰੂ ਵੱਜੋਂ ਸਵੀਕਾਰਿਆ ਤੇ ਸਨਮਾਨਿਆ ਗਿਆ ਹੈ। ਗ੍ਰੰਥ ਅਰਥਾਤ ਸ਼ਬਦ ਹੀ ਗੁਰੂ ਹੈ, ਇਹ ਸਥਿਤੀ ਸਿੱਖ ਜਗਤ ਦੀ ਵਿਲੱਖਣਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵਿਚ ਬਾਣੀ ਦਾ ਸੰਕਲਨ, ਬਾਣੀ ਇੱਕਤਰੀਕਰਨ ਦੇ ਸਰੋਤ, ਬਾਣੀ ਦਾ ਅੰਕਣ-ਪ੍ਰਬੰਧ, ਉਪਕ੍ਰਮ, ਉਪਸੰਹਾਰ, ਰਾਗ-ਪ੍ਰਬੰਧ, ਸਿਰਲੇਖ-ਵਿਧਾਨ ਆਦਿ ਗ੍ਰੰਥ-ਸਿਰਜਣਾ ਦੇ ਸਿਧਾਂਤਾਂ ਦਾ ਨਿਭਾਉ ਬਹੁਤ ਉੱਚ ਪੱਧਰ ਦਾ ਹੈ।

ਹੋਰਨਾਂ ਧਰਮ ਗ੍ਰੰਥਾਂ ਦੇ ਸੰਦਰਭ ਵਿਚ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਿਸ਼ਲੇਸ਼ਣ ਕੀਤਾ ਤਾਂ ਸਪਸ਼ਟ ਹੋਇਆ ਕਿ ਇਸ ਗ੍ਰੰਥ ਵਿਚ ਕੇਵਲ ਇਕ ਧਰਮ ਚਿੰਤਕ ਜਾਂ ਉਸਦੇ ਉਪਦੇਸ਼ਾਂ ਦਾ ਸਾਰ ਨਹੀਂ ਹੈ। ਇਹ ਗ੍ਰੰਥ ਕਿਸੇ ਇਕ ਧਰਮ ਦੇ ਸੰਸਥਾਪਕ ਦੀ ਸਿਖਿਆ ਨਹੀਂ ਹੈ। ਇਹ 36 ਬਾਣੀਕਾਰਾਂ ਦਾ ਪੈਗ਼ਾਮ ਹੈ। ਸਮੱਸਤ ਬਾਣੀਕਾਰ ਮੱਧਕਾਲੀਨ ਹਿੰਦੋਸਤਾਨ ਦੇ ਉਨ੍ਹਾਂ ਕ੍ਰਾਂਤੀਕਾਰੀ ਧਰਮ-ਪ੍ਰਵਰਤਕਾਂ ਵਿਚੋਂ ਹਨ ਜਿਨ੍ਹਾਂ ਨੇ ਆਪਣੇ ਸਿਰਜਿਤ ਸੰਵਾਦ ਤੇ ਪ੍ਰਵਚਨ ਦੁਆਰਾ ਤਤਕਾਲੀਨ ਸਮੇਂ ਦੇ ਸਾਮਾਜਿਕ ਅਤੇ ਸਭਿਆਚਾਰਕ ਜੀਵਨ ਵਿਚ ਨਵ-ਜਾਗ੍ਰਿਤੀ ਦੀ ਨਵ-ਚੇਤੰਨਤਾ ਨੂੰ ਸੰਗਠਿਤ ਕਰਨ ਦਾ ਉਪਰਾਲਾ ਕੀਤਾ ਹੈ। ਜਿਸ ਨੂੰ ਤਵਾਰੀਖ ਨੇ ਭਗਤੀ ਲਹਿਰ ਦਾ ਨਾਮ ਦਿੱਤਾ। ਇਸ ਲਹਿਰ ਨੇ ਜਿੱਥੇ ਲੋਕਾਈ ਦੇ ਪਾਰਲੌਕਿਕ ਸੱਚ ਦਾ ਸਪਸ਼ਟੀਕਰਨ ਕੀਤਾ ਉੱਥੇ ਭਾਈਚਾਰਕ ਸਾਂਝ ਤੇ ਏਕਤਾ ਨੂੰ ਮਜਬੂਤ ਕਰਨ ਲਈ ਮਾਨਵਤਾ ਤੇ ਇਨਸਾਨੀਅਤ ਨੂੰ ਵੀ ਦ੍ਰਿੜਤਾ ਨਾਲ ਸਥਾਪਤ ਕਰਨ ਮਹੱਤਵਪੂਰਨ ਭੂਮਿਕਾ ਨਿਭਾਈ ਹੈ। 'ਇਸ ਤੋਂ ਇਲਾਵਾ ਇਸ

ਲਹਿਰ ਨੇ ਤੱਤਕਾਲੀਨ ਸਥਾਪਿਤ ਵਿਵਸਥਾ ਦੇ ਦਮਨਕਾਰੀ ਤੰਤਰ ਅਤੇ ਪ੍ਰਚਲਿਤ ਰੂੜ੍ਹੀਵਾਦੀ ਸੰਸਥਾਵਾਂ ਦੇ ਮਾਨਵ-ਵਿਰੋਧੀ ਸੰਗਠਨਾਂ ਨੂੰ ਵੰਗਾਰਦਿਆਂ ਪੀੜਿਤ ਲੋਕਾਈ ਦੇ ਮਨ ਵਿਚ ਆਜ਼ਾਦੀ ਦਾ ਸੁਪਨਾ ਜਗਾਇਆ। ਸਮਕਾਲੀ ਮੁਹਾਵਰੇ ਅਨੁਸਾਰ, ਇਸ ਪਾਵਨ ਗ੍ਰੰਥ ਨੂੰ ਦਮਨਕਾਰੀ ਸ਼ਕਤੀ-ਪ੍ਰਵਚਨ ਨਾਲ ਸੰਵਾਦ ਰਚਾਉਣ ਵਾਲੇ ਮੁਕਤੀ-ਪ੍ਰਵਚਨ ਦਾ ਪ੍ਰਤੀਕ ਮੰਨਿਆ ਜਾ ਸਕਦਾ ਹੈ। ਇਸ ਤਰ੍ਹਾਂ ਇਹ ਬਾਣੀ ਮਾਨਵਜਾਤੀ ਦੇ ਅਵਚੇਤਨ ਵਿਚ ਵਸਦੀ ਉਸ ਸਦੀਵੀ ਲੋਚਾ ਨੂੰ ਮੂਰਤੀਮਾਨ ਕਰਦੀ ਹੈ ਜੋ ਹਰ ਕਿਸਮ ਦੇ ਜ਼ੁਲਮ, ਤਸ਼ੱਦਦ, ਦਮਨ ਅਤੇ ਸ਼ੋਸ਼ਣ ਦੇ ਖ਼ਿਲਾਫ਼ ਵਿਦਰੋਹ ਬਣ ਕੇ ਉਜਾਗਰ ਹੁੰਦੀ ਹੈ।'[64]

ਗੁਰੂ ਗ੍ਰੰਥ ਸਾਹਿਬ ਵਿਚ ਵਿਭਿੰਨ ਮਹਾਂਪੁਰਖਾਂ ਤੇ ਸੰਤਾਂ ਦੀ ਬਾਣੀ ਇਕੱਤਰ ਕਰਕੇ ਗੁਰੂ ਸਾਹਿਬਾਨ ਸਮੁੱਚੀ ਲੋਕਾਈ ਨੂੰ ਸਰਬ ਸਾਂਝਾਂ ਗ੍ਰੰਥ ਪ੍ਰਦਾਨ ਕਰਨਾ ਚਾਹੁੰਦੇ ਸਨ ਤਾਂ ਜੋ ਸਮੁੱਚੀ ਮਨੁੱਖਤਾ ਸ਼ਬਦ ਗੁਰੂ ਦੀ ਰਹਿਨੁਮਾਈ ਹੇਠ ਸਭ ਪ੍ਰਕਾਰ ਦੀਆਂ ਹੱਦਾਂ ਬੰਨਿਆਂ ਤੋਂ ਬੇਨਿਆਜ਼ ਹੋ ਕੇ ਇਕ ਰੱਬ ਦੀ ਸੰਤਾਨ ਅਖਵਾ ਸਕੇ। ਇਸ ਤਰ੍ਹਾਂ ਪਰਸਪਰ ਪਿਆਰ, ਸਦਭਾਵਨਾ, ਸਹਿਚਾਰ ਤੇ ਏਕਤਾ ਦੇ ਗੁਣਾਂ ਦੇ ਪ੍ਰਫੁਲਤ ਹੋਣ ਨਾਲ ਸਾਰੇ ਬੰਧਨ, ਵਿੱਥਾਂ ਅਤੇ ਨਫ਼ਰਤਾਂ ਦਾ ਅੰਤ ਹੋ ਜਾਏਗਾ।ਮਨੁੱਖ ਮਨੁੱਖ ਨੂੰ ਮਨੁੱਖ ਦੀ ਨਜ਼ਰ ਨਾਲ ਵੇਖੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਇਹ ਦੂਰ-ਦ੍ਰਿਸ਼ਟਤਾ ਤੇ ਦਿੱਬ ਦ੍ਰਿਸ਼ਟਤਾ ਉਸ ਨੂੰ ਸਮੁੱਚੇ ਵਿਸ਼ਵ ਸਾਹਿਤ ਵਿਚ ਵਿਲੱਖਣ ਤੇ ਨਿਵੇਕਲਾ ਸਥਾਪਿਤ ਕਰਦੀ ਹੈ।'ਇਵੇਂ ਅਨੁਭਵ ਹੁੰਦਾ ਹੈ ਕਿ ਇਹ 36 ਇਲਾਹੀ ਪੁਰਸ਼ ਸਦੀਵੀਂ ਅਧਿਆਤਮਿਕ ਉਪਦੇਸ਼ ਦਾ ਸੰਚਾਰ ਕਰਨ ਹਿੱਤ ਅਤੇ ਸਮੁੱਚੀ ਮਾਨਵਤਾ ਨੂੰ ਲੋੜੀਂਦੀ ਅਗਵਾਈ ਦੇਣ ਦੇ ਪਵਿੱਤਰ ਮਨੋਰਥ ਨਾਲ ਇਕ ਪਾਰਲੀਮੈਂਟ ਲਗਾ ਕੇ ਕਲਿਆਣਕਾਰੀ ਪ੍ਰਵਚਨਾਂ ਦੁਆਰਾ ਆਤਮਿਕ ਉੱਚਤਾ ਅਤੇ ਇਖਲਾਕੀ ਪ੍ਰਪੱਕਤਾ ਦਾ ਵਰਦਾਨ ਬਖਸ਼ ਰਹੇ ਹਨ। ਕੋਈ ਵੀ ਮਨੁੱਖ ਚਾਹੇ ਉਹ ਕਿਸੇ ਵੀ ਦੇਸ਼, ਕਿਸੇ ਵੀ ਧਰਮ ਨਾਲ ਸੰਬੰਧਿਤ ਕਿਉਂ ਨਾ ਹੋਵੇ, ਉਸਨੂੰ ਇਨਸਾਨੀ ਨਸਲ ਦੇ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਆਪਣੇ ਹਰ ਸਵਾਲ ਦਾ ਢੁਕਵਾਂ ਸਮਾਧਾਨ ਜ਼ਰੂਰ ਮਿਲੇਗਾ ਕਿਉਂਕਿ ਇਹ ਸਮੁੱਚੀ ਬਾਣੀ ਮਾਨਵੀ ਹਿਰਦੇ ਦੀ ਹਰ ਤੜਪ ਨੂੰ ਬੜੀ ਸੁਚੱਜਤਾ ਸਹਿਤ ਜ਼ਾਬਤਾਬਧ ਕਰਨ ਅਤੇ ਉਸ ਨੂੰ ਸਹਿਜਤਾ ਵਲ ਪ੍ਰਵਰਤਤ ਕਰਨ ਲਈ ਖਾਸ ਤੌਰ ਤੇ ਕਾਮਲ ਹੈ।ਸਹਿ-ਹੋਂਦ (Co-existence) ਅਤੇ ਬਹੁਲਤਾਵਾਦ ਦਾ ਸੰਕਲਪ, ਗੁਰਬਾਣੀ ਦੀ ਅਦੁੱਤੀ ਦੇਣ ਹੈ ਜਿਸਨੇ ਇਹ ਸਾਬਤ ਕਰ ਦਿੱਤਾ ਹੈ ਕਿ ਹਰ ਪ੍ਰਕਾਰ ਦੇ ਲੋਕ ਇੱਕਠੇ ਵਿਚਰ ਸਕਦੇ ਹਨ।'[65]

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਲੱਖਣਤਾ ਦਾ ਇਕ ਪਾਸਾਰ ਇਸ ਦਾ ਗਾਇਨ ਵਿਧਾਨ ਹੈ।ਸਮੁੱਚੀ ਬਾਣੀ ਰਾਗਬੱਧ ਹੈ। ਸੋ ਸੰਗੀਤ ਤੇ ਗਾਇਨਯੋਗਤਾ ਇਸ ਦੇ ਵਿਸ਼ੇਸ਼ ਤੱਤ ਹਨ। ਕਿਹਾ ਜਾਂਦਾ ਹੈ ਕਿ Music is way to God. ਇਹ ਬਾਣੀ ਆਪਣੇ ਅਧਿਆਤਮਕ ਅਨੁਭਵ ਅਤੇ ਬੋਧ ਨੂੰ ਕਾਵਿਕ ਸੰਗਠਨ ਦੇ ਮਾਧਿਅਮ ਰਾਹੀਂ ਪੇਸ਼ ਕਰਨ ਵਿਚ ਅਗਰਸਰ ਨਜ਼ਰ ਆਉਂਦੀ ਹੈ। ਬਾਣੀ ਆਪਣੇ ਆਦਿ ਰੂਪ ਤੋਂ ਹੀ ਸੰਗੀਤਮਈ ਸ਼ਬਦ ਕੀਰਤਨ ਦੁਆਰਾ ਨਿਰੰਤਰ ਰੂਪ ਵਿਚ ਗਤੀਸ਼ੀਲ ਹੁੰਦੀ ਹੈ।ਗੁਰੂ ਨਾਨਕ ਸਾਹਿਬ ਨੇ ਆਪਣੇ ਸੰਗੀ ਸਾਥੀ ਰਬਾਬੀ ਭਾਈ ਮਰਦਾਨਾ ਸੰਗ ਸੰਗੀਤ ਦੀ ਗੁਰਮਤਿ ਸੰਗੀਤ ਪਰੰਪਰਾ ਨੂੰ ਉਦੈ ਕੀਤਾ ਜੋ ਸਮੇਂ ਨਾਲ ਪ੍ਰਵਾਨ ਹੁੰਦੀ ਗਈ। ਸ਼ਬਦ ਕੀਰਤਨ ਦੇ ਇਸ ਗੌਰਵ ਨੂੰ ਵਿਸ਼ਿਸ਼ਟ ਪਰੰਪਰਾ ਦੇ ਰੂਪ ਵਿਚ ਵਿਦਮਾਨ ਕਰਦਿਆਂ ਗੁਰੂ ਅਰਜਨ ਸਾਹਿਬ ਨੇ ਇਸ ਦਾ ਵਿਵਹਾਰਿਕ ਰੂਪ ਵਿਚ ਪ੍ਰਚਲਨ

ਕੀਤਾ।'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਮੁੱਖ ਸਰੂਪ 'ਗੇਯ' ਹੈ। ਭਾਵ 'ਗਾਇਨ ਕੀਤੇ ਜਾਣ ਵਾਲੀ ਰਚਨਾ' ਵੱਜੋਂ ਬਾਣੀ ਦਾ ਸੰਕਲਨ ਕਾਵਿ ਤੇ ਸੰਗੀਤ ਦੇ ਸੰਯੁਕਤ ਰੂਪ ਵਿਚ ਕੀਤਾ ਗਿਆ ਹੈ ਅਤੇ ਬਾਣੀ ਦੀ ਸੰਚਾਰਸ਼ੀਲਤਾ ਦੇ ਸੰਦਰਭ ਵਿਚ ਇਨ੍ਹਾਂ ਦੀ ਕਾਰਜ ਪ੍ਰਕ੍ਰਿਆ ਦਾ ਸਰੂਪ ਵੀ ਸੰਮਿਲਤ ਰੂਪ ਵਿਚ ਹੀ ਪ੍ਰਗਟ ਹੁੰਦਾ ਹੈ। ਭਾਰਤੀ ਸੰਦਰਭ ਵਿਚ ਕਾਵਿ ਤੇ ਸੰਗੀਤ ਦੋ ਸ਼ਸ਼ਕਤ ਕਲਾ ਪਰੰਪਰਾਵਾਂ ਹਨ। ਇਹਨਾਂ ਪਰੰਪਰਾਵਾਂ ਦੀ ਸੁਤੰਤਰ ਪ੍ਰਕ੍ਰਿਤੀ, ਵਿਧੀ ਵਿਧਾਨ ਅਤੇ ਕਾਰ ਪ੍ਰਕ੍ਰਿਆ ਹੈ। ਕਾਵਿ ਤੇ ਸੰਗੀਤ ਦੇ ਸੰਮਿਲਿਤ ਪਸਾਰ ਭਾਰਤੀ ਧਰਮ ਦਰਸ਼ਨ ਦੀ ਵਿਸ਼ੇਸ਼ਤਾ ਰਹੀ ਹੈ। ਵੱਖ-ਵੱਖ ਧਰਮਾਂ ਤੇ ਸੰਪਰਦਾਵਾਂ ਵਿਚ ਇਨ੍ਹਾਂ ਦੇ ਵੱਖ ਵੱਖ ਰੂਪ ਉਪਲਬਧ ਰਹੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਦੰਰਭ ਵਿਚ ਵਾਚੀਏ ਤਾਂ ਇਸ ਮਹਾਨ ਗ੍ਰੰਥ ਨੂੰ ਵਿਸ਼ਿਸ਼ਟ ਗੇਯ ਰੂਪ ਪ੍ਰਦਾਨ ਕਰਨ ਲਈ ਇਕ ਨਿਸ਼ਚਿਤ ਸੰਗੀਤ ਵਿਧਾਨ ਦੀ ਸਿਰਜਨਾ ਕੀਤੀ ਗਈ ਹੈ ਜਿਸ ਦਾ ਪ੍ਰਯੋਜਨ ਬਾਣੀ ਨੂੰ ਕੀਰਤਨ ਦੁਆਰਾ ਸਰਬ ਲੋਕਾਈ ਤੱਕ ਸੰਚਰਿਤ ਕਰਨਾ ਹੈ। ਇਸ ਕੀਰਤਨ ਮੁਖੀ ਸੰਕਲਨ ਦਾ ਮਹੱਤਵ ਕੇਵਲ ਕੀਰਤਨੀਆਂ ਲਈ ਨਾ ਹੋ ਕੇ ਬਾਣੀ ਦਰਸ਼ਨ ਦੇ ਅਧਿਆਤਮਕ ਮੰਡਲ ਵਿਚ ਵਿਚਰਣ ਵਾਲੇ ਸਮੂਹ ਜਗਿਆਸੂਆਂ ਲਈ ਵੀ ਹੈ।'[66] ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਇਹ ਸੰਗੀਤ-ਵਿਧਾਨ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਕਲਾ-ਕੁਸ਼ਲਤਾ ਦੀ ਸਿਖ਼ਰ ਵਜੋਂ ਉਨ੍ਹਾਂ ਨੂੰ ਕਲਾ ਦੀ ਚਰਮ ਸੀਮਾ ਤੇ ਸਥਾਪਿਤ ਕਰਦਾ ਹੈ। ਇਸ ਗ੍ਰੰਥ ਵਿਚ ਕੇਵਲ ਰਾਗ ਜਾਂ ਰਾਗਾਂ ਦੀਆਂ ਕਿਸਮਾਂ ਦਾ ਜ਼ਿਕਰ ਨਹੀਂ ਸਗੋਂ ਰਾਗ ਦੀ ਪ੍ਰਧਾਨ ਸੁਰ ਦਾ ਸੰਕੇਤ ਵੀ ਰਾਗ-ਮਤ ਅਨੁਸਾਰ ਹੈ। ਇਸੇ ਤਰ੍ਹਾਂ ਇਸ ਵਿਚ ਨਾਂ ਕੇਵਲ ਤਾਲ ਦਾ ਸੰਕੇਤ ਹੈ ਬਲਕਿ ਗਾਇਕੀ ਵਿਚ ਸਰਸਤਾ ਭਰਨ ਲਈ ਪੜਤਾਲ ਦਾ ਸੰਕੇਤ ਵੀ ਹੈ। ਰਾਗ ਪ੍ਰਬੰਧ ਦਾ ਘਰ-ਪ੍ਰਬੰਧ, ਰਹਾਉ-ਪ੍ਰਬੰਧ ਤੇ ਅੰਕ-ਪ੍ਰਬੰਧ ਨਾਲ ਅਤਿ ਗਹਿਰਾ ਸੰਬੰਧ ਹੈ। ਇਨ੍ਹਾਂ ਤੱਤਾਂ ਦੀ ਮੌਜੂਦਗੀ ਰਾਹੀਂ ਗੁਰਮਤਿ ਸੰਗੀਤ ਸਰਸ ਤੇ ਕਲਾਵੰਤ ਹੁੰਦਾ ਗਿਆ ਹੈ।

ਅੱਜ ਵਿਸ਼ਵ ਪੱਧਰ ਉੱਤੇ ਆਤੰਕਵਾਦੀ ਤੇ ਧਾਰਮਿਕ ਅਸਹਿਣਸ਼ੀਲਤਾ ਦਾ ਵਾਤਾਵਰਨ ਮੰਡਰਾ ਰਿਹਾ ਹੈ। ਸਾਰਾ ਸੰਸਾਰ ਬਾਰੂਦ ਦੇ ਢੇਰ ਤੇ ਬੈਠਾ ਹੈ। ਕਹਿਣ ਨੂੰ ਤਾਂ ਵਿਸ਼ਵੀਕਰਨ ਜਾਂ ਭੂਗੋਲੀਕਰਨ (ਗਲੋਬਲ ਵਿਲੇਜ) ਦੇ ਦੌਰ ਦਾ ਸੰਕਲਪ ਪੇਸ਼ ਕੀਤਾ ਜਾਂਦਾ ਹੈ; ਜਿਸ ਵਿਚ ਵਿਭਿੰਨ ਧਰਮਾਂ, ਜਾਤਾਂ, ਨਸਲਾਂ, ਦੇਸ਼ਾਂ, ਭਾਸ਼ਾਵਾਂ ਦੇ ਲੋਕ ਇੱਕਠੇ ਵਿਚਰਦੇ ਹਨ ਪਰ ਅਸਲ ਵਿਚ ਧਾਰਮਿਕ ਅਸਹਿਣਸ਼ੀਲਤਾ ਦੇ ਕਰਕੇ ਵਿਭਿੰਨ ਧਰਮਾਂ ਤੇ ਫ਼ਿਰਕਿਆਂ ਵਿਚ ਟਕਰਾਉ ਤੇ ਤਣਾਉ ਵੱਧਦਾ ਜਾ ਰਿਹਾ ਹੈ। ਅਜਿਹੀ ਸੰਕਟਕਾਲੀਨ ਸਥਿਤੀਆਂ ਦੇ ਅੰਤ ਲਈ ਯੂ. ਐਨ. ਓ. ਵਰਗੀਆਂ ਸੰਸਥਾਵਾਂ ਪ੍ਰਯਤਨਸ਼ੀਲ ਅਤੇ ਅਗਰਸਰ ਹਨ ਉੱਥੇ ਸਮੇਂ ਦੀ ਨਜ਼ਾਕਤ ਵਿਭਿੰਨ ਧਰਮਾਂ ਵਿਚ ਧਾਰਮਿਕ ਅੰਤਰ-ਸੰਵਾਦ Inter-religious dialogue ਦੀ ਹੋਂਦ ਤੇ ਜ਼ੋਰ ਦਿੰਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਸੰਬੰਧੀ ਉਚੇਚਾ ਤੇ ਯੋਗ ਮਾਡਲ ਪੇਸ਼ ਕੀਤਾ ਗਿਆ ਹੈ। ਧਾਰਮਿਕ ਸਹਿਣਸ਼ੀਲਤਾ ਦੇ ਅੰਤਰਗਤ 'ਸਰਬਤ ਦੇ ਭਲੇ' ਦਾ ਸੰਚਾਰ ਕਰਦੀ ਬਾਣੀ ਵਿਭਿੰਨ ਧਰਮਾਂ ਨੂੰ ਇਕ ਪਲੇਟਫਾਰਮ ਤੇ ਖੜਾ ਕਰਕੇ ਧਾਰਮਿਕ ਅੰਤਰ-ਸੰਵਾਦ ਰਾਹੀਂ ਢੁਕਵਾਂ ਪ੍ਰਤਿ-ਉੱਤਰ ਦਿੰਦੀ ਹੈ।

ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਸੋਚ ਮਨੁੱਖ ਦੀ ਆਤਮਿਕ, ਭਾਈਚਾਰਕ, ਸਮਾਜਕ, ਮੌਲਿਕ, ਆਦਰਸ਼ਕ ਅਤੇ ਸੁਤੰਤਰ ਪਰ ਜ਼ਾਬਤਾਬੱਧ ਉਸਾਰੀ ਦੀ ਤਰਜਮਾਨੀ ਕਰਦੀ ਹੈ ਜਿਸਨੂੰ ਸਤਿਕਾਰਦਿਆਂ ਹੋਇਆਂ ਸਾਧੂ ਟੀ.ਐਲ. ਵਿਸਵਾਨੀ ਗੁਰੂ ਗ੍ਰੰਥ ਸਾਹਿਬ ਨੂੰ World Scripture ਭਾਵ 'ਵਿਸ਼ਵ ਦਾ ਧਾਰਮਿਕ ਗ੍ਰੰਥ' ਮੰਨਦਾ ਹੈ। 'ਸਮਕਾਲੀ ਧਰਮ

ਚਿੰਤਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ' ਨਾਮੀ ਖੋਜ-ਪੱਤਰ ਵਿਚ ਡਾ. ਜਗਬੀਰ ਸਿੰਘ ਨੇ ਸਪਸ਼ਟ ਕੀਤਾ ਗਿਆ ਕਿ ਸਮੇਂ ਸਥਾਨ ਦੀ ਵਿਆਪਕ ਵਿੱਥ ਦੇ ਬਾਵਜੂਦ ਇਸ ਸਮੁੱਚੀ ਰਚਨਾ ਵਿਚ ਮਾਨਵੀ ਸਰੋਕਾਰਾਂ, ਵਿਸਵ-ਦ੍ਰਿਸ਼ਟੀ ਅਤੇ ਵਿਚਾਰਧਾਰਾ ਦੀ ਡੂੰਘੀ ਸਮਾਨਤਾ ਦ੍ਰਿਸ਼ਟੀਗੋਚਰ ਹੁੰਦੀ ਹੈ। ਅਸਲ ਵਿਚ ਮਨੁੱਖੀ ਜੀਵਨ, ਜਗਤ ਅਤੇ ਯਥਾਰਥ ਬਾਰੇ ਇਸ ਦਾ ਸਮਾਨ ਦਿਸ਼ਟੀਕੋਣ ਹੀ ਇਸਦੀ ਅੰਦਰੂਨੀ ਏਕਤਾ ਅਤੇ ਵਿਚਾਰਧਾਰਾਈ ਇਕਸੁਰਤਾ ਦਾ ਲਖਾਇਕ ਹੈ ਜਿਸ ਦੇ ਸਾਹਮਣੇ ਇਸ ਦੇ ਸਮੂਹ ਖੇਤਰੀ ਭਾਸ਼ਾਈ ਅਤੇ ਸਭਿਆਚਾਰਕ ਵਖਰੇਵੇਂ ਮਹੱਤਵਹੀਣ ਹੋ ਨਿੱਬੜਦੇ ਹਨ। ਇਸ ਤਰ੍ਹਾਂ ਇਸ ਮਹਾਂ-ਗ੍ਰੰਥ ਦੀ ਸਿਰਜਣਾ ਤੇ ਸੰਕਲਪਨਾ  ਦੇ ਪਿਛੋਕੜ ਵਿਚ ਇਕ ਅਜਿਹੀ ਉਦਾਰ, ਮਾਨਵਵਾਦੀ ਵਿਸ਼ਵ-ਦ੍ਰਿਸ਼ਟੀ ਕਾਰਜਸ਼ੀਲ ਨਜ਼ਰ ਆਉਂਦੀ ਹੈ ਜੋ ਧਾਰਮਿਕ ਸਹਿਨਸ਼ੀਲਤਾ ਅਤੇ ਸਭਿਆਚਾਰ ਸੁਮੇਲ ਦੀ ਭਾਵਨਾ ਨੂੰ ਉਜਾਗਰ ਕਰਦੀ ਹੈ।

ਪ੍ਰਸਿੱਧ ਅਮਰੀਕੀ ਸਮਾਜ ਸ਼ਾਸਤਰੀ ਅਤੇ ਇਤਿਹਾਸਕਾਰ ਸ੍ਰੀ ਆਰਨਲਡ ਤਿਆਨਬੀ ਦਾ ਮੱਤ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਮਨੁੱਖੀ ਭਾਈਚਾਰੇ ਦਾ ਸਾਂਝਾ ਆਤਮਿਕ ਖ਼ਜ਼ਾਨਾ (mankind's common spiritual treasure) ਹੈ।ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ 'ਇੱਕ ਸਰਬੱਸਵੀ ਸਬਦ ਸੰਗ੍ਰਹਿ' ( Catholic anthology) ਦੀ ਪਦਵੀ ਨਾਲ ਸਨਮਾਨਿਆ ਹੈ।ਤਿਆਨਬੀ ਸਪਸ਼ਟ ਕਰਦੇ ਹਨ 'ਮਨੁੱਖਤਾ ਦਾ ਧਾਰਮਿਕ ਭਵਿੱਖ ਧੁੰਦਲਾ ਹੈ ਪਰ ਫਿਰ ਵੀ ਇਸਦੇ ਬਾਵਜੂਦ ਇਹ ਦੇਖਿਆ ਜਾ ਰਿਹਾ ਹੈ ਕਿ ਜੀਵਤ ਉਚੇਰੇ ਧਰਮ ਪਹਿਲੇ ਦੀ ਨਿਸਬਤ ਹੁਣ ਇਕ ਦੇ ਵਧੇਰੇ ਨੇੜੇ ਹੋ ਰਹੇ ਹਨ-ਭਵਿੱਖ ਵਿਚ ਹੋਣ ਵਾਲੀ ਧਰਮਾਂ ਬਾਰੇ ਚਰਚਾ ਵਿਚ ਸਿੱਖ ਧਰਮ ਅਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪਾਸ ਕੁਝ ਐਸੀ ਵਿਸ਼ੇਸ਼ ਤੇ ਕੀਮਤੀ ਗੱਲ ਜ਼ਰੂਰ ਹੈ ਜੋ ਬਾਕੀ ਸਾਰੀ ਦੁਨੀਆ ਨੂੰ ਦੱਸੀ ਜਾ ਸਕਦੀ ਹੈ।

(It is important that it should be brought within the direct reach of as many people as possible.)[67]

ਵਿਸ਼ਵ ਦੇ ਸਭ ਵੱਡੇ ਧਰਮਾਂ ਅਤੇ ਉਨ੍ਹਾਂ ਦੀਆਂ ਪਵਿੱਤਰ ਧਰਮ ਪੁਸਤਕਾਂ ਬਾਰੇ ਭਰਵੀਂ ਜਾਣਕਾਰੀ ਰਖਣ ਤੇ ਪ੍ਰਮਾਣਿਕ ਪੁਸਤਕਾਂ ਲਿਖਣ ਵਾਲੇ ਪ੍ਰਸਿੱਧ ਵਿਦਵਾਨ, ਮਿ.ਡਨਕਨ ਗਰੀਨਲੀਜ਼ ਲਿਖਦੇ ਹਨ:

Among the World's Scriptures few, if any, attain so high a literary level on so constant a height of inspiration …Apart from its great religious importance, it is certainly one of the World's masterpieces of poetry.[68]

ਅਰਥਾਤ ਦੁਨੀਆ ਦੀ ਸ਼ਾਇਦ ਹੀ ਕੋਈ ਧਾਰਮਿਕ ਪੁਸਤਕ ਨੂੰ ਅਜਿਹੀ ਉੱਚ ਸਾਹਿਤਿਕ ਪੱਧਰ ਜਾਂ ਅਨੁਭਵੀ ਗਿਆਨ ਦੀ ਅਜਿਹੀ ਨਿਰੰਤਰ ਉਚਾਈ ਪ੍ਰਾਪਤ ਹੋਈ ਹੈ। ਗੁਰੂ ਗ੍ਰੰਥ ਸਾਹਿਬ ਮਹਾਨ ਧਾਰਮਿਕ ਮਹੱਤਤਾ ਰੱਖਣ ਦੇ ਨਾਲ ਨਾਲ ਵਿਸ਼ਵ ਕਾਵਿ ਖੇਤਰ ਦੀ ਇਕ ਵਿਸ਼ੇਸ਼ ਸ਼ਾਹਕਾਰ ਵੀ ਹੈ।

ਇਖ਼ਲਾਕ ਹੁਸੈਨ ਦਿਹਲਵੀਂ ਅਨੁਭਵ ਕਰਦਾ ਹੈ ਕਿ ਪਵਿੱਤਰ ਗੁਰੂ ਗ੍ਰੰਥ ਸਾਹਿਬ ਸਿੱਖ ਧਰਮ ਦੀ ਹੀ ਇਕ ਸਤਿਕਾਰਯੋਗ ਧਾਰਮਿਕ ਪੁਸਤਕ ਨਹੀਂ, ਸਗੋਂ ਇਸ ਵਿਚੋਂ ਨਿੱਜੀ ਪਛਾਣ ਅਤੇ ਰੱਬੀ ਪਛਾਣ ਦੀ ਅਣਮੁੱਲੀ ਦਾਤ ਪ੍ਰਾਪਤ ਹੁੰਦੀ ਹੈ ਅਤੇ ਰੂਹਾਨੀਅਤ ਦੀ ਮਸਤੀ ਦਾ ਸਰੂਰ ਹਾਸਿਲ ਹੁੰਦਾ ਹੈ ਜਿਸ ਰਾਹੀਂ ਮਨੁੱਖ 'ਇਨਸਾਨ' ਬਣ ਜਾਂਦਾ ਹੈ।

ਅਮਰੀਕਾ ਦੀ ਨੋਬਲ ਪੁਰਸਕਾਰ ਵਿਜੇਤਾ ਸ੍ਰੀਮਤੀ ਪਰਲ ਐਸ. ਬੱਕ ਲਿਖਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਮਨੁੱਖੀ ਸਰੀਰ ਦੀਆਂ ਅਮਲੀ ਲੋੜਾਂ ਦੇ ਅਨੁਕੂਲ ਹੈ। ਇਹਨਾਂ ਬਾਣੀਆਂ ਵਿਚ ਹੈਰਾਨੀਜਨਕ ਆਧੁਨਿਕਤਾ ਹੈ। ਨਿੱਜੀ ਅਨੁਭਵ ਦੇ ਆਧਾਰ ਤੇ ਉਨ੍ਹਾਂ ਲਿਖਿਆ: I have studied the scriptures of other great religions, but I do not find the same power of appeal to the heart and mind as I find here.[69]

ਉਪਰੋਕਤ ਸਾਰੀ ਚਰਚਾ ਤੋਂ ਬਾਅਦ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਮੁੱਚੀ ਮਨੁੱਖਤਾ ਦੇ ਸਰਬਪੱਖੀ ਕਲਿਆਣ ਲਈ ਮੱਧਕਾਲ ਦਾ ਮੁੱਲਵਾਨ ਸਮਾਜਿਕ-ਸਭਿਆਚਾਰਕ ਟੈਕਸਟ ਹੈ ਜਿਸਦੇ ਅਣਗਿਣਤ /ਬਹੁਪੱਖੀ ਪਾਸਾਰਾਂ ਵਿਚ ਮੁੱਖ ਪ੍ਰਵਚਨ ਮਨੁੱਖੀ ਜੀਵਨ ਦੀ ਨੈਤਿਕ ਤੇ ਅਧਿਆਤਮਕ ਅਗਵਾਈ ਕਰਨ ਨਾਲ ਸੰਬੰਧਤ ਹੈ। ਸਮਾਜਿਕ ਸੰਸਥਾਵਾਂ ਤੇ ਸਭਿਆਚਾਰਕ ਕਦਰਾਂ-ਕੀਮਤਾਂ ਵਿਚ ਰਹਿ ਕੇ ਆਪਣੀ ਪਛਾਣ ਸਥਾਪਿਤ ਕਰਨ ਦਾ ਕ੍ਰਾਂਤੀਕਾਰੀ ਸੰਵਾਦ ਹੈ। ਗੁਰੂ ਗ੍ਰੰਥ ਸਾਹਿਬ ਨਿਸ਼ਚਿਤ ਰੂਪ ਵਿਚ ਸਰਲ, ਸਪਸ਼ਟ, ਵਿਵਹਾਰਕ, ਆਧੁਨਿਕ, ਵਿਗਿਆਨਕ ਤੇ ਤਰਕਸ਼ੀਲ਼ ਗ੍ਰੰਥ ਹੈ ਜੋ ਮਨੁੱਖ ਦੀਆਂ ਅਧਿਆਤਮਕ ਲੋੜਾਂ ਦੇ ਨਾਲ ਨਾਲ ਸਮਾਜਕ ਤੱਤਾਂ ਦੀ ਵੀ ਤਰਜਮਾਨੀ ਕਰਦਾ ਹੈ। ਇਹ ਗ੍ਰੰਥ ਬੇਸ਼ਕ 15ਵੀਂ ਤੋਂ 17 ਵੀਂ ਸਦੀ ਦੇ ਦੌਰਾਨ ਦੀ ਰਚਨਾ ਹੈ ਪਰ ਇਸ ਵਿਚ ਪੇਸ਼ ਧਾਰਨਾਵਾਂ, ਸੰਕਲਪ, ਅੰਤਰਦ੍ਰਿਸ਼ਟੀਆਂ, ਕਦਰਾਂ ਕੀਮਤਾਂ ਤੇ ਸੰਦੇਸ਼ ਅਜੋਕੇ ਮਨੁੱਖ ਲਈ ਵੀ ਉਨ੍ਹੇ ਹੀ ਸਾਰਥਕ ਤੇ ਪ੍ਰਾਸੰਗਿਕ ਹਨ ਜਿਨੀਆਂ ਮਧੱਕਾਲ ਵਿਚ ਸਨ।

ਹਵਾਲੇ ਅਤੇ ਟਿੱਪਣੀਆਂ:


1. ਮਨਜੀਤ ਸਿੰਘ, ਧਰਮ ਦੀ ਪਰਿਭਾਸ਼ਾ ਅਤੇ ਸਰੂਪ, ਧਰਮ ਦਰਸ਼ਨ, ਪੰਨਾ-2,3
2. ਐਲ. ਐਮ. ਜੋਸ਼ੀ, ਜੋਧ ਸਿੰਘ (ਸੰਪਾਦਕ),ਹਿੰਦੂ ਧਰਮ,ਵਿਸ਼ਵ ਧਰਮ ਸੰਗ੍ਰਹਿ, ਪੰਨਾ-xiii
3. ਉਹੀ, ਪੰਨਾ-ix
4. The Hindu View of life, p-12 & Indian Philosophy, Vol 1, p-92
5. ਐਲ. ਐਮ. ਜੋਸ਼ੀ, ਜੋਧ ਸਿੰਘ (ਸੰਪਾਦਕ) ,ਹਿੰਦੂ ਧਰਮ,ਵਿਸ਼ਵ ਧਰਮ ਸੰਗ੍ਰਹਿ, ਪੰਨਾ-1
6. ਰਤਨ ਸਿੰਘ ਜੱਗੀ (ਡਾ.), ਪੰਜਾਬੀ ਸਾਹਿਤ ਦੇ ਭਾਰਤੀ ਸਰੋਤ, ਪੰਜਾਬੀ ਸਾਹਿਤ ਦਾ ਸਰੋਤ-ਮੂਲਕ ਇਤਿਹਾਸ, ਪੰਨਾ-23
7. ਤੈਤਰੀਯ ਆਰਣਿਕ X, 9
8. ਕਠ ਉਪਨਿਸ਼ਦ
9. (ਵਾਰ ਭਾਈ ਗੁਰਦਾਸ ਜੀ) ਜੋਧ ਸਿੰਘ, ਭਾਰਤੀ ਚਿੰਤਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ, ਵਿਸਮਾਦ ਨਾਦ, ਇੰਟਰਨੈਸ਼ਨਲ ਇਨਸਟੀਚਿਊਟ ਆਫ ਗੁਰਮਤਿ ਸਟੱਡੀਜ਼, ਲੁਧਿਆਣਾ, ਪੰਨਾ-118
10. ਮਹਾਂਭਾਰਤ, ਸ਼ਾਂਤੀਪਰਵ ਕਾਂਡ 174, ਪਦ 47, 48
11. ਉਹੀ, ਪਦ 35
12. ਭਗਵਤ ਗੀਤਾ, IV,39
13. ਉਹ, XVI, 1, 4, 21
14. ਰਤਨ ਸਿੰਘ ਜੱਗੀ (ਡਾ.), ਪੰਜਾਬੀ ਸਾਹਿਤ ਦੇ ਭਾਰਤੀ ਸਰੋਤ, ਪੰਜਾਬੀ ਸਾਹਿਤ ਦਾ ਸਰੋਤ-ਮੂਲਕ ਇਤਿਹਾਸ,ਪੰਨਾ-64-65
15. ਮਨੂੰ ਸਿਮਰੱਥ ੀ, XII, 83
16. ਨਾਥੂਰਾਮ ਡੋਂਗਰੀ ਜੈਨ, ਜੈਨ-ਧਰਮ, 'ਜੈਨ ਧਰਮ' ਪ੍ਰਕਾਸ਼ਕ ਕਾਰਯਾਲਯ, ਦੂਸਰਾ ਸੰਸਕਰਣ, ਬਿਜਨੌਰ, 1941, ਪੰਨਾ-16-17
17. ਕਾਸ਼ੀ ਨਾਥ ਉਪਾਧਿਆਇ(ਡਾ.),ਜੈਨ ਧਰਮ ਦੀ ਪ੍ਰਾਚੀਨਤਾ, ਜੈਨ ਧਰਮ, ਪੰਨਾ-21
18. ਕਾਸ਼ੀ ਨਾਥ ਉਪਾਧਿਆਇ(ਡਾ.),ਜੈਨ ਧਰਮ ਦਾ ਸਾਹਿਤ, ਜੈਨ ਧਰਮ, ਪੰਨਾ-33-34
19. ਉਹੀ, ਜੀਵ, ਬੰਧਨ ਤੇ ਮੁਕਤੀ, ਜੈਨ ਧਰਮ, ਪੰਨਾ-100-101
20. ਤਤਵਾਰਥਾਧਿਗਮ ਸੂਤਰ IX.7
21. ਕਾਸ਼ੀ ਨਾਥ ਉਪਾਧਿਆਇ (ਡਾ.), ਅਨੁਪ੍ਰੇਕਸ਼ਾ ਜਾਂ ਭਾਵਨਾ, ਜੈਨ ਧਰਮ, ਪੰਨਾ-249
22. ਹੀਰਾਲਾਲ ਜੈਨ, ਜਿਨਵਾਣੀ, ਪੰਨਾ-67
23. ਐਲ. ਐਮ.ਜੋਸ਼ੀ, ਜੋਧ ਸਿੰਘ (ਸੰਪਾ.), ਜੈਨ ਧਰਮ, ਵਿਸ਼ਵ ਧਰਮ ਸੰਗ੍ਰਹਿ, ਪੰਨਾ-26
24. ਕੇ. ਐਨ. ਉਪਾਧਿਆਇ, ਜਾਣ-ਪਛਾਣ, ਬੁੱਧ-ਧਰਮ:ਉਤਪਤੀ ਅਤੇ ਵਿਕਾਸ, ਪੰਨਾ-17
25. ਐਲ.ਐਮ ਜੋਸ਼ੀ, ਜੋਧ ਸਿੰਘ, ਵਿਸ਼ਵਧਰਮ ਸੰਗ੍ਰਹਿ, ਬੁੱਧ ਧਰਮ, ਪੰਨਾ-44
26. ਕੇ. ਐਨ ਉਪਾਧਿਆਇ, ਬੁੱਧ ਧਰਮ: ਉਤਪਤੀ ਅਤੇ ਵਿਕਾਸ, ਪੰਨਾ- 66
27. ਐਲ.ਐਮ ਜੋਸ਼ੀ, ਜੋਧ ਸਿੰਘ (ਡਾ.), ਵਿਸ਼ਵ ਧਰਮ ਸੰਗ੍ਰਹਿ, ਬੁੱਧ ਧਰਮ, ਪੰਨਾ-46

28. ਤੁਲਨਾਤਮਕ ਧਰਮ ਅਧਿਐਨ, ਸਿੱਖ ਫੁਲਵਾੜੀ, ਜੈਨਮੱਤ, ਬੁੱਧ ਮੱਤ ਤੇ ਗੁਰਮਤਿ, ਪੰਨਾ 17
29. https://en.wikipedia.org/wiki/Judaism
30. ਜੈਨੇਸਿਸ 1, ਐਲ ਐਮ ਜੋਸ਼ੀ, ਜੋਧ ਸਿੰਘ, (ਸੰਪਾਦਕ),ਯਹੂਦੀ ਧਰਮ, ਵਿਸ਼ਵ ਧਰਮ ਸੰਗ੍ਰਹਿ, ਪੰਨਾ 57
31. ਇਕਸੋਡਜ਼ XX, 1-7, 9, 12-17 ਐਲ ਐਮ ਜੋਸ਼ੀ, ਜੋਧ ਸਿੰਘ, (ਸੰਪਾਦਕ), ਯਹੂਦੀ ਧਰਮ, ਵਿਸ਼ਵ ਧਰਮ ਸੰਗ੍ਰਹਿ, ਪੰਨਾ 58
32. ਸ਼ਾਮਜ਼ IX, 7-10ਐਲ ਐਮ ਜੋਸ਼ੀ, ਜੋਧ ਸਿੰਘ, (ਸੰਪਾਦਕ), ਯਹੂਦੀ ਧਰਮ, ਵਿਸ਼ਵ ਧਰਮ ਸੰਗ੍ਰਹਿ, ਪੰਨਾ 59
33. (PROVERBS VI, 17,19) ਐਲ ਐਮ ਜੋਸ਼ੀ, ਜੋਧ ਸਿੰਘ, (ਸੰਪਾਦਕ), ਯਹੂਦੀ ਧਰਮ, ਵਿਸ਼ਵ ਧਰਮ ਸੰਗ੍ਰਹਿ, ਪੰਨਾ 60
34. ਐਲ ਐਮ ਜੋਸ਼ੀ, ਜੋਧ ਸਿੰਘ, (ਸੰਪਾਦਕ), ਈਸਾਈ ਧਰਮ, ਵਿਸ਼ਵ ਧਰਮ ਸੰਗ੍ਰਹਿ, ਪੰਨਾ 60
35. Simple English Wikipedia, the free encyclopedia.htm
36. ਜੌਨ, XV, 11-13, ਐਲ ਐਮ ਜੋਸ਼ੀ, ਜੋਧ ਸਿੰਘ, (ਸੰਪਾਦਕ), ਈਸਾਈ ਧਰਮ ਸੰਗ੍ਰਹਿ, ਪੰਨਾ 67
37. ਲਿਯੂਕ,XIV,7.11, ਐਲ ਐਮ ਜੋਸ਼ੀ, ਜੋਧ ਸਿੰਘ, (ਸੰਪਾਦਕ), ਈਸਾਈ ਧਰਮ, ਵਿਸ਼ਵ ਧਰਮ ਸੰਗ੍ਰਹਿ, ਪੰਨਾ 66
38. ਮਾਰਕ,IX.35, ਐਲ ਐਮ ਜੋਸ਼ੀ, ਜੋਧ ਸਿੰਘ, (ਸੰਪਾਦਕ), ਈਸਾਈ ਧਰਮ, ਵਿਸ਼ਵ ਧਰਮ ਸੰਗ੍ਰਹਿ, ਪੰਨਾ 65
39. ਮੈਥਿਊ V,43-46. , ਐਲ ਐਮ ਜੋਸ਼ੀ, ਜੋਧ ਸਿੰਘ, (ਸੰਪਾਦਕ), ਈਸਾਈ ਧਰਮ, ਵਿਸ਼ਵ ਧਰਮ ਸੰਗ੍ਰਹਿ, ਪੰਨਾ 62
40. ਗੁਲਵੰਤ ਸਿੰਘ (ਡਾ.), ਇਸਲਾਮ ਦੇ ਬੁਨਿਆਦੀ ਪੱਖ, ਇਸਲਾਮ ਤੇ ਸੂਫ਼ੀਵਾਦ, ਪੰਨਾ-19
41. https://pa.wikipedia.org/wiki/%E0%A8%87%E0%A8%B8%E0%A8%B2%E0%A8%BE%E0%A8%AE
42. *Lewis, Barnard; Churchill, Buntzie Ellis (2009). Islam: The Religion and The People. Wharton School Publishing. p. 8. ISBN 9780132230858*
43. ਗੁਰਚਰਨ ਸਿੰਘ ਤਲਵਾੜਾ(ਪ੍ਰੋ.), ਇਸਲਾਮ ਅਤੇ ਇਸਲਾਮੀ ਵਿਚਾਰਧਾਰਾ, ਇਸਲਾਮ ਅਤੇ ਸੂਫ਼ੀਮਤ ਸਿਧਾਂਤ, ਇਤਿਹਾਸ ਅਤੇ ਬੁਨਿਆਦੀ ਸੰਕਲਪ, ਪੰਨਾ 25
44. ਰਤਨ ਸਿੰਘ ਜੱਗੀ (ਪ੍ਰੋ.), ਪੰਜਾਬੀ ਸਾਹਿਤ ਦੇ ਅਭਾਰਤੀ ਸਰੋਤ, ਪੰਜਾਬੀ ਸਾਹਿਤ ਦਾ ਸਰੋਤ ਮੂਲਕ ਇਤਿਹਾਸ, ਪੰਨਾ-200
45. ਗੁਲਵੰਤ ਸਿੰਘ(ਪ੍ਰੋ.), ਇਸਲਾਮ -ਇਕ ਪਰਿਚਯ, ਇਸਲਾਮ ਤੇ ਸੂਫ਼ੀਵਾਦ, ਪੰਨਾ-1
46. https://en.wikipedia.org/wiki/Islam
47. ਗੁਲਵੰਤ ਸਿੰਘ (ਡਾ.), ਕੁਰਾਨ-ਇਸਲਾਮ ਵਚ ਉਸਦਾ ਸਥਾਨ, ਇਸਲਾਮ ਤੇ ਸੂਫ਼ੀਵਾਦ, ਪੰਨਾ-42
48. ਰਤਨ ਸਿੰਘ ਜੱਗੀ (ਪ੍ਰੋ.), ਪੰਜਾਬੀ ਸਾਹਿਤ ਦੇ ਅਭਾਰਤੀ ਸਰੋਤ, ਪੰਜਾਬੀ ਸਾਹਿਤ ਦਾ ਸਰੋਤ ਮੂਲਕ ਇਤਿਹਾਸ,ਪੰਨਾ-203
49. ਪ੍ਰੋ. ਗੁਰਚਰਨ ਸਿੰਘ ਤਲਵਾੜਾ, ਕੁਰਾਨ ਮਜੀਦ ਤੇ ਹਦੀਸ ਸ਼ਰੀਫ਼:ਸੰਖੇਪ ਜਾਣਕਾਰੀ, ਇਸਲਾਮ

ਅਤੇ ਸੂਫ਼ੀਮਤ ਸਿਧਾਂਤ, ਇਤਿਹਾਸ ਅਤੇ ਬੁਨਿਆਦੀ ਸੰਕਲਪ ਪੰਨਾ 57-58

50. ਰਤਨ ਸਿੰਘ ਜੱਗੀ, ਪੰਜਾਬੀ ਸਾਹਿਤ ਦੇ ਅਭਾਰਤੀ ਸਰੋਤ, ਪੰਜਾਬੀ ਸਾਹਿਤ ਦਾ ਸਰੋਤ ਮੂਲਕ ਇਤਿਹਾਸ, ਪੰਨਾ-204
51. p. Schuon, Understanding Islam, p-61
52. ਗੁਲਵੰਤ ਸਿੰਘ (ਡਾ.), ਇਸਲਾਮ ਦੇ ਬੁਨਿਆਦੀ ਪੱਖ, ਇਸਲਾਮ ਤੇ ਸੂਫ਼ੀਵਾਦ, ਪੰਨਾ-22
53. ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਮਹਲਾ 9, ਪੰਨਾ-1427
54. ਉਹੀ, ਰਾਗੁ ਗੋਂਡ ਬਾਣੀ ਭਗਤਾ ਕੀ, ਕਬੀਰ ਜੀ, ਪੰਨਾ-872
55. ਉਹੀ, ਪੰਨਾ-1091
56. ਉਹੀ, ਤੁਖਾਰੀ ਛੰਤ ਮਹਲਾ 1 ਬਾਰਹ ਮਾਹ, ਪੰਨਾ-1109
57. ਉਹੀ, ਸੋਰਠਿ ਮਹਲਾ 5, ਪੰਨਾ-617
58. ਉਹੀ, ਰਾਗ ਗਉੜੀ, ਮਹਲਾ 5, ਪੰਨਾ-271
59. ਉਹੀ, ਰਾਗ ਗਉੜੀ, ਮਹਲਾ 5, ਪੰਨਾ-276
60. ਉਹੀ, ਰਾਮਕਲੀ ਮਹਲਾ 1, ਪੰਨਾ-905
61. ਉਹੀ, ਬਿਲਾਵਲ ਮਹਲਾ 3, ਪੰਨਾ-843
62. ਜਗਬੀਰ ਸਿੰਘ (ਡਾ.), ਗੁਰੂ ਗ੍ਰੰਥ ਸਾਹਿਬ ਦਾ ਪਾਠ ਤੇ ਪ੍ਰਸੰਗ, ਗੁਰਮਤਿ ਕਾਵਿ: ਸਿਧਾਂਤ ਤੇ ਵਿਹਾਰ, ਪੰਨਾ-28
63. Macauliffe, Mr. M.A., The Sikh Religion: Its Gurus, sacred writings And Authors, 6 vols, Oxford-1909;, Vol I, pp42-43
64. ਜਗਬੀਰ ਸਿੰਘ(ਡਾ.), ਗੁਰਮਤਿ ਕਾਵਿ ਦੀ ਪਰੰਪਰਾ, ਗੁਰਮਤਿ ਕਾਵਿ: ਸਿਧਾਂਤ ਤੇ ਵਿਹਾਰ, ਪੰਨਾ-11
65. ਸਰੂਪ ਸਿੰਘ ਅਲੱਗ(ਡਾ.), ਸਰਬ ਨਿਧਾਨ ਗੁਰੂ ਗ੍ਰੰਥ ਸਾਹਿਬ, ਪੰਨਾ-10
66. ਗੁਰਨਾਮ ਸਿੰਘ(ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗਾਇਨ ਵਿਧਾਨ ਦੀ ਵਰਤਮਾਨ ਪ੍ਰਸੰਗਿਕਤਾ, ਡਾ. ਜਸਬੀਰ ਕੌਰ (ਸੰਪਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਿੰਨ ਪਰਿਪੇਖ, ਪੰਨਾ-227
67. Dr. Sir Arnold Toynbee in his ‘Foreword’ to the Unesco’s Selection from the sacred Writings of the Sikhs, London-1960, p-9
68. Greenless, Mr. Duncan, Gospal of Guru Granth Sahib, Madras-1952; reprint 1960, p-15
69. Mrs. S. Pearl Buck in her ‘opinion’ about Sri Guru Granth Sahib (English Version) by Dr. Gopal. 4 Vols, New Delhi-1960, Vol.I, p.xiv

## ਅਧਿਆਇ-ਤੀਜਾ

# 3.0 ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਮਾਨਵੀ ਆਦਰਸ਼ਾਂ ਦੇ ਬਹੁ-ਰੂਪ

3.1 ਕਰਮ-ਕਾਂਡਾਂ, ਵਹਿਮਾਂ ਭਰਮਾਂ ਤੇ ਮਨੁੱਖੀ ਆਡੰਬਰਾਂ ਦੇ ਵਿਰੋਧ ਵਿਚ ਉਪਜੇ ਗਿਆਨ ਦੇ ਨਵੇਂ ਮਾਡਲ

3.2 ਰੱਬੀ ਏਕਤਾ ਤੇ ਪ੍ਰੇਮ ਭਗਤੀ ਦੀ ਕਰਮਸ਼ੀਲਤਾ

3.3 ਨੈਤਿਕਤਾ ਦੇ ਬਹੁ ਰੂਪਾਂ ਦੀ ਸਿਰਜਣਾ

3.4 ਕਿਰਤ ਦੇ ਨਵੇਂ ਪਾਸਾਰ

3.5 ਹੁਕਮ ਤੇ ਰਜ਼ਾ ਦਾ ਸੰਦਰਭ

3.6 ਸੇਵਾ, ਸਹਿਹੋਂਦ ਤੇ ਸਹਿਣਸ਼ੀਲਤਾ ਦੇ ਨਵੇਂ ਪਾਸਾਰ

## ਅਧਿਆਇ-ਤੀਜਾ

# 3.0 ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਮਾਨਵੀ ਆਦਰਸ਼ਾਂ ਦੇ ਬਹੁ-ਰੂਪ

ਖੋਜ-ਕਾਰਜ ਦੇ ਪਹਿਲੇ ਅਤੇ ਦੂਸਰੇ ਅਧਿਆਇ ਵਿਚ ਅਸੀਂ ਭਾਰਤੀ ਅਤੇ ਸਾਮੀ ਧਰਮਾਂ ਦੇ ਧਾਰਮਕ ਗ੍ਰੰਥਾਂ ਦੇ ਸਿਧਾਂਤਕ ਵਿਹਾਰ ਤੇ ਇਤਿਹਾਸਕ ਪਿਛੋਕੜ ਦੇ ਸੰਦਰਭ ਵਿਚ ਰੋਸ਼ਨੀ ਪਾਉਂਦਿਆਂ, ਉਸ ਲੋਅ ਰਾਹੀਂ ਸਿੱਖ ਧਰਮ ਦੇ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਲੱਖਣਤਾ ਦੇ ਕਈ ਧਰਾਤਲਾਂ ਨੂੰ ਉਲੀਕਣ ਦਾ ਯਤਨ ਕੀਤਾ ਹੈ ਜਿਸ ਦੇ ਅਧਿਐਨ ਵਿਚੋਂ ਇਹ ਤੱਥ ਬੜਾ ਸਪਸ਼ਟ ਰੂਪ ਵਿਚ ਉੱਭਰ ਕੇ ਸਾਹਮਣੇ ਆਇਆ ਹੈ ਕਿ ਗੁਰੂ ਗ੍ਰੰਥ ਸਾਹਿਬ ਮਧਕਾਲੀਨ ਪੰਜਾਬੀ ਸਾਹਿਤ ਦੀ ਉਹ ਗੌਰਵਮਈ ਕਿਰਤ ਹੈ ਜੋ ਉਸ ਸਮੇਂ ਦੇ ਧਾਰਮਿਕ-ਸਮਾਜਿਕ-ਸਭਿਆਚਾਰਕ ਅਨੁਭਵ ਨੂੰ ਕਾਵਿਕ ਸੰਗਠਨ ਦੇ ਮਾਧਿਅਮ ਰਾਹੀਂ ਸੁਹਜਮਈ ਰੂਪ ਵਿਚ ਪ੍ਰਸਤੁਤ ਕਰਦੀ ਹੈ। ਇਸ ਵਡਮੁੱਲੀ ਰਚਨਾ ਵਿਚ ਪ੍ਰਚੱਲਤ ਦਮਨਕਾਰੀ ਪ੍ਰਬੰਧ ਅਤੇ ਰੂੜੀਵਾਦੀ ਸੰਗਠਨਾਂ ਦੇ ਵਿਰੋਧ ਵਿਚ ਅਜਿਹਾ ਸਾਰਥਕ ਸੰਵਾਦ ਸਿਰਜਿਆ ਗਿਆ ਹੈ ਜੋ ਸਮੁੱਚੀ ਮਾਨਵ-ਮੁਕਤੀ ਦੇ ਪ੍ਰਸੰਗ ਵਿਚ ਪ੍ਰਵਾਹਮਾਨ ਹੁੰਦਾ ਹੈ। ਰਚਨਾ ਦੀ ਸਿਰਜਨਾਤਮਕਤਾ ਦਾ ਕਮਾਲ ਇਸ ਗੱਲ ਨਾਲ ਹੋਰ ਦ੍ਰਿੜ ਹੋ ਜਾਂਦਾ ਹੈ ਕਿ ਅੱਜ ਸਦੀਆਂ ਬੀਤ ਜਾਣ ਦੇ ਬਾਵਜੂਦ ਇਹ ਪ੍ਰਵਚਨ ਸਮੇਂ ਤੇ ਸਥਾਨ ਦੀਆਂ ਵਿੱਥਾਂ ਤੋਂ ਪਾਰ ਵਰਤਮਾਨ ਮਾਨਵੀ ਸਰੋਕਾਰਾਂ ਨਾਲ ਅਥਾਹ ਸਮਾਨਤਾ ਰੱਖਦਾ ਹੋਇਆ ਅਜੋਕੇ ਸਮੇਂ ਵਿਚ ਵੀ ਆਪਣੀ ਪ੍ਰਾਸੰਗਿਕਤਾ ਨੂੰ ਕਾਇਮ ਰੱਖਦਾ ਹੈ। ਇਹ ਪ੍ਰਵਚਨ ਵਿਰਸੇ ਦੀ ਗੌਰਵਤਾ ਨੂੰ ਉਜਾਗਰ ਕਰਦਾ ਹੋਇਆ, ਸਮਕਾਲੀ ਸਮਾਜਕ ਸਰੋਕਾਰਾਂ ਤੇ ਪ੍ਰਸੰਗਾਂ ਨਾਲ ਜੁੜ ਕੇ ਇਸ ਦੇ ਸਰਬਕਾਲੀ ਚਰਿੱਤਰ ਦੀ ਸਾਰਥਕਤਾ ਨੂੰ ਵੀ ਸਥਾਪਿਤ ਕਰਦਾ ਹੈ। ਇਸ ਤਰ੍ਹਾਂ ਇਹ ਸਾਹਿਤਿਕ ਬਹੁਰੰਗੀ ਤੇ ਸਭਿਆਚਾਰਕ ਕਿਰਤ ਤਤਕਾਲੀਨ ਸਮਿਆਂ ਦੀ ਮਾਨਵੀ ਚੇਤਨਾ ਨੂੰ ਪ੍ਰਤੀਬਿੰਬਤ ਵੀ ਕਰਦੀ ਹੈ ਅਤੇ ਆਉਣ ਵਾਲੀਆਂ ਪੀੜੀਆਂ ਦੀ ਜੀਵਨ ਅਗਵਾਈ ਕਰਦੀ ਹੋਈ ਵੀ ਉਜਾਗਰ ਹੁੰਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਕ ਤੇ ਦਾਰਸ਼ਨਿਕ ਆਧਾਰ ਇਸਦੀ ਕਾਵਿ ਵਿਚਾਰਧਾਰਾ ਵਿਚੋਂ ਰੂਪਮਾਨ ਹੁੰਦੇ ਹਨ ਅਤੇ ਆਪਣੀ ਵਿਲੱਖਣਤਾ ਰਾਹੀਂ ਹਰ ਕੌਮ, ਮੁਲਕ, ਸੰਪਰਦਾਇ ਨਾਲ ਜੁੜੇ ਸਮਾਜ ਨੂੰ ਅਰਥ-ਸਾਰਥਕਤਾ ਪ੍ਰਦਾਨ ਕਰਦੇ ਹਨ। ਇਹ ਆਦਰਸ਼ ਸੱਤਾ ਦੇ ਵਿਰੋਧ ਵਿਚੋਂ ਉਪਜਦੇ ਹਨ ਅਤੇ ਸੱਤਾ-ਵਿਹੂਣੇ ਸਾਧਾਰਣ ਲੋਕਾਂ ਦੀ ਜੀਵਨ ਨੀਤੀ ਬਣ ਜਾਂਦੇ ਹਨ। ਇਸ ਤਰ੍ਹਾਂ ਇਸ ਬਾਣੀ ਸੰਸਾਰ ਵਿਚ ਅਧਿਆਤਮਕ/ਧਾਰਮਿਕ ਕੋਡ ਦੁਆਰਾ ਸਿਰਜਿਆ ਗਿਆ ਪ੍ਰਵਚਨ ਮਨੁੱਖੀ ਹੋਂਦ ਦੇ ਮਸਲਿਆਂ ਨੂੰ ਪ੍ਰਗਟਾਉਣ ਤੇ ਸੁਲਝਾਉਣ ਦਾ ਉਪਰਾਲਾ ਕਰਦਾ ਹੈ। ਇਸ ਗਿਆਨਮੂਲਕ ਗ੍ਰੰਥ ਦੀ ਅਹਿਮ ਵਿਸ਼ੇਸ਼ਤਾ ਇਹ ਵੀ ਹੈ ਕਿ ਇਸ ਵਿਚ ਪ੍ਰਸਤੁੱਤ ਆਦਰਸ਼ ਸਰਬਕਾਲੀ ਪ੍ਰਾਸੰਗਿਕਤਾ ਦੇ ਰੂਪ ਵਿਚ ਉਜਾਗਰ ਹੋਏ ਹਨ। ਖੋਜ-ਕਾਰਜ ਦੇ ਇਸ ਅਧਿਆਇ ਵਿੱਚ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਹੋਏ ਮਾਨਵੀ ਆਦਰਸ਼ਾਂ ਦੇ ਚੋਣਵੇਂ ਰੂਪਾਂ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਹ ਆਦਰਸ਼ ਇਸ ਪ੍ਰਕਾਰ ਹਨ:

1. ਕਰਮ-ਕਾਂਡਾਂ, ਵਹਿਮਾਂ ਭਰਮਾਂ ਤੇ ਮਨੁੱਖੀ ਆਡੰਬਰਾਂ ਦੇ ਵਿਰੋਧ ਵਿਚ ਉਪਜੇ ਗਿਆਨ ਦੇ ਨਵੇਂ ਮਾਡਲ
2. ਰੱਬੀ ਏਕਤਾ ਤੇ ਪ੍ਰੇਮ ਭਗਤੀ ਦੀ ਕਰਮਸ਼ੀਲਤਾ
3. ਨੈਤਿਕਤਾ ਦੇ ਬਹੁ ਰੂਪਾਂ ਦੀ ਸਿਰਜਣਾ

4. ਕਿਰਤ ਦੇ ਨਵੇਂ ਪਾਸਾਰ

5. ਹੁਕਮ ਤੇ ਰਜ਼ਾ ਦਾ ਸੰਦਰਭ

6. ਸੇਵਾ, ਸਹਿਹੋਂਦ ਤੇ ਸਹਿਣਸ਼ੀਲਤਾ ਦੇ ਨਵੇਂ ਪਾਸਾਰ

ਇਨ੍ਹਾਂ ਆਦਰਸ਼ਾਂ ਦਾ ਮੂਲ ਪ੍ਰਯੋਜਨ ਇਕ ਅਜਿਹੇ ਆਦਰਸ਼ਕ ਮਨੁੱਖ ਦੀ ਸਿਰਜਨਾ ਕਰਨਾ ਹੈ ਜੋ ਸਮੁੱਚੇ ਵਿਸ਼ਵ ਵਿਚ ਆਪਣੀ ਹੋਂਦ ਨੂੰ ਅਰਥ ਭਰਪੂਰ ਬਣਾ ਸਕੇ ਅਤੇ ਆਪਣੀ ਸਾਰਥਕ ਹੋਂਦ ਰਾਹੀਂ ਵਿਸ਼ਵ-ਭਾਈਚਾਰੇ ਦੀ ਨੀਂਹ ਨੂੰ ਸਥਾਪਿਤ ਕਰ ਸਕੇ। ਗਲੋਬਲ-ਚੇਤਨਾ ਅਤੇ ਗਲੋਬਲਾਈਜੇਸ਼ਨ ਦੇ ਅਜੋਕੇ ਸੰਦਰਭ ਵਿਚ ਗੁਰੂ ਗ੍ਰੰਥ ਸਾਹਿਬ ਦੇ ਮਾਨਵੀ ਆਦਰਸ਼ਾਂ ਦੀ ਵਿਸ਼ਵ-ਵਿਆਪੀ ਸਾਰਥਕਤਾ ਤੇ ਪ੍ਰਾਸੰਗਿਕਤਾ ਨੂੰ ਇਸ ਅਧਿਆਇ ਰਾਹੀਂ ਖੋਜਿਆ ਅਤੇ ਵਿਸ਼ਲੇਸ਼ਿਤ ਕੀਤਾ ਜਾਏਗਾ।

## 3.1 ਕਰਮ-ਕਾਂਡਾਂ, ਵਹਿਮਾਂ ਭਰਮਾਂ ਤੇ ਮਨੁੱਖੀ ਆਡੰਬਰਾਂ ਦੇ ਵਿਰੋਧ ਵਿਚ ਉਪਜੇ ਗਿਆਨ ਦੇ ਨਵੇਂ ਮਾਡਲ:

ਅਜੋਕਾ ਮਨੁੱਖ ਵਿਸ਼ਵੀਕਰਨ ਦੇ ਦੌਰ ਵਿਚ ਜੀਵਨ ਬਤੀਤ ਕਰ ਰਿਹਾ ਹੈ। ਨਵ-ਤਕਨਾਲੋਜੀ, ਗਿਆਨ ਤੇ ਵਿਗਿਆਨ ਨੇ ਵਿੱਦਿਆ ਦੇ ਨਵੇਂ ਆਯਾਮ ਪੇਸ਼ ਕੀਤੇ ਹਨ। ਸਮੁੱਚਾ ਵਿਸ਼ਵ ਤਰੱਕੀ ਤੇ ਖੁਸ਼ਹਾਲੀ ਵਲ ਅਗਰਸਰ ਹੈ। ਪਦਾਰਥਕ ਵਿਕਾਸ ਦਾ ਕੋਈ ਅੰਤ ਨਹੀਂ ਪਰ ਫਿਰ ਵੀ ਇਹ ਗੱਲ ਬੜੀ ਸ਼ਿੱਦਤ ਨਾਲ ਮਹਿਸੂਸ ਕੀਤੀ ਜਾ ਰਹੀ ਹੈ ਕਿ ਮਨੁੱਖੀ ਸਮਾਜ ਵਿਚ ਬਹੁਪੱਖੀ ਨਿਘਾਰ ਆਇਆ ਹੈ। ਵਿਦਿਆ ਦੇ ਵਿਆਪਕ ਪਸਾਰੇ ਦੇ ਬਾਵਜੂਦ ਦੁਨੀਆ ਅਗਿਆਨਤਾ ਦੇ ਹਨੇਰੇ ਵਿਚ ਗ੍ਰਸਤ ਹੈ। ਅਜੋਕੇ ਸਮੇਂ ਵਿਚ ਬੇਸ਼ੁਮਾਰ ਆਰਥਕ, ਪਰਿਵਾਰਕ ਉਲਝਣਾਂ ਅਤੇ ਸਰੀਰਿਕ/ਮਾਨਸਿਕ ਬਿਮਾਰੀਆਂ ਨੇ ਮਨੁੱਖ ਨੂੰ ਆਪਣੀ ਗ੍ਰਸਿਤ ਵਿਚ ਲੈ ਲਿਆ ਹੈ ਜੋ ਉਸਦੇ ਘੋਰ ਮਾਨਸਿਕ ਤਣਾਵ ਤੇ ਸੰਤਾਪ ਦਾ ਕਾਰਨ ਬਣਦੀਆਂ ਜਾ ਰਹੀਆਂ ਹਨ। ਵਿੱਦਿਅਕ ਸਿਸਟਮ ਲੋਕਾਂ ਨੂੰ ਵਾਸਤਵਿਕ ਗਿਆਨ ਦੇਣ ਦੀ ਬਜਾਇ ਅੱਖਰ-ਗਿਆਨ ਦੇਣ ਤੱਕ ਹੀ ਸੀਮਿਤ ਹੋ ਰਿਹਾ ਹੈ। ਵਿਡੰਬਨਾ ਇਹ ਹੈ ਕਿ ਅਜੋਕੇ ਨਿਜ਼ਾਮ ਵਿਚ ਪੜ੍ਹੇ-ਲਿਖੇ ਅਗਿਆਨੀਆਂ ਦੀ ਗਿਣਤੀ ਵੱਧ ਰਹੀ ਹੈ। ਅੱਜ ਦਾ ਮੀਡੀਆ ਤੇ ਜਨ-ਸੰਚਾਰ ਵੀ ਲੋਕਾਈ ਨੂੰ ਸਹੀ ਗਿਆਨ ਪ੍ਰਦਾਨ ਕਰਨ ਵਿਚ ਅਸਮਰੱਥ ਹੋ ਰਿਹਾ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਕੁਰਾਹੇ ਪਾਇਆ ਜਾ ਰਿਹਾ ਹੈ। ਸਥਿਤੀ ਦਾ ਵਿਰੋਧਾਭਾਸ ਇਹ ਹੈ ਕਿ ਗਿਆਨ ਵਿਗਿਆਨ ਦੇ ਯੁਗ ਵਿਚ ਵੀ ਸਮੱਸਿਆਵਾਂ ਦੇ ਸਮਾਧਾਨ ਲਈ ਕੋਈ ਕਾਰਗਰ ਉਪਰਾਲੇ ਨਹੀਂ ਹੋ ਰਹੇ ਜਿਸ ਦੇ ਫਲਸਰੂਪ ਮਨੁੱਖ ਜਾਤੀ ਸੱਮਸਿਆਵਾਂ ਦੇ ਹੱਲ ਲਈ ਸਹੀ ਮਾਰਗ ਖੋਜਣ ਦੀ ਥਾਵੇਂ ਭਟਕ ਕੇ ਕਰਮਾਂ-ਕਾਂਡਾਂ ਤੇ ਆਡੰਬਰਾਂ ਦਾ ਸ਼ਿਕਾਰ ਹੋ ਰਹੀ ਹੈ। ਅਜਿਹੇ ਦੁਸ਼ ਮਾਹੌਲ ਵਿਚ ਮਨੁੱਖ ਨੂੰ ਸਹੀ ਗਿਆਨ ਵਲ ਅਗਰਸਰ ਕਰਨ ਦੀ ਅਤਿਅੰਤ ਲੋੜ ਜਾਪ ਰਹੀ ਹੈ।

ਉਪਰੋਕਤ ਵਿਸ਼ੇ ਦੇ ਸੰਦਰਭ ਵਿਚ ਅਸੀਂ ਗੁਰੂ ਗ੍ਰੰਥ ਸਾਹਿਬ ਵਿਚ ਸਿਰਜੇ ਗਏ ਆਦਰਸ਼ਾਂ ਦਾ ਅਧਿਐਨ ਕਰਦੇ ਹੋਏ ਦੇਖਦੇ ਹਾਂ ਕਿ ਇਹ ਨਵ ਗਿਆਨ ਅਜੋਕੇ ਵਿਸ਼ਵੀ ਸੰਦਰਭਾਂ ਵਿਚ ਵੀ ਸਮਾਜ ਦੀ ਸਾਰਥਕ ਅਗਵਾਈ ਕਰ ਰਿਹਾ ਹੈ।

ਸਿੱਖ ਧਰਮ ਨੂੰ ਵਿਗਿਆਨਕ ਧਰਮ ਮੰਨਿਆ ਗਿਆ ਹੈ ਕਿਉਂਕਿ ਇਸ ਧਰਮ ਦਾ ਧਾਰਮਕ ਗ੍ਰੰਥ ਵਿਗਿਆਨਕ ਤੱਥਾਂ ਦੀ ਰੋਸ਼ਨੀ ਉੱਪਰ ਆਧਾਰਿਤ ਉਹ ਗ੍ਰੰਥ ਹੈ ਜੋ ਕੇਵਲ ਧਾਰਮਿਕ, ਅਭੌਤਿਕ ਜਾਂ ਰੂਹਾਨੀ ਸਿੱਖਿਆ ਹੀ ਪ੍ਰਦਾਨ ਨਹੀਂ ਕਰਦਾ ਸਗੋਂ ਮਨੁੱਖ ਦੇ ਭੌਤਿਕ ਤੇ ਸੰਸਾਰਿਕ ਜੀਵਨ ਨਾਲ ਜੁੜੇ ਸਮੂਹ ਪਾਸਾਰਾਂ ਨਾਲ ਜੁੜਿਆ ਹੋਇਆ ਹਰ ਸਮੱਸਿਆ ਲਈ ਵੀ ਜਵਾਬਦੇਹ ਤੇ ਜ਼ਿੰਮੇਵਾਰ ਹੋ ਨਿਬੜਦਾ ਹੈ। ਅਜੋਕਾ ਮਨੁੱਖ ਦੁਬਿਧਾਗ੍ਰਸਤ ਅਤੇ ਚਿੰਤਾਗ੍ਰਸਤ ਜੀਵਨ ਜੀਅ ਰਿਹਾ ਹੈ; ਤਣਾਅ ਅਤੇ ਅਸਥਿਰਤਾ ਭੋਗ ਰਿਹਾ ਹੈ। ਇਹੀ ਕਾਰਨ ਹੈ ਕਿ ਉਹ ਕਰਮਾਂ-ਕਾਂਡਾਂ ਤੇ ਵਹਿਮਾਂ ਭਰਮਾਂ ਦਾ ਸ਼ਿਕਾਰ ਬਣਾ ਰਿਹਾ ਹੈ। ਗੁਰਬਾਣੀ ਦਾ ਨਵ ਗਿਆਨ ਨਾ ਕੇਵਲ ਮਨੁੱਖ ਨੂੰ ਸਹਿਜ ਤੇ ਅਡੋਲ ਜੀਵਨ ਦੀ ਜਾਚ ਸਿਖਾਉਂਦਾ ਹੈ ਬਲਕਿ ਬੜੇ ਤਰਕ ਤੇ ਦਲੀਲ ਨਾਲ ਇਨ੍ਹਾਂ ਅੰਧ-ਵਿਸ਼ਵਾਸ਼ਾਂ ਦਾ ਵੀ ਖੰਡਨ ਕਰਦਾ ਹੈ। ਮੱਧ-ਕਾਲ ਵਿਚ ਭਗਤੀ ਲਹਿਰ ਅਤੇ ਗੁਰਬਾਣੀ ਦੀ ਸਿਰਜਣਾ ਦਾ ਇਕ ਬਹੁਤ ਵੱਡਾ ਕਾਰਨ ਤਤਕਾਲੀਨ ਸਮਾਜ ਦਾ ਨਕਾਰੇ ਅਤੇ ਨਿਗੂਣੇ ਪਾਖੰਡਾਂ ਵਿਚ ਫਸੇ ਹੋਣਾ ਸੀ। ਪ੍ਰੋਹਤ ਵਰਗ ਵੱਲੋਂ ਅਜਿਹੇ ਕਰਮਾਂ-ਕਾਂਡਾਂ ਨੂੰ ਕਿੱਤਾ ਹੀ ਬਣਾ ਲਿਆ ਹੋਇਆ ਸੀ। ਲੋਕ ਅਸਲੀਅਤ ਤੋਂ ਭਟਕ ਚੁੱਕੇ ਸਨ। ਆਪਣੇ ਹਰ ਪ੍ਰਕਾਰ ਦੀ ਪੂਜਾ, ਡਰ, ਭੈ ਅਤੇ ਖਾਹਸ਼ਾਂ ਦੀ ਪੂਰਤੀ ਲਈ ਤਰ੍ਹਾਂ-ਤਰ੍ਹਾਂ ਦੇ ਭਰਮਾਂ ਨੂੰ ਜਨਮ ਦੇ ਰਹੇ ਸਨ।ਉਸ ਸਮੇਂ ਦੀ ਧਾਰਮਿਕ ਸ਼੍ਰੇਣੀ ਦਾ ਜੇ ਹਿੱਤ ਇਸ ਵਿਚ ਹੀ ਸੀ ਤਾਂ ਰਾਜਸੀ ਨੇਤਾ ਵੀ ਇਹ ਚਾਹੁੰਦੇ ਸਨ ਕਿ ਜਨਤਾ ਗਫ਼ਲਤ ਦੀ ਡੂੰਘੀ ਨੀਂਦ ਸੁੱਤੀ ਰਹੇ ਤੇ ਸ਼ਾਸ਼ਨ ਕਰਨਾ ਆਸਾਨ ਰਹੇ। ਧਰਮ ਸਦਾ ਰਾਜਨੀਤੀ ਤੋਂ ਪ੍ਰਭਾਵਿਤ ਰਿਹਾ ਹੈ। ਗੁਰੂਆਂ ਤੇ ਭਗਤ ਕਵੀਆਂ ਨੇ ਸਮਾਜ ਨੂੰ ਅਜਿਹੇ ਨਿਰਾਰਥਕ ਤੇ ਫਜ਼ੂਲ ਦੇ ਕਰਮ-ਕਾਂਡਾਂ ਤੋਂ ਨਿਜਾਤ ਦਿਵਾਉਣ ਲਈ ਮੱਧਕਾਲ ਵਿਚ ਇਕ ਮੁਹਿੰਮ ਛੇੜੀ। ਗੁਰੂ ਗੰਥ ਸਾਹਿਬ ਦੀ ਰਚਨਾ ਬ੍ਰਾਹਮਣਵਾਦ ਤੇ ਆਡੰਬਰਵਾਦ ਦੇ ਪ੍ਰਤੀਕਰਮ ਨੂੰ ਬੜੇ ਤਰਕ ਤੇ ਦਲੀਲ ਪੂਰਵਕ ਢੰਗ ਨਾਲ ਖ਼ਤਮ ਕਰਨ ਵਾਲੀ 'ਮੁਕਤੀ ਅੰਦੋਲਨ' ਬਣ ਕੇ ਪ੍ਰਵਾਨ ਹੋਈ।'ਗੁਰਬਾਣੀ ਵਿਚ ਇਹ ਲੌਕਿਕਤਾ ਨੂੰ ਅਗਰਭੂਮੀ ਵਿਚ ਰੱਖ ਕੇ, ਉਸ ਦੀ ਪਿੱਠ-ਭੂਮੀ ਵਿਚ ਨਿਰੋਲ ਸਾਰਥਕ ਪਾਰਲੌਕਿਕ ਸੰਦੇਸ਼ ਪ੍ਰਦਾਨ ਕੀਤਾ ਗਿਆ ਹੈ। ਇਸੇ ਕਰਕੇ ਹੀ ਲੌਕਿਕ ਸੰਸਾਰ ਵਿਚ ਪ੍ਰਚਲਿਤ ਕਰਮਾਂ-ਕਾਂਡਾਂ ਦੀ ਪੇਸ਼ਕਾਰੀ ਗੁਰਬਾਣੀ ਵਿਚ ਵਿਸਤ੍ਰਿਤ ਪੱਧਰ ਤੇ ਹੋਈ ਹੈ, ਜਿਸ ਰਾਹੀਂ ਪ੍ਰਚਲਿਤ ਵਿਅਰਥ ਕਰਮਾਂ-ਕਾਡਾਂ ਦਾ ਖੰਡਨ ਕਰ ਇਨ੍ਹਾਂ ਦੇ ਮੰਨਣ ਵਾਲਿਆਂ ਨੂੰ ਸਾਰਥਕ ਸੇਧ ਪ੍ਰਦਾਨ ਕੀਤੀ ਗਈ ਹੈ।'[1]

ਕਰਮ ਕਾਂਡ ਬਹੁ ਕਰਹਿ ਆਚਾਰ॥ ਬਿਨ ਨਾਵੈ ਧ੍ਰਿਗ ਧ੍ਰਿਗ ਅੰਹਕਾਰ॥
ਬੰਧਨਿ ਬਾਧਿਓ ਮਾਇਆ ਫਾਸਿ॥ ਜਨ ਨਾਨਕ ਛੂਟੈ ਗੁਰੁ ਪਰਗਾਸ॥[2]

ਉਪਰੋਕਤ ਸੰਦਰਭ ਵਿਚ 'ਕਰਮ-ਕਾਂਡ' ਦੇ ਸਰੂਪ ਨੂੰ ਸਮਝਣਾ ਜ਼ਰੂਰੀ ਹੋ ਜਾਂਦਾ ਹੈ। ਕਰਮ ਦੇ ਸ਼ਬਦੀ ਅਰਥ ਹਨ-ਕੋਸ਼ਿਸ, ਕੰਮ, ਬਖਸ਼ਿਸ, ਉੱਦਮ, ਕਿਰਤ ਆਦਿ। ਸਾਧਾਰਨ ਸ਼ਬਦਾਂ ਵਿਚ ਅਭੌਤਿਕ ਜਾਂ ਰੂਹਾਨੀ ਅਤੇ ਭੌਤਿਕ ਜਾਂ ਦੁਨਿਆਵੀ ਸਭ ਪ੍ਰਕਾਰ ਦੇ ਕੰਮਾਂ ਨੂੰ 'ਕਰਮ' ਕਿਹਾ ਜਾਂਦਾ ਹੈ ਪਰ ਉਹ ਕਰਮ ਜੋ ਮਨੁੱਖ ਦਿਖਾਵੇ ਮਾਤਰ ਕਰਦਾ ਹੈ ਤੇ ਅਜਿਹੇ ਕਰਮਾਂ ਨਾਲ ਉਸ ਨੂੰ ਕੋਈ ਆਤਮਿਕ ਲਾਭ ਨਹੀਂ ਮਿਲਦਾ; ਉਹ ਕਰਮ, ਕਰਮ-ਕਾਂਡ ਦੀ ਸ਼੍ਰੇਣੀ ਵਿਚ ਆਉਂਦੇ ਹਨ।'ਵਿਦਵਾਨਾਂ ਨੇ ਵੇਦਾਦਿਤ ਪੁਸਤਕਾਂ ਦੇ ਪ੍ਰਕਰਣ ਕਰਮਕਾਂਡ, ਉਪਾਸਨਾ ਕਾਂਡ ਔਰ ਗਯਾਨ ਕਾਂਡ-ਤਿੰਨ ਹਿੱਸਿਆਂ ਵਿਚ ਵੰਡੇ ਹਨ। ਹੋਮ, ਯਗਯ, ਸੰਧਯਾ, ਤਰਪਣ, ਸ੍ਰਾਧ, ਵ੍ਰਤ ਆਦਿਕ ਕਰਮਾਂ ਦੇ ਕਰਨ ਦੀ ਵਿਧੀ ਜਿਸ ਵਿਚ ਵਰਣਨ

ਕੀਤੀ ਗਈ ਹੈ ਉਸ ਦਾ ਨਾਉਂ ਕਰਮਕਾਂਡ ਹੈ।'[3] 'ਹਿੰਦੂ ਧਰਮ-ਸ਼ਾਸਤਰਾਂ ਨੇ ਮਨੁੱਖ ਲਈ 6 ਕਰਮ ਕਰਨ ਯੋਗ ਨਿਰਧਾਰਤ ਕੀਤੇ ਹਨ। **ਮੰਨੂ ਸਿਮਰੱਥੀ** ਅਨੁਸਾਰ ਇਹ **ਖੱਟ-ਕਰਮ** ਇਸ ਪ੍ਰਕਾਰ ਹਨ: 1. ਵੇਦ-ਪਾਠ 2. ਤਪ, 3. ਗਿਆਨ, 4. ਇੰਦ੍ਰੇ-ਸੰਜਮ, 5. ਅਹਿੰਸਾ, 6. ਗੁਰ-ਸੇਵਾ । ਪਾਰਾਸ਼ਰ ਸਿਮਰੱਥੀ ਅਨੁਸਾਰ: 1. ਸੰਧਿਆ, 2. ਇਸ਼ਨਾਨ, 3. ਜਪੁ, 4. ਹਵਨ, 5. ਵੇਦ-ਪਾਠ, 6. ਦੇਵ-ਪੂਜਾ ਕਰਨਾ ਹੀ ਖੱਟ-ਧਰਮ ਹਨ ਪਰ ਬ੍ਰਾਹਮਣਾਂ ਲਈ ਵਿਸ਼ੇਸ਼ ਰੂਪ ਵਿਚ ਇਹ ਖੱਟ-ਕਰਮ ਨਿਰਧਾਰਤ ਹਨ: 1. ਵਿੱਦਿਆ ਪੜ੍ਹਨਾ, 2. ਪੜ੍ਹਾਉਣਾ, 3. ਯਗ ਕਰਨਾ, 4. ਯਗ ਕਰਵਾਉਣਾ, 5. ਦਾਨ ਦੇਣਾ, 6. ਦਾਨ ਲੈਣਾ। ਯੋਗੀਆਂ ਨੇ ਸਰੀਰ ਦੀ ਸਫ਼ਾਈ ਹਿਤ ਖਟ ਕਰਮ ਇਸ ਪ੍ਰਕਾਰ ਨਿਰਧਾਰਤ ਕੀਤੇ ਹਨ: 1. ਧੋਤੀ, 2. ਨੇਤੀ, 3. ਨਿਉਲੀ, 4. ਵਸਤੀ, 5. ਤ੍ਰਾਟਕ, 6. ਕਪਾਲ-ਭਾਤਿ।'[4] ਭਾਈ ਕਾਨ੍ਹ ਸਿੰਘ ਨਾਭਾ ਨੇ ਸੰਧਿਆ, ਸ਼ਨਾਨ, ਜਪ, ਹਵਨ, ਸੰਨਿਆਸ, ਮੰਤਰ, ਸਾਧਨ ਅਤੇ ਦੇਵ-ਪੂਜਾ ਆਦਿ ਖਟ ਕਰਮਾਂ ਦਾ ਜਿਕਰ ਆਪਣੀ ਪੁਸਤਕ 'ਗੁਰਮਤਿ ਮਾਰਤੰਡ' ਵਿਚ ਕੀਤਾ ਹੈ। ਇਨ੍ਹਾਂ ਕਰਮ-ਕਾਂਡਾਂ ਤੋਂ ਪ੍ਰੇਰਿਤ ਹੋ ਕੇ ਹੀ ਵਿਭਿੰਨ ਕਿਸਮਾਂ ਦੇ ਅੰਧ-ਵਿਸ਼ਵਾਸ਼ਾਂ ਨੇ ਜਨਮ ਲਿਆ ਅਤੇ ਇਸ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਆਡੰਬਰ ਤੇ ਪਾਖੰਡ ਕੀਤੇ ਜਾਣ ਲੱਗੇ। ਗੁਰੂ ਗ੍ਰੰਥ ਸਾਹਿਬ ਵਿਚ ਪ੍ਰਸਤੁਤ ਹੋਏ ਅਜਿਹੇ ਫੋਕੇ ਕਰਮ-ਕਾਂਡਾਂ ਤੇ ਅੰਧ-ਵਿਸ਼ਵਾਸਾਂ ਦਾ ਰੂਪਾਂਤਰਣ ਪੇਸ਼ ਕਰਨ ਦਾ ਪ੍ਰਯਤਨ ਕੀਤਾ ਗਿਆ ਹੈ ਅਰਥਾਤ ਨਿਰਾਰਥਕ ਕਰਮ-ਕਾਂਡਾਂ ਤੇ ਆਡੰਬਰਾਂ ਦੀ ਨਿਖੇਧੀ ਕਰ ਕੇ ਉਨ੍ਹਾਂ ਦੀ ਸਾਰਥਕਤਾ ਰੂਪਾਂਤਰਣ ਰੂਪ ਵਿਚ ਪੇਸ਼ ਕੀਤੀ ਗਈ ਹੈ।

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਿਲ ਭੁਅੰਗਮ ਸਾਧੇ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ॥
ਪਿਆਰੇ ਇਨਿ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮਾ ਅਨੇਕਾ॥
ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ॥ ਰਹਾਉ॥
ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ॥
ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ॥
ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ॥
ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ॥

…………………………………………………..

ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ॥
ਹਉ ਹਉ ਕਰਤ ਬੰਧਨ ਮਹਿ ਪਰਿਆਨਹ ਮਿਲੀਐ ਇਹ ਜੁਗਤਾ॥[5]

ਗੁਰੂ ਸਾਹਿਬ ਕਰਮਾਂ-ਕਾਂਡਾਂ ਦਾ ਵਿਵਰਣ ਦਿੰਦੇ ਸਪਸ਼ਟ ਕਰਦੇ ਹਨ ਕਿ ਕਈ ਮਨੁੱਖ ਵੇਦ ਆਦਿ ਧਾਰਮਿਕ ਗ੍ਰੰਥਾਂ ਦਾ ਅਧਿਐਨ ਕਰਦੇ ਹਨ; ਕਈ ਮਨੁੱਖ ਨਿਉਲੀਕਰਮ ਕਰਦੇ ਹਨ; ਕੋਈ ਕੁੰਡਲਨੀ ਨਾੜੀ ਰਸਤੇ ਪ੍ਰਾਣ ਚੜਾਉਂਦੇ ਹਨ। ਕਈ ਮਨੁੱਖ ਦੇਵ-ਪੂਜਾ ਵਿਚ ਅਤੇ ਕਈ ਦੇਵਤਿਆਂ ਨੂੰ ਨਮਸਕਾਰ/ਡੰਡਉਤ ਕਰਨ ਵਿਚ ਅਤੇ ਖਟ ਕਰਮਾਂ ਨੂੰ ਨਿਭਾਉਣ ਵਿਚ ਮਸਤ ਰਹਿੰਦੇ ਹਨ; ਕੋਈ ਮਨੁੱਖ ਚੁੱਪ ਸਾਧੀ ਬੈਠਾ ਹੈ; ਕੋਈ ਕਰ-ਪਾਤੀ ਬਣ ਕੇ ਭਾਂਡਿਆਂ

ਦੀ ਥਾਂ ਹੱਥਾਂ ਦੀ ਵਰਤੋਂ ਕਰ ਰਿਹਾ ਹੈ; ਕੋਈ ਧਰਤੀ ਦਾ ਭ੍ਰਮਣ ਕਰ ਰਿਹਾ ਹੈ; ਕੋਈ ਜੰਗਲਾਂ ਵਿਚ ਨੰਗਾ ਤੁਰਿਆ ਫਿਰਦਾ ਹੈ; ਕੋਈ ਤੀਰਥਾਂ ਦਾ ਭ੍ਰਮਣ ਕਰ ਰਿਹਾ ਹੈ; ਕੋਈ ਸ਼ਿਵ ਜੀ ਦੇ ਆਰੇ ਨਾਲ ਆਪਣੇ ਆਪ ਨੂੰ ਚਿਰਾ ਲੈਂਦਾ ਹੈ ਪਰ ਇਨ੍ਹਾਂ ਕਰਮਾਂ ਨਾਲ ਵਿਸ਼ੇ-ਵਿਕਾਰਾਂ ਤੋਂ ਬਚਿਆ ਨਹੀਂ ਜਾ ਸਕਦਾ। ਮਨ ਦੀ ਮੈਲ ਦੂਰ ਨਹੀਂ ਹੁੰਦੀ। ਮਨ ਦੀ ਅਨਿਸਚਿਤਤਾ ਬਣੀ ਰਹਿੰਦੀ ਹੈ। ਭਟਕਣਾ ਖ਼ਤਮ ਨਹੀਂ ਹੁੰਦੀ। ਬਲਕਿ ਉਨਾਂ ਵਿਚ ਹੰਕਾਰ ਅਤੇ ਅਭਿਮਾਨ ਵੱਧਦਾ ਜਾਂਦਾ ਹੈ ਅੰਤ ਵਿਚ ਮਨੁੱਖ ਫੇਰ ਨਿਰਾਸ਼ ਹੋ ਕੇ ਗੁਰੂ ਦੀ ਓਟ ਵਿਚ ਜੁੜਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਨੇ ਬੜੇ ਵਿਸਤ੍ਰਿਤ ਰੂਪ ਵਿਚ  ਕਰਮ ਕਾਡਾਂ ਦਾ ਖੰਡਨ ਆਪਣੀ ਰਚਨਾ 'ਸੁਖਮਨੀ ਸਾਹਿਬ' ਵਿਚ ਕੀਤਾ ਹੈ:

ਜਾਪ ਤਾਪ ਗਿਆਨ ਸਭਿ ਧਿਆਨ॥
ਖਟ ਸਾਸਤ੍ਰ ਸਿਮ੍ਰਿਤਿ ਵਖਿਆਨ॥
ਜੋਗ ਅਭਿਆਸ ਕਰਮ ਧ੍ਰਮ ਕਿਰਿਆ॥
ਸਗਲ ਤਿਆਗਿ ਬਨ ਮਧੇ ਫਿਰਿਆ॥
ਅਨਿਕ ਪ੍ਰਕਾਰ ਕੀਏ ਬਹੁ ਜਤਨਾ॥
ਪੁੰਨ ਦਾਨ ਹੋਮੇ ਬਹੁ ਰਤਨਾ॥
ਸਰੀਰੁ ਕਟਾਇ ਹੋਮੈ ਕਰਿ ਰਾਤੀ॥
ਵਰਤ ਨੇਮ ਕਰੈ ਬਹੁ ਭਾਤੀ॥
ਨਹੀ ਤੁਲਿ ਰਾਮ ਨਾਮ ਬੀਚਾਰ॥
ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ॥[6]

ਗੁਰੂ ਸਾਹਿਬ ਉਪਰੋਕਤ ਧਾਰਮਿਕ ਆਡੰਬਰਾਂ ਤੇ ਕਰਮਕਾਂਡਾਂ ਦੀ ਨਿਖੇਧੀ ਕਰਦੇ ਪ੍ਰਗਟਾਉਂਦੇ ਹਨ ਕਿ ਜੇ ਕੋਈ ਵੇਦਾਂ ਜਾਂ ਮੰਤਰਾਂ ਦਾ ਜਾਪ ਕਰਦਾ ਰਹੇ ਜਾਂ ਸਰੀਰ ਨੂੰ ਧੂਣੀਆਂ ਨਾਲ ਤਪਾਏ; ਗਿਆਨ ਦੀਆਂ ਵਿਚਾਰਾਂ ਕਰੇ ਜਾਂ ਦੇਵੀ ਦੇਵਤਿਆਂ ਦਾ ਧਿਆਨ ਵੀ ਕਰੇ; ਛੇ ਸਾਸ਼ਤ੍ਰਾਂ ਅਤੇ ਸਿਮਰੱਥੀਆਂ ਦਾ ਉਪਦੇਸ ਕਰੇ; ਜੋਗ ਦੇ ਸਾਧਨਾਂ ਵਿਚ ਜੁਟਿਆ ਰਹੇ ਜਾਂ ਕਰਮ-ਕਾਂਡੀ ਧਰਮ ਦੀਆਂ ਕਿਰਿਆਵਾਂ ਵਿਚ ਮਸਤ ਰਹੇ; ਸਾਰਾ ਕੁਝ ਤਿਆਗ ਕੇ ਜੰਗਲਾਂ ਵਿਚ ਘੁੰਮਦਾ ਹੋਇਆ ਅਨੇਕ ਪ੍ਰਕਾਰ ਦੇ ਕਰਮਾਂ ਵਿਚ ਜੁੜਿਆ ਹੋਵੇ; ਪੁੰਨ-ਦਾਨ, ਹਵਨ-ਯੱਗ ਆਦਿ ਕਰੇ; ਆਪਣੇ ਸਰੀਰ ਨੂੰ ਰੱਤੀ ਰੱਤੀ ਕਰ ਕੇ ਕਟਵਾ ਦੇਵੇ ਜਾਂ ਅੱਗ ਵਿਚ ਸਾੜ ਦੇਵੇ; ਕਈ ਕਿਸਮਾਂ ਦੇ ਵਰਤਾਂ ਦਾ ਪਾਲਣ ਕਰੇ; ਪਰ ਇਹ ਸਾਰਾ ਕੁੱਝ ਵਿਅਰਥ ਤੇ ਨਿਸ਼ਫਲ ਹੈ। ਪ੍ਰਭੂ ਦੇ ਨਾਮ ਸਿਮਰਨ ਤੋਂ ਵੱਧ ਕੋਈ ਕਰਮ ਨਹੀਂ ਹੈ। ਗੁਰਬਾਣੀ ਨਾਮ ਦੇ ਮਾਰਗ ਤੇ ਜੋਰ ਦਿੰਦੀ ਹੈ ਕਿਉਂਜੋ ਇਹ ਸੱਚੀ ਜੀਵਨ ਜਾਚ ਸਿਖਾਉਂਦਾ ਹੈ। ਗੁਰੂ ਅਰਜਨ ਦੇਵ ਜੀ ਜੈਨੀਆਂ ਵਿਚ ਕੀਤੇ ਜਾਂਦੇ ਸਖਤ ਜਪ-ਤਪ ਦਾ ਨੂੰ ਵੀ ਇੰਝ ਖੰਡਨ ਕਰਦੇ ਹਨ:

ਪੂਜਾ ਵਰਤ ਤਿਲਕ ਇਸਨਾਨਾ ਪੁੰਨਦਾਨ ਬਹੁ ਦੈਨ॥
ਕਹੂੰ ਨ ਭੀਜੈ ਸੰਜਮ ਸੁਆਮੀ ਬੋਲਹਿ ਮੀਠੇ ਬੈਨ॥

..............................................

ਜਾਪ ਤਾਪ ਭ੍ਰਮਨ ਬਸੁਧਾ ਕਰ ਉਰਧ ਤਾਪ ਲੈ ਗੈਨ
ਇਹ ਬਿਧਿ ਨਹਿ ਪਤਿਆਨੋ ਠਾਕੁਰ ਜੋਗ ਜੁਗਤਿ ਕਰ ਜੈਨ
ਸਾਧ ਸੰਗਿ ਰੰਗ ਪ੍ਰਭੁ ਭੇਟੇ ਨਾਨਕ ਸੁਖ ਜਨ ਰੈਨ ॥[7]

ਵੈਦਿਕ ਮੱਤ ਅਨੁਸਾਰ ਅਗਨੀ ਨੂੰ ਈਸ਼ਵਰ ਅਤੇ ਦੇਵਤਿਆਂ ਦੀ ਰਸਨਾ ਮੰਨ ਕੇ ਹੋਮ ਅਤੇ ਯੱਗਾਂ ਦਾ ਕਰਣਾ, ਲੋਕ ਪਰਲੋਕ ਦੇ ਸੁੱਖਾਂ ਦਾ ਸਰਬੋਤਮ ਸਾਧਨ ਮੰਨਿਆ ਗਿਆ ਹੈ ਪਰੰਤੂ ਗੁਰਬਾਣੀ ਅਨੁਸਾਰ ਇਹ ਅਗਿਆਨ ਕਰਮ ਹੈ। ਜਦੋਂ ਤੱਕ ਅਸੀਂ ਆਪਣੇ 'ਹਉ' ਨੂੰ ਮਿਟਾ ਨਹੀਂ ਲੈਂਦੇ; ਪਰਮਾਤਮਾ ਨੂੰ ਪਾ ਨਹੀਂ ਸਕਦੇ।

ਹੋਮ ਜਗ ਤੀਰਥ ਕੀਏ ਬਿਚ ਹਉਮੈ ਬਧੈ ਬਿਕਾਰ॥
ਨਰਕ ਸੁਰਗ ਦੁਇ ਭੁੰਚਨਾ ਹੋਇ ਬਹੁਰ ਬਹੁਰ ਅਵਤਾਰ॥[8]
ਹੋਮ ਜਗ ਜਪ ਤਪ ਸੰਜਮ ਤਟ ਤੀਰਥ ਨਹੀ ਪਾਇਆ॥
ਮਿਟਿਆ ਆਪ ਪਏ ਸਰਣਾਈ ਗੁਰਮੁਖ ਨਾਨਕ ਜਗਤ ਤਰਾਇਆ॥[9]

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਬ੍ਰਾਹਮਣਾਂ ਵੱਲੋ ਫੈਲਾਏ ਗਏ ਕਰਮਾਂ-ਕਾਂਡਾਂ ਤੇ ਆਡੰਬਰਾਂ ਦੇ ਵਿਰੋਧ ਵਿਚ ਧਰਮ ਦੀ ਅਸਲੀ ਭਾਵਨਾ ਨੂੰ ਸਥਾਪਿਤ ਕਰਦੀ ਹੈ। ਜਨਮ ਸਾਖੀਆਂ ਵਿਚੋਂ ਇਹ ਪ੍ਰਮਾਣ ਮਿੱਲਦਾ ਹੈ ਕਿ ਨੌ ਸਾਲ ਦੀ ਆਯੂ ਵਿਚ ਜਦੋਂ ਪੰਡਤ ਜੀ ਨੇ ਗੁਰੂ ਨਾਨਕ ਦੇਵ ਜੀ ਨੂੰ ਜਨੇਊ ਪਾਉਣ ਦੀ ਰਸਮ ਆਰੰਭ ਕੀਤੀ ਤਾਂ ਗੁਰੂ ਨਾਨਕ ਦੇ ਨੇ ਪੰਡਿਤ ਨਾਲ ਜੋ ਸੰਵਾਦ ਰਚਾਇਆ ਉਹ ਨੇਕ-ਕਾਰ ਵਿਹਾਰ ਤੇ ਨੀਤੀ ਦਾ ਨਵਾਂ ਮਾਰਗ ਸੁਝਾਉਂਦਾ ਹੈ:

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥[10]

ਬ੍ਰਾਹਮਣਾਂ ਦੇ ਧਾਰਮਿਕ ਦਿਖਾਵੇ ਬਾਰੇ ਟਿੱਪਣੀ ਕਰਦੇ ਹੋਏ ਗੁਰੂ ਸਾਹਿਬ ਉਸ ਨੂੰ ਧਰਮ ਦੀ ਸਹੀ ਭਾਵਨਾ ਨਾਲ ਜੋੜਦੇ ਕਹਿੰਦੇ ਹਨ:

ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ॥
ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ॥[11]

ਹਿੰਦੋਸਤਾਨ ਦੀ ਧਾਰਮਿਕ ਫਿਲਾਸਫੀ ਵਿਚ ਇਕ ਧਾਰਾ ਅਜਿਹੇ ਲੋਕਾਂ ਦੀ ਵੀ ਰਹੀ ਹੈ ਜੋ ਜੋਗੀ, ਰਿਸ਼ੀ, ਮੁਨੀ, ਸਿੱਧ ਆਦਿ ਕਹਿਲਾਉਂਦੇ ਹਨ। ਇਹ ਪੁਰਖ ਗ੍ਰਹਿਸਥ ਨੂੰ ਤਿਆਗ ਕੇ ਜੰਗਲਾਂ ਵਿਚ ਜੀਵਨ ਬਤੀਤ ਕਰਦੇ ਹਨ। ਮੋਕਸ਼ ਪ੍ਰਾਪਤੀ ਲਈ ਕਈ ਕਈ ਵਰ੍ਹਿਆਂ ਦੀ ਕਠੋਰ ਤਪੱਸਿਆ, ਜੱਪ-ਤੱਪ, ਆਸਣ, ਵਰਤ ਤੇ ਕੰਦ-ਮੂਲ ਖਾ ਕੇ ਗੁਜਾਰਾ ਕਰਦੇ ਹਨ। ਅੱਜ ਵੀ ਜੰਗਲਾਂ, ਪਰਬਤਾਂ ਤੇ ਤੀਰਥਾਂ ਤੇ ਅਨੇਕਾਂ ਅਜਿਹੇ ਸ਼ਰਧਾਲੂ ਮਿਲਣਗੇ ਜੋ ਸਭ ਕੁਝ ਤਿਆਗ ਕੇ ਅਨੇਕਾਂ ਕਰਮਾਂ-ਕਾਂਡਾਂ ਵਿਚ ਗ੍ਰਸੱਤ ਹਨ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਗ੍ਰਹਿਸਥ ਧਰਮ ਤੇ ਜ਼ੋਰ ਦਿੰਦੀ ਹੈ। ਸਮਾਜ ਤੇ ਘਰ ਵਿਚ ਵਿਚਰ ਕੇ ਵਿਸ਼ੇ-ਵਿਕਾਰਾਂ ਤੋਂ ਨਿਰਲੇਪ ਹੋਣ ਦਾ ਉਪਦੇਸ਼ ਦਿੰਦੀ ਹੈ। ਇਹ ਮਨੁੱਖਾ ਜਨਮ ਬਹੁਤ ਕੀਮਤੀ ਤੇ

ਅਮੋਲਕ ਹੈ ਜੋ ਕਰੋੜਾਂ ਜੂਨਾਂ ਭੋਗ ਕੇ ਪ੍ਰਾਪਤ ਹੁੰਦਾ ਹੈ। ਇਸ ਲਈ ਜੀਵਨ ਦਾ ਸਹੀ ਆਨੰਦ ਗੌਰਵਸ਼ਾਲੀ ਅਤੇ ਕਲਿਆਣਕਾਰੀ ਜੀਵਨ ਜਿਉਂਦੇ ਹੋਏ ਜੀਵਨ ਨੂੰ ਮਾਨਣਾ ਹੈ। ਸੱਭ ਕੁਝ ਤਿਆਗ ਕੇ ਭਟਕਣ ਨਾਲੋਂ ਬਹੁ ਸਭਿਆਚਾਰਕ ਸਮਾਜ ਵਿਚ ਨਿਰਲੇਪ ਤੇ ਸਾਂਝ ਨਾਲ ਜੀਊਣਾ ਅਸਲ ਜੀਵਨ ਹੈ। ਅਜੋਕੇ ਵਿਸ਼ਵੀਕਰਨ ਦੇ ਯੁੱਗ ਵਿਚ ਘਰ-ਬਾਹਰ ਛੱਡ ਕੇ ਜੰਗਲਾਂ ਵਿਚ ਜਾਣ ਨਾਲ ਸ਼ਾਂਤੀ ਜਾਂ ਸਕੂਨ ਹਾਸਲ ਨਹੀਂ ਕੀਤਾ ਜਾ ਸਕਦਾ; ਸ਼ਾਂਤੀ ਆਪਣੇ ਅੰਦਰੋਂ ਲੱਭਣੀ ਪਏਗੀ। 'ਇਹ ਠੀਕ ਹੈ ਮਨ ਨੂੰ ਕਾਬੂ ਕਰਨ ਲਈ ਸਰੀਰ ਦੀ ਸਾਧਨਾ ਕੁਝ ਹੱਦ ਤੱਕ ਸਹਾਈ ਹੋ ਸਕਦੀ ਹੈ ਪਰ ਧਰਮ ਇਹੋ ਕੁਝ ਨਹੀਂ। ਧਰਮ ਮਨ ਨੂੰ ਬੁਰਿਆਈਆਂ ਤੋਂ ਵਰਜ ਕੇ ਚੰਗੇ ਉਸਾਰੂ ਪਾਸੇ ਵੱਲ ਲਾਉਣਾ ਹੈ ਜਿਸ ਦੁਆਰਾ ਵਿਅਕਤੀ ਦਾ ਵਿਕਾਸ ਹੋ ਸਕੇ ਪਰ ਇਹ ਵੀ ਹਕੀਕਤ ਹੈ ਕਿ ਵਿਅਕਤੀ ਦਾ ਵਿਕਾਸ, ਸਮਾਜਕ ਵਿਕਾਸ ਬਗੈਰ ਸੰਪੂਰਨ ਨਹੀਂ। ਯੋਗ ਮੱਤ ਦੀ ਵੱਡੀ ਭੁੱਲ ਸਮਾਜਕ ਜੀਵਨ ਨੂੰ ਨਜ਼ਰ-ਅੰਦਾਜ਼ ਕਰਨਾ ਸੀ। ਇਸੇ ਲਈ ਹਠਯੋਗ ਦੇ ਧਰਮ ਕਰਮ ਬਹੁਤ ਸਾਰਥਕ ਸਿੱਧ ਨਹੀਂ ਹੋਏ। ਇਨ੍ਹਾਂ ਗ਼ਲਤ ਜੀਵਨ-ਢੰਗਾਂ ਦਾ ਸਿੱਟਾ ਸੀ ਕਿ ਜੋਗੀ ਕਰਮਯੋਗ ਤੋਂ ਸੱਖਣੇ ਹੋ ਗਏ।'[12]

ਗੁਰਬਾਣੀ ਵਿਚ ਬਾਰ-ਬਾਰ ਅਜਿਹੇ ਸੰਨਿਆਸੀਆਂ ਜਾਂ ਜੋਗੀਆਂ ਨੂੰ ਪ੍ਰੇਰਿਤ ਕਰ ਕੇ ਧਰਮ ਦਾ ਅਸਲੀ ਮਾਰਗ ਦਿਖਾਇਆ ਗਿਆ ਹੈ:

ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ
ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁਨ ਗਹਿਆ॥[13]

ਸੋ ਸੰਨਿਆਸੀ ਜੋ ਸਤਿਗੁਰ ਸੇਵੈ ਵਿਚਹੁ ਆਪ ਗਵਾਏ
ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤ ਮਿਲੈ ਸੋ ਪਾਏ॥[14]

ਸਭ ਕਿਛੁ ਘਰ ਮਹਿ ਬਾਹਰ ਨਾਹੀ ਬਾਹਰ ਟੋਲੈ ਸੋ ਭਰਮ ਭੁਲਾਹੀ
ਗੁਰ ਪਰਸਾਦੀ ਜਿਨੀ ਅੰਤਰ ਪਾਇਆ ਸੋ ਅੰਤਰ ਬਾਹਰ ਸੁਹੇਲਾ ਜੀਉ॥[15]

ਕਿਆ ਜੰਗਲ ਢੂਢੀ ਜਾਇ ਮੈ ਘਰ ਬਨ ਹਰਿਆਵਲਾ॥ [16]
ਕਾਹੇ ਰੇ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗ ਸਮਾਈ॥[17]

ਜੰਗਲ ਜੰਗਲ ਕਿਆ ਭਵਹਿ ਵਣ ਕੰਡਾ ਮੋੜਹਿ॥
ਵਸੀ ਰਬ ਹਿਆਲੀਐ ਜੰਗਲ ਕਿਆ ਢੂੰਢੇਹਿ ॥[18]

ਜਪੁ ਤਪੁ ਕਰਿ ਕਰਿ ਸੰਜਮ ਥਾਕੀ ਹਠਿ ਨਿਗ੍ਰਹਿ ਨਹੀ ਪਾਈਐ॥[19]

ਅੱਜ ਦੇ ਸਮਾਜ ਨੂੰ ਕੁਟੰਬ ਅਤੇ ਧਨ ਦਾ ਤਿਆਗ ਕਰਨ ਵਾਲੇ ਸੰਨਿਆਸੀ ਦੀ ਲੋੜ ਨਹੀਂ ਬਲਕਿ ਆਪਣੇ ਵਿਚੋਂ ਵਿਸ਼ੇ ਵਿਕਾਰਾਂ ਦਾ ਤਿਆਗ ਕਰਕੇ ਸੇਵਾ, ਪਰਉਪਕਾਰ ਤੇ ਸਾਂਝੀਵਾਲਤਾ ਨੂੰ ਸਥਾਪਤ ਕਰਕੇ ਸਰਬੱਤ ਦਾ ਭਲਾ ਮੰਨਣ ਵਾਲੇ ਸੰਨਿਆਸੀ ਦੀ ਲੋੜ ਹੈ। 'ਸੰਨਿਆਸੀ ਲੋਕ ਕਈ ਤਰ੍ਹਾਂ ਦੀਆਂ ਬਿਭੂਤੀਆਂ ਮਲ ਕੇ ਜੋਗ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ, ਘਰ ਤਿਆਗ ਉਹ ਪਰਮਾਤਮਾ ਵੱਲ ਜੁੜਨ ਦੀ ਕੋਸ਼ਿਸ਼ ਕਰਦੇ। ਅਸਲ ਅਰਥਾਂ ਵਿਚ ਅਜਿਹੇ ਲੋਕ ਆਲਸੀ, ਨਿਕੰਮੇ ਤੇ ਆਪਣੀਆਂ ਜ਼ੁੰਮੇਵਾਰੀਆਂ ਤੋਂ ਅਣਗਹਿਲੇ ਤੇ ਮਿਹਨਤ ਦੀ ਥਾਂ ਵਿਹਲੇ ਰਹਿਣਾ ਤੇ ਮੰਗ ਕੇ ਖਾਣਾ ਹੀ ਉਨ੍ਹਾਂ ਦੀ ਆਦਤ ਬਣ ਜਾਂਦੀ ਹੈ।ਗੁਰੂ ਸਾਹਿਬ ਨੇ ਅਜਿਹੇ ਲੋਕਾਂ ਨੂੰ ਸਮਾਜ ਉਪਰ ਬੋਝ ਦੱਸਿਆ।ਇਸ ਤਾਂ ਉਨ੍ਹਾਂ ਨੇ ਘਰ ਗ੍ਰਹਿਸਥੀ ਸੰਭਾਲਦਿਆਂ, ਸੱਚੀ ਸੁੱਚੀ ਕਿਰਤ ਕਰਦਿਆਂ ਪ੍ਰਭੂ ਨਾਲ ਜੁੜਨ ਦਾ ਉਪਦੇਸ਼ ਦਿੱਤਾ। ਬ੍ਰਹਮਚਾਰੀ ਦੇ ਸਿਧਾਂਤ ਨੂੰ ਨਕਾਰਦਿਆਂ ਗ੍ਰਹਿਸਥ ਧਾਰਣ ਕਰਕੇ 'ਘਰਿ ਹੀ ਮਾਹਿ ਉਦਾਸਾ' ਰਹਿਣ ਦੀ ਪ੍ਰੇਰੇਣਾ ਦਿੱਤੀ।'[20]

ਜਿੱਥੇ ਵਰਤ ਲੋਕਯਾਨ ਤੇ ਲੋਕ ਧਰਮ ਦਾ ਇਕ ਅਹਿਮ ਹਿੱਸਾ ਰਿਹਾ ਹੈ ਉੱਥੇ ਵਿਸ਼ਿਸਟ ਧਰਮਾਂ ਵਿਚ ਵੀ ਵਰਤ ਦੇ ਮਹਾਤਮ ਨੂੰ ਸਵੀਕਾਰਿਆ ਗਿਆ ਹੈ। ਹਿੰਦੂ ਧਰਮ ਅਤੇ ਇਸਲਾਮ ਵਿਚ ਰੋਜਿਆਂ ਦੇ ਰੂਪ ਵਿਚ ਬਹੁਤ ਵਰਤ ਪ੍ਰਚਲਿੱਤ ਹਨ। ਵਰਤ ਦਾ ਅਰਥ ਨਿਸਚਿਤ ਸਮੇਂ ਲਈ ਕੋਈ ਭੋਜਨ ਅੰਗੀਕਰਨ ਨਾ ਕਰਨ ਤੋਂ ਹੈ। ਗੁਰਬਾਣੀ ਦੀ ਵਿਗਿਆਨਕਤਾ ਤੇ ਤਰਕਸ਼ੀਲਤਾ ਵਰਤ ਦਾ ਡੱਟ ਕੇ ਵਿਰੋਧ ਕਰਦੀ ਹੈ ਤੇ ਇਸਦੀ ਨਿਰਾਰਥਕਤਾ ਨੂੰ ਭਲੀ-ਭਾਂਤੀ ਸਪੱਸ਼ਟ ਕਰਦੀ ਹੈ। ਜਿਵੇਂ ਹੇਠ ਲਿਖੇ ਫੁਰਮਾਨਾਂ ਤੋਂ ਸਮਝਿਆ ਜਾ ਸਕਦਾ ਹੈ:

ਅੰਨ ਨਾ ਖਾਇਆ ਸਾਦੁ ਗਵਾਇਆ॥
ਬਹੁ ਦੁਖ ਪਾਇਆ ਦੂਜਾ ਭਾਇਆ॥
ਬਸਤ੍ਰ ਨ ਪਹਿਰੈ ਅਹਿਨਿਸਿ ਕਹਰੈ॥
ਮੋਨਿ ਵਿਗੂਤਾ ਕਿਉ ਜਾਗੈ ਗੁਰ ਬਿਨੁ ਸੁਤਾ॥[21]

ਛੋਡਿਹ ਅੰਨੁ ਕਰਹਿ ਪਾਖੰਡ॥
ਨਾ ਸੁਹਾਗਨਿ ਨਾ ਓਹਿ ਰੰਡ॥[22]

ਪੂਜਾ ਵਰਤ ਤਿਲਕ ਇਸਨਾਨਾ ਪੁੰਨ ਦਾਨ ਬਹੁ ਦੈਨ॥
ਕਹੂੰ ਨ ਭੀਜੈ ਸੰਜਮ ਸੁਆਮੀ ਬੋਲਹਿ ਮੀਠੇ ਬੈਨ॥[23]

ਸਚ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ॥
ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ॥[24]

ਅੰਨ ਨ ਖਾਹਿ ਦੇਹੀ ਦੁਖ ਦੀਜੈ॥
ਬਿਨ ਗੁਰੁ ਗਿਆਨ ਨ ਤ੍ਰਿਪਤ ਨਹੀ ਥੀਜੈ॥[25]

ਗੁਰਬਾਣੀ ਨਿਸਚੇ ਹੀ ਵਿਵਹਾਰਕ ਧਰਮ ਹੈ। ਸਰੀਰ ਨੂੰ ਕਸ਼ਟ ਦੇ ਕੀ ਤੇ ਕਿਵੇਂ ਪਾਇਆ ਜਾ ਸਕਦਾ ਹੈ ਦਾ ਪ੍ਰਸ਼ਨ ਕਈ ਸਵਾਲ ਪੈਦਾ ਕਰਦਾ ਹੈ। ਵਿਚਾਰ ਤਾਂ ਸੰਜਮ ਦੀ ਹੋਣੀ ਚਾਹੀਦੀ ਹੈ; ਜਿਸਦੀ ਅਜੋਕੇ ਸਮਿਆਂ ਨੂੰ ਬਹੁਤ ਲੋੜ ਹੈ। ਇਸ ਸੰਬੰਧ ਵਿਚ ਸ਼ੇਖ ਫ਼ਰੀਦ ਜੀ ਦੇ ਇਸ ਸਲੋਕ ਨਾਲ ਸੰਜਮ ਦੀ ਭਾਵਨਾ ਨੂੰ ਸਮਝਿਆ ਜਾ ਸਕਦਾ ਹੈ:

ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁੱਖ॥
ਜਿਨਾ ਖਾਧੀ ਚੋਪੜੀ ਘਣੇ ਸਹਿਣਗੇ ਦੁਖੁ॥
ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥
ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥[26]

ਸੋ ਗੁਰਬਾਣੀ ਵਰਤ ਦੇ ਕਰਮ-ਕਾਂਡ ਦੀ ਬਜਾਇ ਸੰਜਮ ਤੇ ਸਬਰ ਨੂੰ ਅਪਣਾ ਕੇ ਜੀਵਨ-ਮਾਰਗ ਨੂੰ ਰੁਸ਼ਨਾਉਂਦੀ ਹੈ।

ਭਾਰਤੀ ਧਾਰਮਿਕ ਪਰੰਪਰਾ ਵਿਚ **ਤੀਰਥ-ਇਸ਼ਨਾਨਾਂ** ਦੀ ਮਹੱਤਤਾ ਤੇ ਬੜਾ ਜ਼ੋਰ ਦਿੱਤਾ ਗਿਆ ਹੈ। ਤੀਰਥ-ਇਸ਼ਨਾਨਾਂ ਤੇ ਕੀਤੇ ਸ਼ਨਾਨ ਨਾਲ ਪ੍ਰਾਣੀ ਦੀ ਗਤੀ ਹੋ ਜਾਂਦੀ ਹੈ।ਉਹ ਮੁਕਤੀ ਪ੍ਰਾਪਤ ਕਰਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰਧਾਮਾਂ ਦੇ ਦਰਸ਼ਨਾਂ ਨਾਲ ਮਨ ਵਿਚ ਉਤਸ਼ਾਹ ਤੇ ਪ੍ਰੇਰਨਾ ਉਪਜਦੀ ਹੈ; ਅਧਿਆਤਮਕ ਪੁਰਖਾਂ ਦੇ ਦਰਸ਼ਨ ਹੁੰਦੇ ਹਨ; ਲੋਕਾਂ ਨੂੰ ਹਿੱਤ ਦਾ ਉਪਦੇਸ ਕਰਨ ਵਿਚ ਤੀਰਥ ਬਹੁਤ ਯੋਗ ਹਨ; ਪਰ ਇਹ ਮੰਨਣਾ ਕਿ ਕੇਵਕ ਇਸ਼ਨਾਨ ਨਾਲ ਪਾਪ ਦੂਰ ਹੋ ਜਾਂਦੇ ਹਨ ਤਾਂ ਇਹ ਗੁਰਮਤਿ ਦਰਸ਼ਨ ਦਾ ਹਿੱਸਾ ਨਹੀਂ ਹੈ ਕਿ ਪਾਪ ਕਰੀ ਚੱਲੋ ਅਤੇ ਇਸ਼ਨਾਨ ਨਾਲ ਪਾਪ ਲਾਹੀ ਜਾਵੋ। ਗੁਰੂ ਗ੍ਰੰਥ ਸਾਹਿਬ ਵਿਚ ਅਜਿਹੇ ਤੀਰਥਾਂ ਤੇ ਜਾ ਕੇ ਸ਼ਨਾਨ ਕਰਨ ਦੇ ਮਹਾਤਮ ਦਾ ਖੰਡਨ ਕਰਦਿਆਂ ਸਪੱਸ਼ਟ ਕੀਤਾ ਗਿਆ ਹੈ ਕਿ ਤੀਰਥਾਂ ਤੇ ਜਾਂ ਕੇ ਮਨ ਦੀ ਮੈਲ ਦੂਰ ਨਹੀਂ ਹੁੰਦੀ। ਗੁਰਬਾਣੀ ਵਿਚ ਅਜਿਹੇ ਕਈ ਹਵਾਲੇ ਮਿਲਦੇ ਹਨ:

ਤੀਰਥ ਨਾਇ ਨ ਉਤਰਸਿ ਮੈਲੁ॥
ਕਰਮ ਧਰਮ ਸਭਿ ਹਉਮੈ ਫੈਲੁ॥[27]
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ॥[28]
ਪੁੰਨ ਦਾਨ ਅਨੇਕ ਨਾਵਣ ਕਿਉ ਅੰਤਰਿ ਮਲੁ ਧੋਵੈ॥[29]
ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ॥[30]
ਅਠਸਠਿ ਤੀਰਥ ਭਰਮਿ ਵਿਗੂਚਹਿ ਕਿਉ ਮਲੁ ਧੋਪੈ ਪਾਪੈ॥[31]
ਤੀਰਥ ਨਾਇ ਨ ਉਤਰਸਿ ਮੈਲੁ॥[32]
ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ॥
ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ॥[33]

ਪੁੰਨ ਦਾਨ ਅਨੇਕ ਨਾਵਣ ਕਿਉ ਅੰਤਰ ਮਲੁ ਧੋਵੈ॥[34]
ਭੇਖੀ ਹਾਥ ਨ ਲਭਦੀ ਤੀਰਥਿ ਨਹੀ ਦਾਨੇ॥

ਪੁਛਉ ਬੇਦ ਪੜੰਦਿਆ ਮੂਠੀ ਵਿਣੁ ਮਾਨੇ॥[35]

ਤੀਰਥ ਨਾਇ ਅਰੁ ਧਰਨੀ ਭ੍ਰਮਤਾ ਆਗੈ ਠਉਰ ਨ ਪਾਵੈ॥
ਊਹਾ ਕਾਮਿ ਨ ਆਵੈ ਇਹਿ ਬਿਧਿ ਓਹੁ ਲੋਗਨ ਹੀ ਪਤੀਆਵੈ॥[36]

ਮਨ ਮਹਿ ਕ੍ਰੋਧ ਮਹਾ ਅੰਹਕਾਰਾ ਪੂਜਾ ਕਰਹਿ ਬਹੁਤ ਬਿਸਥਾਰਾ॥
ਕਰ ਇਸਨਾਨ ਤਨ ਚਕ੍ਰ ਬਣਾਏ ਅੰਤਰ ਕੀ ਮਲ ਕਬਹੀ ਨ ਜਾਏ॥
ਇਤ ਸੰਜਮ ਪ੍ਰਭੁ ਕਿਨੀ ਨ ਪਾਇਆ॥
ਭਗਉਤੀ ਮੁਦ੍ਰਾ ਮਨ ਮੋਹਿਆ ਮਾਇਆ॥
ਪਾਪ ਕਰਹਿ ਪੰਚਾਂ ਕੇ ਬਸਿ ਰੇ, ਤੀਰਥ ਨਾਇ ਕਹਹਿ ਸਭ ਉਤਰੇ॥
ਬਹੁਰ ਕਮਾਵਹਿ ਹੋਇ ਨਿਸੰਕ ਜਮਪੁਰਿ ਬਾਂਧ ਖਰੇ ਕਾਲੰਕ ॥[37]

ਸੋ ਗਰਬਾਣੀ ਸਪੱਸ਼ਟ ਕਰਦੀ ਹੈ ਕਿ ਕੇਵਕ ਤੀਰਥਾਂ ਤੇ ਇਸਨਾਨ ਕਰਨ ਨਾਲ ਵਿਸ਼ੇ-ਵਿਕਾਰਾਂ ਦਾ ਅੰਤ ਨਹੀਂ ਹੁੰਦਾ। ਹਉਮੇ ਦੂਰ ਨਹੀਂ ਹੁੰਦੀ। ਸਬਰ ਤੇ ਸੰਤੋਖ ਦੀ ਪ੍ਰਾਪਤੀ ਨਹੀਂ ਹੁੰਦੀ। ਅਰਥਾਤ ਅਜਿਹੇ ਲੱਖਾਂ ਯਤਨਾਂ ਦੇ ਬਾਵਜੂਦ ਵੀ ਮਨ ਦੀ ਮੈਲ ਖ਼ਤਮ ਨਹੀਂ ਹੁੰਦੀ। ਕਬੀਰ ਸਾਹਿਬ ਨੇ ਕਿਹਾ ਸੁੰਦਰ ਦ੍ਰਿਸ਼ਟਾਂਤ ਦੇ ਕੇ ਸਮਝਾਇਆ ਹੈ -

ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ॥
ਜੈਸੇ ਮੇਂਡੁਕ ਤੈਸੇ ਓਹਿ ਨਰ ਫਿਰਿ ਫਿਰਿ ਜੋਨੀ ਆਵਹਿ॥[38]

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਜਿਸ ਤੀਰਥ ਦਾ ਮਹਾਤਮ ਗਾਇਆ ਗਿਆ ਹੈ ਉਹ ਨਾਮ ਦਾ ਤੀਰਥ ਹੈ। ਉਹ ਗੁਰੂ ਰੂਪੀ ਤੀਰਥ ਹੈ। ਜਦੋਂ ਗੁਰੂ ਦੇ ਉਪਦੇਸ਼ਾਂ ਰੂਪੀ ਤੀਰਥ ਵਿਚ ਇਸ਼ਨਾਨ ਕਰ ਲਵਾਂਗੇ ਤਾਂ ਸਾਰੀ ਸੋਝੀ ਤੇ ਗਿਆਨ ਹਾਸਲ ਹੋ ਜਾਏਗਾ। ਯਕੀਨਨ ਹਰੇਕ ਪ੍ਰਾਣੀ ਨੂੰ ਗਿਆਨ ਦੀ ਲੋੜ ਹੁੰਦੀ ਹੈ। ਇਹ ਗਿਆਨ ਦਾ ਸੋਮਾ ਗੁਰੂ ਹੁੰਦਾ ਹੈ ਜੋ ਪ੍ਰਾਣੀ ਨੂੰ ਵਿਸ਼ੇ-ਵਿਕਾਰਾਂ ਦੇ ਜਾਲ ਵਿਚੋਂ ਮੁਕਤ ਕਰਕੇ ਸ਼ੁਭ ਅਮਲਾਂ ਤੇ ਕਰਮਾਂ ਨਾਲ ਜੀਵਨ ਜਿਉਣ ਲਈ ਪ੍ਰੇਰਦਾ ਹੈ। ਗੁਰੂ ਦੇ ਲੜ੍ਹ ਲੱਗ ਕੇ ਉਸ ਦੇ ਦੱਸੇ ਰਾਹ ਤੇ ਚਲਦਿਆਂ ਮਨੁੱਖ ਆਪਣਾ ਜੀਵਨ ਸਫਲਾ ਕਰ ਸਕਦਾ ਹੈ:

ਗੁਰੂ ਸਮਾਨਿ ਤੀਰਥੁ ਨਹੀਂ ਕੋਈ॥[39]
ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ॥[40]
ਨਾਨਕ ਗੁਰ ਸਮਾਨਿ ਤੀਰਥੁ ਨਹੀ ਕੋਈ ਸਾਚੇ ਗੁਰ ਗੋਪਾਲਾ॥[41]
ਗੁਰ ਸਰਵਰੁ ਹਮ ਹੰਸ ਪਿਆਰੇ॥
ਸਾਗਰ ਮਹਿ ਰਤਨ ਲਾਲ ਬਹੁ ਸਾਰੇ॥[42]

ਮਨ ਕਿਉ ਬੈਰਾਗੁ ਕਰਹਿਗਾ ਸਤਿਗੁਰੁ ਮੇਰਾ ਪੂਰਾ॥
ਮਨਸਾ ਕਾ ਦਾਤਾ ਸਭ ਸੁਖ ਨਿਧਾਨ
ਅੰਮ੍ਰਿਤਸਰ ਸਦ ਹੀ ਭਰਪੂਰਾ॥ [43]

ਨਿਸਚੈ ਹੀ ਗੁਰੂ ਗਿਆਨ ਦਾ ਸੋਮਾ ਹੈ; ਜੋ ਨਾਮ ਦੀ ਬਖਸ਼ਿਸ਼ ਕਰਦਾ ਹੈ। ਨਾਮ ਜੱਪਣਾ ਜਾਂ ਸਿਮਰਨ ਕਰਨਾ ਪਰਮ-ਪਿਤਾ ਨਾਲ ਜੋੜਨਾ ਹੈ। ਜਦੋਂ ਸਾਧਕ ਜਾਂ ਪ੍ਰਾਣੀ ਪ੍ਰਭੂ ਨਾਲ ਅਭੇਦ ਹੋ ਜਾਂਦਾ ਹੈ ਅਰਥਾਤ ਉਸ ਦੇ ਗੁਣਾਂ ਨੂੰ ਪਛਾਣ ਕੇ ਉਸ ਦੀ ਪ੍ਰਾਪਤੀ ਕਰਨਾ ਲੋਚਦਾ ਹੈ ਤਾਂ ਉਸਦਾ ਜੀਵਨ ਰੂਪਾਂਤਰਿਤ ਹੋ ਜਾਂਦਾ ਹੈ। ਪ੍ਰਭੂ-ਪ੍ਰਾਪਤੀ ਲਈ ਸਿਰਜਿਆ ਮਾਰਗ ਨੈਤਿਕਤਾ ਤੇ ਸਦਾਚਾਰਕਤਾ ਦਾ ਰਾਹ ਵਿਉਂਤਦਾ ਹੈ। ਨੇਕ ਕਮਾਈਆਂ ਤੇ ਮਿਹਨਤਾਂ ਤੇ ਜ਼ੋਰ ਦਿੰਦਾ ਹੈ। ਵਿਸ਼ੇ-ਵਿਕਾਰਾਂ ਦੇ ਜੰਜਾਲ ਤੋਂ ਬਾਹਰ ਆ ਜਾਂਦਾ ਹੈ। ਅਜਿਹੇ ਨਾਮ ਰੂਪੀ ਤੀਰਥ ਨਾਲ ਜੁੜਨ ਲਈ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪ੍ਰਵਚਨ ਕਰਦੀ ਹੈ:

ਤੀਰਥਿ ਭਰਮਸਿ ਬਿਆਧਿ ਨ ਜਾਵੈ॥
ਨਾਮ ਬਿਨਾ ਕੈਸੇ ਸੁਖੁ ਪਾਵੈ॥ [44]

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥
ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ॥
ਸਦਾ ਦਸਾਹਰਾ॥ਹਉ ਨਾਮੁ ਹਰਿ ਕਾ॥
ਸਦਾ ਜਾਚਉ ਦੇਹ ਪ੍ਰਭ ਧਰਣੀ ਧਰਾ॥[45]

ਨਾਨਕ ਕੈ ਘਰਿ ਕੇਵਲ ਨਾਮੁ॥ [46]

ਗੁਰਬਾਣੀ ਵਿਚ 'ਅੰਤਰੁ ਨਿਰਮਲੁ ਅੰਮ੍ਰਿਤ ਸਰ ਨਾਏ'[47], 'ਅੰਦਰਹੁ ਤ੍ਰਿਸਨਾ ਅਗਨਿ ਬੁਝੀ ਹਰਿ ਅੰਮ੍ਰਿਤਸਰਿ ਨਾਤਾ'[48], 'ਮੈਲ ਗਈ ਮਨੁ ਨਿਰਮਲੁ ਹੋਆ ਅੰਮ੍ਰਿਤਸਰਿ ਤੀਰਥਿ ਨਾਇ'[49] ਆਦਿ ਗੁਰੂ ਵਾਕ ਗੁਰੂ ਅਮਰਦਾਸ ਜੀ ਦੇ ਉਚਾਰੇ ਹੋਏ ਹਨ; ਜਦੋਂ ਅੰਮ੍ਰਿਤਸਰ ਦੀ ਹੋਂਦ ਨਹੀਂ ਸੀ। ਅੰਮ੍ਰਿਤ ਸਰੋਵਰ ਦੀ ਹੋਂਦ ਗੁਰੂ ਰਾਮਦਾਸ ਜੀ ਨੇ ਕਰਵਾਈ। 'ਕਾਇਆ ਅੰਦਰਿ ਅੰਮ੍ਰਿਤ ਸਰ ਸਾਚਾ ਮਨੁ ਪੀਵੈ ਭਾਇ ਸੁਭਾਈ ਹੇ'[50] ਗੁਰੂ-ਵਾਕ ਪ੍ਰਤੱਖ ਰੂਪ ਵਿਚ ਅੰਮ੍ਰਿਤਸਰ ਨੂੰ ਕਾਇਆ ਨਾਲ ਜੋੜ ਰਿਹਾ ਹੈ। ਜਿਵੇਂ ਗੁਰੂ ਅਮਰਦਾਸ ਜੀ ਨੇ ਫੁਰਮਾਇਆ ਕਿ ਸਤਿਗੁਰੂ ਹੀ ਅੰਮ੍ਰਿਤਸਰ ਹੈ ਅਤੇ ਮਨ ਨੂੰ ਉਸ ਵਿਚ ਨਹਾ ਕੇ ਮਨ ਦੀ ਮੈਲ ਦੂਰ ਕਰਨ ਦਾ ਯਤਨ ਕਰਨਾ ਚਾਹੀਦਾ ਹੈ:

ਸਤਿਗੁਰੁ ਹੈ ਅੰਮ੍ਰਿਤ ਸਰ ਸਾਚਾ ਮਨੁ॥
ਨਾਵੈ ਮੈਲੁ ਚੁਕਾਵਣਿਆ॥[51]

ਗੁਰੂ ਨਾਨਕ ਸਾਹਿਬ ਜੀ ਨੇ ਗੁਰੂ ਸਾਗਰ ਰੂਪੀ ਅੰਮ੍ਰਿਤਸਰ ਦਾ ਸੰਵਾਦ ਆਰੰਭਿਆ ਸੀ। ਆਪ ਜੀ ਦੇ ਬਚਨ ਹਨ:

ਬਿਖਿਆ ਮਲੁ ਜਾਇ ਅੰਮ੍ਰਿਤ ਸਰ ਨਾਵਹੁ
ਗੁਰਸਰ ਸੰਤੋਖ ਪਾਇਆ॥[52]

ਗੁਰੂ ਸਾਗਰੁ ਅੰਮ੍ਰਿਤ ਸਰ ਜੋ ਇਛੈ ਸੋ ਫਲ ਪਾਏ॥[53]

ਗੁਰੂ ਰਾਮਦਾਸ ਜੀ ਅੰਮ੍ਰਿਤਸਰ ਦੀ ਪਰਿਭਾਸ਼ਾ ਇੰਝ ਫਰਮਾਉਂਦੇ ਹਨ:

ਅੰਮ੍ਰਿਤ ਸਰ ਸਤਿਗੁਰੂ ਸਤਿਵਾਦੀ
ਜਿਤ ਨਾਤੈ ਕਉਆ ਹੰਸੁ ਹੋਹੈ॥[54]

ਭੱਟ ਕੱਲ ਜੀ ਗੁਰੂ ਰਾਮਦਾਸ ਜੀ ਦੇ ਸਨਮੁੱਖ ਹੋ ਕੇ ਉਚਾਰਣ ਕਰਦੇ ਹਨ:

ਕਵਿ ਕਲ੍ਯ ਠਕੁਰ ਹਰਦਾਸ ਤਨੇ
ਗੁਰ ਰਾਮ ਦਾਸ ਸਰ ਅਭਰ ਭਰੇ॥[55]

ਅਰਥਾਤ ਗੁਰੂ ਰਾਮਦਾਸ ਜੀ ਗਿਆਨ ਰੂਪੀ ਜਲ ਹਨ ਜੋ ਕਦੇ ਨਿਖੁਟਦਾ ਨਹੀਂ। ਇਸੇ ਹੀ ਭਾਵ ਨਾਲ ਇਹ ਸ਼ਬਦ ਹੈ:

ਰਾਮਦਾਸ ਸਰੋਵਰਿ ਨਾਤੇ॥
ਸਭਿ ਉਤਰੇ ਪਾਪ ਕਮਾਤੇ॥
ਨਿਰਮਲ ਹੋਏ ਕਰਿ ਇਸਨਾਨਾ॥
ਗੁਰਿ ਪੂਰੈ ਕੀਨੇ ਦਾਨਾ॥
ਸਭਿ ਕੁਸਲ ਖੇਮ ਪ੍ਰਭ ਧਾਰੇ॥
ਸਹੀ ਸਲਾਮਤਿ ਸਭਿ ਥੋਕ ਉਬਾਰੇ॥
ਗੁਰ ਕਾ ਸਬਦੁ ਵੀਚਾਰੇ॥ ਰਹਾਉ॥[56]

ਅੱਜ ਦੇ ਮਨੁੱਖ ਦੀ ਮੁੱਖ ਲੋੜ ਆਤਮ-ਸ਼ੁਧੀ ਕਰ ਕੇ ਜੀਵਨ ਨੂੰ ਸੁਚੱਜਾ ਬਣਾ ਕੇ ਜੀਵਨ ਤੇ ਸਮਾਜ ਨੂੰ ਸਾਰਥਕ ਰਾਹਾਂ ਤੇ ਤੋਰਨ ਦੀ ਹੈ ਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਗੁਰੂ ਰੂਪੀ ਤੀਰਥ ਨਾਲ ਜੁੜ ਕੇ ਆਪਣੀ ਅੰਤਰ-ਆਤਮਾ ਨੂੰ ਸੰਵਾਰਨ ਦੀ ਪ੍ਰੇਰਨਾ ਜਾਗ੍ਰਿਤ ਕਰਦੀ ਹੈ।

**ਸਰਾਧ** ਦਾ ਅਸਲ ਅਰਥ ਹੈ ਸ਼ਰਧਾ ਨਾਲ ਕੀਤਾ ਹੋਇਆ ਕਰਮ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਮਰੇ ਹੋਏ ਪਿਤਰਾਂ ਨੂੰ ਤ੍ਰਿਪਤ ਔਰ ਪ੍ਰਸੰਨ ਕਰਣ ਵਾਸਤੇ ਜੋ ਅੰਨ ਵਸਤ੍ਰ ਆਦਿਕ ਸਾਮਗ੍ਰੀ ਦਿੱਤੀ ਜਾਂਦੀ ਹੈ, ਪੁਰਾਣ ਮੱਤ ਅਨੁਸਾਰ ਉਸ ਦਾ ਨਾਉਂ ਸ੍ਰੱਧ ਹੈ। ਜਿਸ ਦੇ ਮੁੱਖ ਤਿੰਨ ਭੇਦ ਹਨ- ਖਿਆਹੀ, ਪਾਰਬਣ ਔਰ ਮਹਾਲਯ'[57]

ਪਿੱਤਰ ਦੇ ਮਰਣ ਵਾਲੇ ਮਹੀਨੇ ਔਰ ਤਿਥੀ ਵਿਚ ਸਰਾਧ ਕਰਨਾ ਖਿਆਹੀ, ਅਮਾਵਸ ਪੂਰਨਮਾਸ਼ੀ ਆਦਿਕ ਪਰਬਾਂ ਵਿਚ ਸਰਾਧ ਕਰਨਾ ਪਾਰਬਣ, ਅੱਸੂ ਦੇ ਹਨ੍ਹੇਰੇ ਪੱਖ ਵਿਚ ਪਿੱਤਰਾਂ ਨੂੰ ਤ੍ਰਿਪਤ ਕਰਨਾ ਮਹਾਲਯ ਸਰਾਧ ਹੈ।'ਮਨੂ

ਨੇ ਤਿਲ, ਜੌਂ, ਚਾਉਲ, ਮਾਂਹ ਅਰ ਤਰਕਾਰੀਆਂ ਦੇਣ ਨਾਲ ਇੱਕ ਮਹੀਨਾ, ਮੱਛੀ ਦੇ ਮਾਸ ਨਾਲ ਦੋ ਮਹੀਨੇ, ਹਰਨ ਦੇ ਮਾਸ ਨਾਲ ਤਿੰਨ ਮਹੀਨੇ, ਮੀਢੇ ਦੇ ਮਾਸ ਕਰਕੇ ਚਾਰ ਮਹੀਨੇ, ਪਰਿੰਦੇ ਦੇ ਮਾਸ ਨਾਲ ਪੰਜ ਮਹੀਨੇ, ਬੱਕਰੇ ਦੇ ਮਾਸ ਦੇਣ ਕਰਕੇ ਛੀ ਮਹੀਨੇ......ਔਰ ਝੋਟੇ ਵ ਸੂਰ ਦੇ ਮਾਸ ਨਾਲ ਦੱਸ ਮਹੀਨੇ ਤਾਈਂ ਪਿੱਤਰਾਂ ਦੀ ਤ੍ਰਿਪਤੀ ਹੋਈ ਦੱਸੀ ਜਾਂਦੀ ਹੈ।'[58] ਗੁਰਬਾਣੀ ਵਿਚ ਸਰਾਧ ਬਾਰੇ ਵਿਚਾਰ ਕਰਦੇ ਗੁਰੂ ਨਾਨਕ ਸਾਹਿਬ ਫਰਮਾਉਂਦੇ ਹਨ:

ਆਇਆ ਗਇਆ ਮੁਇਆ ਨਾਉਂ, ਪਿਛੈ ਪਤਲ ਸਦਿਹ ਕਾਉ॥
ਨਾਨਕ ਮਨਮੁੱਖ ਅੰਧ ਪਿਆਰ ਬਾਝ ਗੁਰੂ ਡੁੱਬਾ ਸੰਸਾਰ॥[59]

ਜੀਵਤ ਪਿਤਰ ਨਾ ਮਾਨੈ ਕੋਊ ਮੂਏ ਸਿਰਾਧ ਕਰਾਹੀ॥
ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ॥[60]

'ਸ਼ਰਾਧਾਂ ਰਾਹੀਂ ਗੁਜ਼ਰ ਗਏ ਮਾਤਾ-ਪਿਤਾ ਨੂੰ ਭੋਜਨ ਛਕਾਇਆ ਜਾਂਦਾ, ਤਾਂ ਕਿ ਇਸਦਾ ਫਲ ਮਾਤਾ-ਪਿਤਾ ਨੂੰ ਮਿਲੇ। ਅਸਲ ਵਿਚ ਇਹ ਵੀ ਇਕ ਬ੍ਰਾਹਮਣਾਂ ਦੁਆਰਾ ਚਲਾਇਆ ਢੌਂਗ ਸੀ। ਗੁਰੂ ਨਾਨਕ ਦੇਵ ਜੀ ਨੇ ਇਸ ਵਹਿਮ ਦੀ ਨਿਖੇਧੀ ਕਰਦਿਆਂ ਜੀਊਂਦੇ ਜੀਅ ਆਪਣੀ ਸੱਚੀ-ਸੁੱਚੀ ਤੇ ਨੇਕ ਕਮਾਈ ਵਿਚੋਂ ਲੋੜਵੰਦਾਂ ਲਈ ਦਾਨ ਦੇਣ ਦੇ ਪੁੰਨ ਨੂੰ ਹੀ ਫਲ ਦਸਿਆ। ਗ਼ਰੀਬ ਸੇਵਾ ਜਿੱਥੇ ਇਕ ਪਾਸੇ ਸਮਾਜ ਸੇਵਾ ਹੈ, ਉਥੇ ਦੂਜੇ ਪਾਸੇ ਮਨੁੱਖ ਦੀ ਆਤਮਕ ਸ਼ਾਂਤੀ ਵੀ ਹੈ।'[61]

ਅਗਿਆਨੀ ਪੁਰਸ਼ ਇਹ ਨਹੀਂ ਜਾਣਦੇ ਕਿ ਜੀਵ ਨੂੰ ਅਗਲੇ ਜਨਮ ਵਿਚ ਉਹ ਪ੍ਰਾਪਤ ਹੋਣਾ ਹੈ ਜੋ ਉਸਨੇ ਕਮਾਇਆ ਹੈ। ਅਰਥਾਤ ਪ੍ਰਾਣੀ ਨੇ ਆਪਣੇ ਕੀਤੇ ਕਰਮਾਂ ਦਾ ਫਲ ਭੋਗਣਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ 'ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ',[62] 'ਨਾਨਕ ਏਥੈ ਕਮਾਵੈ ਸੋ ਮਿਲੈ, ਅਗੇ ਪਾਇ ਜਾਇ'[63] ਅਤੇ 'ਆਪਣ ਹਥੀ ਆਪਣਾ ਆਪੇ ਹੀ ਕਾਜ ਸਵਾਰੀਐ'[64] ਦੇ ਸਿਧਾਂਤ ਉੱਪਰ ਬੱਲ ਦਿੰਦੀ ਨੇਕ ਕਰਮਾਂ ਦੀ ਕਮਾਈ ਦਾ ਸੰਚਾਰ ਕਰਦੀ ਹੈ। ਸਾਡੇ ਸਮਾਜ ਦੀ ਕਿੰਨੀ ਵਿਡੰਬਨਾ ਹੈ ਕਿ ਜਿਉਂਦੇ ਜੀ ਮਾਪਿਆਂ ਨੂੰ ਦੁਰਕਾਰਿਆ ਜਾਂਦਾ ਹੈ ਤੇ ਮਰਨ ਪਿੱਛੋਂ ਆਡੰਬਰ ਕੀਤੇ ਜਾਂਦੇ ਹਨ। ਗੁਰਬਾਣੀ ਤਾਂ ਜਿਉਂਦੇ ਮਾਪਿਆਂ ਦੀ ਸ਼ਰਧਾ ਨਾਲ ਸੇਵਾ ਤੇ ਜ਼ੋਰ ਦਿੰਦੀ ਹੈ। ਅਜੋਕੇ ਸਮਾਜ ਵਿਚ ਵੱਧਦੇ ਹੋਏ ਬ੍ਰਿਧ ਆਸ਼ਰਮਾਂ Old Age Homes ਦੀ ਗਿਣਤੀ ਵੱਧਦੀ ਜਾ ਰਹੀ ਹੈ। ਬਜ਼ੁਰਗਾਂ ਦੀ ਸੰਭਾਲ ਅਤੇ ਸੁਰੱਖਿਆ ਲਈ ਬ੍ਰਿਧ ਆਸ਼ਰਮ ਬਹੁਤ ਸਾਰਥਕ ਹਨ ਪਰ ਜਦੋਂ ਆਪਣੀ ਔਲਾਦ ਦੇ ਹੁੰਦਿਆ ਹੋਇਆਂ ਇਨ੍ਹਾਂ ਆਸਰਮਾਂ ਵਿਚ ਰਹਿਣਾ ਪਵੇ ਤਾਂ ਬੜਾ ਅਫ਼ਸੋਸ ਹੁੰਦਾ ਹੈ। ਇਹ ਕਿਹੋ ਜਿਹੀ ਨਵੀਨਤਾ ਤੇ ਆਧੁਨਿਕਤਾ (modernism / advancement) ਹੈ? ਅਸੀਂ ਆਪਣੀ ਗੌਰਵਸ਼ਾਲੀ ਪਰੰਪਰਾ ਤੇ ਵਿਰਸੇ ਨੂੰ ਭੁੱਲ ਕੇ; ਅਨਮੋਲ ਕਦਰਾਂ ਕੀਮਤਾਂ ਦਾ ਘਾਣ ਕਰਕੇ ਫਜ਼ੂਲ ਦੇ ਕਰਮਾਂ-ਕਾਂਡਾਂ ਦਾ ਅੱਜ ਵੀ ਸ਼ਿਕਾਰ ਹਾਂ। ਗੁਰਬਾਣੀ ਅਜਿਹੇ ਨਿਗੁਣੇ ਕਰਮਾਂ ਦਾ ਖੰਡਨ ਕਰਕੇ ਜੀਉਂਦੇ ਜਾਗਦੇ ਬਜ਼ੁਰਗਾਂ ਦੀ ਸੇਵਾ ਦਾ ਸੁਨੇਹਾ ਦਿੰਦੀ ਹੈ।

ਹਿੰਦੂ ਧਰਮ-ਗ੍ਰੰਥਾਂ ਵਿਚ **ਸੂਤਕ** ਦੀ ਵਿਚਾਰ ਨੇ ਲੋਕਾਂ ਨੂੰ ਬਹੁਤ ਗੁਮਰਾਹ ਕੀਤਾ ਹੋਇਆ ਹੈ।'ਜਨਮ ਔਰ ਮਰਣ ਸਮਯ ਵਰਣਾਂ ਦੇ ਭੇਦ ਕਰਕੇ ਹਿੰਦੂ ਧਰਮ ਸ਼ਾਸਤ੍ਰਾਂ ਦੀ ਥਾਪੀ ਹੋਈ ਅਸ਼ੁੱਧੀ ਦਾ ਨਾਉਂ ਸੂਤਕ ਪਾਤਕ ਹੈ।'[65] ਇਹ

ਮੰਨਿਆ ਜਾਂਦਾ ਹੈ ਕਿ ਬ੍ਰਾਹਮਣ ਦੇ ਬਾਰਾਂ ਦਿਨ, ਖੱਤਰੀ ਦੇ ਤੇਰਾ ਦਿਨ, ਵੈਸ਼ ਦੇ ਸਤਾਰਾਂ ਦਿਨ ਅਤੇ ਸ਼ੂਦਰ ਦੇ ਤੀਹ ਦਿਨ ਅਸ਼ੁੱਧੀ ਮੰਨੀ ਜਾਂਦੀ ਹੈ। ਇਸ ਭਰਮਰੂਪ ਨੂੰ ਗੁਰਬਾਣੀ ਖੰਡਨ ਕਰਦੀ ਦ੍ਰਿੜ ਕਰਵਾਉਂਦੀ ਹੈ:

ਮਨ ਕਾ ਸੂਤਕੁ ਦੂਜਾ ਭਾਉ ਭਰਮੇ ਭੂਲੇ ਆਵਉ ਜਾਉ॥
ਮਨਮੁਖ ਸੂਤਕ ਕਬਹਿ ਨ ਜਾਇ ਜਿਚਰੁ ਸਬਦਿ ਨ ਭੀਜੈ ਹਰਿ ਕੈ ਨਾਇ॥[66]

ਜੇ ਕਰ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ॥
ਗੋਹੇ ਅਤੇ ਲਕੜੀ ਅੰਦਰ ਕੀੜਾ ਹੋਇ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ॥[67]

ਜਲਿ ਹੈ ਸੂਤਕੁ ਥਲਿ ਹੈ ਸੂਤਕੁ ਸੂਤਕ ਓਪਤਿ ਹੋਈ॥
ਜਨਮੇ ਸੂਤਕੁ ਮੂਏ ਫੁਨਿ ਸੂਤਕੁ ਸੂਤਕੁ ਪਰਜ ਬਿਗੋਈ॥
ਕਹੁ ਰੇ ਪੰਡੀਆ ਕਉਨ ਪਵੀਤਾ ॥[68]

ਮੌਤ ਜਾ ਮ੍ਰਿਤਕ ਸੰਸਕਾਰ ਨੂੰ ਸਿੱਖ ਮਤ ਵਿਚ 'ਚਲਾਣਾ' ਕਿਹਾ ਜਾਂਦਾ ਹੈ। ਰੋਣਾ, ਸਿਆਪਾ ਅਤੇ ਪ੍ਰੇਤਕ੍ਰਿਆ ਆਦਿ ਅਵਿਦਿਆ ਦੇ ਕਰਮ ਗੁਰੁਮਤ ਵਿਚ ਵਿਵਰਜਿਤ ਹਨ। ਗੁਰਬਾਣੀ ਅਕਾਲਪੁਰਖ ਦੇ ਭਾਣੇ ਅੰਦਰ ਰਹਿ ਕੇ ਧੀਰਜ ਨਾਲ ਸੰਬੰਧੀ ਦਾ ਵਿਯੋਗ ਸਹਾਰਨ ਦਾ ਕਰਮ ਦ੍ਰਿੜ ਕਰਵਾਉਂਦੀ ਹੈ। ਗੁਰੂ ਨਾਨਕ ਸਾਹਿਬ ਦਾ ਫੁਰਮਾਨ ਹੈ:

ਰੋਵਣ ਵਾਲੇ ਜੇਤੜੇ ਸਭ ਬੰਨਹਿ ਪੰਡ ਪਰਾਲਿ ॥ [69]
ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ
ਤੁਮ ਰੋਵੋਹੁਗੇ ਓਸਨੋ ਤੁਮ ਕਉ ਕਉਣੁ ਰੋਈ॥
ਧੰਧਾ ਪਿਟਿਹੁ ਭਾਈਹੋ ਤੁਮ ਕੂੜੁ ਕਮਾਵਹੁ॥
ਓਹੁ ਨ ਸੁਣਈ ਕਤ ਹੀ ਤੁਮ ਲੋਕ ਸੁਣਾਵਹੁ॥[70]

ਅਗਿਆਨੀ ਲੋਕ ਮਰੇ ਪ੍ਰਾਣੀ ਦੀ ਆਤਮਾ ਦੀ ਸ਼ਾਂਤੀ ਲਈ ਗਰੁੜ ਨਾਸਿਕੇਤ ਆਦਿ ਦੀ ਕਥਾ ਕਰਵਾਉਂਦੇ ਹਨ। ਜਿਸ ਵਿਚ ਭਿੰਅਕਰ ਯਮਰਾਜ, ਯਮਮਾਰਗ ਅਤੇ ਯਮਲੋਕ ਦਾ ਵਰਣਨ ਹੁੰਦਾ ਹੈ; ਪ੍ਰੇਤ ਨੂੰ ਅੰਨ, ਜੱਲ, ਵਸਤ੍ਰ, ਦੀਵਾ ਆਦਿ ਸਾਮੱਗਰੀ ਪਹੁੰਚਾਉਣ ਦੇ ਸਾਧਨ ਦੱਸੇ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਜਿਹੀ ਅਗਿਆਨਤਾ ਦਾ ਖੰਡਨ ਕਰਦੀ ਹੈ। ਪ੍ਰੇਤ ਨੂੰ ਯਮਮਾਰਗ ਵਿਚ ਚਾਨਣਾ ਦਿਖਾਉਣ ਲਈ ਪ੍ਰਾਣੀ ਦੇ ਮਰਨ ਵਕਤ ਅਤੇ ਪਿੱਛੋਂ ਕਈ ਦਿਨ ਤੱਕ ਦੀਵਾ ਜਲਾਇਆ ਜਾਂਦਾ ਹੈ। ਗੁਰੂ ਸਾਹਿਬ ਅਜਿਹੀ ਅਵਿਦਿਆ ਲਈ ਸੇਧ ਦਿੰਦੇ ਫਰਮਾਉਂਦੇ ਹਨ:

ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚ ਪਾਇਆ ਤੇਲੁ॥
ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲ॥[71]

ਸਤਗੁਰ ਸਬਦਿ ਉਜਾਰੋ ਦੀਪਾ॥

ਬਿਨਸਿਉ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲੀ ਅਨੂਪਾ॥[72]

ਭਾਰਤੀ ਧਾਰਮਿਕ ਸਭਿਆਚਾਰ ਵਿਚ **ਦਾਨ ਦੇਣ** ਦਾ ਬੜਾ ਪੁੰਨ ਮੰਨਿਆ ਗਿਆ ਹੈ। ਪਰ ਨਿਰਾ-ਪੁਰਾ ਦਾਨ ਦੇਣ ਨਾਲ ਅਸੀਂ ਪੁੰਨ ਨਹੀਂ ਖੱਟ ਸਕਦੇ ਜੇ ਸਾਡੇ ਵਿਚੋਂ ਹੰਕਾਰ ਨਹੀਂ ਗਿਆ। ਦਾਨ ਦੇਣਾ ਤਾਂ ਉਚਿਤ ਮੰਨਿਆ ਜਾਵੇਗਾ ਜਦੋਂ ਮਨੁੱਖ ਅੰਦਰ ਹਲੀਮੀ ਤੇ ਹਮਦਰਦੀ ਪੈਦਾ ਹੋ ਸਕੇਗੀ। ਅੱਜ ਦਾਨ ਸਿਰਫ ਸ਼ੋਸ਼ੇਬਾਜੀ ਬਣ ਕਿ ਰਹਿ ਗਿਆ ਹੈ। ਝੂਠੇ ਦਿਖਾਵਿਆਂ ਦਾ ਪ੍ਰਗਟਾਵਾ ਹੋ ਗਿਆ ਹੈ। ਗੁਰੂ ਸਾਹਿਬਾਨ ਨੇ ਦਸਵੰਤ ਦੀ ਪ੍ਰਥਾ ਤੋਰੀ; ਜਿਸ ਦਾ ਮੁੱਖ ਆਧਾਰ ਸੇਵਾ ਹੈ। ਗਰੀਬਾਂ ਤੇ ਮਜ਼ਲੂਮਾਂ ਦੀ ਸੁਰੱਖਿਆ ਨੀਯਤ ਕਰਨਾ ਹੈ। ਇਸ ਲਈ ਦਸਵੰਤ ਨੂੰ ਵੀ ਸਹੀ ਤੇ ਉਚਿਤ ਥਾਂ ਤੇ ਲੋੜਵੰਦਾਂ ਲਈ ਵਰਤਣ ਦੇ ਪ੍ਰਯਤਨ ਕਰਨੇ ਲੋੜੀਂਦੇ ਹਨ।

ਕਿਛੁ ਪੁੰਨ ਦਾਨ ਅਨੇਕ ਕਰਣੀ

ਨਾਮ ਤੁਲਿ ਨ ਸਮਸਰੇ॥[73]

ਸਾਲਾਹਿ ਸਾਚੇ ਮੰਨਿ ਸਤਿਗੁਰੁ

ਪੁੰਨ ਦਾਨ ਦਇਆ ਮਤੇ॥[74]

ਕਨਿਕ ਕਾਮਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ॥

ਅੰਨ ਬਸਤ੍ਰ ਭੂਮਿ ਬਹੁ ਅਰਪੈ ਨਹ ਮਿਲਿਐ ਹਰਿ ਦੁਆਰਾ॥[75]

ਅਗਿਆਨੀ ਲੋਕ ਮੜੀਆਂ-ਮਸਾਣਾਂ ਤੇ ਪੂਜਾ ਕਰਦੇ ਤੇ ਦੀਵੇ ਬਾਲ ਕੇ ਮਨ-ਇਛਿਤ ਖਾਹਸ਼ਾਂ ਪਾਉਣਾ ਚਾਹੁੰਦੇ ਹਨ; ਮਨ ਦੀਆਂ ਮੁਰਾਦਾਂ ਪੂਰੀਆਂ ਕਰਨਾ ਚਾਹੁੰਦੇ ਹਨ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਉਨ੍ਹਾਂ ਨੂੰ ਅਜਿਹੇ ਫੋਕਟ ਕਰਮ ਕਰਨ ਤੋਂ ਨਿਖੇਧਦੀ ਇਕ ਸੱਚ ਨਾਲ ਜੁੜਨ ਦੀ ਜਾਚ ਸਿਖਾਉਂਦੀ ਹੈ:

ਦੁਬਿਧਾ ਨ ਪੜਉ ਹਰਿ ਬਿਨ ਹੋਰ ਨ ਪੂਜਉ

ਮੜੈ ਮਸਾਣਿ ਨ ਜਾਈ ॥[76]

ਜਿਨ ਜੀਉ ਪਿੰਡ ਦਿਤਾ ਤਿਸੁ ਚੇਤਹਿ ਨਾਹਿ

ਮੜੀ ਮਸਾਣੀ ਮੂੜੇ ਜੋਗ ਨਾਹਿ॥[77]

ਭਾਈ ਕਾਨ੍ਹ ਸਿੰਘ ਨਾਭਾ ਹੋਰਾਂ ਦਾ ਕਥਨ ਹੈ ਕਿ 'ਦੋ ਸਮਿਆਂ ਦਾ ਮਿਲਾਪ ਅਤੇ ਉਸ ਸਮਯ ਜੋ ਜਪ ਅਰ ਦੇਵ ਤਥਾ ਪਿਤ੍ਰਿਕਰਮ ਹਿੰਦੂਮਤ ਅਨੁਸਾਰ ਕੀਤਾ ਜਾਂਦਾ ਹੈ, ਉਸ ਦਾ ਨਾਉਂ ਸੰਧਯਾ ਹੈ।'[78] ਗੁਰਬਾਣੀ ਸੰਧਿਆ ਦਾ ਕਰਮ ਕਰਨ ਦੀ ਬਜਾਇ ਉਸ ਨੂੰ ਸਮਝ ਕੇ ਜੀਵਨ ਨੂੰ ਬਿਹਤਰ ਬਣਾਉਣਾ ਲੋਚਦੀ ਹੈ।

ਏਹਾ ਸੰਧਿਆ ਪਰਵਾਣੁ ਹੈ ਜਿਤੁ ਹਰਿ ਪ੍ਰਭੁ ਮੇਰਾ ਚਿਤ ਆਵੈ॥
ਹਰਿ ਸਿਉ ਪ੍ਰੀਤਿ ਉਪਜੈ ਮਾਇਆ ਮੋਹ ਜਲਾਵੈ॥
ਗੁਰਪ੍ਰਸਾਦੀ ਦੁਬਿਧਾ ਮਰੈ ਮਨੂਆ ਅਸਥਿਰ ਸੰਧਿਆ ਕਰੈ ਵੀਚਾਰੁ॥
ਨਾਨਕ, ਸੰਧਿਆ ਕਰੈ ਮਨਮੁਖੀ ਜੀਉ ਨ ਟਿਕੈ ਮਰ ਜੰਮੈ ਹੋਇ ਖੁਆਰੁ॥[79]
ਸੰਧਯਾ ਤਰਪਣ ਕਰਹਿ ਗਾਇਤ੍ਰੀ ਬਿਨ ਬੂਝੈ ਦੁਖ ਪਾਇਆ॥[80]

ਗੁਰਬਾਣੀ ਆਤਮ-ਸਾਤ ਤੇ ਆਤਮ ਸਮਰਪਣ (Self Assesment) ਹੋਣਾ ਲੋਚਦੀ ਹੈ; ਤਾਂ ਜੋ ਅਸੀਂ ਆਪਣੇ ਕਾਰਜਾਂ ਦਾ ਲੇਖਾ-ਜੋਖਾ ਕਰਕੇ ਆਪਣੇ ਜ਼ਮੀਰ ਨੂੰ ਜਵਾਬਦੇਹ ਬਣ ਸਕੀਏ। ਭਾਈ ਕਾਨ੍ਹ ਸਿੰਘ ਨਾਭਾ ਗ੍ਰਹਿ ਬਾਰੇ ਲਿਖਦੇ ਹਨ ਕਿ 'ਸਵਾਰਥ-ਸਿੱਧੀ ਵਾਸਤੇ ਜੋਤਸ਼ੀ-ਸੂਰਯ, ਚੰਦ੍ਰਮਾ, ਮੰਗਲ, ਬੁਧ, ਬ੍ਰਿਹਸਪਤੀ, ਸ਼ੁਕ੍ਰ, ਸ਼ਨਿਚਰ, ਰਾਹੁ ਔਰ ਕੇਤੂ—ਇਨ੍ਹਾਂ ਨੌ ਗ੍ਰਹਾਂ ਦੇ ਸ਼ੁਭ-ਅਸ਼ੁਭ ਕਲਪ ਕੇ ਲੋਕਾਂ ਨੂੰ ਸੁੱਖ-ਦੁੱਖ ਦਾ ਕਾਰਣ ਨਿਸ਼ਚਯ ਕਰਵਾਉਂਦੇ ਹਨ, ਅਰ ਦਾਨ ਜਪ ਆਦਿਕ ਨਾਲ ਗ੍ਰਹਾਂ ਦੀ ਖੋਟੀ ਦਸ਼ਾ ਦੀ ਨਿਵ੍ਰਿਤੀ ਮੰਨਦੇ ਹਨ।'[81] ਗੁਰਬਾਣੀ ਇਸ ਭਰਮ ਤੋਂ ਮੁਕਤ ਹੈ:

ਸੂਖ ਸਹਿਜ ਆਨੰਦ ਘਣਾ ਹਰਿ ਕੀਰਤਨ ਗਾਉ
ਗਰਹਿ ਨਿਵਾਰੇ ਸਤਿਗੁਰੂ ਦੇ ਆਪਣਾ ਨਾਉ॥[82]

ਗ੍ਰਹਿਣ ਬਾਰੇ ਵੀ ਬਹੁਤ ਸਾਰੇ ਅੰਧ-ਵਿਸ਼ਵਾਸ ਪ੍ਰਚਲਿੱਤ ਹਨ।'ਨਿਯਮਿਤ ਗਤੀ ਅਨੁਸਾਰ ਜਦ ਸੂਰਜ ਔਰ ਚੰਦ੍ਰਮਾ ਦੇ ਮੱਧਯ ਪ੍ਰਿਥਵੀ ਆ ਜਾਂਦੀ ਹੈ ਤਾਂ ਚੰਦ੍ਰ ਗ੍ਰਹਿਣ, ਔਰ ਸੂਰਯ ਤਥਾ ਪ੍ਰਿਥਵੀ ਦੇ ਮਧਯ ਚੰਦ੍ਰਮਾ ਆਉਣ ਕਰਕੇ ਸੂਰਯ ਗ੍ਰਹਿਣ ਹੁੰਦਾ ਹੈ, ਜਿਸ ਦੇ ਅਨੇਕ ਸ਼ੁਭ-ਅਸ਼ੁਭ ਫਲ ਜੋਤਸ਼ੀ ਕਲਪਦੇ ਹਨ, ਅਰ ਰਾਹੂ ਕੇਤੁ ਨਾਮਕ ਰਾਖਸ਼ਾਂ ਦੁਆਰਾ ਗ੍ਰਹਿਣ ਦਾ ਹੋਣਾ ਮੰਨਦੇ ਹਨ, ਔਰ ਗ੍ਰਹਿਣ ਵੇਲੇ ਇਸਨਾਨ ਦਾਨ ਜਪ ਆਦਿਕ ਦੇ ਅਨੇਕ ਪ੍ਰਕਾਰ ਦੇ ਮਹਾਤਮ ਲਿਖ ਕੇ ਸਵਾਰਥਸਿੱਧੀ ਦਾ ਅਦਭੁੱਤ ਯਤਨ ਕੀਤਾ ਹੈ।'[83] ਗੁਰਬਾਣੀ ਇਨ੍ਹਾਂ ਵਹਿਮਾਂ ਤੋਂ ਪਾਕ ਹੈ-

ਹਰਿ ਹਰਿ ਨਾਮ ਮਜਨ ਕਰ ਸੂਚੇ॥
ਕੋਟਿ ਗ੍ਰਹਿਣ ਪੁੰਨ ਫਲ ਮੂਚੇ॥[84]

ਗੁਰਬਾਣੀ ਵਿਚ ਚਕ੍ਰਾਂਕਿਤ ਵੈਸ਼ਨਵ ਬਾਰੇ ਵੀ ਵਿਚਾਰ ਮਿਲਦੀ ਹੈ।'ਸੰਖ ਚਕ੍ਰ ਗਦਾ ਪਦਮ, ਵਿਸ਼ਨੂੰ ਦੇ ਚਿੰਨ੍ਹਾਂ ਦਾ ਛਾਪਾ ਤਪਾ ਕੇ ਜੋ ਸਰੀਰ ਪਰ ਲਾਉਂਦੇ ਹਨ ਉਹ ਚਕ੍ਰਾਂਕਿਤ ਵੈਸ਼ਨਵ ਕਹੇ ਜਾਂਦੇ ਹਨ'[85] ਅਜਿਹੇ ਕਰਮਕਾਂਡੀਆਂ ਬਾਰੇ ਗੁਰਬਾਣੀ ਸੰਕੇਤ ਕਰਦੀ ਹੈ-

ਚਕ੍ਰ ਬਣਾਇ ਕਰੈ ਪਾਖੰਡ ਝੁਰ ਝੁਰ ਪਚੈ ਜੈਸੇ ਤ੍ਰਿਅ ਰੰਡ॥[86]
ਦੇਹੀ ਧੋਵੈ ਚਕ੍ਰ ਬਣਾਏ ਮਾਇਆ ਨੋ ਬਹੁ ਧਾਵੈ॥
ਅੰਦਰ ਮੈਲ ਨ ਉਤਰੈ ਹਉਮੈ ਫਿਰ ਫਿਰ ਆਵੈ ਜਾਵੈ॥[87]

ਹਿੰਦੂ ਮਤ ਦੇ ਵਿਸਵਾਸ਼ੀ ਧਰਮ ਸ਼ਾਸਤਰ ਦੀ ਆਗਿਆ ਅਨੁਸਾਰ ਪਾਣੀ ਦੀ ਚੁੱਲੀ ਭਰ ਕੇ ਵਸਤੂਆਂ ਦੇ ਗ੍ਰਹਿਣ, ਤਿਆਗ ਦਾਨ ਆਦਿ ਦੀ ਪ੍ਰਤਿੱਗਯਾ ਅਤੇ ਸੰਕਲਪ ਕਰਦੇ ਹਨ। ਗੁਰੂ ਸਾਹਿਬ ਇਸ ਚੁੱਲ਼ੀ ਦਾ ਖੰਡਨ ਕਰਦੇ ਹੋਏ ਸੱਚੀ ਚੁੱਲੀ (ਪ੍ਰਤਿਗਯਾ) ਦਾ ਉਪਦੇਸ਼ ਦਿੰਦੇ ਹਨ-

ਨਾਨਕ ਚੁਲੀਆਂ ਸੁਚੀਆਂ ਜੇ ਭਰਿ ਜਾਣੈ ਕੋਇ<br>
ਸੁਰਤੇ ਚੁਲੀ ਗਿਆਨ ਕੀ ਜੋਗੀ ਕਾ ਜਤੁ ਹੋਇ[88]

ਅਰਥਾਤ ਨਿਰਾ ਪਾਣੀ ਨਾਲ ਕੀਤੀਆਂ ਚੁੱਲੀਆਂ ਨਾਲ ਆਤਮਕ ਜੀਵਨ ਵਿਚ ਸੁੱਚ ਨਹੀਂ ਆ ਸਕਦੀ। ਗਿਆਨ, ਜੱਤ, ਸੰਤੋਖ, ਉੱਚਾ ਆਚਰਨ, ਸੇਵਾ, ਨਿਆਂ ਆਦਿ ਦਾ ਰਸ ਲੈਣਾ ਹੀ ਅਸਲ ਚੁੱਲੀ ਹੈ।

ਬ੍ਰਹਮਣ ਚੁਲੀ ਸੰਤੋਖ ਕੀ ਗਿਰਹੀ ਕਾ ਸਤੁ ਦਾਨੁ॥<br>
ਰਾਜੇ ਚੁਲੀ ਨਿਆਂਵ ਕੀ ਪੜਿਆ ਸਚੁ ਧਿਆਨੁ॥<br>
ਪਾਣੀ ਚਿਤ ਨ ਧੋਪਈ ਮੁਖ ਪੀਤੈ ਤਿਖ ਜਾਇ॥[89]

ਕਈ ਹਿੰਦੂਆਂ ਵਿਚ ਚੌਂਕਾ-ਕਾਰ ਦਾ ਅੰਧ-ਵਿਸ਼ਵਾਸ ਮੰਨਿਆ ਜਾਂਦਾ ਹੈ।'ਹਿੰਦੂ, ਰਸੋਈ ਦੇ ਅਸਥਾਨ ਗੋਬਰ ਆਦਿ ਦਾ ਚੌਂਕਾ ਪਾ ਕੇ ਲੀਕ (ਕਾਰ) ਇਸ ਵਾਸਤੇ ਕਢਦੇ ਹਨ ਕਿ ਕੋਈ ਹੋਰ ਆਦਮੀ ਬਾਹਰ ਤੋਂ ਕਾਰ ਦੇ ਅੰਦਰ ਵੜ ਕੇ ਰਸੋਈ ਭ੍ਰਸ਼ਟ ਨਾ ਕਰ ਦੇਵੇ ਅਰ ਰਾਕਸ਼ ਅੰਨ ਦਾ ਰਸ ਨਾ ਲੈ ਜਾਣ'[90] ਗੁਰੂ ਸਾਹਿਬ ਇਸ ਪਾਖੰਡ ਦਾ ਖੰਡਨ ਕਰਦੇ ਹਨ:

ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧ ਚੰਡਾਲਿ॥<br>
ਕਾਰੀ ਕਢੀ ਕਿਆ ਥੀਐ ਜਾ ਚਾਰੇ ਬੈਠੀਆ ਨਾਲ॥<br>
ਸਚੁ ਸੰਜਮੁ ਕਰਣੀ ਕਾਰਾਂ ਨਾਵਣ ਨਾਉ ਜਪੇਹੀ॥<br>
ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦ ਨ ਦੇਹੀ ॥[91]

ਦੇ ਕੈ ਚਉਕਾ ਕਢੀ ਕਾਰ ਉਪਰ ਆਇ ਬੈਠੇ ਕੂੜਿਆਰ॥<br>
ਮਤ ਭਿਟੈ ਵੇ ਮਤ ਭਿਟੈ ਏਹੁ ਅੰਨ ਅਸਾਡਾ ਫਿਟੈ॥<br>
ਤਨ ਫਿਟੇ ਫੇੜ ਕਰੇਨ ਮਨਿ ਜੂਠੇ ਚੁਲੀ ਭਰੇਨ॥<br>
ਕਹੁ ਨਾਨਕ ਸਚ ਧਿਆਈਐ ਸੁਚ ਹੋਵੈ ਤਾ ਸਚੁ ਪਾਈਐ॥[92]

ਅਗਿਆਨੀ ਲੋਕ ਹਰ ਕਾਰਜ ਦੇ ਆਰੰਭ ਵਿਚ ਸ਼ੁਭ-ਅਸ਼ੁਭ ਤੇ ਮੂਹਰਤ ਨੂੰ ਵਿਚਾਰਦੇ ਹਨ। ਤਿਥਿ ਵਾਰ ਦਾ ਸ਼ੁਭ-ਅਸ਼ੁਭ ਫਲ ਮੰਨਣਾ, ਮੂਹਰਤ ਦੇ ਭਰਮ ਵਿਚ ਪੈ ਕੇ ਕਲੇਸ਼ ਭੋਗਣਾ, ਗੁਰਮਤਿ ਵਿਰੁੱਧ ਹੈ।

ਥਿਤੀ ਵਾਰ ਸਭ ਆਵਹਿ ਜਾਹਿ॥<br>
ਗੁਰੁ ਸਬਦੁ ਨਿਹਚਲੁ ਸਦਾ ਸਚਿ ਸਮਾਹਿ॥<br>
ਥਿਤੀ ਵਾਰ ਤਾ ਜਾ ਸਚਿ ਰਾਤੇ ॥[93]

ਛਨਿਛਰਵਾਰ ਸਉਣ ਸਾਸਤ ਬੀਚਾਰੁ ਹਉਮੈ ਮੇਰਾ ਭਰਮੈ ਸੰਸਾਰੁ॥
ਮਨਮੁਖਿ ਅੰਧਾ ਦੂਜੇ ਭਾਇ ਜਮ ਦਰਿ ਬਾਧਾ ਚੋਟਾ ਖਾਇ॥[94]

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਉਪਰੋਕਤ ਸਾਰੇ ਨਿਰਾਰਥਕ ਕਰਮਾਂ-ਕਾਂਡਾਂ, ਨਿਗੂਣੇ ਵਹਿਮਾਂ-ਭਰਮਾਂ ਤੇ ਫਜ਼ੂਲ ਦੇ ਅੰਧਵਿਸ਼ਵਾਸ਼ਾਂ ਦੀ ਨਿਖੇਧੀ ਕਰ ਕੇ ਨਾਮ ਦੇ ਮਾਰਗ ਨੂੰ ਰੁਸ਼ਨਾਇਆ ਗਿਆ ਹੈ। ਪਰਮਾਤਮਾ ਦੇ ਨਾਮ ਨਾਲ ਜੁੜ ਕੇ ਜਦੋਂ ਮਨੁੱਖ ਅਮਲੀ ਜੀਵਨ ਜੀਉਂਦਾ ਹੈ ਤਾਂ ਉਸ ਦਾ ਜੀਵਨ ਸਫਲਾ ਹੋ ਜਾਂਦਾ ਹੈ। ਨਾਮ ਨੂੰ ਸੁਣਨ ਤੇ ਨਾਮ ਨੂੰ ਮੰਨਣ ਦਾ ਮਹਾਤਮ ਉਸ ਨੂੰ ਸ੍ਰੇਸ਼ਟਠਤਾ ਤੇ ਉਚਤਮ ਪਦਵੀ ਤੇ ਪਹੁੰਚਾ ਦਿੰਦਾ ਹੈ। ਨਾਮ ਸਿਮਰਨ ਤੋਂ ਭਾਵ 'ਸ਼ਬਦਿ ਤੇ ਸੁਰਤਿ ਦਾ ਮੇਲ' ਹੈ। ਜਦੋਂ ਮਨੁੱਖ ਦੀ ਸੁਰਤੀ ਸੱਚ ਵਿਚ ਟਿੱਕ ਜਾਦੀ ਹੈ; ਸੱਚੇ ਨਾਲ ਜੁੜ ਜਾਂਦੀ ਹੈ; ਉਹ ਜੀਵਨ ਦਾ ਰੱਹਸ ਅਨੁਭਵ ਕਰ ਲੈਂਦਾ ਹੈ; ਉਸਦੇ ਜੀਵਨ ਜੀਣ ਦਾ ਨਜ਼ਰੀਆ ਬਦਲ ਜਾਂਦਾ ਹੈ। ਨਾਮ-ਅਭਿਲਾਸ਼ੀ ਵਿਸ਼ਵ ਵਿਚ ਵਿਚਰਦਿਆਂ ਪੂਰੇ ਬ੍ਰਹਿਮੰਡ ਨਾਲ ਇਕਸੁਰ ਹੋ ਜਾਂਦਾ ਹੈ। ਉਸ ਦੇ ਅੰਦਰ ਵਸਦੀ ਤੰਗ ਖਿਆਲੀ ਤੇ ਤੰਗ-ਦਿਲੀ ਦੂਰ ਹੋ ਜਾਂਦੀ ਹੈ ਤੇ ਉਹ ਪੂਰੀ ਕਾਇਨਾਤ ਨਾਲ ਸਾਂਝ, ਸਹਿਯੋਗ ਤੇ ਭਾਈਚਾਰਾ ਪਾ ਕੇ ਸਰਬੱਤ ਦਾ ਭਲਾ ਮੰਗਦਾ ਹੈ। ਉਹ ਕਰਮਾਂ-ਕਾਂਡਾਂ ਤੇ ਆਡੰਬਰਾਂ ਤੋਂ ਉੱਚਾ ਉੱਠ ਕੇ ਸਬਰ, ਸੰਤੋਖ ਨਾਲ ਸਰਲ ਤੇ ਸਾਦਾ ਜੀਵਨ ਜੀਉਂਦਾ ਹੈ। ਇਸੇ ਲਈ ਗੁਰੂ ਸਾਹਿਬਾਨ ਹਰੇਕ ਕਰਮ-ਕਾਂਡ ਦਾ ਵਿਰੋਧ ਕਰ ਕੇ ਨਾਮ ਨਾਲ ਜੋੜਦੇ ਹਨ:

ਕਾਮੁ ਕ੍ਰੋਧੁ ਅੰਹਕਾਰ ਨਿਵਾਰੇ॥ ਤਸਕਰ ਪੰਚ ਸਬਦਿ ਸੰਘਾਰੇ॥
ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ॥[95]

ਨਾਨਕ ਮਨੁ ਸਮਝਾਈਐ ਗੁਰ ਕੈ ਸਬਦਿ ਸਾਲਾਹ॥
ਰਾਮ ਨਾਮ ਰੰਗਿ ਰਤਿਆ ਭਾਰੁ ਨ ਭਰਮੁ ਤਿਨਾਹ॥[96]

ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ॥
ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ॥
ਲਖ ਸੂਰਤਣ ਸੰਗਰਾਮ ਰਣ ਮਹਿ ਛੂਟਹਿ ਪਰਾਣ॥
ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ॥
ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ॥
ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਣੁ॥[97]

ਕਰਮ ਧਰਮ ਕਰਿ ਮੁਕਤਿ ਮੰਗਾਹੀ॥
ਮੁਕਤਿ ਪਦਾਰਥੁ ਸਬਦਿ ਸਲਾਹੀ॥
ਬਿਨੁ ਗੁਰ ਸਬਦੈ ਮੁਕਤਿ ਨਾ ਹੋਈ ਪਰਪੰਚ ਕਰ ਭਰਮਾਈ ਰੇ॥[98]

ਨਾਮ ਬਿਨਾ ਫੋਕਟ ਸਭ ਕਰਮਾ ਜਿਉ ਬਾਜੀਗਰ ਭਰਮਿ ਭੂਲੇ॥[99]

ਨਾਮ ਬਿਨਾ ਨਹੀਂ ਛੁਟਸਿ ਨਾਨਕ
ਸਾਚੀ ਤਰੁ ਤੂ ਤਾਰੀ॥[100]

ਸਭਿ ਜਪ ਸਭਿ ਤਪ ਸਭਿ ਚਤੁਰਾਈ॥
ਊਝੜਿ ਭਰਮੈ ਰਾਹਿ ਨਾ ਪਾਈ॥

ਨਾਮ ਬਿਹੂਣੇ ਮਾਥੇ ਛਾਈ॥[101]

ਕਿਛੁ ਪੁੰਨ ਦਾਨ ਅਨੇਕ ਕਰਣੀ
ਨਾਮ ਤੁਲਿ ਨ ਸਮਸਰੇ॥[102]

ਕਰਮ ਕਾਂਡ ਬਹੁ ਕਰਹਿ ਆਚਾਰ॥ ਬਿਨ ਨਾਵੈ ਧ੍ਰਿਗ ਧ੍ਰਿਗ ਅੰਹਕਾਰ॥
ਬੰਧਨਿ ਬਾਧਿਓ ਮਾਇਆ ਫਾਸਿ॥ ਜਨ ਨਾਨਕ ਛੂਟੈ ਗੁਰੁ ਪਰਗਾਸ॥[103]

ਜਿਨੀ ਨਾਮ ਵਿਸਾਰਿਆ ਬਹੁ ਕਰਮਿ ਕਮਾਵਹਿ ਹੋਰ
ਨਾਨਕ ਜਮਪੁਰਿ ਬਧੇ ਮਾਰੀਅਹਿ ਜਿਉ ਸੰਨੀ ਉਪਰ ਚੋਰ॥[104]

ਪਰਮਾਤਮਾ ਦੇ ਨਾਮ ਨਾਲ ਜੁੜਨ ਲਈ 'ਕਹਿ ਕਬੀਰ ਮਨੁ ਮਾਨਿਆ ਮਨੁ ਮਾਨਿਆ ਤਉ ਹਰਿ ਜਾਨਿਆ'[105] ਅਨੁਸਾਰ ਮਨ ਨੂੰ ਗਿਆਨ ਦੇਣਾ ਬਹੁਤ ਜ਼ਰੂਰੀ ਹੈ। ਮਨ ਦੀ ਸੋਝੀ ਨਾਲ 'ਮਨਿ ਜੀਤੈ ਜਗੁ ਜੀਤੁ'[106] ਵਾਲੀ ਅਵੱਸਥਾ ਬਣ ਜਾਂਦੀ ਹੈ। ਜਿਸ ਦੀ ਪਹਿਲੀ ਪਉੜੀ ਨਾਮ ਸਿਮਰਨ ਹੈ। 'ਨਾਮ ਸਿਮਰਨ ਕੋਈ ਸਿਧਾਂਤ ਜਾਂ ਕਾਨੂੰਨ ਨਹੀਂ ਹੈ ਜੋ ਮਨੁੱਖ ਨੂੰ ਨਿਰਦੇਸ਼ ਦੇ ਕੇ ਉਸ ਦੇ ਵਿਹਾਰ ਵਿਚ ਸੁਧਾਰ ਲਿਆਉਣ ਦਾ ਯਤਨ ਕਰੇ ਸਗੋਂ ਨਾਮ ਸਿਮਰਨ ਇੱਕ ਅਭਿਆਸ ਵਿਧੀ ਹੈ ਜੋ ਮਨੁੱਖ ਨੂੰ ਆਤਮਕ ਤੌਰ ਤੇ ਜਾਗ੍ਰਿਤ ਕਰ ਕੇ ਮਨੁੱਖ ਨੂੰ ਸਾਰੀ ਕਾਇਨਾਤ ਵਿਚੋਂ ਪਰਮਾਤਮਾ ਦਾ ਰੂਪ ਵੇਖਣ ਅਤੇ ਉਸ ਪਰਮਾਤਮਾ ਦੀ ਸਾਜੀ ਹਰ ਵਸਤੂ ਅਤੇ ਜੀਵ ਨੂੰ ਪ੍ਰੇਮ ਕਰਨ ਦੀ ਹਿੰਮਤ, ਸੋਝੀ ਤੇ ਸੇਧ ਬਖਸ਼ਦਾ ਹੈ। ਮਨੁੱਖੀ ਮਨ ਦੀ ਤਿੰਨ ਪਰਤਾਂ (ਅਚੇਤ, ਅਰਧ ਚੇਤਨ, ਚੇਤਨ) ਮਨੋਵਿਗਿਆਨੀ ਮੰਨਦੇ ਹਨ, ਸਿਮਰਨ ਕਰਨ ਨਾਲ ਮਨੁੱਖ ਚੇਤਨ ਪੱਧਰ ਤੇ ਜਿਉਂਦਾ ਹੈ ਅਤੇ ਉਸਦਾ ਹਰ ਕੰਮ ਸਮਾਜ ਰੂਪੀ ਫੁਲਵਾੜੀ ਨੂੰ ਸੁੰਦਰ ਬਣਾਉਣ ਦਾ ਯਤਨ ਹੁੰਦਾ ਹੈ। ਜਿਵੇਂ ਅਸੀਂ ਸੁੱਤੇ ਸਰੀਰ ਤੋਂ ਕੰਮ ਲੈਣ ਲਈ ਇਸ ਨੂੰ ਆਵਾਜ਼ ਦੁਆਰਾ ਜਗਾਉਂਦੇ ਹਾਂ, ਠੀਕ ਇਸੇ ਤਰ੍ਹਾਂ ਮਨ ਤੋਂ ਸਹੀ ਕੰਮ

ਲੈਣ ਲਈ ਇਸ ਨੂੰ ਵੀ ਜਗਾਉਣਾ ਪੈਂਦਾ, ਇਹ ਸਿਰਫ ਨਾਮ ਸਿਮਰਨ ਨਾਲ ਹੀ ਸੰਭਵ ਹੋ ਸਕਦਾ ਹੈ।'[107] ਸੋ ਇਹ ਅਟੱਲ ਰੂਪ ਵਿਚ ਕਿਹਾ ਜਾ ਸਕਦਾ ਹੈ:

ਸਰਬ ਧਰਮ ਮਹਿ ਸ੍ਰੇਸ਼ਟ ਧਰਮੁ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥[108]

ਪਰ ਜੇ ਮਨੁੱਖ ਆਪਣੀ ਮਨਮਤਿ ਅਨੁਸਾਰ ਅਜਿਹੇ ਕਰਮਾਂ-ਕਾਂਡਾਂ ਵਿਚ ਗ੍ਰਸਿਆ ਰਿਹਾ ਤਾਂ ਗੁਰਬਾਣੀ ਅਨੁਸਾਰ ਉਸਦੀ ਹਾਲਤ ਕੁੱਝ ਅਜਿਹੀ ਹੋਣੀ ਹੈ:

ਭਾਈ ਰੇ ਗੁਰਮੁਖਿ ਬੂਝੇ ਕੋਇ॥
ਬਿਨ ਬੂਝੇ ਕਰਮ ਕਮਾਵਣੇ ਜਨਮ ਪਦਾਰਥ ਖੋਇ॥[109]

ਭੇਖੀ ਅਗਨਿ ਨ ਬੁਝਈ ਚਿੰਤਾ ਹੈ ਮਨ ਮਾਹਿ॥
ਵਰਮੀ ਮਾਰੀ ਸਾਪ ਨ ਮਰੈ ਤਿਉ ਨਿਗੁਰੇ ਕਰਮ ਕਮਾਇ॥[110]

ਗਿਆਨੀ ਹੋਇ ਸੁ ਚੇਤੰਨੁ ਹੋਇ ਅਗਿਆਨੀ ਅੰਧੁ ਕਮਾਇ॥
ਨਾਨਕ ਏਥੈ ਕਮਾਵੈ ਸੋ ਮਿਲੈ ਅਗੈ ਪਾਏ ਜਾਇ॥[111]

ਕਰਮ-ਕਾਂਡਾਂ, ਵਹਿਮਾਂ ਭਰਮਾਂ ਤੇ ਮਨੁੱਖੀ ਆਡੰਬਰਾਂ ਦੇ ਵਿਰੋਧ ਵਿਚ ਉਪਜੇ ਗਿਆਨ ਦੇ ਨਵੇਂ ਮਾਡਲਾਂ ਦੇ ਸੰਦਰਭ ਵਿਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਬਾਰੇ ਕੀਤੇ ਅਧਿਐਨ ਉਪਰੰਤ ਇਸ ਸਿੱਟੇ ਤੇ ਪੁੱਜਿਆ ਗਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਸ਼ਵ ਦੇ ਸੱਭ ਮਨੁੱਖਾਂ ਨੂੰ ਸੰਬੋਧਿਤ ਇਕ ਅਜਿਹਾ ਸਰਬ ਸਾਂਝਾ ਗ੍ਰੰਥ ਹੈ ਜੋ ਬੌਧਿਕਤਾ ਤੇ ਨਿਆਂਸ਼ੀਲਤਾ ਦੀ ਪ੍ਰੇਰਨਾ ਨੂੰ ਸੂਤਰਬੱਧ ਕਰਦਾ ਹੋਇਆ ਪੁਰਾਤਨ ਤੇ ਪਿਛਾਂਹ ਖਿਚੂ ਅੰਧ-ਵਿਸ਼ਵਾਸਾਂ ਦਾ ਖੰਡਨ ਕਰਦਾ ਹੈ। ਇਸ ਜੁਗ ਵਿਚ ਗੁਰਬਾਣੀ ਇਕ ਅਜਿਹੀ ਅਮੋਲਕ ਰਚਨਾ ਹੈ ਜਿਸ ਦੇ ਆਸਰੇ ਅਸੀਂ ਸਾਰੇ ਜੀਵ ਹਰ ਪ੍ਰਕਾਰ ਦੀ ਤਰੱਕੀ ਕਰ ਸਕਦੇ ਹਾਂ। ਡਾ. ਰਾਮਧਾਰੀ ਸਿੰਘ ਦਿਨਕਰ ਅਨੁਸਾਰ 'ਸਿੱਖ ਧਰਮ ਸ਼ੁਰੂ ਤੋਂ ਹੀ ਪ੍ਰਗਤੀਸ਼ੀਲ ਰਿਹਾ ਹੈ। ਜਾਤ-ਪਾਤ, ਮੂਰਤੀ ਪੂਜਾ ਤੇ ਤੀਰਥ ਦੇ ਨਾਲ-ਨਾਲ ਉਸ ਵਿਚ ਸਤੀ ਪ੍ਰਥਾ, ਸ਼ਰਾਬ, ਤੰਬਾਕੂ ਦੀ ਮਨਾਹੀ ਹੈ। ਇਸ ਧਰਮ ਨੇ ਪਰਦੇ ਨੂੰ ਵੀ ਬੁਰਾਈ ਮੰਨਿਆ ਹੈ। ਇਹ ਧਰਮ ਸ਼ੁਰੂ ਤੋਂ ਹੀ ਵਿਹਾਰਕ ਵੀ ਰਿਹਾ ਹੈ ਅਤੇ ਜਿਸ ਵੈਰਾਗ ਨੂੰ ਗੁਰੂ ਉੱਚ ਜੀਵਨ ਲਈ ਜ਼ਰੂਰੀ ਮੰਨਦੇ ਸਨ ਉਸਨੂੰ ਉਹ ਗ੍ਰਹਿਸਥੀਆਂ ਤੇ ਜਬਰਦਸਤੀ ਠੋਸਣ ਦੇ ਵਿਰੁੱਧ ਸਨ। ਖਾਣ-ਪੀਣ ਦੇ ਸੰਬੰਧੀ ਵੀ ਖਾਲਸਾ ਧਰਮ ਵਿਚ ਵੈਸਨਵਾਂ ਵਾਲੀ ਕੱਟੜਤਾ ਕਦੇ ਨਹੀਂ ਰਹੀ।'[112]'ਗੁਰਬਾਣੀ ਇਸ ਜਗ ਮਹਿ ਚਾਨਣੁ' ਦੇ ਗੁਰੂ-ਵਾਕ ਅਨੁਸਾਰ ਗੁਰਬਾਣੀ ਇਕ ਅਜਿਹਾ ਚਾਨਣ-ਮੁਨਾਰਾ ਹੈ ਜੋ ਜੀਵਨ ਦੇ ਹਰ ਖੇਤਰ ਵਿਚ ਸਾਡੀ ਸਮੁੱਚੀ ਰਹਿਨੁਮਾਈ ਤੇ ਅਗਵਾਈ ਕਰਨ ਦੇ ਸਮਰੱਥ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ-ਗਿਆਨ ਦੀ ਅਜਿਹੀ ਵਿੱਲਖਣ ਟੈਕਸਟ ਹੈ ਜਿਸਦਾ ਸਰੂਪ ਮਾਨਵਵਾਦੀ ਹੈ। ਮਨੁੱਖ ਤੇ ਉਸਦਾ ਸਰਵਪੱਖੀ ਕਲਿਆਣ ਇਸ ਟੈਕਸਟ ਦਾ ਕੇਂਦਰੀ ਨੁਕਤਾ ਹੈ। ਗਿਆਨ-

ਚਿੰਤਨ ਦੇ ਖੇਤਰ ਵਿਚ ਗੁਰੂ ਗ੍ਰੰਥ ਸਾਹਿਬ ਦੀ ਬਹੁਤ ਵੱਡਮੁੱਲੀ ਪ੍ਰਾਪਤੀ ਹੈ ਇਸ ਵਿਚ ਪਏ ਸੱਚ ਸਰਬਕਾਲੀ, ਸਰਵ-ਵਿਆਪਕ, ਸਦੀਵੀ ਅਤੇ ਚਿਰਸਥਾਈ ਹਨ। 'ਗੁਰੂ ਗ੍ਰੰਥ ਬਾਣੀ ਦੇ ਸਿਰਜਿਤ ਪ੍ਰਵਚਨ ਵਿਚ ਮਾਨਵ-ਮੁਕਤੀ ਦਾ ਮਸਲਾ ਅਹਿਮ ਸਥਾਨ ਰੱਖਦਾ ਹੈ।ਇਸਦੇ ਸਮੂਹ ਬਾਣੀਕਾਰਾਂ ਨੇ ਕਿਸੇ ਨਾ ਕਿਸੇ ਰੂਪ ਵਿਚ ਮਨੁੱਖੀ ਹੋਂਦ ਦੇ ਇਸ ਕੇਂਦਰੀ ਮਸਲੇ ਨੂੰ ਸੰਬੋਧਿਤ ਹੋਣ ਦਾ ਉਪਰਾਲਾ ਕੀਤਾ ਹੈ। ਪਰ ਸੁਭਾਵਕ ਹੀ ਉਨ੍ਹਾਂ ਨੇ ਇਸ ਮਸਲੇ ਨੂੰ ਵੱਖਰੇ ਤੌਰ ਤੇ ਨਹੀਂ ਸਗੋਂ ਆਪਣੀ ਸਮੁੱਚੀ ਵਿਸਵ-ਦ੍ਰਿਸ਼ਟੀ ਅਤੇ ਮਾਨਵ-ਸੰਕਲਪ ਦੇ ਅੰਤਰਗਤ ਰੱਖ ਕੇ ਨਜਿੱਠਣ ਦਾ ਜਤਨ ਕੀਤਾ ਹੈ।'[113] ਮੱਧਕਾਲੀ ਵਿਰਸੇ ਦੀ ਇਸ ਟੈਕਸਟ ਵਿਚ ਮਾਨਵ-ਮੁਕਤੀ ਦਾ ਜੋ ਸੰਕਲਪ ਮੂਰਤੀਮਾਨ ਹੁੰਦਾ ਹੈ ਉਸ ਦਾ ਇਕ ਪਾਸਾਰ ਕਰਮਾਂ-ਕਾਂਡਾਂ ਤੇ ਆਡੰਬਰਾਂ ਤੋਂ ਮਨੁਖ ਨੂੰ ਆਜ਼ਾਦ/ਮੁਕਤ ਕਰਵਾਉਣਾ ਹੈ ਅਤੇ ਇਹ ਮੁਕਤੀ ਮਨੁੱਖ ਨੂੰ ਉਸਦੇ ਨਿੱਜ ਤੋਂ ਸਮੂਹ ਨਾਲ ਜੋੜਦੀ ਹੈ।ਇਸੇ ਵਿਚ ਇਸਦੀ ਸਮਕਾਲੀ ਸਾਰਥਕਤਾ ਅਤੇ ਪ੍ਰਾਸੰਗਕਿਤਾ ਦਾ ਰਹੱਸ ਵੀ ਛੁਪਿਆ ਹੋਇਆ ਹੈ। ਅੱਜ ਸਮੁੱਚੇ ਵਿਸ਼ਵ ਵਿਚ ਗਿਆਨ-ਵਿਗਿਆਨ ਦੀ ਹੈਰਾਨੀਜਨਕ ਤਰੱਕੀ ਦੇ ਬਾਵਜੂਦ ਮਨੁੱਖ ਅਗਿਆਨਤਾ ਦੇ ਹਨੇਰੇ ਵਿਚ ਗ੍ਰਸਤ ਹੈ। ਮੀਡੀਆ ਤੇ ਜਨ-ਸੰਚਾਰ ਨਿਤ ਅਜਿਹੇ ਕਰਮਾਂ-ਕਾਂਡਾਂ ਤੇ ਅੰਧ-ਵਿਸ਼ਵਾਸ਼ਾਂ ਦੇ ਵਿਰੁੱਧ ਸੰਵਾਦ ਰਚਾਉਂਦਾ ਹੈ ਪਰ ਮਨੁੱਖ ਇਸ ਭਰਮਜਾਲ ਵਿਚ ਫੱਸ ਚੁੱਕਿਆ ਹੈ। ਇਹ ਨਿਗੂਣੇ ਕਰਮ ਉਹਦੇ ਜੀਵਨ ਦਾ ਅੰਗ ਬਣ ਗਏ ਹਨ। ਮਨੁੱਖ ਨੂੰ ਸਮਝਣਾ ਪਏਗਾ ਕਿ ਜਿਸ ਸ਼ਾਂਤੀ ਜਾਂ ਸੁਰੱਖਿਆ ਦੀ ਤਲਾਸ਼ ਵਿਚ ਉਹ ਹੈ ਉਸ ਦੇ ਹਲ ਲਈ ਇਹ ਕਰਮ-ਕਾਂਡ ਪੂਰੀ ਤਰ੍ਹਾਂ ਅਸਹਾਇਕ ਅਤੇ ਨਿਰਾਰਥਕ ਹਨ। ਉੱਤਮ ਸਾਹਿਤ ਤਾਂ ਮਨੁੱਖ ਨੂੰ ਸੱਭ ਪ੍ਰਕਾਰ ਦੀਆਂ ਭਟਕਨਾਂ ਤੇ ਚਿੰਤਾਵਾਂ ਤੋਂ ਮੁਕਤ ਕਰਨ ਦਾ ਵੱਲ ਸਿਖਾਉਂਦਾ ਹੈ। ਕਰਮ-ਕਾਂਡਾਂ ਜਾਂ ਅੰਧ-ਵਿਸ਼ਵਾਸ਼ਾਂ ਨੂੰ ਫਿਲਾਉਣ ਵਾਲਿਆਂ ਦੀ ਦੁਕਾਨ ਨੂੰ ਬੰਦ ਕਰਵਾਉਣ ਲਈ ਸੁਚੱਜੀ ਅਗਵਾਈ ਦੀ ਬਹੁਤ ਲੋੜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਜਿਹੀ ਸਮਰੱਥ ਟੈਕਸਟ ਦੇ ਰੂਪ ਵਿਚ ਸਥਾਪਿਤ ਹੁੰਦਾ ਹੈ ਜੋ ਕਰਮਾਂ-ਕਾਂਡ ਤੇ ਅੰਧ-ਵਿਸ਼ਵਾਸ਼ਾਂ ਨੂੰ ਨਾ ਸਿਰਫ਼ ਚੁਣੌਤੀ ਦਿੰਦਾ ਹੈ ਸਗੋਂ ਇਸ ਨਾਲ ਜੁੜੀਆਂ ਸਹੀ ਭਾਵਨਾਵਾਂ ਦੀ ਤਰਜਮਾਨੀ ਕਰਦਾ ਹੋਇਆ ਮਨੁੱਖ ਨੂੰ ਯੋਗ ਤੇ ਭਾਵਪੂਰਤ ਮਾਰਗ ਨਾਲ ਉਸ ਨੂੰ ਸਹੀ ਅਰਥਾਂ ਵਿਚ ਭਰਮਾਂ ਦੇ ਜਾਲ ਤੋਂ ਮੁਕਤ ਕਰਵਾਉਂਦਾ ਹੈ।

## 3.2 ਰੱਬੀ ਏਕਤਾ ਅਤੇ ਪ੍ਰੇਮ ਭਗਤੀ ਦੀ ਕਰਮਸ਼ੀਲਤਾ:

ਅੱਜ ਦਾ ਯੁਗ ਸੂਚਨਾ ਵਿਗਿਆਨ (Information Technology) ਦਾ ਯੁੱਗ ਹੈ ਜਿਸ ਨੇ ਸਮੁੱਚੇ ਵਿਸ਼ਵ ਨੂੰ ਇਕ ਪਲੇਟਫਾਰਮ ਤੇ ਖੜਾ ਕਰ ਦਿੱਤਾ ਹੈ। ਇਸ ਵਿਚ ਕੋਈ ਸ਼ਕ ਨਹੀਂ ਕਿ ਮਨੁੱਖ ਨੇ ਇਨ੍ਹਾਂ ਸਾਧਨਾਂ ਰਾਹੀਂ ਅਨੇਕਭਾਂਤੀ ਜਾਣਕਾਰੀ ਹਾਸਲ ਕਰ ਲਈ ਹੈ ਅਤੇ ਉਹ ਆਪਣੇ ਆਪ ਨੂੰ ਦੂਸਰਿਆਂ ਨਾਲੋਂ ਬਿਹਤਰ ਸਥਾਪਿਤ ਕਰਨਾ ਲੋਚਦਾ ਹੈ। ਇਹ ਭਾਵਨਾ ਉਸ ਅੰਦਰ ਹਉਮੈ ਨੂੰ ਵਧਾਉਂਦੀ ਹੈ ਅਤੇ ਹਉਮੇ ਮਨੁੱਖ ਨੂੰ ਮਨੁੱਖ ਨਾਲੋਂ ਤੋੜਦੀ ਹੈ। ਅੱਜ ਸਮੁੱਚੇ ਵਿਸ਼ਵ ਵਿਚ ਨੈਤਿਕਤਾ, ਪਰਸਪਰ ਪਿਆਰ, ਸੁਹਿਰਦਤਾ ਅਤੇ ਭੱਰਪਣ ਦੀਆਂ ਭਾਵਨਾਵਾਂ ਮੁੱਕ ਰਹੀਆਂ ਹਨ। ਮਨੁੱਖ ਨੂੰ ਜਾਣਕਾਰੀ ਅਤੇ ਗਿਆਨ ਦੇ ਫ਼ਰਕ ਨੂੰ ਸਮਝਣਾ ਪਏਗਾ। ਉਸ ਨੂੰ ਅਜਿਹੇ ਗਿਆਨ ਨਾਲ ਜੁੜਨਾ ਪਏਗਾ ਜੋ ਮਨੁੱਖਤਾ ਤੇ ਇਨਸਾਨੀਅਤ ਪੈਦਾ ਕਰ ਸਕੇ। ਮਨੁੱਖ ਦੀ ਕੋਸ਼ਿਸ਼ ਹੋਵੇ ਕਿ ਨਵ-ਤਕਨੀਕੀ ਸੰਚਾਰ ਸਾਧਨਾਂ ਵਿਚ ਉਹ ਤੱਥਾਂ ਦਾ ਸੰਚਾਰ ਕਰੀਏ ਜੋ ਪਿਆਰ ਤੇ ਖੇੜਾ ਪੈਦਾ ਕਰ ਸਕਣ। ਅੱਜ ਸਮੁੱਚੀ ਲੋਕਾਈ ਧਰਮ ਦੇ ਨਾਂ ਤੇ ਆਪਣੇ ਵਿਅਕਤੀਗਤ ਰੱਬ ਨੂੰ ਮਾਨਤਾ ਦਿੰਦੀ ਹੋਈ ਦਵੈਸ਼ ਤੇ ਪੱਖਪਾਤ ਨੂੰ ਵਧਾਉਂਦੀ ਧਰਮ-ਯੁੱਧ ਛੇੜਦੀ ਹੈ ਤੇ ਕਤਲੇਆਮ ਤੇ ਦਹਿਸ਼ਤਗਰਦ ਦਾ

ਮਾਹੌਲ ਸਿਰਜ ਕੇ ਦੰਗੇ-ਫਸਾਦ ਕਰਵਾਉਂਦੀ ਹੋਈ ਵਹਿਸ਼ੀਅਤ ਅਤੇ ਹੈਵਾਨੀਅਤ ਦਾ ਧੂੰਆਂ ਬਿਖੇਰਦੀ ਹੈ। ਮਨੁੱਖੀ ਸੰਬੰਧਾਂ ਦੇ ਪਰਿਪੇਖ ਵਿਚ ਸਹਿਯੋਗ, ਮਿਲਵਰਤਣ, ਭਾਈਚਾਰਾ, ਸੰਤੁਲਨ, ਆਪਸੀ ਤਾਲਮੇਲ ਅਤੇ ਸਦੀਵੀ ਸ਼ਾਂਤੀ ਨੂੰ ਬਰਕਰਾਰ ਰੱਖਣ ਲਈ ਰੱਬੀ ਏਕਤਾ ਅਤੇ ਪ੍ਰੇਮ ਭਗਤੀ ਦੇ ਸੰਦਰਭ ਵਿਚ ਧਰਮ ਦੀ ਭੂਮਿਕਾ ਦਾ ਵਿਸ਼ਲੇਸ਼ਣ ਬਹੁਤ ਪ੍ਰਾਸੰਗਿਕ ਹੋ ਗਿਆ ਹੈ। ਇਨ੍ਹਾਂ ਭਾਵਨਾਵਾਂ ਦੇ ਪਾਸਾਰ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਧਾਰਮਿਕ ਗਿਆਨ ਦਾ ਇੱਕ ਅਜਿਹਾ ਸ੍ਰੋਤ ਹੈ ਜਿਸ ਵਿਚ ਥਾਂ-ਥਾਂ ਤੇ ਬ੍ਰਹਿਮੰਡ ਦੀ ਵਿਸ਼ਾਲਤਾ ਅਤੇ ਪ੍ਰਭੂ ਦੀ ਰਚਨਾਤਮਕ ਸ਼ਕਤੀ ਦੀਆਂ ਅਨੇਕਾਂ ਡੂੰਘੀਆਂ ਪਰਤਾਂ ਦਾ ਜ਼ਿਕਰ ਕਰ ਕੇ ਪ੍ਰਭੂ ਦੀ ਰਚੀ ਸ੍ਰਿਸ਼ਟੀ ਦੀ ਵਿਰਾਟਤਾ ਬਾਰੇ ਅਸਚਰਜਤਾ ਪ੍ਰਗਟ ਕੀਤੀ ਗਈ ਹੈ। ਖੋਜ-ਕਾਰਜ ਦੇ ਇਸ ਭਾਗ ਵਿਚ ਉਪਰੋਕਤ ਸਮੱਸਿਆਵਾਂ ਦੇ ਸਮਾਧਾਨ ਲਈ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਰੱਬੀ ਏਕਤਾ ਅਤੇ ਪ੍ਰੇਮ ਭਗਤੀ ਦੇ ਆਦਰਸ਼ਾਂ ਦਾ ਵਿਸ਼ਲੇਸ਼ਣ ਕਰਨ ਦਾ ਉਪਰਾਲਾ ਕਰਾਂਗੇ ਕਿ ਇਹ ਆਦਰਸ਼ ਮਨੁੱਖੀ ਜ਼ਿੰਦਗੀ ਨੂੰ ਕਿਸ ਤਰ੍ਹਾਂ ਇਕਸੂਤਰ ਤੇ ਇਕਸਾਰਤਾ ਵਿਚ ਰੱਖਦੇ ਹੋਏ ਆਪਸੀ ਟਕਰਾਉ ਤੇ ਤਣਾਉ ਨੂੰ ਮਿਟਾਉਂਦੇ ਹੋਏ ਇਨਸਾਨੀਅਤ ਤੇ ਮਨੁੱਖਤਾ ਦੀ ਪ੍ਰਫੁਲਤਾ ਨੂੰ ਸਥਾਪਿਤ ਕਰਨ ਵਿਚ ਸਹਾਈ ਹੁੰਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਆਰੰਭ ਮੂਲ ਮੰਤਰ ਨਾਲ ਹੁੰਦਾ ਹੈ। ਮੂਲ ਮੰਤਰ ਦੇ ਆਰੰਭ ਵਿਚ ਸਭ ਤੋਂ ਪਹਿਲਾ ੴ ਦਾ ਚਿੰਨ੍ਹ ਆਉਂਦਾ ਹੈ। ਇਸ ਚਿੰਨ੍ਹ ਵਿਚ ਆਇਆ 'ਏਕਾ' 'ਸਾਹਿਬ ਮੇਰਾ ਏਕੋ ਹੈ ਭਾਈ ਏਕੋ ਹੈ' ਮਹਾਂਵਾਕ ਦਾ ਲਖਾਇਕ ਬਣ ਕੇ ਗੁਰਬਾਣੀ ਦੀ ਧਰੋਹਰ ਤੇ ਦਾਰਸ਼ਨਿਕ ਆਧਾਰ ਵੱਜੋਂ ਆਪਣੇ ਆਪ ਨੂੰ ਸਥਾਪਿਤ ਕਰਦਾ ਹੈ। ਸਮੁੱਚੀ ਗੁਰਬਾਣੀ ਇਸੇ ਹਿੰਦਸੇ ਤੇ ਆਧਾਰਿਤ ਹੈ। ਇਸ ਏਕੇ ਦੇ ਹਿੰਦਸੇ ਨੂੰ ਗੁਰੂ ਸਾਹਿਬਾਨ ਨੇ ਆਰੰਭ ਵਿਚ ਰੱਖ ਕੇ ਇਹ ਪ੍ਰਮਾਣਿਤ ਕਰ ਦਿੱਤਾ ਹੈ ਕਿ ਗੁਰਬਾਣੀ ਸਰਬ-ਸਾਂਝੇ ਇੱਕ ਰੱਬ ਵਿਚ ਨਿਸਚਾ ਰੱਖਦੀ ਹੈ। ਇਹ ਏਕੇ ਵਾਲੀ ਹਸਤੀ ਸਿਰਫ਼ ਇੱਕ ਧਰਮ ਜਾਂ ਇੱਕ ਧਰਤੀ ਦੇ ਲੋਕਾਂ ਲਈ ਹੀ ਨਹੀਂ ਸਗੋਂ ਸਮੁੱਚੀ ਮਨੁੱਖਤਾ ਤੇ ਸੰਪੂਰਨ ਬ੍ਰਹਿਮੰਡ ਦੀ ਏਕਤਾ ਦਾ ਪ੍ਰਤੀਕ ਹੈ। ਇਕ ਅਜਿਹੀ ਏਕਤਾ ਜੋ ਵਿਸ਼ਵ ਦੀ ਬਹੁ-ਵਿਧਤਾ ਤੇ ਬਹੁ-ਭਾਂਤੀ ਸਰੂਪ ਦੀ ਲਖਾਇਕ ਹੈ ਅਰਥਾਤ ਇਹ ਚਿੰਨ੍ਹ ਸਮਸਤ ਸਭਿਆਚਾਰਾਂ, ਸਮਾਜਾਂ ਅਤੇ ਵਿਚਾਰਾਂ ਦੇ ਸ੍ਰੋਤਾਂ ਦਾ ਪਾਸਾਰ ਹੈ।'ਇਹ ਚਿਹਨ ਅਜਿਹੀ ਗਤੀਸ਼ੀਲਤਾ ਤੇ ਅੰਨਨਤਾ ਨਾਲ ਸੰਬੰਧਿਤ ਹੈ, ਜਿਸ ਵਿਚ ਭਵਿੱਖ ਦੀਆਂ ਅਨੇਕ ਸੰਭਾਵਨਾਵਾਂ ਦਾ ਦਰ ਖੁਲ੍ਹਦਾ ਹੈ। ੴ ਸਮੁੱਚੇ ਬ੍ਰਹਿਮੰਡ, ਸਪੇਸ, ਸਪੇਖ ਆਕਾਸ਼ ਨੂੰ ਆਪਣੇ ਕਲਾਵੇ ਵਿਚ ਲੈ ਲੈਂਦਾ ਹੈ। ਇਸ ਚੇਤਨਾ ਤੋਂ ਬਿਨਾ ਸਤਿਨਾਮ ਨੂੰ ਗ੍ਰਹਿਣ ਨਹੀਂ ਕੀਤਾ ਜਾ ਸਕਦਾ। ੴ ਇਕ ਪੂਰਨ ਸੰਕਲਪ ਹੁੰਦਿਆਂ, ਗੁਰਬਾਣੀ ਦੇ ਪੂਰੇ ਅਰਥ ਪ੍ਰਬੰਧ ਨਾਲ ਜੁੜਿਆ ਹੋਇਆ ਹੈ। ਇਉਂ ੴ ਗੁਰਬਾਣੀ ਦਾ ਦਾਰਸ਼ਨਿਕ ਆਧਾਰ ਬਣ ਜਾਂਦਾ ਹੈ। ਨਿਰਗੁਣ ਰੂਪ ਵਿਚ ਇਹ ਪੌਰਾਣ ਨੂੰ ਪਰਮ-ਸ਼ਕਤੀ ਪੇਸ਼ ਕਰਨ ਵਾਲੀ ਵਿਚਾਰਧਾਰਾ ਦੇ ਅੰਤ ਦਾ ਐਲਾਨਨਾਮਾ ਹੈ।'[114] ਦੂਜੇ ਸ਼ਬਦਾਂ ਵਿਚ ਅਸੀਂ ਸੋਚ ਸਕਦੇ ਹਾਂ ਕਿ ਜਿੰਨੀ ਵੀ ਸ੍ਰਿਸ਼ਟੀ ਸੁਭਾਇਮਾਨ ਹੈ ਅਤੇ ਉਸ ਉੱਤੇ ਵਿਆਪਕ ਸਮੂਹ ਸਮਗੱਰੀ ਆਪਣੇ ਗਤੀਸ਼ੀਲ ਅਤੇ ਸਥੂਲ ਰੂਪ ਵਿਚ ਮੌਜੂਦ ਹੈ ਉਹ ਇਕੋ ਸੰਚਾਲਿਕ ਅਤੇ ਰਚਣਹਾਰ ਸ਼ਕਤੀ/ਇਕਾਈ ਦਾ ਪਾਸਾਰ ਹੈ। ਗਿਆਨ ਦੀ ਇਹ ਅੰਤਰ-ਦ੍ਰਿਸ਼ਟੀ ਮਨੁੱਖੀ ਵਿਵਹਾਰ ਵਿਚ ਨਫ਼ਰਤ ਤੇ ਪਰਾਏਪਣ ਦੀ ਭਾਵਨਾ ਨੂੰ ਖ਼ਤਮ ਕਰਕੇ ਪ੍ਰੇਮ ਦਾ ਸੰਚਾਰ ਕਰਨ ਵਿਚ ਅਤਿਅੰਤ ਸਹਾਈ ਸਾਬਤ ਹੋਈ ਹੈ। ਗੁਰਬਾਣੀ ਵਿਚ ਪੇਸ਼ ਰੱਬੀ ਏਕਤਾ ਤੇ ਪ੍ਰੇਮਾ ਭਗਤੀ ਸੰਬੰਧੀ ਵਿਚਾਰ-ਦ੍ਰਿਸ਼ਟੀ ਦੀ ਸੰਵੇਦਨਾ ਇਕ ਕ੍ਰਾਂਤੀਕਾਰੀ ਪ੍ਰਵਚਨ ਵੱਜੋਂ ਸਥਾਪਿਤ ਹੁੰਦੀ ਹੋਈ ਸਦੀਆਂ ਤੋਂ ਮਨੁੱਖ ਦੀ ਰਹਿਬਰੀ ਕਰ ਰਹੀ ਹੈ। ਸ੍ਰੀ

ਗੁਰੂ ਗ੍ਰੰਥ ਸਾਹਿਬ ਵਿਚ ਆਏ ਨਿਮਨਲਿਖਤ ਗੁਰੂ-ਵਾਕ ਮਨੁੱਖੀ ਸੋਚ ਨੂੰ ਹਲੂਣਾ ਦਿੰਦੇ ਹੋਏ ਇਕ ਨਵ-ਸੋਚ ਤੇ ਨਵ-ਸਮਾਜ ਦਾ ਨਿਰਮਾਣ ਕਰਨ ਵਿਚ ਸਹਾਈ ਹੁੰਦੇ ਹਨ:

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥
ਇਕਨਾ ਹੁਕਮ ਸਮਾਇ ਲਏ ਇਕਨਾ ਹੁਕਮੇ ਕਰੇ ਵਿਣਾਸੁ॥ [115]

ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ॥
ਗੁਰਸਾਖੀ ਜੋਤਿ ਪਰਗਟੁ ਹੋਇ॥ [116]

ਗੁਰਬਾਣੀ 'ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣ' ਦੀ ਵਿਚਾਰਪੱਧਤੀ ਨੂੰ ਧਾਰਨ ਕਰਨ ਦੇ ਸੰਦੇਸ਼ ਨਾਲ 'ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ' ਵਾਲੀ ਅਵਸਥਾ ਦਾ ਅਨੁਭਵ ਕਰਵਾਉਣ ਦੀ ਚੇਸ਼ਠਾ ਕਰਦੀ ਹੈ।ਅਜਿਹੇ ਚਿੰਤਨ ਨੂੰ ਪ੍ਰਗਟਾਉਂਦੇ ਬਹੁਤ ਹਵਾਲੇ ਗੁਰਬਾਣੀ ਵਿਚ ਦਰਜ ਹਨ :

ਸਰਬ ਜੋਤਿ ਤੇਰੀ ਪਸਰਿ ਰਹੀ॥
ਜਹ ਜਹ ਦੇਖਾ ਤਹਿ ਨਰਹਰੀ॥
ਏਕਸ ਤੇ ਸਭਿ ਰੂਪ ਹਹਿ ਰੰਗਾ॥
ਪਉਣ ਪਾਣੀ ਬੈਸੰਤਰ ਸਭਿ ਸਹਲੰਗਾ॥
ਭਿੰਨ ਭਿੰਨ ਵੇਖੈ ਹਰਿ ਪ੍ਰਭ ਰੰਗਾ॥
ਏਕੁ ਅਚਰਜੁ ਏਕੋ ਹੈ ਸੋਈ॥
ਗੁਰਮੁਖਿ ਵੀਚਾਰੇ ਵਿਰਲਾ ਕੋਈ॥ [117]
ਸੋ ਅੰਤਰਿ ਸੋ ਬਾਹਰਿ ਅਨੰਤ॥
ਘਟਿ ਘਟਿ ਬਿਆਪਿ ਰਹਿਆ ਭਗਵੰਤ॥ [118]

ਕਰਨ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ॥
ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ॥ [119]

ਗੁਰਬਾਣੀ ਵਿਚ ਰੱਬ ਦੀ ਏਕਤਾ ਦਾ ਸੰਚਾਰ ਕਿੰਨਾ ਤਾਰਕਿਕ ਤੇ ਆਦਰਸ਼ਮਈ ਹੈ ਇਸ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਗੁਰਬਾਣੀ ਵਿਚ ਪਰਮਾਤਮਾ ਦੇ ਵਿਭਿੰਨ ਨਾਉਂ ਆਏ ਹਨ ਜਿਨਾ ਨੂੰ ਵਿਭਿੰਨ ਜਾਤਾਂ ਜਾਂ ਕੌਮਾਂ ਦੇ ਰੱਬ ਵੱਜੋਂ ਜਾਣਿਆ ਜਾਂਦਾ ਹੈ। ਗੁਰਬਾਣੀ ਇਨ੍ਹਾਂ ਨਾਮਾਂ ਵਿਚ ਕੋਈ ਭੇਦ ਨਹੀਂ ਕਰਦੀ। ਗੁਰੂ ਅਰਜਨ ਦੇਵ ਜੀ ਦੁਆਰਾ ਰਚੇ ਇਸ ਸ਼ਬਦ ਵਿਚ ਇਸ ਖੂਬਸੂਰਤੀ ਨੂੰ ਵੇਖਿਆ ਜਾ ਸਕਦਾ ਹੈ-

ਕਾਰਨ ਕਰਨ ਕਰੀਮ॥ ਸਰਬ ਪ੍ਰਤਿਪਾਲ ਰਹੀਮ॥

ਅਲਹ ਅਲਖ ਅਪਾਰ॥ ਖੁਦਿ ਖੁਦਾਇ ਵਡ ਬੇਸੁਮਾਰ॥
ਓਂ ਨਮੋ ਭਗਵੰਤ ਗੁਸਾਈ॥ ਖਾਲਕੁ ਰਵਿ ਰਹਿਆ ਸਰਬ ਠਾਈ॥
ਜਗੰਨਾਥ ਜਗਜੀਵਨ ਮਾਧੋ॥ ਭਉ ਭੰਜਨ ਰਿਦ ਮਾਹਿ ਅਰਾਧੋ॥
ਰਿਖੀਕੇਸ ਗੋਪਾਲ ਗੋਵਿੰਦ॥ ਪੂਰਨ ਸਰਬਤ ਮੁਕੰਦ ॥
ਮਿਹਰਵਾਨ ਮਉਲਾ ਤੂਹੀ ਏਕ॥ ਪੀਰ ਪੈਕਾਂਬਰ ਸੇਖ॥
ਦਿਲਾ ਕਾ ਮਾਲਕੁ ਕਰੇ ਹਾਕੁ॥ ਕੁਰਾਨ ਕਤੇਬ ਤੇ ਪਾਕੁ॥
ਨਾਰਾਇਣ ਨਰਹਰ ਦਇਆਲ॥ ਰਮਤ ਰਾਮ ਘਟ ਘਟ ਆਧਾਰ॥
ਬਾਸੁਦੇਵ ਬਸਤ ਸਭ ਠਾਇ॥ਲੀਲਾ ਕਿਛੁ ਲਖੀ ਨ ਜਾਇ॥
ਮਿਹਰ ਦਇਆ ਕਰਿ ਕਰਨੈਹਾਰ॥ ਭਗਤਿ ਬੰਦਗੀ ਦੇਹਿ ਸਿਰਜਣਹਾਰ॥
ਕਹੁ ਨਾਨਕ ਗੁਰਿ ਖੋਏ ਭਰਮ॥ ਏਕੋ ਅਲਹ ਪਾਰਬ੍ਰਹਮ॥[120]

ਗੁਰਬਾਣੀ ਸਿਰਫ਼ ਇਕ ਪਰਮਾਤਮਾ ਦੇ ਸੰਕਲਪ ਨੂੰ ਪੇਸ਼ ਹੀ ਨਹੀਂ ਕਰਦੀ ਬਲਕਿ ਇਸ ਦੀ ਪ੍ਰਮਾਣਿਕਤਾ ਨੂੰ ਸਥਾਪਿਤ ਕਰਨ ਲਈ ਵਿਭਿੰਨ ਨਾਵਾਂ ਨੂੰ ਪ੍ਰਗਟਾਉਂਦੀ ਇਹ ਸਿਧਾਂਤ ਦ੍ਰਿੜ ਵੀ ਕਰਦੀ ਹੈ ਕਿ ਸਾਰੇ ਨਾਉਂ ਇੱਕੋ ਸੱਤਾ ਜਾਂ ਸ਼ਕਤੀ ਦੇ ਪ੍ਰਤੀਕ ਹਨ। ਪ੍ਰੋ. ਸ਼ੇਰ ਸਿੰਘ[121] ਨੇ ਇਨ੍ਹਾਂ ਨਾਵਾਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ। ਇਸੇ ਲਈ ਹਿੰਦੂ ਧਰਮ ਵਿਚ ਆਏ ਭਗਵੰਤ, ਭਗਵਾਨ, ਬਿੰਸ਼ਭਰ, ਬ੍ਰਹਮ, ਚੱਕ੍ਰਧਰ, ਚੱਕ੍ਰਪਾਨ, ਦਮੋਦਰ, ਗਿਰਧਾਰੀ, ਗੋਬਿੰਦ, ਗੋਪਾਲ, ਗੋਪੀਨਾਥ, ਗੁਵਰਧਨ, ਗੁਸਾਈ, ਹਰੀ, ਈਸ਼ਰ, ਕੇਸ਼ਵ, ਮਧੁਸੂਦਨ, ਕਾਨ੍ਹ, ਕ੍ਰਿਸ਼ਨ, ਮੁਰਾਰੀ, ਨਰਾਇਣ, ਪਾਰਬ੍ਰਹਮ, ਪ੍ਰਮੇਸ਼ਰ, ਪੀਤਾਂਬਰ, ਪ੍ਰਭ, ਰਾਮ, ਸਾਰੰਗਧਰ, ਸਾਵਲ, ਸਿਆਮ, ਵਾਸਦੇਵ ਆਦਿ ਨਾਂਵਾਂ ਦੀ ਵਰਤੋਂ ਗੁਰਬਾਣੀ ਵਿਚ ਵਿਆਪਕ ਰੂਪ ਵਿਚ ਹੋਈ ਹੈ। ਇਸਲਾਮ ਧਰਮ ਨਾਲ ਸੰਬੰਧਿਤ ਨਾਉਂ ਅੱਲਾ, ਗਨੀ, ਹਕੁ, ਕਰੀਮ, ਖਾਲਿਕ, ਖੁਦਾ, ਮਾਲਿਕ, ਪਾਕ, ਰੱਬ, ਰਹੀਮ, ਰਾਜ਼ਿਕ ਸਾਹਿਬ ਆਦਿ ਨਾਵਾਂ ਦੀ ਵਰਤੋਂ ਇੱਕ ਰੱਬ ਦੀ ਹੋਂਦ ਦਾ ਪੁਖਤਾ ਸਬੂਤ ਬਣ ਕੇ ਸਾਮ੍ਹਣੇ ਆਉਂਦੀ ਹੈ। ਵਾਸਤਵ ਵਿਚ ਗੁਰਬਾਣੀ ਮੌਜੂਦਾ ਸਮਿਆਂ ਵਿਚ 'ਏਕੋ ਅਲਹ ਪਾਰਬ੍ਰਹਮ' ਦੇ ਨਾਅਰੇ ਰਾਹੀਂ ਸਾਡੀ ਮਾਨਸਿਕਤਾ ਦੀ ਲੌਕਿਕ ਤੇ ਪਾਰਲੌਕਿਕ ਅਗਵਾਈ ਕਰ ਰਹੀ ਹੈ। ਦੋਨਾਂ ਪੱਧਰਾਂ ਤੇ ਜੀਵ ਦੀ ਸਫ਼ਲਤਾ ਦਾ ਰਾਜ਼ ਇੱਕ ਰਹੱਸਵਾਸੀ ਸੱਤਾ ਨਾਲ ਜੁੜਿਆ ਹੋਇਆ ਹੈ। ਬੜੀ ਹੈਰਾਨੀ ਦੀ ਗੱਲ ਹੈ ਕਿ ਗੁਰਬਾਣੀ ਨੇ ਸਦੀਆਂ ਪਹਿਲਾਂ ਇਕ ਪਰਮਾਤਮਾ ਦੀ ਵਿਚਾਰ ਨੂੰ ਦ੍ਰਿੜ ਕਰਕੇ ਲੋਕਾਈ ਨੂੰ ਮਨੁੱਖਤਾ ਦੇ ਮਾਰਗ ਤੇ ਤੋਰਨ ਦਾ ਪ੍ਰਯਤਨ ਕੀਤਾ ਹੈ। ਪਿਆਰ-ਸਾਂਝ ਨਾਲ ਖੁਸ਼ਨੁਮਾ ਮਾਹੌਲ ਵਿਚ ਜਿਉਣ ਦਾ ਚੱਜ ਸਿਖਾਇਆ ਹੈ। ਅੱਜ ਜੇ ਅਸੀਂ ਇਸ ਗਿਆਨ ਨੂੰ ਗ੍ਰਹਿਣ ਕਰ ਲਈਏ ਤਾਂ ਸਾਡੀਆਂ ਕਿੰਨੀਆਂ ਚਿੰਤਾਵਾਂ ਤੇ ਤਣਾਵ ਮਿੱਟਦੇ ਚਲੇ ਜਾਣਗੇ। ਕੋਈ ਵੀ ਵਿਅਕਤੀ ਸਾਡੇ ਲਈ ਪਰਾਇਆ ਜਾਂ ਬੇਗਾਨਾ ਨਹੀਂ ਹੋਵੇਗਾ। ਹਰ ਧਰਮ, ਹਰ ਰੱਬ ਅਤੇ ਹਰ ਵਿਅਕਤੀ ਨਾਲ ਪ੍ਰੀਤਿ ਤੇ ਉਸਦਾ ਮਾਣ-ਸਨਮਾਨ ਸਮਾਜ ਦੀ ਖੁਸ਼ਹਾਲੀ ਦਾ ਜ਼ਰੀਆ ਬਣ ਜਾਏਗਾ। ਗੁਰਬਾਣੀ ਵਿਚ ਪਰਮਾਤਮਾ ਦੇ ਅਜਿਹੇ ਵੀ ਅਨੇਕਾਂ ਨਾਉਂ ਆਏ ਹਨ ਜੋ ਪਿਆਰ ਤੇ ਮਿੱਤਰਤਾ ਦੇ ਸੂਚਕ ਹਨ ਜਿਵੇਂ ਮਿੱਤਰ, ਮੀਤ, ਪ੍ਰੀਤਮ, ਪਿਆਰਾ, ਸੱਜਣ, ਯਾਰ ਆਦਿ। ਮਨੁੱਖੀ

ਰਿਸ਼ਤਿਆਂ ਵਿਚੋਂ ਇਸ ਰਿਸ਼ਤੇ ਦੀ ਸਾਂਝ ਤੇ ਅਪਣਤ ਬਹੁਤ ਗਹਿਰੀ ਤੇ ਘਣੀ ਹੁੰਦੀ ਹੈ। ਜੀਵ ਰੱਬ ਦੇ ਨਾਲ ਇਕ ਅਜਿਹੀ ਸਾਂਝ ਗੰਢ ਲੈਂਦਾ ਹੈ ਜਿਸ ਵਿਚ ਕੋਈ ਝਿਝਕ ਜਾਂ ਸਹਿਮ ਨਹੀਂ ਰਹਿੰਦਾ ਬਲਕਿ ਉਹ ਪਿਆਰ ਤੇ ਮਾਣ ਨਾਲ 'ਤੇਰੇ ਭਰੋਸੇ ਪਿਆਰੇ ਮੈ ਲਾਡੁ ਲਡਾਇਆ' ਵਾਲੀ ਸਥਿਤੀ ਤੇ ਪਹੁੰਚ ਜਾਂਦਾ ਹੈ। ਇਸ ਪਿਆਰੇ ਦੇ ਪਿਆਰ ਤੋਂ ਉਹ ਉਸਦੀ ਸਿਰਜੀ ਹਰ ਸ਼ੈਅ ਨਾਲ ਪਿਆਰ ਕਰਨ ਲੱਗ ਜਾਂਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਰਮਾਤਮਾ ਦੀ ਸਰਵ-ਵਿਆਪਕਤਾ Immance , ਅਪਾਰ, ਅਗਮ, ਬੇਅੰਤ, ਵਿਸ਼ਾਲ ਸੱਤਾ ਨੂੰ ਦਰਸਾਇਆ ਗਿਆ ਹੈ। ਪਰਮਾਤਮਾ ਸਾਰੀ ਸ੍ਰਿਸ਼ਟੀ ਦਾ ਕਰਤਾ Creator , ਧਰਤਾ Protector , ਹਰਤਾ Destructor ਹੈ। ਇਹ ਅੰਤਰ-ਦ੍ਰਿਸ਼ਟੀ ਇਕ-ਈਸ਼ਵਰਵਾਦ Monotheism (ਅਦਵੈਤਵਾਦ ਜਾਂ ਇੱਕ ਰੱਬੀ ਨਿਸਚੇ) ਦੇ ਸੰਕਲਪ ਨਾਲ ਜੁੜਦੀ ਹੋਈ ਅਤੇ ਵਿਭਿੰਨ ਧਰਮਾਂ ਵਿਚ ਪੇਸ਼ ਪਰਮਾਤਮਾ ਦੀ ਏਕਤਾ ਅਤੇ ਅਨੇਕਤਾ ਦੇ ਮਸਲੇ ਨੂੰ ਹੱਲ ਕਰਦੀ ਹੋਈ ਅਜਿਹੀ ਬੁੱਧੀ ਤੇ ਵਿਵੇਕ ਨੂੰ ਉਤਪੰਨ ਕਰਦੀ ਹੈ ਕਿ ਜੀਵ 'ਆਪਹਿ ਏਕ ਆਪਹਿ ਅਨੇਕ' ਦੇ ਸਿਧਾਂਤ ਨੂੰ ਸਮਝਦਾ ਹੋਇਆ ਇਕ ਪਰਮਾਤਮਾ ਦੇ ਗਿਆਨ ਨੂੰ ਘਰ ਕਰ ਲੈਂਦਾ ਹੈ ਕਿ ਵਿਸ਼ਵ ਦੀ ਕੁੱਲ ਅਨੇਕਤਾ ਰੱਬ ਦੀ ਏਕਤਾ ਵਿਚੋਂ ਪੈਦਾ ਹੋਈ ਹੈ। ਪਰਮ ਹਸਤੀ ਇਕ ਸਿਰਜਨਾਤਮਿਕ ਨਿਯਮ ਦੇ ਅੰਤਰਗਤ ਏਕ ਤੋਂ ਅਨੇਕ ਹੋ ਜਾਂਦੀ ਹੈ। ਇੰਜ ਸਾਰੀ ਮਨੁੱਖਤਾ ਦਾ ਇਕ ਪਿਤਾ ਹੈ, ਸਾਰੀ ਮਨੁੱਖਤਾ ਉਸ ਦੀ ਇੱਕ ਔਲਾਦ ਹੈ। ਇਹ ਸਾਰਾ ਬ੍ਰਹਿਮੰਡ ਉਨ੍ਹਾਂ ਦਾ ਇਕ ਮੁਲਕ ਹੈ। ਉਸ ਇਕ ਉੱਤੇ ਵਿਸ਼ਵਾਸ਼ ਅਤੇ ਉਸ ਇਕ ਅੱਗੇ ਸਮਰਪਣ, ਉਸ ਦਾ ਇਕੋ ਧਰਮ ਹੈ। ਦੁਨੀਆ ਵਿਚ ਐਸਾ ਕੋਈ ਸੱਚ ਨਹੀਂ, ਨਾ ਸਰੀਰਿਕ ਅਤੇ ਨਾ ਪਰਾ-ਸਰੀਰਕ, ਜਿਹੜਾ ਮਨੁੱਖ ਅਤੇ ਦੂਸਰੇ ਮਨੁੱਖ ਵਿਚਲੀ ਕਿਸੇ ਵੰਡ ਨੂੰ ਠੀਕ ਸਿੱਧ ਕਰ ਸਕੇ। ਗੁਰਬਾਣੀ ਦੀਆਂ ਅਨੇਕਾਂ ਪੰਕਤੀਆਂ ਇਸ ਗਿਆਨ ਨੂੰ ਦ੍ਰਿੜ ਕਰਵਾਉਂਦੀਆਂ ਹਨ ਕਿ ਸਮੁੱਚਾ ਵਿਸ਼ਵ ਪਰਮਾਤਮਾ ਦੀ ਹੋਂਦ ਦਾ ਚਮਤਕਾਰ ਹੈ। ਸਮਸਤ ਵਿਸ਼ਵ ਅਕਾਲ-ਪੁਰਖ ਦਾ ਸਰੂਪ ਹੈ:

ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ
ਹਰਿ ਰੂਪੁ ਨਦਰੀ ਆਇਆ॥ [122]

ਤਿਸ ਬਿਨੁ ਦੂਜਾ ਅਵਰੁ ਨ ਕੋਊ॥
ਆਦਿ ਮਧਿ ਅੰਤਿ ਹੈ ਸੋਊ॥ [123]

ਨਾਨਕ ਏਕੋ ਰਵਿ ਰਹਿਆ ਦੂਸਰ ਹੋਆ ਨ ਹੋਗੁ॥ [124]
ਭਣਿਤ ਨਾਨਕੁ ਜਬ ਖੇਲੁ ਉਝਾਰੈ ਤਬ ਏਕੈ ਏਕੰਕਾਰਾ॥ [125]
ਜਹ ਜਹ ਦੇਖਾ ਤਹ ਤਹ ਸੋਈ॥ [126]

ਗੁਰਬਾਣੀ ਪਰਮਾਤਮਾ ਤੋਂ ਹੱਟ ਕੇ ਅਤੇ ਟੁੱਟ ਕੇ ਜਾਂ ਫਿਰ ਕਿਸੇ ਹੋਰ ਦੂਸਰੀ ਸ਼ਕਤੀ ਦੀ ਮੌਜੂਦਗੀ ਤੋਂ ਪੂਰੀ ਤਰ੍ਹਾਂ ਮੁਨਕਿਰ ਹੈ। 'ਹੋਰ' ਜਾਂ 'ਅਵਰ' ਸ਼ਬਦਾਂ ਦਾ ਕੋਈ ਅਸਤਿਤਵ ਹੀ ਨਹੀਂ।'ਅੰਤੁ ਨ ਸਿਫਤੀ ਕਹਣਿ ਨ ਅੰਤੁ' ਦੇ

ਮਹਾਂਵਾਕ ਅਨੁਸਾਰ ਅਜਿਹੇ ਪਰਮਾਤਮਾ ਦੀ ਵਡਿਆਈਆਂ ਦਾ ਕੋਈ ਅੰਤ ਪਾਇਆ ਹੀ ਨਹੀਂ ਜਾ ਸਕਦਾ। ਦੁਨੀਆਂ ਦੀਆਂ ਬਹੁਤ ਲੋਕ-ਸ਼ਕਤੀਆਂ ਰੱਬ ਦੇ ਭੇਦ ਨੂੰ ਪਾਉਣ ਦੇ ਪ੍ਰਯਤਨ ਕਰਦੀਆਂ ਹਨ ਪਰ 'ਅੰਤੁ ਕਾਰਣਿ ਕੇਤੇ ਬਿਲਲਾਹਿ ਤਾ ਕੇ ਅੰਤ ਨ ਪਾਏ ਜਾਹਿ' ਦੇ ਗੁਰੂ ਵਾਕ ਅਨੁਸਾਰ ਉਨ੍ਹਾਂ ਦੇ ਪੱਲੇ ਨਿਰਾਸਤਾ ਹੀ ਪੈਂਦੀ ਹੈ। ਅਸਲ ਵਿਚ ਕੋਈ ਇਨ੍ਹਾਂ ਉੱਚਾ ਹੋਵੇਗਾ ਤਾਂ ਹੀ ਉਹ ਇਸ ਉਚਾਈ ਨੂੰ ਸਮੱਝਣ ਦੇ ਸਮਰੱਥ ਹੋਵੇਗਾ ਅਤੇ ਉਸ ਸਰਬ-ਸਮਰੱਥ ਪਰਮਾਤਮਾ ਦੇ ਮੇਚ ਦਾ ਉਹ ਆਪ ਹੀ ਹੈ। ਮਨੁੱਖ ਦੀ ਸੋਚ ਅਤੇ ਬੁੱਧੀ ਇਨ੍ਹਾਂ ਉਚਾਈਆਂ ਦਾ ਨਿਰਣਾ ਕਰਨ ਦੇ ਅਸਮਰੱਥ ਹੈ।

ਤਿਸ ਤੇ ਭਿੰਨ ਨਹੀ ਕੋ ਠਾਉ॥
ਤਾ ਕੀ ਗਤਿ ਮਿਤਿ ਕਹੀ ਨ ਜਾਇ॥
ਦੂਸਰ ਹੋਇ ਤ ਸੋਝੀ ਪਾਇ॥[127]

ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨ ਕਰਮਾ॥
ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸ ਭਾਉ ਨ ਭਰਮਾ॥
ਸਾਚੇ ਸਚਿਆਰ ਵਿਟਹੁ ਕੁਰਬਾਣੁ॥
ਨਾ ਤਿਸ ਰੂਪ ਵਰਨੁ ਨਹੀ ਰੇਖਿਆ ਸਾਚੈ ਸਬਦਿ ਨੀਸਾਣੁ॥[128]

ਵੱਖ-ਵੱਖ ਧਾਰਮਿਕ ਅਕੀਦਿਆਂ ਅਤੇ ਧਾਰਮਿਕ ਫਿਰਕਿਆਂ ਦੇ ਸਭਿਆਚਾਰਾਂ ਦੀ ਪ੍ਰਫੁੱਲਤਾ ਵਿਚ ਹੀ ਮਾਨਵੀ ਭਾਈਚਾਰੇ ਦੀ ਪ੍ਰਫੁੱਲਤਾ ਤੇ ਸੁੰਦਰਤਾ ਛੁਪੀ ਹੋਈ ਹੈ। ਗੁਰੂ ਸਾਹਿਬਾਨ ਨੇ ਇਸ ਅੰਤਰਦ੍ਰਿਸ਼ਟੀ ਨੂੰ ਵਿਭਿੰਨ ਦ੍ਰਿਸ਼ਟਾਂਤਾਂ ਦੁਆਰਾ ਪ੍ਰਗਟਇਆ ਹੈ। ਕਿਤੇ ਦੁਨੀਆਂ ਇਕ ਬਗੀਚੇ ਦੇ ਸਮਾਨ ਅਤੇ ਵਿਭਿੰਨ ਧਰਮ ਵਿਭਿੰਨ ਬ੍ਰਿਛਾਂ ਦੇ ਭਾਂਤੀ ਹਨ ਅਤੇ ਪ੍ਰਭੂ ਰੂਪੀ ਮਾਲੀ ਇਨ੍ਹਾਂ ਸਾਰੇ ਬ੍ਰਿਛਾਂ ਦੀ ਪ੍ਰਤਿਪਾਲਨਾ ਕਰ ਰਿਹਾ ਹੈ। ਕਿਤੇ ਪ੍ਰਭੂ ਨੂੰ ਵੱਡੇ ਬ੍ਰਿਛ ਅਤੇ ਜੀਵਾਂ ਨੂੰ ਉਸ ਤੇ ਪਲਣ ਵਾਲੇ ਪੰਛੀ, ਕਿਤੇ ਪ੍ਰਭੂ ਨੂੰ ਸਾਗਰ ਤੇ ਜੀਵਾਂ ਨੂੰ ਮੱਛਲੀਆਂ ਨਾਲ ਤੁਲਨਾ ਕੇ ਪ੍ਰਭੂ ਰੂਪੀ ਸਾਗਰ ਦੀਆਂ ਗਹਿਰਾਈਆਂ, ਵਿਸ਼ਾਲਤਾ ਤੇ ਵਿਰਾਟਤਾ ਦਾ ਅਨੁਭਵ ਕਰਾਇਆ ਗਿਆ ਹੈ। ਜਦੋਂ ਜੀਵ ਇਕ ਸ੍ਰੋਤ, ਇਕ ਸੱਤਾ, ਇਕ ਤਾਕਤ ਜਾਂ ਇਕ ਸ਼ਕਤੀ ਦੇ ਭੇਦ ਤੋਂ ਜਾਣੂ ਹੋ ਜਾਣਗੇ ਤਾਂ ਉਨਾਂ ਵਿਚ ਪਰਸਪਰ ਪ੍ਰੀਤ ਉਤਪੰਨ ਹੋ ਜਾਏਗੀ ਜੋ ਵਿਕਸਿਤ ਹੋ ਕੇ ਸਮਸਤ ਜੀਵਾਂ ਵਿਚ ਫੈਲ ਜਾਏਗੀ ਤੇ ਇਕ ਨਵ-ਵਿਸ਼ਵ ਦਾ ਨਿਰਮਾਣ ਹੋਵੇਗਾ ਜਿਸਦੀਆਂ ਨੀਹਾਂ ਆਪਸੀ ਪਿਆਰ, ਸਹਿਯੋਗ, ਮਿੱਤਰਤਾ ਤੇ ਭਾਈਚਾਰੇ ਤੇ ਆਧਾਰਿਤ ਹੋਣਗੀਆਂ।

ਏਕੁ ਬਗੀਚਾ ਪੇਡ ਘਨ ਕਰਿਆ॥ਅੰਮ੍ਰਿਤ ਨਾਮ ਤਹਾ ਮਹਿ ਫਲਿਆ॥

…………………………………………………………..

ਸਿੰਚਨ ਹਾਰੇ ਏਕੇ ਮਾਲੀ॥ ਖਬਰਿ ਕਰਤੁ ਹੈ ਪਾਤ ਪਤ ਡਾਲੀ॥[129]
ਤੂ ਵਡ ਪੁਰਖੁ ਅਗੰਮ ਤਰੋਵਰੁ ਹਮ ਪੰਖੀ ਤੁਝ ਮਾਹੀ॥[130]
ਤੂ ਪੇਡੁ ਸਾਖ ਤੇਰੀ ਫੂਲੀ ॥ ਤੂ ਸੂਖਮੁ ਹੋਆ ਅਸਥੂਲੀ॥
ਤੂ ਜਲਨਿਧਿ ਤੂ ਫੇਨੁ ਬੁਦਬੁਦਾ ਤੁਧੁ ਬਿਨੁ ਅਵਰੁ ਨ ਭਾਲੀਐ ਜੀਉ॥

ਤੂ ਸੂਤੁ ਮਣੀਏ ਭੀ ਤੂ ਹੈ॥ ਤੂ ਗੰਠੀ ਮੇਰੁ ਸਿਰਿ ਤੂ ਹੈ॥
ਆਦਿ ਮਧਿ ਅੰਤਿ ਪ੍ਰਭੁ ਸੋਈ ਅਵਰੁ ਨ ਕੋਇ ਦਿਖਾਲੀਐ ਜੀਉ॥
ਤੂ ਨਿਰਗੁਣ ਸਰਗੁਣ ਸੁਖਦਾਤਾ॥ ਤੂ ਨਿਰਬਾਣ ਰਸੀਆ ਰੰਗਿ ਰਾਤਾ॥
ਅਪਣੇ ਕਰਤਬ ਆਪੇ ਜਾਣਹਿ ਆਪੇ ਤੁਧੁ ਸਮਾਲੀਐ ਜੀਉ॥
ਤੂ ਠਾਕੁਰ ਸੇਵਕ ਫੁਨਿ ਆਪੇ॥ ਤੂ ਗੁਪਤ ਪਰਗਟ ਪ੍ਰਭ ਆਪੈ॥
ਨਾਨਕ ਦਾਸੁ ਸਦਾ ਗੁਣ ਗਾਵੈ ਇਕ ਭੋਰੀ ਨਦਰਿ ਨਿਹਾਲੀਐ ਜੀਉ॥[131]

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥
ਦਾਤਾ ਕਰਤਾ ਆਪਿ ਤੂ ਤੁਸਿ ਦੇਵਹਿ ਕਰਹਿ ਪਸਾਉ॥
ਤੂੰ ਜਾਣੋਈ ਸਭ ਸੈ ਦੇ ਲੈਸਹਿ ਜਿੰਦੁ ਕਵਾਉ॥
ਕਰਿ ਆਸਣੁ ਡਿਠੋ ਚਾਉ॥[132]

ਗੁਰਬਾਣੀ ਵਿਚ ਆਏ 'ਆਪੇ ਨੇੜੈ ਆਪੇ ਦੂਰਿ' ਅਤੇ 'ਨਿਰਗੁਨੁ ਆਪਿ ਸਰਗੁਨੁ ਭੀ ਓਹੀ' ਵਾਕ ਪਰਮਾਤਮਾ ਦੇ ਸ੍ਰਿਸ਼ਟੀ ਦੇ ਅੰਤਰਗਤ 'ਅੰਤਰ ਤੇ ਬਾਹਰ' (Immanent &Transcendent) ਰਮੇ ਹੋਣ ਦਾ ਪ੍ਰਗਟਾਵਾ ਬਣ ਕੇ ਉਸ ਦੇ ਭੋਗੀ-ਅਭੋਗੀ, ਭੁਗਤਾ-ਅਭੁਗਤਾ ਸਰੂਪ ਨੂੰ ਦ੍ਰਿਸ਼ਟੀਗੋਚਰ ਕਰਦੇ ਰੱਬੀ ਏਕਤਾ ਦੇ ਮਾਡਲ ਨੂੰ ਸਚਿਆਉਂਦੇ ਹਨ ਕਿਉਂਜੋ ਇਸ ਸਿਧਾਂਤ ਦੇ ਪਿਛੌਕੜ ਵਿਚ ਜਿਹੜੀ ਦ੍ਰਿਸ਼ਟੀ ਕਾਰਜਸ਼ੀਲ ਹੈ ਉਸ ਦਾ ਸਾਰ ਤੱਤ ਇਹੀ ਹੈ ਕਿ ਰੱਬ ਦੀ ਏਕਤਾ ਦੇ ਗਿਆਨ ਨਾਲ ਇਹ ਵੀ ਧਾਰਨ ਕਰ ਲਈਏ ਕਿ ਸਾਰੀ ਸ੍ਰਿਸ਼ਟੀ ਦੇ ਕਣ-ਕਣ, ਜ਼ੱਰੇ-ਜ਼ੱਰੇ ਵਿਚ ਉਹ ਆਪ ਮੌਜੂਦ ਹੈ। ਗਿਆਨ ਦਾ ਇਹ ਮਾਰਗ ਸਾਰੇ ਜੀਵਾਂ ਤੇ ਪ੍ਰਾਣੀਆਂ ਦੀ ਸਹਿਹੋਂਦ, ਸਹਿਚਾਰ ਤੇ ਸਹਿਯੋਗ ਦਾ ਆਧਾਰ ਸਥਾਪਤ ਹੋਣ ਵਿਚ ਅਤਿਅੰਤ ਸਹਾਈ ਹੁੰਦਾ ਹੈ। ਪ੍ਰਿੰ. ਸ਼ੇਰ ਸਿੰਘ ਨੇ ਇਸ ਸਿਧਾਂਤ ਨੂੰ ਬੜੇ ਭਾਵਪੂਰਤ ਸ਼ਬਦਾਂ ਵਿਚ ਪ੍ਰਗਟਾਇਆ ਹੈ:

"ਉਹ ਸੰਸਾਰ ਦਾ ਕਰਤਾ ਭੀ ਹੈ ਤੇ ਸੰਸਾਰ ਵਿਚ ਸਾਰੇ ਭੋਗਾਂ ਦਾ ਭੁਗਤਾ ਵੀ। ਯੂਰਪ ਦੇ ਪੂਰਬੀ ਦੇਸ਼ਾਂ ਵਿੱਚ ਸਾਲਵਾਕੀਆਂ ਨੇ ਰੱਬ ਨੂੰ 'ਬੇਗ' ਕਿਹਾ ਸੀ, ਜਿਸ ਦਾ ਭਾਵ ਸੀ ਕਿ ਪਰਮਾਤਮਾ ਆਪਣੀ ਰਚਨਾ ਦੇ ਵਿਚ ਹੋ ਕੇ ਅੰਨਤ ਪ੍ਰਸੰਨਤਾ ਪ੍ਰਾਪਤ ਕਰਦਾ ਹੈ ਤੇ ਬੇਅੰਤ ਢੰਗਾਂ ਨਾਲ ਰਸ ਮਾਣਦਾ ਹੈ।"[133] ਗੁਰਬਾਣੀ ਵਿਚ ਅਜਿਹੀਆਂ ਅਨੇਕਾਂ ਮਿਸਾਲਾਂ ਮਿੱਲਦੀਆਂ ਹਨ। ਜਿਵੇਂ:

ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ॥
ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ॥
ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ॥
ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ॥

ਆਪੇ ਜਾਲ ਮਣਕੜਾ ਆਪੇ ਅੰਦਰਿ ਲਾਲੁ॥
ਆਪੇ ਬਹੁ ਬਿਧਿ ਰੰਗੁਲਾ ਸਖੀਏ ਮੇਰਾ ਲਾਲੁ॥[134]

ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ॥
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ॥[135]

ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥
ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥[136]

ਰਾਜਨ ਮਹਿ ਤੂ ਰਾਜਾ ਕਹੀਅਹਿ ਭੂਮਨ ਮਹਿ ਭੂਮਾ॥
ਠਾਕੁਰ ਮਹਿ ਠਕੁਰਾਈ ਤੇਰੀ ਕੋਮਨ ਸਿਰਿ ਕੋਮਾ॥
ਸੂਰਨ ਮਹਿ ਸੂਰਾ ਤੂ ਕਹੀਅਹਿ ਭੋਗਨ ਮਹਿ ਭੋਗੀ॥
ਗ੍ਰਸਤਨ ਮਹਿ ਤੂ ਬਡੋ ਗ੍ਰਿਹਸਤੀ ਜੋਗਨ ਮਹਿ ਜੋਗੀ॥[137]

ਪ੍ਰਿੰ. ਸ਼ੇਰ ਸਿੰਘ ਟਰੰਪ ਦੇ ਹਵਾਲੇ ਨਾਲ ਸਪਸ਼ਟ ਕਰਦੇ ਹਨ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਵਿਚ ਦੋ ਤਰ੍ਹਾਂ ਦਾ ਪੈਂਥੀਇਜ਼ਮ-ਹਮਾਉਸਤ-'ਬ੍ਰਹਿਮੰਡ ਹੀ ਬ੍ਰਹਮ' ਭਾਵ ਦੇਖਦੇ ਹਾਂ- ਇਕ ਤਾਂ ਸਥੂਲ ਰੂਪ ਵਿਚ ਅਤੇ ਇਕ ਸੂਖਮ ਰੂਪ ਵਿਚ। ਸਥੂਲ ਭਾਵ ਤਾਂ ਹਰ ਇਕ ਸ਼ੈਅ ਨੂੰ ਬ੍ਰਹਮ ਸਮਝਦਾ ਹੈ ਤੇ ਸੰਸਾਰ ਕੇਵਲ ਉਸ ਬ੍ਰਹਮ ਦਾ ਪਾਸਾਰਾ ਹੀ ਹੈ ਤੇ ਸੂਖਮ ਅਭੇਦਵਾਦ ਅਨੁਸਾਰ ਬ੍ਰਹਮ ਤੇ ਜੀਵ ਦੇ ਸੂਖਮ ਭੇਦ ਨੂੰ ਮੰਨਿਆ ਹੈ ਤੇ ਆਮ ਹਾਲਤਾਂ ਵਿਚ ਇਹ ਅਦਵੈਤ ਭਗਤੀ ਦਾ ਰੂਪ ਧਾਰ ਕੇ ਪੈਂਥੀਇਜ਼ਮ (ਅਭੇਦਵਾਦ) ਦੀ ਥਾਂ ਥਇਜ਼ਮ (ਇੱਕ ਰੱਬੀ ਪੂਜਾ) ਦੇ ਬਹੁਤ ਨੇੜੇ ਹੈ। ਗੁਰਬਾਣੀ ਵਿਚ ਪੇਸ਼ ਰੱਬ ਦਾ ਸਰੂਪ ਉੱਚੇ ਤੋਂ ਉੱਚਾ ਵੀ ਹੈ, ਦੂਰ ਤੋਂ ਦੂਰ ਵੀ ਹੈ; ਰੱਬ ਅਲੇਪ, ਨਿਰਲੇਪ, ਨਿਰਾਲਮ ਤੇ ਨਿਰੰਜਨ ਵੀ ਹੈ ਪਰ 'ਤਿਸ ਤੇ ਭਿੰਨ ਨਹੀ ਕੋ ਠਾਉ' ਅਤੇ 'ਦੇਖੈ ਬੂਝੈ ਸਭੁ ਕਿਛੁ ਜਾਣੈ ਅੰਤਰਿ ਬਾਹਰਿ ਰਵਿ ਰਹਿਆ' ਵਾਲੀ ਸਥਿਤੀ ਵੀ ਬਰਕਰਾਰ ਰਹਿੰਦੀ ਹੈ। ਇਸ ਤਰ੍ਹਾਂ ਜੀਵ ਨੂੰ 'ਜਿਉ ਪਸਰੀ ਸੂਰਜ ਕਿਰਣਿ ਜੋਤਿ ਤਿਉ ਘਟਿ ਘਟਿ ਰਮਈਆ ਓਤਿ ਪੋਤਿ'[138] ਗਿਆਨ ਰਾਹੀਂ ਪੂਰੀ ਤਰ੍ਹਾਂ ਸਮਝ ਆ ਜਾਂਦੀ ਹੈ ਕਿ ਇਹ ਸਾਰਾ ਬ੍ਰਹਿਮੰਡ ਅਕਾਲ ਪੁਰਖ ਜਾਂ ਪਰਮ ਸ਼ਕਤੀ ਦੀ ਅਸਰਚਜ ਖੇਡ ਦਾ ਝਲਕਾਰਾ ਹੈ।

ਮੈ ਬਹੁ ਬਿਧਿ ਪੇਖਿਓ ਦੂਜਾ ਨਾਹੀ ਰੀ ਕੋਊ॥
ਖੰਡ ਦੀਪ ਸਭ ਭਤਿਰਿ ਰਵਿਆ ਪੂਰਿ ਰਹਿਓ ਸਭ ਲੋਊ॥[139]

ਏਕੈ ਰੇ ਹਰਿ ਏਕੈ ਜਾਨ॥
ਏਕੈ ਰੇ ਗੁਰਮੁਖਿ ਜਾਨ॥

ਕਾਹੇ ਭ੍ਰਮਤ ਹਉ ਤੁਮ ਭ੍ਰਮਹੁ ਨ ਭਾਈ॥
ਰਵਿਆ ਰੇ ਰਵਿਆ ਸ੍ਰਬ ਥਾਨ॥[140]

ਕਾਹੇ ਰੇ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ ਰਹਾਉ॥
ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥
ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥[141]

ਇਕ ਅਕਾਲ ਪੁਰਖ ਦੀ ਏਕਤਾ ਦਾ ਨਿਸਚਾ ਮਨੁੱਖ ਤੇ ਇਨਸਾਨ ਦੀ ਏਕਤਾ ਵਿਚ ਰੂਪਾਂਤ੍ਰਿਤ ਹੋ ਕੇ 'ਮਨੁੱਖਤਾ' ਤੇ 'ਇਨਸਾਨੀਅਤ' ਦਾ ਰੂਪ ਲੈ ਲੈਂਦਾ ਹੈ। ਗੁਰਬਾਣੀ ਵਿਚ ਅੰਕਿਤ ਨਿਮਨਲਿਖਿਤ ਰਚਨਾਵਾਂ ਦੀਆਂ ਮਿਸਾਲਾਂ ਪ੍ਰਤੱਖ ਤੇ ਜ਼ਾਹਰ ਰੂਪ ਵਿਚ ਰੱਬੀ ਏਕਤਾ ਦੀ ਅੰਤਰਦ੍ਰਿਸ਼ਟੀ ਦੇ ਪਿਛੋਕੜ ਵਿਚ ਨਿਰਧਾਰਿਤ ਤੇ ਕਾਰਜਸ਼ੀਲ ਵਿਭਿੰਨ ਪਰਤਾਂ ਨੂੰ ਸਪਸ਼ਟ ਕਰਦੀਆਂ ਇਸ ਮਾਡਲ ਦੀ ਸਾਰਥਕਤਾ ਤੇ ਪ੍ਰਾਸੰਗਿਕਤਾ ਨੂੰ ਸਿੱਧ ਕਰਦੀਆਂ ਹਨ।

ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥[142]

ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ॥[143]

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥[144]

ਐਸੀ ਵਿਸ਼ਾਲ ਦ੍ਰਿਸ਼ਟੀ ਵਾਲਾ ਮਨੁੱਖ ਹੀ ਕੁੱਲ ਭਾਈਚਾਰੇ ਦਾ ਅੰਸ਼ ਜਾਂ ਹਿੱਸਾ ਬਣ ਸਕਦਾ ਹੈ। ਰੱਬੀ ਏਕਤਾ ਦੀ ਵਿਚਾਰ-ਦ੍ਰਿਸ਼ਟੀ ਨਿਸਚਿਤ ਰੂਪ ਵਿਚ ਅੱਜ ਬਹੁਤ ਸਾਰਥਕ ਤੇ ਪ੍ਰਾਸੰਗਿਕ ਹੋ ਗਈ ਹੈ। ਇੱਥੇ ਪਹੁੰਚ ਕੇ ਮਨੁੱਖ ਅੰਦਰ ਖੁਦੀ ਤੇ ਹਉਮੈ ਦੀ ਜਗ੍ਹਾ ਪਿਆਰ ਤੇ ਮਿਲਵਰਤਨ ਦੇ ਭਾਵ ਪੈਦਾ ਹੁੰਦੇ ਹਨ।ਰੱਬੀ ਏਕਤਾ ਦਾ ਪ੍ਰਕਰਣ ਮਨੁੱਖੀ ਏਕਤਾ, ਸਰਬ-ਸਾਂਝੀਵਾਲਤਾ ਤੇ ਵਿਸ਼ਵ-ਭਾਈਚਾਰੇ ਨੂੰ ਆਪਣੇ ਕਲਾਵੇ ਵਿਚ ਸਮੇਟਦਾ 'ਸਭੇ ਸਾਂਝੀਵਾਲ ਸਦਾਇਨਿ' ਦਾ ਪਾਸਾਰ ਕਰਦਾ ਹੈ। ਇੱਥੇ ਆ ਕੇ ਹੀ 'ਮੰਦਾ ਕਿਸ ਨੋ ਆਖੀਐ ਜਾ ਤਿਸ ਬਿਨ ਕੋਈ ਨਾਹਿ' ਦੀ ਪ੍ਰਵਿਰਤੀ ਸਥਾਪਿਤ ਹੋ ਜਾਂਦੀ ਹੈ ਤੇ ਰੱਬੀ ਏਕਤਾ ਦਾ ਮਿਸ਼ਨ ਪੂਰਾ ਹੋ ਜਾਂਦਾ ਹੈ। ਜਿੱਥੇ ਇਕ ਰੱਬ ਦੀ ਵਿਸ਼ਾਲਤਾ ਤੇ ਵਿਰਾਟਤਾ ਰਾਹੀਂ ਮਨੁੱਖਤਾ ਦੀ ਸਥਾਪਤੀ ਹੁੰਦੀ ਹੈ ਉੱਥੇ ਇਕ ਰੱਬ ਦੀ ਭਗਤੀ ਦੇ ਸਰੂਪ ਨਾਲ ਵੀ ਇਨਸਾਨੀਅਤ ਪ੍ਰਫੁਲਤਾ ਦੇ ਰਾਹਾਂ ਤੇ ਪੈਂਦੀ ਹੈ। ਭਗਤੀ ਤੇ ਪ੍ਰੇਮਾ ਭਗਤੀ ਦੀ ਸਾਧਨਾ ਨੂੰ ਵੀ ਗੁਰਬਾਣੀ ਵਿਚ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ ਕਿ ਸਮੁੱਚਾ ਮਨੁੱਖ

ਪਰਸਪਰ ਪ੍ਰੇਮ ਤੇ ਭਾਈਚਾਰੇ ਵਿਚ ਬੱਝ ਜਾਂਦਾ ਹੈ ਕਿਉਂਜੋ ਗੁਰਬਾਣੀ ਦਾ ਮੂਲ ਲਕਸ਼ ਮਨੁੱਖ ਦੀ ਨੈਤਿਕ ਤੇ ਰੂਹਾਨੀ ਅਗਵਾਈ ਕਰਦੇ ਹੋਏ ਉਸ ਦੇ ਜੀਵਨ ਨੂੰ ਸਮਸਤ ਖੁਸ਼ੀਆਂ ਪ੍ਰਦਾਨ ਕਰਨਾ ਹੈ।

ਭਗਤੀ ਸ਼ਬਦ ਦਾ ਅਰਥ ਵਿਭਿੰਨ ਸ਼ਬਦ ਕੋਸ਼ਾਂ ਵਿਚ ਵਿਭਾਜਨ, ਅਨੁਰਾਗ, ਪੂਜਾ, ਉਪਾਸਨਾ ਆਦਿ ਕੀਤਾ ਗਿਆ ਹੈ। 'ਗੀਤਾਕਾਰ' ਨੇ ਹਿਰਦੇ ਅਤੇ ਬੁੱਧੀ ਦੋਨਾਂ ਦਾ ਸਮਰਪਣ ਸਵੀਕਾਰ ਕੀਤਾ ਹੈ। ਪਾਰਾਸ਼ਰ, ਸ਼ਾਡਿਲਯ, ਨਾਰਦ ਅਤੇ ਵੱਲਭਾਚਾਰਯ ਨੇ ਵੀ ਅਨੁਰਾਗ ਦੇ ਨਾਲ ਨਾਲ ਪੂਜਾ ਅਤੇ ਮਹਾਤਮਯ-ਗਿਆਨ ਨੂੰ ਕ੍ਰਮਵਾਰ ਪ੍ਰੇਮ ਅਤੇ ਸ਼ਰਧਾ ਦਾ ਨਾਂ ਦਿੰਦੇ ਹੋਏ ਆਚਾਰਯ ਰਾਮ ਚੰਦਰ ਸ਼ੁਕਲ ਦੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਸ਼ਰਧਾ ਅਤੇ ਪ੍ਰੇਮ ਦੇ ਯੋਗ ਦਾ ਨਾ ਭਗਤੀ ਹੈ।'[145]

ਭਾਰਤ ਵਿਚ ਭਗਤੀ ਦੀ ਪਰੰਪਰਾ ਪੰਦਰਵੀਂ ਸੋਲ੍ਹਵੀ ਸਦੀ ਵਿਚ ਵਿਕਸਿਤ ਹੁੰਦੀ ਹੈ। ਚੈਤੰਨਯ ਸੰਪਰਦਾ ਦੇ ਆਚਾਰਯ ਚੈਤੰਨਯ ਮਹਾਂਪ੍ਰਭੂ, ਸਖੀ ਸੰਪਰਦਾ ਦੇ ਸਵਾਮੀ ਹਰਿਦਾਸ, ਰਾਧਾ-ਵਲਭ ਸੰਪਰਦਾ ਦੇ ਸ੍ਰੀ ਹਿਤ ਹਰਿਵੰਸ਼ ਆਦਿ ਨੇ ਇਕ ਪਾਸੇ ਕ੍ਰਿਸ਼ਨ ਭਗਤੀ ਦਾ ਪ੍ਰਚਾਰ ਕੀਤਾ ਅਤੇ ਦੂਸਰੇ ਪਾਸੇ ਸੰਤ ਕਬੀਰ, ਦਾਦੂ ਤੇ ਗੁਰੂ ਨਾਨਕ ਦੇਵ ਜੀ ਦੁਆਰਾ ਈਸ਼ਵਰ ਦੇ ਸਰਗੁਣ ਅਤੇ ਨਿਰਗੁਣ ਸਰੂਪ ਦੀ ਉਪਾਸਨਾ ਦਾ ਰੂਪ ਸਾਮ੍ਹਣੇ ਆਇਆ। ਭਾਰਤੀ ਧਰਮ ਸਾਧਨਾ ਵਿਚ ਨਿਰਗੁਣ ਭਗਤੀ ਦੇ ਪ੍ਰਵਰਤਕ ਕਬੀਰ ਤੇ ਸਰਗੁਣ ਭਗਤੀ ਦੇ ਸ੍ਰੋਮਣੀ ਭਗਤ ਗੋਸਵਾਮੀ ਤੁਲਸੀ ਦਾਸ ਮੰਨੇ ਜਾਂਦੇ ਹਨ।'ਪੰਜਾਬ ਵਿਚ ਭਗਤੀ ਧਾਰਾ ਦੇ ਪ੍ਰਵਰਤਕ, ਸੰਚਾਲਕ ਤੇ ਯੋਗਦਾਨੀ ਸਿੱਖ ਗੁਰੂ ਸਾਹਿਬਾਨ ਸਨ, ਜਿਨ੍ਹਾਂ ਦੀ ਭਗਤੀ ਨਾ ਤਾਂ ਰਾਮਾਨੁਜ ਦੀ 'ਲਕਸ਼ਮੀ ਨਾਰਾਇਣ' ਦੀ ਭਗਤੀ ਹੈ ਤੇ ਨਾ ਹੀ ਰਾਮਾਨੰਦ ਦੀ 'ਸੀਤਾ-ਰਾਮ' ਦੀ ਭਗਤੀ ਹੈ। ਨਾ ਵੱਲਭਾਚਾਰਯ ਦੀ 'ਬਾਲ ਗੋਪਾਲ' ਦੀ ਭਗਤੀ ਤੇ ਨਾ ਹੀ ਚੈਤੰਨਯ ਮਹਾਂਪ੍ਰਭੂ ਦੀ ਰਾਧਾ ਕ੍ਰਿਸ਼ਨ ਦੀ ਭਗਤੀ ਹੈ। ਇਹ ਭਗਤੀ ਬ੍ਰਹਮ ਦੇ ਨਿਰਗੁਣ ਤੇ ਸਰਗੁਣ ਦੋਹਾਂ ਰੂਪਾਂ ਦੀ ਹੈ। ਜੋ ਆਪ ਹੀ ਸਭ ਥਾਵਾਂ ਤੇ ਸਾਰੀ ਕੁਦਰਤ ਵਿਚ ਰਮਿਆ ਹੋਇਆ ਹੈ।-----ਇਸਨੂੰ ਮੂਲ ਮੰਨ ਕੇ ਹੀ ਗੁਰਮਤਿ ਦੀ ਭਗਤੀ ਦਾ ਆਰੰਭ ਹੁੰਦਾ ਹੈ। ਗੁਰਮਤਿ ਦਾ ਬ੍ਰਹਮ ਜੋ ਨਿਰਗੁਣ ਤੇ ਸਰਗੁਣ ਦੋਹਾਂ ਰੂਪਾਂ ਵਿਚ ਆਪਣੀ ਸ੍ਰਿਸ਼ਟੀ ਵਿਚ ਵਿਚਰ ਰਿਹਾ ਹੈ, ਉਹ ਅਵਤਾਰ ਨਹੀਂ ਧਾਰਦਾ ਇਸ ਲਈ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿਚ ਅਵਤਾਰਵਾਦ, ਦੇਵੀ ਦੇਵਤਿਆਂ ਤੇ ਉਨ੍ਹਾਂ ਦੀਆਂ ਮੂਰਤੀਆਂ ਦੀ ਪੂਜਾ ਆਦਿ ਦਾ ਖੰਡਨ ਕੀਤਾ ਹੈ ਤੇ ਸੱਚੇ ਨਾਮ ਨਾਲ ਜੁੜਨ ਦਾ ਉਪਦੇਸ ਦਿੱਤਾ ਹੈ।'[146]

'ਮੈਂ ਤੋਂ ਪਰੇ' ਅਥਵਾ ਹਉਮੈ ਤੋਂ ਦੂਰ ਹੋ ਕੇ ਅਧਿਆਤਮਿਕ ਸ਼ਕਤੀ ਤੇ ਉਸਦੀ ਸਿਰਜੀ ਦੁਨੀਆਂ ਦੇ ਪਾਂਧੀਆਂ ਨਾਲ ਸਨੇਹ ਤੇ ਸੇਵਾ ਕਰਨੀ ਗੁਰਬਾਣੀ ਦਾ ਮੂਲ ਉਦੇਸ਼ ਹੈ। ਗੁਰਬਾਣੀ ਦੁਆਰਾ ਸਿਰਜੀ ਰੱਬੀ ਏਕਤਾ ਦੀ ਮੂਲ ਦ੍ਰਿਸ਼ਟੀ ਮਨੁੱਖ ਦੀ ਰੂਹਾਨੀ ਅਤੇ ਸੰਸਾਰਿਕ ਅਗਵਾਈ ਕਰਨਾ ਹੈ। ਮਨੁੱਖ ਦੇ ਲੋਕ ਅਤੇ ਪਰਲੋਕ ਨੂੰ ਸਫਲਾ ਬਣਾਉਣਾ ਹੈ। ਲੋਕ ਨੂੰ ਸਫਲਾ ਬਣਾਉਣ ਲਈ ਮਾਨਵ-ਪ੍ਰੀਤ ਅਤੇ ਪਰਲੋਕ ਨੂੰ ਸਫਲਾ ਬਣਾਉਣ ਲਈ ਰੱਬੀ ਪ੍ਰੀਤ ਆਵਸ਼ਕ ਹੈ। ਰੱਬੀ ਪ੍ਰੀਤ ਅਤੇ ਦੁਨਿਆਵੀਂ ਪ੍ਰੀਤ ਦਾ ਆਪਸ ਵਿਚ ਗੂੜਾ ਸੰਬੰਧ ਹੈ।ਜਦੋਂ ਤੱਕ ਵਿਅਕਤੀ ਲੌਕਿਕ ਪੱਧਰ ਤੇ ਉਚੇਰੀ ਅਤੇ ਸੁਚੱਜੀ ਜੀਵਨ ਜਾਚ ਨਹੀਂ ਅਪਣਾਉਂਦਾ ਤਦ ਤੱਕ ਉਸਨੂੰ ਰੂਹਾਨੀ ਖੁਸ਼ੀਆਂ ਨਸੀਬ ਨਹੀਂ ਹੋ ਸਕਦੀਆਂ। ਉਚ ਆਤਮਿਕ ਜੀਵਨ ਦੀਆਂ ਪੌੜੀਆਂ ਤੇ ਚੱਲਦੇ ਹੋਏ ਹੀ ਅਧਿਆਤਮਕ ਸਿੱਖਰਾਂ ਨੂੰ ਛੂਹਿਆ ਜਾ ਸਕਦਾ ਹੈ। ਨੇਕ ਅਤੇ ਸੁਹਿਰਦ ਜੀਵਨ ਜੋ ਪਿਆਰ, ਮਿਲਵਰਤਨ, ਸਹਿਯੋਗ ਤੇ ਸਹਿਚਾਰ ਦਾ ਸੰਚਾਰ ਕਰਦਾ ਹੋਇਆ ਸੇਵਾ ਤੇ ਪਰਉਪਕਾਰ ਵਿਚ ਲੀਨ ਰਹਿੰਦਾ ਹੈ

ਤੇ ਅਗੰਮੀ ਖੁਸ਼ੀਆਂ ਦਾ ਭਾਗੀਦਾਰ ਬਣਦਾ ਹੈ। ਲੋਕ ਜੀਵਨ ਤਦੋਂ ਤੱਕ ਸਫਲ ਨਹੀਂ ਹੋ ਸਕਦਾ ਜਦੋਂ ਤੀਕ ਉਸ ਇਕ ਪਰਮ ਸ਼ਕਤੀ ਜਾਂ ਸਰਬ-ਸਮਰੱਥ ਸੱਤਾ ਨਾਲ ਪ੍ਰੀਤ ਨਾ ਹੋਏ। ਇਹ ਪ੍ਰੀਤਿ ਜਾਂ ਪ੍ਰੇਮਾ ਭਗਤੀ ਦਾ ਜ਼ਜ਼ਬਾ ਸਮਰਪਣ ਦੀ ਅਜਿਹੀ ਸੀਮਾ ਤੇ ਜਾ ਕੇ ਮੁਕਦਾ ਹੈ ਜਿੱਥੇ ਹਰ ਸ਼ੈਅ ਤੇ ਹਰ ਪ੍ਰਾਣੀ ਵਿਚੋਂ ਇਲਾਹੀ ਜਾਂ ਅਗੰਮੀ ਸ਼ਕਤੀ ਦੇ ਝਲਕਾਰੇ ਮਿਲਦੇ ਹਨ। ਇਸੇ ਪ੍ਰੇਮਾ ਭਗਤੀ ਦੇ ਮਾਰਗ ਵਿਚੋਂ ਮਨੁੱਖਤਾ ਪੈਦਾ ਹੁੰਦੀ ਹੈ।

ਪੂਰੀ ਨਿਸਚਾ ਤੇ ਵਿਸ਼ਵਾਸ਼ ਦੀ ਬੁਨਿਆਦ ਉੱਤੇ ਪੂਰਨ ਸਮਰਪਣ ਨਾਲ ਪ੍ਰੇਮ ਪਾਤਰ ਨੂੰ ਪਾਇਆ ਜਾ ਸਕਦਾ ਹੈ। ਅਜਿਹਾ ਅਹਿਸਾਸ ਹੀ ਗੁਰਬਾਣੀ ਵਿਚ ਦ੍ਰਿੜ ਕੀਤਾ ਗਿਆ ਹੈ। ਜਦੋਂ ਸਾਧਕ ਸਾਰੇ ਡਰ, ਭੈਅ, ਚਿੰਤਾਵਾਂ ਤੇ ਸ਼ੰਕਿਆਂ ਨੂੰ ਤਿਆਗ ਕੇ ਆਪਣੇ ਪਿਆਰੇ ਨਾਲ ਦਿਲੋਂ ਜੁੜਦਾ ਹੈ ਤਾਂ ਉਹਦਾ ਪਿਆਰ ਕਬੂਲਿਆ ਜਾਂਦਾ ਹੈ। ਗੁਰਬਾਣੀ ਦੇ ਸੰਸਥਾਪਕ ਸ੍ਰੀ ਗੁਰੂ ਨਾਨਕ ਸਾਹਿਬ ਦੇ ਸ਼ਬਦਾਂ ਵਿਚ ਪ੍ਰਭੂ ਨਾਲ ਜੁੜਨ ਦਾ ਇਹ ਅਸਲ ਮਾਰਗ ਹੈ।

ਜਉ ਤਉ ਪ੍ਰੇਮ ਖੇਲਨ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥ [147]

ਸ੍ਰੀ ਗੁਰੂ ਗੋਬਿੰਦ ਸਿੰਘ 'ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ' ਦੇ ਪ੍ਰੇਮਾ ਭਗਤੀ ਸਿਧਾਂਤ ਦਾ ਜਦੋਂ ਨਿਰੂਪਣ ਕਰਦੇ ਹਨ ਤਾਂ ਉਨਾਂ ਦਾ ਅੰਤਰੀਵ ਭਾਵ ਵੀ ਇਹ ਹੀ ਝਲਕਦਾ ਹੈ ਕਿ ਪਿਆਰੇ ਨੂੰ ਆਪਣੇ ਪ੍ਰੇਮ-ਪਾਤਰ ਲਈ ਤਨ, ਮਨ, ਧਨ ਦੀ ਪਰਵਾਹ ਨਹੀਂ ਕਰਨੀ ਚਾਹੀਦੀ। ਪਿਆਰ ਦੀਆਂ ਇਹ ਗਹਿਰਾਈਆਂ ਦਾ ਅਨੁਭਵ ਅਜਿਹੀ ਸੀਮਾ ਤੇ ਪਹੁੰਚ ਜਾਂਦਾ ਹੈ ਕਿ ਜਿੱਥੇ ਕੋਈ ਕਮੀ ਮਹਿਸੂਸ ਹੀ ਨਹੀਂ ਹੁੰਦੀ। ਪ੍ਰੇਮ-ਪਾਤਰ ਦੇ ਸਨਮੁੱਖ ਸਾਰੀਆਂ ਭੌਤਿਕ ਵਸਤਾਂ ਜਾਂ ਪਦਾਰਥਕ ਖੁਸ਼ੀਆਂ ਤੁੱਛ ਲਗਦੀਆਂ ਹਨ।

ਜਿਸ ਪਿਆਰੇ ਸਿਉ ਨੇਹੁ ਤਿਸ ਆਗੈ ਮਰਿ ਚਲੀਐ॥
ਧ੍ਰਿਗੁ ਜੀਵਨ ਸੰਸਾਰਿ ਤਾ ਕੈ ਪਾਛੈ ਜੀਵਣਾ॥ [148]

ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥
ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥ [149]

ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ॥
ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ॥ [150]

ਪ੍ਰੇਮਾ ਭਗਤੀ ਦਾ ਅਰਥ ਪਰਮਾਤਮਾ ਦੀ ਯਾਦ ਵਿਚ ਉਸ ਦੇ ਸਿਮਰਨ ਵਿਚ ਜੁੜਨਾ ਹੈ। ਪਰਮਾਤਮਾ ਦੀ ਸ਼ਰਧਾ ਵਿਚ ਡੁੱਬ ਜਾਣਾ ਹੈ। ਸਿਮਰਨ ਕਰਨ ਲਈ ਸ਼ਰਧਾ ਤੇ ਪ੍ਰੇਮ ਜ਼ਰੂਰੀ ਅੰਸ਼ ਹਨ। ਇੱਥੇ ਮਨੁਖ ਦੇ ਨਿੱਜੀ ਯਤਨ ਵਿਅਰਥ ਹਨ।

'ਕਹਿੰਦੇ ਹਨ ਕਿ ਇਕ ਅਯਾਲੀ ਬੱਕਰੀਆਂ ਭੇਡਾਂ ਚਰਾ ਰਿਹਾ ਸੀ। ਉੱਧਰੋ ਕੋਈ ਜੋਗੀ ਲੰਘਿਆ ਤੇ ਉਸ ਨੇ ਅਯਾਲੀ ਕੋਲੋਂ ਪਾਣੀ ਮੰਗਿਆ। ਅਯਾਲੀ ਨੇ ਬੱਕਰੀ ਦਾ ਦੁੱਧ ਚੋ ਕੇ ਜੋਗੀ ਨੂੰ ਲੱਸੀ ਬਣਾ ਕੇ ਪਿਲਾਈ। ਜੋਗੀ ਨੇ ਪ੍ਰਸੰਨ ਹੋ ਕੇ ਉਸ ਨੂੰ ਅਸੀਸ ਦਿੱਤੀ। ਅੱਗੋਂ ਅਯਾਲੀ ਨੇ ਕਿਹਾ ਕਿ 'ਮੈਨੂੰ ਭੀ ਕੋਈ ਭਜਨ ਦੱਸ ਜਾਉ।' ਜੋਗੀ ਨੇ ਕਿਹਾ' ਗੋਰਖ, ਗੋਰਖ' ਜਪਿਆ ਕਰ। ਅਯਾਲੀ ਨੂੰ ਪਤਾ ਨਹੀਂ ਸੀ ਗੋਰਖ ਕੌਣ ਹੈ। ਉਸ ਨੂੰ ਨਾਮ ਭੁੱਲ ਗਿਆ ਤੇ ਉਹ 'ਮੂਰਖ ਮੂਰਖ' ਜਪਣ ਲੱਗ ਗਿਆ। ਇਸ ਤਰ੍ਹਾਂ ਉਹ ਪਰਮਾਤਮਾ ਦਾ 'ਮੂਰਖ' ਨਾਮ ਸਮਝ ਕੇ ਹੀ ਭਜਨ ਕਰਦਾ ਰਿਹਾ ਤੇ ਉਸ ਨੂੰ ਪਰਮਾਤਮਾ ਦੇ ਦਰਸ਼ਨ ਹੋ ਗਏ। ਹੁਣ ਇਹ ਬਰਕਤ ਕਿਸੇ ਲਫ਼ਜ਼ ਦੀ ਨਹੀਂ ਸੀ, ਇਹ ਤਾਂ ਅਯਾਲੀ ਦੀ ਸ਼ਰਧਾ ਤੇ ਪ੍ਰੇਮ ਦਾ ਫਲ ਸੀ। ਅਯਾਲੀ ਦਾ ਆਪਣਾ ਪ੍ਰੇਮ ਤੇ ਨਿਸਚਾ ਸੀ।'[151]

ਪਰਮਾਤਮਾ ਦੀ ਯਾਦ ਤੇ ਪ੍ਰੇਮ ਭਗਤੀ ਦੀ ਇਸ ਉਦਾਹਰਨ ਤੋਂ ਸਪਸ਼ਟ ਹੁੰਦਾ ਹੈ ਕਿ ਸ਼ਰਧਾਹੀਣ ਹੋ ਕੇ ਸਿਮਰਨ ਨਹੀਂ ਹੋ ਸਕਦਾ। ਇਕਾਗਰਚਿਤ ਹੋ ਕੇ ਰੱਬ ਦੇ ਨਾਂ ਨਾਲ ਜੁੜਨਾ ਪ੍ਰੇਮਾ ਭਗਤੀ ਦਾ ਮਹਤੱਵਪੂਰਨ ਪਾਸਾਰ ਹੈ। ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਮੁੱਢਲਾ ਉਪਦੇਸ਼ ਨਾਮ ਜੱਪਣਾ ਹੀ ਹੈ। 'ਆਖਾ ਜੀਵਾ ਵਿਸਰੈ ਮਰਿ ਜਾਉ' ਗੁਰੂ-ਕਥਨ ਅਨੁਸਾਰ ਸਿਮਰਨ ਜੀਵਨ ਹੈ ਅਤੇ ਭੁੱਲ ਜਾਣਾ ਮੌਤ ਹੈ। ਭਾਈ ਕਾਨ੍ਹ ਸਿੰਘ ਨਾਭਾ ਜੀ ਨੇ 'ਮਹਾਨ ਕੋਸ਼' ਵਿਚ ਸਿਮਰਨ ਸ਼ਬਦ ਦੇ ਅਰਥ ਇਸ ਤਰ੍ਹਾਂ ਕੀਤੇ ਹਨ:

"ਸਿਮਰਨ: ਚੇਤਾ, ਯਾਦਦਸ਼ਾਤ ਚਿੰਤਨ, ਸੋਚਣਾ' "ਹਰਿ ਪੇਖਨ ਕਉ ਸਿਮਰੱਥ ਮਨ ਮੇਰਾ" (ਗਉੜੀ ਮਹਲਾ 5) ਇਸ਼ਟ ਦਾ ਨਾਮ ਅਥਵਾ ਗੁਣ ਮਨ ਦੀ ਵ੍ਰਿੱਤੀ ਏਕਾਗ੍ਰ ਕਰਕੇ ਯਾਦ ਕਰਨਾ: 'ਜਸਯ ਸਿਮਰਣ ਰਿਦੰਤਰਹ (ਸਹਸ ਮ:5) [152]

'ਗੁਰਮੁਖ ਰੋਮ ਰੋਮ ਹਰਿ ਧਿਆਵੈ' ਜਾਂ 'ਊਠਤ ਬੈਠਤ ਸੋਵਤਿ ਨਾਮ' ਆਗਿ ਗੁਰੂਵਾਕਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਗੁਰਬਾਣੀ ਵਿਚ ਪ੍ਰੇਮਾ ਭਗਤੀ ਦੀ ਪਹਿਲੀ ਪਉੜੀ ਸਿਮਰਨ ਹੀ ਹੈ। ਵਧਾਵਾ ਸਿੰਘ ਦੇ ਇਹ ਵਿਚਾਰ ਸਿਮਰਨ ਜਾਂ ਨਾਮ ਦੇ ਸਰੂਪ ਨੂੰ ਭਲੀਭਾਂਤ ਉਜਾਗਰ ਕਰਦੇ ਹਨ:

"ਨਾਮ ਸਰਬ-ਵਿਆਪੀ ਹੈ, ਨਾਮ ਪ੍ਰੇਮ ਹੈ, ਅਨੁਭਵਤਾ ਹੈ, ਕੋਈ ਗੀਤ ਹੈ, ਕੋਈ ਤਾਨ ਹੈ, ਜੋ ਮੁਕਦਾ ਨਹੀਂ, ਨਾਮ ਅਨਹਦ ਸ਼ਬਦ ਹੈ, ਦਸਵਾਂ ਦੁਆਰ ਹੈ, ਨਾਮ ਨਿਰਗੁਣ ਹੈ, ਨਾਮ ਸਰਗੁਣ ਹੈ, ਨਾਮ ਨਿਰੰਕਾਰ ਹੈ, ਸਭ ਨਾਮ ਹੈ, ਸਭ ਨਾਮ ਹੈ, ਸਭ ਨਾਮ ਹੈ।"[153]

ਗੁਰਬਾਣੀ ਵਿਚ ਅਨੇਕਾਂ ਵਾਰ ਜ਼ਿਕਰ ਆਉਂਦਾ ਹੈ ਕਿ ਸਿੱਖ ਰਹੱਸ ਸਾਧਨਾ ਦਾ ਜਾਂ ਪ੍ਰੇਮਾ ਭਗਤੀ ਦਾ ਕੇਂਦਰੀ ਧੁਰਾ ਨਾਮ ਹੈ। 'ਜਦੋਂ ਪ੍ਰਾਣੀ ਉਸ ਦੀ ਸ਼ਰਨ ਜਾਂਦੇ ਹਨ ਤਾਂ ਉਹ ਗਲ ਲਾ ਲੈਂਦਾ ਹੈ। ਨਾਮ ਦੀ ਦਾਤ ਬਖਸ਼ਦਾ ਹੈ। ਨਾਮ ਜਪਣ ਵਾਲਿਆਂ ਨੂੰ ਸਾਧ, ਸੰਤ, ਬ੍ਰਹਮ ਗਿਆਨੀ, ਜੀਵਨ ਮੁਕਤ, ਜਨ, ਗੁਰਮੁਖ, ਭਗਤ, ਗੱਲ ਕੀ ਆਪਣਾ ਰੂਪ ਹੀ ਬਣਾ ਲੈਂਦਾ ਹੈ। ਨਾਮ ਤੇ ਨਾਮੀ ਵਿਚ ਕੋਈ ਅੰਤਰ ਨਹੀਂ ਰਹਿ ਜਾਂਦਾ। ਦੁੱਖ, ਸੁੱਖ, ਮਾਨ, ਅਪਮਾਨ, ਅਮੀਰ-ਗ਼ਰੀਬ, ਰਾਜਾ-ਰੰਕ, ਮਾਟੀ-ਸੋਨਾ ਸਭ ਬਰਾਬਰ ਹੋ ਜਾਂਦੇ ਹਨ। ਸਦੀਵੀ ਸੁੱਖ, ਸਹਿਜ, ਅਨੰਦ, ਪਰਮ ਅਨੰਦ ਦੀ ਮਾਨਸਿਕ ਦਸ਼ਾ ਮਿੱਲ ਜਾਂਦੀ ਹੈ। ਉਹ ਆਪ ਹੀ ਰੱਬ, ਪਰਮਾਤਮਾ, ਵਾਹਿਗੁਰੂ ਬਣ ਜਾਂਦਾ ਹੈ।'[154] ਸੋ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਨਾਮ ਦਾ ਹੀ ਸਾਰਾ ਪਸਾਰਾ ਹੈ। ਨਾਮ ਨਿਸਚੈ ਹੀ ਪ੍ਰੇਮਾ ਭਗਤੀ ਦੀ ਬੁਨਿਆਦ ਹੈ:

ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ॥[155]

ਕਹੁ ਨਾਨਕ ਇਹ ਤਤੁ ਬੀਚਾਰਾ॥
ਬਿਨੁ ਹਰਿ ਭਜਨ ਨਾਹੀ ਛੁਟਕਾਰਾ॥[156]

ਪ੍ਰੇਮਾ ਭਗਤੀ ਅੱਠੇ ਪਹਿਰ ਨਾਮ ਨਾਲ ਜੁੜਨਾ ਹੈ। ਪਰ ਇਹ ਭਗਤੀ ਕੇਵਲ ਭਗਤੀ ਨਹੀਂ, ਸਗੋਂ ਭਗਤੀ ਤੇ ਕਿਰਤ ਦਾ ਸੁਮੇਲ ਹੈ। ਇਸ ਵਿਚ ਕਰਮਸ਼ੀਲਤਾ ਦਾ ਮੰਡਨ ਤੇ ਕਰਮਹੀਣਤਾ ਦਾ ਖੰਡਨ ਕੀਤਾ ਗਿਆ ਹੈ। ਗੁਰਬਾਣੀ 'ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ'[157] ਦਾ ਪ੍ਰਵਚਨ ਦਿੰਦੀ ਹੈ। ਇਸੇ ਲਈ ਗੁਰਬਾਣੀ ਵਿਚ ਕਿਰਤ, ਮਿਹਨਤ ਤੇ ਉੱਦਮ ਤੇ ਬਹੁਤ ਬੱਲ ਦਿੱਤਾ ਗਿਆ ਹੈ। ਗੁਰਬਾਣੀ ਵਿਚ ਮਿਹਨਤ ਸਬੰਧੀ ਫੁਰਮਾਨ ਹੈ:
ਉਦਮ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥[158]

ਗੁਰਬਾਣੀ ਦੀ ਪ੍ਰੇਮਾ ਭਗਤੀ ਦਾ ਸੱਭ ਤੋਂ ਨਿਖੜਵਾ ਤੇ ਨਿਵੇਕਲਾਪਨ ਇਹ ਹੈ ਕਿ ਇਹ ਧਾਰਮਿਕ, ਸੰਪਰਦਾਇਕ, ਨਿੱਜੀ ਅਤੇ ਅਧਿਆਤਮਕ ਖੇਤਰ ਵਿਚ ਹੀ ਸੀਮਿਤ ਨਾ ਹੋ ਕੇ ਸਮਾਜਿਕ ਤੇ ਸਮੂਹਿਕ ਰੂਪ ਵਾਲੀ ਹੈ। ਗ੍ਰਹਿਸਥ ਤੋਂ ਆਰੰਭ ਹੋ ਕੇ ਸਮੁੱਚੇ ਮਨੁੱਖ ਦੇ ਕਲਿਆਣੀਕਾਰੀ ਹਿੱਤਾਂ ਤੱਕ ਦੀ ਪਹੁੰਚ-ਦ੍ਰਿਸ਼ਟੀ ਤੇ ਆਧਾਰਿਤ ਹੈ। ਜਦੋਂ ਗੁਰਬਾਣੀ ਵਿਚ ਭਗਤੀ ਨਾਲ ਪ੍ਰੇਮ ਸ਼ਬਦ ਜੁੜਦਾ ਹੈ ਤਾਂ ਇਹ ਆਰੰਭ ਪਿਆਰੇ ਜਾਂ ਪ੍ਰੀਤਮ ਪ੍ਰਤੀ ਸਮਰਪਣ ਤੇ ਸਨੇਹ ਤੋਂ ਹੁੰਦਾ ਹੈ ਪਰ ਇਹ ਨਿਰੰਤਰਤਾ ਮਨੁੱਖਤਾ ਦੇ ਪ੍ਰੇਮ ਵਿਚ ਰੂਪਾਂਤ੍ਰਿਤ ਹੋ ਜਾਂਦੀ ਹੈ। ਗੁਰਬਾਣੀ ਵਿਚ ਪ੍ਰੇਮ ਸਮਰਪਣ ਦੀ ਭਾਵਨਾ ਦਾ ਪ੍ਰਤੀਕ ਬਣ ਕੇ, ਪ੍ਰਭੂ ਪ੍ਰਾਪਤੀ ਲਈ ਅਜਿਹੀ ਸਾਧਨਾ ਤੇ ਤਪੱਸਿਆ ਦਾ ਲਖਾਇਕ ਹੋ ਜਾਂਦਾ ਹੈ ਜਿਸ ਵਿਚ ਸੰਸਾਰ ਦੀਆਂ ਸਾਰੀਆਂ ਕੂੜ ਵਸਤਾਂ ਤੇ ਰਿਸ਼ਤਿਆਂ ਦਾ ਤਿਆਗ ਤੇ ਕੁਰਬਾਨੀ ਕਰ ਕੇ ਪ੍ਰੇਮ-ਪਾਤਰ ਨਾਲ ਜੁੜ ਜਾਣਾ ਹੈ। ਪ੍ਰੇਮ ਲੈਣ-ਦੇਣ ਦੇ ਹਿਸਾਬਾਂ-ਕਿਤਾਬਾਂ ਦਾ ਮੁਥਾਜ ਨਹੀਂ। ਪ੍ਰੇਮ ਇਕ ਅਜਿਹਾ ਅਨੁਪਮ ਵਿਵਹਾਰ ਹੈ ਜਿਸ ਵਿਚ ਪ੍ਰੇਮੀ ਆਪਣੀ ਜਿੰਦ, ਜਾਨ, ਰੂਹ ਆਦਿ ਸਭ ਕੁੱਛ ਆਪਣੇ ਪਿਆਰੇ ਦੇ ਹਵਾਲੇ ਕਰ ਦਿੰਦਾ ਹੈ। ਪ੍ਰੇਮ ਦਾ ਇਹੀ ਭਾਵ ਵਿਕਾਸ ਕਰਦਾ ਹੋਇਆ ਵਿਸ਼ਵ-ਵਿਆਪੀ ਸਮਾਜ ਦੇ ਪ੍ਰੇਮ ਵਿਚ ਬਦਲ ਜਾਂਦਾ ਹੈ।ਇਹੀ ਪ੍ਰੇਮ ਪ੍ਰੇਮ ਭਗਤੀ ਦੀ ਨੀਂਹ ਪੱਥਰ Mile Stone ਹੈ। ਪ੍ਰੋ. ਪੂਰਨ ਸਿੰਘ ਨੇ ਪ੍ਰੇਮ ਨੂੰ ਅੰਤਰਿਕਤਮ ਅਵਸਥਾ (Innermost State of life) ਆਖਿਆ ਹੈ।[159]

ਨਿਸਚੇ ਹੀ ਪ੍ਰੇਮ ਤਾਂ ਆਪਾ ਮਿਟਾ ਕੇ ਪੈਦਾ ਹੁੰਦਾ ਹੈ ਤੇ ਪ੍ਰਾਪਤ ਹੁੰਦਾ ਹੈ। ਕਿਸੇ ਪ੍ਰਕਾਰ ਦੀ ਕੋਈ ਤ੍ਰਿਸ਼ਨਾ ਜਾਂ ਲਾਲਚ ਜਾਂ ਲੋਭ ਜਾਂ ਲਾਲਸਾਵਾਂ ਨਹੀਂ ਰਹਿੰਦੀਆਂ। ਇਹ ਤਾਂ ਸਵੈ ਦਾ ਦਾਨ ਹੈ। ਲੋਭ ਅਤੇ ਪ੍ਰੀਤਿ ਵਿਰੋਧੀ ਹਨ। ਜਿੱਥੇ ਲੋਭ ਹੈ ਉੱਥੇ ਪ੍ਰੀਤਿ ਹੋ ਹੀ ਨਹੀਂ ਸਕਦੀ ਕਿਉਂਕਿ ਲੋਭ ਸਦਾ ਮੰਗਦਾ ਜਾਂ ਲੋਚਦਾ ਹੈ ਅਤੇ ਪ੍ਰੇਮ ਤਾਂ ਦੇਣਾ ਹੈ। ਲੋਭ ਖੋਂਹਦਾ ਹੈ ਅਤੇ ਪ੍ਰੇਮ ਵੰਡਦਾ ਹੈ। ਲੋਭ ਕਬਜ਼ਾ ਕਰਦਾ ਹੈ ਅਤੇ ਪ੍ਰੇਮ ਸਮਰਪਣ ਕਰਦਾ ਹੈ। ਲੋਭ ਆਪਣੀ ਖਾਤਿਰ ਦੂਜਿਆਂ ਨੂੰ ਮਿਟਾਉਣ ਲਈ ਤਿਆਰ ਹੁੰਦਾ ਹੈ ਅਤੇ ਪ੍ਰੇਮ ਦੂਜਿਆਂ ਦੀ ਖਾਤਿਰ ਆਪਣੇ ਆਪ ਨੂੰ ਮਿਟਾਉਣ ਲਈ

ਤਤਪਰ ਹੁੰਦਾ ਹੈ। ਪ੍ਰੇਮ ਦੀ ਸੰਭਾਵਨਾ ਹੀ ਤਦੋਂ ਹੈ ਜਦ ਲੋਭ ਡਿੱਗ ਜਾਏ। ਲੋਭ ਦੌੜ ਹੈ, ਪ੍ਰੇਮ ਵਿਸਰਾਮ ਹੈ।ਇਸੇ ਕਰਕੇ ਗੁਰੂ ਸਾਹਿਬਾਨ ਸਪਸ਼ਟ ਕਰਦੇ ਹਨ:

ਬਿਨੁ ਹਰਿ ਪ੍ਰੀਤਿ ਹੋਰ ਪ੍ਰੀਤਿ ਸਭ ਝੂਠੀ ਇਕ ਖਿਨ ਮਹਿ ਬਿਸਰਿ ਸਭ ਜਾਇ॥ [160]
ਅਪਨਾ ਲਾਇਆ ਪਰਮ ਨ ਲਗਈ ਜੇ ਲੋਚੈ ਸਭੁ ਕੋਇ॥
ਇਹ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ॥ [161]

ਪ੍ਰੇਮ ਠਗਉਰੀ ਜਿਨ ਕਉ ਪਾਈ ਤਿਨ ਰਸ ਪੀਆਉ ਭਾਰੀ॥
ਤਾ ਕੀ ਕੀਮਤ ਕਹਣੁ ਨ ਜਾਈ ਕੁਦਰਤਿ ਕਵਨ ਹਮਾਰੀ॥ [162]

ਅਜੋਕੇ ਮਨੁੱਖਾਂ ਦੇ ਦੁੱਖਾਂ ਦਾ ਕਾਰਨ ਹੀ ਇਹ ਹੈ ਕਿ ਉਹ ਪਰਮਾਤਮਾ ਤੋਂ ਟੁੱਟਿਆ ਹੋਇਆ ਹੈ। ਮੋਹ-ਮਾਇਆ ਤੇ ਵਿਸ਼ੇ-ਵਿਕਾਰਾਂ ਵਿਚ ਗ੍ਰਸਤ ਹੈ। ਅਗਿਆਨਤਾ ਦੇ ਗੁਬਾਰ ਵਿਚ ਉਹ ਸਤਿ ਤੋਂ ਬਹੁਤ ਦੂਰ ਹੈ। ਜਦੋਂ ਕਿਸੇ ਸਾਧਕ ਨੂੰ ਇਸ ਕੂੜ ਦੀ ਸੋਝੀ ਹੁੰਦੀ ਹੈ ਤਾਂ ਉਹ ਪ੍ਰੇਮ ਭਾਵਨਾ ਵਿਚ ਜੁੜਦਾ ਹੈ। ਪਰ ਇਹ ਸਥਿਤੀ ਵੱਡੇ ਭਾਗਾਂ ਅਨੁਸਾਰ ਹੀ ਪ੍ਰਾਪਤ ਹੁੰਦੀ ਹੈ। ਪ੍ਰਭੂ-ਪ੍ਰੀਤਿ ਮਨੁੱਖ ਦੇ ਆਪਣੇ ਵੱਸ ਵਿਚ ਨਹੀਂ, ਇਹ ਤਾਂ ਪ੍ਰਭੂ ਦੀ ਕਿਰਪਾ ਅਤੇ ਮਿਹਰ ਦਾ ਫਲ ਹੈ। ਨਿਰਸੁਆਰਥ ਤੇ ਸੱਚੇ ਮਨ ਤੋਂ ਕੀਤੀ ਰੱਬ ਨਾਲ ਪ੍ਰੀਤਿ ਰੱਬ ਦੀ ਮਿਹਰ ਸਦਕਾ ਹੀ ਪ੍ਰਾਪਤ ਹੁੰਦੀ ਹੈ। ਦਿਖਾਵੇ ਜਾਂ ਕਿਸੇ ਆਡੰਬਰ ਵਿਚ ਕੀਤੀ ਪ੍ਰੀਤ ਜਾਂ ਪ੍ਰੇਮ ਦਾ ਕੋਈ ਮੁੱਲ ਨਹੀਂ। ਗੁਰਬਾਣੀ ਸੰਸਾਰਿਕ ਪਿਆਰ ਨੂੰ ਕਾਚੀ ਪ੍ਰੀਤਿ ਅਤੇ ਰੂਹਾਨੀ ਪਿਆਰ ਨੂੰ ਸਾਚੀ ਪ੍ਰੀਤਿ ਨਾਲ ਨਿਖੇੜਦਾ ਹੈ। ਸਾਚੀ ਪ੍ਰੀਤਿ ਹੀ ਜੀਵਨ ਦਾ ਆਧਾਰ ਹੈ ਹੋਰ ਸਭ ਪ੍ਰੀਤਾਂ ਕੂੜ ਹਨ ਜੋ ਬਿਨਸ ਜਾਂਦੀਆਂ ਹਨ ਅਤੇ ਸਾਥ ਨਹੀਂ ਨਿਭਦੀਆਂ। ਦੁਨਿਆਵੀਂ ਪ੍ਰੀਤਿ ਦਾ ਰੰਗ ਕੁਸੰਭੜਾ ਹੈ ਅਤੇ ਸਾਚੀ ਪ੍ਰੀਤਿ ਦਾ ਰੰਗ 'ਮਜੀਠੜਾ' ਹੈ।

ਦਿਲਹੁ ਮੁਹਬਤਿ ਜਿਨ ਸੇਈ ਸਚਿਆ ਜਿਨਿ ਮਨੁ ਹੋਰ ਮੁਖੁ ਹੋਰ ਸੇ ਕਾਂਢੇ ਕਚਿਆ॥ [163]
ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥ [164]
ਬਿਨੁ ਹਰਿ ਪ੍ਰੀਤਿ ਹੋਰ ਪ੍ਰੀਤਿ ਸਭ ਝੂਠੀ ਇਕ ਖਿਨ ਮਹਿ ਬਿਸਰਿ ਸਭ ਜਾਇ॥ [165]

ਸਤਿਗੁਰੂ ਦੀ ਗੁਰਬਾਣੀ ਵਿਚ ਬੜੀ ਮਹਾਨਤਾ ਹੈ। ਸਤਿਗੁਰੂ ਹੀ ਆਤਮਾ ਦੇ ਵਿਕਾਸ ਦਾ ਸੂਚਕ ਹੈ। ਸਤਿਗੁਰ ਇਕ ਐਸਾ ਤੀਰਥ ਸਥਾਨ ਹੈ ਜਿਸ ਵਿਚ ਨਹਾਤਿਆਂ ਵਿਸ਼ੇ-ਵਿਕਾਰਾਂ ਦੀ ਸਾਰੀ ਮੈਲ ਮਿੱਟ ਜਾਂਦੀ ਹੈ। ਸਤਿਗੁਰ ਇਕ ਐਸੀ ਕੰਧ ਹੈ ਜਿਸ ਓਹਲੇ ਬੈਠ ਕੇ ਜਗਿਆਸੂ ਆਤਮਿਕ ਗਿਆਨ ਹਾਸਲ ਕਰਦਾ ਹੈ ਜੋ ਉਸਨੂੰ ਪਰਮ ਸ਼ਕਤੀ ਨਾਲ ਜੋੜਦਾ ਹੈ। ਇਸੇ ਪਰਮ-ਸ਼ਕਤੀ ਦੀ ਨਦਰਿ ਨਾਲ ਸਤਿਗੁਰੂ ਤੇ ਸਤਿਗੁਰੂ ਦੀ ਅਗਵਾਈ ਨਾਲ ਪਰਮਸ਼ਕਤੀ ਨਾਲ ਪ੍ਰੀਤ ਪੈਂਦੀ ਹੈ। ਸਤਿਗੁਰ ਨਾਲ ਪਾਈ ਪ੍ਰੀਤਿ ਜਾਂ ਪ੍ਰੇਮ ਪ੍ਰਭੂ-ਪ੍ਰੇਮਾ ਭਗਤੀ ਨੂੰ ਤੀਬਰਤਾ ਤੇ ਤੀਖਣਤਾ ਪ੍ਰਦਾਨ ਕਰਦਾ ਹੈ। ਇਸੇ ਲਈ ਗੁਰਬਾਣੀ ਸਤਿਗਰ ਦੇ ਪ੍ਰੇਮ ਤੇ ਬਲਿਹਾਰੇ ਤੇ ਸਦਕੇ ਜਾਂਦੀ ਇਸ ਪ੍ਰੀਤ ਨੂੰ ਨਿਭਾਉਣ ਲਈ ਪੁਰਜ਼ੋਰ ਸੰਦੇਸ਼ ਦਿੰਦੀ ਹੈ। ਸਤਿਗੁਰੂ ਨਾਲ ਕੀਤੇ ਪ੍ਰੇਮ ਨੂੰ ਗੁਰਬਾਣੀ ਦੀਆਂ ਇਨ੍ਹਾਂ ਸਤਰਾਂ ਰਾਹੀਂ ਅਨੁਭਵ ਕੀਤਾ ਜਾ ਸਕਦਾ ਹੈ:

ਸੋ ਸਤਿਗੁਰ ਪਿਆਰਾ ਮੇਰੇ ਨਾਲ ਹੈ ਜਿਥੇ ਕਿਤੇ ਮੈਨੂੰ ਲਏ ਛੁਡਾਇ॥[166]

ਸਤਿਗੁਰ ਬਾਝ ਨ ਬੇਲੀ ਕੋਈ॥ ਐਥੇ ਉਥੈ ਰਾਖਾ ਸੋਈ॥[167]

ਮੂੰ ਪਿਰੀਆ ਸਉ ਨੇਹੁ,ਕਿਉ ਸਜਣ ਮਿਲਹਿ ਪਿਆਰਿਆ॥

ਹਉ ਢੂਢੇਦੀ ਤਿਨ ਸਜਣ ਸਚਿ ਸਵਾਰਿਆ॥[168]

ਐਸੀ ਪ੍ਰੀਤਿ ਗੋਬਿੰਦ ਸਿਉ ਲਾਗੀ॥ ਮੇਲਿ ਲਏ ਪੂਰਨ ਵਡਭਾਗੀ॥[169]

ਕੋਈ ਆਨਿ ਮਿਲਾਵੈ ਮੇਰਾ ਪ੍ਰੀਤਮ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ॥

ਦਰਸਨੁ ਹਰਿ ਦੇਖਣ ਕੈ ਤਾਈ॥[170]

ਗੁਰੁ ਪੂਰਾ ਮੇਲਾਵੈ ਮੇਰਾ ਪ੍ਰੀਤਮ ਹਉ ਵਾਰਿ ਵਾਰਿ ਆਪਣੈ ਗੁਰੂ ਕਉ ਜਾਸਾ॥[171]

ਮੈ ਮਨਿ ਤਨਿ ਪ੍ਰੇਮੁ ਪਿਰੰਮ ਕਾ ਅਠੇ ਪਹਰ ਲਗੰਨਿ॥

ਜਨ ਨਾਨਕ ਕਿਰਪਾ ਧਾਰਿ ਪ੍ਰਭੁ ਸਤਿਗੁਰ ਸੁਖਿ ਵਸੰਨਿ॥[172]

ਸਤਿਗੁਰੂ ਪ੍ਰੇਮ ਪਾਤਰ ਤੇ ਪਿਆਰੇ ਦੇ ਮਿਲਾਪ ਲਈ ਉਪਯੁਕਤ ਰਾਹ ਦਰਸਾਉਂਦਾ ਹੈ। ਗੁਰੂ ਪਿਆਰੇ ਨੂੰ ਪ੍ਰੀਤਿ ਨਿਭਾਉਣ ਲਈ ਹਰ ਹੀਲੇ ਪ੍ਰੇਰਿਤ ਕਰਦਾ ਹੈ।ਇਸ ਅਨੁਪਮ ਪ੍ਰੀਤ ਨੂੰ ਅਨੁਪਮ ਢੰਗਾਂ ਨਾਲ ਵਿਅਕਤ ਕਰਦਾ ਹੈ। ਚਕਵੀ-ਸੂਰਜ, ਚੰਦ-ਚਕੋਰ, ਮੱਛਲੀ-ਨੀਰ, ਜੱਲ-ਖੀਰ ਆਦਿ ਸੰਬੰਧਾਂ ਦੇ ਵਿਭਿੰਨ ਢੰਗਾਂ ਨਾਲ ਗੁਰੂ ਪਿਆਰੇ ਵਿਚ ਅਭੇਦ ਹੋਣ ਲਈ ਪ੍ਰੇਮ-ਪਾਤਰ ਨੂੰ ਤਿਆਰ ਕਰਦਾ ਹੈ:

ਚੰਦ ਚਕੋਰ ਪ੍ਰੀਤਿ ਹੈ ਲਾਇ ਤਾਰ ਨਿਹਾਲੇ॥

ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ॥

ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ॥

ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ॥

ਨਾਰਿ ਭਤਾਰ ਪਿਆਰ ਹੈ ਮਾਂ ਪੁਤ ਸਮ੍ਹਾਲੇ॥

ਪੀਰ ਮੁਰੀਦਾ ਪਿਰਹੜੀ ਓੁਹ ਨਿਬਹੈ ਨਾਲੇ॥ [173]

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲੁ ਕਮਲੇਹਿ॥

ਲਹਰੀ ਨਾਲ ਪਛਾੜੀਐ ਭੀ ਵਿਗਸੈ ਅਸਨੇਹਿ॥

ਜਲ ਮਹਿ ਜੀਅ ਉਪਾਇ ਕੈ, ਬਿਨੁ ਜਲ ਮਰਣੁ ਤਿਨੇਹਿ॥

ਮਨ ਰੇ ਕਿਉ ਛੂਟਹਿ ਬਿਨੁ ਪਿਆਰ॥

ਗੁਰਮੁਖਿ ਅੰਤਰਿ ਰਵਿ ਰਹਿਆ ਬਖਸੇ ਭਗਤਿ ਭੰਡਾਰ॥[174]

ਜੈਸੀ ਭੂਖੇ ਪ੍ਰੀਤਿ ਅਨਾਜ॥

ਤ੍ਰਿਖਾਵੰਤ ਜਲ ਸੇਤੀ ਕਾਜ॥
ਜੈਸੀ ਮੂੜ ਕੁਟੰਬ ਪਰਾਇਣ॥
ਐਸੀ ਨਾਮੇ ਪ੍ਰੀਤਿ ਨਰਾਇਣ॥ [175]

ਐਸੀ ਪ੍ਰੀਤਿ ਕਰਹੁ ਮਨ ਮੇਰੇ॥
ਆਠ ਪਹਰ ਪ੍ਰਭ ਜਾਨਹੁ ਨੇਰੇ॥ [176]

ਪ੍ਰੇਮ ਸਰੂਪ ਹੋਣ ਕਰਕੇ ਹੀ ਪਰਮਾਤਮਾ ਆਪਣੇ ਪਿਆਰਿਆਂ ਨੂੰ ਪ੍ਰੇਮ ਕਰਨ ਵਾਲਾ ਅਜ਼ੀਜ਼ਲ ਨਿਵਾਜ ਹੈ। ਇਹ ਦਿੱਸਦੇ ਵੱਸਦੇ ਸੰਸਾਰ ਵਿਚ ਪ੍ਰੇਮ ਇਕ ਅਜਿਹੀ ਝਰਨਾਹਟ ਹੈ, ਜੋ ਕਿਸੇ ਅਣਦਿਸਦੇ ਨਕਸ਼ੇ ਦੀਆਂ ਖੋਹਾਂ ਪਾਉਂਦੀ ਹੈ। ਗੁਰਬਾਣੀ ਵਿਚ ਸਾਰੀ ਯਾਤਰਾ ਵਿਛੋੜੇ ਤੋਂ ਮਿਲਾਪ ਵਾਲੀ ਹੈ। ਇਹ ਮਿਲਾਪ ਹੀ ਜਗਿਆਸੂ ਅੰਦਰਲੀ ਬ੍ਰਿਹਾ ਦੀ ਤਪਸ਼ ਨੂੰ ਸ਼ਾਂਤ ਕਰਦੀ ਹੈ। ਪ੍ਰੇਮਾ ਭਗਤੀ ਨੂੰ ਸਭ ਤੋਂ ਉੱਤਮ ਮੰਨਿਆ ਜਾਂਦਾ ਹੈ। ਪ੍ਰੇਮਾ ਭਗਤੀ ਵਿਚ ਲੀਨ ਹੋਇਆ ਸਾਧਕ ਤਨ-ਮਨ ਅਤੇ ਪ੍ਰਾਣ ਤੋਂ ਅਪ੍ਰਗਟ ਸੱਤਾ ਨੂੰ ਆਤਮਸਾਤ ਕਰ ਲੈਣਾ ਚਾਹੁੰਦਾ ਹੈ। ਇਸ ਪ੍ਰਸੰਗ ਵਿਚ ਸਵਾਮੀ ਵਿਵੇਕਾਨੰਦ ਦਾ ਵਿਚਾਰ ਬੜਾ ਪ੍ਰਾਸੰਗਿਕ ਹੈ ਕਿ 'ਜਿਸ ਨਾਲ ਪ੍ਰੇਮ ਹੀ ਨਾ ਹੋਵੇ ਉਸਨੂੰ ਪੂਜਿਆ ਕਿਵੇਂ ਜਾ ਸਕਦਾ ਹੈ। ਇਸ ਲਈ ਪ੍ਰੇਮ ਹੀ ਹੈ ਜਿਸ ਵਿਚ ਨਿਸਵਾਰਥਤਾ, ਨਿਰਭਉ ਅਤੇ ਨਿਰਵੈਰ ਜ਼ਜ਼ਬੇ ਸੰਮਿਲਤ ਹਨ।'[177]

ਪ੍ਰਭੂ ਤੇ ਸਤਿਗੁਰੂ ਨਾਲ ਪਾਈ ਪ੍ਰੀਤਿ ਵਿਚ ਇਕ ਅਵੱਸਥਾ ਐਹੋ ਜਿਹੀ ਆ ਜਾਂਦੀ ਹੈ ਜਦੋਂ ਉਹ ਪੂਰੀ ਤਰ੍ਹਾਂ ਪ੍ਰੇਮ-ਪਾਤਰ ਦੇ ਪ੍ਰੇਮ ਵਿਚ ਅਭੇਦ ਹੋ ਜਾਣਾ ਲੋਚਦਾ ਹੈ। ਪ੍ਰਭੂ ਪ੍ਰੀਤਮ ਨਾਲੋਂ ਵਿਛੋੜਾ ਉਸ ਨੂੰ ਬਰਦਾਸ਼ਤ ਨਹੀਂ ਹੁੰਦਾ।ਅਸਲ ਵਿਚ ਬਿਰਹਾ ਪ੍ਰੇਮ ਦੀ ਭੱਠੀ ਦਾ ਬਾਲਣ ਹੈ ਜਿਸ ਤੋਂ ਬਿਨਾਂ ਸੂਖਮ ਅੱਗ ਦਾ ਭੜਕਣਾ ਸੰਭਵ ਨਹੀਂ। ਬਿਰਹਾ ਵਿਚ ਹੀ ਪ੍ਰੇਮ-ਪਾਤਰ ਦਾ ਇਮਤਿਹਾਨ ਹੁੰਦਾ ਹੈ। ਗ਼ਮ, ਸੋਜ਼, ਤੜਪ, ਦਰਦ, ਪੀੜ ਆਦਿ ਬਿਰਹਾ ਦੇ ਸੋਮੇ ਤੋਂ ਹੀ ਉਪਜੇ ਹਨ ਅਤੇ ਪ੍ਰੇਮ-ਪਾਤਰ ਪੂਰੀ ਤਰਾਂ ਆਪਣੇ ਪ੍ਰਭੂ ਨਾਲ ਸੰਯੋਗ ਦੀ ਆਸ ਰੱਖਦਾ ਹੈ। ਗੁਰਬਾਣੀ ਵਿਚ ਪ੍ਰਭੂ ਪਿਆਰ ਦੇ ਵਿਛੋੜੇ ਤੋਂ ਉਪਜੇ ਵਿਅਕਤਿਤਵ ਦੀ ਤੀਬਰਤਾ ਤੇ ਗੰਭੀਰਤਾ ਨੂੰ ਇਸ ਪ੍ਰਕਾਰ ਸਮਝਿਆ ਜਾ ਸਕਦਾ ਹੈ:

ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥ਬਾਵਲਿ ਹੋਈ ਸੋ ਸਹੁ ਲੋਰਉ॥ [178]

ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਣ ਦੀ ਆਸ॥ [179]

ਮਿਲ ਮੇਰੇ ਪ੍ਰੀਤਮਾ ਜੀਉ ਤੁਧੁ ਬਿਨ ਖਰੀ ਨਿਮਾਣੀ॥ [180]

ਜੇ ਤੂ ਮਿਤ੍ਰ ਅਸਾਡੜਾ ਹਿਕ ਭੋਰੀ ਨਾ ਵੇਛੋੜਿ॥
ਜੀਉ ਮਹਿੰਜਾ ਤਉ ਮੋਹਿਆ ਕਦਿ ਪਸੀ ਜਾਨੀ ਤੋਹਿ॥ [181]

ਮੋਹਿ ਲਾਗਤੀ ਤਾਲਾਬੇਲੀ॥
ਬਛਰੇ ਬਿਨੁ ਗਾਇ ਅਕੇਲੀ॥
ਪਾਨੀਆ ਬਿਨੁ ਮੀਨੁ ਤਲਫੈ॥ [182]

ਪ੍ਰੇਮਾ ਭਗਤੀ ਦਾ ਇਹ ਬੜਾ ਮਹੱਤਵਪੂਰਨ ਸਰੋਕਾਰ ਹੈ ਕਿ ਜਦੋਂ ਇਕ ਵਾਰ ਉਸ ਪਿਆਰੇ ਨਾਲ ਪ੍ਰੀਤ ਸਥਾਪਿਤ ਹੋ ਜਾਂਦੀ ਹੈ ਤਾਂ ਫਿਰ 'ਤੋਰੀ ਨ ਤੂਟੈ ਛੋਰੀ ਨ ਛੂਟੈ' ਵਾਲੀ ਸਥਿਤੀ ਹੋ ਜਾਂਦੀ ਹੈ। ਪ੍ਰੇਮ ਦੇ ਬਾਣ ਬੜੇ ਚੁਭਵੇਂ ਹੁੰਦੇ ਹਨ ਪਰ ਪ੍ਰੇਮ-ਪਾਤਰ ਨੂੰ ਇਸ 'ਅੰਤਰ ਕੀ ਪੀਰ' ਵਿਚੋਂ ਵੀ ਆਨੰਦ ਤੇ ਰਸ ਮਿਲਦਾ ਹੈ।

ਮੂ ਲਾਲਨ ਸਿਉ ਪ੍ਰੀਤਿ ਬਨੀ॥ ਰਹਾਉ॥
ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ॥[183]

ਅਹਿਨਿਸਿ ਜਾਗੈ ਨੀਦ ਨ ਸੋਵੈ॥
ਸੋ ਜਾਣੈ ਜਿਸੁ ਵੇਦਨ ਹੋਵੈ॥
ਪ੍ਰੇਮ ਕੇ ਕਾਨ ਲਗੇ ਤਨ ਭੀਤਰਿ ਵੈਦ ਕਿ ਜਾਣੈ ਕਾਰੀ ਜੀਉ॥[184]

ਪ੍ਰਿਉ ਪ੍ਰਿਉ ਕਰਤੀ ਸਭੁ ਜਗੁ ਫਿਰੀ ਮੇਰੀ ਪਿਆਸ ਨ ਜਾਇ॥
ਨਾਨਕ ਸਤਿਗੁਰਿ ਮਿਲਿਐ ਮੇਰੀ ਪਿਆਸ ਗਈ ਪਿਰੁ ਪਾਇਆ ਘਰਿ ਆਏ॥[185]

ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ॥
ਹਮਰੀ ਬੇਦਨ ਹਰਿ ਪ੍ਰਭ ਜਾਨੈ ਮੇਰੇ ਮਨ ਅੰਤਰ ਕੀ ਪੀਰ॥
ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ, ਸੋ ਭਾਈ ਸੋ ਮੇਰਾ ਬੀਰ॥[186]

ਸਾਧਕ ਪ੍ਰੇਮਾ ਭਗਤੀ ਵਿਚ ਰਮ ਕੇ 'ਨਾਮੈ ਪ੍ਰੀਤਿ ਨਰਾਇਣ ਲਾਗੀ ਸਹਜ ਸੁਭਾਇ ਭਇਓ ਬੈਰਾਗੀ'[187] ਦੇ ਮਹਾਂਵਾਕ ਅਨੁਸਾਰ ਸਹਜ ਅਵੱਸਥਾ ਵਿਚ ਵਿਚਰਦਾ ਹੈ। ਟਿਕਾਅ ਤੇ ਸਕੂਨ ਦਾ ਅਨੁਭਵ ਕਰਦਾ ਹੈ। ਪ੍ਰੇਮਾ ਭਗਤੀ ਦੇ ਰਾਹ ਵਿਚ ਆਈਆਂ ਮੁਸ਼ਕਿਲਾਂ ਤੇ ਉਲਝਣਾਂ ਤੋਂ ਉਹ ਘਬਰਾਉਂਦਾ ਨਹੀਂ। ਉਹ ਤਾਂ ਨਿਰੰਤਰ ਰੂਪ ਵਿਚ ਆਪਣੇ ਰੱਬ ਨਾਲ ਜੁੜਿਆ ਰਹਿੰਦਾ ਹੈ। ਇਸੇ ਲਈ ਗੁਰਬਾਣੀ ਵਿਚ ਪ੍ਰੇਮਾ ਭਗਤੀ ਦਾ ਗੁਣਗਾਇਨ ਕੀਤਾ ਗਿਆ ਹੈ। ਐਸੀ ਪ੍ਰੀਤਿ ਨੂੰ ਗੰਵਾਉਣਾ ਸਾਧਕ ਕਦੇ ਵੀ ਗਵਾਰਾ ਨਹੀਂ ਕਰ ਸਕਦਾ ਬਲਕਿ 'ਸਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ'[188] ਗੁਰੂਵਾਕ ਅਨੁਸਾਰ ਉਹ ਹਮੇਸ਼ਾ ਆਪਣੇ ਸਾਹਿਬ ਦੀਆਂ ਦਾਤਾਂ ਅਤੇ ਬਖਸ਼ਿਸ਼ਾਂ ਦਾ ਗਾਇਨ ਕਰਦਾ ਅਤੇ 'ਤੇਰੇ ਭਰੋਸੇ ਪਿਆਰੇ ਮੈ ਲਾਡ ਲਡਾਇਆ'[189] ਦਾ ਸ਼ੁਕਰਾਨਾ ਕਰਦਾ ਆਪਣੇ ਪ੍ਰੇਮ ਦਾ ਇਜ਼ਹਾਰ ਕਰਦਾ ਹੈ।

ਜੋਬਨ ਜਾਂਦੇ ਨਾ ਡਰਾ ਜੇ ਸਹੁ ਪ੍ਰੀਤਿ ਨਾ ਜਾਇ॥
ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ॥[190]

ਜਾਲਉ ਐਸੀ ਰੀਤਿ ਜਿਤ ਮਹਿ ਪਿਆਰਾ ਵੀਸਰੈ॥

ਨਾਨਕ ਸਾਈ ਭਲੀ ਪਰੀਤਿ ਜਿਤੁ ਸਾਹਿਬੁ ਸੇਤੀ ਪਤਿ ਰਹੈ॥[191]

ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ॥
ਮੈ ਤਉ ਮੋਲਿ ਮਹਗੀ ਲਈ ਜੀਅ ਸਟੈ॥[192]

ਸੁਣਿ ਸਾਜਨ ਪ੍ਰੇਮ ਸੰਦੇਸਰਾ ਅਖੀ ਤਾਰ ਲਗੰਨਿ॥
ਗੁਰਿ ਤੁਠੇ ਸਜਣੁ ਮੇਲਿਆ ਜਨ ਨਾਨਕ ਸੁਖਿ ਸਵੰਨਿ॥[193]

ਪ੍ਰੇਮ ਆਦਰਸ਼ਕ ਜੀਵਨ-ਜੁਗਤੀ ਹੈ। ਭਾਈ ਗੁਰਦਾਸ ਜੀ ਨੇ ਪੀਰ ਤੇ ਮੁਰੀਦ ਦੀ ਪਿਰਹੜੀ ਨੂੰ ਪ੍ਰਗਟਾਉਣ ਲਈ ਹੀਰ-ਰਾਂਝਾ ਤੇ ਸੱਸੀ-ਪੁੰਨੂੰ ਜਿਹੀਆਂ ਪ੍ਰੀਤ ਗਾਥਾਵਾਂ ਦੇ ਦ੍ਰਿਸ਼ਟਾਂਤ ਦਿੱਤੇ ਹਨ। ਪ੍ਰੇਮ ਵਿਚ ਪ੍ਰੇਮ-ਪਾਤਰ ਇਕ ਦੂਜੇ ਤੋਂ ਆਪਣਾ ਆਪ ਇਸ ਤਰ੍ਹਾਂ ਵਾਰ ਦਿੰਦੇ ਹਨ ਕਿ ਆਪੇ ਦਾ ਅਹਿਸਾਸ ਖਤਮ ਹੋ ਕੇ ਏਕਤਾ ਦੇ ਅਨੁਭਵ ਵਿਚ ਜਾ ਪੁਜਦਾ ਹੈ। ਪ੍ਰੇਮ ਦਾ ਸੁਭਾਅ ਹੀ ਏਕਤਾ ਦੇ ਅਹਿਸਾਸ ਦੀ ਸੋਝੀ ਕਰਵਾਉਂਦਾ ਹੈ।

ਗੋਬਿੰਦ ਪ੍ਰੀਤਿ ਲਗੀ ਅਤਿ ਮੀਠੀ ਅਵਰ ਵਿਸਰਿ ਸਭ ਜਾਇ॥
ਅਨਦਿਨੁ ਰਹਸੁ ਭਇਆ ਮਨੁ ਮਾਨਿਆ ਜੋਤੀ ਜੋਤਿ ਮਿਲਾਇ॥[194]

ਨਿਰਸੰਦੇਹ ਪ੍ਰੇਮਾ ਭਗਤੀ ਮਨੁੱਖੀ ਸ਼ਖ਼ਸੀਅਤ ਦਾ ਅੰਦਰੂਨੀ ਤੇ ਬਾਹਰੀ ਤੌਰ ਤੇ ਵਿਕਾਸ ਕਰਦੀ ਸਮਾਜ ਪ੍ਰਤੀ ਉਸਨੂੰ ਜ਼ਿੰਮੇਵਾਰ ਬਣਾਉਂਦੀ ਲਈ ਯਤਨਸ਼ੀਲ ਹੈ। 'ਪਿਆਰ ਰੂਹ ਦਾ ਇਕ ਆਪਣਾ ਧੁਰਾ ਅਤੇ ਸੁਭਾਵ ਹੈ। ਇਕ ਦ੍ਰਵਿਤਾ ਹੈ, ਜਿਹੜਾ ਨਦੀ ਦੇ ਵਹਿਣ ਵਾਂਗ ਖਿਮਾ, ਦਯਾ ਤੇ ਸਦਾ ਮਾਫ਼ੀ ਵਿਚ ਵਿਚਰਦਾ ਹੈ। ਇਹਦਾ ਇਨਸਾਫ਼ ਬਸ ਬਖਸ਼ਣਾ ਤੇ ਪਿਆਰ ਕਰਨਾ ਹੈ। ਪਿਆਰ ਵਿਚ ਜੀਂਦਾ ਬੰਦਾ ਕਦੀ ਵੈਰ, ਵਿਰੋਧ ਕਰ ਹੀ ਨਹੀਂ ਸਕਦਾ। ਸਦਾ ਵੈਰਾਗਯਵਾਨ ਕੋਮਲਤਾ ਹੈ ਜਿਸ ਵਿਚ ਹਰ ਘੜੀ ਅਖੰਡ ਤੇ ਸੀਮਾ ਰਹਿਤ ਤਿਆਗ ਹੈ। ਜਿਸ ਤਿਆਗ ਵਿਚ ਰੂਹ ਤੇ ਸੂਖ਼ਮ ਤਰਲ ਰੂਪਾਂ ਦਾ ਪੱਕਾ ਗ੍ਰਹਿਣ ਹੈ ਤੇ ਮਾਯਕ ਠੋਸ-ਕੂੜਾਂ ਦਾ ਤਿਆਗ ਹੈ। ਪਿਆਰ ਦੀ ਪਾਤਿਸ਼ਾਹੀ ਰੂਹ ਦੀ ਪਾਤਸ਼ਾਹੀ ਹੈ।'[195]

ਪ੍ਰੇਮਾ ਭਗਤੀ ਕਿਰਤ ਕਰਨ, ਨਾਮ ਜਪਣ ਤੇ ਵੰਡ ਕੇ ਛੱਕਣ ਦੀਆਂ ਭਾਵਨਾਵਾਂ ਨੂੰ ਵਿਕਸਿਤ ਕਰਕੇ ਸਾਂਝੀਵਾਲਤਾ ਤੇ ਵਿਸ਼ਵੀ ਭਾਈਚਾਰਾ ਦਾ ਮਾਹੌਲ ਸਿਰਜਨ ਵਿਚ ਸਹਾਇਕ ਸਾਬਤ ਹੁੰਦੀ ਹੈ। ਸਿਮਰਨ ਪ੍ਰੇਮਾ ਭਗਤੀ ਦਾ ਮੂਲ ਆਧਾਰ-ਬਿੰਦੂ ਹੈ ਜੋ ਨਿੱਜ ਜਾਂ ਵਿਅਕਤਿਗਤ ਸ਼ਖ਼ਸੀਅਤ ਦਾ ਆਤਮਿਕ ਵਿਕਾਸ ਕਰਦਾ, ਉਸਨੂੰ ਮਨੁੱਖਤਾ ਨਾਲ ਜੋੜਦਾ ਸੇਵਾ ਤੇ ਪਰਉਪਕਾਰ ਕਰਨ ਦਾ ਸੰਦੇਸ਼ ਦਿੰਦਾ ਹੈ। ਗੁਰਬਾਣੀ ਵਿਚ ਭਗਤੀ ਲਈ ਘਰ-ਬਾਰੁ ਤਿਆਗ ਕੇ ਜੰਗਲਾਂ ਜਾਂ ਪਹਾੜਾਂ ਵਿਚ ਸਾਧਨਾ ਜਾਂ ਤਪਸਿਆ ਦਾ ਕੋਈ ਮੁੱਲ ਨਹੀਂ ਬਲਕਿ ਦੁਨੀਆਂ ਵਿਚ ਰਹਿ ਕੇ ਬਿਨਾ ਕਿਸੇ ਜਾਤੀ, ਪ੍ਰਾਂਤਕ ਜਾ ਭਿੰਨ-ਭੇਦ ਤੋਂ ਉੱਪਰ ਉੱਠ ਕੇ ਗ੍ਰਹਿੱਸਥ, ਸਮਾਜ, ਦੇਸ਼ ਤੇ ਵਿਸ਼ਵ ਵਿਚ ਪਿਆਰ, ਸਹਿਯੋਗ ਤੇ ਸਹਿਚਾਰ ਨੂੰ ਪ੍ਰਫ਼ੁਲਤ ਕਰਨਾ ਹੈ।

'ਰੱਬੀ ਏਕਤਾ ਤੇ ਪ੍ਰੇਮ ਭਗਤੀ ਦੇ ਕਰਮਸ਼ੀਲਤਾ' ਦੀ ਵਿਚਾਰ ਰੋਸ਼ਨੀ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਕੀਤੇ ਅਧਿਐਨ ਉਪਰੰਤ ਅਸੀਂ ਇਸ ਨਤੀਜੇ ਤੇ ਪੁੱਜਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਰਜੇ ਇਹ ਗਿਆਨ ਮਾਡਲ ਸਮੁੱਚੇ ਮਨੁੱਖੀ-ਜਗਤ ਨੂੰ ਇਕਸੂਤਰ ਤੇ ਇਕਸਾਰਤਾ ਵਿਚ ਰੱਖਣ ਲਈ ਪ੍ਰਯਤਨਸ਼ੀਲ ਹਨ ਜੋ ਵਿਭਿੰਨ ਧਰਮਾਂ ਅਤੇ ਫਿਰਕਿਆਂ ਵਿੱਚਲੇ ਆਪਸੀ ਟਕਰਾਉ ਅਤੇ ਤਣਾਉ ਨੂੰ ਖ਼ਤਮ  ਕਰ ਕੇ ਪੀੜਤ ਮਨੁੱਖਤਾ ਲਈ ਜੀਵਨ ਮੁਕਤੀ ਤੇ ਸੁਤੰਤਰਤਾ ਦਾ ਮਾਰਗ ਸੁਝਾਉਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਬਾਣੀ ਇਕ ਬ੍ਰਹਮ ਦੀ ਵਿਚਾਰਦ੍ਰਿਸ਼ਟੀ ਨੂੰ ਪੇਸ਼ ਕਰਕੇ ਮਨੁੱਖਤਾ ਦੀ ਪ੍ਰਫੁਲਤਾ ਨੂੰ ਸਥਾਪਿਤ ਕਰਦੀ ਹੈ। ਜਦੋਂ ਮਨੁੱਖ ਨੂੰ ਇਕ ਬ੍ਰਹਮ ਦੀ ਸਿਰਜੀ ਦੁਨੀਆ ਦਾ ਗਿਆਨ ਹੋ ਜਾਂਦਾ ਹੈ ਤਾਂ ਬ੍ਰਹਮ ਵਿਚ ਨਿਸਚਾ ਕਰਨ ਵਾਲਾ ਪੁਰਸ਼ ਸਾਰੀ ਕਾਇਨਾਤ ਵਿਚੋਂ ਉਸ ਪਰਮਸ਼ਕਤੀ ਦੇ ਦਰਸ਼ਨ ਕਰਦਾ ਹੈ ਜਿਸ ਨਾਲ ਉਸਦੇ ਸਾਰੇ ਭਰਮ ਮਿੱਟ ਜਾਂਦੇ ਹਨ ਤੇ ਉਸ ਅੰਦਰ ਪ੍ਰੇਮ ਦੀ ਜਵਾਲਾ ਸਰਬੱਤ ਦੇ ਭਲੇ ਦੀ ਅਰਜ਼ੋਈ ਦੇ ਰੂਪ ਵਿਚ ਪ੍ਰਗਟ ਹੁੰਦੀ ਹੈ। 'ਗਿਆਨ ਦੀ ਜੋਤ ਨਾਲ ਪ੍ਰਕਾਸ਼ਮਾਨ ਹੋਈ ਆਤਮਾ ਇਹ ਖ਼ੁਦ ਹੀ ਜਾਣ ਜਾਂਦੀ ਹੈ ਕਿ ਇਸ ਸੰਸਾਰ ਵਿਚ ਅਨੇਕਾਂ ਹੀ ਭਿੰਨ-ਭਿੰਨ ਧਾਰਮਿਕ  ਅਤੇ ਰਹੱਸਵਾਦੀ ਪਰੰਪਰਾਵਾਂ ਹਨ। ਅਜਿਹੇ ਕੱਟੜਵਾਦੀ  ਅਤੇ ਤੰਗ ਨਜ਼ਰੀਏ ਦਾ ਤਿਆਗ ਹੋ ਜਾਂਦਾ ਹੈ, ਜਿਸ ਰਾਹੀਂ ਇਹ ਮੰਨਿਆ ਜਾਂਦਾ ਹੈ ਕਿ ਦੁਨੀਆ ਵਿਚ ਕੇਵਲ ਇਕ ਹੀ ਧਾਰਮਿਕ ਮੱਤ ਜਾਂ ਇਕ ਹੀ ਪੈਗ਼ੰਬਰ ਹੈ, ਜਿਹੜਾ ਮੁਕਤੀ ਪ੍ਰਦਾਨ ਕਰ ਸਕਦਾ ਹੈ। ਅਜਿਹੇ ਗਿਆਨੀ ਪੁਰਖ ਲਈ ਇਹ ਸਪੱਸ਼ਟ ਹੁੰਦਾ ਹੈ ਕਿ ਵਿਧਾਤਾ ਦੀ ਇਸ ਬਹੁਪੱਖੀ ਅਤੇ ਅਨੇਕਤਾ ਭਰਪੂਰ ਰਚਨਾ ਵਿਚ ਅਨੇਕਾਂ ਹੀ ਸਭਿਅਤਾਵਾਂ, ਮਿਥਿਹਾਸ ਅਤੇ ਧਾਰਮਿਕ ਪਰੰਪਰਾਵਾਂ ਹਨ। ਨਤੀਜੇ ਵਜੋਂ ਪਰਮਾਤਮਾ ਨੂੰ ਮਿਲਣ ਦੇ ਢੰਗ-ਤਰੀਕੇ ਅਤੇ ਸੰਭਾਵਨਾਵਾਂ ਵੀ ਅਨੰਤ ਹੋਣੀਆਂ ਬਣਦੀਆਂ ਹਨ। ਅਜਿਹੀ ਸੂਝ ਸਦਕਾ ਹੀ ਕੂੜ ਦੀ ਕੰਧ ਢਹਿ-ਢੇਰੀ  ਹੋ ਜਾਂਦੀ ਹੈ, ਜਿਸ ਵੱਲ ਗੁਰੂ ਨਾਨਕ ਸਾਹਿਬ ਜਪੁ ਜੀ ਸਾਹਿਬ ਦੀ ਪਹਿਲੀ ਪਉੜੀ ਵਿਚ ਹੀ ਇਸ਼ਾਰਾ ਕਰਦੇ ਹਨ: ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥ ਅਜਿਹਾ ਸੂਝਵਾਨ ਅਤੇ ਗਿਆਨਵਾਨ ਵਿਅਕਤੀ ਵਿਗਿਆਨਕ, ਸਭਿਆਚਾਰਕ ਅਤੇ ਅਧਿਆਤਮਕ ਪੱਖਾਂ ਵਿਚ ਇਕ ਸੁਖਾਵਾਂ ਸੁਮੇਲ ਪੈਦਾ ਕਰਨ ਵਿਚ ਸਫਲ ਹੁੰਦਾ ਹੈ। ਪਰਸਪਰ ਸਹਿਯੋਗ ਦੇ ਉਮਾਹ ਕਾਰਨ ਉਸ ਦੀ ਸ਼ਖ਼ਸੀਅਤ ਸਹਿਣਸ਼ੀਲ ਬਣਦੀ ਜਾਂਦੀ ਹੈ ਅਤੇ ਉਸ ਦਾ ਹਿਰਦਾ ਇਕ ਦੈਵੀ ਸੁੰਦਰਤਾ ਅਤੇ ਅਨੰਦਮਈ ਖੇੜੇ ਨਾਲ ਭਰਪੂਰ ਹੋ ਜਾਦਾ ਹੈ।'[196] ਨਿਸਚਿਤ ਰੂਪ ਵਿਚ ਗੁਰਬਾਣੀ ਵਿਚ ਪੇਸ਼ ਰੱਬੀ ਏਕਤਾ  ਤੇ ਪ੍ਰੇਮਾ ਭਗਤੀ "ਸਮੁੱਚੇ ਸੰਸਾਰ, ਪ੍ਰਕਿਰਤੀ ਤੇ ਬ੍ਰਹਿਮੰਡ ਨੂੰ ਇਕ ਏਕਤਾ ਵਿਚ ਪ੍ਰੋਣ ਵਾਲੀ, ਪ੍ਰਭੂ ਨੂੰ ਸਮੁੱਚੀ ਸਿਰਜਨਾ ਦਾ ਸੋਮਾ ਦਰਸਾਉਣ ਵਾਲੀ, ਸਾਰੀ ਮਨੁੱਖਤਾ ਨੂੰ ਇਕ ਪ੍ਰਭੂ ਦੀ ਸੰਤਾਨ ਹੋਣ ਦਾ ਸਬਕ ਪੜਾਉਣ ਵਾਲੀ, ਵੱਖ-ਵੱਖ ਧਾਰਮਿਕ ਸਭਿਆਚਾਰਾਂ ਨੂੰ ਪ੍ਰਕ੍ਰਿਤੀ ਸੁਹਜ ਪ੍ਰਗਟਾਉਣ ਵਾਲੀ, ਧਰਮਾਂ ਦੀ ਅਨੇਕਤਾ ਵਾਲਾ ਸੰਜੋਗਮਈ ਸਭਿਆਚਾਰ ਉਪਜਾਉਣ ਵਾਲੀ ਅਨੇਕਤਾ ਵਿਚ ਏਕਤਾ  ਦੇ ਭਾਰਤੀ ਸਭਿਆਚਾਰ ਦੇ ਸਰੂਪ ਨੂੰ ਸਥਾਪਿਤ ਕਰਨ ਵਾਲੀ ਆਦਿ ਗ੍ਰੰਥ ਦੀ ਸਿਖਿਆ, ਅੱਜ ਦੀ ਖੰਡ ਖੰਡ ਹੋਈ ਚੇਤਨਾ ਵਾਲੀ, ਅਸੰਤੁਲਿਤ, ਸੇਧ-ਹੀਣ, ਆਦਰਸ਼ਹੀਣ, ਹਉਮੇ ਕਾਰਨ ਵਿਘਟਨ ਹੋਈ ਅਸਹਿਣਸ਼ੀਲ ਮਨੁੱਖਤਾ ਨੂੰ ਭਰਾਤਰੀ ਭਾਵ, ਸਮਾਨਤਾ ਤੇ ਏਕਤਾ ਦੀ ਲੜੀ ਵਿਚ ਪਰੋਕੇ, ਸੰਤੁਲਿਤ, ਸੰਗਠਿਤ ਨਰੋਏ ਤੇ ਸਿਹਤਮੰਦ ਮਨੁੱਖੀ ਭਾਈਚਾਰੇ ਨੂੰ ਉਪਜਾਉਣ ਤੇ ਵਿਗਸਾਉਣ ਦੇ ਸਮੱਰਥ ਹੈ।'[197]

### 3.3 ਨੈਤਿਕਤਾ ਦੇ ਬਹੁ ਰੂਪਾਂ ਦੀ ਸਿਰਜਣਾ:

ਮਨੁੱਖ ਇੱਕ ਸਮਾਜਕ ਪ੍ਰਾਣੀ ਹੈ। ਸਮਾਜ ਵਿਚ ਵਿਚਰਨ ਲਈ ਉਸ ਨੂੰ ਕੁੱਝ ਨਿਯਮਾਂ ਦੀ ਪਾਲਣਾ ਕਰਨੀ ਪੈਂਦੀ ਹੈ ਕਿਉਂਕਿ ਵਿਅਕਤੀਵਾਦ ਜਾਂ ਪੂਰਨ ਆਜ਼ਾਦੀ ਸਮਾਜ ਨੂੰ ਢਾਹ ਲਾ ਦਿੰਦੀ ਹੈ ਤੇ ਜੰਗਲ ਰਾਜ ਬਣ ਜਾਂਦਾ ਹੈ ਜਿਸ ਵਿਚ ਤਕੜੇ ਮਾੜਿਆਂ ਦਾ ਸ਼ਿਕਾਰ ਕਰਦੇ ਹਨ। ਨਿਮਾਣਿਆਂ ਤੇ ਨਿਤਾਣਿਆਂ ਦਾ ਸ਼ੋਸ਼ਣ ਹੁੰਦਾ ਹੈ ਜਿਸ ਨਾਲ ਸਮਾਜ ਖੇਰੂੰ-ਖੇਰੂੰ ਹੋ ਜਾਂਦਾ ਹੈ। ਸਮਾਜਕ ਪ੍ਰਬੰਧ ਤੇ ਧਾਰਮਿਕ ਪਰੰਪਰਾਵਾਂ ਮਨੁੱਖ ਨੂੰ ਉਸਦੇ ਹੱਕਾਂ ਤੇ ਅਧਿਕਾਰਾਂ ਤੋਂ ਜਾਣੂ ਕਰਵਾਉਂਦੀਆਂ ਉਸਦੇ ਫਰਜ਼ਾਂ ਦਾ ਪ੍ਰਵਚਨ ਆਰੰਭਦੀਆਂ ਹਨ। ਇੱਕ ਮਨੁੱਖ ਦੇ ਹੱਕ ਦੂਸਰੇ ਦੇ ਫਰਜ਼ ਬਣ ਕੇ ਪੇਸ਼ ਹੁੰਦੇ ਹਨ। ਇਨ੍ਹਾਂ ਹੱਕਾਂ ਤੇ ਫਰਜ਼ਾਂ ਨੂੰ ਕਦਰਾਂ-ਕੀਮਤਾਂ ਕਿਹਾ ਜਾਂਦਾ ਹੈ। ਜਿਨ੍ਹਾਂ ਵਿਚੋਂ ਸਦਾਚਾਰਕਤਾ ਤੇ ਨੈਤਿਕਤਾ ਸਮਾਜਕ ਲੋੜਾਂ ਦੀ ਪੂਰਤੀ ਲਈ ਵਿਸ਼ੇਸ਼ ਮਹੱਤਵ ਦੀਆਂ ਧਾਰਨੀ ਹੋ ਨਿਬੜੀਆਂ ਹਨ।'ਕਿਸੇ ਖਾਸ ਉਦੇਸ਼ ਨੂੰ ਕੇਂਦਰ ਮੰਨ ਕੇ ਉਸ ਦੀ ਪ੍ਰਾਪਤੀ ਹਿਤ ਮਨੁੱਖੀ ਵਿਵਹਾਰ ਦੇ ਠੀਕ ਜਾਂ ਗਲਤ, ਚੰਗੇ ਜਾਂ ਬੁਰੇ ਵਿਚਾਰਾਂ ਦੇ ਸਿਧਾਂਤਕ ਰੂਪ ਨੂੰ ਨੈਤਿਕਤਾ ਦਾ ਨਾਮ ਦਿੱਤਾ ਗਿਆ ਹੈ। ਹਰ ਜਗ੍ਹਾ ਅਤੇ ਹਰ ਵਿਅਕਤੀ-ਸਮੂਹ ਵਿਚ ਕੁਝ ਖਾਸ ਕਿਸਮ ਦੇ ਅਸੂਲ ਮੌਜੂਦ ਹੁੰਦੇ ਹਨ, ਜਿਨ੍ਹਾਂ ਨੂੰ ਕੇਂਦਰ ਬਣਾ ਕੇ ਸੰਬੰਧਤ ਵਿਅਕਤੀ ਦੇ ਵਿਵਹਾਰ ਨੂੰ ਜਾਂਚਿਆ ਜਾਂਦਾ ਹੈ। ਇਹ ਵਿਵਹਾਰ ਆਮ ਤੌਰ ਤੇ ਵਿਅਕਤੀ ਵਿਸ਼ੇਸ਼ ਜਾਂ ਵਿਸ਼ੇਸ਼ ਸਮਾਜ ਦੇ ਆਦਰਸ਼ ਜਾਂ ਸਰਵ-ਉਚ ਕੀਮਤਾਂ ਤੇ ਆਧਾਰਿਤ ਹੁੰਦਾ ਹੈ।ਜਿਸ ਦੀ ਪ੍ਰਾਪਤੀ ਕਿਸੇ ਖਾਸ ਕਿਸਮ ਦੇ ਵਿਵਹਾਰ ਨੂੰ ਅਪਣਾਏ ਬਿਨਾਂ ਅਤੇ ਖਾਸ ਕਿਸਮ ਦੇ ਵਿਵਹਾਰ ਨੂੰ ਤਿਆਗੇ ਬਿਨਾਂ ਨਹੀਂ ਹੋ ਸਕਦੀ।'[198]

ਨੈਤਿਕਤਾ ਮਨੁੱਖੀ ਵਿਵਹਾਰ ਨੂੰ ਨਿਸਚਿਤ ਤੇ ਨਿਰਧਾਰਿਤ ਕਰਦੀ ਹੈ। ਨੈਤਿਕਤਾ ਨਾਲ ਮਾਨਵੀ ਸੰਬੰਧਾਂ ਅਤੇ ਰਿਸ਼ਤਿਆਂ ਵਿਚ ਇਕਸੁਰਤਾ ਅਤੇ ਇਕਸਮਤਾ ਆ ਜਾਂਦੀ ਹੈ। ਸਮਾਜਿਕ ਜੀਵਨ ਵਿਚ ਨੈਤਿਕਤਾ ਨੂੰ ਧਾਰਨ ਕਰਨ ਨਾਲ ਮਨੁੱਖ ਆਤਮ-ਸ਼ਾਂਤੀ ਜਾਂ ਨਿੰਜੀ ਸਕੂਨ ਨੂੰ ਮਹਿਸੂਸ ਕਰਦਾ ਹੈ ਅਤੇ ਇਹ ਪ੍ਰਵਿਰਤੀ ਵਿਕਸਿਤ ਹੁੰਦੀ ਹੋਈ ਸਮੂਹਿਕ ਅਮਨ ਜਾਂ ਸ਼ਾਂਤੀ ਦੀ ਲਖਾਇਕ ਹੋ ਜਾਂਦੀ ਹੈ। ਵਿਸ਼ੇ-ਵਿਕਾਰ ਸਮਾਜ ਵਿਚ ਅਰਾਜਕਤਾ ਤੇ ਅਸਥਿਰਤਾ ਪੈਦਾ ਕਰਦੇ ਹਨ ਜਦਕਿ ਨੈਤਿਕ-ਵਿਹਾਰ ਮਨੁਖ ਤੇ ਸਮਾਜ ਨੂੰ ਇਕਾਗਰ ਕਰਦੇ ਹਨ। ਪ੍ਰੋ. ਪ੍ਰੀਤਮ ਸਿੰਘ ਹੋਰਾਂ ਦਾ ਵਿਚਾਰ ਹੈ-

"ਨੈਤਿਕਤਾ ਆਤਮਿਕ ਰਸਤੇ ਦੀ ਪਹਿਲੀ ਅਵਸਥਾ ਹੈ। ਇਸ ਅਵਸਥਾ ਵਿਚ ਮਨੁੱਖ ਨੂੰ ਇਹ ਸੋਝੀ ਪੈਂਦੀ ਹੈ ਕਿ ਉਹ ਇਸ ਦੁਨੀਆ ਤੇ ਕੋਈ ਫ਼ਰਜ਼ ਨਿਭਾਉਣ ਆਇਆ ਹੈ। ਇਸ ਚੇਤੰਨਤਾ ਦੇ ਆਉਣ ਨਾਲ ਮਨੁੱਖ ਵਿਸ਼ੇ-ਵਿਕਾਰਾਂ ਨੂੰ ਛੱਡ ਕੇ ਆਤਮਾ ਵਲ ਝਾਤੀ ਮਾਰਦਾ ਹੈ।ਉਹ ਇਹ ਵਿਚਾਰਨ ਲੱਗਦਾ ਹੈ ਕਿ ਜੀਵ ਏਥੇ ਧਰਮ ਕਮਾਣ ਆਇਆ ਹੈ। ਇਸ ਚੇਤੰਨਤਾ ਨਾਲ ਉਸ ਦੇ ਅੰਦਰੋਂ ਸੁਆਰਥ ਦੀ ਗੰਢ ਖੁੱਲ ਜਾਂਦੀ ਹੈ। ਉਸ ਦੀ ਆਤਮਾ ਉਤੋਂ ਵਾਸ਼ਨਾਵਾਂ ਦਾ ਬੋਝ ਉਠ ਜਾਂਦਾ ਹੈ।"[199]

ਇੱਕੀਵੀਂ ਸਦੀ ਦਾ ਯੁੱਗ ਵਿਗਿਆਨ ਦੀਆਂ ਮਹੱਤਵਪੂਰਨ ਪ੍ਰਾਪਤੀਆਂ ਦਾ ਬੇਮਿਸਾਲ ਤੇ ਲਾਜਵਾਬ ਯੁੱਗ ਹੈ। ਵਿਗਿਆਨ ਦੀ ਪਹੁੰਚ ਪਾਤਾਲਾਂ ਤੋਂ ਲੈ ਕੇ ਚੰਨ-ਤਾਰਿਆਂ ਤੀਕ ਹੈ। ਤਕਨੀਕੀ ਕ੍ਰਾਂਤੀ ਨੇ ਮਨੁੱਖ ਦੇ ਜੀਵਨ ਨੂੰ ਅਤਿਅੰਤ ਸਹੂਲਤਾਂ ਨਾਲ ਨਿਵਾਜਿਆ ਹੈ ਜਿਸ ਨਾਲ ਉਸ ਦਾ ਜੀਵਨ ਬਹੁਤ ਸੁਵਿਧਾਪੂਰਨ ਤੇ ਆਸਾਨ ਹੋ ਗਿਆ ਹੈ। ਵਿਗਿਆਨ ਨੇ ਉਸਨੂੰ ਬਾਹਰੀ ਖੁਸ਼ੀ ਤਾਂ ਪ੍ਰਦਾਨ ਕੀਤੀ ਹੈ ਪਰ ਅੰਦਰੂਨੀ ਤੌਰ ਤੇ ਬਹੁਤ ਤੋੜਿਆ ਹੈ। ਜਿਸ ਨਾਲ ਮਨੁੱਖੀ

ਜੀਵਨ ਵਿਚ ਸਹਿਮ, ਤਣਾਵ, ਅਵਿਸ਼ਵਾਸ਼ ਤੇ ਬੇਚੈਨੀ ਵੱਧਦੀ ਜਾ ਰਹੀ ਹੈ। ਇਖ਼ਲਾਕੀ ਕਦਰਾਂ-ਕੀਮਤਾਂ ਦਾ ਵਿਨਾਸ਼ ਹੁੰਦਾ ਜਾ ਰਿਹਾ ਹੈ ਤੇ ਅੱਜ ਮਨੁੱਖਤਾ ਪਤਨ ਦੇ ਰਾਹ ਤੇ ਹੈ। ਮਨੁੱਖ ਮੰਗਲ ਤੇ ਤਾਂ ਟਿਕਾਣਾ ਬਣਾ ਲੈਣਾ ਚਾਹੁੰਦਾ ਹੈ ਪਰ ਇਸ ਧਰਤੀ ਤੇ ਮੰਗਲ ਬਣਾਉਣਾ ਉਹ ਭੁੱਲ ਗਿਆ ਹੈ।'ਸੋ ਅੱਜ ਦਾ ਮਸ਼ੀਨੀ ਨਜ਼ਾਮ ਵਹਿਸ਼ੀ ਤੇ Mass man ਪੈਦਾ ਕਰ ਰਿਹਾ ਹੈ, ਬਹੁਤ ਸਾਰੇ ਸੂਝਵਾਨ ਉਜੱਡ ਬਣਦੇ ਚਲੇ ਜਾ ਰਹੇ ਹਨ। ਅਪਰਾਧ ਵੱਧ ਰਿਹਾ ਹੈ, ਵਿਸ਼ੇਸ਼ ਤੌਰ ਤੇ ਅੱਲ੍ਹੜਾਂ ਵਿਚ। ਹਰ ਥਾਂ ਮਸ਼ੀਨ ਹੀ ਮਸ਼ੀਨ ਪਾਈ ਜਾਂਦੀ ਹੈ, ਮਨੁੱਖ ਦੀ ਕਸਵੱਟੀ ਕਿਤੇ ਨਹੀਂ ਦਿਸਦੀ। ਇਸ ਲਈ ਜ਼ਿੰਮੇਵਾਰੀ ਦਾ ਅਹਿਸਾਸ ਖ਼ਤਮ ਹੋ ਰਿਹਾ ਹੈ। ਵਿਦਿਆਰਥੀ ਗ਼ਲਤ ਰਸਤਿਆਂ ਤੇ ਪੈ ਰਹੇ ਹਨ। ਇਹ ਤਕਨੀਕੀ ਕਾਢਾਂ ਹਡ-ਭੰਨਵੀਂ ਮੁਸ਼ੱਕਤ ਤੋਂ ਬਚਾ ਸਕਦੀਆਂ ਹਨ ਅਤੇ ਸਭਿਆਚਾਰਕ ਵਿਕਾਸ ਦੇ ਦਰਵਾਜ਼ੇ ਖੋਲ੍ਹ ਸਕਦੀਆਂ ਹਨ ਪਰ ਇਨ੍ਹਾਂ ਦਾ ਅਸਰ ਉਦੋਂ ਘਾਤਕ ਬਣ ਜਾਂਦਾ ਹੈ ਜਦੋਂ ਇਹ ਮਨੁੱਖਤਾ ਹੀਣ ਹੋ ਜਾਣ ਅਤੇ ਆਪੇ ਦਾ ਡਸਿਪਲਨ ਉੱਡ ਜਾਏ।'[200] ਅਸਲ ਵਿਚ ਵਿਗਿਆਨ ਦੀ ਓਟ ਵਿਚ ਮਨੁੱਖ ਧਰਮ ਤੋਂ ਬੇਮੁੱਖ ਹੋ ਗਿਆ ਹੈ ਜਦਕਿ ਧਰਮ ਜੀਵਨ ਦੀ ਬੁਨਿਆਦੀ ਚੂਲ ਹੈ। ਇਹ ਮਨੁੱਖ ਦੀ ਨਿੱਜੀ ਜਾਂ ਜਾਤੀ ਪਸੰਦ ਨਹੀਂ, ਬਲਕਿ ਸਮਾਜਕ ਲੋੜ ਹੈ। ਧਰਮ ਦੀਆਂ ਪ੍ਰਵਾਨਤ ਜੀਵਨ ਕੀਮਤਾਂ ਵਿਅਕਤੀਗਤ ਰੂਪ ਵਿਚ ਨਹੀਂ ਸਗੋਂ ਸਮੂਹਿਕ ਰੂਪ ਵਿਚ ਸਮੁੱਚੇ ਸਮਾਜਕ ਵਿਕਾਸ ਦੇ ਸਮਰੱਥ ਹੁੰਦੀਆਂ ਸਮਾਜਕ ਹਿੱਤਾਂ ਦੀ ਰਾਖੀ ਕਰਦੀਆਂ ਹਨ। ਧਰਮ ਸਦਾਚਾਰ ਦਾ ਸੋਮਾ ਹੈ। ਧਰਮ ਹੀ ਮਨੁੱਖ ਨੂੰ ਸਹੀ ਜੀਵਨ ਜਾਚ ਸਿਖਾ ਕੇ ਉਸ ਦੀ ਰਹਿਨੁਮਾਈ ਕਰਦਾ ਹੈ। ਅਸਲ ਵਿਚ ਧਰਮ ਤੇ ਨੈਤਿਕਤਾ ਵਿਚ ਅਨਿਖੜਵਾਂ ਸੰਬੰਧ ਹੈ। ਇੱਕ ਪ੍ਰਸਿੱਧ ਫਿਲਾਸਫਰ ਮਾਰਕ ਹਾਪਕਿਨ ਲਿਖਦਾ ਹੈ:'ਬਿਨਾਂ ਸਦਾਚਾਰ ਦੇ ਧਰਮ ਇਕ ਵਹਿਮ ਤੇ ਭਰਮ ਹੈ ਅਤੇ ਬਿਨਾਂ ਧਰਮ ਦੇ ਸਦਾਚਾਰ ਅਸੰਭਵ ਹੈ। ਮਨੁੱਖ ਦੀ ਗਤੀ ਹੀ ਇਨ੍ਹਾਂ ਦੋਹਾਂ ਦੇ ਮੇਲ ਵਿਚ ਹੈ। ਸੋ, ਸਦਾਚਾਰ ਤੇ ਧਰਮ ਦਾ ਸੰਬੰਧ ਇਕ ਬੜੇ ਵਿਸ਼ਲੇਸ਼ਣਾਤਮਿਕ ਅਧਿਐਨ ਦੀ ਮੰਗ ਕਰਦਾ ਹੈ।'[201] ਡਾ. ਕੋਹਲੀ ਜੀ ਇਸ ਪ੍ਰਸੰਗ ਵਿਚ ਕਹਿੰਦੇ ਹਨ:

"ਸਦਾਚਾਰ ਨੀਤੀ ਆਤਮਿਕ ਭਵਨ ਦੀ ਆਧਾਰ ਹੈ। ਜਦ ਤੱਕ ਸਦਾਚਾਰ ਗੁਣ ਪੈਦਾ ਨਾ ਕੀਤੇ ਜਾਣ, ਜਗਿਆਸੂ ਆਤਮਿਕ ਸਤਾ ਦੀ ਉੱਚੀ ਪੱਧਰ ਉੱਤੇ ਨਹੀਂ ਪੁੱਜ ਸਕਦਾ। ਕਰਮ, ਗਿਆਨ ਅਤੇ ਸ਼ਰਧਾ ਦੇ ਸੰਤੁਲਨ ਮੇਲ ਦੀ ਜ਼ਰੂਰਤ ਹੈ।"[202]

ਇਕ ਪ੍ਰਸਿੱਧ ਵਿਦਵਾਨ ਹਰਦਿਆਲ ਦਾ ਕਥਨ ਹੈ ਕਿ ਸਦਾਚਾਰਕ ਸਾਧਨਾ ਬਗੈਰ ਆਤਮਿਕ ਸ਼ਾਂਤੀ ਦੀ ਪ੍ਰਾਪਤੀ ਸੰਭਵ ਨਹੀਂ ਹੋ ਸਕਦੀ। ਸਦਾਚਾਰ ਗੁਣ, ਮਨੁੱਖ ਦੇ ਪੂਰਨ ਫ਼ਰਜ਼ ਅਨੁਸਾਰ ਢਾਲੇ ਗਏ ਜਾਂਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਧਰਮ ਤੇ ਸਦਾਚਾਰਕ ਗੁਣਾਂ ਨੂੰ ਇਕ ਦੂਜੇ ਦੇ ਪੂਰਕ ਮੰਨਿਆ ਗਿਆ ਹੈ।'ਬਿਨੁ ਗੁਣ ਭਗਤਿ ਨ ਹੋਇ'[203] ਦੇ ਗੁਰੂ ਵਾਕ ਅਨੁਸਾਰ ਸ੍ਰੇਸ਼ਟ ਨੈਤਿਕ ਗੁਣਾਂ ਤੋਂ ਬਿਨਾਂ ਭਗਤੀ ਨਹੀਂ ਹੋ ਸਕਦੀ। ਗੁਣ ਕੀਤੇ ਬਿਨਾ ਮਨੁੱਖ ਨਾ ਤਾਂ ਨੇਕ ਬਣ ਸਕਦਾ ਹੈ ਅਤੇ ਨਾ ਹੀ ਸੱਚਾ ਭਗਤ। ਸੰਪੂਰਨ ਜੀਵਨ ਨੈਤਿਕ ਗੁਣਾਂ ਦੀ ਨੀਂਹ ਤੇ ਖੜਾ ਹੁੰਦਾ ਹੈ। ਇਸ ਕਰਕੇ ਗੁਰਬਾਣੀ ਜਿੱਥੇ 'ਉਸਤਤਿ ਮਨ ਮਹਿ ਕਰਿ ਨਿਰੰਕਾਰ'[204] ਦਾ ਉਦੇਸ਼ ਨਿਰਧਾਰਤ ਕਰਦੀ ਹੈ ਉੱਥੇ 'ਕਰਿ ਮਨ ਮੇਰੇ ਸਤਿ ਬਿਉਹਾਰ'[205] ਦਾ ਉਪਦੇਸ਼ ਵੀ ਸਥਾਪਤ ਕਰਦੀ ਹੈ।

ਸਭ ਗੁਣ ਤੇਰੇ ਮੈ ਨਾਹੀ ਕੋਇ॥
ਵਿਣੁ ਗੁਣ ਕੀਤੇ ਭਗਤਿ ਨ ਹੋਇ॥[206]

ਸੋ ਖੋਜ-ਕਾਰਜ ਦੇ ਇਸ ਭਾਗ ਵਿਚ ਉਪਰੋਕਤ ਸਮੱਸਿਆਵਾਂ ਦੇ ਪ੍ਰਕਰਣ ਵਿਚ ਗੁਰੂ ਗ੍ਰੰਥ ਸਾਹਿਬ ਦੇ ਪ੍ਰਵਚਨ ਦਾ ਵਿਸ਼ਲੇਸ਼ਣ ਕਰਨ ਦਾ ਯਤਨ ਕਰਾਂਗੇ ਕਿ ਇਹ ਟੈਕਸਟ ਧਰਮ ਮੂਲਕ ਤੇ ਗਿਆਨਮਈ ਸ੍ਰੋਤ ਵੱਜੋਂ ਕਿਸ ਤਰ੍ਹਾਂ ਦਾ ਸਦਾਚਾਰ ਆਦਰਸ਼ ਸਿਰਜਦੀ ਮਨੁੱਖੀ ਵਿਵਹਾਰ ਨੂੰ ਵਿਉਂਤਦੀ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਨੈਤਿਕਤਾ ਦਾ ਕੋਈ ਵਿਉਂਤਮਈ ਜਾਂ ਨਿਰਧਾਰਤ ਬਿਰਤਾਂਤ ਨਹੀਂ ਹੈ, ਸਗੋਂ ਸਮੁੱਚੀ ਬਾਣੀ ਵਿਚੋਂ ਨੈਤਿਕਤਾ ਦੀਆਂ ਕਦਰਾਂ-ਕੀਮਤਾਂ ਉਜਾਗਰ ਹੁੰਦੀਆਂ ਹਨ।'ਗੁਰਬਾਣੀ ਮੂਲ ਰੂਪ ਵਿਚ ਗੁਰੂ ਸਾਹਿਬਾਨ ਦੇ ਅਧਿਆਤਮਵਾਦ ਦਾ ਕਾਵਿਕ (ਬਾਣੀ) ਪ੍ਰਗਟਾਵਾ ਹੈ ਜਿਸ ਦਾ ਮਨੋਰਥ ਮਨੁੱਖ ਦਾ ਆਤਮਿਕ ਕਲਿਆਣ ਹੈ। ਇਸ ਦਾ ਦੂਸਰਾ ਪੰਥ ਕਰਤਵਾਂ ਦੀ ਪਾਲਣਾ ਹੈ। ਜੋ ਮਨੁੱਖ ਨੂੰ ਸੁਚੱਜੀ ਜੀਵਨ-ਸ਼ੈਲੀ ਵਿਕਸਿਤ ਕਰਨ ਵਿਚ ਸਹਾਈ ਹੈ।'[207] ਗੁਰਬਾਣੀ ਦਾ ਧਾਰਮਿਕ ਫਲਸਫਾ ੴ ਤੋਂ ਆਰੰਭ ਹੁੰਦਾ ਹੈ ਤੇ ਸਰਬੱਤ ਦੇ ਭਲੇ ਤੇ ਖਤਮ ਹੁੰਦਾ ਹੈ। ਇਸੇ ਲਈ ਗੁਰਬਾਣੀ ਲੌਕਿਕ ਪੱਧਰ ਤੇ ਮਨੁੱਖ ਦਾ ਮਨੁੱਖ ਨਾਲ ਸਤੁੰਲਨ ਕਾਇਮ ਕਰਨ ਵਿਚ ਵਚਨਬੱਧ ਹੁੰਦੀ ਪ੍ਰਤੱਖ ਹੁੰਦੀ ਹੈ। ਸ਼ਿਸ਼ਟਾਚਾਰ, ਨੈਤਿਕਤਾ, ਸਦਾਚਾਰਕਤਾ ਜਾਂ ਕਦਰਾਂ-ਕੀਮਤਾਂ ਦਾ ਪ੍ਰਵਚਨ ਮਨੁੱਖ ਨੂੰ ਦੁਨਿਆਵੀਂ ਤੇ ਰੂਹਾਨੀ, ਭੌਤਿਕ ਤੇ ਅਭੌਤਿਕ, ਪਦਾਰਥਕ ਤੇ ਅਪਦਾਰਥਕ ਸਥਿਤੀਆਂ ਵਿਚ ਸਮਰੱਥ ਕਰਨ ਦੇ ਯੋਗ ਬਣਾਉਂਦਾ ਹੈ।ਸੰਸਾਰਿਕ ਏਕਤਾ ਤੇ ਰੱਬੀ ਏਕਤਾ ਦੀ ਪਛਾਣ ਕਰਵਾਉਂਦਾ ਹੈ। 'ਜੇ ਸਾਰੀਆਂ ਆਤਮਾਵਾਂ ਇੱਕੋ ਅਧਿਆਤਮਕ ਇਕਸਾਰਤਾ ਵਿਚੋਂ ਪੈਦਾ ਹੋਈਆਂ ਹਨ ਤਾਂ ਸਮੁੱਚੇ ਸਮਾਜ ਨੂੰ ਇਕ ਅਧਿਆਤਮਕ ਏਕਤਾ ਵਾਂਗ ਸਵੀਕਾਰ ਕਰਨ ਦੀ ਜ਼ਰੂਰਤ ਹੈ ਨਾ ਕਿ ਇਸ ਨੂੰ ਇਕ ਦੂਜੇ ਲਈ ਰੁਕਾਵਟ ਦੇ ਤੌਰ ਤੇ ਮੰਨਣ ਦੀ। ਸਮਾਜਿਕ ਅਤੇ ਮਨੁੱਖੀ ਸੰਬੰਧਾਂ ਨੂੰ ਸਵੀਕਾਰ ਕਰਨਾ ਇੱਕ ਸਾਕਾਰਾਤਮਕ ਰਵਈਆ ਹੈ। ਇਸ ਕਰਕੇ ਸਮਾਜਿਕ ਅਤੇ ਮਨੁੱਖੀ ਵਫ਼ਾਦਾਰੀਆਂ ਨੂੰ ਸਵੀਕਾਰ ਕਰਨਾ ਅਤੇ ਸੰਪੂਰਨ ਕਰਨਾ ਇੱਕ ਸਿਹਤਮੰਦ ਰਵਈਏ ਦੀ ਨਿਸ਼ਾਨੀ ਹੈ।'[208]

ਆਚਾਰਯ ਹਜਾਰੀ ਪ੍ਰਸਾਦ ਦਿਵੇਦੀ ਨੇ ਇਹ ਗੱਲ ਮੰਨੀ ਹੈ ਕਿ ਜੇ ਉੱਤਰੀ ਭਾਰਤ ਦੀ ਸੰਤ ਪਰੰਪਰਾ ਦਾ ਸਮਾਜਕ ਅਤੇ ਸਭਿਆਚਾਰਕ ਇਤਿਹਾਸ ਉਲੀਕਣਾ ਹੈ ਤਾਂ ਗੁਰਬਾਣੀ ਦੀ ਇਤਿਹਾਸਕ ਪਹਿਚਾਣ ਉਸ ਦੇ ਨੈਤਿਕ ਮੁੱਲਾਂ ਰਾਹੀਂ ਜ਼ਰੂਰ ਕਰਨੀ ਪਵੇਗੀ ਕਿਉਂਕਿ ਇਸ ਖਿੱਤੇ ਦੀ ਇਹ ਵੱਡਮੁੱਲੀ ਦੇਣ ਮੱਧਕਾਲੀ ਸੋਚ ਨੂੰ ਨਵੇਂ ਸੰਦਰਭਾਂ ਵਿਚ ਪੇਸ਼ ਕਰਨ ਦੇ ਸਮਰੱਥ ਹੈ। ਗੁਰਬਾਣੀ ਨੈਤਿਕਤਾ ਦੇ ਆਦਰਸ਼ਾਂ ਦਾ ਮੂਲ ਉਦੇਸ਼ ਆਚਰਣਿਕ ਉੱਚਤਾ, ਸਮਾਜਕ ਬਰਾਬਰੀ, ਸਮਾਜਿਕ ਸੇਵਾ, ਵਿਸ਼ਵ ਭਾਈਚਾਰਾ, ਅਤੇ ਸਰਬੱਤ ਦਾ ਭਲਾ ਹਨ। ਮੂਲ ਰੂਪ ਵਿਚ ਗੁਰਬਾਣੀ ਦੇ ਨੈਤਿਕ ਸ਼ਾਸਤਰ ਦੇ ਸਰੂਪ ਨੂੰ ਹਰਮਿੰਦਰ ਸਿੰਘ ਬੇਦੀ ਦੀਆਂ ਹੇਠ ਲਿਖੀਆਂ ਸਤਰਾਂ ਰਾਹੀਂ ਸਮਝਿਆ ਜਾ ਸਕਦਾ ਹੈ:

"ਸੰਸਕ੍ਰਿਤੀਆਂ ਇਕ ਦੂਜੇ ਦੇ ਸੰਪਰਕ ਵਿਚ ਆ ਕੇ ਬਹੁਤ ਕੁਝ ਨਵਾਂ ਤੇ ਨਿਵੇਕਲਾ ਦਿੰਦੀਆਂ ਹਨ। ਹਿੰਦੂ ਅਤੇ ਇਸਲਾਮੀ ਸੰਸਕ੍ਰਿਤੀ ਨੇ ਵੀ ਅਜਿਹਾ ਕੀਤਾ ਪਰ ਬਹੁਤ ਜਲਦੀ ਇਸਦੀ ਇਸ ਇੱਛਾ ਸ਼ਕਤੀ ਨੂੰ ਢਾਹ ਲੱਗ ਗਈ। ਗੁਰਬਾਣੀ ਦੇ ਨੈਤਿਕ-ਸ਼ਾਸਤਰ ਨੇ ਇਸ ਢਾਹ ਦੇ ਵਿਚ ਅਜਿਹਾ ਨੈਤਿਕ ਸ਼ਾਸਤਰ ਉਸਾਰਿਆ, ਜੋ ਦੋਹਾਂ ਧਰਮਾਂ ਨੂੰ ਤਾਂ ਕੀ, ਪੂਰੀ ਮਨੁੱਖਤਾ ਨੂੰ ਸਵੀਕਾਰ ਸੀ। ਇਹ ਗੁਰਬਾਣੀ ਦਾ ਤਰਕ-ਸ਼ਾਸਤਰ ਵੀ ਸੀ। ਇਸੇ ਲਈ ਪ੍ਰੋ. ਪੂਰਨ ਸਿੰਘ ਕਹਿੰਦਾ ਹੈ ਕਿ ਗੁਰਬਾਣੀ ਦਾ ਵਿਗਿਆਨਕ ਬੋਧ ਤਰਕ ਅਤੇ ਨੈਤਿਕਤਾ ਤੇ ਆਧਾਰਿਤ ਹੈ। ਗੁਰਬਾਣੀ ਦਾ ਇਹ ਨੈਤਿਕ-ਸ਼ਾਸਤਰ ਦੇਸ਼-ਕਾਲ ਦੀਆਂ ਸੀਮਾਵਾਂ ਤੋਂ ਉੱਪਰ ਹੈ। ---ਨੈਤਿਕ ਸ਼ਾਸਤਰ ਦੀ ਹੋਂਦ ਗੁਰਬਾਣੀ ਦੇ ਸੰਦਰਭ ਵਿਚ

ਸੁਤੰਤਰ ਤੇ ਬਹੁਪੱਖੀ ਹੈ। ਗੁਰਬਾਣੀ ਦਾ ਨੈਤਿਕ ਸ਼ਾਸਤਰ ਸਰਬਪੱਖੀ ਤਾਂ ਹੈ ਹੀ, ਇਸ ਦੇ ਨਾਲ ਹੀ ਆਗਾਮੀ ਸਮਿਆਂ ਲਈ ਅਜਿਹੇ ਸੰਕਲਪ ਵੀ ਪ੍ਰਸਤੁਤ ਕਰਦਾ ਹੈ, ਜਿਸ ਉੱਤੇ ਚਲਕੇ ਭਵਿੱਖ ਵਿਚ ਸਿੱਖ-ਸੁਹਜ ਸ਼ਾਸਤਰ ਦੀ ਰੂਪ-ਰੇਖਾ ਵੀ ਤਿਆਰ ਕੀਤੀ ਜਾ ਸਕਦੀ ਹੈ। ਭਾਰਤੀ ਦਰਸ਼ਨ ਦੇ ਸੰਦਰਭ ਵਿਚ ਇਹ ਨੈਤਿਕ-ਸ਼ਾਸਤਰ ਪਰੰਪਰਾ ਤੋਂ ਮੁਕਤ, ਸਵੱਸਥ ਦ੍ਰਿਸ਼ਟੀਕੋਣਾਂ ਦਾ ਧਾਰਨੀ ਹੈ।"[209]

ਗੁਰਬਾਣੀ ਇਕ ਅਜਿਹੇ ਵਿਅਕਤੀ ਦੀ ਘਾੜਤ ਕਰਨ ਦਾ ਉਪਰਾਲਾ ਕਰਦੀ ਹੈ ਜਿਸਦਾ ਆਚਰਨ ਅਤੇ ਵਿਵਹਾਰ ਸੱਚ ਤੇ ਟਿਕਿਆ ਹੋਵੇ। ਉਸਦਾ ਜੀਵਨ ਇਕ ਖੁੱਲੀ ਕਿਤਾਬ ਜਾਂ ਪਾਰਦਰਸ਼ੀ ਸ਼ੀਸ਼ੇ ਭਾਂਤੀ ਉਸਦੇ ਸੁੱਚੇ ਆਚਰਣ ਦੀ ਗਵਾਹੀ ਦੇਵੇ। ਸੱਚਾ ਮਨੁੱਖ ਸੱਚ ਹੀ ਵਰਤਾਂਦਾ ਹੈ; ਉਹ ਝੂਠ ਤੇ ਨਿੰਦਾ-ਬਖੀਲੀਆਂ ਤੋਂ ਉੱਚਾ ਹੋ ਕੇ ਜਿਉਂਦਾ ਹੈ। ਫਰੇਬ, ਧੋਖਾ, ਕਪਟ ਉਸਦੀ ਕਿਤਾਬ ਦਾ ਹਿੱਸਾ ਨਹੀਂ ਹੁੰਦੇ।

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥[210]

ਅਜੋਕਾ ਵਿਅਕਤੀ ਝੂਠਾ, ਕਪਟੀ, ਧੋਖੇਬਾਜ ਤੇ ਦੋਗਲਾ ਹੁੰਦਾ ਹੋਇਆ ਅੰਦਰੋਂ ਬਾਹਰੋਂ ਭਿੰਨ ਹੈ। ਅਜਿਹੇ ਪੁਰਸ਼ਾਂ ਤੇ ਯਕੀਨ ਤੇ ਇਤਬਾਰ ਕਰਨਾ ਬਹੁਤ ਔਖਾ ਹੈ। ਅੱਜ ਮਨੁੱਖ ਦਾ ਮਨੁੱਖ ਤੋਂ ਦੂਰ ਹੋਣ ਦਾ ਕਾਰਨ ਹੀ ਇਹ ਹੈ ਕਿ ਵਿਸ਼ਵਾਸ ਧੁੰਦਲੇ ਹੋ ਗਏ ਹਨ ਤੇ ਬੇਇਤਬਾਰੀਆਂ ਵੱਧ ਗਈਆਂ ਹਨ। ਬੇਵਿਸ਼ਵਾਸ਼ੀਆਂ ਦੇ ਇਸ ਆਲਮ ਵਿਚ ਮਨੁੱਖਤਾ ਦਾ ਘਾਣ ਹੋ ਰਿਹਾ ਹੈ। 'ਸਚੇ ਮਾਰਗ ਚਲਦਿਆ ਉਸਤਤਿ  ਕਰੇ ਜਹਾਨ' ਦੇ ਗੁਰੂ ਵਾਕ ਰਾਹੀ ਗੁਰੂ ਸਾਹਿਬ ਸਪਸ਼ਟ ਕਰਦੇ ਹਨ ਕਿ ਜੀਵਨ ਨੂੰ ਬਿਹਤਰ ਤੇ ਇੱਜ਼ਤਯੋਗ ਬਣਾਉਣ ਲਈ ਸੱਚੇ ਕਿਰਦਾਰ ਅਤੇ ਸੁੱਚੇ ਆਚਰਣ ਦੀ ਲੋੜ ਹੈ। ਸਮੁੱਚਾ ਸ੍ਰੀ  ਗੁਰੂ ਗ੍ਰੰਥ ਸਾਹਿਬ ਸੱਚਾ ਜੀਵਨ ਜਿਉਣ ਤੇ ਸੱਚ ਨੂੰ ਸਮਝਣ ਦਾ ਸੰਵਾਦ ਪੇਸ਼ ਕਰਦਾ ਹੈ।

ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥
ਨਾਨਕ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥[211]

ਇਮਾਨਦਾਰੀ ਬੀਤਿਆਂ ਵਕਤਾਂ ਦੀ ਗੱਲ ਹੋ ਗਈ ਜਾਪਦੀ ਹੈ। ਪਦਾਰਥਵਾਦ ਤੇ ਉਪਭੋਗਤਾਵਾਦ ਦੇ ਇਸ ਨਿਜ਼ਾਮ ਵਿਚ ਬੇਈਮਾਨੀ ਵਿਕਦੀ ਹੈ। 'ਵਢੀ ਲੈ ਕੇ ਹਕੁ ਗਵਾਏ'[212] ਦੀ ਪ੍ਰਵਿਰਤੀ ਭਾਰੂ ਹੈ। ਦੂਜਿਆਂ ਤੇ ਧਨ-ਪਦਾਰਥਾਂ ਅਤੇ ਮਾਲ-ਅਸਬਾਬਾਂ ਤੇ ਹੱਕ ਜਮਾਉਣਾ ਬੇਈਮਾਨੀ ਦੀ ਸਿਖ਼ਰ ਹੈ। ਧੋਖੇ ਤੇ ਮੱਕਾਰੀ ਨਾਲ ਨਿਮਾਣਿਆਂ ਤੇ ਨਿਤਾਣਿਆਂ ਦਾ ਸ਼ੋਸ਼ਣ ਬੇਈਮਾਨੀ ਹੈ। ਹੋਰਨਾਂ ਨੂੰ ਤਰੱਕੀ ਦੇ ਰਾਹ ਤੋਂ ਰੋਕਣਾ ਤੇ ਰਾਹ ਵਿਚ ਰੋੜੇ ਪੈਦਾ ਕਰਨਾ ਬੇਈਮਾਨੀ ਹੈ। ਅੱਜ ਦੇ ਸਮਿਆਂ ਵਿਚ ਇਹ ਪ੍ਰਵਿਰਤੀ ਬੜੀ ਭਾਰੂ ਹੈ। ਅਜ ਉਹ ਹੀ ਇਮਾਨਦਾਰ ਹੈ ਜਿਸਨੂੰ ਬੇਈਮਾਨੀ ਦਾ ਮੌਕਾ ਨਾ ਬਣੇ। ਸਮਾਜ ਦਾ ਹਰ ਅੰਗ ਭ੍ਰਸ਼ਟ ਤੇ ਧੋਖੇਬਾਜ ਹੈ। ਗੁਰਬਾਣੀ ਦ੍ਰਿੜ ਕਰਦੀ ਹੈ ਕਿ ਅਜਿਹੀ ਬੇਈਮਾਨੀਆਂ ਤੇ ਚੋਰਬਾਜ਼ਾਰੀਆਂ ਨਾਲ ਕੀਤੀ ਕਮਾਈ ਨਿਰਾਰਥਕ ਤੇ ਨਿਸਫਲੀ ਹੁੰਦੀ ਹੈ। ਅਜਿਹੇ ਖੁਸ਼ਹਾਲੀ ਦੇ ਸਾਧਨ

ਕਦੇ ਨਿਰਮਲ ਨਹੀਂ ਹੋ ਸਕਦੇ ਅਤੇ ਮਨੁੱਖ ਸਦਾ ਚਿੰਤਾ, ਪਰੇਸ਼ਾਨੀਆਂ ਅਤੇ ਤਣਾਅ-ਗ੍ਰਸਤ ਰਹਿੰਦਾ ਹੈ। ਉਸ ਨੂੰ ਕਦੇ ਸਕੂਨ ਜਾਂ ਚੈਨ ਨਹੀਂ ਮਿਲਦਾ। ਗੁਰਬਾਣੀ ਇਮਾਨਦਾਰੀ ਤੇ ਮਿਹਨਤ ਨਾਲ ਜਿਉਣ ਦਾ ਬੱਲ ਬਖਸ਼ਦੀ ਮਨੁੱਖ ਨੂੰ ਅਡੋਲ ਅਤੇ ਟਿਕਾਓ ਬਖਸ਼ਦੀ ਹੈ।'ਇਸ ਗੁਣ ਨੂੰ ਆਪਣੇ ਆਪ ਵਿਚ ਬਣਾਈ ਰੱਖਣ ਲਈ ਮਨ ਨੂੰ ਬੇਲੋੜੀ ਭਟਕਣ ਤੋਂ ਹੋੜਨਾ ਪੈਂਦਾ ਹੈ; ਲਾਲਚ ਨੂੰ ਤੱਜਣਾ ਪੈਂਦਾ ਹੈ ਅਤੇ ਆਪਣੀਆਂ ਲੋੜਾਂ, ਤ੍ਰਿਸ਼ਨਾਵਾਂ ਉੱਤੇ ਅਕੁੰਸ਼ ਲਾਉਣਾ ਪੈਂਦਾ ਹੈ ਕਿਉਂਕਿ ਇਨਾਂ ਵਿਚੋਂ ਇਕ ਵੀ ਬੇਕਾਬੂ ਹੋ ਗਈ ਤਾਂ ਉਸਦਾ ਸਿੱਧਾ ਅਸਰ ਮਨੁੱਖ ਦੇ ਇਮਾਨਦਾਰ ਸੁਭਾਅ ਉੱਤੇ ਪੈਂਦਾ ਹੈ ਅਤੇ ਉਸਦਾ ਮਨ ਡੋਲ ਸਕਦਾ ਹੈ ਤੇ ਇਵੇ ਇਮਾਨਦਾਰੀ ਨੂੰ ਖੋਰਾ ਲਗ ਸਕਦਾ ਹੈ।'[213]

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥[214]

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥
ਜੋ ਰਤੁ ਪੀਵਹਿ ਮਾਣਸਾ ਤਿਨ ਕਉ ਨਿਰਮਲੁ ਚੀਤੁ॥[215]

ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥
ਸੁਤ ਦਾਰਾ ਪਹਿ ਆਨਿ ਲੁਟਾਵੈ॥
ਮਨ ਮੇਰੇ ਭੂਲੇ ਕਪਟੁ ਨ ਕੀਜੈ॥
ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥[216]

ਗੁਰਬਾਣੀ ਹੱਕ-ਹਲਾਲ ਦੀ ਕਮਾਈ ਤੇ ਜ਼ੋਰ ਦਿੰਦੀ ਹੈ:

ਹਕੁ ਹਲਾਲੁ ਬਖੋਰਹੁ ਖਾਣਾ॥
ਦਿਲ ਦਰੀਆਉ ਧੋਵਹੁ ਮੈਲਾਣਾ॥[217]

ਅੱਜ ਅਸੀਂ ਜਿਸ ਗਲੋਬਲ ਪਿੰਡ ਜਾਂ ਵਿਸ਼ਵੀ ਪਿੰਡ ਦਾ ਹਿੱਸਾ ਹਾਂ, ਉਹ ਵਿਭਿੰਨ ਜਾਤਾਂ, ਨਸਲਾਂ, ਕੌਮਾਂ ਅਤੇ ਜਮਾਤਾਂ ਦਾ ਮਿਸ਼ਰਣ ਹੈ।ਸਮੁੱਚਾ ਜਗਤ ਵਿਭਿੰਨ ਸਮਾਜਕ-ਧਾਰਮਕ ਮਾਨਤਾਵਾਂ ਦੀ ਭਿੰਨਤਾ ਕਰਕੇ ਆਪਸ ਵਿਚ ਕੱਟਿਆ ਅਤੇ ਟੁੱਟਿਆ ਹੋਇਆ ਹੈ। ਸਭ ਕੌਮਾਂ ਨਿੱਜੀ ਹੈਂਕੜਬਾਜੀ ਅਤੇ ਹਉਮੇ ਦੀਆਂ ਸ਼ਿਕਾਰ ਹਨ; ਜਿਸ ਨਾਲ ਨਿਰੰਤਰ ਨਫਰਤਾਂ ਦੀਆਂ ਦੀਵਾਰਾਂ ਉੱਚੀਆਂ ਹੋ ਰਹੀਆਂ ਹਨ। ਹਰ ਪਾਸੇ ਅਸ਼ਾਂਤੀ ਤੇ ਤਣਾਅ ਦਾ ਅਣਸੁਖਾਵਾਂ ਮਾਹੌਲ ਹੈ। ਸੋ ਇਸ ਵਿਸ਼ਵ-ਵਿਆਪੀ ਪਿੰਡ ਵਿਚ ਸਦੀਵੀ ਸ਼ਾਂਤੀ, ਇਕਸਾਰਤਾ, ਸੰਤੁਲਨ ਤੇ ਆਪਸੀ ਤਾਲਮੇਲ ਪੈਦਾ ਕਰਨ ਲਈ ਨੈਤਿਕ ਵਿਧਾਨ ਜਾਂ ਸਦਾਚਾਰ ਦੇ ਸ਼ਾਸਤਰ ਨੂੰ ਸਥਾਪਿਤ ਕਰਨਾ ਬਹੁਤ ਜ਼ਰੂਰੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ

ਪੇਸ਼ ਮਨੁੱਖੀ ਆਦਰਸ਼ਾਂ ਦੀ ਸਭ ਤੋਂ ਵੱਡੀ ਦੇਣ ਇਕ ਅਜਿਹੇ ਮਾਨਵ ਅਤੇ ਸਮਾਜ ਦੀ ਸਿਰਜਨਾ ਕਰਨ ਵਿਚ ਨਿਹਤ ਹੈ ਜੋ ਜਾਤ-ਬਰਾਦਰੀਆਂ, ਧਾਰਮਿਕ ਵੰਡੀਆਂ ਅਤੇ ਸੌੜੀ ਫ਼ਿਰਕੂ ਸਿਆਸਤ ਦੇ ਵੰਡੇ ਹੋਏ ਮਨੁੱਖੀ ਭਾਈਚਾਰਿਆਂ ਨੂੰ ਪ੍ਰੇਮ-ਪਿਆਰ ਨਾਲ ਜਿਊਣਾ ਸਿਖਾਉਂਦਾ ਹੈ। ਗੁਰਬਾਣੀ 'ਕੁਦਰਤਿ ਕੇ ਸਭ ਬੰਦੇ'[218] ਅਤੇ 'ਏਕ ਪਿਤਾ ਏਕਸ ਕੇ ਹਮ ਬਾਰਿਕ'[219] ਦਾ ਉਪਦੇਸ਼ ਦ੍ਰਿੜ ਕਰਵਾ ਕੇ ਸਮੁੱਚੇ ਵਿਸ਼ਵ ਵਿਚ 'ਏਕਤਾ' ਦਾ ਮਾਡਲ ਪੇਸ਼ ਕਰਦੀ ਹੈ। ਜਿਸ ਦੀ ਨੀਂਹ ਸਮੂਹ ਵਿਅਕਤੀਆਂ ਦੇ ਆਪਸੀ ਪਿਆਰ ਤੇ ਖੜੀ ਹੈ। ਪਿਆਰ ਉਦੋਂ ਹੀ ਬਲਵਾਨ ਚੜਦਾ ਹੈ ਜਦੋਂ ਦੂਜਿਆਂ ਨੂੰ ਇੱਜ਼ਤ ਮਾਣ ਦਿੱਤਾ ਜਾਂਦਾ ਹੈ। ਗੁਰਬਾਣੀ ਵਿਚ ਪਿਆਰ ਭਰੇ ਮਿੱਠੇ ਬੋਲਾਂ ਦੀ ਬਹੁਤ ਕਦਰ ਹੈ। ਦੂਜਿਆਂ ਦੇ ਨਾਲ ਪੇਸ਼ ਆਉਣ ਦਾ ਜੋ ਸਲੀਕਾ ਗੁਰਬਾਣੀ ਨੇ ਦਿੱਤਾ ਹੈ ਉਹ ਅੱਜ ਦੇ ਸਮਿਆਂ ਵਿਚ ਵੀ ਉਨਾ ਹੀ ਸਾਰਥਕ ਹੈ। ਗੁਰਬਾਣੀ ਵਿਚ ਘੱਟ ਬੋਲਣ ਅਤੇ ਸੋਚ ਸਮਝ ਕੇ ਬੋਲਣ ਦਾ ਸੁਨੇਹਾ ਹੈ। ਵਾਧੂ ਬੋਲਣਾ ਵਾਧੂ ਦੇ ਝੱਖੜ ਪੈਦਾ ਕਰਦਾ ਹੈ।

ਜਿਥੈ ਬੋਲਲਣਿ ਹਾਰੀਐ ਤਿਥੈ ਚੰਗੀ ਚੁਪ॥[220]

ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ॥
ਫਿਕਾ ਬੋਲ ਵਿਗੁਚਣਾ ਸੁਣਿ ਮੂਰਖ ਮਨ ਅਜਾਣ॥[221]

ਮਿੱਠੇ ਅਤੇ ਹਲੀਮੀ ਭਰੇ ਬੋਲ ਸੁਚੱਜੇ ਵਾਤਾਵਰਨ ਦੀ ਉਸਾਰੀ ਕਰਦੇ ਹਨ। ਕੋੜੇ ਬੋਲ ਨਾ ਕੇਵਲ ਸੁਣਨ ਵਾਲੇ ਨੂੰ ਬੁਰੇ ਪ੍ਰਤੀਤ ਹੁੰਦੇ ਹਨ ਬਲਕਿ ਬੋਲਣ ਵਾਲੇ ਦੀ ਸਰੀਰਿਕ ਤੇ ਮਾਨਸਿਕ ਅਵਸੱਥਾ ਨੂੰ ਵੀ ਪਰੇਸ਼ਾਨ ਕਰਦੇ ਹਨ। ਸੋ ਗੁਰਬਾਣੀ ਵਿਚ ਜਿੱਥੇ 'ਕੋਮਲ ਬਾਣੀ ਸਭ ਕੋ ਸੰਤੋਖੇ'[222] ਦਾ ਸੰਵਾਦ ਸਿਰਜਦੀ ਹੈ ਉੱਥੇ ਮਾੜਾ ਤੇ ਭੈੜਾ ਬੋਲਣ ਵਾਲਿਆਂ ਲਈ ਵੀ ਸੰਦੇਸ਼ ਦਿੰਦੀ ਹੈ:

ਨਾਨਕ ਫਿਕਾ ਬੋਲਿਐ ਤਨੁ ਮਨੁ ਫਿਕਾ ਹੋਇ॥
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥[223]

ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕਾ ਪਾਇ॥
ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥[224]

ਮਾੜਾ ਬੋਲਣ ਦੀ ਪ੍ਰਵਿਰਤੀ ਦਾ ਅੰਤ ਕਰਨ ਲਈ ਇਸਨੂੰ ਧਰਮ-ਸ਼ਾਸ਼ਤਰ ਦੇ ਨਾਲ ਜੋੜ ਕੇ ਪੇਸ਼ ਕੀਤਾ ਗਿਆ ਹੈ। 'ਸਭ ਮਹਿ ਜੋਤਿ ਜੋਤਿ ਹੈ ਸੋਇ'[225] ਦੇ ਵਾਕ ਅਨੁਸਾਰ ਹਰ ਹਿਰਦੇ ਵਿਚ ਪ੍ਰਭੂ ਦਾ ਵਾਸਾ ਹੈ।ਇਸ ਤਰ੍ਹਾਂ ਫਿੱਕਾ ਤੇ ਕੌੜਾ ਬੋਲਣ ਵਾਲਾ ਮਨੁੱਖ ਮਾੜਾ ਤੇ ਕਠੋਰ ਬੋਲ ਕੇ ਰੱਬ ਨੂੰ ਦੁੱਖ ਦਿੰਦਾ ਹੈ ਤੇ ਰੱਬ ਦੀਆਂ ਨਜ਼ਰਾਂ ਵਿਚ ਗਿਰ ਜਾਂਦਾ ਹੈ।

ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ ॥

ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥[226]

ਅਜੋਕੇ ਸਮਿਆਂ ਵਿਚ ਬਚਨ ਬਿਲਾਸ ਦੀ ਬੜੀ ਲੋੜ ਹੈ ਤਾਂ ਕਿ ਮਨੁੱਖ ਦਾ ਮਾਨਸਿਕ ਤੇ ਆਤਮਿਕ ਵਿਕਾਸ ਹੋ ਸਕੇ। ਪਿਆਰ ਤੇ ਸਾਂਝ ਮੰਦੇ ਮਾਹੌਲ਼ ਵਿਚ ਕਦੀ ਉਤਪੰਨ ਨਹੀਂ ਹੋ ਸਕਦੀ। ਪਿਆਰ ਤੇ ਮੋਹ ਨੂੰ ਪ੍ਰਫੁਲਤ ਕਰਨ ਲਈ ਬਚਨਾਂ ਨੂੰ ਲਗਾਮ ਦੇਣੀ ਅਤਿ ਆਵਸ਼ਕ ਹੈ। ਦੂਜਿਆਂ ਵਿਚ ਨੁਕਸ ਕੱਢ ਕੇ, ਉਨ੍ਹਾਂ ਦੇ ਔਗੁਣਾਂ ਨੂੰ ਚਿਤਾਰ ਕੇ ਮਾੜਾ ਜਾਂ ਛੋਟਾ ਦਿਖਾਉਣਾ ਸ਼ਿਸ਼ਟਾਚਾਰ ਨਹੀਂ ਹੈ। ਬਾਬਾ ਫਰੀਦ ਜੀ ਦਾ ਇਕ ਬੜਾ ਅਮੋਲਕ ਉਪਦੇਸ਼ ਹੈ:

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ॥
ਆਪਨੜੇ ਗਿਰੀਵਾਨ ਮਹਿ ਸਿਰ ਨੀਵਾ ਕਰਿ ਦੇਖੁ॥[227]

ਸੋ ਇਸ ਤਰ੍ਹਾਂ ਗੁਰਬਾਣੀ ਵਿਚ ਅਜਿਹੀ ਬਾਣੀ ਬੋਲਣ ਦਾ ਸੰਦੇਸ਼ ਹੈ ਜਿਸਨੂੰ ਸੁਣ ਕੇ ਹਿਰਦਿਆਂ ਨੂੰ ਠੰਡ ਪੈ ਜਾਏ। ਬੋਲਣ ਤੇ ਸੁਣਨ ਵਾਲੇ ਦੋਹਾਂ ਦੀ ਇੱਜ਼ਤ-ਮਾਣ ਵਿਚ ਵਾਧਾ ਹੋ ਜਾਏ; ਮਾਹੌਲ ਵਿਚ ਪਿਆਰ ਤੇ ਸਦਭਾਵਨਾ ਦੀ ਸੁਗੰਧੀ ਦੀ ਮਹਿਕ ਖਿਲਰ ਜਾਏ। ਅੱਜ ਦੀ ਜ਼ਿੰਦਗੀ ਵਿਚ ਸ਼ਖ਼ਸੀਅਤ ਵਿਕਾਸ ਲਈ ਇਹ ਸੁਨਹਿਰੀ ਗੁਣ ਹੈ। ਪਿਆਰ ਤੇ ਮਿੱਠੇ ਲਫ਼ਜ਼ਾਂ ਨਾਲ ਦਿਲਾਂ ਨੂੰ ਜੋੜਨ ਦਾ ਕੰਮ ਕਰੀਏ, ਸਾਂਝਾਂ ਨੂੰ ਮਜਬੂਤ ਕਰੀਏ ਤੇ ਵਿਕਾਸ ਦੇ ਅਗਲੇਰੇ ਪੜਾਵਾਂ ਨੂੰ ਪਾਰ ਕਰੀਏ।

ਗੁਰੂ ਗ੍ਰੰਥ ਸਾਹਿਬ ਵਿਚ ਦਿੱਤੇ ਫਰਮਾਣ 'ਵਿਚਿ ਦੁਨੀਆ ਸੇਵ ਕਮਾਈਐ ਤਾ ਦਰਗਹ ਬੈਸਣੁ ਪਾਈਐ'[228] ਅਨੁਸਾਰ ਸੇਵਾ ਦਾ ਕਾਰਜ ਖੇਤਰ ਬਹੁਤ ਵਿਕਸਤ ਹੈ। ਸੇਵਾ ਦੀ ਸਾਧਨਾ ਮਨੁੱਖ ਦੀ  ਮਨੁੱਖ ਨਾਲ ਸਾਂਝ ਦ੍ਰਿੜ ਕਰਦੀ ਹੈ। ਸੇਵਾ ਕੇਵਲ ਬਾਹਰਲਾ ਕਰਮ ਨਹੀਂ ਬਲਕਿ ਅੰਦਰਲਾ ਆਚਰਣ ਹੈ; ਕਿਉਂਜੋ ਇਸ ਆਚਰਣ ਲਈ ਸਬਰ, ਸੰਤੋਖ, ਹਮਦਰਦੀ, ਸਦਭਾਵਨਾ ਤੇ ਮਨੁੱਖੀ ਰਿਸ਼ਤਿਆਂ ਵਿਚ ਪਿਆਰ ਅਤਿ ਲੋੜੀਂਦਾ ਹੈ। ਸੇਵਾ ਇਕ ਅਜਿਹੀ ਅਮਲੀ ਜਾਂ ਵਿਵਹਾਰਕ ਸਾਧਨਾ ਹੈ ਜੋ ਮਨੁੱਖ ਦੇ ਅਭਿਮਾਨ ਨੂੰ ਭੰਡਦੀ ਤੇ ਅੰਦਰ-ਬਾਹਰ ਦੇ ਕੂੜ ਨੂੰ ਸੁੱਟਦੀ, ਸੱਚਾ-ਸੁੱਚਾ, ਪਰਉਪਕਾਰੀ ਤੇ ਪਰਹਿਤ  ਜੀਵਨ ਜਿਉਣ ਦੀ ਪ੍ਰੇਰਣਾ ਦਿੰਦੀ ਹੈ। ਬੜੇ ਵਿਰਲੇ ਪੁਰਸ਼ ਹੀ ਅਜਿਹੇ ਹੁੰਦੇ ਹਨ ਜੋ ਅਜ-ਕਲ੍ਹ ਦੇ ਉਪਭੋਗਤਾਵਾਦ ਤੇ ਮਾਇਆਵਾਦੀ ਪਾਸਾਰੇ ਵਿਚ ਪਰਉਪਕਾਰ ਦੇ ਧਾਰਨੀ ਹੋਣ। ਲੋਕ ਤਾਂ ਪਰਉਪਕਾਰ ਦੇ ਬਹਾਨੇ ਨਾਲ ਦੂਸਰਿਆਂ ਨਾਲ ਛਲ-ਕਪਟ ਤੇ ਮੱਕਾਰੀਆਂ ਕਰਕੇ ਉਨਾਂ ਨੂੰ ਧੋਖਾ ਦਿੰਦੇ ਹਨ। ਪਰ ਗੁਰਬਾਣੀ ਨਿਰ ਸਵਾਰਥ ਹੋ ਕੇ ਲੋੜਵੰਦਾਂ ਤੇ ਨਿਮਾਣਿਆਂ ਦੇ ਕੰਮ ਆਉਣ ਨੂੰ ਤਰਜੀਹ ਦਿੰਦੀ ਹੈ। ਅਜਿਹੇ ਪਰਉਪਕਾਰ ਕਰਨ ਵਾਲੇ ਮਨੁੱਖਾਂ ਬਾਰੇ ਗੁਰਬਾਣੀ ਵਿਚ ਫਰਮਾਣ ਹੈ:

ਪਰਉਪਕਾਰੀ ਸਰਬ ਸਧਾਰੀ ਸਫਲ ਦਰਸਨ ਸਹਜਾਇਆ॥[229]

ਪਰਉਪਕਾਰੀ ਆਪਣੀ ਸਹਿਜ ਪ੍ਰਵਿਰਤੀ ਦੁਆਰਾ ਸਦਾ ਦੂਸਰਿਆਂ ਦਾ ਸੁੱਖ ਤੇ ਭਲਾ ਭਾਲਦਾ ਹੈ। ਸਾਂਝੀਵਾਲਤਾ ਦੇ ਅਹਿਸਾਸ ਨਾਲ ਲਬਰੇਜ਼ ਉਸ ਦੀ ਰੂਹ ਸਮਾਜ ਕਲਿਆਣ ਲਈ ਸਦਾ ਤਤਪਰ ਰਹਿੰਦੀ ਹੈ।

ਜੀਅ ਜੰਤ ਸਭਿ ਸੁਖਿ ਬਸੇ ਸਭ ਕੈ ਮਨਿ ਲੋਚ॥
ਪਰਉਪਕਾਰ ਨਿਤ ਚਿਤਵਦੇ ਨਾਹੀ ਕਛੁ ਪੋਚ॥[230]

ਅਜਿਹੇ ਪਰਉਪਕਾਰੀ ਪੁਰਸ਼ਾਂ ਦੀ ਸੰਗਤ ਵੀ ਸਦਾ ਸੁਖਦਾਈ ਹੁੰਦੀ ਹੈ। ਪਰਉਪਕਾਰੀ ਦੀ ਸੰਗਤ ਨਾਲ ਵਿਕਾਰੀ ਦੀ ਵੀ ਕਾਇਆ ਕਲਪ ਹੋ ਜਾਂਦੀ ਹੈ।

ਪਰਉਪਕਾਰ ਬੋਲਹਿ ਬਹੁ ਗੁਣੀਆ ਮੁਖਿ ਸੰਤ ਭਗਤ ਹਰਿ ਦੀਜੈ॥[231]

ਅੱਜ ਵੀ ਲੋੜਵੰਦਾਂ ਨੂੰ ਸਹਾਰੇ ਦੀ ਲੋੜ ਹੈ। ਨਿਮਾਣਿਆਂ ਦੇ ਮਾਣ, ਨਿਤਾਣਿਆਂ ਤੇ ਤਾਣ, ਨਿਆਸਰਿਆਂ ਦੇ ਆਸਰੇ ਬਣਨ ਦਾ ਪ੍ਰਯਤਨ ਹੀ ਅਸਲ ਸੇਵਾ ਤੇ ਓੜਕ ਅਸਲ ਜੀਵਨ ਦਾ ਆਧਾਰ ਹੈ। ਅਜੋਕੇ ਮਨੁੱਖ ਨੂੰ ਗੁਰਬਾਣੀ ਵਿਚ ਪੇਸ਼ ਇਸ ਗੁਣ ਨੂੰ ਧਾਰਨ ਕਰ ਕੇ ਵਿਸ਼ਵੀ ਸਮਾਜ ਵਿਚ ਇਕਸਾਰਤਾ ਤੇ ਇਕਸੁਰਤਾ ਲਿਆਉਣ ਦਾ ਉਪਰਾਲਾ ਕਰਨਾ ਚਾਹੀਦਾ ਹੈ। ਇਹ ਉਦੋਂ ਤੱਕ ਸੰਭਵ ਨਹੀਂ ਜਦੋਂ ਤੱਕ ਮਨੁੱਖ ਗੁਰਬਾਣੀ ਦੇ ਇਨ੍ਹਾਂ ਤੁਕਾਂ ਦੇ ਸੱਚ ਨੂੰ ਗ੍ਰਹਿਣ ਨਹੀ ਕਰ ਲੈਂਦਾ।

ਮਿਥਿਆ ਤਨ ਨਹੀ ਪਰਉਪਕਾਰਾ॥
ਮਿਥਿਆ ਬਾਸੁ ਲੇਤ ਬਿਕਾਰਾ॥[232]

ਜੀਵਨ ਨੂੰ ਸਕਾਰਥਾ ਤੇ ਸਾਰਥਕ ਬਣਾਉਣ ਲਈ ਪਰਉਪਕਾਰੀ ਸੋਚ ਨੂੰ ਅਮਲੀ ਰੂਪ ਵਿਚ ਨਿਭਾਉਣਾ ਬਹੁਤ ਜ਼ਰੂਰੀ ਹੈ।

ਗੁਰਬਾਣੀ 'ਨਿੰਦਾ' ਅਤੇ 'ਨਿੰਦਕ' ਦਾ ਖੰਡਨ ਕਰਦੀ ਹੈ ਕਿਉਂਕਿ ਇਹ ਲੋਕ ਸਮਾਜਿਕ ਅਤੇ ਸਭਿਆਚਾਰਕ ਮਾਹੌਲ ਨੂੰ ਗੰਧਲਾ ਤੇ ਪ੍ਰਦੂਸ਼ਿਤ ਕਰਨ ਲਈ ਜ਼ਿੰਮੇਵਾਰ ਹੁੰਦੇ ਹਨ। ਨਿੰਦਕ ਉਹ ਹਨ ਜੋ ਨਿੰਦਿਆ ਕਰਨ ਜਾਂ ਸੁਣਨ। ਦੂਜਿਆਂ ਦੇ ਕੀਤੇ ਕੰਮਾਂ ਦਾ ਲੇਖਾ-ਜੋਖਾ ਕਰਨ। ਅਜਿਹੇ ਲੋਕ ਚੰਗਿਆਈਆਂ ਵਿਚੋਂ ਵੀ ਬੁਰਿਆਈਆਂ ਲੱਭਦੇ ਹਨ। ਗੁਣਾਂ ਵਿਚੋਂ ਵੀ ਔਗੁਣ ਭਾਲਦੇ ਹਨ। ਨਿੰਦਕ ਦਾ ਮਨ ਨਿਸਚੇ ਹੀ ਉਲਾਰੂ ਪਾਸੇ ਦੀ ਸੋਚਦਾ ਹੈ। ਆਪਣੀ ਹਉਮੇ ਵਿਚ ਹੋਰਨਾਂ ਨੂੰ ਘਟੀਆ ਤੇ ਮਾੜਾ ਖਿਆਲ ਕਰਦਿਆਂ ਵੈਰ ਭਾਵਨਾ ਵਿਚ ਦੂਸਰਿਆਂ ਬਾਰੇ ਮਾੜਾ ਹੀ ਚਿਤਵਦਾ ਹੈ। ਸਤਿਗੁਰੂ ਨਿੰਦਾ ਕਰਨ ਵਾਲੇ ਨੂੰ ਮਨਮੁਖ ਤੇ ਮੂੜ੍ਹ ਕਹਿੰਦੇ ਫਰਮਾਉਂਦੇ ਹਨ:

ਨਿੰਦਾ ਕਰਿ ਕਰਿ ਬਹੁ ਭਾਰੁ ਉਠਾਵੈ॥
ਬਿਨੁ ਮਜੂਰੀ ਭਾਰੁ ਪਹੁਚਾਵਣਿਆ॥[233]

ਨਿੰਦਕ ਕਉ ਫਿਟਕੇ ਸੰਸਾਰੁ॥
ਨਿੰਦਕ ਕਾ ਝੂਠਾ ਬਿਉਹਾਰੁ॥[234]

ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥
ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥[235]

ਗੁਰੂ ਸਾਹਿਬਾਨ ਨਿੰਦਿਆ ਨੂੰ ਪਰਾਈ ਮੈਲ ਧੋਣ ਸਮਾਨ ਸਮਝਦੇ ਹਨ। ਨਿੰਦਕ ਪਰਾਈ ਨਿੰਦਾ ਨਾਲ ਆਪਣਾ ਜਨਮ ਫਜ਼ੂਲ ਗੁਆ ਲੈਂਦਾ ਹੈ। ਭਗਤ ਕਬੀਰ ਜੀ 'ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ'[236] ਦਾ ਵਿਚਾਰ ਇਸੇ ਕਰਕੇ ਪ੍ਰਗਟਾਉਂਦੇ ਹਨ ਕਿਉਂਕਿ ਉਹ ਵੀ 'ਨਿੰਦਕ ਡੂਬਾ ਹਮ ਉਤਰੇ ਪਾਰਿ'[237] ਵਿਚ ਨਿਸਚਾ ਰੱਖਦੇ ਹਨ। 'ਅਰੜਾਵੈ ਬਿਲਲਾਵੈ ਨਿੰਦਕ'[238] ਦੇ ਮਹਾਂਵਾਕ ਅਨੁਸਾਰ ਨਿੰਦਕ ਹਮੇਸ਼ਾ ਤਪਿਆ-ਖਪਿਆ, ਬੇਚੈਨ ਹੁੰਦਿਆ ਦਵੈਸ਼ ਦੀ ਅੱਗ ਵਿਚ ਸੜਦਾ ਕਰਿੱਝਦਾ ਰਹਿੰਦਾ ਹੈ।

ਹਮਰੇ ਕਪਰੇ ਨਿੰਦਕ ਧੋਇ॥[239]

ਮਨਮੁਖ ਅੰਧੇ ਸੁਧ ਨ ਕਾਈ ਆਤਮਘਾਤੀ ਹੈ ਜਗਤ ਕਸਾਈ॥
ਨਿੰਦਾ ਕਰ ਕਰ ਬਹੁ ਭਾਰ ਉਠਾਵੈ ਬਿਨ ਮਜੂਰੀ ਭਾਰ ਪਹੁਚਾਵਣਿਆ ॥[240]

ਜਨਮ ਜਨਮ ਕੀ ਮਲੁ ਧੋਵੈ ਪਰਾਈ ਆਪਣਾ ਕੀਤਾ ਪਾਵੈ॥
ਈਹਾ ਸੁਖਿ ਨਹੀ ਦਰਗਹਿ ਢੋਈ ਜਮਪੁਰ ਜਾਇ ਪੁਚਾਵੈ॥
ਨਿੰਦਕ ਅਹਿਲਾ ਜਨਮ ਗਵਾਇਆ॥
ਪਹੁੰਚ ਨ ਸਾਕੈ ਕਾਹੂੰ ਬਾਤੈ ਆਗੈ ਠਉਰ ਨ ਪਾਇਆ॥[241]

ਗੁਰਬਾਣੀ ਵਿਚ ਨਿਰਾ ਨਿੰਦਾ ਕਰਨ ਵਾਲੇ ਨੂੰ ਹੀ ਦੋਸ਼ੀ ਨਹੀਂ ਮੰਨਿਆ ਗਿਆ ਬਲਕਿ ਨਿੰਦਾ ਸੁਣਨ ਵਾਲਾ ਵੀ ਦੋਸ਼ ਦਾ ਉਨਾ ਹੀ ਭਾਗੀਦਾਰ ਹੈ।
ਮਿਥਿਆ ਸ੍ਰਵਨ ਪਰ ਨਿੰਦਾ ਸੁਨਹਿ॥
ਮਿਥਿਆ ਹਸਤ ਪਰ ਦਰਬ ਕਉ ਹਿਰਹਿ॥[242]

ਗੁਰੂ ਸਾਹਿਬਾਨ ਨੇ ਦੂਸਰਿਆਂ ਦੇ ਨੁਕਸ ਜਾਂ ਆਲੋਚਨਾ ਕਰਨ ਤੋਂ ਪਹਿਲਾ ਆਪਣੇ ਅੰਦਰ ਸਵੈ-ਵਿਸ਼ਲੇਸ਼ਣ ਜਾਂ ਆਤਮ-ਝਾਤ Self Assesment ਮਾਰਨ ਦਾ ਸੁਨੇਹਾ ਦਿੱਤਾ ਹੈ। ਕਿੰਨਾ ਚੰਗਾ ਹੋਵੇ ਜੇ ਅਜੋਕਾ ਮਨੁੱਖ ਵੀ ਦੂਸਰਿਆਂ ਦੀ ਨਿੰਦਾ ਕਰਨ ਦੀ ਬਜਾਇ ਆਪਣੇ ਅੰਦਰ ਝਾਤੀ ਮਾਰੇ। ਸਾਰੇ ਕਲੇਸ਼ ਤੇ ਦਵੈਸ਼ ਆਪੇ ਮਿੱਟ ਜਾਣ।

ਹਉਮੈ ਗੁਰਬਾਣੀ ਵਿਚ ਅਜਿਹੀ ਭਾਵਨਾ ਦਾ ਪ੍ਰਤੀਕ ਹੈ, ਜਿਹੜੀ ਏਕਤਾ ਦੇ ਉਲਟ ਅਨੇਕਤਾ ਵੱਲ; ਸੇਵਾ, ਪਰਉਪਕਾਰ ਅਤੇ ਸੰਤੋਖ ਦੇ ਉਲਟ ਨਿੱਜ ਸੁਆਰਥ ਤ੍ਰਿਸ਼ਨਾ ਅਤੇ ਲੋਭ ਵੱਲ ਪ੍ਰੇਰਦੀ ਹੈ। ਹਉਮੇ, ਮਾਣ, ਅਭਿਮਾਨ, ਅਹੰਕਾਰ ਆਦਿ ਸ਼ਬਦ ਸਮਾਨਅਰਥੀ ਹਨ ਜੋ ਮਨੁੱਖੀ ਸ਼ਖ਼ਸੀਅਤ ਦੇ ਨਿਘਾਰ ਦਾ ਕਾਰਨ ਹਨ। ਗੁਰਬਾਣੀ ਵਿਚ ਨਿਰੰਤਰ ਅਹੰਕਾਰ ਨੂੰ ਤਿਆਗਣ ਅਤੇ ਨਿਮਰਤਾ ਨੂੰ ਧਾਰਨ ਕਰਨ ਦਾ ਸੰਦੇਸ਼ ਹੈ:

ਅਭਿਮਾਨੀ ਕੀ ਜੜ ਸਰਪਰ ਜਾਏ॥
ਜੇ ਕੋ ਬਹੁਤੁ ਕਰੇ ਅਹੰਕਾਰ॥
ਓਹੁ ਖਿਨ ਮਹਿ ਰੁਲਤਾ ਖਾਕੂ ਨਾਲਿ॥ [243]

ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨੁ ਤਜਿਆ ਨਹੀ ਜਾਇ॥
ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ॥ [244]

ਵੇਦਾਂਤ ਨੇ ਅੰਤਹਕਰਣ ਜਾਂ ਮਨੁੱਖ ਦੀ ਭੀਤਰੀ ਇੰਦ੍ਰੀ ਦੇ ਚਾਰ ਭੇਦ ਮੰਨੇ ਹਨ- ਮਨ, ਬੁੱਧੀ, ਚਿਤ, ਅਹੰਕਾਰ। ਅਹੰਕਾਰ ਦਾ ਵਿਸ਼ਾ ਹਉਮੈ ਹੈ। ਪ੍ਰਿੰ. ਤੇਜਾ ਸਿੰਘ ਆਪਣੀ ਪੁਸਤਕ 'ਸਿਖਇਜ਼ਮ' ਵਿਚ ਹਉਮੈ ਸੰਬੰਧੀ ਸਪਸ਼ਟ ਕਰਦੇ ਲਿਖਦੇ ਹਨ 'ਹਉਮੈ ਆਪੇ ਬਾਰੇ ਖੁਦ ਪਸੰਦੀ ਅਤੇ ਮਗਰੂਰੀ ਦੀ ਅਜਿਹੀ ਭਾਵਨਾ ਦਾ ਨਾਂ ਹੈ ਜਿਸ ਦੁਆਰਾ ਮਨੁੱਖ ਪਾਪਾਂ ਦੇ ਚੱਕਰ ਦਾ ਭਾਗੀ ਬਣਿਆ ਰਹਿੰਦਾ ਹੈ ਅਤੇ ਇਹ ਹਉਮੈ ਰੱਬ ਅਤੇ ਮਨੁੱਖ ਦੇ ਦਰਮਿਆਨ ਦੀਵਾਰ ਦੀ ਤਰ੍ਹਾਂ ਖੜੀ ਹੋ ਜਾਂਦੀ ਹੈ।'[245] ਅਗਿਆਨਤਾ ਦੇ ਹਨੇਰੇ ਵਿਚ ਗ੍ਰਸਿਆ ਮਨੁੱਖ ਆਪਣੀ ਸੁਤੰਤਰ ਸਦੀਵੀ ਹੋਂਦ ਦੀ ਭਾਵਨਾ ਦਾ ਸ਼ਿਕਾਰ ਹੋ ਜਾਂਦਾ ਹੈ। ਉਹ ਆਪਣੀ ਹੀ ਪ੍ਰਸੰਸਾ, ਵਡਿਆਈ ਅਤੇ ਸੰਸਾਰਕ ਸੋਭਾ ਦੀਆਂ ਭੁੱਖਾਂ ਵਿਚ ਜਿਉਂਦਾ ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਜ਼ੋਰ-ਜਬਰਦਸਤੀਆਂ ਅਤੇ ਹਿੰਸਕ ਕਾਰਵਾਈਆਂ ਕਰਦਾ ਜਾਂਦਾ ਹੈ। "ਅਹਿੰਕਾਰੀ ਮਨੁੱਖ ਬਾਰੇ Zimmerman ਦਾ ਕਥਨ ਹੈ:

'The more you speak of yourself, the more you are likely to lie. ਅਰਥਾਤ ਤੁਸੀਂ ਜਿੰਨਾ ਵੱਧ ਮੈਂ ਮੈਂ ਵਿਚ ਗੱਲਾਂ ਕਰੋਗੇ ਉਤਨੀ ਵੱਧ ਤੁਹਾਡੇ ਪਾਸੋਂ ਝੂਠ ਦੀ ਸੰਭਾਵਨਾ ਹੈ।'

ਇਸੇ ਤਰ੍ਹਾਂ ਇਕ ਸਾਹਿਤਕਾਰ ਚਿੰਤਕ ਸ਼ੈਕਸਪੀਅਰ ਦਾ ਵਿਚਾਰ ਹੈ :

'There is not one wise man in twenty who will praise himself. ਅਰਥਾਤ ਵੀਹ ਸੂਝਵਾਨ ਪੁਰਸ਼ਾਂ ਵਿਚੋਂ ਇਕ ਵੀ ਅਜਿਹਾ ਨਹੀਂ ਹੋਵੇਗਾ ਜਿਹੜਾ ਆਪਣੇ ਆਪ ਦੀ ਉਸਤਤੀ ਕਰੇ।'

ਇਕ ਹੋਰ ਉੱਘੇ ਵਿਦਵਾਨ Hare ਨੇ ਤਾਂ ਇਸ ਸੰਬੰਧੀ ਬੜੇ ਸਖ਼ਤ ਸ਼ਬਦਾਂ ਵਿਚ ਵਿਚਾਰ ਪ੍ਰਗਟਾਏ ਹਨ:

What hypocrite we seem to be when ever we talk of ourselves. Our words sound so humble while our hearts are so proud. ਅਰਥਾਤ ਜਦੋਂ ਅਸੀਂ ਨਿਰੋਲ ਆਪਣੀ ਬਾਬਤ ਹੀ ਗੱਲ ਕਰਦੇ ਹਾਂ ਤਾਂ ਅਸੀਂ ਕਿਤਨੇ ਕਪਟੀ ਅਤੇ ਮਕਾਰ ਦਿਖਾਈ ਦਿੰਦੇ ਹਾਂ। ਸਾਡੇ ਸ਼ਬਦ ਕਿੰਨੇ ਨੀਂਵੇ ਸੁਣਦੇ ਹਨ ਜਦੋਂ ਕਿ ਸਾਡੇ ਦਿਲ ਕਿੰਨੇ ਮਗਰੂਰ ਹੁੰਦੇ ਹਨ। "[246]

ਮਨੁੱਖ ਨੂੰ ਚਾਹੀਦਾ ਹੈ ਕਿ ਹਉਮੈ ਦੇ ਭਰਮ ਗੜ੍ਹ ਨੂੰ ਤੋੜ ਕੇ ਆਪ ਸਹੇੜੇ ਬੰਧਨਾਂ ਤੋਂ ਮੁਕਤ ਹੋਵੇ। ਗੁਰਬਾਣੀ ਨਿਮਰਤਾ, ਹਲੀਮੀ Humility ਦਾ ਪ੍ਰਵਚਨ ਕਰਦੀ ਹੈ। ਜਿੱਥੇ ਨਿਮਰਤਾ ਦਾ ਪ੍ਰਵੇਸ਼ ਹੋ ਜਾਂਦਾ ਹੈ ਉੱਥੇ ਹੰਕਾਰ ਮਿੱਟ ਜਾਂਦਾ ਹੈ ਤੇ ਜਦੋਂ ਅਭਿਮਾਨ ਦੀ ਹੋਂਦ ਟੁੱਟ ਗਈ ਤਾਂ ਨਫਰਤ, ਬਖ਼ੀਲੀ, ਈਰਖਾ, ਦਵੈਸ਼, ਨਿੰਦਿਆ ਤੇ ਕ੍ਰੋਧ ਦੀਆਂ ਭਾਵਨਾਵਾਂ ਸੁਤੇ-ਸਿੱਧ ਖ਼ਤਮ ਹੋ ਜਾਂਦੀਆਂ ਹਨ। ਇਸ ਤਰ੍ਹਾਂ ਨਿਮਰਤਾ ਸਾਰੀਆਂ ਚੰਗਿਆਈਆਂ ਦਾ ਨਿਚੋੜ ਬਣ ਜਾਂਦੀ ਹੈ:

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥[247]

ਆਪਸ ਕਉ ਜੋ ਜਾਣੈ ਨੀਚਾ॥
ਸੋਊ ਗਨੀਐ ਸਭ ਤੇ ਊਚਾ॥[248]

ਗੁਰਬਾਣੀ ਵਿਚ ਬਹੁਤ ਥਾਵਾਂ ਤੇ ਨਿਮਰਤਾ ਨੂੰ ਜੀਵਨ ਦਾ ਅਹਿਮ ਗੁਣ  ਮੰਨਣ ਤੇ ਜ਼ੋਰ ਦਿੱਤਾ ਗਿਆ ਹੈ। ਅਜਿਹਾ ਗੁਣ ਜਿਸ ਤੋਂ ਇਕ ਬੰਨੇ ਸਦਾਚਾਰਕਤਾ ਅਤੇ ਅਧਿਆਤਮਕਤਾ ਪ੍ਰਫੁਲਤ ਹੁੰਦੀ ਹੈ ਤੇ ਦੂਸਰੇ ਪਾਸੇ ਤਲਖ਼ ਅਤੇ ਤਨਾਓ ਭਰੇ ਮਾਹੌਲ ਤੋਂ ਛੁਟਕਾਰਾ ਮਿਲਦਾ ਹੈ। ਸਾਰੇ ਜੀਅ ਇਕ ਖੁਸ਼ਨੁਮਾ, ਖੁਸ਼ਗਵਾਰ ਤੇ ਉਸਾਰੂ ਮਾਹੌਲ਼ ਵਿਚ ਜਿਉਂਦੇ ਹਨ।

ਹੋਹੁ ਰੇਨ ਤੂੰ ਸਗਲ ਕੀ ਮੇਰੇ ਮਨ ਤਉ ਅਨਦ ਮੰਗਲ ਸੁਖ ਪਾਈਐ॥[249]
ਸਭ ਕੀ ਰੇਨੁ ਰਹੈ ਮਨੂਆ ਸਗਲੇ ਦੀਸਹਿ ਮੀਤ ਪਿਆਰੇ॥[250]

ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥
ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥[251]

ਅਨਦੁ ਗਰੀਬੀ ਸਾਧਸੰਗਿ ਜਿਤੁ ਪ੍ਰਭ ਚਿਤਿ ਆਏ॥[252]

'ਧਰ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ'[253] ਅਨੁਸਾਰ ਨਿਮਰ ਤੇ ਨਿਰਮਾਣਤਾ ਵਿਚ ਹੀ ਵਡਿਆਈ ਹੈ। ਉਹ ਸ਼ਖਸੀਅਤ ਹੀ ਅਸਲ ਵਿਚ ਉੱਚੀ-ਸੁੱਚੀ ਹੈ, ਸੁਹਿਰਦ ਅਤੇ ਹਰ ਦਿਲ ਅਜ਼ੀਜ਼ ਹੈ। ਅੱਜ ਦੇ ਗਲੋਬਲ ਸੰਸਾਰ ਵਿਚ ਨਿਮਰਤਾ ਤੇ ਹਲੀਮੀ ਨਾਲ ਹੀ ਵਾਤਾਵਰਨ ਨੂੰ ਚੰਗਾ ਤੇ ਖੁਸ਼ਗਵਾਰ ਬਣਾਇਆ ਜਾ ਸਕਦਾ ਹੈ। ਹਉਮੇ ਤੇ ਅਹੰਕਾਰ ਵਿਚ ਪਲਦੀਆਂ ਕੌਮਾਂ ਜਾਂ ਜਾਤੀਆਂ ਦਾ ਵਿਨਾਸ਼ ਹੋ ਜਾਂਦਾ ਹੈ। ਨਿਮਰ ਤੇ ਨਿਮਾਣੇ ਗੁਣਾਂ ਵਾਲੀਆਂ ਕੌਮਾਂ ਉਚਿਆਈਆਂ ਤੇ ਸਿਖਰਾਂ ਨੂੰ ਛੂਹੰਦੀਆਂ ਹਨ।

ਭਾਈ ਗੁਰਦਾਸ ਦੀ ਇਕ ਪਉੜੀ ਵਿਚ ਬੜਾ ਸੁੰਦਰ ਦ੍ਰਿਸ਼ਟਾਂਤ ਆਉਂਦਾ ਹੈ ਕਿ ਧਰਤੀ ਸਭ ਤਰ੍ਹਾਂ ਦੇ ਭਾਰ ਝੱਲ ਸਕਦੀ ਹੈ ਪਰ ਅਕ੍ਰਿਤਘਣਾਂ ਦਾ ਭਾਰ ਬਰਦਾਸ਼ਤ ਨਹੀਂ ਕਰ ਸਕਦੀ। ਉਹ ਲੋਕ ਜੋ ਦੂਸਰਿਆਂ ਦੀਆਂ ਮਿਹਰਬਾਨੀਆਂ ਤੇ ਪਰਉਪਕਾਰਾਂ ਨੂੰ ਭੁਲਾ ਦਿੰਦੇ ਹਨ।ਅਜਿਹੇ ਖੁਦਰਗਰਜ਼ ਇਨਸਾਨ ਪਸ਼ੂ ਸਮਾਨ ਹਨ। ਪਰਮਾਤਮਾ ਹੀ ਹੈ ਜੋ ਇਹਨਾਂ ਘਟੀਆ ਨਾਸ਼ੁਕਰਿਆਂ ਦੀ ਪ੍ਰਿਤਪਾਲਨਾ ਕਰਕੇ ਉਧਾਰ ਕਰਦਾ ਹੈ।

ਅਕਿਰਤਘਣਾ ਨੂੰ ਪਾਲਦਾ ਪ੍ਰਭੁ ਨਾਨਕ ਸਦਾ ਬਖਸਿੰਦੁ॥ [254]

ਅਕਿਰਤਘਣਾ ਕਾ ਕਰੇ ਉਧਾਰ॥ ਪ੍ਰਭੁ ਮੇਰਾ ਹੈ ਸਦਾ ਦਇਆਰੁ॥

ਸੰਤ ਜਨਾ ਕਾ ਸਦਾ ਸਹਾਈ॥ ਚਰਨ ਕਮਲ ਨਾਨਕ ਸਰਣਾਈ॥ [255]

ਨਰਕ ਘੋਰ ਬਹੁ ਦੁਖ ਘਣੇ ਅਕਿਰਤਘਣਾ ਕਾ ਥਾਨੁ॥ [256]

ਅਕਿਰਤਘਣੈ ਕਉ ਰਖੈ ਨ ਕੋਈ ਨਰਕ ਘੋਰ ਮਹਿ ਪਾਵਣਾ॥ [257]

ਗੁਰਬਾਣੀ ਤਾਂ ਸ਼ੁਕਰਾਨੇ ਦੀ ਪ੍ਰਵਿਰਤੀ ਪੈਦਾ ਕਰਦੀ ਹੈ ਜੋ ਇੱਜ਼ਤ ਮਾਣ ਤੇ ਪ੍ਰਤਾਪ ਦਾ ਮਾਰਗ ਹੈ। ਸਹਿਯੋਗ ਤੇ ਭਾਈਚਾਰੇ ਦੀ ਸਿਰਜਨਾ ਲਈ ਕ੍ਰਿਤਗਯ ਹੋਣਾ ਬਹੁਤ ਜ਼ਰੂਰੀ ਹੈ। ਇਹ ਮਾਨਵੀ ਗੁਣ ਮੋਹ ਤੇ ਪਿਆਰ ਦੀਆਂ ਤੰਦਾਂ ਨੂੰ ਮਜਬੂਤ ਕਰਦਾ ਹੈ। ਅੱਜ ਦੇ ਲੋਕ ਬਹੁਤ ਸਵਾਰਥੀ ਤੇ ਸਵੈ-ਕੇਂਦ੍ਰਿਤ ਹੋ ਗਏ ਹਨ। ਉਹ ਸਿਰਫ ਵਿਅਕਤੀਵਾਦ (individualism) ਵਿਚ ਅਤੇ ਨਿੱਜ ਦੀਆਂ ਸੀਮਾਵਾਂ ਤੱਕ ਹੀ ਸੀਮਿਤ ਹੋ ਗਏ ਹਨ। ਅੱਜ ਦੇ ਰਿਸ਼ਤਿਆਂ ਵਿਚ ਆ ਰਹੇ ਨਿਘਾਰ ਦਾ ਕਾਰਨ ਹੀ ਇਹ ਹੈ ਮਨੁੱਖ ਆਪਣਾ ਕਾਰਜ ਸਿੱਧ ਕਰ ਲੈਂਦਾ ਹੈ ਤੇ ਫੇਰ ਮੂੰਹ ਫੇਰ ਲੈਂਦਾ ਹੈ। ਅਜੋਕਾ ਅਕਿਰਤਘਣ ਵਿਅਕਤੀ ਕੇਵਲ ਆਪਣੀ ਸੁਆਰਥ-ਮਤਲਬਾਂ ਨੂੰ ਜਾਣਦਾ ਹੈ, ਉਹ ਉਪਕਾਰ ਲਈ ਕਦੇ ਉਪਰਾਲੇ ਨਹੀਂ ਕਰਦਾ। ਆਪਣੀ ਲੋੜ ਸਮੇਂ ਦੂਜਿਆਂ ਤੋਂ ਮਦਦ ਮੰਗਣ ਵਾਲਾ ਖੁਦ ਕਿਸੇ ਦੀ ਸਹਾਇਤਾ ਕਰਨ ਵੇਲੇ ਲੁਕਦਾ ਫਿਰਦਾ ਹੈ। ਅਕਿਰਤਘਣ ਆਪਣੀ ਮਤਲਬ ਪ੍ਰਵਿਰਤੀ ਕਾਰਨ ਇਹ ਮੰਨਦਾ ਹੈ ਕਿ ਆਪਣਾ ਉੱਲੂ ਸਿਧ ਕਰਨ ਲਈ ਉਹ ਬਹੁਤ ਸਿਆਣਾ ਤੇ ਬੁੱਧੀਮਾਨ ਹੈ। ਖੁਦ ਨੂੰ ਸਭ ਤੋਂ ਨਿਆਰਾ, ਉੱਚਾ ਤੇ ਸਿਆਣਾ ਸਮਝਦਾ ਹੋਇਆ ਕਿਸੇ ਦੂਸਰੇ ਨੂੰ ਆਪਣੀਆਂ ਨਜ਼ਰਾਂ ਹੇਠ ਨਹੀਂ ਲਿਆਉਂਦਾ। ਭਾਈ ਗੁਰਦਾਸ ਜੀ ਅਕ੍ਰਿਤਘਣ ਨੂੰ ਸਭ ਤੋਂ ਨੀਵੀਂ ਕੋਟੀ ਦਾ ਮਨੁੱਖ ਮੰਨਦੇ ਹੋਏ ਉਚਾਰਦੇ ਹਨ:

ਨਾ ਤਿਸ ਭਾਰੇ ਪਰਬਤਾਂ ਅਸਮਾਨ ਖਹੰਦੇ।
ਨਾ ਤਿਸ ਭਾਰੇ ਕੋਟ ਗੜ੍ਹ ਘਰ ਬਾਰ ਦਿਸੰਦੇ।
ਨਾ ਤਿਸ ਭਾਰੇ ਸਾਇਰਾਂ ਨਦ ਵਾਹ ਵਹੰਦੇ।
ਨਾ ਤਿਸ ਭਾਰੇ ਤਰੁਵਰਾਂ ਫਲ ਸੁਫਲ ਫਲੰਦੇ।
ਨਾ ਤਿਸ ਭਾਰੇ ਜੀਅ ਜੰਤ ਅਣਗਿਣਤ ਫਿਰੰਦੇ।
ਭਾਰੇ ਭੁਈਂ ਅਕ੍ਰਿਤਘਣ ਮੰਦੀ ਹੂ ਮੰਦੇ॥ [258]

ਅਕ੍ਰਿਤਘਣ ਮਨੁੱਖ ਦੀ ਤੁਲਨਾ ਪਸ਼ੂ ਨਾਲ ਕੀਤੀ ਗਈ ਹੈ:

ਸਭੁ ਜੀਉ ਪਿੰਡੁ ਮੁਖੁ ਨਕੁ ਦੀਆ ਵਰਤਣ ਕਉ ਪਾਣੀ॥
ਅੰਨੁ ਖਾਣਾ ਕਪੜੁ ਪੈਨਣੁ ਦੀਆ ਰਸ ਅਨਿ ਭੋਗਾਣੀ॥
ਜਿਨਿ ਦੀਏ ਸੁ ਚਿਤਿ ਨ ਆਵਈ ਪਸੂ ਹਉ ਕਰਿ ਜਾਣੀ॥[259]

ਅੱਜ ਜੇ ਮਨੁੱਖ ਗੁਰਬਾਣੀ ਦੀਆਂ ਲੀਹਾਂ ਤੇ ਚਲਦਿਆਂ ਹੋਇਆ ਕ੍ਰਿਤਗਯਤਾ ਨੂੰ ਧਾਰਨ ਕਰ ਲਵੇ ਤਾਂ ਨਿਸਚੈ ਹੀ ਵਿਅਕਤੀ ਅਤੇ ਸਮਾਜ ਵਿਚ ਸੁਹਿਰਦਤਾ ਪੈਦਾ ਹੋ ਸਕਦੀ ਹੈ।

ਕਿਸੇ ਦੀਆਂ ਕਮੀਆਂ ਜਾਂ ਉਕਾਈਆਂ ਨੂੰ ਨਜ਼ਰ-ਅੰਦਾਜ਼ ਕਰਨਾ ਅਤਿ ਮੁਸ਼ਕਲ ਹੈ ਪਰ ਜਿਨ੍ਹਾਂ ਪ੍ਰਾਣੀਆਂ ਦੀ ਇਹ ਆਦਤ ਬਣ ਜਾਂਦੀ ਹੈ ਉਹ ਪ੍ਰੇਮ ਪਿਆਰ ਦਾ ਬਹੁਤ ਸੁਖਾਂਵਾਂ ਵਾਤਾਵਰਨ ਸਿਰਜਣ ਦੇ ਸਮਰੱਥ ਹੁੰਦੇ ਹਨ। ਮਾਹੌਲ ਨੂੰ ਖੁਸ਼ਗਵਾਰ ਤੇ ਆਨੰਦਦਾਇਕ ਬਣਾਉਣ ਲਈ ਦੂਸਰਿਆਂ ਦੀ ਅਵੱਗਿਆ ਜਾਂ ਭੁੱਲਾਂ ਨੂੰ ਅਣਡਿੱਠ ਕਰਨ ਵਾਲੇ ਵੱਡੇ ਹਿਰਦੇ ਤੇ ਦੀਰਘ ਸੋਚ ਦੇ ਮਾਲਕ ਹੁੰਦੇ ਹਨ। ਇਹ ਸਥਿਤੀ ਅਤਿ ਸੁਖਾਂਵੀ ਹੈ:

ਖਿਮਾ ਗਹੀ ਸਚੁ ਸੰਚਿਓ ਖਾਇਓ ਅੰਮ੍ਰਿਤੁ ਨਾਮ॥[260]
ਖਿਮਾ ਸੀਗਾਰ ਕਰੇ ਪ੍ਰਭ ਖੁਸੀਆ
ਮਨਿ ਦੀਪਕ ਗੁਰ ਗਿਆਨੁ ਬਲਈਆ॥[261]

'ਹਮ ਨਹੀ ਚੰਗੇ ਬੁਰਾ ਨਹੀ ਕੋਇ'[262] ਅਤੇ 'ਪਰ ਕਾ ਬੁਰਾ ਨ ਰਾਖਹੁ ਚੀਤ ਤੁਮ ਕਉ ਦੁਖ ਨਹੀ ਭਾਈ ਮੀਤ'[263] ਅਨੁਸਾਰ ਖਿਮਾ ਕਰਨ ਦੇ ਗੁਣ ਨੂੰ ਗ੍ਰਹਿਣ ਕਰਨ ਵਾਲੇ ਮਨੁੱਖ ਵਿਚ ਸਭ ਪ੍ਰਕਾਰ ਦੇ ਦਵੈਤ, ਦੁਸ਼ਮਣੀਆਂ, ਈਰਖਾ, ਕ੍ਰੋਧ ਆਦਿ ਵਿਸ਼ੈਲੀਆਂ ਮੱਤਾਂ ਤੋਂ ਮੁਕਤੀ ਪ੍ਰਾਪਤ ਹੁੰਦੀ ਹੈ ਤੇ ਉਹ ਪੁਰਖ ਦਾ ਮਨ ਨਿਰਮਲ, ਸਵੱਛ ਤੇ ਸ਼ਾਂਤਚਿਤ ਹੋ ਜਾਂਦਾ ਹੈ। ਬਾਬਾ ਫਰੀਦ ਜੀ ਦੀ ਪਹੁੰਚ ਇਸ ਸੰਬੰਧੀ ਬੜੀ ਸਲਾਹੁਣਯੋਗ ਹੈ:

ਫਰੀਦਾ ਜੋ ਤੈ ਮਾਰਨਿ ਮੁਕੀਆ ਤਿਨ੍ਹਾ ਨ ਮਾਰੇ ਘੁੰਮਿ॥
ਆਪਨੜੇ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ॥[264]

ਗਲਤੀਆਂ ਨੂੰ ਮੁਆਫ ਕਰਨ ਦਾ ਅਹਿਸਾਸ ਜਿੱਥੇ ਮਨੁੱਖ ਦੇ ਵੱਡਪਣ ਤੇ ਸੁਹਿਰਦਤਾ ਦਾ ਸਬੂਤ ਹੈ ਉੱਥੇ ਗੁਨਾਹ ਜਾਂ ਅਪਰਾਧ ਨੂੰ ਕਰਨ ਵਾਲੇ ਦੇ ਮਨ ਵਿਚ ਵੀ ਸੁਤੇ-ਸਿੱਧ ਖਿਮਾ ਜਾਚਨਾ ਤੇ ਪਸਚਾਤਾਪ ਦੀ ਪ੍ਰਵਿਰਤੀ ਪੈਦਾ ਹੋ ਜਾਂਦੀ ਹੈ। ਗੁਰਬਾਣੀ ਦਾ ਗਿਆਨ ਸ਼ਾਸਤਰ ਖਿਮਾਵਾਨ ਦੀ ਪ੍ਰੋੜਤਾ ਕਰਦਾ ਹੋਇਆ ਉਚਾਰਦਾ ਹੈ:

ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ॥
ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ॥[265]

ਮਨੁੱਖ ਗਲਤੀਆਂ ਦਾ ਪੁਤਲਾ ਹੈ ਕਿਉਂਕਿ ਉਹ ਜਾਣੇ ਅਣਜਾਣੇ ਗਲਤੀਆਂ ਕਰਦਾ ਹੈ। ਪਰ ਜਿਹੜਾ ਪੁਰਸ਼ ਆਪਣੀਆਂ ਤਰੁਟੀਆਂ ਜਾਂ ਭੁੱਲਾਂ ਦਾ ਅਹਿਸਾਸ ਕਰਦਾ ਹੈ ਤੇ ਉਨ੍ਹਾਂ ਨੂੰ ਮੁੜ ਨਾ ਦਹੁਰਾਉਣ ਦਾ ਨਿਸਚਾ ਕਰਦਾ ਹੈ ਉਹ ਬਹੁਤ ਸਾਊ ਵਿਅਕਤੀ ਹੁੰਦਾ ਹੈ। ਅਜਿਹਾ ਵਿਅਕਤੀ ਪਸਚਾਤਾਪ ਕਰਦਾ ਹੋਇਆ ਅਰਜ਼ੋਈਆਂ ਕਰਦਾ ਹੈ ਕਿ ਮੁੜ ਉਹ ਆਪਣੀਆਂ ਭੁੱਲਾਂ ਨਾ ਦੁਹਰਾਵੇ।

ਮਨ ਕਰ ਕਬਹੁ ਨ ਹਰਿਗੁਨ ਗਾਇਓ
ਬਿਖਿਆ ਸਕਤ ਰਹਿਓ ਨਿਸ ਬਾਸਰ ਕੀਨੋ ਅਪਨੋ ਭਾਇਓ॥
ਗੁਰੁ ਉਪਦੇਸ ਸੁਨਿਓ ਨਹਿ ਕਾਨਨ ਪਰਦਾਰਾ ਲਪਟਾਇਓ॥
ਪਰਨਿੰਦਾ ਕਾਰਨ ਬਹੁ ਧਾਵਤ ਸਮਝਿਓ ਨਹਿ ਸਮਝਾਇਓ॥
ਕਹਾ ਕਹਉ ਮੈ ਅਪਨੀ ਕਰਨੀ ਜਿਹ ਬਿਧਿ ਜਨਮ ਗਵਾਇਓ॥
ਕਹਿ ਨਾਨਕ ਸਭ ਅਉਗਨ ਮੋਮੈ ਰਾਖ ਲੇਹੁ ਸਰਨਾਇਓ॥[266]

ਲੋਕਾਂ ਦਾ ਜੀਵਨ ਦੋਗਲਾ (Double Standards) ਹੈ। ਅੰਦਰੋਂ ਬਾਹਰੋਂ ਫ਼ਰਕ ਹੈ। ਅਜਿਹਾ ਬੜਾ ਘੱਟ ਦੇਖਣ ਵਿਚ ਆਉਂਦਾ ਹੈ ਕਿ ਬਾਹਰੋਂ ਵਧੀਆ ਦਿੱਸਦੇ ਮਨੁੱਖ ਮਨ ਦੇ ਵੀ ਖ਼ੂਬਸੂਰਤ ਹੋਣ। ਅਜਿਹੇ ਪੁਰਸ਼ ਦੂਸਰਿਆਂ ਨੂੰ ਤਾਂ ਧੋਖਾ ਦਿੰਦੇ ਹੀ ਹਨ ਆਪਣੇ ਆਪ ਤੇ ਆਪਣੀ ਜ਼ਮੀਰ ਨੂੰ ਵੀ ਧੋਖਾ ਦੇ ਰਹੇ ਹੁੰਦੇ ਹਨ। ਅਜੋਕੇ ਸਮਿਆਂ ਵਿਚ ਬਹੁਤੇ ਕਲਾਕਾਰ, ਬਾਬੇ, ਗੁਰੂ, ਨੇਤਾ, ਅਧਿਆਪਕ ਤੇ ਇੱਥੋਂ ਤੱਕ ਮਾਂ-ਪਿਉ ਵੀ ਦੂਹਰੇ ਮਿਆਰ ਰੱਖਦੇ ਹਨ। ਇਹੀ ਕਾਰਨ ਹੈ ਕਿ ਸਮਾਜ ਵਿਚ ਉੱਚ ਆਦਰਸ਼ਾਂ ਦੀ ਸਥਾਪਤੀ ਨਹੀਂ ਹੋ ਰਹੀ। ਗੁਰਬਾਣੀ ਮਨ ਬਚਨ ਤੇ ਕਰਮ ਦੀ ਏਕਤਾ ਤੇ ਜ਼ੋਰ ਦਿੰਦੀ ਹੈ ਕਿਉਂਕਿ ਸਮਾਜ ਦੀ ਅਗਵਾਈ ਲਈ ਅਜਿਹੇ ਮਾਰਗ-ਦਰਸ਼ਕ ਲੌੜੀਂਦੇ ਹਨ।ਗੁਰਬਾਣੀ ਵਿਚ ਜ਼ਿਕਰ ਆਉਂਦਾ ਹੈ:

ਕਰਤੂਤ ਪਸੂ ਕੀ ਮਾਨਸ ਜਾਤਿ ਲੋਕ ਪਚਾਰਾ ਕਰਹਿ ਦਿਨ ਰਾਤਿ॥
ਬਾਹਰ ਭੇਖ ਅੰਤਰਿ ਮਲ ਮਾਇਆ ਛਪਸ ਨਾਹਿ ਕਛੁ ਕਰੈ ਛਪਾਇਆ॥
ਬਾਹਰ ਗਿਆਨ ਧਿਆਨ ਇਸਨਾਨ ਅੰਤਰ ਬਿਆਪੈ ਲੋਭ ਸੁਆਨ॥
ਅੰਤਰ ਅਗਨਿ ਬਾਹਰ ਤਨ ਸੁਆਹ ਗਲ ਪਾਥਰ ਕੈਸੇ ਤਰੇ ਅਥਾਹ॥[267]

ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ॥
ਗੁਨਹੀ ਭਰਿਆ ਮੈ ਫਿਰਾ ਲੋਕ ਕਹੇ ਦਰਵੇਸ॥[268]

ਫਰੀਦਾ ਕੰਨਿ ਮੁਸਲਾ ਸੂਫਿ ਗਲ ਦਿਲ ਕਾਤੀ ਗੁੜ ਵਾਤਿ ॥
ਬਾਹਰ ਦਿਸੈ ਚਾਨਣਾ ਲੋਕ ਕਹੈ ਦਰਵੇਸ॥[269]

ਸਮੁੱਚੀ ਬਾਣੀ ਵਿਚ ਭੇਖ ਦਾ ਖੰਡਨ ਤਾਂ ਹੈ ਪਰ ਕਿਸੇ ਧਰਮ ਦੀ ਆਲੋਚਨਾ ਨਹੀਂ। ਗੁਰਬਾਣੀ ਤਾਂ ਅਜਿਹੇ ਲੋਕਾਂ ਨਾਲ ਅੰਤਰ-ਸੰਵਾਦ ਸਿਰਜਦੀ ਹੈ ਤਾਂ ਕਿ ਲੋਕ ਆਪਣੇ ਮਖੌਟਿਆਂ ਤੇ ਪਰਦਿਆਂ ਨੂੰ ਲਾਹ ਕੇ ਜ਼ਾਹਰ ਰੂਪ ਵਿਚ ਪੇਸ਼ ਆਉਣ। ਸੱਚ ਤੇ ਸਪਸ਼ਟ ਜਿਉਣ ਵਿਚ ਹੀ ਜ਼ਿੰਦਗੀ ਦੀ ਖ਼ੂਬਸੂਰਤੀ ਹੈ। ਧੋਖੇ ਤੇ ਭੇਖ ਜਾ ਢੌਂਗ ਮਨੁੱਖ ਨੂੰ ਵਕਤੀ ਖ਼ੁਸ਼ੀਆਂ ਤਾਂ ਦੇ ਸਕਦੇ ਹਨ ਪਰ ਲੰਬੇ ਸਮੇਂ ਵਿਚ ਸਹਾਈ ਨਹੀਂ ਬਣਦੇ। ਸੱਚ ਸਾਹਮਣੇ ਆਉਣ ਤੇ ਇਹ ਲੋਕ ਕਿਸੇ ਪਾਸੇ ਦੇ ਨਹੀਂ ਰਹਿੰਦੇ।

ਜ਼ਿੰਦਗੀ ਵਿਚ ਇਕ ਅਜਿਹੇ ਲੋਕਾਂ ਦੀ ਸ਼੍ਰੇਣੀ ਵੀ ਹੈ ਜੋ ਅਤਿ ਦਰਜੇ ਦੇ ਜ਼ਿੱਦੀ ਤੇ ਹਠੀ ਹਨ। ਅਜਿਹੇ ਮੂੜਮਤ ਲੋਕ ਸਦਾ ਘਾਟੇ ਵਿਚ ਰਹਿੰਦੇ ਹਨ। ਅਜਿਹੇ ਮਨਮੁਖਾਂ ਨੂੰ ਕੋਈ ਪੁਰਸ਼ ਨਹੀਂ ਸਵੀਕਾਰਦਾ। ਸਾਰੇ ਲੋਕ ਦੂਰ ਭੱਜਦੇ ਹਨ। ਅਜਿਹੇ ਲੋਕ ਆਪਣੇ ਨਿੱਜ ਜਾਂ ਅੰਹ ਨੂੰ ਸ਼ਾਂਤ ਕਰਨਾ ਚਾਹੁੰਦੇ ਹਨ ਪਰ ਉਨਾਂ ਦੀ ਜ਼ਿੰਦਗੀ ਵਿਚ ਚਿੰਤਾ ਤੇ ਅਸ਼ਾਂਤੀ ਬਣੀ ਰਹਿੰਦੀ ਹੈ। ਅਜਿਹੇ ਲੋਕਾਂ ਲਈ ਗੁਰਬਾਣੀ ਸੰਦੇਸ਼ ਕਰਦੀ ਹੈ:

ਮਨਹਠ ਕਿਨੈ ਨ ਪਾਇਆ ਕਰ ਉਪਾਵ ਥਕੇ ਸਭ ਕੋਇ॥[270]

ਮਨਹਠ ਕਰਮ ਕਮਾਂਵਦੇ ਨਿਤ ਨਿਤ ਹੋਹਿ ਖੁਆਰ॥
ਅੰਤਰ ਸ਼ਾਤਿ ਨ ਆਵਈ ਨ ਸਚ ਲਗੈ ਪਿਆਰ॥[271]

ਗੁਰਬਾਣੀ ਮਨੁੱਖ ਦੇ ਆਚਰਣ ਨੂੰ ਇਕ ਅਜਿਹੇ ਪਹਾੜ ਵਾਂਗ ਮਜ਼ਬੂਤ ਕਰਦਾ ਹੈ ਜਿਸ ਵਿਚ ਸੰਸਾਰ ਦੇ ਦੁੱਖ-ਤਕਲੀਫਾਂ ਦੇ ਝੱਖੜ ਜਾਂ ਬੇਅੰਤ ਖੁਸ਼ੀਆਂ ਦੇ ਨਜ਼ਾਰੇ ਉਸਨੂੰ ਉੱਚ-ਆਦਰਸ਼ਾਂ ਤੋਂ ਡੇਗ ਨਹੀਂ ਸਕਦੇ।'ਝਖੜ ਵਾਉ ਨ ਡੋਲਈ ਪਰਬਤ ਮੇਰਾਣੁ'[272] ਦੀ ਸਥਿਤੀ ਵਾਂਗ ਉਹ ਅਡੋਲ ਤੇ ਅਹਿਲ ਰਹਿੰਦਾ ਹੈ। ਗੁਰਬਾਣੀ ਅਜਿਹੇ ਮਨੁੱਖ ਦਾ ਮਾਡਲ ਪੇਸ਼ ਕਰਦੀ ਹੈ:

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥[273]

ਅਜਿਹਾ ਮਨੁੱਖ ਨਿੰਦਾ-ਚੁਗਲੀਆਂ, ਮਾਨ-ਅਪਮਾਨ ਤੋਂ ਉੱਪਰ ਉੱਠ ਕੇ ਜਿਉਂਦਾ ਹੈ। ਉਹ ਆਪਣੀਆਂ ਪ੍ਰਾਪਤੀਆਂ ਤੇ ਮਾਣ ਨਹੀਂ ਕਰਦਾ ਬਲਕਿ ਉੱਚ ਮੰਜ਼ਿਲਾਂ ਤੇ ਉੱਚੇ ਮੁਕਾਮਾਂ ਤੇ ਪਹੁੰਚ ਕੇ ਆਪਣੇ ਫਰਜ਼ਾਂ ਨੂੰ ਸੇਵਾ ਭਾਂਤੀ ਨਿਭਾਉਂਦਾ ਹੈ। ਗੁਰਬਾਣੀ ਅਜਿਹੀ ਸੋਚ ਪੈਦਾ ਕਰਦੀ ਹੈ:

ਜੋ ਰਾਜ ਦੇਹਿ ਤ ਕਵਨ ਬਡਾਈ॥
ਜੋ ਭੀਖ ਮੰਗਾਵਹਿ ਤ ਕਿਆ ਘਟਿ ਜਾਈ॥[274]

ਗੁਰਬਾਣੀ ਵਿਚ 'ਸੰਤੋਖ' ਤੇ 'ਸੰਜਮ' ਦੀ ਬਿਰਤੀਆਂ ਦਾ ਬੜਾ ਪ੍ਰਭਾਵਸ਼ਾਲੀ ਰੂਪ ਵਿਚ ਜ਼ਿਕਰ ਆਉਂਦਾ ਹੈ। ਸੰਤੋਖ ਮਨ ਨੂੰ ਠਹਿਰਾਉ ਤੇ ਸ਼ਾਂਤੀ ਬਖਸ਼ਦਾ ਹੈ। ਅਜਿਹਾ ਮਨੁੱਖ ਮਿਹਨਤ ਤੇ ਇਮਾਨਦਾਰੀ ਨਾਲ ਕਿਰਤ-ਕਰਮ ਕਰਦਿਆਂ ਪ੍ਰਸੰਨ ਰਹਿੰਦਾ ਹੈ। ਉਹ ਮੁਕਾਬਲੇ ਜਾਂ ਹੋਰਨਾਂ ਦੀਆਂ ਦੌਲਤਾਂ ਦੇ ਪਾਸਾਰੇ ਤੇ ਪਦਾਰਥਾਂ ਦੀ ਹੋੜ ਵਿਚ ਆਪਣੇ

ਆਪ ਨੂੰ ਜਾਂ ਕਿਸੇ ਨੂੰ ਗਿਲੇ ਸ਼ਿਕਵੇ ਜਾਂ ਜ਼ਿੰਮੇਵਾਰ ਨਹੀਂ ਠਹਿਰਾਉਂਦਾ।ਬਾਬਾ ਫਰੀਦ ਜੀ 'ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ'[275] ਦੇ ਸੰਚਾਰ ਨਾਲ ਸੰਜਮ, ਸਬਰ ਤੇ ਠਹਿਰਾਓ ਦਾ ਸੰਦੇਸ਼ ਦਿੰਦੇ ਹਨ। ਪਦਾਰਥਾਂ ਦਾ ਕੋਈ ਅੰਤ ਨਹੀਂ। ਲੋਕਾਂ ਦੀ ਅਮੀਰੀ ਦੀ ਕੋਈ ਥਾਹ ਨਹੀਂ। ਗੁਰਬਾਣੀ ਦ੍ਰਿੜ ਕਰਦੀ ਹੈ ਕਿ ਜੇ ਸੰਜਮ, ਸਬਰ ਤੇ ਸੰਤੋਖ ਨਹੀਂ ਤਾਂ ਪਦਾਰਥਾਂ ਤੇ ਧਨ ਦੀ ਬਹੁਤਾਤ ਵਿਚ ਵੀ ਮਨੁੱਖ ਨੂੰ ਟੇਕ ਜਾਂ ਸ਼ਾਂਤੀ ਨਹੀਂ ਮਿਲਦੀ।

ਅਨਿਕ ਭੋਗ ਬਿਖਿਆ ਕੇ ਕਰੈ॥ ਨਹ ਤ੍ਰਿਪਤਾਵੈ ਖਪਿ ਖਪਿ ਮਰੈ॥
ਬਿਨਾ ਸੰਤੋਖ ਨਹੀ ਕੋਊ ਰਾਜੈ॥ ਸੁਪਨ ਮਨੋਰਥ ਬ੍ਰਿਥੇ ਸਭ ਕਾਜੈ॥[276]

ਜਦੋਂ ਮਨੁੱਖ ਸਬਰ, ਸੰਤੋਖੀ ਤੇ ਧੀਰਜਵਾਨ ਬਣ ਗਿਆ ਤਾਂ ਉਸਨੂੰ ਦੁਨੀਆਂ ਦੇ ਸਾਰੇ ਧਨ ਹੇਚ ਜਾਂ ਬੇਮਹਿਨੇ ਲੱਗਣਗੇ। ਇਸੇ ਕਰਕੇ ਗੁਰਬਾਣੀ 'ਸਤੁ ਸੰਤੋਖ ਵੀਚਾਰੋ' ਦੀ ਪ੍ਰਵਿਰਤੀ ਨੂੰ ਧਾਰਨ ਕਰਨ ਦਾ ਉਪਦੇਸ਼ ਦਿੰਦੀ ਹੈ।

ਸਤੁ ਸੰਤੋਖੁ ਸਦਾ ਸਚੁ ਪਲੈ ਸਚੁ ਬੋਲੈ ਪਿਰ ਭਾਏ॥
ਨਾਨਕ ਵਿਛੁੜਿ ਨਾ ਦੁਖੁ ਪਾਏ ਗੁਰਮਤਿ ਅੰਕਿ ਸਮਾਏ॥[277]

ਗੁਰਬਾਣੀ ਨੇ ਮਨੁੱਖ ਦੇ ਦੁੱਖਾਂ ਤੇ ਸਮੱਸਿਆਵਾਂ ਦਾ ਕਾਰਨ 'ਜਪੁ ਤਪੁ ਸੰਜਮੁ ਧਰਮੁ ਨ ਕਮਾਇਆ' ਦੇ ਫ਼ੁਰਮਾਨ ਨਾਲ ਸਿੱਧ ਕਰਨ ਦਾ ਉਪਰਾਲਾ ਕੀਤਾ ਹੈ। ਦੁੱਖਾਂ ਦਾ ਇਕ ਵੱਡਾ ਕਾਰਨ ਗਿਆਨ ਇੰਦਰੀਆਂ ਦੀ ਭਟਕਣਾ ਤੋਂ ਹੈ। ਗੁਰਬਾਣੀ ਵਿਚ ਪੇਸ਼ ਸੰਜਮ ਦੀ ਅੰਤਰ ਦ੍ਰਿਸ਼ਟੀ ਤੋਂ ਭਾਵ ਗਿਆਨ ਇੰਦਰੀਆਂ ਨੂੰ ਕਾਬੂ ਕਰਨ ਤੋਂ ਹੀ ਹੈ। ਮਨੁੱਖ ਦੀ ਭਟਕਣਾ ਦਾ ਇਕ ਮਾਤਰ ਕਾਰਨ ਲਿੰਗਿਕ ਮਨੋਭਾਵਾਂ ਦਾ ਵਿਗਾੜ ਹੈ। ਗੁਰਬਾਣੀ ਲਿੰਗਿਕ ਮਨੋਭਾਵਾਂ ਦਾ ਵਿਹਾਰਕ ਰੂਪ ਗ੍ਰਹਿਸਥ ਨੂੰ ਮੰਨਦੀ ਹੈ। ਅੱਜ ਫਰਾਇਡ ਤੇ ਹੋਰ ਮਨੋਵਿਗਿਆਨੀਆਂ ਨੇ ਮਨੁੱਖ ਦੀ ਇਸ ਪ੍ਰਵਿਰਤੀ ਬਾਰੇ ਗੰਭੀਰ ਚਰਚਾ ਕੀਤੀ ਹੈ। ਪਰ ਗੁਰਬਾਣੀ ਨੇ ਸਦੀਆਂ ਪਹਿਲਾਂ ਗ੍ਰਹਿਸਥ ਦੇ ਆਦਰਸ਼ਕ ਮਾਡਲ ਦੁਆਰਾ ਮਨੁੱਖ ਦੀਆਂ ਬਿਰਤੀਆਂ ਨੂੰ ਸੰਜਮ ਵਿਚ ਰਹਿਣ ਦਾ ਨੁਕਤਾ ਦਿੱਤਾ। ਗੁਰਬਾਣੀ ਨੇ 'ਏਕ ਜੋਤਿ ਦੁਇ ਮੂਰਤੀ' ਦਾ ਆਦਰਸ਼ਕ ਮਾਡਲ ਪ੍ਰਦਾਨ ਕਰਕੇ ਪਤੀ-ਪਤਨੀ ਦੇ ਇਸ ਰਿਸ਼ਤੇ ਨੂੰ ਧਨ-ਪਿਰ ਦੇ ਦਰਜੇ ਦੁਆਰਾ ਪ੍ਰਗਟ ਕੀਤਾ। ਗੁਰਮਤਿ ਮਰਿਆਦਾ ਵਿਆਹ ਬਾਹਰੀ ਰਿਸ਼ਤਿਆਂ ਦਾ ਵਿਰੋਧ ਕਰਦੀ ਤਾੜਨਾੜਾਂ ਭਰਪੂਰ ਸੇਧਾਂ ਦਿੰਦੀ ਹੈ:

ਘਰ ਕੀ ਨਾਰਿ ਤਿਆਗੈ ਅੰਧਾ॥ ਪਰ ਨਾਰੀ ਸਿਉ ਘਾਲੈ ਧੰਧਾ॥
ਜੈਸੇ ਸਿੰਬਲੁ ਦੇਖਿ ਸੂਆ ਬਿਗਸਾਨਾ॥ਅੰਤ ਕੀ ਬਾਰ ਮੂਆ ਲਪਟਾਨਾ॥[278]

ਬੇਸੁਆ ਕੇਰੇ ਪੂਤ ਜਿਉ ਪਿਤਾ ਨਾਮੁ ਤਿਸੁ ਜਾਇ॥
ਹਰਿ ਹਰਿ ਨਾਮੁ ਨ ਚੇਤਨੀ ਕਰਤੈ ਆਪਿ ਖੁਆਇ॥[279]

ਪਰ ਧਨ ਪਰ ਦਾਰਾ ਪਰਹਰੀ॥
ਤਾ ਕੈ ਨਿਕਟਿ ਬਸੈ ਨਰਹਰੀ॥[280]

ਖਸਮ ਮਰੈ ਤਉ ਨਾਰਿ ਨ ਰੋਵੈ॥ਉਸੁ ਰਖਵਾਰਾ ਅਉਰੋ ਹੋਵੈ॥
ਰਖਵਾਰੇ ਕਾ ਹੋਇ ਬਿਨਾਸ॥ਆਗੈ ਨਰਕ, ਈਹਾ ਭੋਗ ਬਿਲਾਸ॥
ਏਕ ਸੁਹਾਗਨਿ ਜਗਤ ਪਿਆਰੀ॥ਸਗਲੇ ਜੀਅ ਜੰਤ ਕੀ ਨਾਰੀ॥
ਸੋਹਾਗਣਿ ਗਲਿ ਸੋਹੈ ਹਾਰੁ॥ਸੰਤ ਕਉ ਬਿਖੁ, ਬਿਗਸੈ ਸੰਸਾਰੁ॥
ਕਰਿ ਸੀਗਾਰੁ ਬਹੈ ਪਖਿਆਰੀ॥ਸੰਤ ਕੀ ਠਿਠਕੀ ਫਿਰੈ ਬਿਚਾਰੀ॥[281]

ਸੁਣਿ ਸੁਣਿ ਕਾਮ ਗਹੇਲੀਏ ਕਿਆ ਚਾਲਹਿ ਬਾਹ ਲੁਡਾਇ॥
ਆਪਣਾ ਪਿਰੁ ਨ ਪਛਾਣਹੀ ਕਿਆ ਮੁਹੁ ਦੇਸਹਿ ਜਾਇ॥[282]

ਧ੍ਰਿਗ ਜੀਵਣੁ ਦੋਹਾਗਣੀ ਮੁਠੀ ਦੂਜੇ ਭਾਇ॥
ਕਲਰ ਕੇਰੀ ਕੰਧ ਜਿਉ ਅਹਿਨਿਸ ਕਿਰਿ ਢਹਿ ਪਾਇ॥[283]

ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹ ਪਰ ਗ੍ਰਿਹੁ॥[284]
ਪਰ ਤ੍ਰਿਅ ਰਾਵਣਿ ਜਾਹਿ ਸੇਈ ਤਾ ਲਾਜੀਅਹਿ॥[285]

ਸੋ ਉਪਰੋਕਤ ਤੁੱਕਾਂ ਤੋਂ ਸਪਸ਼ਟ ਹੁੰਦਾ ਹੈ ਕਿ ਗੁਰਬਾਣੀ ਵਿਚ ਇਸ ਵਿਭਚਾਰ ਤੋਂ ਗੁਰੇਜ਼ ਕਰਨ ਦੀਆਂ ਸਖਤੀ ਭਰੀਆਂ ਚਿਤਾਵਨੀਆਂ ਹਨ। ਵਿਆਹ ਬਾਹਰੀ ਰਿਸ਼ਤੇ ਬਣਾਉਣ ਵਾਲੇ ਇਸਤਰੀਆਂ-ਪੁਰਸ਼ਾਂ ਦਾ ਜੀਵਨ ਲਾਹਨਤ ਤੇ ਸ਼ਰਮ ਭਰਿਆ ਹੋਣ ਦੇ ਨਾਲ ਨਾਲ ਦੁਸ਼ਵਾਰੀਆਂ ਤੇ ਤਣਾਵ ਭਰਪੂਰ ਵੀ ਹੁੰਦਾ ਹੈ। ਗੁਰਮਤਿ ਦਾ ਇਹ ਆਦਰਸ਼ ਬੜੀ ਸਕਿਰਿਆਸ਼ੀਲ ਪਹੁੰਚ ਦ੍ਰਿਸ਼ਟੀ ਰੱਖਦਾ ਹੈ। ਗੁਰਮਤਿ ਜਿੱਥੇ ਸਮੁੱਚੇ ਵਿਸ਼ਵ ਵਿਚ ਪਰਸਪਰ ਸਹਿਯੋਗ ਅਤੇ ਸਰੋਕਾਰਾਂ ਨਾਲ ਸਹਿਹੋਂਦ, ਏਕਤਾ, ਭਰਾਤਰੀਅਤਾ ਵਿਚ ਵਿਚਰਨ ਦੀ ਵਿਵਹਾਰਕਤਾ ਸਿਖਾਂਦੀ ਹੈ ਉੱਥੇ, ਸਮਾਜ ਵਿਚ ਇਸਤਰੀ ਮਰਦ ਦੇ ਸੰਤੁਲਿਤ ਰਿਸ਼ਤੇ ਦੀ ਤਰਕਸ਼ੀਲ ਢੰਗ ਨਾਲ ਨਿਸ਼ਾਨਦੇਹੀ ਵੀ ਕਰਦੀ ਹੈ ਕਿਉਂਜੋ ਸੰਤੁਲਿਤ ਪਰਿਵਾਰ ਦੀ ਬੁਨਿਆਦ ਹੀ ਸੰਤੁਲਿਤ ਸਮਾਜ ਤੇ ਸੰਤੁਲਿਤ ਭਾਈਚਾਰੇ ਦਾ ਆਧਾਰ ਹੋਣ ਦੀ ਸਮਰੱਥਾ ਰੱਖਦੀ ਹੈ। ਅਜੋਕਾ ਵਿਸ਼ਵ ਟੁੱਟਦੇ-ਤਿੜਕਦੇ ਰਿਸ਼ਤਿਆਂ ਦੀ ਮਾਰ ਹੇਠ ਹੈ। ਵਿਆਹ-ਬਾਹਰੇ ਰਿਸ਼ਤੇ Extra Martial Relations ਨੇ ਘਰ-ਸੰਸਾਰ ਦਾ ਸੰਕਲਪ ਤੋੜ ਦਿੱਤਾ ਹੈ ਅਤੇ ਇਸ ਪੀੜਾ ਨੇ ਮਨੁੱਖ ਦਾ ਸਾਰਾ ਸੁੱਖ, ਸ਼ਾਂਤੀ ਤੇ ਚੈਨ ਖੋ ਕੇ ਪੱਲੇ ਸਿਰਫ਼ ਨਿਰਾਸਤਾ, ਸੁੰਨਾਪਨ, ਇਕਾਂਤ, ਭਟਕਣਾ ਤੇ ਵਿਰਾਨੀ ਹੀ ਪੈਦਾ ਕੀਤੀ ਹੈ। ਜਦੋਂ ਜ਼ਿੰਦਗੀ ਵਿਚੋਂ ਵਫ਼ਾਦਾਰੀਆਂ ਤੇ ਵਿਸ਼ਵਾਸ ਨਫ਼ੀ ਹੋ ਜਾਣ ਤਾਂ ਵਕਤੀ ਖੁਸ਼ੀਆਂ ਵੀ ਚਿਰਾਂ ਤੱਕ ਸਾਥ ਨਹੀਂ ਨਿਭਾਉਂਦੀਆਂ। ਇਹੋ ਜਿਹਾ ਕਾਮੀ ਮਨੁੱਖ ਆਪਣਾ ਮਾਨਸਕ

ਮਨੋਬਲ ਗੁਆ ਕੇ ਢਹਿੰਦੀਆਂ ਕਲਾ ਵਿਚ ਵਿਚਰਦਾ ਨਸ਼ਿਆਂ ਦਾ ਸਹਾਰਾ ਲੈਂਦਾ ਹੈ ਅਤੇ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਬਣਦਾ ਹੈ। ਇਨ੍ਹਾਂ ਸੰਬੰਧਾਂ ਤੋਂ ਕਈ ਬਿਮਾਰੀਆਂ ਜਿਵੇਂ ਆਤਸ਼, (Siphlis), ਉਪਦੰਸ Updans, ਸੁਜਾਕ (Ghanoria) ਆਦਿ ਹੁੰਦੀਆਂ ਹਨ। ਸਮੁੱਚਾ ਵਿਸ਼ਵ ਏਡਜ਼ Aids ਦੀ ਪ੍ਰਭਾਵ ਹੇਠ ਹੈ। ਜਿਸ ਦਾ ਕੋਈ ਇਲਾਜ ਨਹੀਂ। ਅੱਜ ਏਡਜ਼ ਦੇ ਵੱਧਦੇ ਪ੍ਰਕੋਪ ਤੇ ਠੱਲ ਪਾਉਣ ਲਈ ਗੁਰਬਾਣੀ ਦੀਆਂ ਇਨਾਂ ਹਦਾਇਤਾਂ ਤੇ ਗੰਭੀਰਤਾ ਨਾਲ ਵਿਚਾਰ ਕਰਨੀ ਚਾਹਿਦੀ ਹੈ। ਸਦਾਚਾਰਕ ਸੰਜਮਮਈ ਜੀਵਨ ਹੀ ਇਸ ਬਿਮਾਰੀ ਤੋਂ ਨਿਜਾਤ ਦਵਾ ਸਕਦਾ ਹੈ। ਗੁਰਬਾਣੀ ਦਾ ਨਿਰਣਾ ਸਾਫ਼ ਹੈ ਕਿ ਜੇਕਰ ਜੀਵ ਨੇ ਆਪਣੇ ਆਪ ਨੂੰ ਕਾਮ ਵਾਸ਼ਨਾ ਤੋਂ ਨਹੀਂ ਬਚਾਇਆ, ਇੰਦਰੀਆਂ ਨੂੰ ਮੰਦੇ ਕਰਮ ਤੋਂ ਨਹੀਂ ਵਰਜਿਆ ਅਤੇ ਆਚਰਨ ਉੱਚਾ ਨਹੀਂ ਰੱਖਿਆ ਤਾਂ ਉਸ ਦਾ ਜੀਵਨ ਆਪਣੇ ਸਰੀਰ ਵਿੱਚ ਹੀ ਲੱਕੜੀ ਦੀ ਤਰ੍ਹਾਂ ਕੁਰਖ਼ਤ ਹੋ ਜਾਵੇਗਾ। ਸੋ ਗੁਰਬਾਣੀ ਵਿਚ ਸੰਜਮ ਦਾ ਇਹ ਪਾਸਾਰ ਵਿਗਿਆਨਕ ਦ੍ਰਿਸ਼ਟੀਕੋਣ ਦਾ ਲਖਾਇਕ ਹੈ ਅਤੇ ਗੁਰਮਤਿ ਦੇ ਹਰ ਮਸਲੇ ਤਕ ਵਿਗਿਆਨਕ ਪਹੁੰਚ ਨੂੰ ਪ੍ਰਸਤੁਤ ਕਰਦਾ ਹੈ।

ਤਨਿ ਦੇ ਸੰਜਮ ਦੇ ਨਾਲ-ਨਾਲ ਜੀਭ ਦਾ ਸੰਜਮ ਬੜਾ ਜ਼ਰੂਰੀ ਹੈ। ਲੋਕ ਸੁਆਦਾਂ ਵਿਚ ਆਪਣਾ ਜੀਵਨ-ਅਵਧੀ ਅੱਧੀ ਕਰ ਲੈਂਦੇ ਹਨ। ਗੁਰਮਤਿ ਅਜਿਹੇ ਖਾਣ-ਪੀਣ ਦੀ ਨਿਖੇਧੀ ਕਰਦਾ ਹੈ ਜੋ ਸਾਡੀ ਮਤਿ, ਮਨਿ, ਬੁੱਧੀ ਤੇ ਸਰੀਰ ਨੂੰ ਤਬਾਹੀ ਤੇ ਬਰਬਾਦੀ ਵਲ ਲੈ ਜਾਂਦਾ ਹੈ। ਗੁਰਬਾਣੀ ਆਦਰਸ਼ਕ ਸੰਜਮਮਈ ਖੁਸ਼ਹਾਲ ਜੀਵਨ ਜਿਉਣ ਦੀ ਦਿਸ਼ਾ ਵਿਚ ਅਗਰਸਰ ਹੈ ਤੇ ਉਸ ਦੀ ਇਕ ਅੰਤਰ-ਦ੍ਰਿਸ਼ਟੀ ਖਾਣ-ਪੀਣ ਦੇ ਸੰਜਮ ਨੂੰ ਬੱਲ ਦਿੰਦੀ ਜੀਵਨ ਨੂੰ ਸਿਹਤਮੰਦ ਤੇ ਅਰੋਗ ਬਣਾਉਣਾ ਲੋਚਦੀ ਹੈ। ਗੁਰੂ ਨਾਨਕ ਸਾਹਿਬ ਨੇ ਸਦੀਆਂ ਪਹਿਲਾ ਸਵੱਸਥ ਸਰੀਰ ਦੀ ਹੋਂਦ ਲਈ ਆਪਣੀ ਅਵਾਜ਼ ਬੁਲੰਦ ਕੀਤੀ:

ਬਾਬਾ ਹੋਰ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ [286]

'ਆਸਾ ਦੀ ਵਾਰ' ਵਿਚ ਵੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ:

ਅਲੁ ਮਲੁ ਖਾਈ ਸਿਰਿ ਛਾਈ ਪਾਈ ॥
ਮੂਰਖਿ ਅੰਧੈ ਪਤਿ ਗਵਾਈ ॥ [287]

ਭਗਤ ਕਬੀਰ ਜੀ ਦਾ ਫ਼ੁਰਮਾਨ ਹੈ:

ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ ॥
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ ॥ [288]

ਅਜੋਕੇ ਸਮਿਆਂ ਵਿਚ ਬਹੁ ਭਾਂਤੀ ਜੰਕ-ਫੂਡ ਅਤੇ ਹੋਰ ਖਾਧ-ਪਦਾਰਥ ਪ੍ਰਚਲਿਤ ਹੋਏ ਹਨ ਜੋ ਬਿਮਾਰੀਆਂ ਦਾ ਕਾਰਨ ਹਨ। ਡਾਕਟਰ ਵੀ ਸੰਜਮ ਵਿਚ ਖਾਣ ਦੀ ਹਦਾਇਤ ਦਿੰਦੇ ਨਿਰਦੇਸ਼ ਦਿੰਦੇ ਹਨ ਕਿ ਜੇ ਭੋਜਨ ਦਵਾਈ ਵਾਂਗ ਖਾਵਾਂਗੇ ਤਾਂ ਦਵਾਈ ਦੀ ਜ਼ਰੂਰਤ ਹੀ ਨਹੀਂ ਰਹੇਗੀ। ਗੁਰਬਾਣੀ 'ਅੰਨੁ ਨ ਖਾਇਆ ਸਾਦੁ ਗਵਾਇਆ' ਦਾ ਪ੍ਰਵਚਨ ਕਰਦੀ ਨਾ ਤਾਂ ਵਰਤ ਰੱਖ ਕੇ ਜਾਂ ਭੁੱਖੇ ਰਹਿਣ ਦੀ ਹਮਾਇਤ ਕਰਦੀ ਹੈ ਅਤੇ ਨਾਂ ਹੀ ਛੱਤੀ ਪ੍ਰਕਾਰ ਦੇ ਭੋਜਨਾਂ ਦੇ ਸੇਵਨ ਦਾ ਉਪਦੇਸ਼ ਕਰਦੀ ਹੈ। ਇਸ ਵਿਚ ਤਾਂ 'ਰੁਖੀ ਸੁਖੀ ਖਾਇ ਕੇ ਠੰਡਾ ਪਾਣੀ ਪੀਉ' ਦਾ ਸ਼ਕਤੀਸ਼ਾਲੀ ਸੰਜਮਮਈ ਸੰਵਾਦ ਪੈਦਾ ਹੁੰਦਾ ਹੈ।

ਪ੍ਰਾਚੀਨ ਸਮਿਆਂ ਤੋਂ ਹੀ ਮਨੁੱਖ ਅੰਦਰ ਨਸ਼ਿਆਂ ਦਾ ਰੁਝਾਨ ਰਿਹਾ ਹੈ। ਦੇਖਣ ਵਿਚ ਆਇਆ ਹੈ ਕਿ ਅਜੋਕਾ ਮਨੁੱਖ ਵਧੇਰੇ ਰੂਪ ਵਿਚ ਨਸ਼ਿਆਂ ਦੀ ਗ੍ਰਿਫ਼ਤ ਵਿਚ ਆਪਣਾ ਜੀਵਨ ਬਿਤਾ ਰਿਹਾ ਹੈ।ਅੱਜ ਇਕੀਵੀਂ ਸਦੀ ਵਿਚ ਨਸ਼ਿਆਂ ਦੀ ਭਰਮਾਰ ਹੋ ਗਈ ਹੈ। ਭੁੱਕੀ, ਹੈਰੋਇਨ, ਤੰਬਾਕੂ, ਕੋਕੀਨ, ਬਰਾਊਨ ਸ਼ੂਗਰ ਆਦਿ ਕਈ ਡਰਗਸ ਮਾਰਕਿਟ ਵਿਚ ਮੌਜੂਦ ਹਨ ਜੋ ਮਨੁੱਖ ਨੂੰ ਘੁਣ ਵਾਂਗ ਚੰਬੜ ਗਏ ਹਨ ਤੇ ਉਸ ਦੇ ਜੀਵਨ ਨੂੰ ਖੋਖਲਾ ਕਰ ਰਹੇ ਹਨ। ਨਸ਼ਿਆਂ ਨੂੰ ਠੱਲ ਪਾਉਣ ਲਈ ਗੁਰਬਾਣੀ ਸੰਕੇਤ ਕਰਦੀ ਹੈ:

ਜਿਤ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੈ ਖਾਹਿ॥
ਜਿਤੁ ਪੀਤੈ ਖਸਮ ਵਿਸਰੈ ਦਰਗਹ ਮਿਲੈ ਸਜਾਇ॥
ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥ [289]

ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ॥
ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥
ਜਿਤੁ ਪੀਤੈ ਖਸਮ ਵਿਸਰੈ ਦਰਗਹ ਮਿਲੈ ਸਜਾਇ॥
ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥ [290]

ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ॥ [291]

ਨਸ਼ੇ ਇਨਸਾਨ ਨੂੰ ਇਨਸਾਨੀਅਤ ਤੋਂ ਹੇਠਾਂ ਗਿਰਾ ਦਿੰਦੇ ਹਨ; ਸੋਚਣ-ਸ਼ਕਤੀ ਖ਼ਤਮ ਹੋ ਜਾਂਦੀ ਹੈ ਅਤੇ ਬੁੱਧੀ ਭ੍ਰਿਸ਼ਟ ਜਾਂਦੀ ਹੈ। ਭਿਆਨਕ ਬਿਮਾਰੀਆਂ ਨਾਲ ਸਰੀਰ ਨਿਰਬਲ ਹੋ ਜਾਂਦਾ ਹੈ। ਆਪਣੇ ਪਰਾਏ ਦੀ ਪਛਾਣ ਖ਼ਤਮ ਹੋ ਜਾਂਦੀ ਹੈ।ਵਿਸ਼ੇ-ਵਿਕਾਰਾਂ ਵਿਚ ਖਚਿੱਤ ਨਸ਼ੇੜੀ ਮਨੁੱਖ ਇਕ ਝੱਲਪੁਣਾ ਵਾਲਾ ਜੀਵਨ ਬਤੀਤ ਕਰਦਾ ਘਰ-ਬਾਹਰ ਕਲੇਸ਼ ਪਾਉਂਦਾ

ਹੈ। ਇਸੇ ਲਈ ਭਗਤ ਰਵਿਦਾਸ ਜੀ ਫ਼ੁਰਮਾਨ ਕਰਦੇ ਹਨ ਕਿ ਸ਼ਰਾਬ ਭਾਵੇਂ ਗੰਗਾ ਜਲ ਤੋਂ ਹੀ ਕਿਉਂ ਨਾ ਬਣੀ ਹੋਵੇ, ਅਤਿਅੰਤ ਭ੍ਰਿਸ਼ਟ ਅਤੇ ਨਾ ਪੀਣ ਯੋਗ ਵਸਤੂ ਹੈ ਅਤੇ ਜਵਿਨ ਵਿਚ ਵਿਕਾਰਾਂ ਦਾ ਕਾਰਨ ਹੈ।

ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ ਪਾਨੰ॥
ਸੁਰਾ ਅਪਵਿਤ੍ਰ ਨਤ ਅਵਰ ਜਲ ਰੇ ਸੁਰਸੁਰੀ ਮਿਲਤ ਨਹਿ ਹੋਇ ਆਨੰ॥ [292]

ਗੁਰਬਾਣੀ ਮਨੁੱਖ ਨੂੰ 'ਹੋਛਾ ਮਦੁ' ਛੱਡ ਕੇ ਆਪਣੇ ਜੀਵਨ ਨੂੰ ਸਫਲਾ ਕਰਨ ਦਾ ਰਾਹ ਦਿਖਾਉਂਦੀ ਹੈ ਕਿਉਂਕਿ ਤੰਦਰੁਸਤ ਤੇ ਸਿਹਤਯਾਬ ਵਿਅਕਤੀ ਹੀ ਵਿਕਾਸ ਦੀਆਂ ਮੰਜ਼ਲਾਂ ਨੂੰ ਛੂਹ ਸਕਦਾ ਹੈ।

'ਜਪੁਜੀ ਸਾਹਿਬ' ਦੀ 38ਵੀ ਪਉੜੀ ਵਿਚ ਨੈਤਿਕਤਾ ਦੇ ਇਨ੍ਹਾਂ ਥੰਮਾਂ ਨੂੰ ਬਹੁਤ ਢੁਕਵੇਂ ਪ੍ਰਤੀਕਾਂ ਰਾਹੀ ਵਿਅਕਤ ਕੀਤਾ ਗਿਆ ਹੈ।

ਜਤੁ ਪਾਹਾਰਾ ਧੀਰਜੁ ਸੁਨਿਆਰੁ॥
ਅਹਰਣਿ ਮਤਿ ਵੇਦੁ ਹਥੀਆਰੁ॥
ਭਉ ਖਲਾ ਅਗਨਿ ਤਪ ਤਾਉ॥
ਭਾਂਡਾ ਭਾਉ ਅੰਮ੍ਰਿਤ ਤਿਤੁ ਢਾਲਿ॥
ਘੜੀਐ ਸਬਦੁ ਸਚੀ ਟਕਸਾਲ॥
ਜਿਨ ਕਉ ਨਦਰਿ ਕਰਮੁ ਤਿਨ ਕਾਰ॥
ਨਾਨਕ ਨਦਰੀ ਨਦਰਿ ਨਿਹਾਲ॥ [293]

ਸਹਿਨਸ਼ੀਲਤਾ ਵਿਅਕਤੀ ਤੇ ਸਮਾਜ ਲਈ ਬੜੀ ਜ਼ਰੂਰੀ ਹੈ। ਸਹਿਨਸ਼ੀਲਤਾ, ਸਹਿਨ ਕਰਨ ਦੇ ਅਭਿਆਸ ਜਾਂ ਸਹਿਨ ਕਰਨ ਦੇ ਆਚਰਣ ਨੂੰ ਕਿਹਾ ਜਾਂਦਾ ਹੈ। ਅੱਜ ਅਸੀਂ ਬਹੁ-ਸਭਿਆਚਾਰਕ ਸਮਾਜ ਵਿਚ ਜੀਅ ਰਹੇ ਹਾਂ। ਵਿਭਿੰਨ ਕੌਮਾਂ, ਨਸਲਾਂ ਜਾਂ ਜਾਤਾਂ ਦੇ ਸਨਮੁੱਖ ਰਹਿੰਦਿਆ ਵਿਭਿੰਨ ਪਰੰਪਰਾਵਾਂ, ਰਿਵਾਜਾਂ, ਸਿਆਸਤਾਂ ਜਾਂ ਸਭਿਆਚਾਰਕ ਰੀਤਾਂ ਦੇ ਰਬਰੂ ਪੇਸ਼ ਹੋਣਾ ਪੈਂਦਾ ਹੈ; ਵਿਭਿੰਨ ਧਾਰਨਾਵਾਂ ਤੇ ਮਾਨਤਾਵਾਂ ਕਰਕੇ ਬਹੁਤ ਵਖਰੇਵੇਂ ਪ੍ਰਤੀਤ ਹੁੰਦੇ ਹਨ ਜੋ ਕਈ ਤਰ੍ਹਾਂ ਦੀਆਂ ਉਲਝਣਾਂ ਤੇ ਸਮੱਸਿਆਵਾਂ ਪੈਦਾ ਕਰਦੇ ਹਨ।ਇਸਦਾ ਇਕ ਹੀ ਹੱਲ ਹੈ-ਸਹਿਨਸ਼ੀਲਤਾ। ਗੁਰਬਾਣੀ ਕਟੱੜਪੁਣੇ ਦੇ ਵਿਰੁਧ ਹੈ ਅਤੇ ਸਹਿਣਸ਼ੀਲਤਾ ਦੀ ਧਾਰਨੀ ਹੈ। ਮਨੁੱਖ ਨੂੰ 'ਇਕੁ ਛਿਜਹਿ ਬਿਆ ਲਤਾੜੀਅਹਿ' ਜਾਂ 'ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ' ਦੇ ਭਾਂਤੀ ਵਿਚਰਨਾ ਚਾਹੀਦਾ ਹੈ। ਅੱਜ ਗਲੋਬਲਾਈਜੇਸ਼ਨ ਦੇ ਜੁੱਗ ਵਿਚ ਸਾਂਝੀ ਦੁਨੀਆਂ ਦੀ ਨਵ-ਸਭਿਅਤਾ ਹੋਂਦ ਵਿਚ ਆਉਣ ਤੇ ਪਰਸਪਰ ਭਾਈਚਾਰੇ ਤੇ ਪਰਸਪਰ ਸਹਿਯੋਗ ਦੀ ਬਹੁਤ ਲੋੜ ਹੈ ਤੇ ਇਹ ਉਦੋਂ ਤੱਕ ਸਥਾਪਿਤ ਨਹੀਂ ਹੋ ਸਕਦੀ ਜਦੋਂ ਤੱਕ ਸਹਿਣਸ਼ੀਲਤਾ ਦੀ ਭਾਵਨਾ ਪ੍ਰਫ਼ੁਲਤ ਨਹੀਂ ਹੋ ਜਾਂਦੀ।

'ਧੌਲੁ ਧਰਮੁ ਦਇਆ ਕਾ ਪੂਤ'[294] ਅਨੁਸਾਰ ਦਇਆ ਇਲਾਹੀ ਗੁਣ ਹੈ। ਦਇਆ ਦਾ ਧਾਰਨੀ ਮਨੁੱਖ ਧਰਮੀ-ਪੁਰਸ਼ ਅਖਵਾਉਂਦਾ ਹੈ ਜੋ ਆਪ ਔਖਾ ਹੋ ਕੇ ਵੀ ਦੂਸਰਿਆਂ ਨੂੰ ਸੁੱਖ ਪਹੁੰਚਾਉਂਦਾ ਹੈ। ਦਇਆ ਤੋਂ ਹੀ ਸਬਰ, ਧੀਰਜ,

ਹਮਦਰਦੀ, ਸੁਹਿਰਦਤਾ, ਖਿਮਾ ਜਾਚਨਾ, ਤਿਆਗ, ਮਿਲਵਰਤਣ, ਨਿਮਰਤਾ ਅਤੇ ਪਰਉਪਕਾਰਤਾ ਵਰਗੇ ਦੈਵੀ ਗੁਣ ਵਿਕਸਿਤ ਹੁੰਦੇ ਹਨ। ਮਨੁੱਖ ਦੇ ਅੰਦਰ ਆਇਆ ਇਹ ਗੁਣ ਅਠਾਅਠ ਤੀਰਥਾਂ ਦੇ ਇਸ਼ਨਾਨ ਦੇ ਪੁੰਨ ਬਰਾਬਰ ਹੈ:

ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥
ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ॥ [295]

ਗੁਰਬਾਣੀ ਇੱਜ਼ਤ, ਸਵੈਮਾਣ ਤੇ ਅਣਖ ਤੋਂ ਹੀਣ ਹੋ ਕੇ ਜਿਉਣ ਨੂੰ ਨਿਖੇਧਦੀ ਗ਼ੁਲਾਮੀ ਨਾਲੋਂ ਮੌਤ ਨੂੰ ਤਰਜੀਹ ਦਿੰਦੀ ਹੈ। ਜਿਵੇਂ ਬਾਬਾ ਫਰੀਦ ਜੀ ਫਰਮਾਉਂਦੇ ਹਨ:

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ॥ [296]

ਜੇ ਜੀਵੈ ਪਤਿ ਲਥੀ ਜਾਇ॥
ਸਭੁ ਹਰਾਮੁ ਜੇਤਾ ਕਿਛੁ ਖਾਇ॥ [297]

ਸੋ ਗੁਰਬਾਣੀ ਵਿਚ ਜਿੱਥੇ ਪਿਆਰ, ਨਿਮਰਤਾ, ਹਲੀਮੀ, ਸੁਹਿਰਦਤਾ ਤੇ ਹਮਦਰਦੀ ਦੀਆਂ ਕਦਰਾਂ ਨੂੰ ਅਪਣਾਉਣ ਲਈ ਪ੍ਰੇਰਿਆ ਗਿਆ ਹੈ ਉੱਥੇ ਸਵੈ-ਇੱਜ਼ਤ ਤੇ ਸਵੈ-ਮਾਣ ਨੂੰ ਵੀ ਧਾਰਨ ਕਰਨ ਲਈ ਸੁਦ੍ਰਿੜ ਕੀਤਾ ਗਿਆ ਹੈ। ਨਿਰਸੰਦੇਹ ਮਨੁੱਖ ਦੀ ਹਲੀਮੀ ਤੇ ਸਬਰ ਕਿਤੇ ਉਸ ਦੀ ਕਮਜ਼ੋਰੀ ਜਾਂ ਨਿਮਾਣੇਪਣ ਦਾ ਸੂਚਕ ਨਾ ਬਣ ਜਾਏ। ਸ਼ਰਾਫ਼ਤ ਤੇ ਕਮਜ਼ੋਰੀ ਵਿਚ ਬਹੁਤ ਅੰਤਰ ਹੈ। ਗੁਰਬਾਣੀ ਪ੍ਰੇਮਾ ਭਗਤੀ ਦੇ ਮਾਡਲ ਤੇ ਉਸਾਰੀ ਗਈ ਹੈ। ਪ੍ਰੇਮ, ਸਾਂਝ ਤੇ ਆਪਣੇਪਨ ਦੀ ਭਾਵਨਾ ਨਾਲ ਮਨੁੱਖਤਾ ਨੂੰ ਨਿਖਾਰਨ ਦਾ ਉਪਰਾਲਾ ਹੈ। ਗੁਰਬਾਣੀ ਇਕ ਅਜਿਹਾ ਮਨੁੱਖ ਚਿਤਵਦੀ ਹੈ ਜੋ ਕਿਸੇ ਨੂੰ ਭੈਅ ਜਾਂ ਦਬਾਉਣ ਦੀ ਭਾਵਨਾ ਤੋਂ ਦੂਰ ਹੁੰਦਾ ਹੈ ਪਰ ਨਾਲ ਹੀ ਅਜਿਹਾ ਮਨੁੱਖ ਕਿਸੇ ਤੋਂ ਭੈਅ ਨਹੀਂ ਖਾਂਦਾ ਤੇ ਜੇ ਜਰੂਰਤ ਪਏ ਤਾਂ ਹੱਕ ਤੇ ਨਿਆਂ ਦੀ ਖਾਤਿਰ ਤਲਵਾਰ ਵੀ ਚੁੱਕ ਸਕਦਾ ਹੈ।

ਭੈ ਕਾਹੂ ਕਉ ਦੇਤਿ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥ [298]

ਜਦੋਂ ਮਨੁੱਖ ਧਰਮ ਦੇ ਰਾਹ ਤੇ ਚਲਦਾ ਹੋਇਆ ਸਦਾਚਾਰਕ ਗੁਣਾਂ ਨੂੰ ਜੀਵਨ ਵਿਚ ਅਪਨਾ ਲੈਂਦਾ ਹੈ ਤਾਂ ਉਹ ਸੰਸਾਰਿਕ ਪਦਾਰਥਾਂ ਤੇ ਦੁਨਿਆਵੀ ਔਕੜਾਂ ਨੂੰ ਮਹਿਸੂਸ ਨਹੀਂ ਕਰਦਾ। ਅਜਿਹੇ ਗੁਣਾਂ ਨੂੰ ਧਾਰਨ ਕਰਨ ਲਈ 'ਗੁਰ

ਮਿਲਿ ਚਜੁ ਆਚਾਰੁ ਸਿਖੁ ਤੁਧੁ ਕਦੇ ਨ ਲਗੈ ਦੁਖੁ'[299] ਦੇ ਵਾਕ ਅਨੁਸਾਰ ਮਨੁੱਖ ਨੂੰ ਗੁਰੂ ਦੀ ਸ਼ਰਨ ਲੈਣੀ ਪੈਂਦੀ ਹੈ। ਬਾਬਾ ਫ਼ਰੀਦ ਜੀ ਵੀ ਫਰਮਾਉਂਦੇ ਹਨ:

ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥
ਜੋ ਗੁਰ ਦਸੈ ਵਾਟ ਮੁਰੀਦਾ ਜੋਲੀਐ॥[300]

ਸੰਤਨ ਸਿਉ ਬੋਲੇ ਉਪਕਾਰੀ॥ ਮੂਰਖ ਸਿਉ ਬੋਲੇ ਝਖ ਮਾਰੀ॥[301]

ਸੰਤ ਮਿਲੈ ਕਿਛੁ ਸੁਨੀਐ ਕਹੀਐ॥
ਮਿਲੈ ਅਸੰਤੁ ਮਸਟਿ ਕਰਿ ਰਹੀਐ॥[302]

ਨੈਤਿਕਤਾ ਦਾ ਸੋਮਾ ਨਿਸਚੇ ਹੀ ਗੁਰੂ ਜਾਂ ਸੰਤ ਹੈ। ਪਰ ਅਜੋਕੇ ਸਮਿਆਂ ਵਿਚ ਸੱਚੇ ਗੁਰੂ ਜਾਂ ਸੰਤ ਦੀ ਤਲਾਸ਼ ਅਤਿ ਕਠਿਨਾਈ ਦਾ ਕਾਰਜ ਹੈ। ਅੱਜ ਸਮਾਜ ਵਿਚ ਫੈਲੀ ਅਰਾਜਕਤਾ ਤੇ ਆਪਹੁਦਰੇਪਨ ਦਾ ਵੱਡਾ ਕਾਰਨ ਹੀ ਸ਼ਾਇਦ ਇਹ ਹੈ ਕਿ ਸਮਾਜ ਨੂੰ ਅਗਵਾਈ ਦੇ ਕੇ ਗਾਡੀ ਰਾਹ ਪਾਉਣ ਵਾਲਾ ਗੁਰੂ ਗੁੰਮ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਟੱਲ ਗੁਰੂ ਦੀ ਹਸਤੀ ਵਿਚ ਸਮੁੱਚੀ ਮਨੁਖਤਾ ਦੀ ਰਹਿਬਰੀ ਕਰਦੇ ਹਨ। ਇਕ ਗੁਰਸਿੱਖ ਦੀ ਜ਼ਿੰਮੇਵਾਰੀ ਕਿਰਤ ਕਰਕੇ, ਸੇਵਾ ਜਾਂ ਦਸਵੰਧ ਦੇ ਕੇ ਪੂਰੀ ਨਹੀਂ ਹੁੰਦੀ, ਬਲਕਿ ਉਹ ਤਨ, ਮਨ ਨਾਲ ਸਮਾਜ ਲਈ ਸਮਰਪਿਤ ਹੁੰਦਾ ਹੈ। ਸਮਾਜ ਵਿਚ ਫੈਲੀਆਂ ਬੁਰਾਈਆਂ ਵਿਰੁੱਧ ਆਵਾਜ਼ ਬੁਲੰਦ ਕਰਨਾ, ਕਿਸੇ ਨਿਮਾਣੇ ਤੇ ਨਿਆਸਰੇ ਤੇ ਜ਼ੁਲਮ ਨਾ ਹੋਣ ਦੇਣਾ, ਅਨਿਆਂ ਜਾਂ ਜ਼ੁਲਮ ਨੂੰ ਬਰਦਾਸ਼ਤ ਨਾ ਕਰਨਾ, ਬੁਰਾਈ ਨੂੰ ਹਰ ਹੀਲੇ ਖ਼ਤਮ ਕਰਨ ਲਈ ਤਰਦੱਦ ਕਰਨਾ ਵੀ ਨੈਤਿਕ ਨਿਯਮਾਵਲੀ ਦਾ ਹਿੱਸਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਪ੍ਰਗਟਾਏ ਨੈਤਿਕ ਵਿਧਾਨ ਜਾਂ ਉੱਚ ਸਦਾਚਾਰਕ ਕੀਮਤਾਂ ਦੇ ਵਿਸ਼ਲੇਸ਼ਣ ਦੇ ਉਪਰੰਤ ਅਸੀਂ ਇਸ ਨਤੀਜੇ ਤੇ ਪੁੱਜਦੇ ਹਾਂ ਕਿ ਬਾਣੀਕਾਰਾਂ ਦੀ ਵਿਚਾਰਧਾਰਾ ਇਸ ਪੱਖੋਂ ਵਿਲੱਖਣ ਤੇ ਵਿਸ਼ਿਸ਼ਟ ਹੈ ਕਿਉਂਕਿ ਇਹ ਮਨੁੱਖੀ ਮਨ ਨੂੰ ਨੈਤਿਕਤਾ ਦਾ ਮਾਡਲ ਪ੍ਰਦਾਨ ਕਰਦਾ ਹੈ। ਨੈਤਿਕਤਾ ਮਨੁੱਖ ਨੂੰ ਸਬਰ, ਸੰਤੋਖ ਤੇ ਸੰਜਮ ਦੇ ਮਾਰਗ ਤੇ ਪਾਉਂਦੀ ਹੋਈ ਸਵੈ-ਨਿਯੰਤਰਣ ਅਤੇ ਸਵੈ-ਅਨੁਸ਼ਾਸ਼ਨ ਹੋਣਾ ਸਿਖਾਉਂਦੀ ਹੈ; ਜਿਸਦੇ ਅੰਤਰਗਤ ਮਨੁੱਖ ਆਪਣੇ ਵਿਸ਼ੇ-ਵਿਕਾਰਾਂ ਤੇ ਕਾਬੂ ਪਾ ਲੈਂਦਾ ਹੈ। ਨੈਤਿਕਤਾ ਦਾ ਵਿਧਾਨ ਮਨੁੱਖ ਨੂੰ ਅੰਦਰੂਨੀ ਤੌਰ ਤੇ ਜਾਗ੍ਰਿਤ ਅਤੇ ਬਾਹਰੀ ਤੌਰ ਤੇ ਚੇਤੰਨਤਾ ਬਖਸ਼ਦਾ ਹੋਇਆ ਅਡੋਲ, ਸਾਹਸੀ ਅਤੇ ਹਿੰਮਤੀ ਬਣਾ ਕੇ ਨਵ-ਜੀਵਨ ਦੀ ਉਸਾਰੀ ਕਰਦਾ ਹੈ।

ਅੱਜ ਵਿਭਿੰਨ ਧਰਮਾਂ ਦੇ ਲੋਕ ਆਪਣੇ ਧਰਮਾਂ ਦੇ ਨੈਤਿਕ ਸ਼ਾਸਤਰ ਤੋਂ ਪ੍ਰਭਾਵਿਤ ਹੋ ਕੇ ਇਕ ਦੂਜੇ ਪ੍ਰਤੀ ਨਫ਼ਰਤ ਤੇ ਜ਼ੁਲਮ ਦਾ ਅਮਨੁੱਖੀ ਵਤੀਰਾ ਇਖਤਿਆਰ ਕਰ ਰਹੇ ਹਨ; ਸਮੁੱਚਾ ਵਿਸ਼ਵ ਬਾਰੂਦ ਦੇ ਢੇਰ ਤੇ ਬੈਠਾ ਹੈ; ਪਰ ਗੁਰਬਾਣੀ ਦਾ ਨੈਤਿਕ ਵਿਧਾਨ ਨਫ਼ਰਤ ਤੇ ਵੈਰ-ਵਿਰੋਧ ਦੀਆਂ ਦੀਵਾਰਾਂ ਨੂੰ ਢਾਹ ਕੇ ਸਾਂਝੀਵਾਲਤਾ ਤੇ ਸਰਬੱਤ ਦੇ

ਭਲੇ ਦਾ ਸੰਚਾਰ ਕਰ ਰਿਹਾ ਹੈ। 'ਮਨੁੱਖ ਦੇ ਸਾਹਮਣੇ ਦੈਵੀ-ਸੱਤਾ ਦਾ ਸਰਵ ਉੱਤਮ ਮਾਡਲ ਰੱਖ ਦਿੱਤਾ ਹੈ ਜੋ ਨਿਰਭਉ, ਨਿਰਵੈਰ ਅਤੇ ਸੱਚ ਦਾ ਪਰਮ ਰੂਪ ਹੈ। ਇਹ ਸਰਵ-ਉੱਤਮ ਅਧਿਆਤਮਕ ਮਾਡਲ ਮਨੁੱਖ ਨੂੰ ਸੱਚਿਆਂ ਹੋਣ ਅਤੇ ਭੈ-ਮੁਕਤ ਹੋ ਕੇ ਵਿਚਰਨ ਦਾ ਸੰਦੇਸ਼ ਦਿੰਦਾ ਹੈ ਜੋ ਸਮਕਾਲੀ ਵੰਗਾਰ ਦਾ ਸਰਬੋਤਮ ਪ੍ਰਤਿਉੱਤਰ ਸਮਝਿਆ ਜਾ ਸਕਦਾ ਹੈ। ਇਹ ਮਨੁੱਖ ਨੂੰ ਕੂੜ ਅਤੇ ਬੇਇਨਸਾਫ਼ੀ, ਲੁੱਟ-ਖਸੁੱਟ ਅਤੇ ਨਾ ਬਰਾਬਰੀ ਦੇ ਖ਼ਿਲਾਫ ਵਿਦਰੋਹ ਲਈ ਪ੍ਰੇਰਣਾ ਦਾ ਉਪਰਾਲਾ ਹੈ। ਗੁਰਮਤਿ ਕਾਵਿ ਧਾਰਾ ਦਾ ਇਹ ਸਿਰਜਿਤ ਸੰਸਾਰ ਵਿਅਕਤੀਗਤ ਨੈਤਿਕ ਵਿਕਾਸ ਅਤੇ ਸਮਾਜਕ ਇਨਸਾਫ਼ ਦੇ ਆਦਰਸ਼ ਮੁੱਲਾਂ ਦਾ ਸੰਦੇਸ਼ ਸੰਚਾਰਿਤ ਕਰਦਾ ਹੈ।'[303] ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਪਸ਼ਟ ਰੂਪ ਵਿਚ ਦ੍ਰਿੜ ਕਰਦੀ ਹੈ ਕਿ ਨੈਤਿਕ ਪਾਸਾਰਾਂ ਦੇ ਅਨੁਸ਼ਾਸ਼ਨ ਤੋਂ ਬਿਨਾਂ ਅਧਿਆਤਮਕ ਜੀਵਨ ਅਤੇ ਲੌਕਿਕ ਜੀਵਨ ਨੂੰ ਸਫਲਾ ਕੀਤਾ ਹੀ ਨਹੀਂ ਜਾ ਸਕਦਾ।

ਇਸ ਸੰਬੰਧੀ ਡਾ.ਜਸਬੀਰ ਸਿੰਘ ਸਾਬਰ ਜੀ ਵਿਚਾਰ ਬੜੇ ਢੁਕਵੇਂ ਪ੍ਰਤੀਤ ਹੁੰਦੇ ਹਨ:

"ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਸਾਰਿਆ ਗਿਆ ਸਦਾਚਾਰ ਸ਼ਾਸਤਰ, ਮਾਨਵ ਚੇਤਨਾ ਵਿਚ ਅਜਿਹੀ ਸੋਚ ਪੈਦਾ ਕਰਨ ਵਾਲਾ ਹੈ ਜੋ ਮਨੁੱਖ ਨੂੰ ਕਰਮ ਖੇਤਰ ਵਿਚ ਸਮੁੱਚੀ ਮਾਨਵ-ਜਾਤੀ ਦੀ ਭਲਾਈ ਹਿੱਤ ਸਮਾਜਕ ਜ਼ਿੰਮੇਵਾਰੀ ਨੂੰ ਨਿਭਾਉਣ ਹਿੱਤ ਕਾਰਜਸ਼ੀਲ ਹੋਣ ਦੀ ਪ੍ਰੇਰਣਾ ਦਿੰਦਾ ਹੈ।"[304]

ਨੈਤਿਕ ਗੁਣਾਂ ਨਾਲ ਸੰਪੰਨ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਦਰਸ਼ਤ ਹੁੰਦਾ ਨੈਤਿਕ ਵਿਧਾਨ, ਗਲੋਬਲ ਪਿੰਡ ਜਾਂ ਵਿਸ਼ਵ ਭਾਈਚਾਰੇ ਵਿਚ ਵਿਚਰਦੇ ਮਨੁੱਖ ਦੇ ਨਿੱਜ ਅਤੇ ਭਾਈਚਾਰਕ ਜੀਵਨ ਦੀ ਉੱਤਮ ਬਣਤਰ ਦੇ ਨਰੋਏ ਤੇ ਨਿੱਗਰ ਪਾਸਾਰ ਪੇਸ਼ ਕਰਦਾ ਹੈ। 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਰੱਬੀ ਬਾਣੀ ਇਕ ਅਜਿਹਾ ਮਾਨਵਤਾਵਾਦੀ ਅਚਾਰ ਸਿਰਜਦੀ ਹੈ, ਜੋ ਸਾਰੇ ਵਿਸ਼ਵ ਦੇ ਲੋਕਾਂ ਦੀ ਵਿਚਰਣ ਸ਼ੈਲੀ, ਸਾਰੀਆਂ ਸੰਸਕ੍ਰਿਤੀਆਂ, ਸਮੁੱਚੀਆਂ ਜੀਵਨ-ਪੱਧਤੀਆਂ ਆਦਿ ਦੀ ਵਿਭਿੰਨਤਾ ਨੂੰ ਦੈਵੀ-ਸੁੰਦਰਤਾ ਸਮਝ ਕੇ ਇਨ੍ਹਾਂ ਦੀ ਵਿਲੱਖਣਤਾ ਕਾਇਮ ਰੱਖਦਿਆਂ ਇਕ ਸਰਬਸਾਝਾ ਵਿਵਹਾਰ ਮੰਡਲ ਸਿਰਜਦੀ ਹੈ, ਜਿਸ ਵਿਚ ਸੰਸਕ੍ਰਿਤੀਆਂ ਦਾ ਨਿਆਰਾਪਨ ਵੀ ਬਣਿਆ ਰਹਿੰਦਾ ਹੈ ਅਤੇ ਇਕ ਅਤਿ ਮਾਨਵੀ ਆਚਾਰ ਨੂੰ ਵਿਵਸਥਿਤ ਕਰਨ ਵਾਲੀ ਜੀਵਨ-ਪ੍ਰਣਾਲੀ ਵੀ ਪ੍ਰਵਾਹਿਤ ਹੁੰਦੀ ਹੈ। ਜੀਵਨ-ਪੱਧਤੀ ਮਨੁੱਖ ਨੂੰ ਕੇਵਲ ਜੀਵਨ-ਮੁਕਤੀ ਹੀ ਪ੍ਰਦਾਨ ਨਹੀ ਕਰਦੀ, ਸਗੋਂ ਮਾਨਵਤਾ ਨੂੰ ਅਜਿਹੀ ਯੁਕਤੀ-ਸੰਗਤ ਜੀਵਨ-ਜੁਗਤਿ ਵੀ ਦਰਸਾਉਂਦੀ ਹੈ, ਜਿਸ ਦੀ ਤਾਜ਼ਗੀ ਅਤੇ ਨਵੀਨਤਾ ਯੁੱਗਾਂ-ਯੁੱਗਾਂ ਤਕ ਕਾਇਮ ਰਹਿ ਸਕਦੀ ਹੈ।'[305]

## 3.4 ਕਿਰਤ ਦੇ ਨਵੇਂ ਪਾਸਾਰ:

ਭੂਮੰਡਲੀਕਰਨ ਅਤੇ ਪਦਾਰਥਵਾਦ ਦੇ ਅਜੋਕੇ ਯੁੱਗ ਵਿਚ ਰਾਜਸੀ ਤੇ ਵਪਾਰਿਕ ਸੱਤਾ ਤੇ ਪੂੰਜੀਪਤੀਆਂ ਦਾ ਪੂਰੀ ਤਰ੍ਹਾਂ ਅਧਿਕਾਰ ਸਥਾਪਿਤ ਹੋ ਚੁੱਕਾ ਹੈ। ਸਰਮਾਏਦਾਰ ਅਤੇ ਰਾਜਨੀਤਿਕ ਤਾਕਤਾਂ ਦੇ ਮਿਲਵੇਂ ਸੰਗਠਨ ਕਿਰਤ ਦਾ ਸ਼ੋਸ਼ਣ ਕਰ ਰਹੇ ਹਨ। ਜਿਸ ਨਾਲ ਅਮੀਰੀ ਅਤੇ ਗਰੀਬੀ ਵਿਚ ਪਾੜਾ ਨਿਰੰਤਰ ਵੱਧ ਰਿਹਾ ਹੈ। ਇੱਕ ਧਿਰ ਉਨ੍ਹਾਂ ਮਜ਼ਲੂਮ ਲੋਕਾਂ ਦੀ ਹੈ ਜੋ ਕੰਮ ਚਾਹੁੰਦੇ ਹਨ ਪਰ ਯੋਗ ਹੁੰਦੇ ਹੋਏ ਉਨ੍ਹਾਂ ਨੂੰ ਕੰਮ ਨਹੀਂ ਮਿਲ ਰਿਹਾ। ਉਨ੍ਹਾਂ ਦੀ ਕਿਰਤ ਨੂੰ ਸਸਤਾ ਖਰੀਦਿਆ ਜਾਂਦਾ ਹੈ ਤੇ ਅਮੀਰ ਮੰਡੀਆਂ ਤੇ ਫਿਰ ਨਿਜ਼ਾਮ ਦੇ ਮਾਲਕ ਬਣਦੇ ਹੋਏ ਸਮੁੱਚੀ ਲੋਕਾਈ ਦੇ ਕਰਤਾ-ਧਰਤਾ ਬਣਦੇ ਜਾ ਰਹੇ

ਹਨ। ਅਜਿਹੇ ਨਿਜ਼ਾਮ ਵਿਚ ਇਕ ਪਾਸੇ ਕਿਰਤੀਆਂ ਦੀਆਂ ਮਜਬੂਰੀਆਂ ਅਤੇ ਤਕਲੀਫ਼ਾਂ ਦਾ ਦਰਦ ਹੈ ਅਤੇ ਦੂਸਰੇ ਪਾਸੇ ਇਨ੍ਹਾਂ ਕਿਰਤੀਆਂ ਦੀ ਮੁਸ਼ਕਤ ਤੇ ਘਾਲ-ਕਮਾਈ ਤੇ ਐਸ਼ ਕਰਨ ਵਾਲੇ ਵਿਹਲੜਾਂ ਦਾ ਹੁਲੱੜ-ਪੁਣਾ ਹੈ। ਇਹ ਬਹੁਤ ਵੱਡਾ ਸਮਾਜਕ ਵਿਕਾਰ ਹੈ ਕਿ ਜੋ ਲੋਕ ਘਾਲ-ਕਮਾਈ ਤੇ ਦਿਨ-ਰਾਤ ਮਿਹਨਤ ਕਰਦੇ ਹਨ ਉਹ ਬੁਨਿਆਦੀ ਲੋੜਾਂ ਤੇ ਸੁੱਖਾਂ ਤੋਂ ਵਾਂਝੇ ਰਹਿੰਦੇ ਹਨ ਅਤੇ ਦੂਜੇ ਲੋਕ ਬੌਧਿਕ ਚਾਲਾਂ ਤੇ ਚਾਲਾਕੀਆਂ ਨਾਲ ਹੋਰਨਾਂ ਦੀਆਂ ਮਿਹਨਤਾਂ ਨਾਲ ਆਪਣਾ ਹੀ ਨਹੀਂ ਬਲਕਿ ਆਪਣੀਆਂ ਆਉਣ ਵਾਲੀਆਂ ਪੀੜੀਆਂ ਲਈ ਵੀ ਪਦਾਰਥਾਂ ਦਾ ਸੰਗ੍ਰਹਿ ਕਰ ਰਹੇ ਹਨ ਤਾਂ ਜੋ ਉਨ੍ਹਾਂ ਨੂੰ ਕੋਈ ਯਤਨ ਨਾ ਕਰਨਾ ਪਏ। ਇਸ ਸੁਆਰਥ ਪ੍ਰਵਿਰਤੀ ਨੇ ਸਮਾਜ ਵਿਚ ਸਮਾਜਕ ਨਾਬਰਾਬਰੀ ਅਤੇ ਪਦਾਰਥਕ ਅਸਤੁੰਲਨ ਪੈਦਾ ਕਰ ਦਿੱਤਾ ਹੈ। ਅਜੋਕੇ ਮਨੁੱਖ ਦੀ ਨਿਰਾਸਤਾ ਦਾ ਇੱਕ ਹੋਰ ਵੱਡਾ ਕਾਰਨ ਦਲਿੱਦਰੀ ਜਾਂ ਆਲਸਪੁਣੇ ਵਿਚ ਜੀਵਨ ਜਿਉਣਾ ਹੈ। ਜਿਸ ਨਾਲ ਉਹ ਅਣਗਿਣਤ ਬੁਰਾਈਆਂ ਤੇ ਪਤਿਤਪੁਣੇ ਦਾ ਸ਼ਿਕਾਰ ਹੋ ਜਾਂਦਾ ਹੈ। ਨਸ਼ਿਆਂ ਦੇ ਸੇਵਨ ਵਰਗੀਆਂ ਅਲਾਮਤਾਂ ਵੀ ਕਿਰਤ ਦੀ ਘਾਟ ਕਰਕੇ ਪੈਦਾ ਹੋ ਰਹੀਆਂ ਹਨ। ਨਤੀਜੇ ਵੱਜੋਂ ਸਮਾਜ ਵਿਚ ਅਰਾਜਕਤਾ, ਅਸਥਿਰਤਾ ਅਤੇ ਅਸ਼ਾਂਤੀ ਦਾ ਵਾਤਾਵਰਨ ਬਣ ਗਿਆ ਹੈ। ਮਨੁੱਖ ਨੂੰ ਕਿਰਤ ਮੁਹਈਆ ਕਰਾਉਣ ਵਿਚ ਸਰਕਾਰਾਂ ਅਤੇ ਸਮਾਜਿਕ ਸੰਸਥਾਵਾਂ ਕੋਈ ਸਾਰਥਿਕ ਭੂਮਿਕਾ ਨਹੀਂ ਨਿਭਾ ਰਹੀਆਂ। ਇਸ ਲਈ ਮਨੁੱਖ ਨੂੰ ਆਪਣੀ ਸੋਚ ਬਦਲਣੀ ਪਏਗੀ ਤੇ ਸਮਝਣਾ ਹੋਵੇਗਾ ਕਿ ਕੋਈ ਕੰਮ ਵੱਡਾ ਜਾਂ ਛੋਟਾ ਨਹੀਂ ਹੁੰਦਾ। ਉਸ ਨੂੰ ਕਿਰਤ ਦੇ ਸਾਧਨ ਜੁਟਾਉਣੇ ਪੈਣਗੇ ਤੇ ਹਰੇਕ ਕੰਮ ਦੀ ਇੱਜ਼ਤ ਕਰਨੀ ਪਏਗੀ। ਕਿਰਤੀਆਂ ਦੀ ਮਹੱਤਤਾ ਨੂੰ ਦਰਸਾਉਣ ਲਈ ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਵਲੋਂ ਹਰ ਸਾਲ ਇੱਕ ਮਈ ਨੂੰ ਵਿਸ਼ੇਸ਼ ਦਿਨ ਮਨਾਇਆ ਜਾਂਦਾ ਹੈ। ਪਰ ਇੰਨਾ ਹੀ ਕਾਫੀ ਨਹੀਂ। ਵਰਤਮਾਨ ਸਮੇਂ ਇਕ ਅਜਿਹੇ ਆਦਰਸ਼ ਮਾਨਵੀ ਸਮਾਜ ਦੀ ਲੋੜ ਹੈ ਜਿਸ ਵਿਚ 'ਕਿਰਤ' ਦੀ ਗੌਰਵਸ਼ਾਲੀ ਪਰੰਪਰਾ ਨੂੰ ਉਲੀਕਿਆ ਜਾਏ, ਕਿਰਤ ਦਾ ਸਤਿਕਾਰ ਹੋਏ ਅਤੇ ਕਿਰਤੀ ਨੂੰ ਮਾਣਯੋਗ ਦਰਜਾ ਮਿਲੇ ਕਿਉਂਕਿ ਜਿਸ ਕੌਮ ਜਾਂ ਮੁਲਕ ਨੇ ਤਰੱਕੀ ਕਰਨੀ ਹੈ ਤਾਂ ਉਸ ਨੂੰ ਕਿਰਤ ਦੇ ਸਹੀ ਮਹੱਤਵ ਨੂੰ ਸਮਝਣਾ ਪਏਗਾ।

'ਕਿਰਤ' ਨਾਲ ਸੰਬੰਧਿਤ ਉਪਰੋਕਤ ਸਮੱਸਿਆਵਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਹਵਾਲਿਆਂ ਨਾਲ ਉਲੀਕਣ ਦਾ ਯਤਨ ਕਰਦੇ ਹਾਂ ਕਿ ਇਸ ਗਿਆਨਮਈ ਸ੍ਰੋਤ ਵਿੱਚ ਕਿਰਤ ਦੀਆਂ ਅਨੇਕਾਂ ਧਾਰਨਾਵਾਂ ਤੇ ਵਿਭਿੰਨ ਪਾਸਾਰਾਂ ਦਾ ਸੰਵਾਦ ਮਨੁੱਖਾ ਜੀਵਨ ਲਈ ਕਿਹੋ ਜਿਹੇ ਆਦਰਸ਼ ਸਥਾਪਿਤ ਕਰਨ ਵਿਚ ਸਫਲ ਹੁੰਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਕਿਰਤ ਦੇ ਸਭਿਆਚਾਰ ਦਾ ਵਿਸ਼ਲੇਸ਼ਣ ਕਰਨ ਤੋਂ ਪਹਿਲਾ 'ਕਿਰਤ' ਸ਼ਬਦ ਦੇ ਅਰਥਾਂ ਤੇ ਸਰੂਪ ਨੂੰ ਸਮਝ ਲੈਣਾ ਜ਼ਰੂਰੀ ਹੈ। ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼' ਅਨੁਸਾਰ 'ਕਿਰਤ' ਸ਼ਬਦ ਸੰਸਕ੍ਰਿਤ ਦੇ ਸ਼ਬਦ ਕ੍ਰਿਤਯ ਤੋਂ ਬਣਿਆ ਹੈ।ਇਸ ਦੇ ਪ੍ਰਚਲਿਤ ਅਰਥ ਹਨ 'ਮਿਹਨਤ' ਜਾਂ 'ਘਾਲ'।[306] ਭਾਈ ਵੀਰ ਸਿੰਘ ਜੀ ਦੇ 'ਸ੍ਰੀ ਗੁਰੂ ਗ੍ਰੰਥ ਕੋਸ਼' ਅਨੁਸਾਰ 'ਕਿਰਤ ਸੰਸਕ੍ਰਿਤ ਭਾਸ਼ਾ ਦੇ ਸ਼ਬਦ 'ਕ੍ਰਿਤਯ' ਦਾ ਤਦਭਵ ਰੂਪ ਹੈ। ਇਸ ਕੋਸ਼ ਅਨੁਸਾਰ ਧਾਰਮਿਕ ਦ੍ਰਿਸ਼ਟੀ ਤੋਂ ਇਸ ਦੇ ਅਰਥ 'ਬੀਤੇ ਹੋਏ ਕਰਮ'[307] ਵੀ ਹਨ। ਅੰਗਰੇਜੀ ਭਾਸ਼ਾ ਵਿਚ ਇਸ ਲਈ ਵਰਤੇ ਜਾਂਦੇ ਸ਼ਬਦ Labour ਅਤੇ Work ਹੈ। Oxford Dictionary of English ਵਿਚ ਇਨ੍ਹਾਂ ਸ਼ਬਦਾਂ ਦੇ ਅਰਥ ਇਸ ਪ੍ਰਕਾਰ ਦਿੱਤੇ ਹਨ:

Labour- 'Work, usually of a hard, physical kind.'

Work- ' the job you do, especially in order to earn money.'

ਗੁਰਬਾਣੀ ਵਿਚ ਵਰਤਿਆ 'ਕਿਰਤ' ਸ਼ਬਦ ਦਾ ਸਰੂਪ ਉਪਰੋਕਤ ਦੋਹਾਂ ਸ਼ਬਦਾਂ ਦੇ ਅਰਥਾਂ ਤੋਂ ਭਿੰਨ ਹੈ। ਇਹ ਸ਼ਬਦ ਸਿਰਫ਼ ਆਰਥਿਕਤਾ ਜਾਂ ਰੋਜ਼ੀ-ਰੋਟੀ ਲਈ ਕਮਾਈ ਤੱਕ ਹੀ ਸੀਮਤ ਨਹੀਂ ਸਗੋਂ ਇਸਦਾ ਸਮਾਜਕ ਪ੍ਰਕਰਣ ਵਧੇਰੇ ਮਹੱਵਪੂਰਨ ਹੈ। ਜੋ ਮਨੁੱਖ ਦੀ ਸਿਰਜਣ-ਸ਼ਕਤੀ ਦਾ ਸਮਾਜਕ ਪ੍ਰਗਟਾਵਾ ਕਰਦਾ ਹੋਇਆ 'ਘਾਲਿ ਖਾਇ ਕਿਛੁ ਹਥਹੁ ਦੇਇ' ਅਤੇ 'ਕਿਰਤਿ ਵਿਰਤਿ ਕਰ ਧਰਮ ਦੀ ਹਥਹੁ ਦੇ ਕੇ ਭਲਾ ਮਨਾਵੈ' ਦਾ ਸੂਚਕ ਬਣ ਜਾਂਦਾ ਹੈ। ਗੁਰਬਾਣੀ ਵਿਚ ਕਿਰਤ ਸ਼ਬਦ ਦੇ ਸਮਾਨਾਰਥਕ ਸ਼ਬਦਾਂ ਦੀ ਸੂਚੀ ਵਿਚ ਸੁਕ੍ਰਿਤ, ਘਾਲ, ਸੇਵਾ, ਕਾਜ, ਕਰਣੀ, ਕਾਰ ਅਤੇ ਕਾਰਜ ਸ਼ਬਦ ਸ਼ਾਮਲ ਹਨ। 'ਕਿਰਤ ਕਰਨਾ ਉੱਤਮ ਗੁਣ ਹੈ। ਕਿਰਤ ਕਰਨਾ ਮਨੁੱਖੀ ਸਰੀਰ, ਮਨ ਅਤੇ ਆਚਰਣ ਦੇ ਵਿਕਾਸ ਲਈ ਜ਼ਰੂਰੀ ਹੈ। ਕਿਰਤ ਮਨੁੱਖੀ ਸਰੀਰ ਲਈ ਇਕ ਟਾਨਿਕ ਹੈ ਅਤੇ ਇਹ ਕੰਮ ਕਰਨ ਦੀ ਸ਼ਕਤੀ ਤੇ ਸਮਰੱਥਾ'ਚ ਵਾਧਾ ਕਰਦੀ ਹੈ। ਸਰੀਰ ਨੂੰ ਰਿਸ਼ਟ-ਪੁਸ਼ਟ ਤੇ ਅਰੋਗ ਰੱਖਣ ਲਈ ਕਿਰਤ ਜ਼ਰੂਰੀ ਹੈ। ਕੰਮ, ਕਿਰਤ ਜਾਂ ਉਸਾਰੂ ਹਰਕਤ'ਚ ਰੱਖਣ ਤੋਂ ਬਗੈਰ ਕੁਦਰਤ ਦੀ ਇਹ ਸਰਬ-ਉੱਤਮ ਸਿਰਜਣਾ ਮਨੁੱਖੀ ਦੇਹ ਵੀ ਦੂਜੀਆਂ ਵਰਤੋਂ 'ਚ ਨਾ ਲਿਆਉਣ ਵਾਲੀਆਂ ਮਸ਼ੀਨਾਂ ਵਾਂਗ ਬਹੁਤੀ ਦੇਰ ਠੀਕ ਹਾਲਤ'ਚ ਨਹੀਂ ਰਹਿ ਸਕਦੀ। ਕਿਰਤੀ ਕੰਮ'ਚੋਂ ਖੁਸ਼ੀ ਪ੍ਰਾਪਤ ਕਰਦੇ ਹਨ ਅਤੇ ਪ੍ਰਸੰਨਚਿਤ ਰਹਿਣ ਕਾਰਨ ਲੰਬੀ ਉਮਰ ਦੇ ਭਾਗੀ ਬਣਦੇ ਹਨ। ਕਿਰਤ ਮਨੁੱਖ ਨੂੰ ਵਿਸ਼ੇ-ਵਿਕਾਰਾਂ ਤੇ ਉਲਾਰਾਂ ਤੋਂ ਬਚਾਉਂਦੀ ਹੈ। ਮਨ ਮਸਤਕ ਚੇਤਨ, ਕ੍ਰਿਆਸ਼ੀਲ ਤੇ ਉੱਦਮੀ ਰਹਿੰਦਾ ਹੈ। ਇਕ ਕਹਾਵਤ ਹੈ: ਵਿਹਲੜ ਨਿਰਾਸਤਾ ਅਤੇ ਸ਼ਰਮਿੰਦਗੀ ਦੇ ਅਤੇ ਉੱਦਮੀ ਜਿੱਤ ਅਤੇ ਇੱਜ਼ਤ ਦੇ ਬੀਜ ਬੀਜਦਾ ਹੈ।'[308]

ਗੁਰਬਾਣੀ ਵਿਚ ਪੇਸ਼ 'ਕਿਰਤ ਦੇ ਮਾਡਲ' ਦੀ ਭੂਮਿਕਾ ਨੂੰ ਸਹੀ ਅਰਥਾਂ ਵਿਚ ਪਛਾਣਨ ਲਈ 'ਕਿਰਤ' ਦੇ ਸੰਕਲਪ ਦੇ ਇਤਿਹਾਸਕ ਪਿਛੋਕੜ ਨੂੰ ਜਾਣਨਾ ਅਤਿ ਆਵਸ਼ਕ ਹੈ।

ਸਿੱਖ ਧਰਮ ਇਕ ਵਿਲੱਖਣ, ਵਿਸ਼ਿਸ਼ਿਟ, ਵਿਗਿਆਨਕ ਅਤੇ ਅਮਲੀ/ਵਿਵਹਾਰਕ ਧਾਰਮਿਕ ਮੱਤ ਹੈ; ਇਸੇ ਹੀ ਵਿਗਿਆਨਕਤਾ ਅਤੇ ਵਿਵਹਾਰਿਕਤਾ ਉੱਤੇ ਆਧਾਰਿਤ ਅੰਤਰ-ਦ੍ਰਿਸ਼ਟੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕੀਤਾ ਗਿਆ ਹੈ। ਸਿੱਖ ਧਰਮ ਗ੍ਰਹਿਸਥੀਆਂ ਦਾ ਧਰਮ ਹੈ ਤੇ ਸਮੁੱਚਾ ਗੁਰੂ ਗ੍ਰੰਥ ਸਾਹਿਬ 'ਅੰਜਨ ਮਹਿ ਨਿਰੰਜਨ ਰਹੀਐ' ਦੀ ਪ੍ਰਤਿਪਾਲਨਾ ਕਰਦਾ ਹੈ। ਜਿੱਥੇ ਹੋਰ ਧਾਰਮਿਕ ਮੱਤਾਂ ਜਿਵੇਂ ਹਿੰਦੂ ਧਰਮ, ਬੁੱਧ ਧਰਮ, ਜੈਨ ਧਰਮ ਜਿਹੇ ਮੱਤਾਂ ਨੇ ਦੁਨਿਆਵੀ ਕਿਰਤ ਵਿਚ ਵਿਚਰਨ ਵਾਲਿਆਂ ਨੂੰ ਮੋਹ-ਮਾਇਆਂ ਵਿਚ ਜਕੜੇ ਹੋਣ ਨਾਲ ਤਸ਼ਬੀਹ ਦਿੱਤੀ ਹੈ ਤੇ ਸੰਸਾਰ ਤੋਂ ਨਿਰਲੇਪ ਰਹਿਣ ਲਈ ਦੁਨੀਆਂ ਤੋਂ ਕਿਨਾਰਾ ਕਰਨ ਦਾ ਆਦਰਸ਼ ਪੇਸ਼ ਕੀਤਾ ਹੈ ਉੱਥੇ ਗੁਰੂ ਗ੍ਰੰਥ ਸਾਹਿਬ ਸਿੱਖੀ ਸਿਧਾਂਤ 'ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ' ਦੀ ਪੈਰਵੀ ਕਰਦਾ ਹੈ। ਸੋ ਗੁਰਬਾਣੀ ਵਿਚ ਤਾਂ ਜੀਵਨ-ਮੁਕਤ ਹੋਣ ਦੀਆਂ ਸਿਖਿਆਵਾਂ ਅੰਕਿਤ ਹਨ ਜੋ ਪੂਰੀ ਤਰ੍ਹਾਂ ਗ੍ਰਹਿਸਥ ਜੀਵਨ ਨਾਲ ਜੁੜੀਆਂ ਹੋਈਆਂ ਹਨ। ਸਿੱਖ-ਧਰਮ ਵਿਚ ਗ੍ਰਹਿਸਥ ਮਾਰਗ ਦੀ ਮਹਾਨਤਾ ਨੂੰ ਭਾਈ ਗੁਰਦਾਸ ਜੀ ਦੀ ਇਸ ਪਉੜੀ ਵਿਚੋਂ ਸਮਝਿਆ ਜਾ ਸਕਦਾ ਹੈ:

ਜੈਸੇ ਸਰ ਸਰਿਤਾ ਸਕਲ ਮੈ ਸਮੁੰਦ੍ਰ ਬਡੋ।ਮੇਰ ਮੈ ਸੁਮੇਰ ਬਡੋ ਜਗਤ ਬਖਾਨ ਹੈ।

ਤਰਵਰ ਬਿਖੈ ਜੈਸੇ ਚੰਦਨ ਬਿਰਖੁ ਬਡੋ।ਧਾਤ ਮੈ ਕਨਿਕ ਅਤਿ ਉਤਮ ਕੈ ਮਾਨਿ ਹੈ।
ਪੰਛੀਅਨ ਮੈ ਹੰਸਿ ਮ੍ਰਿਗਰਾਜਨ ਮੈ ਸਾਰਦੂਲਰਾਗਨ ਮੈ ਸਿਰੀਰਾਗੁ ਪਾਰਸ ਪਖਾਨ ਹੈ
ਗਿਆਨਨ ਮੈ ਗਿਆਨ ਅਰੁ ਧਿਆਨਨ ਮੈ ਧਿਆਨ ਗੁਰ ਸਕਲ ਧਰਮ ਮੈ ਗ੍ਰਿਹਸਤੁ ਪ੍ਰਧਾਨ ਹੈ।[309]

ਸੋ ਗੁਰੂ ਗ੍ਰੰਥ ਸਾਹਿਬ ਦਾ ਮੁੱਖ ਆਧਾਰਬਿੰਦੂ ਹੀ ਗ੍ਰਹਿਸਥ ਮਾਰਗ ਨੂੰ ਅਪਣਾਉਨ ਦਾ ਹੈ। ਸਵੈ-ਮਾਣ ਤੇ ਸਵੈ-ਸਤਿਕਾਰ ਨਾਲ ਹੀ ਗ੍ਰਹਿਸਥ ਜੀਵਨ ਦੀ ਗਰਿਮਾ ਨੂੰ ਸਥਾਪਿਤ ਕੀਤਾ ਜਾ ਸਕਦਾ ਹੈ ਤੇ ਸਵੈ-ਮਾਣ ਜਾਂ ਆਤਮ-ਸਨਮਾਨ ਵਿਹਲੇ ਜਾਂ ਭੁੱਖੇ ਜਾਂ ਫਿਰ ਮੰਗ ਕੇ ਖਾਣ ਨਾਲ ਨਹੀਂ ਬਣਦਾ ਬਲਕਿ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਨ ਨਾਲ ਹੋਂਦ ਵਿਚ ਆਉਂਦਾ ਹੈ। ਗ੍ਰਹਿਸਥ ਦੀ ਪ੍ਰੇਰਨਾ ਕਿਰਤ ਦੀ ਪ੍ਰਰੇਨਾ ਹੈ।'ਚਉਰਾਸੀਹ ਲਖ ਜੋਨਿ ਵਿਚਿ ਉਤਮੁ ਜਨਮੁ ਸੁ ਮਾਣਸਿ ਦੇਹੀ' ਦੇ ਮਹਾਂਵਾਕ ਅਨੁਸਾਰ ਗੁਰਬਾਣੀ ਵਿਚ ਮੰਨਿਆ ਗਿਆ ਹੈ ਕਿ ਮਨੁੱਖਾ ਜੂਨ ਸਭ ਤੋਂ ਅਮੋਲਕ ਤੇ ਕੀਮਤੀ ਹੈ; ਉਸ ਨੂੰ ਫਜ਼ੂਲ ਤੇ ਨਿਰਾਰਥਕ ਜਿਉਣਾ ਬਹੁਤ ਬੇਸਮਝੀ ਹੈ। ਮੱਧਕਾਲ ਵਿਚ ਗੁਰੂਆਂ ਦੇ ਆਗਮਨ ਸਮੇਂ ਭਾਰਤ ਤੇ ਖਾਸ ਕਰਕੇ ਪੰਜਾਬ ਵਿਚ ਤਿਆਗਵਾਦੀ ਰੁਚੀਆਂ ਪ੍ਰਧਾਨ ਸਨ। ਇਸੇ ਲਈ ਭਾਰਤ ਨੂੰ ਰਿਸ਼ੀਆਂ-ਮੁਨੀਆਂ, ਜਪੀਆਂ-ਤਪੀਆਂ-ਤਪਸਵੀਆਂ, ਜੋਗੀਆਂ-ਸੰਨਿਆਸੀਆਂ ਦੀ ਭੂਮੀ ਕਿਹਾ ਜਾਂਦਾ ਰਿਹਾ ਹੈ। ਇਨ੍ਹਾਂ ਤਿਆਗਵਾਦੀਆਂ ਦੇ ਆਪਣੇ ਫਿਰਕੇ ਤੇ ਆਪਣੇ ਧਰਮ-ਅਸੂਲ ਸਨ ਜੋ ਕਿਤੇ ਵੀ ਕਿਰਤ ਨਾਲ ਨਹੀਂ ਜੁੜਦੇ ਸਨ। ਆਪਣੇ ਘਰਾਂ ਦਾ ਤਿਆਗ ਕਰਕੇ, ਕੰਨ ਪੜਵਾਣੇ, ਬਿਭੂਤੀਆਂ ਮਲਣੀਆਂ, ਗੋਦੜੀ ਤੇ ਭਿਖਿਆ-ਪਾਤ੍ਰ ਫੜ ਕੇ ਲੋਕਾਂ ਦੇ ਦਰਾਂ ਤੇ ਟੁਕਰ ਮੰਗਣ ਲਈ ਦਸਤਕ ਦੇਣੀ ਅਤੇ ਸਿੰਙੀ ਵਜਾਉਣੀਆਂ ਇਨ੍ਹਾਂ ਦਾ ਧਰਮ ਸੀ। ਭਾਰਤ ਦੀ ਸਮੁੱਚੀ ਮਾਨਸਿਕਤਾ ਇਨ੍ਹਾਂ ਦੇ ਪ੍ਰਭਾਵ ਹੇਠ ਸੀ। ਗੁਰਬਾਣੀ ਤੇ ਭਗਤੀ ਵਿਚਾਰਧਾਰਾ ਨੇ ਤਿਆਗਵਾਦ ਦਾ ਪੂਰੀ ਤਰ੍ਹਾਂ ਖੰਡਨ ਕਰਕੇ 'ਸੰਸਾਰੀ ਰੀਤ' ਨੂੰ ਪੇਸ਼ ਕੀਤਾ। ਭਾਈ ਗੁਰਦਾਸ ਜੀ ਨੇ ਇਸ ਹਵਾਲੇ ਨੂੰ ਆਪਣੀਆਂ ਵਾਰਾਂ ਵਿਚ ਬਾਖੂਬੀ ਪੇਸ਼ ਕੀਤਾ ਹੈ:

ਨਾਥਾਂ ਨਾਥੁ ਨ ਸੇਵਨੀ ਹੋਇ ਅਨਾਥ ਗੁਰੂ ਬਹੁ ਚੇਲੇ।ਕੰਨ ਪੜਾਇ ਬਿਭੂਤਿ ਲਾਇ ਖਿੰਥਾ ਖਪਰੁ ਡੰਡਾ ਹੇਲੇ।
ਘਰਿ ਘਰਿ ਟੁਕਰ ਮੰਗਦੇ ਸਿੰਙੀ ਨਾਦੁ ਵਾਜਾਇਨਿ ਭੇਲੇ।ਅੰਨ੍ਹੈ ਅੰਨ੍ਹਾ ਖੂਹੇ ਠੇਲੇ॥[310]

ਜੀਵਨ ਦਾ ਉਚਿਤ ਤੇ ਉਸਾਰੂ ਮਾਰਗ ਦੱਸਣ ਦੀ ਬਜਾਇ ਇਹ ਅਗਿਆਨੀ ਪੁਰਸ਼ ਸਮੁੱਚੀ ਲੋਕਾਈ ਨੂੰ ਅੰਧਕਾਰਤਾ ਤੇ ਅਗਿਆਨਤਾ ਵਿਚ ਗ੍ਰਸੱਤ ਕਰਨ ਲਈ ਪੁਰਜ਼ੋਰ ਯਤਨ ਕਰ ਰਹੇ ਸਨ।ਗੁਰਬਾਣੀ ਵਿਚ ਵੀ ਇਸ ਦੇ ਬਹੁਤ ਹਵਾਲੇ ਮਿਲਦੇ ਹਨ:

ਘੋਲੀ ਗੇਰੂ ਰੰਗੁ ਚੜਾਇਆ ਵਸਤ੍ਰ ਭੇਖ ਭੇਖਾਰੀ॥
ਕਾਪੜ ਫਾਰਿ ਬਨਾਈ ਖਿੰਥਾ ਝੋਲੀ ਮਾਇਆਧਾਰੀ॥
ਘਰਿ ਘਰਿ ਮਾਗੈ ਜਗੁ ਪਰਬੋਧੈ ਮਨਿ ਅੰਧੈ ਪਤਿ ਹਾਰੀ॥[311]

ਗਿਆਨ ਵਿਹੂਣਾ ਗਾਵੈ ਗੀਤ॥ ਭੁਖੇ ਮੁਲਾਂ ਘਰੇ ਮਸੀਤਿ॥
ਮਖਟੂ ਹੋਇ ਕੈ ਕੰਨ ਪੜਾਏ॥ਫਕਰੁ ਕਰੇ ਹੋਰ ਜਾਤਿ ਗਵਾਏ॥
ਗੁਰੁ ਪੀਰੁ ਸਦਾਏ ਮੰਗਣ ਜਾਇ॥ਤਾ ਕੈ ਮੂਲਿ ਨ ਲਗੀਐ ਪਾਇ॥
ਘਾਲਿ ਖਾਇ ਕਿਛੁ ਹਥਹੁ ਦੇਇ॥ਨਾਨਕ ਰਾਹੁ ਪਛਾਣਹਿ ਸੇਇ॥[312]

ਗੁਰਬਾਣੀ ਤਾਂ ਕਿਰਤ ਨੂੰ ਰੱਬ ਦੀ ਅਸਲ ਭਗਤੀ (Work is Worship) ਮੰਨਦੀ ਹੈ। ਜੋ ਆਪਣਾ ਕੰਮ ਆਪ ਕਰਕੇ ਅਤੇ ਦੂਜਿਆਂ ਲੋੜਵੰਦਾਂ ਦੀ ਮੱਦਦ ਨਾਲ ਜੋੜਦੀ 'ਘਾਲਿ ਖਾਇ ਕਿਛੁ ਹਥਹੁ ਦੇਇ' ਦਾ ਮਾਰਗ ਦ੍ਰਿੜ ਕਰਵਾਉਂਦੀ ਹੈ। ਗੁਰੂ ਪਰੰਪਰਾ ਉਨ੍ਹਾਂ ਲੋਕਾਂ ਦੀ ਸਖਤੀ ਨਾਲ ਨਿਖੇਧੀ ਕਰਦੀ ਹੈ ਜੋ ਧਰਮ ਦੇ ਨਾਂ ਤੇ ਸਰੀਰਿਕ ਤੇ ਆਰਥਿਕ-ਸਮਾਜਕ ਲੋੜਾਂ ਨੂੰ ਦਬਾਉਣ ਦੀ ਅਧਾਰਮਿਕ ਕਿਰਿਆ ਦਾ ਉਪਦੇਸ ਕਰਦੇ ਅਤੇ ਆਪਣੇ ਆਪ ਨੂੰ ਮਹਾਂਪੁਰਖ, ਕਰਾਮਾਤੀ ਜਾਂ ਦੈਵੀ ਸ਼ਕਤੀਆਂ ਦੇ ਮਾਲਕ ਦੱਸਦੇ ਲੋਕਾਂ ਦੀ ਕਮਾਈ ਤੇ ਐਸ਼ਾਂ ਕਰਦੇ ਹਨ। ਗੁਰਬਾਣੀ ਵਿਚ ਤਾਂ ਕਮਾਈ ਕਰਨ ਉਪਰੰਤ ਪਰਉਪਕਾਰ ਦੀ ਬਿਰਤੀ ਨੂੰ ਪ੍ਰਫੁਲਤ ਕਰਨ ਦਾ ਸੰਦੇਸ਼ ਹੈ।ਇਸ ਤਰ੍ਹਾਂ ਉਹ ਜੀਵਨ ਦਾ ਭਰਪੂਰ ਆਨੰਦ ਮਾਣਦਾ ਹੋਇਆ ਅਸਲ ਵਿਚ ਆਪਣੀ ਆਤਮਾ ਦਾ ਵਿਕਾਸ ਕਰਨ ਦਾ ਯਤਨ ਕਰਦਾ ਹੈ। ਕਿਰਤ ਕਰਨ ਨਾਲ ਉਸ ਦਾ ਸਤਿਕਾਰ ਤੇ ਸਵੈ-ਮਾਨ ਵਧਦਾ ਹੈ। ਕਿਰਤ ਰਹਿਤ ਮਨੁੱਖ ਦੂਜਿਆਂ ਦਾ ਮੁਥਾਜ ਬਣ ਕੇ ਰਹਿ ਜਾਂਦਾ ਹੈ; ਜਿਸ ਨਾਲ ਉਸ ਦਾ ਜੀਵਨ ਵਰਦਾਨ ਦੀ ਬਜਾਇ ਸਰਾਪ ਪ੍ਰਤੀਤ ਹੋਣ ਲੱਗਦਾ ਹੈ।ਇਸੇ ਲਈ ਬਾਬਾ ਫ਼ਰੀਦ ਜੀ ਫਰਮਾਉਂਦੇ ਹਨ:

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ॥[313]

ਕਿਰਤ ਅਧਿਆਤਮਕ ਜੀਵਨ ਦੀ ਆਧਾਰਸ਼ਿਲਾ ਹੈ। ਕਿਰਤ ਪੂਜਾ ਦੇ ਤੁਲ ਹੈ। ਸੇਵਾ, ਨਿਮਰਤਾ, ਸਿਦਕ, ਰਜ਼ਾ, ਪਰਉਪਕਾਰ, ਮਿਹਨਤ, ਆਤਮ-ਸਨਮਾਨ ਗੁਣਾਂ ਦਾ ਸੋਮਾ ਕਿਰਤ ਹੀ ਹੈ। ਇਸੇ ਲਈ ਡਾ. ਜਸਵੰਤ ਸਿੰਘ ਨੇਕੀ ਹੋਰਾਂ ਦਾ ਵਿਚਾਰ ਹੈ:

'ਕੰਮ ਕਰਨਾ ਨਾ ਮਿਹਣਾ ਹੈ ਨਾ ਸਰਾਪ। ਵਿਹਲੜਪੁਣਾ ਮਿਹਣਾ ਵੀ ਹੈ, ਸਰਾਪ ਵੀ। ਘਾਲਣਾ ਵਿਚੋਂ ਹੀ ਆਤਮ-ਸਨਮਾਨ ਪ੍ਰਾਪਤ ਹੁੰਦਾ ਹੈ ਅਤੇ ਆਤਮ-ਸਨਮਾਨ ਅਧਿਆਤਮ ਦੀ ਜਿੰਦ-ਜਾਨ ਹੈ।'[314]

ਇਸ ਵਿਚ ਕੋਈ ਸੰਦੇਹ ਨਹੀਂ ਕਿ ਅੱਜ ਮਨੁੱਖ ਨੇ ਜੋ ਵਿਕਾਸ ਦੀਆਂ ਬੁਲੰਦੀਆਂ ਨੂੰ ਛੂਹਿਆ ਹੈ ਉਹ ਉਸਦੀ ਅਣਥੱਕ ਮਿਹਨਤ ਤੇ ਘਾਲਣਾ ਦਾ ਫ਼ਲ ਹੈ। ਆਦਿ ਮਾਨਵ ਤੋਂ ਰੋਬੋਟ ਤੱਕ ਦਾ ਸਫ਼ਰ ਕਰਨ ਲਈ ਮਨੁੱਖ ਨੂੰ ਬਹੁਤ ਮਿਹਨਤ ਕਰਨੀ ਪਈ ਹੈ। ਪਰ ਇਹ ਘਾਲਣਾ ਤੇ ਯਤਨ ਕੁਝ ਕੁ ਲੋਕਾਂ ਦੇ ਹਿੱਸੇ ਆਏ ਤੇ ਉਨ੍ਹਾਂ ਨੂੰ ਵੀ ਨਿੰਦਿਆ ਗਿਆ। ਸਮਾਜਿਕ-ਧਾਰਮਿਕ ਵਿਵਸੱਥਾ ਨੇ ਇਕ ਅਜਿਹਾ ਨਿਜ਼ਾਮ ਪੇਸ਼ ਕੀਤਾ ਜੋ ਵਰਨਗਤ ਅਤੇ ਸ਼੍ਰੇਣੀਗਤ ਦਰਜਾਬੰਦੀਆਂ ਤੇ ਆਧਾਰਿਤ ਸੀ। ਇਹ ਸਮਾਜ ਚਾਰ ਵਰਨਾਂ ਤੇ ਆਧਾਰਿਤ ਸੀ ਜਿਸ ਵਿਚ ਤਿੰਨ ਵਰਗ ਬ੍ਰਾਹਮਣ, ਖੱਤਰੀ ਅਤੇ ਵੈਸ਼ ਕੰਮ ਲੈਣ ਵਾਲੇ ਅਤੇ ਕੰਮਾਂ ਦਾ ਲਾਭ ਉਠਾਉਣ ਵਾਲੇ ਬਣ ਗਏ ਅਤੇ ਚੌਥੇ ਵਰਗ ਸ਼ੂਦਰਾਂ ਤੇ ਕੰਮ ਦਾ

ਸਾਰਾ ਭਾਰ ਆ ਗਿਆ। ਇਹ ਲੋਕ ਸ਼ੋਸ਼ਣ ਦਾ ਸ਼ਿਕਾਰ ਹੋਣ ਲੱਗੇ। ਸਮਾਜ ਦੇ ਵਿਕਾਸ ਵਿਚ ਭਰਪੂਰ ਯੋਗਦਾਨ ਦੇ ਬਾਵਜੂਦ ਇਨ੍ਹਾਂ ਨੂੰ ਤ੍ਰਿਸਕਾਰਿਆ ਗਿਆ। ਆਪਣੇ ਆਪ ਨੂੰ ਵੱਡੇ ਕਹਾਉਂਦੇ ਲੋਕ ਵਿਹਲੜ, ਆਲਸੀ ਤੇ ਨਿਕੰਮੇ ਬਣ ਗਏ।ਗੁਰੂ ਸਾਹਿਬਾਨ ਨੇ ਆਪਣੀ ਆਵਾਜ਼ ਇਨ੍ਹਾਂ ਕਿਰਤ-ਕਮਾਈ ਕਰਨ ਵਾਲੇ ਲੋਕਾਂ ਦੇ ਹੱਕ ਵਿਚ ਕੀਤੀ ਤੇ ਆਪਣੇ ਆਪ ਨੂੰ ਨੀਚ ਵਰਗ ਦਾ ਰਹਿਬਰ ਸਥਾਪਤ ਕੀਤਾ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥[315]

ਗੁਰਬਾਣੀ ਪ੍ਰਭੂ ਦੀ ਕਿਰਤ ਨੂੰ 'ਮੂਲ-ਮੰਤਰ' ਵਿਚ ਹੀ ਸਥਾਪਿਤ ਕਰ ਦਿੰਦੀ ਹੈ। ਗੁਰੂ ਜੀ ਅਨੁਸਾਰ ਧਾਰਮਿਕ ਪੁਰਖ ਜੋ ਪਰਮਾਤਮਾ ਦੇ ਕਰਤਾ ਧਰਤਾ ਹਰਤਾ ਦੀਆਂ ਸ਼ਕਤੀਆਂ ਨੂੰ ਮੰਨਦੇ ਹਨ, ਉਹ ਮੰਨਦੇ ਹਨ ਕਿ ਇਹ ਅਦਭੁੱਤ ਸ੍ਰਿਸ਼ਟੀ ਅਤੇ ਸਾਜੀ-ਸਵਾਰੀ ਪ੍ਰਕਿਰਤੀ ਪਰਮਾਤਮਾ ਦੀ ਕਿਰਤ ਹੈ। ਪਰਮਾਤਮਾ ਨਿਰੰਤਰ ਕਿਰਤ ਕਰਨ ਵਿਚ ਜੁੜਿਆ ਰਹਿੰਦਾ ਹੈ ਤਾਂ ਉਹ ਕਿਰਤੀ ਤੋਂ ਕਿਵੇਂ ਇਨਕਾਰੀ ਹੋ ਸਕਦੇ ਹਨ? ਪ੍ਰਭੂ ਦੇ ਕਿਰਤੀ ਸੁਭਾਅ ਨੂੰ ਹੇਠ ਲਿਖੀਆਂ ਸਤਰਾਂ ਤੋਂ ਸਮਝਿਆ ਜਾ ਸਕਦਾ ਹੈ:

ਕਈ ਬਾਰ ਪਸਰਿਓ ਪਾਸਾਰ॥[316]
ਨਾਨਕ ਸਚੇ ਕੀ ਸਾਚੀ ਕਾਰ॥[317]
ਆਪੇ ਕਰਤਾ ਕਰੇ ਸੁ ਹੋਈ॥
ਢਾਹਿ ਉਸਾਰੇ ਹੁਕਮਿ ਸਮਾਵੈ॥[318]

ਗੁਰੂ ਨਾਨਕ ਦੇਵ ਜੀ ਨੇ ਪਹਿਲੀ ਵਾਰੀ 'ਕਿਰਤ ਕਰੋ, ਨਾਮ ਜਪੋ ਅਤੇ ਵੰਡ ਕੇ ਛਕੋ' ਦਾ ਤ੍ਰੈ-ਸੂਤਰੀ ਫਾਰਮੂਲਾ ਪੇਸ਼ ਕਰਕੇ ਧਰਮ ਦੀ ਪਰਿਭਾਸ਼ਾ ਹੀ ਬਦਲ ਦਿੱਤੀ। ਭਾਰਤੀ ਸਮਾਜ ਵਿਚ ਧਰਮ ਨੂੰ ਕਿਰਤ ਨਾਲ ਜੋੜ ਕੇ ਪੇਸ਼ ਕਰਨਾ ਇਕ ਬਹੁਤ ਵੱਡਾ ਕ੍ਰਾਂਤੀਕਾਰੀ ਤੇ ਚੈਲੰਜ ਭਰਿਆ ਕੰਮ ਸੀ। ਜੋ ਇਨ੍ਹਾਂ ਜਮਾਤਾਂ ਲਈ ਅਸਹਿਣਯੋਗ ਬਣ ਗਿਆ।'ਵਰਨ ਵਿਵਸਥਾ ਦੇ ਸਮਰੱਥਕ ਆਧੁਨਿਕ ਕਾਲ ਵਿਚ ਇਸ ਅਪ੍ਰਾਸੰਗਿਕ ਅਮਾਨਵੀ ਵਿਵਸਥਾ ਨੂੰ ਵੀ ਗੌਰਵਸ਼ਾਲੀ ਸਨਾਤਨ ਪਰੰਪਰਾ ਸਿੱਧ ਕਰਨ ਵਾਸਤੇ ਅਜੋਕੇ ਸਮੇਂ ਵਿਚ ਇਸ ਨੂੰ ਕਾਰਜ-ਕੁਸ਼ਲਤਾ ਵਧਾਉਣ ਵਾਲਾ ਕਰਮ-ਵਿਭਾਜਨ ਸਿਸਟਮ ਸਥਾਪਿਤ ਕਰਦੇ ਹਨ, ਪਰ ਇਸ ਵਿਚ ਕੋਈ ਸੰਦੇਹ ਨਹੀਂ ਕਿ ਇਸ ਸਿਸਟਮ ਨੇ ਕਿਰਤ ਕਰਨ ਦੀ ਪਵਿੱਤਰਤਾ ਨਸ਼ਟ ਕਰ ਕੇ ਕਿਰਤ ਅਤੇ ਕਿਰਤੀ ਦੋਹਾਂ ਨੂੰ ਤੁਛਤਾ ਨਾਲ ਕੰਲਕਿਤ ਕਰ ਦਿੱਤਾ ਸੀ ਅਤੇ ਇਕ ਕਲੰਕ ਅੱਜ ਤੀਕ ਭਾਰਤੀ ਸਮਾਜ ਦੇ ਮੱਥੇ ਉੱਤੇ ਵਿਦਮਾਨ ਹੈ। ਇਸੇ ਕਾਰਨ ਇਸ ਦੇਸ਼ ਵਿਚ ਅਜੇ ਵੀ ਕਿਰਤ ਕਰਨ ਪ੍ਰਤੀ ਲੋਕ ਉਤਸ਼ਾਹਿਤ ਨਹੀਂ ਹਨ। ਉਂਜ ਭਾਵੇਂ ਹਰ ਸਥਾਨ' ਤੇ ਮਨੁੱਖ ਦੀਆਂ ਮੂਲ ਪ੍ਰਵਿਰਤੀਆਂ ਤਾਂ ਇਕੋ ਜਿਹੀਆਂ ਹਨ, ਸੁਆਰਥ ਸਭ ਵਿਚ ਹੈ, ਸੁਖ ਦੇ ਸਾਰੇ ਅਭਿਲਾਖੀ ਹਨ, ਪਰ ਸਾਡੇ ਦੇਸ਼ ਵਿਚ ਇਕ ਪਾਸੇ ਕਿਰਤ ਦੀ ਤੁਛਤਾ ਨੂੰ ਵੈਦਿਕ ਸਨਾਤਨਵਾਦ ਨੇ ਧਾਰਮਿਕ ਆਧਾਰ ਦਿੱਤਾ ਅਤੇ ਦੂਜੇ ਪਾਸੇ ਯੋਗਪਰਕ ਅਵੈਦਿਕ ਪੰਥਾਂ ਦੀ ਗ੍ਰਹਿਸਥ ਪ੍ਰਤੀ ਉਦਾਸੀਨਤਾ ਨੇ ਵੀ ਕਿਰਤ' ਤੇ

ਪਲਣ ਵਾਲੇ ਵਿਹਲੜ ਸਾਧੂਆਂ ਦੀਆਂ ਜਮਾਤਾਂ ਦਾ ਹੀ ਵਿਸਥਾਰ ਕੀਤਾ ਜਾਂ ਫਿਰ ਨਿਪੁੰਸਕ ਸਮਾਜ ਸਿਰਜ ਕੇ ਕਿਰਤੀਆਂ ਨੂੰ ਲੁੱਟਣ ਵਾਲੇ ਜਰਵਾਣਿਆਂ ਨੂੰ ਬਲਸ਼ਾਹੀ ਹੋਣ ਦਾ ਮੌਕਾ ਦਿੱਤਾ।'[319] ਗੁਰੂ ਸਾਹਿਬਾਨ ਨੇ ਕਿਰਤ ਅਤੇ ਕਿਰਤੀ ਪ੍ਰਤੀ ਅਰੁੱਚੀ ਅਤੇ ਸ਼ੋਸ਼ਣ ਖਿਲਾਫ ਆਵਾਜ਼ ਬੁਲੰਦ ਕਰਦਿਆਂ ਸਪਸ਼ਟ ਕੀਤਾ ਕਿ ਜੋ ਕਿਰਤੀ ਸਾਧਨ-ਸੰਪੰਨ ਅਤੇ ਖੁਸ਼ਹਾਲ ਹੋਣਾ ਚਾਹੀਦਾ ਸੀ ਉਹ ਸਾਧਨਹੀਨ ਅਤੇ ਕੰਗਾਲ ਹੋ ਗਿਆ। ਜਿਸਨੂੰ ਸਮਾਜ ਵਿਚ ਇੱਜ਼ਤ ਮਿਲਣੀ ਚਾਹੀਦੀ ਸੀ ਉਸ ਨੂੰ ਤ੍ਰਿਸਕਾਰਿਤ ਕੀਤਾ ਗਿਆ। ਇਸੇ ਲਈ ਗੁਰਬਾਣੀ ਵਿਚ ਸ਼ੋਸ਼ਣ ਕਰਨ ਵਾਲੀਆਂ ਉੱਪਰਲੀਆਂ ਜਾਤਾਂ ਨੂੰ ਅਧਾਰਮਿਕ ਪ੍ਰਵਾਨ ਕੀਤਾ ਗਿਆ ਹੈ:

ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥
ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ॥[320]

ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ ਹਰਿ ਨਾਮਦੇਉ ਲੀਆ ਮੁਖਿ ਲਾਇ॥[321]

ਗੁਰਬਾਣੀ ਕਿਸੇ ਧਰਮ ਦਾ ਵਿਰੋਧ ਨਹੀਂ ਕਰਦੀ ਬਲਕਿ ਕਰਮਸ਼ੀਲਤਾ ਦਾ ਪੱਖ ਪੂਰਦੀ ਮਨੁੱਖਤਾ ਨੂੰ ਇੱਜ਼ਤ ਬਖਸ਼ਦੀ ਹੈ। ਗੁਰੂ ਸਾਹਿਬਾਨ ਨੇ 'ਮੰਗਣ' ਨੂੰ ਬਹੁਤ ਹੀਣਾ ਮੰਨਿਆ ਹੈ। ਮੰਗਣ ਵਾਲੇ ਕਦੇ ਵੀ ਗਿਆਨਵਾਨ ਜਾਂ ਫ਼ਕੀਰ ਨਹੀਂ ਹੋ ਸਕਦੇ।ਇਸ ਤਰ੍ਹਾਂ ਗੁਰਬਾਣੀ ਧਰਮ ਤੇ ਅਧਿਆਤਮਕ ਖੇਤਰ ਵਿੱਚ ਮੰਗਤਿਆਂ ਦੀ ਹੋਂਦ ਨੂੰ ਮੰਨਣ ਤੋਂ ਇਨਕਾਰੀ ਹੈ। ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਰਚਨਾ ਵਿਚ ਮੰਗਣ ਦਾ ਵਿਰੋਧ ਅਤੇ ਹੱਥੀਂ ਕਿਰਤ ਕਰਨ ਦਾ ਰਾਹ ਦੱਸਿਆ ਗਿਆ ਹੈ:

ਲੋਕੁ ਧਿਕਾਰੁ ਕਹੈ ਮੰਗਤ ਜਨ ਮਾਗਤ ਮਾਨੁ ਨ ਪਾਇਆ॥
ਸਹ ਕੀਆ ਗਲਾ ਦਰ ਕੀਆ ਬਾਤਾ ਤੈ ਤਾ ਕਹਣੁ ਕਹਾਇਆ॥[322]
ਘਰਿ ਘਰਿ ਮਾਗੈ ਜਗੁ ਪਰਬੋਧੈ ਮਨਿ ਅੰਧੈ ਪਤਿ ਹਾਰੀ॥[323]
ਜੋਗੀ ਬੈਸਿ ਰਹਹੁ ਦੁਬਿਧਾ ਦੁਖੁ ਭਾਗੈ॥
ਘਰਿ ਘਰਿ ਮਾਗਤਲਾਜ ਨ ਲਾਗੈ॥[324]

ਇਸ ਤਰ੍ਹਾਂ 'ਕਿਰਤ' ਅਤੇ 'ਕੀਰਤ' ਗੁਰਬਾਣੀ ਦੇ ਥੰਮ ਬਣ ਗਏ। 'ਕੀਰਤ' ਤੋਂ ਵੀ ਪਹਿਲਾ 'ਕਿਰਤ' ਤੇ ਜ਼ੋਰ ਦਿੱਤਾ ਗਿਆ।'ਤਨ ਕਾਰ ਵੱਲ, ਮਨ ਯਾਰ ਵੱਲ' ਗੁਰਬਾਣੀ ਦੇ ਫ਼ਲਸਫ਼ੇ ਦਾ ਆਧਾਰ ਬਿੰਦੂ ਬਣ ਗਿਆ। ਇਸ ਸੰਬੰਧੀ ਭਗਤ ਕਬੀਰ ਜੀ ਦਾ ਪੇਸ਼ ਕੀਤਾ ਇਕ ਦ੍ਰਿਸ਼ਟਾਂਤ ਬਹੁਤ ਵਿਚਾਰਨਯੋਗ ਹੈ। ਭਗਤ ਕਬੀਰ ਜੀ ਭਗਤ ਨਾਮਦੇਵ ਤੇ ਭਗਤ ਤ੍ਰਿਲੋਚਨ ਜੀ ਦੇ ਸੰਵਾਦ ਨੂੰ ਪੇਸ਼ ਕਰਦੇ ਹਨ; ਜਿਸ ਵਿਚ ਭਗਤ ਤ੍ਰਿਲੋਚਨ ਜੀ ਭਗਤ ਨਾਮਦੇਵ ਜੀ ਨੂੰ ਸੰਸਾਰੀਆਂ ਵਾਂਗ ਮੋਹ ਮਾਇਆ ਵਿਚ ਪੈ ਕੇ ਜੀਵਨ ਬਤੀਤ ਕਰਨ ਬਾਰੇ ਟਿੱਪਣੀ ਕਰਦੇ ਹਨ। ਨਾਮਦੇਵ ਜੀ ਦਾ ਉੱਤਰ ਗੁਰਬਾਣੀ ਦੇ ਸਿਧਾਂਤ ਨੂੰ ਪ੍ਰਗਟਾਉਂਦਾ ਹੈ ਕਿ ਪ੍ਰਭੂ ਦਾ ਨਾਮ ਤਾਂ ਮੂੰਹ ਨਾਲ ਜੱਪਣਾ ਹੈ ਅਤੇ ਕਿਰਤ ਹੱਥਾਂ-ਪੈਰਾਂ ਨਾਲ

ਕਰਨੀ ਹੈ। ਮਕਸਦ ਤਾਂ ਪਰਮਾਤਮਾ ਨਾਲ ਸੁਰਤ ਇਕਸੁਰ ਕਰਨ ਦਾ ਹੈ।ਸਰੀਰਿਕ ਕਰਮ ਇਸ ਵਿਚ ਕਦੇ ਰੁਕਾਵਟ ਨਹੀਂ ਬਣਦੇ।

ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ॥
ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ॥ [325]

ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮਾਲਿ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥ [326]

ਅਸਲ ਵਿਚ ਸੱਚਾ ਸਾਧਕ ਗ੍ਰਹਿਸਥ ਦੀ ਕਾਰ ਕਰਦਿਆਂ ਸੁਰਤ ਨੂੰ ਪਰਮਾਤਮਾ ਵਿਚ ਸਥਿਰ ਰੱਖਦਾ ਹੈ ਅਤੇ ਕਿਰਤ ਦੀ ਪਵਿੱਤਰਤਾ ਉਸ ਦੇ ਹਿਰਦੇ ਨੂੰ ਸ਼ੁਧ ਅਮਲਾਂ ਲਈ ਸਦੈਵ ਪ੍ਰੇਰਿਤ ਕਰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਚ ਸ਼ਾਮਿਲ ਬਹੁਤੇ ਬਾਣੀਕਾਰ ਕਿਰਤੀ ਵਰਗ ਨਾਲ ਸੰਬੰਧਿਤ ਸਨ। ਇਨ੍ਹਾਂ ਬਾਣੀਕਾਰਾਂ ਨੇ ਆਪ ਜੀਵਨ-ਕਾਲ ਵਿਚ ਕਿਰਤ ਕਰਦਿਆਂ ਹੋਇਆਂ 'ਕਿਰਤ' ਨਾਲ ਜੋੜਿਆ ਹੈ। ਗੁਰੂ ਨਾਨਕ ਸਾਹਿਬ ਨੇ ਮੱਝਾਂ ਚਰਾਉਣ, ਮੋਦੀਖਾਨੇ ਵਿਚ ਨੌਕਰੀ ਕਰਨ, ਲੰਗਰ ਦੀ ਸੰਸਥਾ ਅਤੇ ਉਦਾਸੀਆਂ ਉਪਰੰਤ ਕੀਰਤਪੁਰ ਵਿਚ ਕਿਸਾਨੀ ਦਾ ਕਿੱਤਾ ਅਪਣਾਇਆ। ਗੁਰੂ ਅੰਗਦ ਦੇਵ ਜੀ ਨੇ ਬਾਣ ਵੱਟ ਕੇ ਜੀਵਨ-ਨਿਰਬਾਹ ਕੀਤਾ। ਭਾਈ ਕੇਸਰ ਸਿੰਘ ਨੇ ਇਸ ਦਾ ਜ਼ਿਕਰ ਕੀਤਾ ਹੈ:

ਵਾਣਿ ਵਟਿ ਕਰਨ ਗੁਜਰਾਨ।
ਬਿਨਾ ਕਿਰਤ ਆਪਣੀ ਧਾਨ ਬਿਗਾਨਾ ਨਾ ਖਾਣ। [327]

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਲੰਗਰ ਦੀ ਸੇਵਾ ਆਪ ਕਰਦੇ ਸਨ। ਸ੍ਰੀ ਗੁਰੂ ਰਾਮਦਾਸ ਜੀ ਛੋਲੇ (ਘੁੰਗਣੀਆਂ) ਵੇਚ ਕੇ ਗੁਜ਼ਾਰਾ ਕਰਦੇ ਸਨ। ਭਗਤ ਧੰਨਾ ਜੀ ਨੇ ਕਿਸਾਨੀ ਦਾ ਧੰਦਾ ਅਪਣਾਇਆ। ਭਗਤ ਸੈਣ ਜੀ ਨੇ 'ਨਾਈ' ਦਾ ਕੰਮ ਕਰਦੇ ਸਨ। ਭਗਤ ਕਬੀਰ ਜੀ ਜੁਲਾਹੇ ਦਾ ਕੰਮ ਕਰਦੇ ਸਨ। ਭਗਤ ਰਵੀਦਾਸ ਜੀ ਮੋਚੀ ਦਾ ਕੰਮ ਕਰਦੇ ਸਨ।ਨਾਮਦੇਵ ਜੀ ਨੇ ਦਰਜੀ ਦਾ ਕੰਮ ਕੀਤਾ। ਭਗਤ ਬਾਣੀ ਵਿਚ ਇਨ੍ਹਾਂ ਕਾਰਜਾਂ ਅਤੇ ਕਾਰਜਾਂ ਨਾਲ ਕੀਤੀ ਜਾਂਦੀ ਹੀਣਤਾ ਤੇ ਘਿਰਣਾ ਨੂੰ ਪ੍ਰਗਟਾਇਆ ਗਿਆ ਹੈ ਪਰ ਇਹ ਮਹਾਂਪੁਰਖ ਕਿਰਤ ਵਿਚ ਜੁਟੇ ਆਪਣੇ ਜੀਵਨ ਨੂੰ ਸਫ਼ਲਾ ਕਰਦੇ ਰਹੇ।

ਕਹਿ ਰਵਿਦਾਸ ਖਲਾਸ ਚਮਾਰਾ॥ [328]
ਜਾਤੀ  ਓਛਾ ਪਾਤੀ ਓਛਾ ਓਛਾ ਜਨਮ ਹਮਾਰਾ॥
ਰਾਜਾ ਰਾਮ ਕੀ ਸੇਵ ਨ ਕੀਨੀ ਕਹਿ ਰਵਿਦਾਸ ਚਮਾਰਾ॥ [329]
ਕਬੀਰ ਮੇਰੀ ਜਾਤਿ ਕਉ ਸਭੁ ਕੋ ਹਸਨੇਹਾਰੁ॥ [330]
ਓਛੀ ਮਤਿ ਮੇਰੀ ਜਾਤਿ ਜੁਲਾਹਾ॥ [331]

ਗੁਰਬਾਣੀ ਦੇ ਵਿਆਖਿਆਕਾਰ ਭਾਈ ਗੁਰਦਾਸ ਜੀ ਨੇ ਮਨੁੱਖੀ ਸਰੀਰ ਦੀ ਹੋਂਦ ਨੂੰ ਬੜੇ ਤਰਕਯੋਗ ਢੰਗ ਪੇਸ਼ ਕਰਦਿਆਂ ਕਿਰਤ ਦੀ ਮਹੱਤਤਾ ਨੂੰ ਪ੍ਰਗਟਾਇਆ ਹੈ। ਆਪ ਦ੍ਰਿੜ ਕਰਵਾਉਂਦੇ ਹਨ ਕਿ ਕਰਤਾਰ ਨੇ ਮਾਨਵ-ਕਾਇਆ ਕਰਮਜੀਣ ਜੀਵਨ ਬਤੀਤ ਕਰਨ ਵਾਸਤੇ ਨਹੀਂ ਪ੍ਰਦਾਨ ਕੀਤੀ। ਹਰੇਕ ਗਿਆਨ-ਇੰਦਰੀ ਅਤੇ ਸਰੀਰਿਕ ਅੰਗ ਦਾ ਆਪਣਾ ਕਾਰਜ ਹੈ। ਹੱਥ ਕਿਰਤ ਕਰਨ ਦਾ ਪ੍ਰਤੀਕ ਹਨ ਅਤੇ ਇਹ ਤਾਂ ਹੀ ਸਫਲ ਹਨ ਜੇ ਇਨ੍ਹਾਂ ਦੁਆਰਾ ਕਿਰਤ ਕਰਕੇ ਮਨੁੱਖਤਾ ਦਾ ਕਲਿਆਣ ਕੀਤਾ ਜਾਵੇ:

ਅਖੀ ਮੁਹੁਂ ਨਕੁ ਕੰਨੁ ਦੇਇ ਹਥੁ ਪੈਰੁ ਸਭਿ ਦਾਤ ਸੁ ਤਿਸੈ।ਅਖੀਂ ਦੇਖੈ ਰੂਪ ਰੰਗੁ ਸਬਦ ਸੁਰਤਿ ਮੁਹਿ ਕੰਨ ਸਰਿਸੈ।
ਨਕਿ ਵਾਸੁ ਹਥੀਂ ਕਿਰਤਿ ਪੈਰੀ ਚਲਣ ਪਲ ਪਲ ਖਿਸੈ।ਵਾਲ ਦੰਦ ਨਹੁਂ ਰੋਮ ਰੋਮ ਸਾਸਿ ਗਿਰਾਸਿ ਸਮਾਲਿ ਸਲਿਸੈ॥[332]

ਜੀਭੈ ਅੰਦਰਿ ਬੋਲਦਾ ਬਹੁ ਸਾਦ ਲੁਭਾਣਾ।
ਹਥੀਂ ਕਿਰਤਿ ਕਮਾਵਦਾ ਪਗਿ ਚਲੈ ਸੁਜਾਣਾ।[333]

ਭਾਈ ਗੁਰਦਾਸ ਜੀ ਗੁਰਬਾਣੀ ਦੇ ਕਿਰਤ ਸਿਧਾਂਤ ਦਾ ਵਿਸ਼ਲੇਸ਼ਣ ਕਰਦੇ ਸਪਸ਼ਟ ਕਰਦੇ ਹਨ ਕਿ ਜੇ ਕੋਈ ਮਨੁੱਖ ਕਿਰਤ ਵਿਚ ਨਿਸਚਾ ਜਾਂ ਯਕੀਨ ਨਹੀਂ ਰੱਖਦਾ ਤਾਂ ਉਹ ਮਨੁੱਖਾ-ਜੂਨ ਵਿਚ ਵੀ ਪਸ਼ੂ-ਪ੍ਰੇਤ ਭਾਂਤੀ ਹੀ ਹੈ। ਮਨੁੱਖ ਗੁਰਮੁਖਤਾਈ ਨੂੰ ਪ੍ਰਾਪਤ ਕਰ ਕੇ ਹੀ ਜੀਵਨ ਸਫਲਾ ਕਰ ਸਕਦਾ ਹੈ।

ਹਥੀ ਕਿਰਤਿ ਕਮਾਵਣੀ ਪੈਰੀ ਚਲਣੁ ਜੋਤਿ ਇਵੇਹੀ।
ਗੁਰਮੁਖਿ ਜਨਮੁ ਸਕਾਰਥਾ ਮਨਮੁਖ ਮੂਰਤਿ ਮਤਿ ਕਿਨੇਹੀ।
ਪਸੂ ਪਰੇਤਹੁ ਬੁਰੀ ਹੁਰੇਹੀ॥[334]

ਇਸੇ ਲਈ ਭਾਈ ਗੁਰਦਾਸ ਜੀ ਸੁਨਿਸ਼ਿਚਿਤ ਕਰਦੇ ਹਨ ਕਿ ਕਿਰਤ ਕਰਨੀ ਉਹ ਜੀਵਨ-ਜਾਚ ਹੈ ਜੋ ਮਨੁੱਖ ਦੇ ਮਨ ਵਿਚ ਧਰਮ ਅਤੇ ਸੱਚ ਨੂੰ ਦ੍ਰਿੜ ਕਰਨ ਵਿਚ ਸਹਾਇਕ ਹੁੰਦੀ ਹੈ। ਕਿਰਤ ਹੀ ਸਾਧਕ ਦੇ ਚਿੱਤ ਵਿਚ ਪ੍ਰਭੂ ਦਾ ਨਾਮ ਉਤਪੰਨ ਕਰਦੀ ਹੈ।ਆਪ ਦੇ ਬਚਨ ਹਨ:

ਹਥੀ ਕਾਰ ਕਮਾਵਣੀ ਪੈਰੀ ਚਲਿ ਸਤਿਸੰਗ ਮਿਲੇਹੀ।
ਕਿਰਤਿ ਵਿਰਤਿ ਕਰ ਧਰਮ ਦੀ ਖਟਿ ਖਵਾਲਣੁ ਕਾਰਿ ਕਰੇਹੀ।[335]

ਕਿਰਤਿ ਵਿਰਤਿ ਮਨੁ ਧਰਮੁ ਸਚੁ ਦਿੜਾਇਆ।
ਸਚੁ ਨਾਉ ਕਰਤਾਰੁ ਆਪੁ ਉਪਾਇਆ।[336]

ਅਧਿਆਤਮਕ ਅਤੇ ਸਦਾਚਾਰਕਤਾ ਦੇ ਰੰਗ ਵਿਚ ਰੰਗੇ ਜਾਣ ਉਪਰੰਤ ਮਨੁੱਖ ਦੇ ਸਾਰੇ ਸੰਸਾਰਿਕ ਕਾਰਜ ਸੁਕ੍ਰਿਤ ਅਰਥਾਤ ਸੱਚੀ ਕਿਰਤ ਬਣ ਜਾਂਦੇ ਹਨ। ਮਨੁੱਖ ਕੇਵਕ ਧਨ ਪ੍ਰਾਪਤੀ ਲਈ ਕਿਰਤ ਨਹੀਂ ਕਰਦਾ ਸਗੋਂ ਸੇਵਾ ਅਤੇ ਪਰਉਪਕਾਰ ਰਾਹੀਂ ਲੋੜਵੰਦਾਂ ਦਾ ਸਹਾਰਾ ਬਣਦਾ ਹੈ। 'ਵਿਣ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫ਼ਲ ਕਰਣੀ' ਦੇ ਮਹਾਂਵਾਕ ਅਨੁਸਾਰ ਗੁਰਬਾਣੀ ਤਾਂ ਹੱਥੀਂ ਕਾਰ ਭਾਵ ਕਿਰਤ ਜਾਂ ਸੇਵਾ ਨਾ ਕਰਨ ਵਾਲੇ ਦੇ ਹੱਥਾਂ-ਪੈਰਾਂ ਨੂੰ ਵਿਅਰਥ ਸਮਝਦੀ ਫਰਮਾਉਂਦੀ ਹੈ। ਇਸੇ ਲਈ ਗੁਰਬਾਣੀ ਦਰਿੱਦਰ ਤੇ ਆਲਸ ਦੀ ਥਾਂ ਉੱਦਮਸ਼ੀਲਤਾ ਲਈ ਪ੍ਰੇਰਿਤ ਕਰਦੀ ਹੈ। ਸਾਰੇ ਵਿਹਲੜਪੁਣੇ ਤੇ ਐਸ਼-ਅਰਾਮਾਂ ਨੂੰ ਛੱਡਣ ਦਾ ਉੱਦਮ ਅਤੇ ਸੱਚੀ-ਸੁੱਚੀ ਕਿਰਤ ਕਰਨ ਦਾ ਉੱਦਮ 'ਕਿਰਤ' ਕਰਨ ਦਾ ਵਿਸ਼ੇਸ਼ ਆਧਾਰ ਹੈ। ਅਸਲ ਵਿਚ ਹਰ ਪ੍ਰਾਪਤੀ ਦੀ ਬੁਨਿਆਦ ਉੱਦਮ ਹੀ ਹੈ। ਉੱਦਮ ਤੋਂ ਬਿਨਾਂ ਕਿਸੇ ਕਮਾਈ ਦੀ ਪ੍ਰਾਪਤੀ ਦੀ ਆਸ ਨਹੀਂ। ਗੁਰਬਾਣੀ 'ਉਦੱਮ' ਦੇ ਗੁਣ ਨੂੰ ਧਾਰਨ ਕਰਕੇ ਆਪਣੇ ਪਰਿਵਾਰ ਤੇ ਸਮਾਜ ਨੂੰ ਖੁਸ਼ਹਾਲੀ ਅਤੇ ਵਿਕਾਸ ਦੇ ਰਾਹ ਤੇ ਪਾਉਣ ਦਾ ਮਾਰਗ ਸੁਝਾਉਂਦੀ ਹੈ।'ਉਦਮੁ ਕਰੇ ਭਲਕੇ ਪਰਭਾਤੀ' ਅਤੇ 'ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ' ਦਾ ਉਤਸ਼ਾਹ ਉਸਾਰੂ ਕਿਰਤੀ ਸਮਾਜ ਸਿਰਜਣ ਵਿਚ ਸਹਾਇਕ ਹੁੰਦਾ ਹੈ। ਇਸ ਸੰਬੰਧੀ ਗੁਰਬਾਣੀ ਵਿਚ ਅਨੇਕਾਂ ਫ਼ੁਰਮਾਨ ਹਨ:

ਉਦਮੁ ਕਰਤ ਆਨਦੁ ਭਇਆ ਸਿਮਰੱਥ ਸੁਖ ਸਾਰੁ॥[337]

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥[338]

ਗੁਰਬਾਣੀ ਸਿਰਫ 'ਕਿਰਤ' ਦਾ ਉਪਦੇਸ਼ ਹੀ ਨਹੀਂ ਪ੍ਰਦਾਨ ਕਰਦੀ ਸਗੋਂ ਚੰਗੀ ਕਿਰਤ, ਨੇਕ ਕੀਰਤ ਭਾਵ ਸੁਕ੍ਰਿਤ ਕਰਨ ਦੀ ਭਾਵਨਾ ਨੂੰ ਬੱਲ ਦਿੰਦੀ ਹੈ:

ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ॥[339]

ਸੇਵ ਕੀਤੀ ਸੰਤੋਖੀਈ ਜਿਨੀ ਸਚੋ ਸਚ ਧਿਆਇਆ॥
ਓਨੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥[340]

ਵੰਡ ਛਕਣਾ ਕਿਰਤ ਮਾਡਲ ਦਾ ਅਟੁੱਟ ਹਿੱਸਾ ਹੈ। ਜਨਮ ਸਾਖੀਆਂ ਦੇ ਬਿਰਤਾਂਤ ਅਨੁਸਾਰ ਐਮਨਾਬਾਦ ਵਿਖੇ ਬਾਬਾ ਨਾਨਕ ਨੇ ਮਲਿਕ ਭਾਗੋ ਤੇ ਭਾਈ ਲਾਲੋ ਦੇ ਬਿਰਤਾਂਤ ਨੂੰ ਪੇਸ਼ ਕਰਕੇ ਗਰੀਬ, ਮਜ਼ਲੂਮ ਤੇ ਸਾਧਨਹੀਣ ਕਿਰਤੀਆਂ ਦੇ ਉੱਪਰ ਹੋ ਰਹੇ ਸੋਸ਼ਣ ਦੇ ਖਿਲਾਫ ਆਵਾਜ਼ ਉਠਾਈ। ਭਾਈ ਲਾਲੋ ਨੂੰ ਕਿਰਤੀ ਦਾ ਆਦਰਸ਼ ਬਣਾ ਕੇ ਅਤੇ ਮਲਿਕ ਭਾਗੋ

ਨੂੰ ਸਮਾਜ-ਵਿਰੋਧੀ ਤੇ ਮਨੁੱਖਤਾ ਵਿਰੋਧੀ ਬਣਾ ਕੇ ਕਿਰਤ ਦੀ ਉਚਿਤ ਵੰਡ ਅਤੇ ਵੰਡ ਕੇ ਛੱਕਣ ਦੀ ਮਿਸਾਲ ਪੇਸ਼ ਕੀਤੀ। ਮਲਿਕ ਭਾਗੋ ਵਰਗੀਆਂ ਜੋਕਾਂ ਨੂੰ ਗੁਰੂ ਸਾਹਿਬ ਨੇ ਬਹੁਤ ਚਿਤਾਰਿਆ ਹੈ:

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥ [341]

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥ [342]

ਬੇਈਮਾਨੀਆਂ ਤੇ ਠੱਗੀਆਂ ਨਾਲ ਕੀਤੀਆਂ ਕਮਾਈਆਂ ਕਿਸੇ ਕੰਮ ਨਹੀਂ ਆਉਂਦੀਆਂ। ਇਹ ਪ੍ਰਾਪਤੀਆਂ ਵਕਤੀ ਤੌਰ ਤੇ ਤਾਂ ਵਿਅਕਤੀ ਨੂੰ ਖੁਸ਼ੀਆਂ ਦਿੰਦੀਆਂ ਹਨ ਪਰ ਇਨ੍ਹਾਂ ਦਾ ਅੰਤ ਸਦਾ ਮਾੜਾ ਨਿਕਲਦਾ ਹੈ। ਲੋਭ-ਲਾਲਚਾਂ ਤੇ ਭ੍ਰਿਸ਼ਟਾਚਾਰੀਆਂ ਨਾਲ ਇਕੱਠਾ ਕੀਤਾ ਧਨ ਕਦੇ ਫਲਦਾ ਨਹੀਂ। ਇਸ ਧਨ ਨਾਲ ਅਸੀਂ ਸੰਸਾਰਿਕ ਖੁਸ਼ੀਆਂ ਤਾਂ ਪਾ ਸਕਦੇ ਹਾਂ ਪਰ ਮਾਨਸਿਕ ਚਿੰਤਾਵਾਂ ਤੇ ਲਾਲਸਾਵਾਂ ਦਾ ਹੱਲ ਨਹੀਂ ਕਰ ਸਕਦੇ। ਮਨ ਨੂੰ ਕਦੇ ਸਕੂਨ ਜਾਂ ਚੈਨ ਪ੍ਰਾਪਤ ਨਹੀਂ ਹੁੰਦਾ। ਹੋਰ ਪਦਾਰਥਾਂ ਦੀ ਪ੍ਰਾਪਤੀ ਦੀ ਹੋੜ ਵਿਚ ਕੁਮਾਰਗਾਂ ਤੇ ਭਟਕਦਾ ਹੈ ਤੇ ਆਪਣੀ ਜ਼ਿੰਦਗੀ ਦੀਆਂ ਅਸਲ ਖੁਸ਼ੀਆਂ ਵੀ ਗੁਆ ਲੈਂਦਾ ਹੈ। ਮੂਰਖ ਮਨੁੱਖ ਜਿੰਨ੍ਹਾਂ ਲਈ ਮਾੜੀ ਕਿਰਤ ਕਰਦਾ ਹੈ ਉਹ ਹੀ ਉਸਤੋਂ ਬਹੁਤ ਦੂਰ ਹੋ ਜਾਂਦੇ ਹਨ। ਸੱਭ ਆਪਣੇ ਸੁਆਰਥਾਂ ਤੇ ਮਤਲਬਾਂ ਨਾਲ ਜੁੜੇ ਹੋਏ ਹਨ। ਗੁਰਬਾਣੀ ਵਿਚ ਬਹੁਤ ਵਾਰ ਅਜਿਹਾ ਜ਼ਿਕਰ ਆਉਂਦਾ ਹੈ:

ਬਹੁ ਪਰਪੰਚ ਕਰਿ ਪਰ ਧਨੁ ਲਿਆਵੇ॥ ਸੁਤ ਦਾਰਾ ਪਹਿ ਆਨਿ ਲੁਟਾਵੇ॥
ਮਨ ਮੇਰੇ ਭੂਲੇ ਕਪਟੁ ਨ ਕੀਜੈ॥ ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥ [343]

ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ॥
ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ॥ [344]

ਪ੍ਰੀਤਮ ਜਾਨਿ ਲੁਹੁ ਮਨ ਮਾਹੀ॥
ਅਪਨੇ ਸੁਖ ਸਿਉ ਹੀ ਜਗੁ ਫਾਂਧਿਓ ਕੋ ਕਾਹੂ ਕੋ ਨਾਹੀ॥ [345]

ਧਨਵੰਤਾ ਹੋਇ ਕਰਿ ਗਰਬਾਵੇ॥
ਤ੍ਰਿਣ ਸਮਾਨਿ ਕਛੁ ਸੰਗਿ ਨ ਜਾਵੈ॥ [346]

ਗੁਰਬਾਣੀ ਵਿਚ ਪੇਸ਼ ਇਹ ਚਿੰਤਨ ਇਸ ਅੰਤਰਦ੍ਰਿਸ਼ਟੀ ਨੂੰ ਪੇਸ਼ ਕਰਦਾ ਹੈ ਕਿ ਸੁਕ੍ਰਿਤ ਕਰਦੇ ਹੋਏ ਸੇਵਾ ਤੇ ਪਰਉਪਕਾਰ ਦੀ ਭਾਵਨਾ ਨਾਲ ਵੰਡ ਕੇ ਛੱਕਣ ਦੀ ਬਿਰਤੀ ਨੂੰ ਮਜਬੂਤ ਕਰਨਾ ਚਾਹੀਦਾ ਹੈ। ਅੰਤ ਵਿਚ ਕਿਸੇ ਵਸਤੂ ਜਾਂ

ਕਿਸੇ ਰਿਸ਼ਤੇ ਨੇ ਸਾਥ ਨਹੀਂ ਨਿਭਾਉਣਾ। ਅਸਲ ਧਨਵਾਨ ਉਹ ਹੈ ਜਿਸਨੇ ਕਰਮ ਕਮਾਏ ਹਨ, ਜੋ ਲੋੜਵੰਦਾਂ ਦਾ ਸਹਾਰਾ ਬਣਿਆ ਹੈ ਅਤੇ ਜਿਸ ਦੀਆਂ ਘਾਲ-ਕਮਾਈਆਂ ਮਜ਼ਲੂਮਾਂ ਦੇ ਲੇਖੇ ਲੱਗੀਆਂ ਹਨ। ਅੱਜ ਅਜਿਹੀ ਸੋਚ ਤੇ ਵਿਚਾਰਧਾਰਾ ਦੀ ਬਹੁਤ ਲੋੜ ਹੈ। ਧਨਵਾਨ ਮਨੁੱਖ, ਰਾਜ ਜਾਂ ਕੌਮਾਂ ਨੇ ਖੁਸ਼ਹਾਲੀ ਦੇ ਨਸ਼ੇ ਵਿਚ ਗਰੀਬ ਦਾ ਜੀਣਾ ਦੁਭਰ ਕੀਤਾ ਹੋਇਆ ਹੈ। ਗੁਰਬਾਣੀ ਵਿਚ ਧਨ ਦਾ ਕੇਂਦਰੀਕਰਨ ਕਿਰਤ ਸਭਿਆਚਾਰ ਦੇ ਐਂਟੀਥੀਸਿਸ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ।

ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ॥
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥[347]

'ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ' ਦੇ ਮਹਾਂਵਾਕ ਅਨੁਸਾਰ ਮਨੁੱਖ ਮਿਹਨਤ ਤੇ ਇਮਾਨਦਾਰੀ ਦੀ ਕਿਰਤ ਨਾਲ ਸਭ ਕੁਝ ਪ੍ਰਾਪਤ ਕਰ ਸਕਦਾ ਹੈ। ਸੱਚੇ ਮਨ ਨਾਲ ਕੀਤੀ ਸੱਚੀ ਕਾਰ ਸਫਲਤਾ ਦੀ ਨਿਸ਼ਾਨੀ ਹੈ। ਅੰਗਰੇਜੀ ਵਿਚ ਵੀ ਇਕ ਕਹਾਵਤ ਹੈ - God help those who help themselves. 'ਕਿਰਤ ਸੱਭਿਆਚਾਰ ਦਾ ਆਧਾਰ ਨੈਤਿਕ ਕਦਰਾਂ-ਕੀਮਤਾਂ ਰਾਹੀਂ ਨਿਰਧਾਰਿਤ ਹੁੰਦਾ ਹੈ, ਜਿਸ ਵਿਚ ਹੱਥੀਂ ਮਿਹਨਤ ਨੂੰ ਵਡਿਆਇਆ ਗਿਆ ਹੈ ਅਤੇ ਭੇਖ, ਵਿਹਲੜਪੁਣੇ ਤੇ ਪਾਖੰਡ ਨੂੰ ਨਿੰਦਿਆ ਗਿਆ ਹੈ। ਕਿਰਤ ਸੱਭਿਆਚਾਰ ਵਿਚ ਭ੍ਰਿਸ਼ਟ ਤਰੀਕਿਆਂ ਨਾਲ ਕਮਾਈ ਗਈ ਦੌਲ਼ਤ ਲਈ ਕੋਈ ਥਾਂ ਨਹੀਂ ਅਤੇ ਸਾਧਨਾਂ ਨੂੰ ਕੁੱਝ ਹੱਥਾਂ ਵਿਚ ਕੇਂਦਰਿਤ ਕਰਨ ਦੀ ਲਾਲਸਾ ਨੂੰ ਫਜ਼ੂਲ ਦੱਸਿਆ ਗਿਆ ਹੈ। ਕਿਰਤ ਸੱਭਿਆਚਾਰ ਆਪ ਕਮਾਏ ਧਨ ਦਾ ਵਿਖਾਵਾ ਕਰਨ ਅਤੇ ਇਸ ਨੂੰ ਕੇਵਲ ਆਪਣੇ ਲਈ ਵਰਤਣ ਦਾ ਵੀ ਵਿਰੋਧੀ ਹੈ।ਆਪਣੀ ਕਮਾਈ ਵਿਚੋਂ ਦਸਵੰਧ ਕੱਢ ਕੇ ਲੋੜਵੰਦਾਂ ਦੀ ਮਦਦ ਕਰਨਾ ਕਿਰਤ ਸੱਭਿਆਚਾਰ ਦਾ ਅਟੁੱਟ ਹਿੱਸਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਕਿਰਤ ਸੱਭਿਆਚਾਰ 'ਗਰੀਬ ਦਾ ਮੂੰਹ ਗੁਰੂ ਦੀ ਗੋਲਕ' ਹੈ, ਜਿਸਨੂੰ ਅਧਿਆਤਮਕ ਸਮਾਜਵਾਦ ਵੀ ਕਿਹਾ ਜਾ ਸਕਦਾ ਹੈ।'[348]
ਸੋ ਗੁਰੂ ਸਾਹਿਬਾਨ ਨੇ ਕਿਰਤ ਨੂੰ ਮਿਹਨਤ ਤੇ ਇਮਾਨਦਾਰੀ ਦੇ ਸਾਧਨਾਂ ਨਾਲ ਪ੍ਰਫੁਲਤ ਕਰਨ ਤੇ ਜ਼ੋਰ ਦਿੱਤਾ ਹੈ। ਕਿਸਾਨ ਤੇ ਵਪਾਰੀ ਨੂੰ ਸੱਚਾ ਵਪਾਰ ਕਰਨ ਦੀ ਨੇਕ ਸਲਾਹ ਇਸੇ ਭਾਵਨਾ ਦਾ ਪ੍ਰਤੀਕ ਹੈ ।

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥
ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ॥[349]

ਵਾਪਾਰੀ ਵਣਜਾਰਿਆ ਆਏ ਵਜਹੁ ਲਿਖਾਇ॥
ਕਾਰ ਕਮਾਵਹਿ ਸਚੁ ਕੀ ਲਾਹਾ ਮਿਲੈ ਰਜਾਇ॥
ਪੂੰਜੀ ਸਾਚੀ ਗੁਰੁ ਮਿਲੈ ਨਾ ਤਿਸੁ ਤਿਲੁ ਨ ਤਮਾਇ॥[350]

ਅੱਜ ਅਸੀਂ ਮਾਰਕਸਵਾਦ ਤੋਂ ਪੈਦਾ ਹੋਏ ਕਿਰਤ ਦੇ ਸਿਧਾਂਤ ਦੀ ਬਹੁਤ ਚਰਚਾ ਕਰਦੇ ਹਾਂ ਪਰ ਗੁਰਬਾਣੀ ਨੇ ਸਦੀਆਂ ਪਹਿਲਾਂ ਕਿਰਤ ਦਾ ਲਾਸਾਨੀ ਮਾਡਲ ਪੇਸ਼ ਕੀਤਾ ਹੈ। ਇਕ ਅਜਿਹਾ ਮਾਡਲ ਜੋ ਸਮਾਜਵਾਦ ਵਾਂਗ ਸਿਰਫ ਪਦਾਰਥ ਤਕ ਸੀਮਤ ਨਹੀਂ ਸਗੋਂ ਮਨੁੱਖ ਦੀ ਆਤਮਾ ਅਤੇ ਸਰੀਰ ਦੋਹਾਂ ਨੂੰ ਬਲਵਾਨ ਬਣਾਉਨਾ ਲੋਚਦੀ ਹੈ।'ਗੁਰੂ ਗ੍ਰੰਥ ਸਾਹਿਬ ਦੀ ਬਾਣੀ ਹਰ ਮਨੁੱਖ ਨੂੰ ਹੱਥੀਂ ਕਿਰਤ ਕਰਨ ਦਾ ਸੰਦੇਸ਼ ਦਿੰਦੀ ਹੈ। ਸਾਰੇ ਗੁਰੂ ਸਾਹਿਬਾਨ ਅਤੇ ਭਗਤ ਸਾਹਿਬਾਨ ਆਪ ਕਿਰਤ ਕਰਦੇ ਰਹੇ ਹਨ। ਕਿਰਤ ਕਰਨ ਦੇ ਨਾਲ ਹੀ ਬਾਣੀ ਇਹ ਵੀ ਸੰਦੇਸ਼ ਦਿੰਦੀ ਹੈ ਕਿ ਦਸਾਂ ਨਹੁੰਆਂ ਦੀ ਕਿਰਤ ਤੋਂ ਬਿਨਾਂ ਮਨੁੱਖ ਝੂਠ, ਠੱਗੀ, ਪਾਪ, ਪਰਾਇਆ ਧਨ ਖਾਣ ਦੇ ਬਿਲਕੁਲ ਨੇੜੇ ਨਾ ਜਾਵੇ। ਕਿਰਤ ਕਰਨ ਦੇ ਨਾਲ ਨਾਲ ਗੁਰਬਾਣੀ ਵੰਡ ਕੇ ਛੱਕਣ ਅਤੇ ਸਰਬ ਸਾਂਝੀਵਾਲਤਾ ਦਾ ਸੰਦੇਸ਼ ਵੀ ਦਿੰਦੀ ਹੈ। ਇਹ ਬਾਣੀ ਹਰ ਪ੍ਰਕਾਰ ਦੀ ਊਚ-ਨੀਚ ਅਤੇ ਛੂਤ-ਛਾਤ ਦੇ ਵਿਰੁੱਧ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੇ ਧਰਮ ਦੇ ਖੇਤਰ ਵਿਚ ਇਨਕਲਾਬ ਲਿਆਉਂਦਿਆਂ, ਗ੍ਰਹਿਸਥ ਆਸ਼ਰਮ ਨੂੰ ਸ਼੍ਰੇਸ਼ਠ ਮੰਨਿਆ। ਬਾਣੀ ਨੇ ਕਿਰਤ ਅਤੇ ਕਿਰਤੀ ਦੋਹਾਂ ਦੇ ਸਨਮਾਨ ਨੂੰ ਬਹਾਲ ਕੀਤਾ ਅਤੇ ਸੇਵਾ ਜੋ ਬ੍ਰਾਹਮਣੀ ਵਿਚਾਰਧਾਰਾ ਵਿਚ ਨੀਵੀਂ ਸਮਝੀ ਜਾਂਦੀ ਸੀ, ਗੁਰਬਾਣੀ ਨੇ ਉਸ ਸੇਵਾ ਨੂੰ ਦਰਗਾਹ ਦੀ ਪਉੜੀ ਬਣਾ ਦਿੱਤਾ। ਗੁਰੂ ਗ੍ਰੰਥ ਸਾਹਿਬ ਨੇ 'ਕਿਰਤ' ਨੂੰ ਕਰਤੇ ਭਾਵ ਪਰਮਾਤਮਾ ਜਿੱਡਾ ਵੱਡਾ ਦਰਜਾ ਦੇ ਕੇ ਭਾਰਤੀ ਧਰਮ ਪਰੰਪਰਾ ਵਿਚ ਕਾਮਿਆਂ ਅਤੇ ਸਮਾਜਕ ਤੌਰ ਤੇ ਦੱਬੇ, ਲਿਤਾੜੇ, ਨਿਤਾਣੇ ਅਤੇ ਨਿਥਾਵੇਂ ਲੋਕਾਂ ਦਾ ਸਨਮਾਨ ਬਹਾਲ ਕਰ ਦਿੱਤਾ ਹੈ।'[351]

ਗੁਰਬਾਣੀ ਵਿਚ ਪੇਸ਼ 'ਖਾਵਹਿ ਖਰਚਹਿ ਰਲਿ ਮਿਲਿ ਭਾਈ ਤੋਟਿ ਨ ਆਵੈ ਵਧਦੋ ਜਾਈ' ਦੇ ਸਿਧਾਂਤ ਨਾਲ ਕੀਤੀ ਸੁਕ੍ਰਿਤ ਨਾਲ ਹੇਠ ਲਿਖੀ ਅਵੱਸਥਾ ਬਣ ਜਾਏਗੀ-

ਗੁਰਸਿਖਾ ਕੀ ਭੁਖ ਸਭ ਗਈ ਤਿਨ ਪਿਛੈ ਹੋਰ ਖਾਇ ਘਨੇਰੀ॥
ਜਨ ਨਾਨਕ ਹਰਿ ਪੁੰਨੁ ਬੀਜਿਆ ਫਿਰਿ ਤੋਟਿ ਨ ਆਵੈ ਹਰਿ ਪੁੰਨ ਕੇਰੀ॥[352]

'ਕਿਰਤ ਦੇ ਨਵੇਂ ਪਾਸਾਰ' ਦੇ ਮੂਲ ਵਿਸ਼ੇ ਦੀ ਰੋਸ਼ਨੀ ਵਿਚ ਗੁਰੂ ਗ੍ਰੰਥ ਸਾਹਿਬ ਦੇ ਕੀਤੇ ਅਧਿਐਨ ਉਪਰੰਤ ਇਸ ਸਿੱਟੇ ਤੇ ਪੁੱਜਿਆ ਗਿਆ ਹੈ ਕਿ ਨਿਰਸੰਦੇਹ ਗੁਰਬਾਣੀ ਵਿਚਲੇ ਕਿਰਤ ਦੇ ਮਾਡਲ ਨੇ ਪੰਜਾਬ ਤੇ ਪੰਜਾਬੀਆਂ ਦੀ ਨਿਵੇਕਲੀ ਨੁਹਾਰ ਨੂੰ ਸਥਾਪਿਤ ਕੀਤਾ ਹੈ। ਪਰ ਅਜੇ ਇਸ ਤੋਂ ਹੋਰ ਸੰਭਾਵਨਾਵਾਂ ਦੀ ਆਸ ਕੀਤੀ ਜਾ ਸਕਦੀ ਹੈ। 'ਗੁਰਬਾਣੀ ਵਿਚਲੇ ਕਿਰਤ ਦੇ ਸਤਿਕਾਰ ਦੇ ਸੰਕਲਪ ਨੇ ਪੰਜਾਬੀ ਸਭਿਆਚਾਰ ਨੂੰ ਬਹੁਤ ਅਮੀਰੀ ਪ੍ਰਦਾਨ ਕੀਤੀ ਹੈ। ਪੰਜਾਬੀ ਦੁਨੀਆ ਭਰ 'ਚ ਉੱਦਮੀ, ਮਿਹਨਤੀ ਤੇ ਸਿਰਜਣਾਤਮਕ ਪ੍ਰਕਿਰਤੀ ਦੇ ਲਈ ਜਾਣੇ ਜਾਂਦੇ ਹਨ। ਪੰਜਾਬੀਆਂ ਨੇ ਆਪਣੇ ਪ੍ਰਾਂਤ ਤੋਂ ਬਾਹਰ ਦੇਸ਼ ਅਤੇ ਵਿਦੇਸ਼ਾਂ ਵਿਚ ਆਪਣੇ ਇਨ੍ਹਾਂ ਗੁਣਾਂ ਕਰਕੇ ਆਪਣੀ ਵੱਖਰੀ ਤੇ ਵਿਲੱਖਣ ਪਛਾਣ ਬਣਾਈ ਹੈ। ਪੰਜਾਬ, ਦੂਜੇ ਭਾਰਤੀ ਪ੍ਰਾਂਤਾਂ ਦੇ ਟਾਕਰੇ ਕਈ ਖੇਤਰਾਂ ਵਿਚ ਅੱਗੇ ਹੈ। ਖੇਤੀਬਾੜੀ ਦੇ ਖੇਤਰ 'ਚ ਪੰਜਾਬੀ ਮੋਹਰੀ ਦੀ ਭੂਮਿਕਾ ਨਿਭਾ ਰਿਹਾ ਹੈ। ਭਾਰਤ ਦੇ ਕੁੱਲ ਖੇਤਰਫਲ ਦਾ ਕੇਵਲ 1.54% ਹੀ ਪੰਜਾਬ ਪਾਸ ਹੈ, ਪਰ ਕੇਂਦਰੀ ਅਨਾਜ ਭੰਡਾਰ 'ਚ ਪੰਜਾਬ ਦਾ ਕਣਕ ਦਾ ਹਿੱਸਾ 65% ਅਤੇ ਚੌਲਾਂ ਦਾ 40% ਤੋਂ 45% ਹੈ। ਹਰਿਆਣਾ ਅਤੇ ਯੂ.ਪੀ. ਦਾ

ਪੱਛਮੀ ਭਾਗ, ਜਿੱਥੇ ਪੰਜਾਬੀ ਵੱਡੀ ਗਿਣਤੀ ਵਿਚ ਵਸੇ ਹਨ, ਵਿਚ ਉਨ੍ਹਾਂ ਨੇ ਕਰੜੀ ਮਿਹਨਤ ਕਰ ਕੇ ਭਾਰਤ ਦੇ ਅਨਾਜ ਭੰਡਾਰ ਨੂੰ ਭਰਨ ਵਿਚ ਵੱਡਾ ਯੋਗਦਾਨ ਪਾਇਆ ਹੈ।'[353]

ਗੁਰਬਾਣੀ ਦੇ ਫ਼ਲਸਫ਼ੇ ਨੇ ਕਿਰਤ ਦੇ ਨਵੇਂ ਆਯਾਮ ਤੇ ਪਾਸਾਰ ਪੇਸ਼ ਕੀਤੇ ਹਨ।'ਭਾਰਤ ਵਰਗੇ ਦੇਸ਼ ਵਿਚ ਜਿੱਥੇ ਕਿਰਤੀ ਸਮਾਜ ਨੂੰ ਜਿੱਥੇ ਧਰਮ ਵਿਚ ਕਦੇ ਸਨਮਾਨਯੋਗ ਸਥਾਨ ਨਹੀਂ ਦਿੱਤਾ ਗਿਆ, ਉੱਥੇ ਕਿਰਤ ਦੀ ਪਵਿੱਤਰਤਾ ਅਤੇ ਕਿਰਤੀ ਦੀ ਸਰਬੋਤਮਤਾ ਸਥਾਪਿਤ ਕਰਨਾ ਗੁਰਮਤਿ ਦਾ ਵੱਡਾ ਸਰੋਕਾਰ ਰਿਹਾ ਹੈ, ਜਿਸ ਦੇ ਨਤੀਜੇ ਵਜੋਂ ਸਿੱਖੀ ਨੇ ਉੱਚਤਮ ਕਿਸਾਨ, ਸਰਬਉੱਚ ਕਾਰੀਗਰ, ਸਫ਼ਲ ਵਪਾਰੀ  ਆਦਿ ਵਿਕਾਸਵਾਦੀ ਇਨਸਾਨ ਮਨੁੱਖਤਾ ਨੂੰ ਦਿੱਤੇ। ਸਿੱਖ ਪੰਥ ਦੀਆਂ ਇਨ੍ਹਾਂ ਵਿਕਾਸਮੁਖੀ ਪ੍ਰਵਿਰਤੀਆਂ ਨੇ ਗੁਰੂ ਦੇ ਇਨ੍ਹਾਂ ਬਚਨਾਂ ਨੂੰ ਭਲੀਭਾਂਤ ਫਲੀਪੂਤ ਕੀਤਾ ਕਿ ਸਿੱਖ ਨੇ ਆਪ ਤਾਂ ਭੁੱਖੇ ਕੀ ਰਹਿਣਾ ਹੈ, ਉਸ ਦੀ ਕਿਰਤ ਪ੍ਰਤੀ ਵਚਨਬੱਧਤਾ ਕਾਰਨ ਹੋਰ ਮਨੁੱਖ ਉਸ ਦੇ ਆਸਰੇ ਪਰਵਾਰ ਪਾਲਦੇ ਰਹਿਣਗੇ, ਕਿਉਂਕਿ ਉਸ ਨੇ ਆਪਣੀ ਕਿਰਤ ਦੁਆਰਾ ਜਿਸ ਪੁੰਨ ਦਾ ਬੀਜ ਬੀਜਿਆ ਹੈ, ਉਸ ਦੇ ਪੁੰਨ-ਫਲ ਨੇ ਵਿਕਸਿਤ ਹੋ ਕੇ ਮਾਨਵਤਾ ਦੀਆਂ ਸਭ ਭੁੱਖਾਂ ਸਮਾਪਤ ਕਰ ਦਿੱਤੀਆਂ ਹਨ।ਕਿਰਤ ਨੂੰ ਪਰਮ ਪਵਿੱਤਰਤਾ ਪ੍ਰਦਾਨ ਕਰਨ ਵਾਲਾ ਸਿੱਖ ਪੰਥ ਸਮੂਹ ਮਿਹਨਤਕਸ਼ਾਂ ਦੇ ਅਣਥੱਕ ਯਤਨਾਂ ਨਾਲ ਇੱਕ ਅਜਿਹੀ ਆਦਰਸ਼ਕ ਸਮਾਜਿਕ ਵਿਵਸਥਾ ਸਥਾਪਿਤ ਕਰਨਾ ਚਾਹੁੰਦਾ ਹੈ, ਜਿੱਥੇ ਪਦਾਰਥਕ ਥੁੜ ਦੀ ਕੋਈ ਸੰਭਾਵਨਾ ਨਾ ਹੋਵੇ, ਪਰ ਧਨ-ਸੰਪਦਾ ਪੂਰੀ ਇਨਸਾਨੀਅਤ ਦੀ ਸਾਂਝੀ, ਸਭ ਦੇ ਸੁੱਖ ਲਈ, ਸਰਬੱਤ ਦੇ ਕਲਿਆਣ ਲਈ ਹੋਵੇ।'[354] ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਹਿਤ ਜੀਵਨ-ਜਾਚ ਜਿਸ ਆਤਮ-ਸਨਮਾਨ ਨਾਲ ਜਿਉਣ ਦੀ ਜਾਚ ਸਿਖਾਉਂਦੀ ਹੈ ਉਸ ਦਾ ਮੁੱਖ ਧੁਰਾ 'ਕਿਰਤ' ਨਾਲ ਜੁੜਿਆ ਹੋਇਆ ਹੈ। ਅੱਜ ਸਦੀਆਂ ਬੀਤਣ ਦੇ ਬਾਦ ਵੀ ਗੁਰਬਾਣੀ ਵਿਚ ਪੇਸ਼ ਕਿਰਤ ਦਾ ਮਾਡਲ ਮਨੁੱਖਤਾ ਲਈ ਉਨ੍ਹਾਂ ਹੀ ਪ੍ਰਾਸੰਗਿਕ ਤੇ ਸਾਰਥਕ ਹੈ ਜੋ ਇਕ ਬੰਨੇ ਕਿਰਤ ਤੇ ਕਿਰਤੀ ਦਾ ਸਤਿਕਾਰ ਪੈਦਾ ਕਰਦਾ ਹੋਇਆ ਦੇਸ਼ ਨੂੰ ਖੁਸ਼ਹਾਲ ਬਣਾਉਂਦਾ ਹੈ ਤੇ ਦੂਸਰੇ ਪਾਸੇ ਸਮੁੱਚੀ ਮਨੁੱਖਤਾ ਦੇ ਭਲੇ ਨੂੰ ਸੂਤਰਬੱਧ ਕਰਦਾ ਹੈ।

### 3.5 ਹੁਕਮ ਤੇ ਰਜ਼ਾ ਦਾ ਸੰਦਰਭ:

ਪੂਰੇ ਵਿਸ਼ਵ ਦੀ ਖੁਸ਼ਹਾਲੀ ਤੇ ਵਿਕਾਸ ਸਰਬ-ਸਾਂਝੀਵਾਲਤਾ ਦੀ ਭਾਵਨਾ ਤੇ ਨਿਰਭਰ ਕਰਦਾ ਹੈ ਅਤੇ ਇਹ ਭਾਵਨਾ ਸਿੱਧੇ ਰੂਪ ਵਿੱਚ ਭਰਾਤਰੀਭਾਵ, ਵਿਸ਼ਵ-ਭਾਈਚਾਰੇ, ਸਹਿਣਸ਼ੀਲਤਾ, ਸਮਾਨਤਾ ਤੇ ਵਿਸ਼ਵ-ਸ਼ਾਂਤੀ ਦੇ ਸ੍ਰੋਤਾਂ ਨੂੰ ਜਨਮ ਦਿੰਦੀ ਹੋਈ ਇਕ ਵਿਸ਼ਵ-ਵਿਆਪੀ ਵਿਚਾਰਧਾਰਾ ਦਾ ਸੰਵਾਦ ਪੇਸ਼ ਕਰਦੀ ਹੈ ਜੋ ਸਮੂਹ ਧਾਰਮਿਕ-ਸਮਾਜਕ-ਆਰਥਕ-ਰਾਜਨੀਤਿਕ ਭੇਦ-ਭਾਵਾਂ ਦੀ ਨਿਖੇਧੀ ਕਰਦੀ ਹੋਈ ਸੰਕੀਰਨ ਸੋਚ ਤੇ ਅਸੰਤੁਲਨ ਸਿਸਟਮ ਨੂੰ ਮਿਟਾ ਕੇ ਵਿਭਿੰਨ ਸੰਸਕ੍ਰਿਤੀਆਂ ਦੀ ਵਿੰਭਨਤਾ ਨੂੰ ਮਾਣਨ ਤੇ ਆਧਾਰਿਤ ਹੁੰਦੀ ਹੈ। ਪਰ ਦੇਖਣ ਵਿਚ ਆਇਆ ਹੈ ਕਿ ਅਜੋਕੇ ਸਮੇਂ ਵਿਚ ਵਿਸ਼ਵ ਦੇ ਵਿਕਾਸ ਨਾਲ ਗਲੋਬਲ ਪਿੰਡ ਤਾਂ ਹੋਂਦ ਵਿਚ ਆਇਆ ਹੈ ਪਰ ਸਾਂਝ ਜਾਂ ਏਕਤਾ ਕਾਇਮ ਨਹੀਂ ਹੋ ਸਕੀ। ਅਭਿਮਾਨ ਜਾਂ ਹਉਮੇਗ੍ਰਸਤ ਲੋਕ ਇਕ ਦੂਜੇ ਦੇ ਨਜ਼ਦੀਕ ਆ ਕੇ ਪ੍ਰੇਮ ਪ੍ਰਗਟ ਕਰਨ ਦੀ ਥਾਂ ਨਫ਼ਰਤ ਨੂੰ ਜਨਮ ਦੇ ਰਹੇ ਹਨ ਜਿਸ ਨਾਲ ਵਿਸ਼ਵ-ਸਮਾਜ ਵਿਚ ਦੁਰਾਚਾਰ ਤੇ ਅਸਥਿਰਤਾ ਪੈਦਾ ਹੋਈ ਹੈ। ਇਹ ਅਰਾਜਕਤਾ ਉਦੋਂ ਤੱਕ ਨਹੀਂ ਖ਼ਤਮ ਹੋ ਸਕਦੀ ਜਦੋਂ ਤੱਕ ਮਨੁੱਖ ਗਿਆਨ ਮੂਲਕ ਆਚਰਣਕ ਉਚਾਈਆਂ ਨੂੰ ਗ੍ਰਹਿਣ ਨਹੀਂ ਕਰ ਲੈਂਦਾ ਕਿਉਂਕਿ ਹਉਮੇ ਅਤੇ ਇਸ ਵਿਚੋਂ ਪੈਦਾ ਹੋਈ ਤੇਰ੍ਹ-ਮੇਰ੍ਹ ਮਨੁੱਖ ਦੀ ਸਾਰੀ ਸੂਝਬੂਝ ਅਤੇ ਬੁੱਧੀ ਨੂੰ ਅੰਧਕਾਰ ਵਿਚ ਲੈ ਜਾਂਦੀ ਹੈ ਜਿੱਥੇ

ਸਿਰਫ਼ ਅਸ਼ਾਂਤੀ ਅਤੇ ਤਣਾਵ ਹੀ ਪੈਦਾ ਹੁੰਦੇ ਹਨ। ਸਮਾਜਿਕ ਅਸਥਿਰਤਾ ਦਾ ਇਕ ਕਾਰਨ ਉਹ ਲੋਕ ਵੀ ਹਨ ਸਦਾ ਨਿਰਾਸਾ, ਤ੍ਰਿਸ਼ਨਾ, ਅੰਦੇਸ਼ਾ ਜਾਂ ਭੈਅ ਵਿਚ ਜੀਉਂਦੇ ਹਨ। ਸ਼ਖ਼ਸੀ ਰਹਿਣੀ-ਬਹਿਣੀ ਦੀ ਉੱਚਤਾ ਅਤੇ ਵਿਸ਼ਵ-ਭਾਈਚਾਰੇ ਦੇ ਨਿਰਮਾਣ ਲਈ ਬਹੁਤ ਜ਼ਰੂਰੀ ਹੈ ਕਿ ਮਨੁੱਖ 'ਹੁਕਮ' ਤੇ 'ਰਜ਼ਾ' ਨੂੰ ਮੰਨਦਾ ਹੋਇਆ ਵਿਸ਼ਵੀ ਆਨੰਦ ਤੇ ਖੇੜੇ ਦਾ ਵਿਕਾਸ ਕਰੇ ਕਿਉਂਕਿ ਜਦੋਂ ਮਨੁੱਖ ਨੂੰ ਸਮੁੱਚੀ ਕੁਦਰਤ ਵਿਚ ਵਰਤੀਂਦੇ ਹੁਕਮ ਦੀ ਸੋਝੀ ਹੋ ਗਈ ਤਾਂ ਇਹ ਗਿਆਨ ਜਿੱਥੇ ਉਸ ਨੂੰ ਰਜ਼ਾ ਤੇ ਭਾਣੇ ਦੇ ਤੀਬਰ ਅਨੁਭਵ ਨਾਲ ਲਬਰੇਜ਼ ਕਰ ਦੇਵੇਗਾ ਉੱਥੇ ਸਮੁੱਚੇ ਵਿਸ਼ਵ ਵਿਚ ਪਰਸਪਰ ਸਹਿਯੋਗ ਤੇ ਸਦਭਾਵਨਾ ਵੀ ਵਿਕਸਿਤ ਹੋਵੇਗੀ ਅਤੇ ਉਸ ਦੀ ਵਿਅਕਤੀਗਤ ਸਖ਼ਸ਼ੀਅਤ ਚੜ੍ਹਦੀਕਲਾ ਵਿਚ ਜਿਉਣ ਦਾ ਵੱਲ ਵੀ ਗ੍ਰਹਿਣ ਕਰੇਗੀ।

ਉਪਰੋਕਤ ਸਮੱਸਿਆਵਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਹਵਾਲੇ ਨਾਲ ਸਮਝਣ ਦਾ ਪ੍ਰਯਤਨ ਕਰਦੇ ਹਾਂ ਕਿ ਇਸ ਗਿਆਨਮਈ ਸ੍ਰੋਤ ਵਿੱਚ 'ਹੁਕਮ' ਅਤੇ 'ਰਜ਼ਾ' ਦੀਆਂ ਅਨੇਕਾਂ ਧਾਰਨਾਵਾਂ ਤੇ ਵਿਭਿੰਨ ਪਾਸਾਰਾਂ ਦਾ ਸੰਵਾਦ ਵਿਸ਼ਵ-ਜੀਵਨ ਲਈ ਕਿਹੋ ਜਿਹੇ ਆਦਰਸ਼ ਸਥਾਪਿਤ ਕਰਨ ਵਿਚ ਸਫਲ ਹੁੰਦਾ ਹੈ।

'ਹੁਕਮ' ਦੇ ਸੰਕਲਪ ਬਾਰੇ ਚਰਚਾ ਕਰਨ ਤੋਂ ਪਹਿਲਾ ਇਸ ਦੇ ਅਰਥ ਪਾਸਾਰਾਂ ਦਾ ਅਧਿਐਨ ਜ਼ਰੂਰੀ ਹੈ। 'ਹੁਕਮ' ਅਰਬੀ ਭਾਸ਼ਾ ਦਾ ਸ਼ਬਦ ਹੈ ਜੋ ਫਾਰਸੀ ਦੇ ਸ਼ਬਦ 'ਫ਼ੁਰਮਾਨ' ਦਾ ਸਮਾਨਾਰਥਕ ਹੈ। ਇਸ ਸ਼ਬਦ ਦੇ ਮੁਢਲੇ ਕੋਸ਼ਗਤ ਅਰਥ ਕਿਸੇ ਅਧਿਕਾਰੀ (authority), ਤਾਕਤ ਜਾਂ ਉਚੇਰੀ ਅਵਸਥਾ ਤੇ ਸਥਿਤ ਮਨੁੱਖ ਵੱਲੋਂ ਜਾਰੀ ਕੀਤੇ ਆਦੇਸ਼ ਨਾਲ ਜੁੜਦੇ ਹਨ। ਪੰਜਾਬੀ ਭਾਸ਼ਾ ਵਿਚ ਇਹ ਸ਼ਬਦ ਆਪਣੇ ਅਰਥ-ਘੇਰੇ ਨੂੰ ਵਿਸਤ੍ਰਿਤ ਕਰ ਲੈਂਦਾ ਹੈ ਤੇ ਅਧਿਆਤਮਕਤਾ ਤੇ ਰਹੱਸਵਾਦ ਦੇ ਖੇਤਰ ਵਿਚ 'ਦੈਵੀ ਇੱਛਾ' ਦੇ ਰੂਪ ਵਿਚ ਆਪਣੀ ਭਾਵ-ਜੁਗਤ ਨੂੰ ਪ੍ਰਗਟਾਉਂਦਾ ਹੈ। ਇਸ ਤਰ੍ਹਾਂ ਇਹ ਸ਼ਬਦ ਦੈਵੀ ਸੱਤਾ ਦੇ ਹੁਕਮ, ਮਰਜ਼ੀ ਜਾਂ ਨਿਯਮ ਨਾਲ ਸੰਬੰਧਿਤ ਹੋ ਕੇ ਦੈਵੀ ਜਾਂ ਰੱਬਤਾ ਦੀ ਉਚੇਰੀ ਸਮਰੱਥਾ ਨੂੰ ਦ੍ਰਿੜ ਕਰਦਾ ਮਨੁੱਖੀ ਜਗਤ ਵਿਚ ਉਸ ਦੀ ਪਛਾਣ ਤੇ ਸਵੀਕ੍ਰਿਤੀ ਨੂੰ ਸਥਾਪਤ ਕਰਦਾ ਹੈ। ਇਸ ਤਰ੍ਹਾਂ ਇਹ ਸ਼ਬਦ ਦੀਆਂ ਬਣਤਰਾਂ ਤੇ ਅਰਥੀਮ ਇਕ ਤਰਤੀਬ, ਸਿਸਟਮ ਜਾਂ ਨੇਮਾਂ ਨਾਲ ਜੁੜ ਜਾਂਦੇ ਹਨ ਅਤੇ ਉਹ ਪ੍ਰਣਾਲੀ ਹੈ ਪਰਮਾਤਮਾ ਦਾ ਅਟੱਲ ਕਾਨੂੰਨ; ਪਰਮਾਤਮਾ ਦੀ ਅਬੁੱਝ ਕੁਦਰਤ। 'ਹੁਕਮ ਦੇ ਦੋ ਲੱਛਣ, ਜੋ ਇਸਲਾਮੀ ਅਤੇ ਸਿੱਖ ਧਰਮ-ਮੀਮਾਂਸਾ (ਥੀਆਲੋਜੀ) ਵਿਚ ਸਾਂਝੇ ਹਨ, ਦੈਵੀ ਇੱਛਾ ਦੀ ਅਟੱਲਤਾ ਅਤੇ ਰਹੱਸ ਹਨ। ਜਿਵੇਂ ਪ੍ਰੋ. ਗੁਰਬਚਨ ਸਿੰਘ ਤਾਲਿਬ ਨੇ ਕਿਹਾ ਹੈ:

"ਇਸਲਾਮਿਕ ਧਰਮ-ਸਿਧਾਂਤ ਵਿਚ ਹੁਕਮ ਦੀ ਵਰਤੋਂ 'ਫ਼ੁਰਮਾਨ' 'ਜ਼ਾਬਤਾ' ਆਦਿ ਦੇ ਅਰਥਾਂ ਵਿਚ ਹੁੰਦੀ ਹੈ, ਨਾ ਕਿ ਰਹੱਸਾਤਮਕ 'ਨਿਯਮ' ਦੇ ਰੂਪ ਵਿਚ, ਜਿਹਾ ਕਿ ਸਿੱਖ-ਚਿੰਤਨ ਵਿਚ ਇਸ ਦਾ ਅਰਥ ਹੈ।"

ਪਰ ਚਾਹੇ ਇਹ ਜ਼ਾਬਤਾ ਹੈ, ਜਾਂ ਆਦੇਸ਼, ਦੈਵੀ ਇੱਛਾ ਨਿਸ਼ਚਿਤ ਕਾਨੂੰਨ ਦੀ ਸੰਕੇਤਕ ਹੈ, ਜਿਸ ਵਿਚ ਕਿਸੇ ਵਿਚਲਣ (deviation) ਦੀ ਗੁੰਜਾਇਸ਼ ਨਹੀਂ। ਇਹ ਵੀ ਠੀਕ ਹੈ ਕਿ ਹੁਕਮ ਦੇ ਰੱਹਸ ਦੀ ਕੋਈ ਥਾਹ ਨਹੀਂ ਹੈ। ਪ੍ਰੋ. ਤਾਲਿਬ ਦੀ ਇਕ ਟੂਕ ਅਨੁਸਾਰ:

"ਦਾਰਸ਼ਨਿਕ ਦ੍ਰਿਸ਼ਟੀ ਤੋਂ, ਹੁਕਮ ਉਸ ਰੱਹਸ ਦੀ ਸੋਝੀ ਹੈ ਜੋ ਕਿ ਸਮੁੱਚੀ ਹੋਂਦ ਵਿਚ ਵਿਆਪਿਤ ਹੈ ਅਤੇ ਜਿਸ ਦਾ ਪ੍ਰਗਟਾਵਾ ਕੇਵਲ ਸਿਰ ਝੁਕਾਉਣ ਅਤੇ ਰਜ਼ਾ ਵਿਚ ਰਾਜ਼ੀ ਰਹਿਣ ਦੇ ਕਰਮ ਦੁਆਰਾ ਸੰਭਵ ਹੈ। ਇਹ ਦੈਵੀ ਸੱਤਾ ਦੀ

ਅਸਮੀਤਾ ਦੇ ਸਨਮੁੱਖ ਕਣ-ਮਾਤਰ ਦੀ ਆਪਣੀ ਸੀਮਾਬੱਧਤਾ ਬਾਰੇ ਸੂਝ-ਬੂਝ ਹੈ।.....ਇਹ ਆਦਰਸ਼ਵਾਦੀ ਦੀ ਉਹ ਦ੍ਰਿਸ਼ਟੀ ਹੈ ਜੋ ਹਰ ਵਸਤੂ ਵਿਚ ਕਿਸੇ ਦੈਵੀ ਮਨੋਰਥ ਨੂੰ ਨਿਹਾਰਦੀ ਹੈ ਅਤੇ ਇਸ ਰਹੱਸ ਦੀ ਸੋਝੀ ਨੂੰ ਮਨੁੱਖੀ ਸਮਰੱਥਾ ਤੋਂ ਉਚੇਰੀ ਦੇਖਦਿਆਂ, ਆਪਣੇ ਆਪ ਨੂੰ ਅਚੰਭੇ ਅਤੇ ਸਵੀਕ੍ਰਿਤੀ ਦੇ ਰਵੱਈਏ ਵਿਚ ਢਾਲ ਲੈਂਦੀ ਹੈ।"[355]

'ਹੁਕਮ' ਦੇ ਸੰਬੰਧ ਵਿਚ ਪ੍ਰੋ. ਹਰਬੰਸ ਸਿੰਘ ਦੇ ਵਿਚਾਰ ਹਨ-

"ਸਮੁੱਚੀ ਰਚਨਾ ਹੁਕਮ ਅਥਵਾ ਦੈਵੀ ਇੱਛਾ ਉੱਤੇ ਨਿਰਭਰ ਹੈ। ਇਹ ਹੁਕਮ ਦੀ ਕੁਲ ਜੀਵਨ ਦਾ ਨਿਯਮ ਹੈ। ਇਹ ਸਿਰਜਣਾ ਸੁਚੇਤ ਹਸਤੀ ਦੀ ਇੱਛਾ ਦਾ ਫਲ ਹੈ। ਹੁਕਮ ਦੈਵੀ ਕਿਰਿਆ ਦਾ ਬੁਨਿਆਦੀ ਨਿਯਮ ਹੈ; ਇਹ ਕੁੱਲ ਕਾਰਜਸ਼ੀਲਤਾ ਦਾ ਨੇਮ ਵੀ ਹੈ।"[356]

ਉਪਰੋਕਤ ਵਿਚਾਰਧਾਰਾਵਾਂ ਤੋਂ ਇਹ ਤੱਥ ਭਲੀਭਾਂਤ ਸਪੱਸ਼ਟ ਹੁੰਦਾ ਹੈ ਕਿ 'ਹੁਕਮ' ਸ਼ਬਦ ਦਾ ਸ੍ਰੋਤ ਸਾਮੀ ਜਾਂ ਸੈਮਟਿਕ ਹੈ ਪਰ ਇਹ ਸ਼ਬਦ ਆਪਣੇ ਮੂਲ ਅਰਥਾਂ ਤੋਂ ਵਿਕਸਿਤ ਹੋ ਕੇ ਗੁਰਬਾਣੀ-ਚਿੰਤਨ ਦੇ ਸੰਕਲਪਿਕ ਢਾਂਚੇ ਦਾ ਬੁਨਿਆਦੀ ਆਧਾਰ ਬਣ ਗਿਆ ਹੈ। ਇਕ ਲੌਕਿਕਤਾ ਤੇ ਪਾਰਲੌਕਿਕਤਾ ਦੇ ਅੰਤਰਗਤ 'ਲੋਕ ਆਦੇਸ਼' ਅਤੇ 'ਰੱਬੀ ਆਦੇਸ਼' ਨੂੰ ਆਪਣੇ ਕਲੇਵਰ ਵਿਚ ਲੈਂਦਾ ਹੋਇਆ ਵਧੇਰੇ ਵਿਸਤ੍ਰਿਤ ਰੂਪ ਵਿਚ ਪੇਸ਼ ਹੁੰਦਾ ਹੈ। ਹੁਕਮ ਸ਼ਬਦ ਦੇ ਅਧਿਐਨ ਵਿਚੋਂ ਸਚਿਆਰ ਤੇ ਕੂੜਿਆਰ, ਸੰਜੋਗ ਤੇ ਵਿਯੋਗ, ਉਦਕਰਖ ਤੇ ਆਕਰਖ, ਪਿਆਰ ਤੇ ਵਿਰੋਧ, ਗੁਪਤ ਤੇ ਪਰਗਟ ਦਾ ਚਿੰਤਨ ਦ੍ਰਿਸ਼ਟੀਗੋਚਰ ਹੁੰਦਾ ਹੈ। ਡਾ. ਵਜੀਰ ਸਿੰਘ ਨੇ ਆਪਣੇ ਲੇਖ 'ਹੁਕਮ ਦਾ ਸਿਧਾਂਤ' ਵਿਚ ਹੁਕਮ ਦੇ ਅਜਿਹੇ ਅਲੋਕਾਰ ਸਰੂਪ ਨੂੰ ਪੇਸ਼ ਕਰਦਿਆ ਕਿਹਾ ਹੈ ਕਿ 'ਦੈਵੀ-ਹਸਤੀ ਅਤੇ ਦੈਵੀ-ਹਸਤੀ ਦੀ ਇੱਛਾ ਨੂੰ ਅਕਸਰ ਦੋ ਹਸਤੀਆਂ ਮੰਨ ਲਿਆ ਜਾਂਦਾ ਹੈ। ਸਿਧਾਂਤਕ ਨੁਕਤੇ ਤੋਂ ਇਨ੍ਹਾਂ ਦੋਹਾਂ ਵਿਚ ਵਖਰੇਵਾਂ ਠੀਕ ਹੀ ਜਾਪਦਾ ਹੈ ਅਤੇ 'ਹੁਕਮੀ' ਤੇ 'ਹੁਕਮ' ਵਿਚਕਾਰ ਅੰਤਰ ਕਾਇਮ ਰਹਿ ਸਕਦਾ ਹੈ। ਫਿਰ ਵੀ ਅਨੁਭਵ ਦੀ ਦ੍ਰਿਸ਼ਟੀ ਤੋਂ ਰੱਬ ਦੇ ਮਾਮਲੇ ਵਿਚ ਫ਼ੁਰਮਾਨ ਕਰਤਾ ਅਤੇ ਉਸ ਦਾ ਫ਼ੁਰਮਾਨ ਇਕ ਦੂਜੇ ਵਿਚ ਘੁਲ ਮਿਲ ਜਾਂਦੇ ਹਨ। ਦੈਵੀ ਪੁਰਖ ਆਪਣੇ ਆਪ ਨੂੰ ਵਿਸ਼ਵ-ਰਚਨਾ ਦੇ ਰੂਪ ਵਿਚ ਸਾਜ ਲੈਂਦਾ ਹੈ। ਕਰਤਾ ਆਪਣੀ ਕ੍ਰਿਤ ਅਥਵਾ ਸਿਰਜਣਾ ਵਿਚ ਵਿਆਪਕ ਹੈ। ਸੋ, ਹੁਕਮੀ ਆਪਣੇ ਹੁਕਮ ਤੋਂ ਭਿੰਨ ਨਹੀਂ।ਆਪਣੀ ਅਦ੍ਰਿਸ਼ਟ, ਅਵਿਅਕਤ ਅਵਸਥਾ ਤੋਂ ਉਹ ਦ੍ਰਿਸ਼ਟਮਾਨ, ਵਿਅਕਤ ਅਵਸਥਾ ਵਿਚ ਬਦਲ ਜਾਂਦਾ ਹੈ। ਇਨ੍ਹਾਂ ਦੋ ਅਵਸਥਾਵਾਂ ਲਈ ਗੁਰਬਾਣੀ ਨੇ 'ਗੁਪਤ' ਅਤੇ 'ਪਰਗਟ' ਦੇ ਸੰਕੇਤ ਵਰਤੇ ਹਨ, ਜੋ ਕਿ ਪੂਰਵ-ਰਚਨਾ ਦੀ ਸੁੰਨਤਾ ਅਤੇ ਵਿਸ਼ਵ-ਰਚਨਾ ਦੀਆਂ ਅਫੁਰ ਤੇ ਸਫੁਰ ਅਵਸਥਾਵਾਂ ਨੂੰ ਦਰਸਾਉਂਦੇ ਹਨ।......ਦਾਰਸ਼ਨਿਕਾਂ ਨੇ ਮਨੁੱਖੀ ਬੁੱਧੀ ਦੁਆਰਾ ਰਚੇ ਨਿਯਮਾਂ ਅਨੁਸਾਰ ਸਿਰਜਣਾ ਦੀ ਸੰਬਾਦਿਕਤਾ ਨੂੰ ਵਿਆਖਿਆਣ ਦਾ ਯਤਨ ਕੀਤਾ ਹੈ, ਜਿਵੇਂ ਕਿ ਪਿਆਰ ਤੇ ਵਿਰੋਧ, ਆਕਰਖਣ ਤੇ ਉਦਕਰਖਣ, ਏਕਤਾ ਤੇ ਭਿੰਨਤਾ, ਮਿਲਾਪ ਤੇ ਵਿਛੋੜਾ ਦੀ ਸ਼ਬਦਾਵਲੀ ਵਿਚ। ਪੰਜਵੀ ਸਦੀ ਪੂਰਵ ਈਸਵੀ ਵਿਚ ਯੂਨਾਨੀ ਫ਼ਿਲਾਸਫ਼ਰ ਐਂਪਡਿਕਲੀਸ ਨੇ ਪ੍ਰੇਮ ਤੇ ਘ੍ਰਿਣਾ ਦੀਆਂ ਸ਼ਕਤੀਆਂ ਦਾ ਸਿਧਾਂਤ ਪੇਸ਼ ਕੀਤਾ ਹੈ, ਜੋ ਕਿ ਉਸ ਅਨੁਸਾਰ ਪ੍ਰਕਿਰਤਕ ਸੰਸਾਰ ਉੱਤੇ ਲਾਗੂ ਸੀ। ਭਾਰਤੀ ਤੇ ਕਈ ਹੋਰ ਚਿੰਤਕਾਂ ਨੇ 'ਉਦਕਰਖ' ਤੇ 'ਆਕਰਖ' (ਫੈਲਾਵਟ ਤੇ ਸੁੰਗੇੜ) ਨੂੰ ਵਿਸ਼ਵਮਈ ਨਿਯਮਾਂ ਦੇ ਰੂਪ ਵਿਚ ਚਿਤਵਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਜਾਨਸ਼ੀਨਾਂ ਨੇ 'ਸੰਜੋਗ' ਤੇ 'ਵਿਯੋਗ' ਦੀ ਸ਼ਬਦਾਵਲੀ ਵਰਤ

ਕੇ, ਸਮੁੱਚੀ ਸਿਰਜਣਾ ਉੱਤੇ ਲਾਗੂ ਅੰਤਿਮ ਨਿਯਮਾਂ ਸੰਬੰਧੀ ਆਪਣਾ ਵਿਚਾਰ ਪ੍ਰਗਟਾਇਆ ਹੈ: "ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ" ਅਜਿਹੇ ਸਭ ਨਿਯਮਾਂ ਦੀ ਉਤਪਤੀ ਹੁਕਮੀ ਕਰਤਾ ਦੇ ਹੁਕਮ ਦੀ ਖੇਡ ਹੈ।[357]

ਸੋ ਹੁਕਮ ਸ਼ਬਦ ਬਹੁਤ ਸਾਰੀਆਂ ਦਿਸ਼ਾਵਾਂ ਦਾ ਲਖਾਇਕ ਹੈ। ਸਮੁੱਚਾ ਮਾਨਵ ਸਦੀਵੀਂ ਆਨੰਦ ਜਾਂ ਖੇੜਾ ਲੋਚਦਾ ਹੈ। ਇਹ ਖੁਸ਼ੀਆਂ ਜਾਂ ਖੇੜੇ ਉਦੋਂ ਤੱਕ ਨਹੀਂ ਆ ਸਕਦੇ ਜਦੋਂ ਤੱਕ ਮਨੁੱਖ ਪ੍ਰੇਮ ਪਿਆਰ ਨਾਲ ਜਿਉਣਾ ਨਹੀਂ ਸਿੱਖ ਲੈਂਦਾ। ਆਪਸੀ ਸਹਿਯੋਗ ਤੇ ਭਾਈਚਾਰਿਆਂ ਨੂੰ ਵਿਕਸਿਤ ਨਹੀਂ ਕਰਦਾ। ਇਹ ਵਤੀਰਾ ਅਪਣਾਉਣ ਲਈ ਪ੍ਰਭੂ ਦੇ ਨਾਮ ਨਾਲ ਜੁੜਨਾ ਪਏਗਾ। ਨਾਮ ਗਿਆਨ ਦਾ ਸ੍ਰੋਤ ਹੈ ਅਤੇ ਗਿਆਨ ਦੀਆਂ ਇਨ੍ਹਾਂ ਰਮਜ਼ਾਂ ਨੂੰ ਸਮਝਣ ਲਈ ਗੁਰੂ ਦੀ ਓਟ ਤੇ ਰਹਿਨੁਮਾਈ ਦੀ ਆਵਸ਼ਕਤਾ ਹੈ। ਗੁਰੂ ਪਰਮਾਤਮਾ ਦੀ ਸਾਜੀ ਇਸ ਕੁਦਰਤ ਤੋਂ ਜਾਣੂ ਕਰਵਾਉਂਦਾ ਹੈ ਤੇ 'ਹੁਕਮ' ਦੇ ਸੰਕਲਪ ਦੀ ਸੋਝੀ ਹੁੰਦੀ ਹੈ। 'ਹੁਕਮ' ਦਾ ਗਿਆਨ ਤੇ ਸੂਝ ਮਨੁੱਖ ਦੇ ਆਤਮਿਕ ਵਿਕਾਸ ਲਈ ਬਹੁਤ ਲਾਹੇਵੰਦ ਸਾਬਤ ਹੁੰਦਾ ਹੈ। ਪਰਮਾਤਮਾ ਦੇ ਹੁਕਮ ਨੂੰ ਸਮਝਣ ਤੇ ਮੰਨਣ ਵਾਲਾ ਹਰ ਪਾਸੇ ਉਸ ਨੂੰ ਨਿਹਾਰਦਾ ਹੈ। ਸਾਰੇ ਵਿਰੋਧ ਖਤਮ ਹੋ ਜਾਂਦੇ ਹਨ ਤੇ ਪਿਆਰ ਪ੍ਰਫੁਲਤ ਹੋਣ ਲਗਦਾ ਹੈ। ਪਰਮਾਤਮਾ ਦੇ ਮਿਲਾਪ ਦੇ ਅਨੁਭਵ ਵਿਚ ਉਸ ਨੂੰ ਸਾਰੇ ਵਿਛੋੜੇ ਤੁੱਛ ਲੱਗਦੇ ਹਨ। ਉਹ ਅਨੇਕਤਾ ਵਿਚ ਵੀ ਏਕਤਾ ਦਾ ਅਹਿਸਾਸ ਕਰਦਾ ਹੈ। ਹੁਕਮ ਨੂੰ ਮੰਨਣ ਵਾਲੇ ਸਚਿਆਰੇ ਤੇ ਇਸ ਤੋਂ ਮੁਨਕਿਰ ਕੂੜਿਆਰੇ ਬਣ ਕੇ ਜਿਉਂਦੇ ਹਨ। 'ਹੁਕਮ' ਦੇ ਸੰਕਲਪ ਦੀ ਸ੍ਰੇਸ਼ਟਤਾ ਦਾ ਪ੍ਰਮਾਣ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਗੁਰੂ ਨਾਨਕ ਸਾਹਿਬ ਨੇ 'ਜਪਜੀ ਸਾਹਿਬ' ਦੀ ਪਹਿਲੀ ਪਉੜੀ ਵਿਚ ਹੀ ਹੁਕਮ ਸੰਬੰਧੀ ਸੰਵਾਦ ਰਚਾਇਆ ਹੈ ਅਤੇ ਇਹ ਬਾਣੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਆਰੰਭ ਵਿਚ ਦਰਜ ਕੀਤੀ ਗਈ ਹੈ। ਅਰਥਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਕਾਲ ਪੁਰਖ ਨਾਲ ਸਚਿਆਰੇ ਹੋਣ ਦੇ ਪ੍ਰਵਚਨ ਦਾ ਆਰੰਭ ਬਿੰਦੂ ਇਹ ਸਿਧਾਂਤ ਹੀ ਹੈ ਜੋ ਇਸ ਸਮੁੱਚੀ ਵਿਸ਼ਵ ਰਚਨਾ ਵਿਚ ਵਿਆਪਿਤ ਹੁਕਮ ਨੂੰ ਮੰਨਣ ਤੇ ਜ਼ੋਰ ਦਿੰਦਾ ਹੈ। ਪਰਮਾਤਮਾ ਦੇ ਹੁਕਮ ਦੀ ਸ੍ਰੇਸ਼ਟਤਾ ਨੂੰ ਬਿਆਨ ਕਰਨ ਲਈ ਗੁਰਬਾਣੀ ਵਿਚ ਬੜੀ ਵਿਚਾਰ ਕੀਤੀ ਗਈ ਹੈ।'ਸਮੁੱਚੀ ਬਾਣੀ ਹੀ ਹੁਕਮ ਦੀ ਮਹਿਮਾ ਤੇ ਮਹੱਤਤਾ ਦਾ ਬਹੁਪੱਖੀ ਵਿਖਿਆਨ ਹੈ। ਇਸ ਵਿੱਚ ਥਾਂ ਥਾਂ ਉਪਦੇਸ਼ਾਤਮਿਕ ਹੁਕਮ ਮਿਲਦੇ ਹਨ, ਤਾਕੀਦੀ ਫੁਰਮਾਣ ਹਨ, ਤਾੜਨਾ ਭਰੀਆਂ ਹਦਾਇਤਾਂ ਹਨ, ਨੇਕ ਮਾਰਗ ਤੇ ਚੱਲਣ ਦੇ ਲਾਹੇਮੰਦ ਨੁਸਖੇ ਹਨ, ਮਨ ਨੂੰ ਨਿੰਯਤਰਣ ਵਿਚ ਰਖਣ ਲਈ ਯੋਗ ਜੁਗਤਾਂ ਹਨ, ਮਰਿਆਦਾ ਤੇ ਸੰਜਮ ਵਿਚਰਣ ਲਈ ਖੂਬਸੂਰਤ ਨਸੀਅਤਾਂ ਹਨ, ਵਿਸ਼ੇ-ਵਿਕਾਰਾਂ ਅਤੇ ਵਿਸ਼ੈਲੇ ਜੀਵਨ ਤੋਂ ਪ੍ਰਹੇਜ਼ ਕਰਨ ਦੀਆਂ ਠੋਸ ਚਿਤਾਵਨੀਆਂ ਹਨ, ਭਾਵ ਇਹ ਕਿ ਇਨਸਾਨ ਨੂੰ ਸੰਸਾਰ ਵਿਚ ਆਤਮਿਕ ਤੇ ਅਧਿਆਤਮਕ ਤੌਰ ਤੇ ਅਭਿਲਾਸ਼ੀ ਤੇ ਚੇਤੰਨ; ਮਾਨਸਿਕ ਤੌਰ ਤੇ ਸੁਦ੍ਰਿੜ ਤੇ ਸੁਜਿੰਦ; ਸਮਾਜਕ ਤੌਰ ਤੇ ਕਾਰਾਮਦ ਅਤੇ ਸਨੇਹੀ; ਆਰਥਿਕ ਤੌਰ ਤੇ ਦਸਾਂ ਨਹੁੰਆਂ ਦੀ ਸੁਕ੍ਰਿਤ ਕਰਕੇ ਉਪਜੀਵਿਕਾ ਕਮਾਉਣ ਵਾਲਾ ਦਿਆਨਤਦਾਰ ਤੇ ਈਮਾਨਦਾਰ ਬਣਨ ਦੇ ਆਦੇਸ਼ ਹਨ ਜਿਨ੍ਹਾਂ ਉੱਤੇ ਚੱਲਣ ਨਾਲ ਸੰਸਾਰਕ ਜੀਵਨ ਦਾ ਪੰਧ ਸਹਿਜ ਅਵਸਥਾ ਵਿਚ ਵਿਚਰਦਿਆਂ ਇੱਜ਼ਤਦਾਰੀ ਨਾਲ ਮੁੱਕ ਸਕਦਾ ਹੈ ਅਤੇ ਮਨੁੱਖ ਇਸ ਸੰਸਾਰ ਦਾ ਸਫ਼ਲ ਪਾਂਧੀ ਬਣ ਕੇ ਅਕਾਲਪੁਰਖ ਦੇ ਦਰਬਾਰ ਵਿਚ ਰਸਾਈ ਪਾਉਣ ਦੇ ਯੋਗ ਹੋ ਜਾਂਦਾ ਹੈ।'[358] ਨਿਮਨਲਿਖਿਤ ਪੰਕਤੀਆਂ ਤੋਂ ਉਸ ਕਾਦਰ ਦੇ ਕਰਤਾ ਦੇ ਅੰਤਰਗਤ ਸੰਮਿਲਤ ਸਮੱਸਤ ਕਰਤਾਰੀ ਸ਼ਕਤੀਆਂ ਵਿਚ ਰਚੇ ਹੁਕਮ ਦੀ ਸੋਝੀ ਹੁੰਦੀ ਹੈ-

ਆਪੇ ਸ੍ਰਿਸਟਿ ਹੁਕਮਿ ਸਭ ਸਾਜੀ ॥

ਆਪੇ ਥਾਪਿ ਉਥਾਪਿ ਨਿਵਾਜੀ ॥[359]

ਹਰਿ ਮੰਦਰੁ ਹਰਿ ਜੀਉ ਸਾਜਿਆ ਰਖਿਆ ਹੁਕਮਿ ਸਵਾਰਿ ॥
ਧੁਰਿ ਲੇਖੁ ਲਿਖਿਆ ਸੁ ਕਮਾਵਣਾ ਕੋਇ ਨ ਮੇਟਣਹਾਰੁ॥[360]
ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ॥[361]
ਧੁਰਹੁ ਖਸਮਿ ਭੇਜਿਆ ਸਚੈ ਹੁਕਮਿ ਪਠਾਇ ॥
ਇੰਦੁ ਵਰਸੈ ਦਇਆ ਕਰਿ ਗੂੜ੍ਹੀ ਛਹਬਰ ਲਾਇ ॥[362]
ਪਉਣੁ ਪਾਣੀ ਬੈਸੰਤਰੋ ਹੁਕਮਿ ਕਰਹਿ ਭਗਤੀ॥
..................................................................
ਬ੍ਰਹਮਾ ਬਿਸਨੁ ਮਹੇਸੁ ਉਪਾਇਅਨੁ ਹੁਕਮਿ ਕਮਾਵਨਿ ਕਾਰਾ ॥[363]
ਹੁਕਮਿ ਉਪਾਏ ਦਸ ਅਉਤਾਰਾ ॥
ਦੇਵ ਦਾਨਵ ਅਗਣਤ ਅਪਾਰਾ ॥
ਮਾਨੈ ਹੁਕਮੁ ਸੁ ਦਰਗਹ ਪੈਝੈ ਸਾਚਿ ਮਿਲਾਇ ਸਮਾਇਦਾ॥[364]

ਗੁਰਬਾਣੀ ਦੀਆਂ ਉਪਰੋਕਤ ਸਤਰਾਂ ਤੋਂ ਇਹ ਭਲੀ-ਭਾਂਤ ਸਪਸ਼ਟ ਹੁੰਦਾ ਹੈ ਕਿ ਇਹ ਸਾਰੀ ਕਾਇਨਾਤ, ਸ੍ਰਿਸ਼ਟੀ ਜਾਂ ਬ੍ਰਹਿਮੰਡ ਦੀ ਸਥਾਪਨਾ ਪਰਮਾਤਮਾ ਨੇ ਆਪ ਕੀਤੀ ਹੈ। ਸਮਸਤ ਸਥਾਪਨਾਵਾਂ ਉਸ ਦੀ ਕ੍ਰਿਤ ਹਨ। ਇਕ ਪਰਮਾਤਮਾ ਨੇ ਹੀ ਸਭ ਸਾਜਿਆ ਅਤੇ ਨਿਵਾਜਿਆ ਹੈ। ਪਰਮਾਤਮਾ ਦੇ ਹੁਕਮ ਨਾਲ ਹੀ ਮਨੁੱਖ, ਦੇਵੀ-ਦੇਵਤਿਆਂ-ਦਾਨਵਾਂ, ਪੌਣ-ਪਾਣੀ-ਅਗਨੀਆਂ, ਦਸ ਅਵਤਾਰਾਂ ਦੀ ਸਿਰਜਣਾ ਹੋਈ ਹੈ। ਸਮੁੱਚਾ ਵਿਸ਼ਵ ਪਰਮਾਤਮਾ ਦੀ ਸਾਜਨਾ ਹੈ। ਪਰਮਾਤਮਾ ਦੀ ਇਸ ਸਿਰਜਨਾ ਵਿਚ ਬਹੁਰੰਗਤਾ ਹੈ, ਬਹੁਵੰਨਗੀਆਂ ਹਨ, ਨਿਆਰਾਪਨ ਹੈ। ਇਸੇ ਕਰਕੇ 'ਵਿਸਮਾਦ' ਤੇ 'ਅਚਰਜ' ਭਾਵ ਪੈਦਾ ਹੁੰਦੇ ਹਨ। ਪਰਮਾਤਮਾ ਦੀ ਕੁਦਰਤ ਦਾ ਅੰਤ ਪਾਇਆ ਹੀ ਨਹੀਂ ਜਾ ਸਕਦਾ। ਪਰਮਾਤਮਾ ਦੇ ਹੁਕਮ ਦੀ ਅਸਚਰਜਤਾ ਨੂੰ ਹੇਠ ਲਿਖੀਆਂ ਸਤਰਾਂ ਤੋਂ ਸਮਝਿਆ ਜਾ ਸਕਦਾ ਹੈ-

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥[365]

ਹੁਕਮੇ ਧਾਰਿ ਅਧਰ ਰਹਾਵੈ ॥
ਹੁਕਮੇ ਉਪਜੈ ਹੁਕਮਿ ਸਮਾਵੈ ॥
ਹੁਕਮੇ ਊਚ ਨੀਚ ਬਿਉਹਾਰ ॥
ਹੁਕਮੇ ਅਨਿਕ ਰੰਗ ਪਰਕਾਰ ॥
ਕਰਿ ਕਰਿ ਦੇਖੈ ਅਪਨੀ ਵਡਿਆਈ ॥[366]

ਹੁਕਮੇ ਆਵੈ ਹੁਕਮੇ ਜਾਇ ॥
ਆਗੈ ਪਾਛੈ ਹੁਕਮਿ ਸਮਾਇ॥[367]

ਸਭਿ ਆਏ ਹੁਕਮਿ ਖਸਮਾਹੁ ਹੁਕਮਿ ਸਭ ਵਰਤਨੀ ॥
ਸਚੁ ਸਾਹਿਬੁ ਸਾਚਾ ਖੇਲੁ ਸਭੁ ਹਰਿ ਧਨੀ॥[368]

ਅਜੋਕਾ ਮਨੁੱਖ ਹਉਮੇ ਗ੍ਰਸਤ ਹੈ ਤੇ ਅਭਿਮਾਨੀ ਹੈ। ਪਰਮਾਤਮਾ ਦੇ ਹੁਕਮ ਤੋਂ ਮੁਨਕਿਰ ਵਿਸ਼ੇ-ਵਿਕਾਰਾਂ ਵਿਚ ਖਚਿਤ ਹੈ। ਮਨੁੱਖ ਦੀ ਮਨੁੱਖ ਨਾਲ ਸਾਂਝ ਸਿਰਫ ਸਵਾਰਥਾਂ ਤੱਕ ਸੀਮਤ ਹੈ। ਝੂਠੇ ਤੇ ਕੂੜ ਰਿਸ਼ਤਿਆਂ ਪਦਾਰਥਾਂ ਵਿਚ ਗਲਤਾਨ ਮਨੁੱਖ ਨੂੰ ਪਰਮਾਨੰਦ ਤੇ ਸਦੀਵੀ ਖੁਸ਼ੀ ਉਦੋਂ ਤੱਕ ਨਹੀਂ ਮਿਲ ਸਕਦੀ ਜਦੋਂ ਤੱਕ ਉਹ ਹਉਮੇ ਰਹਿਤ ਨਹੀਂ ਹੋ ਜਾਂਦਾ ਅਤੇ ਹਉਮੇ ਤੇ ਹੰਕਾਰ ਦੀ ਕੰਧ ਉਦੋਂ ਤੱਕ ਨਹੀਂ ਟੁੱਟਦੀ, ਜਦੋਂ ਤੀਕ ਉਹ 'ਹੁਕਮ' ਨੂੰ ਨਹੀਂ ਮੰਨ ਲੈਂਦਾ। ਗੁਰੂ ਨਾਨਕ ਸਾਹਿਬ ਸਪਸ਼ਟ ਕਰਦੇ ਹਨ:

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥[369]

ਜਿਸ ਪ੍ਰਾਣੀ ਨੂੰ ਹੁਕਮ ਦੀ ਸੋਝੀ ਹੋ ਜਾਂਦੀ ਹੈ ਉਹਦਾ ਸਾਰੀ ਹਉਮੇ ਮਿੱਟ ਜਾਂਦੀ ਹੈ। ਉਹ ਪ੍ਰਭੂ ਦੇ ਚਰਨਾਂ ਵਿਚ ਜੁੜ ਜਾਂਦਾ ਹੈ। ਪ੍ਰਭੂ ਦੇ ਗੁਣਾਂ ਦਾ ਗਾਇਨ ਗਾਂਦਾ ਹੈ। ਨਾਮ ਸਿਮਰਨ ਵਿਚ ਜੁੜਦਾ ਹੈ।

ਦੁਇ ਰਾਹ ਚਲਾਏ ਹੁਕਮਿ ਸਬਾਏ ਜਨਮਿ ਮੁਆ ਸੰਸਾਰਾ ॥
ਨਾਮ ਬਿਨਾ ਨਾਹੀ ਕੋ ਬੇਲੀ ਬਿਖੁ ਲਾਦੀ ਸਿਰਿ ਭਾਰਾ ॥
ਹੁਕਮੀ ਆਇਆ ਹੁਕਮੁ ਨ ਬੂਝੈ ਹੁਕਮਿ ਸਵਾਰਣਹਾਰਾ॥[370]

ਜਿਵੇਂ-ਜਿਵੇਂ ਉਹ ਪ੍ਰਭੂ ਦੀ ਅਸੀਮਤਾ, ਵਿਰਾਟਤਾ, ਸਰਬ-ਵਿਆਪਕਤਾ, ਸਰਬ-ਸੱਤਾ, ਸਰਬ-ਸ਼ਕਤੀਮਾਨਤਾ ਨੂੰ ਸਮਝਦਾ ਜਾਂਦਾ ਹੈ; ਉਸ ਨੂੰ ਆਪਣੀ ਤੁੱਛ ਤੇ ਛਿਨ-ਭੰਗਰ ਹਸਤੀ ਦਾ ਖਿਆਲ ਆਉਂਦਾ ਹੈ। ਪਰਮਾਤਮਾ ਦੇ ਹੁਕਮ ਦੀ ਅਜਿਹੀ ਦ੍ਰਿੜਤਾ ਉਸ ਦੀ ਜੀਵਨ ਤੋਰ ਨੂੰ ਪ੍ਰਭਾਵਿਤ ਕਰਦੀ ਹੈ। ਉਹ ਵਿਸ਼ੇ-ਵਿਕਾਰਾਂ ਦੇ ਜੰਜਾਲ ਵਿਚੋਂ ਬਾਹਰ ਆਉਣ

ਲਈ ਪ੍ਰਯਤਨ ਕਰਦਾ ਹੈ ਅਤੇ ਇਹ ਯਤਨ ਹੀ ਉਸ ਨੂੰ ਸੱਚ ਦੇ ਰੂਬਰੂ ਕਰਦੇ ਹਨ ਅਤੇ ਉਹ ਇਸ ਸੱਚ ਵਿਚ ਸ਼ਾਮਿਲ ਹੋਣ ਲਈ ਸਚਿਆਰਾ ਬਣਨਾ ਲੋਚਦਾ ਹੈ। ਅਜਿਹੇ ਪ੍ਰਾਣੀਆਂ ਨੂੰ ਪ੍ਰਭੂ ਹਰ ਪਾਸੇ ਪਰਗਟ ਹੋਇਆ ਨਜ਼ਰ ਆਉਂਦਾ ਹੈ। ਪਰਮਾਤਮਾ ਦਾ ਉਦਕਰਖ ਸਰੂਪ ਪ੍ਰਮਾਣਿਤ ਹੋਇਆ ਨਜ਼ਰ ਆਉਂਦਾ ਹੈ। ਦੂਜੇ ਪਾਸੇ ਉਹ ਲੋਕ ਜੋ ਪ੍ਰਭੂ ਦੇ ਗੁਣਾਂ ਤੋਂ ਅਣਜਾਨ ਹੁੰਦੇ ਹਨ ਉਹ ਕਦੀ ਵੀ ਹੁਕਮ ਨੂੰ ਸਮਝ ਨਹੀਂ ਪਾਂਦੇ। ਅਜਿਹੇ ਕੂੜਿਆਰ ਲੋਕ ਝੂਠੀ-ਕਪਟੀ ਜ਼ਿੰਦਗੀ ਜਿਉਂਦੇ ਹਨ। ਅਜਿਹੇ ਲੋਕਾਂ ਤੋਂ ਪਿਆਰ, ਭਾਈਚਾਰਿਆਂ ਤੇ ਸਹਿਯੋਗ ਦੀ ਆਸ ਰੱਖਣਾ ਵਿਅਰਥ ਹੈ। ਵਿਸ਼ਵ ਵਿਚ ਪਾਈਆਂ ਜਾਂਦੀਆਂ ਸਮਸਤ ਵੰਡੀਆਂ ਦਾ ਕਾਰਨ ਇਹ ਲੋਕ ਹਨ ਜੋ ਆਤਮ ਗਿਆਨ ਤੋਂ ਸੱਖਣੇ ਹੁੰਦੇ ਹਨ ਅਤੇ ਆਤਮ ਗਿਆਨ ਦਾ ਸ੍ਰੋਤ ਗੁਰੂ ਹੁੰਦਾ ਹੈ। ਅਕਾਲ ਪੁਰਖ ਦੇ ਗੁਣਾਂ ਦੇ ਸਹੀ ਗਿਆਨ ਦਾ ਸੋਮਾ ਕੇਵਲ ਸੱਚੇ ਗੁਰੂ ਨੂੰ ਹੀ ਮੰਨਿਆ ਜਾ ਸਕਦਾ ਹੈ। ਗੁਰੂ ਦੁਆਰਾ ਪ੍ਰਦਾਨ ਕੀਤੇ ਗਿਆਨ ਨੂੰ ਸੁਣ ਕੇ ਸਮਝ ਕੇ, ਉਸ ਵਿਚਲੇ ਵਿਸ਼ਵਾਸ ਨੂੰ ਪਰਪੱਕ ਕਰਕੇ ਅਤੇ ਉਸ ਨੂੰ ਮੰਨ ਕੇ ਜ਼ਿੰਦਗੀ ਨੂੰ ਸਫਲ ਬਣਾਇਆ ਜਾ ਸਕਦਾ ਹੈ। ਗੁਰਬਾਣੀ ਵਿਚ ਇਸ ਸੰਬੰਧੀ ਬਹੁਤ ਵਿਚਾਰ ਕੀਤੀ ਗਈ ਹੈ। ਜਿਵੇਂ ਹੇਠ ਲਿਖੀਆਂ ਸਤਰਾਂ ਤੋਂ ਸਪਸ਼ਟ ਹੁੰਦਾ ਹੈ-

ਘਟਿ ਘਟਿ ਆਪੇ ਹੁਕਮਿ ਵਸੈ ਹੁਕਮੇ ਕਰੇ ਬੀਚਾਰੁ ॥
ਗੁਰ ਸਬਦੀ ਸਾਲਾਹੀਐ ਹਉਮੈ ਵਿਚਹੁ ਖੋਇ ॥
ਸਾ ਧਨ ਨਾਵੈ ਬਾਹਰੀ ਅਵਗਣਵੰਤੀ ਰੋਇ ॥
ਸਚੁ ਸਲਾਹੀ ਸਚਿ ਲਗਾ ਸਚੈ ਨਾਇ ਤ੍ਰਿਪਤਿ ਹੋਇ ॥[371]

ਪੂਰੈ ਪੂਰਾ ਕਰਿ ਛੋਡਿਆ ਹੁਕਮਿ ਸਵਾਰਣਹਾਰ॥
ਗੁਰ ਪਰਸਾਦੀ ਜਿਨਿ ਬੁਝਿਆ ਤਿਨਿ ਪਾਇਆ ਮੋਖ ਦੁਆਰੁ ॥[372]
ਢਾਹਿ ਉਸਾਰੇ ਹੁਕਮਿ ਸਮਾਵੈ ॥
ਹੁਕਮੋ ਵਰਤੈ ਜੋ ਤਿਸੁ ਭਾਵੈ ॥
ਗੁਰ ਬਿਨੁ ਪੂਰਾ ਕੋਇ ਨ ਪਾਵੈ॥[373]

ਨਾਨਕ ਹੁਕਮਿ ਮੰਨਿਐ ਸੁਖੁ ਪਾਈਐ ਗੁਰ ਸਬਦੀ ਵੀਚਾਰਿ ॥[374]
ਤੇਰੈ ਹੁਕਮਿ ਪਵੈ ਨੀਸਾਣੁ ਤਉ ਕਰਉ ਸਾਹਿਬ ਕੀ ਸੇਵਾ ॥
ਜਬ ਗੁਰੁ ਦੇਖੈ ਸੁਭ ਦਿਸਟਿ ਨਾਮੁ ਕਰਤਾ ਮੁਖਿ ਮੇਵਾ ॥[375]

ਗੁਰ-ਸ਼ਬਦਾਂ ਦੀ ਵਿਚਾਰ ਅਤੇ ਗੁਰ-ਪ੍ਰਸਾਦਿ ਨਾਲ 'ਹੁਕਮ' ਦੀ ਸੋਝੀ ਹੀ ਨਹੀਂ ਹੁੰਦੀ, ਬਲਕਿ ਪ੍ਰਾਣੀ ਆਪਣਾ ਜੀਵਨ ਵੀ ਸਫਲਾ ਕਰ ਲੈਂਦਾ ਹੈ। ਸਮੁੱਚੀ ਵਿਸ਼ਵ-ਰਚਨਾ ਵਿਚ ਆਪ ਵੀ ਜਿਉਂਦਾ ਹੈ ਤੇ ਹੋਰਨਾਂ ਨੂੰ ਜਿਉਣ ਦੇ ਮੌਕੇ ਦਿੰਦਾ ਹੈ। ਬਲਕਿ ਆਪਣੀ ਸਦਭਾਵਨਾ ਤੇ ਮਿੱਤਰਤਾ ਨਾਲ ਪਿਆਰ ਤੇ ਮਿਲਵਰਤਨ ਦੀਆਂ ਖੁਸ਼ਬੋਆਂ ਫਿਲਾਉਂਦਾ ਹੈ। ਇਸ ਸਾਰੀ ਪ੍ਰਕਿਰਿਆ ਵਿਚ 'ਦੈਵੀ ਮਿਹਰ' ਦੇ ਪੱਖ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ। ਦੈਵੀ ਮਿਹਰ

ਪਰਮਾਤਮਾ ਦੀ ਨਦਰਿ ਤੇ ਕਰਮ ਦਾ ਪ੍ਰਤੀਬਿੰਬ ਹੈ ਜੋ ਪਰਮਾਤਮਾ ਦੇ ਪਿਤਰੀ ਸਨੇਹ ਅਤੇ ਅਪਣੱਤ ਦਾ ਸੂਚਕ ਹੈ। ਪਰਮਾਤਮਾ ਦੇ ਹੁਕਮ ਵਿਚ ਮਿਹਰਬਾਨੀਆਂ ਤੇ ਬਖਸ਼ਿਸ਼ਾਂ ਦਾ ਅਨੁਪਮ ਪੱਖ ਹੈ ਜੋ ਅਸਲ ਵਿਚ ਮਨੁੱਖ ਦੇ ਪਿਆਰ ਤੇ ਧਿਆਨ ਤੇ ਕੇਂਦ੍ਰਿਤ ਹੈ।

ਵਰਨਾ ਵਰਨ ਨ ਭਾਵਨੀ ਜੇ ਕਿਸੈ ਵਡਾ ਕਰੇਇ ॥
ਵਡੇ ਹਥਿ ਵਡਿਆਈਆ ਜੈ ਭਾਵੈ ਤੈ ਦੇਇ ॥
ਹੁਕਮਿ ਸਵਾਰੇ ਆਪਣੈ ਚਸਾ ਨ ਢਿਲ ਕਰੇਇ ॥
ਸਭੁ ਕੋ ਆਖੈ ਬਹੁਤੁ ਬਹੁਤੁ ਲੈਣੈ ਕੈ ਵੀਚਾਰਿ ॥
ਕੇਵਡੁ ਦਾਤਾ ਆਖੀਐ ਦੇ ਕੈ ਰਹਿਆ ਸੁਮਾਰਿ ॥
ਨਾਨਕ ਤੋਟਿ ਨ ਆਵਈ ਤੇਰੇ ਜੁਗਹ ਜੁਗਹ ਭੰਡਾਰ॥[376]

ਸਬਦਿ ਰੰਗਾਏ ਹੁਕਮਿ ਸਬਾਏ ॥
ਸਚੀ ਦਰਗਹ ਮਹਲਿ ਬੁਲਾਏ ॥[377]

ਜਿਨਿ ਕੀਤੇ ਸੋਈ ਬਿਧਿ ਜਾਣੈ ॥
ਆਪਿ ਕਰੇ ਤਾ ਹੁਕਮਿ ਪਛਾਣੈ ॥
ਜੇਹਾ ਅੰਦਰਿ ਪਾਏ ਤੇਹਾ ਵਰਤੈ ਆਪੇ ਬਾਹਰਿ ਪਾਵਣਿਆ॥[378]
ਮੈਲੇ ਨਿਰਮਲ ਸਭਿ ਹੁਕਮਿ ਸਬਾਏ ॥
ਸੇ ਨਿਰਮਲ ਜੋ ਹਰਿ ਸਾਚੇ ਭਾਏ ॥
ਨਾਨਕ ਨਾਮੁ ਵਸੈ ਮਨ ਅੰਤਰਿ ਗੁਰਮੁਖਿ ਮੈਲੁ ਚੁਕਾਵਣਿਆ॥[379]

ਇਕਨ੍ਹਾ ਹੁਕਮਿ ਸਮਾਇ ਲਏ ਇਕਨ੍ਹਾ ਹੁਕਮੇ ਕਰੇ ਵਿਣਾਸੁ ॥
ਇਕਨ੍ਹਾ ਭਾਣੈ ਕਢਿ ਲਏ ਇਕਨ੍ਹਾ ਮਾਇਆ ਵਿਚਿ ਨਿਵਾਸੁ ॥[380]

ਗੁਰਬਾਣੀ ਪਰਮਾਤਮਾ ਦੇ ਹੁਕਮ ਰਾਹੀਂ ਕ੍ਰਿਪਾ, ਸਨੇਹ, ਧਿਆਨ, ਪਰਉਪਕਾਰਤਾ ਦਾ ਜੋ ਸੰਚਾਰ ਕਰਦੀ ਹੈ; ਉਸੇ ਹੀ ਆਧਾਰ ਤੇ ਗੁਰਬਾਣੀ ਦਾ ਵਿਸ਼ਵ-ਸਿਧਾਂਤ ਸਥਾਪਿਤ ਹੁੰਦਾ ਹੈ। ਸਮੁੱਚੇ ਵਿਸ਼ਵ ਨੂੰ ਇਕਸੁਰਤਾ ਤੇ ਇਕਸਾਰਤਾ ਵਿਚ ਸਥਾਪਿਤ ਕਰਨ ਲਈ ਪਰਮਾਤਮਾ ਦੇ ਇਨ੍ਹਾਂ ਦੈਵੀ-ਗੁਣਾਂ ਦਾ ਪਾਸਾਰ ਕਰਨਾ ਹੀ ਇਕ ਸੱਚੇ ਮਨੁੱਖ ਦਾ ਕਰਤੱਵ ਹੈ। ਪਰਮਾਤਮਾ ਦੀ ਮਿਹਰ ਨਾਲ ਹੀ ਗੁਰੂ ਅਤੇ ਗੁਰੂ ਦੀ ਰਹਿਨੁਮਾਈ ਨਾਲ ਹੀ ਹੁਕਮ ਅਤੇ ਹੁਕਮ ਦੀ ਸੂਝ ਵਿਚ ਮਨੁੱਖਤਾ ਪ੍ਰਫ਼ੁੱਲਤ ਹੁੰਦੀ ਹੈ।'ਹੁਕਮ ਦਾ ਸੰਕਲਪ, ਵਿਸ਼ਮਮਈ ਹੋਂਦ ਵਿਚ ਪਸਰੇ ਦੈਵੀ ਸੰਜਮ ਦੇ ਅਰਥਾਂ ਵਿਚ, ਸਿੱਖ ਚਿੰਤਨ ਦੇ 'ਰਜ਼ਾ' ਤੇ 'ਭਾਣਾ' ਦੇ ਸੰਕਲਪਾਂ ਨਾਲ ਜੁੜਵੇਂ ਰੂਪ ਵਿਚ ਵੀ ਪੇਸ਼ ਹੁੰਦਾ ਹੈ। ਅਰਬੀ ਮੂਲ ਦਾ ਸ਼ਬਦ 'ਰਜ਼ਾ'

ਜਿਸ ਵਿਚ ਸੂਫ਼ੀ ਰੰਗਣ ਵੀ ਹੈ, ਹੁਕਮ ਵਾਂਗ ਸਿੱਖ ਧਰਮ ਦਾ ਇਕ ਪ੍ਰਮੁੱਖ ਸਿਧਾਂਤ ਵਿਅਕਤ ਕਰਦਾ ਹੈ। ਪੰਜਾਬੀ ਵਿਚ ਇਸ ਦਾ ਸਮਾਨਅਰਥੀ 'ਭਾਣਾ' ਪੰਜਾਬੀ ਸਭਿਆਚਾਰ ਦੀ ਲੋਕ-ਪ੍ਰਿਯ ਪੱਧਰ ਉੱਤੇ ਰਚ ਗਿਆ ਹੈ। ਭਾਣਾ ਤੋਂ ਮੁਰਾਦ ਹੈ ਜੋ ਈਸ਼ਵਰ ਨੂੰ ਭਾਉਂਦਾ ਹੈ। ਇਹ ਉਸ ਦੀ ਖੁਸ਼ੀ ਹੈ।ਉਸ ਦੀ ਮਨ-ਚਾਹੀ ਇੱਛਾ ਹੈ। ਇਸ ਅਰਥ ਵਿਚ ਹੁਕਮ, ਰਜ਼ਾ ਤੇ ਭਾਣਾ ਇਕ ਦੂਜੇ ਦੇ ਅਤਿ ਨਿਕਟੀ ਹੋ ਜਾਂਦੇ ਹਨ। ਫਿਰ ਵੀ, ਹੁਕਮ ਆਪਣੇ ਨਿਰੋਲ ਦਾਰਸ਼ਨਿਕ/ਤੱਤ-ਮੀਮਾਂਸਿਕ ਅਰਥਾਂ ਵਿਚ ਮਾਨਵ-ਅਤੀਤ, ਵਿਸ਼ਵ-ਰਚਨਾ ਤੋਂ ਪੂਰਬਲੀ ਅਤੇ ਵਿਸ਼ਵ-ਮਈ ਅਵਸਥਾ ਦਾ ਨਿਯਮ ਹੈ, ਜਦ ਕਿ ਰਜ਼ਾ ਤੇ ਭਾਣਾ ਦੀ ਵਿਆਖਿਆ ਮਨੁੱਖ ਦੇ ਸੰਬੰਧਾਂ ਵਿਚ ਹੋ ਸਕਦੀ ਹੈ। 'ਰਜ਼ਾ' ਦਾ ਭਾਵ-ਅਰਥ ਆਪਣੇ ਆਪ ਨੂੰ ਈਸ਼ਵਰ ਦੀ ਇੱਛਾ ਅੱਗੇ ਸਮਰਪਿਤ ਕਰਨਾ ਹੈ ਤੇ ਇਹੀ ਗੱਲ 'ਭਾਣਾ' ਉੱਤੇ ਢੁੱਕਦੀ ਹੈ। ਦੋਹਾਂ ਦੀ ਸੇਧ ਪ੍ਰਭੂ ਵਲੋਂ ਜੀਵ ਲਈ ਨਿਰਧਾਰਤ ਖੇਡ ਦੀ ਭਰਪੂਰ ਪ੍ਰਵਾਨਗੀ ਤੇ ਸਵੀਕ੍ਰਿਤੀ ਹੈ।'[381] ਗੁਰਬਾਣੀ ਵਿਚ 'ਹੁਕਮ' ਦੇ ਸੰਕਲਪ ਨੂੰ ਇਤਨੇ ਵਿਸਤ੍ਰਿਤ ਰੂਪ ਵਿਚ ਬਿਆਨ ਕੀਤਾ ਗਿਆ ਹੈ ਕਿ ਪ੍ਰਭੂ ਦੀ 'ਰਜ਼ਾ' ਵਿਚ ਰਹਿਣਾ ਗੁਰਸਿੱਖ ਦਾ ਨਿਯਮ ਜਾਂ ਅਸੂਲ ਬਣ ਜਾਂਦਾ ਵਹੈ। 'ਗੁਰਮੁਖਿ ਹੋਵੈ ਸੁ ਭਾਣਾ ਮੰਨੇ' ਦੇ ਮਹਾਂਵਾਕ ਅਨੁਸਾਰ ਉਹ ਇਸੇ ਵਿਚ ਹੀ ਸੁੱਖ ਅਨੁਭਵ ਕਰਦਾ ਹੈ। ਇਹ ਸੋਚ ਜਾਂ ਬੁੱਧ ਉੱਚ ਆਤਮਿਕ ਵਿਕਾਸ ਦੀ ਸੂਚਕ ਬਣ ਜਾਂਦੀ ਹੈ ਕਿਉਂਕਿ ਰਜ਼ਾ ਵਿਚ ਵਿਚਰਨ ਵਾਲਾ ਮਨੁੱਖ ਆਪਾ ਤਿਆਗ ਕੇ 'ਪ੍ਰਭੁ ਡੋਰੀ ਹਾਥ ਤੁਮਹਾਰੇ' ਅਤੇ 'ਜੋ ਤੁਧ ਭਾਵੈ ਸੋਈ ਥੀਸੀ' ਦੀ ਧਾਰਨਾ ਨੂੰ ਮੰਨਣ ਲੱਗਦਾ ਹੈ। ਅਜਿਹਾ ਵਿਅਕਤੀ ਕਦਾਚਿਤ ਵੀ ਪਰਾਇਆ ਜਾਂ ਬੇਗਾਨਿਆਂ ਦੀ ਦੌਲਤ, ਇੱਜ਼ਤ ਅਤੇ ਸੰਪਤੀ ਨੂੰ ਹਥਿਆਉਣਾ ਨਹੀਂ ਚਾਹੁੰਦਾ। ਉਹ ਤਾਂ ਨੇਕ ਨੀਅਤ ਨਾਲ ਕੀਤੀਆਂ ਸੱਚੀਆ-ਸੁੱਚੀਆਂ ਕਮਾਈਆਂ ਕਰ ਕੇ ਸੁਹਿਰਦਤਾ ਤੇ ਸੰਤੋਖੀ ਹੋਣ ਦਾ ਸਬੂਤ ਦਿੰਦਾ ਹੈ। 'ਹੁਕਮ' ਦੇ ਸਿਧਾਂਤ ਦਾ ਪ੍ਰਤੀਫਲ 'ਰਜ਼ਾ' ਰਾਹੀਂ ਨਿਸਚਿਤ ਹੁੰਦਾ ਹੈ। ਸੋ 'ਹੁਕਮ' ਦੇ ਅੰਤਰਗਤ 'ਰਜ਼ਾ' ਦੀ ਇਹ ਬੁਨਿਆਦੀ ਸਿਫਤ ਬਣ ਜਾਂਦੀ ਹੈ ਕਿ ਉਹ ਹਉਮੈ ਜਾਂ ਅਭਿਮਾਨ ਨੂੰ ਵਿਕਸਿਤ ਨਹੀਂ ਹੋਣ ਦਿੰਦੀ ਅਤੇ ਹਲੀਮੀ ਤੇ ਨਿਮਰਤਾ ਦੇ ਗੁਣਾਂ ਨੂੰ ਪ੍ਰਫ਼ੁੱਲਤ ਕਰਦੀ ਹੈ ਜਿਸ ਨਾਲ ਮਨੁੱਖ ਤਨਾਉ ਰਹਿਤ ਹੋ ਜਾਂਦਾ ਹੈ। ਵਿਹਾਰ ਦੀ ਸੁਹਿਰਦਤਾ ਅਤੇ ਸਦਾਚਾਰ ਨਾਲ ਹਮਦਰਦੀ, ਸਨੇਹ ਤੇ ਮਾਨਵ ਸੇਵਾ ਪੈਦਾ ਹੁੰਦੀ ਹੈ। ਰਜ਼ਾ ਵਿਚ ਰਹਿਣ ਵਾਲਾ ਮਨੁੱਖ ਇਮਾਨਦਾਰ ਤੇ ਸਬਰ ਸੰਤੋਖੀ ਬਣ ਕੇ ਚੋਰੀਆਂ, ਹੇਰਾ-ਫੇਰੀਆਂ, ਰਿਸ਼ਵਤਖੋਰੀਆਂ, ਠੱਗੀਆਂ-ਠੋਰੀਆਂ, ਭ੍ਰਿਸ਼ਟਾਚਾਰੀਆਂ ਤੇ ਘੁਟਾਲਿਆਂ ਤੋਂ ਦੂਰ ਹੋ ਕੇ ਉਸਦੀ ਰਜ਼ਾ ਵਿਚ ਰਾਜੀ ਰਹਿੰਦਾ ਹੋਇਆ ਸੁੱਖ ਤੇ ਸ਼ਾਂਤੀ ਨੂੰ ਅਨੁਭਵ ਕਰਦਾ ਹੈ-

ਮਾਨੈ ਹੁਕਮੁ ਸੋਹੈ ਦਰਿ ਸਾਚੈ॥
ਆਕੀ ਮਰਹਿ ਅਫਾਰੀ॥[382]

ਪਰਮਾਤਮਾ ਦੇ ਹੁਕਮ ਨੂੰ ਮੰਨਣ ਵਾਲੇ ਅਤੇ ਉਹ ਮਨੁੱਖ ਜੋ ਪਰਮਾਤਮਾ ਦੇ ਹੁਕਮ ਤੋਂ ਮੁਨਕਿਰ ਹੁੰਦੇ ਹਨ, ਉਹਦੀ ਰਜ਼ਾ ਵਿਚ ਨਹੀਂ ਜਿਉਂਦੇ, ਉਨਾਂ ਦੀ ਦਸ਼ਾ ਗੁਰੂ ਸਾਹਿਬ ਨੇ ਇਸ ਤਰ੍ਹਾਂ ਬਿਆਨ ਕੀਤੀ ਹੈ-

ਬੋਲਹਿ ਸਾਚੁ ਮਿਥਿਆ ਨਹੀ ਰਾਈ ॥
ਚਾਲਹਿ ਗੁਰਮੁਖਿ ਹੁਕਮਿ ਰਜਾਈ ॥

ਰਹਹਿ ਅਤੀਤ ਸਚੇ ਸਰਣਾਈ ॥
ਸਚ ਘਰਿ ਬੈਸੈ ਕਾਲੁ ਨ ਜੋਹੈ ॥
ਮਨਮੁਖ ਕਉ ਆਵਤ ਜਾਵਤ ਦੁਖੁ ਮੋਹੈ ॥[383]

ਤਾ ਕਉ ਬਿਘਨੁ ਨ ਲਾਗਈ ਚਾਲੈ ਹੁਕਮਿ ਰਜਾਈ ॥
ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੈ ॥[384]

ਸੋ ਸੇਵਕੁ ਸੇਵਾ ਕਰੇ ਜਿਸ ਨੋ ਹੁਕਮੁ ਮਨਾਇਸੀ ॥
ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥[385]

'ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ'[386] ਅਤੇ 'ਹਿਕਮਤਿ ਹੁਕਮਿ ਨ ਪਾਇਆ ਜਾਇ'[387] ਗੁਰੂ ਵਾਕਾਂ ਅਨੁਸਾਰ ਗੁਰਬਾਣੀ ਬਾਰ-ਬਾਰ ਚੇਤੰਨ ਕਰਦੀ ਹੈ ਕਿ ਕੋਈ ਸਿਆਣਪਾਂ ਜਾਂ ਹਿਕਮਤਾਂ ਕੰਮ ਨਹੀਂ ਆਉਂਦੀਆਂ। ਪਰਮਾਤਮਾ ਦੇ ਦਰ ਤੇ ਵੀ ਖੁਸ਼ੀ ਨਸੀਬ ਤਾਂ ਹੀ ਹੁੰਦੀ ਹੈ ਜੇ ਰਜ਼ਾ ਦਾ ਪਾਲਣ ਕੀਤਾ ਜਾਵੇ। 'ਆਵਤ ਹੁਕਮਿ ਬਿਨਾਸ ਹੁਕਮਿ ਆਗਿਆ ਭਿੰਨ ਨ ਕੋਇ' ਅਤੇ 'ਆਪਿ ਅਲੇਖੁ ਕੁਦਰਤਿ ਕਰਿ ਦੇਖੈ ਹੁਕਮਿ ਚਲਾਏ ਸੋਈ ਜੀਉ' ਮਹਾਂਵਾਕਾਂ ਦੀ ਸੋਝੀ ਹੋ ਜਾਏ।
ਸਸਾ ਸਿਆਨਪ ਛਾਡੁ ਇਆਨਾ ॥
ਹਿਕਮਤਿ ਹੁਕਮਿ ਨ ਪ੍ਰਭੁ ਪਤੀਆਨਾ ॥
ਸਹਸ ਭਾਤਿ ਕਰਹਿ ਚਤੁਰਾਈ ॥
ਸੰਗਿ ਤੁਹਾਰੈ ਏਕ ਨ ਜਾਈ ॥[388]

ਆਪੇ ਹੁਕਮਿ ਵਰਤਦਾ ਪਿਆਰਾ ਆਪੇ ਹੀ ਫੁਰਮਾਣੁ ॥
ਆਪੇ ਭਗਤਿ ਭੰਡਾਰ ਹੈ ਪਿਆਰਾ ਆਪੇ ਦੇਵੈ ਦਾਨੁ ॥[389]

ਜਿਤੁ ਤੁਧੁ ਲਾਏ ਤੇਹਾ
ਫਲੁ ਪਾਇਆ ਤੂ ਹੁਕਮਿ ਚਲਾਵਣਹਾਰਾ ॥[390]

ਆਪੇ ਵੇਖੈ ਹੁਕਮਿ ਚਲਾਏ ॥
ਅਪਣਾ ਭਾਣਾ ਆਪਿ ਕਰਾਏ ॥[391]

ਹੁਕਮਿ ਰਜਾਈ ਸਾਖਤੀ ਦਰਗਹ ਸਚੁ ਕਬੂਲੁ ॥
ਸਾਹਿਬੁ ਲੇਖਾ ਮੰਗਸੀ ਦੁਨੀਆ ਦੇਖਿ ਨ ਭੂਲੁ ॥[392]

ਗੁਰਮਤਿ ਵਿਚ ਹੁਕਮ ਦੀ ਪਾਲਣਾ ਨੂੰ ਜੀਵਨ ਦੀਆਂ ਮੁਸ਼ਕਿਲਾਂ ਤੇ ਔਕੜਾਂ ਤੋਂ ਕਿਨਾਰਾ ਕਰਨਾ ਨਹੀਂ ਹੈ ਬਲਕਿ ਇਨਾਂ ਸਮਸਿਆਵਾਂ ਪ੍ਰਤੀ ਕਿਰਿਆਤਮਕ ਨਜ਼ਰੀਆ ਅਪਣਾਉਣ ਦਾ ਸੰਕੇਤ ਹੈ।'ਭਾਣਾ ਮੰਨਣ ਦੇ ਵੀ ਤਿੰਨ ਤਰੀਕੇ ਹਨ: ਸਬਰ, ਰਜ਼ਾ ਤੇ ਤਸਲੀਮ।

ਸਬਰ ਉਹ ਹਾਲਤ ਹੈ ਜਦੋਂ ਮਨੁੱਖ ਕਿਸੇ ਤਕਲੀਫ ਨੂੰ ਕੇਵਲ ਇਸ ਲਈ ਚੁੱਪ ਕੀਤੇ ਬਰਦਾਸ਼ਤ ਕਰ ਲੈਂਦਾ ਹੈ ਕਿ ਉਹ ਦਾ ਵਸ ਨਹੀਂ ਚਲ ਸਕਦਾ। ਰਜ਼ਾ ਉਸ ਤੋਂ ਅਗਲੀ ਅਵਸਥਾ ਹੈ, ਜਦੋਂ ਬੰਦਾ ਹਰ ਤਕਲੀਫ ਤੇ ਦੁੱਖ ਵਿਚ ਆਪਣੀ ਭਲਾਈ ਸਮਝਦਾ ਹੈ ਤੇ ਕਦੇ ਬੇ-ਸ਼ੁਕਰਾ ਨਹੀਂ ਹੁੰਦਾ। ਤਸਲੀਮ ਦੀ ਅਵਸਥਾ ਉਹ ਹੈ ਜਦੋਂ ਮਨੁਖ ਹਉਮੇ ਤਿਆਗ ਕੇ ਅਕਾਲ ਪੁਰਖ ਦੇ ਹਰ ਕੰਮ ਨੂੰ ਮਿੱਠਾ ਕਰ ਕੇ ਮੰਨਦਾ ਹੈ, ਉਸ ਨੂੰ ਤਕਲੀਫਾਂ ਵਿਚ ਵੀ ਸੁਆਦ ਆਉਂਦਾ ਹੈ।'[393] ਸੋ ਰੱਬ ਦੀ ਰਜ਼ਾ ਵਿਚ ਰਾਜੀ ਰਹਿਣਾ ਕਿਸੇ ਤਰ੍ਹਾਂ ਨਾਲ ਵੀ ਭਾਵੀਵਾਦ ਜਾਂ ਭਾਂਜਵਾਦ ਨਾਲ ਨਹੀਂ ਜੁੜਦਾ ਸਗੋਂ ਇਹ ਸੰਜਮ ਤੇ ਸਦਾਚਾਰਕ ਜ਼ਾਬਤੇ ਦਾ ਪ੍ਰਤੀਕ ਬਣਦਾ ਹੋਇਆ ਸਰਬ ਸਾਂਝੀਵਾਲਤਾ ਤੇ ਸਰਬ-ਕਲਿਆਣ ਲਈ ਸਰਬਤ ਦੇ ਭਲੇ ਦੀ ਜਾਚਨਾ ਕਰਦਾ ਆਪਣਾ ਲੋਕ ਤੇ ਪਰਲੋਕ ਸਫਲਾ ਕਰਦਾ ਹੈ।'ਮੱਧਕਾਲੀ ਸਮੇਂ ਤੋਂ ਲੈ ਕੇ ਅੱਜ ਤੀਕ ਅਸੀਂ ਪਿਤਾ ਧਰਮੀ ਸੰਸਕਾਰ ਨੂੰ ਇਕ ਉਚੇਚਾ ਮਹੱਤਵ ਤੇ ਆਦਰ ਦੇਣ ਦੇ ਅਨੁਯਾਈ ਹਾਂ। ਸਾਡਾ ਸਾਰਾ ਪਰਿਵਾਰਕ ਤੇ ਸਮਾਜਕ ਵਰਤਾਰਾ ਪਿਤਾ ਆਧਾਰੀ ਹੈ। ਅਸਲ ਵਿਚ ਪਿਤਾ ਆਧਾਰੀ ਸਭਿਆਚਾਰ ਨੂੰ ਧਾਰਨ ਕਰਨਾ ਸਾਡੇ ਸ੍ਰਿਸ਼ਟਾਚਾਰ ਦੇ ਅੰਦਰ ਸਮਾਇਆ ਹੋਇਆ ਹੈ। ਜਿੱਥੇ ਕਿਤੇ ਪਿਤਾ ਯੋਗ ਸਨਮਾਨ ਨਾ ਹੋਵੇ ਉਸ ਘਰ ਪਰਿਵਾਰ ਜਾਂ ਭਾਈਚਾਰੇ ਨੂੰ ਸਭਿਆਚਾਰ ਤੋਂ ਡਿਗਿਆ ਹੋਇਆ ਖਿਆਲ ਕੀਤਾ ਜਾਂਦਾ ਹੈ ਅਤੇ ਇਸੀ ਤਰ੍ਹਾਂ ਨਵਜਾਤ ਬਾਲਕਾਂ ਨੂੰ ਪਿਤਾ-ਪਿਤਾਮਿਆਂ ਦੀ ਤਾਬਿਆਂ ਵਿਚ ਰਹਿਣ ਦੀ ਬੜੀ ਸਾਵਧਾਨੀ ਨਾਲ ਸਿੱਖਿਆ ਦਿੱਤੀ ਜਾਦੀ ਹੈ। ਸਾਰੇ ਸਮਾਜਕ ਜੀਵਨ ਦਾ ਸੰਤਲੁਨ ਇਸ ਤਰ੍ਹਾਂ ਇਸ ਪਿਤਾ ਧਰਮੀ ਸੰਸਕਾਰ ਦੀ ਪੈਰਵੀ ਕਰਨ ਉੱਪਰ ਆਧਾਰਿਤ ਹੈ।-----ਮਰਿਆਦਾ ਨੂੰ ਕਾਇਮ ਰੱਖਣ ਅਤੇ ਇਸਦੇ ਮਹਤੱਵ ਨੂੰ ਬਣਾਈ ਰੱਖਣ ਲਈ ਪਿਤਾ ਧਰਮੀ ਸੰਸਕਾਰ ਦਾ ਸਾਵਧਾਨੀ ਨਾਲ ਅਨੁਸਰਣ ਕੀਤਾ ਜਾਏ।[394] ਇਸੇ ਲਈ ਗੁਰਮਤਿ ਕਾਵਿ ਵਿਚ ਸਚਿਆਰਾ ਹੋਣਾ ਮਾਨਵੀ ਜੀਵਨ ਦਾ ਮੂਲ ਲਕਸ਼ ਹੈ ਤੇ ਇਸ ਦੀ ਪ੍ਰਾਪਤੀ ਲਈ ਪਿਤਾ ਰੂਪੀ ਰੱਬੀ 'ਹੁਕਮ' ਅਨੁਸਾਰ ਜੀਵਨ ਬਿਤਾਉਣਾ ਜ਼ਰੂਰੀ ਹੈ। ਰੱਬੀ ਹੁਕਮ ਦੀ ਕਾਵਿ ਰੂੜੀ ਨੂੰ ਗੁਰੂ ਨਾਨਕ ਦੇਵ ਜੀ ਨੇ ਮਾਨਵੀ ਹਉਮੇ ਦੇ ਵਿਰੋਧ ਵਿਚ ਪ੍ਰਸਤੁੱਤ ਕੀਤਾ ਹੈ। ਹਉਮੇ ਰਹਿਤ ਜੀਵਨ ਹੁਕਮ ਅਨੁਸਾਰੀ ਹੋ ਨਿਬੜਦਾ ਹੈ। 'ਹੁਕਮ' ਅਤੇ 'ਹਉਮੇ' ਦਾ ਇਹ ਵਿਰੋਧਾਤਮਕ ਜੁੱਟ 'ਸਚਿਆਰ' ਅਤੇ 'ਕੂੜਿਆਰ' ਦੇ ਸੰਕਲਪਾਂ ਵਿਚੋਂ ਵੀ ਪ੍ਰਤੀਬਿੰਬਤ ਹੁੰਦਾ ਹੈ। ਸਚਿਆਰ ਤੇ ਕੂੜਿਆਰ ਦੇ ਇਹ ਸੰਕਲਪ ਅਧਿਆਤਮਕ ਮਹੱਤਤਾ ਦੇ ਧਾਰਨੀ ਤਾਂ ਹਨ ਪਰ ਮਾਨਵੀ ਜੀਵਨ ਦੇ ਸਮਾਜਿਕ-ਸਭਿਆਚਾਰਕ ਪਾਸਾਰਾਂ ਵਿਚ ਵੀ ਇਨ੍ਹਾਂ ਸੰਕਲਪਾਂ ਦੀ ਅਹਿਮੀਅਤ ਸਹਿਜੇ ਹੀ ਵੇਖੀ ਜਾ ਸਕਦੀ ਹੈ। ਵਰਤਮਾਨ ਸਮੇਂ ਜਦੋਂ ਝੂਠ ਮਾਨਵ ਜੀਵਨ ਸ਼ੈਲੀ ਦੇ ਆਰ-ਪਾਰ ਬੁਰੀ ਤਰ੍ਹਾਂ ਫੈਲ ਰਿਹਾ ਹੈ ਤਾਂ ਗੁਰਮਤਿ ਕਾਵਿ ਵਿਚਲਾ 'ਸਚਿਆਰਾ' ਦਾ ਮਾਡਲ ਵਧੇਰੇ ਪ੍ਰਾਸੰਗਿਕਤਾ ਗ੍ਰਹਿਣ ਕਰ ਲੈਂਦਾ ਹੈ।'[395] ਅੱਜ ਅਸੀਂ ਜਿਸ ਵਿਸ਼ਵੀ ਸਮਾਜ ਦਾ ਅੰਗ ਹਾਂ, ਉਸ ਸਮਾਜ ਵਿਚ ਭਾਈਚਾਰਕ ਸਾਂਝ ਤੇ ਏਕਤਾ ਦੀ ਬੜੀ ਲੋੜ ਹੈ। ਇਹ ਗੁਣ ਉਦੋਂ ਤੱਕ ਪ੍ਰਫੁਲਤ ਨਹੀਂ ਹੋ ਸਕਦੇ

ਜਦੋਂ ਤੀਕ ਅਸੀਂ ਆਪਣੇ ਨਿੱਜ ਨੂੰ ਸੰਵਾਰ ਨਹੀਂ ਲੈਂਦੇ। ਨਿੱਜ ਦੇ ਸੁਆਰਥਾਂ ਤੇ ਬਦਅਮਲਾਂ ਤੋਂ ਉਦੋਂ ਤੱਕ ਉੱਚਾ ਨਹੀਂ ਉੱਠਿਆ ਜਾ ਸਕਦਾ ਜਦੋਂ ਤੀਕ ਪਰਮਾਤਮਾ ਦੇ ਹੁਕਮ ਨੂੰ ਸਮਝ ਨਹੀਂ ਲੈਂਦੇ।ਸਮੁੱਚਾ ਵਿਸ਼ਵ ਪਰਮਾਤਮਾ ਦੇ ਹੁਕਮ ਵਿਚ ਕਾਰਜਸ਼ੀਲ ਹੈ। 'ਹਰ ਜੀਵ ਪ੍ਰਭੂ ਦੇ ਹੁਕਮ ਵਿਚ ਹੀ ਕਾਰ ਕਮਾ ਰਿਹਾ ਹੈ। ਉਸ ਦਾ ਨਿਯਮ ਤਥਾ ਹੁਕਮ ਅਟਲ ਹੈ। ਜਿਨ੍ਹਾਂ ਗੁਰਮੁਖਾਂ ਨੂੰ ਧੁਰਿ ਕਰਮ ਦੁਆਰਾ ਇਸ ਦੀ ਸੋਝੀ ਆ ਜਾਂਦੀ ਹੈ ਕਿ ਸਾਰੇ ਜੀਵ ਉਸ ਦੇ ਹੁਕਮ ਵਿਚ ਹੀ ਵਿਚਰ ਰਹੇ ਹਨ, ਤਾਂ ਉਨ੍ਹਾਂ ਨੂੰ ਕੋਈ ਵੀ ਦੋਸ਼ੀ, ਅਪਰਾਧੀ ਤਥਾ ਬੁਰਾ ਨਹੀਂ ਭਾਸਦਾ, ਉਨ੍ਹਾਂ ਵਾਸਤੇ ਨਾ ਕੋਈ ਵੈਰੀ ਹੈ ਅਤੇ ਨਾ ਹੀ ਕੋਈ ਬੇਗਾਨਾ, ਅਜਿਹੇ ਭਲੇ ਪੁਰਸ਼ ਸਾਰਿਆਂ ਨੂੰ ਪ੍ਰਭੂ ਦੀ ਰਜਾ ਵਿਚ ਵਿਚਰਦੇ ਵੇਖਦੇ ਹਨ। ਇਹੋ ਕਾਰਨ ਹੈ ਕਿ ਉਸ ਨੂੰ ਸਿਰ ਕਲਮ ਕਰਨ ਵਾਲਾ ਜੱਲਾਦ ਵੀ ਪ੍ਰਭੂ-ਰੂਪ ਹੀ ਦਿਸਦਾ ਹੈ।'[396]

'ਹੁਕਮ ਤੇ ਰਜ਼ਾ ਦਾ ਪਾਲਣ' ਦੇ ਮੂਲ ਵਿਸ਼ੇ ਦੀ ਰੋਸ਼ਨੀ ਵਿਚ ਗੁਰੂ ਗ੍ਰੰਥ ਸਾਹਿਬ ਦੇ ਕੀਤੇ ਅਧਿਐਨ ਉਪਰੰਤ ਇਸ ਸਿੱਟੇ ਤੇ ਪੁੱਜਿਆ ਗਿਆ ਹੈ ਕਿ ਗੁਰਬਾਣੀ ਵਰਤਮਾਨ ਜੀਵਨ ਸ਼ੈਲੀ ਵਿਚ ਪ੍ਰਚਲਿਤ ਕੁਰੀਤੀਆਂ ਨਾਲ ਪੈਦਾ ਹੋ ਰਹੀਆਂ ਸੰਕਟਗ੍ਰਸਤ ਪ੍ਰਸਥਿਤੀਆਂ ਅਤੇ ਤਨਾਉ ਦੇ ਬਦਲ ਦੇ ਰੂਪ ਵਿਚ ਇਕ ਸੁਚੱਜੇ ਮਾਰਗ ਦਰਸ਼ਕ ਦੀ ਭੂਮਿਕਾ ਅਦਾ ਕਰਦੀ ਹੈ। ਅਜੋਕੀ ਜੀਵਨ ਜਾਚ ਪ੍ਰਣਾਲੀ ਵਿਚੋਂ ਉਤਪੰਨ ਹੋਈਆਂ ਕੁਰੀਤੀਆਂ ਦੇ ਪ੍ਰਸੰਗ ਵਿਚ ਗੁਰਬਾਣੀ ਨੇ ਮਾਨਵ ਨੂੰ ਸਬਰ ਸੰਤੋਖ ਵਾਲੇ ਜਿਸ ਸਦਾਚਾਰਕ ਜੀਵਨ ਨਾਲ ਵਾਬਸਤਾ ਕੀਤਾ ਹੈ ਉਹ ਨਿਸਚੇ ਹੀ ਨਾ ਕੇਵਲ ਸਰਬਜਨਕ ਅਤੇ ਸਰਬਕਾਲਕ ਹੈ ਬਲਕਿ ਸਦੀਵੀਂ ਵੀ ਹੈ। ਗੁਰਬਾਣੀ ਵਿਚ ਪੇਸ਼ 'ਹੁਕਮ ਤੇ ਭਾਣੇ' ਦਾ ਸੰਕਲਪ ਇਕ ਅਜਿਹੇ ਮਾਡਲ ਦੇ ਰੂਪ ਵਿਚ ਹੀ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਮਾਡਲ ਦੁਆਰਾ ਪੈਦਾ ਹੋਈਆਂ ਅੰਤਰਦ੍ਰਿਸ਼ਟੀਆਂ ਤੇ ਪ੍ਰਵਚਨ ਨੇ ਜਿੱਥੇ ਮਨੁੱਖ ਨੂੰ ਹਉਮੇ ਰਹਿਤ ਕੀਤਾ ਹੈ ਉੱਥੇ ਹੀਣ-ਭਾਵਨਾ Inferiority Complex ਤੋਂ ਵੀ ਉੱਪਰ ਚੁੱਕਿਆ ਹੈ। ਹੁਕਮ ਤੇ ਭਾਣੇ ਨੂੰ ਮੰਨਣ ਵਾਲੇ ਦੀ ਇਕ ਅਜਿਹੀ ਅਵੱਸਥਾ ਆ ਜਾਂਦੀ ਹੈ ਕਿ ਉਹ ਸਬਰ ਤੇ ਸੰਜਮ ਵਿਚ ਵਿਚਰਦਿਆਂ ਨਿੱਜੀ ਹਿੱਤਾਂ ਅਤੇ ਸੁਆਰਥਾਂ ਤੋਂ ਉੱਚਾ ਉਠ ਜਾਂਦਾ ਹੈ ਤੇ ਆਪਣਾ ਆਪ ਪੂਰੀ ਤਰ੍ਹਾਂ ਨਾਲ ਸਰਬ-ਸ਼ਕਤੀਮਾਨ ਹਸਤੀ Super Power ਨਾਲ ਇਕਸੁਰ ਕਰ ਲੈਂਦਾ ਹੈ, ਜਿੱਥੇ ਉਸਨੂੰ ਕੋਈ ਆਸਾ, ਨਿਰਾਸਾ, ਤ੍ਰਿਸ਼ਨਾ, ਅੰਦੇਸ਼ਾ ਜਾਂ ਭੈਅ ਦੀ ਚਿੰਤਾ ਨਹੀਂ ਰਹਿੰਦੀ।

ਮਨੁੱਖੀ ਸਭਿਆਚਾਰ ਦੇ ਵਿਕਾਸ ਲਈ ਸਭਿਆਚਾਰਕ ਵਨਸਵੰਨਤਾ ਦਾ ਪੈਦਾ ਹੋਣਾ ਬਹੁਤ ਜ਼ਰੂਰੀ ਹੈ ਤੇ ਇਹ ਵਨਸਵੰਨਤਾ ਉਦੋਂ ਤੱਕ ਸਥਾਪਿਤ ਨਹੀਂ ਹੋ ਸਕਦੀ ਜਦੋਂ ਤੱਕ ਵਿਲੱਖਣ ਇਕਾਈਆਂ ਵਿਚਕਾਰ ਬਰਾਬਰੀ ਦਾ ਸੰਵਾਦ ਪੈਦਾ ਨਹੀਂ ਹੁੰਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਤਤਕਾਲੀਨ ਸਮੇਂ ਦੀਆਂ ਵਿਭਿੰਨ ਸੰਪਰਦਾਇਕ ਅਤੇ ਸੰਸਕ੍ਰਿਤਕ ਇਕਾਈਆਂ ਲਈ ਜੋ ਪ੍ਰਵਚਨ ਆਰੰਭਿਆ, ਉਸ ਦਾ ਮੁੱਖ ਸੰਵਾਦ ਹੁਕਮ ਤੇ ਰਜਾ ਨਾਲ ਸੰਬੰਧਿਤ ਹੁੰਦਾ ਹੋਇਆ ਧਰਮ, ਭਾਸ਼ਾ, ਖਿੱਤੇ, ਨਸਲ, ਲਿੰਗ, ਕੌਮ, ਜਾਤੀ, ਜਮਾਤ, ਬਰਾਦਰੀ, ਸਦਾਚਾਰ, ਵਿਹਾਰ ਅਤੇ ਵਿਚਾਰਧਾਰਾ ਦੀ ਕੱਟੜਤਾ ਨੂੰ ਚੁਣੌਤੀ ਦਿੰਦਾ ਹੋਇਆ ਪਾਰ-ਸੰਸਕ੍ਰਿਤਕ, ਪਾਰ-ਵਿਚਾਰਧਾਰਕ, ਪਾਰ-ਰਾਸ਼ਟਰੀ, ਪਾਰ-ਭਾਸ਼ਾਈ ਸਰੂਪ ਨਾਲ ਜਾ ਜੁੜਦਾ ਹੈ। ਗੁਰਬਾਣੀ 'ਹੁਕਮ' ਤੇ 'ਰਜਾ' ਦੇ ਮਾਡਲ ਨੂੰ 'ਸ਼ਬਦ' ਰਾਹੀਂ ਵਿਅਕਤ ਕਰਦੀ ਹੈ। ਸ਼ਬਦ ਜੋ ਕਿਸੇ ਇਕ ਧਰਮ, ਪਰੰਪਰਾ, ਡਾਗਮਾ, ਡਾਕਟਰੀਨ ਜਾਂ ਵਿਚਾਰਧਾਰਾ ਨਾਲ ਸੰਬੰਧਿਤ ਨਹੀਂ ਬਲਕਿ ਕਿਸੇ ਵੀ ਸੰਪਰਦਾਇਕਤਾ ਅਤੇ ਕੱਟੜਤਾ ਦੀ ਸੀਮਾ ਤੋਂ ਪਾਰ ਹੋ ਜਾਂਦਾ ਹੈ। ਇਸ ਤਰ੍ਹਾਂ ਵਿਸ਼ਵੀ ਚੇਤਨਾ ਦਾ ਪਾਸਾਰ ਕਰਨਾ 'ਹੁਕਮ' ਤੇ 'ਰਜਾ' ਦੇ ਸਿਧਾਂਤਾਂ ਦੀ

ਵਡਮੁੱਲੀ ਪ੍ਰਾਪਤੀ ਬਣ ਜਾਂਦਾ ਹੈ ਅਤੇ ਇਸ ਦੀ ਪਾਲਣਾ ਕਰਨ ਵਾਲਾ ਮਨੁੱਖ ਆਤਮਿਕ ਤੌਰ ਤੇ ਪ੍ਰਫੁਲਤ, ਮਾਨਸਿਕ ਤੌਰ ਤੇ ਸ਼ਾਂਤ-ਚਿਤ, ਸਦਾਚਾਰਿਕ ਤੌਰ ਤੇ ਸੁਦ੍ਰਿੜ ਇਨਸਾਨ ਬਣ ਜਾਂਦਾ ਹੈ। ਅਜਿਹੇ ਮਨੁੱਖ ਲੋਭ-ਲਾਲਚਾਂ ਤੇ ਕੂੜ-ਧੰਦਿਆਂ ਦੀ ਬਜਾਇ ਨਿਮਰ ਤੇ ਨਿਰਮਾਣ ਹੋ ਕੇ ਆਪਣੇ ਹਿਰਦੇ ਨੂੰ ਸ਼ਾਂਤ ਰੱਖਦੇ ਹਨ। ਮਾਇਆ ਵਿਚ ਵਿਚਰਦਿਆਂ ਹੋਇਆ ਵੀ ਸੱਚੀ-ਸੁੱਚੀ ਕਾਰ ਕਮਾਉਂਦਿਆਂ ਸੰਸਾਰ ਦੀ ਝੂਠੀ ਚਮਕ-ਦਮਕ ਤੇ ਸ਼ੋਸ਼ੇਬਾਜੀਆਂ ਤੋਂ ਮੁਕਤ, ਅਲਿਪਤ ਅਤੇ ਬੇਨਿਆਜ਼ ਹੋ ਕੇ ਚੜ੍ਹਦੀ ਕਲਾ ਵਿਚ ਵਿਚਰਦੇ ਹਨ ਅਤੇ ਇਸ ਗਿਆਨ ਦੀ ਪ੍ਰਾਪਤੀ ਨਾਲ ਉਹ ਕੇਵਲ ਨਿਮਾਣਿਆਂ, ਨਿਤਾਣਿਆਂ ਤੇ ਗਰਜ਼ਮੰਦਾਂ ਲਈ ਡੱਟ ਕੇ ਖੜੇ ਹੀ ਨਹੀਂ ਹੋ ਜਾਂਦੇ ਸਗੋਂ ਇਕ ਅਜਿਹੇ ਵਿਸ਼ਵੀ ਸਮਾਜ ਦੀ ਬੁਨਿਆਦ ਰੱਖਦੇ ਹਨ ਜੋ ਪਿਆਰ, ਮਿਲਵਰਤਨ, ਸਹਿਯੋਗ ਤੇ ਟਿਕੀ ਹੋਈ ਮਨੁੱਖਤਾ ਦੀ ਰਹਿਬਰੀ ਲਈ ਉੱਦਮਸ਼ੀਲ ਤੇ ਪ੍ਰਯਤਨਸ਼ੀਲ ਹੋਵੇ।

## 3.6 ਸੇਵਾ, ਸਹਿਹੋਂਦ ਅਤੇ ਸਹਿਣਸ਼ੀਲਤਾ ਦੇ ਨਵੇਂ ਪਾਸਾਰ:

ਅੱਜ ਦੇ ਬਹੁ-ਕੌਮੀ, ਬਹੁ-ਜਾਤੀ, ਬਹੁ-ਨਸਲੀ, ਬਹੁ-ਭਾਸ਼ੀ, ਬਹੁ-ਰੰਗੀ ਗਲੋਬਲ ਸਭਿਆਚਾਰ ਵਿਚ ਇਕਸੁਰਤਾ ਤੇ ਇਕਸਮਤਾ ਦੀ ਨਿਰੰਤਰ ਸਥਾਪਨਾ ਦੇ ਲਈ ਪਰਸਪਰ ਸਹਿਯੋਗ ਤੇ ਸਦਭਾਵਨਾ ਦੀ ਅਤਿਅੰਤ ਆਵਸ਼ਕਤਾ ਹੈ ਅਤੇ ਅਜਿਹਾ ਭਾਈਚਾਰਾ ਉਦੋਂ ਤੱਕ ਸਥਾਪਿਤ ਨਹੀਂ ਹੋ ਸਕਦਾ ਜਦੋਂ ਤੀਕ ਮਨੁੱਖ ਸਹਿਹੋਂਦ ਦੀ ਧਾਰਨਾ ਨੂੰ ਗ੍ਰਹਿਣ ਨਹੀਂ ਕਰ ਲੈਂਦਾ; ਸਹਿਣਸ਼ੀਲਤਾ ਵਿਚ ਯਕੀਨ ਨਹੀਂ ਕਰਦਾ ਅਤੇ ਮਨੁੱਖਤਾ ਦੀ ਸੇਵਾ ਨੂੰ ਪਹਿਲ-ਕਦਮੀਂ ਤੇ ਨਹੀਂ ਅਪਣਾਉਂਦਾ। ਸਮੁੱਚੇ ਵਿਸ਼ਵ-ਵਿਆਪੀ ਸਮਾਜ ਦਾ ਇਹ ਫਰਜ਼ ਬਣਦਾ ਹੈ ਕਿ ਉਹ ਸੇਵਾ, ਸਹਿਣਸ਼ੀਲਤਾ ਅਤੇ ਸਹਿਹੋਂਦ ਦੀ ਭਾਵਨਾ ਦਾ ਸਤਿਕਾਰ ਕਰੇ ਅਤੇ ਆਪਣੇ ਆਪ ਨੂੰ ਸੇਵਾ ਦੇ ਕਾਰਜ ਨਾਲ ਜੋੜੇ ਅਤੇ ਇਸ ਨੂੰ ਵਿਕਾਸ ਦੀਆਂ ਲੀਹਾਂ ਤੇ ਸਥਾਪਿਤ ਕਰੇ। ਇਸ ਨਾਲ ਸਹਿਹੋਂਦ ਅਤੇ ਸਹਿਣਸ਼ੀਲਤਾ ਦਾ ਇਕ ਅਜਿਹਾ ਵਾਤਾਵਰਨ ਤਿਆਰ ਹੋਵੇਗਾ ਜਿੱਥੇ ਆ ਕੇ ਸਮੁੱਚਾ ਮਨੁੱਖ ਅਨੇਕਤਾ ਤੇ ਵਿਭਿੰਨਤਾ ਨੂੰ ਮਾਣੇਗਾ। ਸਮੁੱਚੀਆਂ ਦੂਰੀਆਂ ਤੇ ਟਕਰਾਅ ਟੱਲ ਜਾਣਗੇ। ਪਰਸਪਰ ਸਹਿਯੋਗ ਤੇ ਸਹਿਚਾਰ ਨਾਲ ਸਮੁੱਚਾ ਭਾਈਚਾਰਾ ਵਿਕਸਿਤ ਹੋਵੇਗਾ।

ਖੋਜ-ਕਾਰਜ ਦੇ ਇਸ ਭਾਗ 'ਸੇਵਾ, ਸਹਿਹੋਂਦ ਅਤੇ ਸਹਿਣਸ਼ੀਲਤਾ' ਵਿੱਚ ਉਪਰੋਕਤ ਵਿਸ਼ੇ ਦੀ ਸਮੱਸਿਆ ਦੇ ਸਮਾਧਾਨ ਲਈ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਪ੍ਰਵਚਨ ਦਾ ਅਧਿਐਨ ਕਰਨ ਦਾ ਉਪਰਾਲਾ ਕਰਦੇ ਹਾਂ ਕਿ ਇਹ ਗਿਆਨ ਮੂਲਕ ਤੇ ਨਿਆਂਸ਼ੀਲ ਗ੍ਰੰਥ ਮਨੁੱਖ ਦੀ ਕਿਸ ਪ੍ਰਕਾਰ ਅਗਵਾਈ ਕਰ ਸਕਦਾ ਹੈ।

'ਸੇਵਾ, ਸਹਿਹੋਂਦ ਅਤੇ ਸਹਿਣਸ਼ੀਲਤਾ' ਦੇ ਅੰਤਰਸੰਬੰਧਾਂ ਤੋਂ ਪੈਦਾ ਹੋਣ ਵਾਲੇ ਚਿੰਤਨ ਅਤੇ ਚੇਤਨਾ ਨੂੰ ਨਿਰਧਾਰਿਤ ਕਰਨ ਤੋਂ ਪਹਿਲਾਂ ਇਨ੍ਹਾਂ ਸੰਕਲਪਾਂ ਦੇ ਬੁਨਿਆਦੀ ਸਰੂਪ ਨੂੰ ਸਮਝ ਲੈਣਾ ਅਤਿ ਲੋੜੀਂਦਾ ਹੈ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਸੇਵਾ ਦਾ ਅਰਥ ਖਿਦਮਤ ਅਤੇ ਉਪਾਸਨਾ ਹੈ।"[397]

ਡਾ. ਰਤਨ ਸਿੰਘ ਜੱਗੀ ਅਨੁਸਾਰ- " ਸੇਵਾ ਸ਼ਬਦ ਸੰਸਕ੍ਰਿਤ ਦੇ 'ਸੇਵ' ਅਥਵਾ 'ਸਿਵ' ਧਾਤੂ ਤੋਂ ਵਿਉਂਤਪਨ ਹੈ ਅਤੇ ਇਸ ਦਾ ਸ਼ਾਬਦਿਕ ਅਰਥ ਟਹਿਲ ਜਾਂ ਖਿਦਮਤ ਹੈ। ਫਾਰਸੀ ਵਿਚ ਸੇਵਾ ਸ਼ਬਦ ਨੂੰ 'ਸੇਵਹ' ਕਹਿੰਦੇ ਹਨ ਅਤੇ ਇਸ ਦਾ ਅਰਥ ਹੈ ਤਰੀਕਾ ਅਥਵਾ ਕਾਇਦਾ। ਸੇਵਾ ਨੂੰ ਆਦਤ ਜਾਂ ਸੁਭਾਉ ਦੇ ਅਰਥਾਂ ਵਿਚ ਵੀ ਲਿਆ ਜਾਂਦਾ ਹੈ। ਸਿੰਧੀ ਭਾਸ਼ਾ ਵਿਚ ਸੇਵਾ ਦਾ ਉਚਾਰਨ 'ਸੇਵਾ' ਹੈ ਅਤੇ ਇਸ ਦਾ ਭਾਵ ਪੂਜਾ ਭੇਂਟ ਤੋਂ ਹੈ। ਸੇਵਾ ਦੀਆਂ ਤਿੰਨ ਦਿਸ਼ਾਵਾਂ ਮੰਨੀਆਂ ਜਾਂਦੀਆਂ ਹਨ। ਗੁਰ ਸੇਵਾ, ਸੰਤ ਸੇਵਾ ਅਤੇ ਪ੍ਰਭ ਸੇਵਾ।"[398]

ਪ੍ਰੋ. ਗੁਰਬਚਨ ਸਿੰਘ ਤਾਲਿਬ ਅਨੁਸਾਰ- "ਸੇਵਾ ਇਕ ਅਜਿਹਾ ਕਰਮ ਹੈ ਜਿਸ ਵਿਚ ਕੋਈ ਸਵਾਰਥ ਨਹੀਂ ਹੁੰਦਾ ਬਲਕਿ ਮਨੁੱਖ ਆਪਣੀ ਮਾਨਵਤਾ ਦੇ ਪ੍ਰਗਟਾਉ ਤੇ ਆਪਣੇ ਵਿਅਕਤਿਤਵ ਨੂੰ ਉਚਿਆਉਣ ਲਈ ਕੰਮ ਕਰਦਾ ਹੈ। ਇਸ ਦੀ ਬੁਨਿਆਦੀ ਭਾਵਨਾ ਸਵਾਰਥਹੀਣਤਾ ਤੋਂ ਬਿਨਾਂ ਨਿਰਾਲਮ ਹੁੰਦੀ ਹੈ।"[399]

ਸੇਵਾ ਦਾ ਕੋਸ਼ਗਤ ਅਰਥ ਹੈ: ਦੂਸਰੇ ਨੂੰ ਆਰਾਮ ਪਹੁੰਚਾਉਣ ਦੀ ਕ੍ਰਿਆ, ਖਿਦਮਤ, ਟਹਿਲ, ਨੌਕਰੀ, ਉਪਾਸਨਾ, ਪੂਜਾ, ਆਸਰਾ, ਸ਼ਰਣ, ਰਖਿਆ, ਸੰਭੋਗ: ਇਸ ਦਾ ਮੁੱਖ ਭਾਵ ਹੈ ਦੂਸਰਿਆਂ ਦੀ ਸੇਵਾ ਕਰਨ ਭਾਵ ਆਰਾਮ ਪਹੁੰਚਾਉਣਾ।[400]

ਡਾ. ਮਨਮੋਹਨ ਸਹਿਗਲ ਦਾ ਵਿਚਾਰ ਹੈ 'ਕਿਸੇ ਵੀ ਜੀਵ ਨੂੰ ਦਿੱਤੇ ਜਾਣ ਵਾਲੀ ਸਹਾਇਤਾ, ਹਮਦਰਦੀ ਤੇ ਸ਼ੁਭ ਸਹਿਯੋਗ ਪਰਮਾਤਮਾ ਦੀ ਸੇਵਾ ਮੰਨੀ ਗਈ ਹੈ।'[401]

ਡਾ. ਪ੍ਰੇਮ ਪ੍ਰਕਾਸ਼ ਸਿੰਘ ਲਿਖਦੇ ਹਨ 'ਸੇਵਾ ਦਾ ਮਤਲਬ ਹੀ ਪਰ-ਸੇਵਾ ਹੈ ਅਰਥਾਤ ਸ਼ਖਸੀ ਵਲਗਣਾਂ ਤੋਂ ਮੁਕਤ ਹੋ ਕੇ ਇਨਸਾਨੀ ਭਾਈਚਾਰੇ ਵਿਚ ਕਰਮ ਕਰਨਾ।'[402]

ਡਾ. ਕਾਲਾ ਸਿੰਘ ਬੇਦੀ ਸੇਵਾ ਬਾਰੇ ਵਿਚਾਰ ਕਰਦੇ ਕਹਿੰਦੇ ਹਨ: ਆਪਣੇ ਬਜ਼ੁਰਗਾਂ ਦੀ ਆਗਿਆ ਦਾ ਪਾਲਨ ਕਰਨਾ, ਆਪਣੇ ਹੱਥਾਂ ਨਾਲ ਉਨ੍ਹਾਂ ਨੂੰ ਇਸ਼ਨਾਨ ਕਰਾਉਣਾ, ਚਰਣ ਧੋਣਾ, ਪੱਖਾ ਝੱਲਣਾ, ਝਾੜੂ ਬਹਾਰੀ ਕਰ ਕੇ ਉਨ੍ਹਾਂ ਨੂੰ ਸਾਫ ਜਗ੍ਹਾ ਤੇ ਬਿਠਾਉਣਾ, ਭੋਜਨ ਖਲਾਉਣਾ ਆਦਿ ਸੇਵਾ ਹੈ। ਲੋੜਵੰਦਾਂ, ਅਨਾਥਾਂ, ਅਪਾਹਜਾਂ, ਦੁਖੀਏ ਤੇ ਦਰਦਵੰਦਾਂ ਉਪਰ ਦਇਆ ਕਰ ਕੇ ਉਨ੍ਹਾਂ ਦੀ ਸਹਾਇਤਾ ਕਰਨੀ ਸੇਵਾ ਵਿਚ ਸ਼ਾਮਿਲ ਹੈ।'[403]

ਸਹਿਣਸ਼ੀਲਤਾ ਦਾ ਅਰਥ ਹੋਰਨਾਂ ਫਿਰਕਿਆਂ, ਕਬੀਲਿਆਂ ਤੇ ਮਜ਼ਹਬਾਂ ਦਾ ਵਿਰੋਧ ਨਹੀਂ ਹੈ ਸਗੋਂ ਉਨ੍ਹਾਂ ਨਾਲ ਸੁਹਿਰਦ ਭਾਵ ਪੈਦਾ ਕਰ ਕੇ ਜੀਵਨ ਨੂੰ ਪ੍ਰਫੁਲਤ ਕਰਨਾ ਹੈ। ਧਾਰਮਿਕ ਸਹਿਣਸ਼ੀਲਤਾ ਬਾਰੇ ਡਾ. ਪਰਮਵੀਰ ਸਿੰਘ ਹੋਰਾਂ ਦੇ ਵਿਚਾਰ ਹਨ : "ਧਾਰਮਿਕ ਸਹਿਣਸ਼ੀਲਤਾ ਦਾ ਭਾਵ ਨਾ ਤਾਂ ਦੂਜਿਆਂ ਦੇ ਧਾਰਮਿਕ ਵਿਸ਼ਵਾਸਾਂ ਨੂੰ ਪ੍ਰਵਾਨ ਕਰਨਾ ਹੈ ਅਤੇ ਨਾ ਹੀ ਉਨ੍ਹਾਂ ਨੂੰ ਆਪਣੇ ਧਰਮ ਵਿਚ ਪ੍ਰਵਰਤਿਤ ਕਰਨਾ ਹੈ। ਇਸਦਾ ਭਾਵ ਹੈ ਦੂਜਿਆਂ ਦੇ ਧਾਰਮਿਕ ਵਿਸ਼ਵਾਸ ਦਾ ਸਤਿਕਾਰ ਕਰਦੇ ਹੋਏ ਉਨ੍ਹਾਂ ਨੂੰ ਕਿਸੇ ਕਿਸਮ ਦਾ ਨੁਕਸਾਨ ਪਹੁੰਚਾਉਣ ਤੋਂ ਗੁਰੇਜ਼ ਕਰਨਾ ਹੈ।"[404]

ਡਾ. ਰਾਧਾ ਕ੍ਰਿਸ਼ਨਨ ਅਨੁਸਾਰ-

" It means we respect all faiths and religions. Our state does not identify itself with any particular religion."[405]

ਡਾ. ਅਜੀਤ ਸਿੰਘ ਅਨੁਸਾਰ-

"ਸਹਿਣਸ਼ੀਲਤਾ ਜੀਵਨ ਦੇ ਪਹੀਏ ਨੂੰ ਜ਼ਰਾ ਆਸਾਨੀ ਨਾਲ ਘੁਮਾਉਂਦੀ ਹੈ ਜੋ ਦੂਜਿਆਂ ਦੇ ਮਾਮਲੇ ਵਿਚ ਖਾਹਮ ਖਾਹ ਦਖਲਅੰਦਾਜ਼ੀ ਨਾ ਕਰੇ ਭਾਵੇਂ ਆਪਣੇ ਵਿਚਾਰ ਦੂਜਿਆਂ ਨਾਲੋਂ ਵੱਖਰੇ ਹੋਣ ਪਰ ਫਿਰ ਵੀ ਦੂਜਿਆਂ ਦੇ, ਵਿਚਾਰਾਂ ਦਾ ਆਦਰ ਸਤਿਕਾਰ ਕਰਨਾ ਜ਼ਰੂਰੀ ਹੋ ਜਾਂਦਾ ਹੈ। ਸਹਿਣਸ਼ੀਲਤਾ, ਸਹਿਣ ਕਰਨ ਦੇ ਅਭਿਆਸ ਜਾਂ ਸਹਿਨ ਕਰਨ ਦੇ ਆਚਰਣ ਨੂੰ ਵੀ ਆਖ ਸਕਦੇ ਹਾਂ।ਅਸੀਂ ਆਮ ਤੌਰ ਤੇ ਉਨ੍ਹਾਂ ਲੋਕਾਂ ਵੱਲ ਖਿੱਚੇ ਜਾਂਦੇ ਹਾਂ ਜਿਨ੍ਹਾਂ ਨਾਲ ਸਾਡੇ ਵਿਚਾਰ ਮਿਲਦੇ ਹਨ, ਜਿਨ੍ਹਾਂ ਨਾਲ ਸਾਡੀ ਭਾਸ਼ਾ ਦੀ, ਸਭਿਆਚਾਰ ਦੀ ਜਾਂ ਜਾਤ ਬਿਰਾਦਰੀ ਦੀ ਸਾਂਝ ਹੈ। ਦੂਜੇ ਪਾਸੇ ਅਸੀਂ ਉਨ੍ਹਾਂ

ਲੋਕਾਂ ਨਾਲ ਸਾਂਝ ਪਾਉਣ ਤੋਂ ਡਰਦੇ ਹਾਂ ਜੋ ਸਾਡੇ ਨਾਲ ਜਾਤ, ਜਨਮ ਕਰਕੇ, ਇਤਿਹਾਸ ਕਰਕੇ, ਰਸਮੋਂ ਰਿਵਾਜ ਕਰਕੇ, ਸਭਿਆਚਾਰ ਕਰਕੇ ਜਾਂ ਸਿਆਸਤ ਕਰਕੇ ਵੱਖਰੇ ਹਨ।"[406]

ਧਾਰਮਿਕ ਸਹਿਣਸ਼ੀਲਤਾ ਸੰਸਾਰ ਵਿਚਲੀ ਵਿਭਿੰਨਤਾ ਤੇ ਅਨੇਕਤਾ ਨੂੰ ਏਕਰੂਪਤਾ ਵਿਚ ਬੰਨਣ ਦੀ ਬਜਾਇ ਏਕਤਾ ਵਿਚ ਪ੍ਰਫ਼ੁਲਿਤ ਕਰਦੀ ਹੋਈ ਪ੍ਰੇਮ, ਭਾਈਚਾਰੇ, ਖਿਮਾ, ਸਵੈਮਾਨ, ਦਇਆ, ਤਿਆਗ ਆਦਿ ਭਾਵਨਾਵਾਂ ਨੂੰ ਮਾਨਤਾ ਦੇ ਕੇ ਸਮਾਜ ਵਿਚਲੀ ਈਰਖਾ, ਵੈਰ-ਵਿਰੋਧ, ਦਵੈਖ ਆਦਿ ਭਾਵਨਾਵਾਂ ਦਾ ਖੰਡਨ ਕਰਦੀ ਹੈ। ਇਸ ਤਰ੍ਹਾਂ ਧਾਰਮਿਕ ਸਹਿਣਸ਼ੀਲਤਾ ਉਦੋਂ ਤੱਕ ਜਨਮ ਨਹੀਂ ਲੈਂਦੀ ਜਦੋਂ ਤੱਕ ਮਨੁੱਖ ਸਹਿਹੋਂਦ ਦਾ ਅਨੁਭਵ ਨਹੀਂ ਕਰਦਾ ਅਤੇ ਸਹਿਹੋਂਦ ਦਾ ਅਹਿਸਾਸ ਪ੍ਰਭੂ ਤੇ ਗੁਰੂ ਦੀ ਸੇਵਾ ਕਰਨ ਉਪਰੰਤ ਬੜੀ ਤੀਬਰਤਾ ਨਾਲ ਕੀਤਾ ਜਾ ਸਕਦਾ ਹੈ। ਗੁਰੂ ਦੀ 'ਸੰਗਤ' ਵਿਚ ਪ੍ਰਭੂ ਨਾਲ ਜੁੜਨ ਦੀ ਪ੍ਰਕਿਰਿਆ ਪੂਰੇ ਬ੍ਰਹਿਮੰਡ ਨਾਲ ਇਕਸੁਰ ਕਰ ਦਿੰਦੀ ਹੈ। 'ਸਹਿਹੋਂਦ' (Co existence) ਦੀ ਹੋਂਦ ਨੂੰ ਵਿਕਸਿਤ ਕਰਕੇ ਹੀ ਸਮਾਜ ਨੂੰ ਵਿਕਾਸ ਦੀਆਂ ਲੀਹਾਂ ਤੇ ਪਾਇਆ ਜਾ ਸਕਦਾ ਹੈ। ਇਸ ਸੰਬੰਧੀ ਡਾ. ਪਰਮਜੀਤ ਸਿੰਘ ਦੇ ਵਿਚਾਰ ਬੜੇ ਗ੍ਰਹਿਣਯੋਗ ਹਨ:

'ਇਸ ਧਰਮ ਗ੍ਰੰਥ ਵਿਚ ਉਹ ਸਾਰੀਆਂ ਸੰਭਾਵਨਾਵਾਂ ਮੌਜੂਦ ਹਨ ਜੋ ਕਿ ਮਨੁੱਖ ਨੂੰ ਬਹੁ-ਕੌਮੀ, ਬਹੁ-ਜਾਤੀ, ਬਹੁ-ਸੱਭਿਆਚਾਰਕ ਸਮਾਜ ਵਿਚ ਜੀਵਨ ਬਸਰ ਕਰਨ ਅਤੇ ਹਰ ਇਕ ਨਾਲ ਪ੍ਰੇਮ ਅਤੇ ਭਾਈਚਾਰੇ ਵਾਲੇ ਸੰਬੰਧ ਕਾਇਮ ਕਰਨ ਦਾ ਮਾਰਗ ਦਰਸਾਉਂਦੀਆਂ ਹਨ। ਸਮਾਜ ਵਿਚ ਰਹਿੰਦੇ ਹੋਏ ਵਿਭਿੰਨ ਵਰਗਾਂ ਨਾਲ ਰਹਿਣ ਅਤੇ ਉਨ੍ਹਾਂ ਨਾਲ ਸਾਂਝ ਕਾਇਮ ਕਰਨ ਲਈ ਸ੍ਰੇਸ਼ਟ ਗੁਣ ਧਾਰਨ ਕਰਨੇ ਪੈਂਦੇ ਹਨ ਜਿਵੇਂ ਸਤਿ, ਸੰਤੋਖ, ਦਇਆ, ਧਰਮ, ਸਹਿਜ, ਸੰਜਮ ਅਤੇ ਸਹਿਣਸ਼ੀਲਤਾ ਆਦਿ। ਇਨ੍ਹਾਂ ਵਿਚੋਂ ਸਹਿਨਸ਼ੀਲਤਾ ਇਕ ਅਜਿਹਾ ਗੁਣ ਹੈ ਜੋ ਕਿ ਵਿਚਾਰਧਾਰਕ ਵਖਰੇਵਾਂ ਹੁੰਦੇ ਹੋਏ ਵੀ ਦੂਜਿਆਂ ਦੀ ਹੋਂਦ ਨੂੰ ਪ੍ਰਵਾਨ ਕਰਨ ਅਤੇ ਉਨ੍ਹਾਂ ਨਾਲ ਸਹਿਹੋਂਦ ਕਾਇਮ ਕਰਨ ਤੇ ਜ਼ੋਰ ਦਿੰਦਾ ਹੈ।'[407]

ਸੇਵਾ, ਸਹਿਹੋਂਦ ਅਤੇ ਸਹਿਣਸ਼ੀਲਤਾ ਸੰਕਲਪਾਂ ਦੇ ਆਪਸ ਵਿਚ ਦਵੰਦਾਤਮਕ ਸੰਬੰਧ ਹਨ। ਇਕ ਦੂਜੇ ਤੋਂ ਬਗੈਰ ਇਹ ਸੰਕਲਪ ਅਧੂਰੇ ਹਨ। ਸਹਿਹੋਂਦ ਅਤੇ ਸਹਿਣਸ਼ੀਲਤਾ ਰਹਿਤ ਮਨੁੱਖ ਕਦੀ ਸੇਵਾ (Selfless Service) ਨਿਭਾ ਹੀ ਨਹੀਂ ਸਕਦਾ। ਪ੍ਰਭੂ ਸੇਵਾ ਅਤੇ ਗੁਰੂ ਸੇਵਾ ਰਾਹੀਂ ਹੀ ਮਨੁੱਖ ਸਹਿਹੋਂਦ ਅਤੇ ਸਹਿਣਸ਼ੀਲਤਾ ਦੇ ਗੁਣਾਂ ਦਾ ਅਨੁਭਵ ਕਰਦਾ ਹੋਇਆ ਮਨੁੱਖਤਾ ਦੀ ਸੇਵਾ ਨਾਲ ਜੁੜਦਾ ਹੈ। ਇਹ ਤਿੰਨੇ ਸੰਕਲਪ ਪ੍ਰੇਮ, ਭਾਈਚਾਰੇ, ਨਿਮਰਤਾ, ਸਹਿਣ, ਸਹਿਜ, ਹਮਦਰਦੀ, ਤਿਆਗ, ਖਿਮਾ, ਸ਼ਾਂਤੀ ਆਦਿ ਗੁਣਾਂ ਦਾ ਸੰਚਾਰ ਕਰਦੇ ਹੋਏ ਇਕ ਵਿਸ਼ਵੀ-ਭਾਈਚਾਰੇ ਦੀ ਸਿਰਜਨਾ ਕਰਦੇ ਹਨ ਅਤੇ ਗੁਰੂ ਗ੍ਰੰਥ ਸਾਹਿਬ ਇਸ ਦਾ ਮੂਲ ਪ੍ਰੇਰਣਾ ਸ੍ਰੋਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੇਵਾ ਦੇ ਤਿੰਨ ਮਾਡਲ ਹਨ- ਪ੍ਰਭੂ ਦੀ ਸੇਵਾ, ਗੁਰੂ ਦੀ ਸੇਵਾ ਅਤੇ ਮਨੁੱਖਤਾ ਦੀ ਸੇਵਾ। ਇਨ੍ਹਾਂ ਤਿਨ੍ਹਾਂ ਦਿਸ਼ਾਵਾਂ ਵਿਚ ਕੀਤੀ ਸੇਵਾ ਮਨੁੱਖ ਦੇ ਜੀਵਨ ਨੂੰ ਕਲਿਆਣਕਾਰੀ ਬਣਾਉਂਦੀ ਹੈ। ਉਸ ਦਾ ਲੋਕ ਤੇ ਪਰਲੋਕ ਸਫਲਾ ਕਰਦੀ ਹੈ।

ਗੁਰਮਤਿ ਕਾਵਿ ਦਾ ਧੁਰਾ ਪਰਮਾਤਮਾ ਦੁਆਲੇ ਬੁਣਿਆ ਹੋਇਆ ਹੈ। ਗੁਰਮਤਿ ਫ਼ਿਲਾਸਫ਼ੀ ਦਾ ਮੁੱਖ ਕੇਂਦਰ ਪਰਮਾਤਮਾ ਦੀ ਪ੍ਰਾਪਤੀ ਹੈ ਇਸੇ ਲਈ ਗੁਰਬਾਣੀ ਵਿਚ ਆਤਮਾ ਤੇ ਪਰਮਾਤਮਾ ਦੇ ਮਿਲਾਪ ਲਈ ਪ੍ਰਸਤੁੱਤ ਸਥਿਤੀਆਂ ਤੇ ਸੰਭਾਵਨਾਵਾਂ ਦਾ ਵਿਵਰਣ ਹੈ। ਅਜਿਹੇ ਸਰਬ-ਸਮਰੱਥ, ਸਰਬ-ਸ਼ਕਤੀਮਾਨ, ਅਪਾਰ, ਪਰਵਿਦਗਾਰ, ਬੇਅੰਤ ਪ੍ਰਭੂ ਦੀ ਸੇਵਾ ਵਿਚ ਜੁੜਨਾ ਮਨੁੱਖ ਦਾ ਪਰਮ ਕਰਤੱਵ ਬਣ ਜਾਂਦਾ ਹੈ। ਪ੍ਰਭੂ ਦੀ ਸੇਵਾ ਦੀ ਪਹਿਲੀ ਦਿਸ਼ਾ ਉਸਦੇ ਨਾਮ ਵਿਚ

ਜੁੜਨਾ ਹੈ। ਨਾਮ ਵਿਚ ਜੁੜਨ ਤੋਂ ਭਾਵ ਹੈ ਪ੍ਰਭੂ ਦੇ ਗੁਣਾਂ ਦਾ ਗਾਇਨ ਕਰਨਾ। ਨਾਮ-ਸਿਮਰਨ ਦਾ ਮੁੱਖ ਪਾਸਾਰ ਇਹ ਹੈ ਕਿ ਸਾਧਕ ਪ੍ਰਭੂ ਦੀ ਵਿਸ਼ਾਲ ਤੇ ਸਰਬ-ਸ਼ਕਤੀਮਾਨ ਹੋਂਦ ਤੋਂ ਪ੍ਰਭਾਵਿਤ ਹੋ ਕੇ ਅਨੁਭਵ ਕਰਦਾ ਹੈ ਕਿ ਸਮੁੱਚਾ ਵਿਸ਼ਵ ਉਸ ਦੇ ਹੁਕਮ ਵਿਚ ਹੈ।'ਸਬਦਿ ਮੰਨਿਐ ਗੁਰੁ ਪਾਈਐ ਵਿਚਹੁ ਆਪੁ ਗਵਾਇ' ਦੇ ਮਹਾਂਵਾਕ ਅਨੁਸਾਰ ਹੁਕਮ ਦੀ ਸੋਝੀ ਅਭਿਮਾਨ ਜਾਂ ਹਉਮੇ ਦਾ ਅੰਤ ਕਰ ਦਿੰਦੀ ਹੈ ਅਤੇ ਸਾਧਕ ਮੋਹ-ਮਾਇਆ ਤੋਂ ਉੱਪਰ ਹੋ ਕੇ ਹਰ-ਪਾਸੇ ਪਰਮਾਤਮਾ ਦੇ ਰੂਪ ਨੂੰ ਨਿਹਾਰਦਾ ਹੈ। ਇਹ ਆਤਮਿਕ ਗਿਆਨ ਉਸ ਨੂੰ ਸਾਰੀ ਸ੍ਰਿਸ਼ਟੀ ਨਾਲ ਜੋੜ ਦਿੰਦਾ ਹੈ ਤੇ ਸਾਰੀ ਸ੍ਰਿਸ਼ਟੀ ਦੀ ਸੇਵਾ ਹੀ ਪਰਮਾਤਮਾ ਦੀ ਅਸਲ ਤੇ ਵਿਵਹਾਰਕ ਸੇਵਾ ਹੈ।

ਸੇਵਾ ਸੁਰਤਿ ਸਬਦਿ ਚਿਤੁ ਲਾਏ ॥
ਹਉਮੈ ਮਾਰਿ ਸਦਾ ਸੁਖੁ ਪਾਇਆ ਮਾਇਆ ਮੋਹੁ ਚੁਕਾਵਣਿਆ॥[408]

ਜੋ ਜਨ ਧਿਆਵਹਿ ਹਰਿ ਹਰਿ ਨਾਮਾ ॥
ਤਿਨ ਦਾਸਨਿ ਦਾਸ ਕਰਹੁ ਹਮ ਰਾਮਾ ॥ ਜਨ ਕੀ ਸੇਵਾ ਊਤਮ ਕਾਮਾ॥[409]

ਇਸੇ ਲਈ ਗੁਰਬਾਣੀ ਵਿਚ ਹਰਿ ਜਾਂ ਪ੍ਰਭੂ ਦੀ ਸੇਵਾ ਦੀਆਂ ਅਨੇਕਾਂ ਉਦਾਹਰਨਾਂ ਮਿਲਦੀਆਂ ਹਨ। ਗੁਰੂ ਸਾਹਿਬਾਨ ਸਮਝਾਉਂਦੇ ਹਨ ਕਿ ਇਹ ਮਨੁੱਖਾ ਜਨਮ ਬੜਾ ਅਮੋਲਕ ਹੈ ਜੋ ਲੱਖਾਂ ਜੂਨਾਂ ਦੇ ਭੋਗਣ ਤੋਂ ਬਾਅਦ ਪ੍ਰਾਪਤ ਹੁੰਦਾ ਹੈ। ਮਨੁੱਖ ਨੂੰ ਚਾਹੀਦਾ ਹੈ ਕਿ ਉਹ ਪ੍ਰਭੂ ਚਰਨਾਂ ਵਿਚ ਜੁੜ ਜਾਵੇ ਕਿਉਂਕਿ ਇਹ ਸੇਵਾ ਉਸ ਨੂੰ ਦੁਨਿਆਵੀਂ ਪਦਾਰਥਾਂ ਦੇ ਮਾਣ-ਅਭਿਮਾਨ ਤੋਂ ਉੱਚਾ ਉਠਾ ਕੇ ਮਨੁੱਖਤਾ ਦੇ ਰਾਹ ਪਾਉਂਦੀ ਹੈ।

ਲਖ ਚਉਰਾਸੀਹ ਜੋਨਿ ਭ੍ਰਮਾਇਆ ॥
ਸਾਧਸੰਗਿ ਭਇਓ ਜਨਮੁ ਪਰਾਪਤਿ ॥
ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ ॥
ਤਿਆਗਿ ਮਾਨੁ ਝੂਠੁ ਅਭਿਮਾਨੁ ॥
ਜੀਵਤ ਮਰਹਿ ਦਰਗਹ ਪਰਵਾਨੁ ॥[410]

ਜਦੋਂ ਪ੍ਰਾਣੀ ਪ੍ਰਭੂ ਨਾਲ ਓਤਿ ਪੋਤਿ ਦੀ ਅਵਸਥਾ ਵਿਚ ਪਹੁੰਚਦਾ ਹੈ ਤਾਂ ਅਸਲੀ ਅਰਥਾਂ ਵਿਚ ਮਨੁੱਖਤਾ ਨਾਲ ਇਕਸੁਰ ਹੁੰਦਾ ਹੈ। ਗੁਰਬਾਣੀ ਦੀ ਇਹ ਹੈਰਾਨ ਕਰ ਦੇਣ ਵਾਲੀ ਅੰਤਰ-ਦ੍ਰਿਸ਼ਟੀ ਹੈ। ਪਰਮਾਤਮਾ ਦੀ ਸੇਵਾ ਨਾਲ ਗੁਰੂ ਦੀ ਬਖਸ਼ਿਸ਼ ਤੇ ਗੁਰੂ ਦੀ ਰਹਿਨੁਮਾਈ ਨਾਲ ਪਰਮਾਤਮਾ ਦੀ ਪ੍ਰਾਪਤੀ ਦਾ ਅਹਿਸਾਸ ਹੁੰਦਾ ਹੈ ਤੇ ਇਨ੍ਹਾਂ ਧਿਰਾਂ ਦਾ ਮੂਲ ਉਦੇਸ਼ ਮਨੁੱਖੀ ਭਾਈਚਾਰਕ ਸੋਚ ਆਧਾਰਿਤ ਜੀਵਨ-ਜਾਚ ਨੂੰ ਸੇਵਾ ਦੇ ਮਾਧਿਅਮ ਨਾਲ ਪ੍ਰਫੁਲਤ ਕਰਨਾ ਹੈ।

ਹਰਿ ਕੀ ਸੇਵਾ ਸਫਲ ਹੈ ਗੁਰਮੁਖਿ ਪਾਵੈ ਥਾਇ ॥
ਜਿਸੁ ਹਰਿ ਭਾਵੈ ਤਿਸੁ ਗੁਰੁ ਮਿਲੈ ਸੋ ਹਰਿ ਨਾਮੁ ਧਿਆਇ ॥
ਗੁਰ ਸਬਦੀ ਹਰਿ ਪਾਈਐ ਹਰਿ ਪਾਰਿ ਲਘਾਇ ॥
ਮਨਹਠਿ ਕਿਨੈ ਨ ਪਾਇਓ ਪੁਛਹੁ ਵੇਦਾ ਜਾਇ ॥
ਨਾਨਕ ਹਰਿ ਕੀ ਸੇਵਾ ਸੋ ਕਰੇ ਜਿਸੁ ਲਏ ਹਰਿ ਲਾਇ॥ [411]

ਓਤਿ ਪੋਤਿ ਸੇਵਕ ਸੰਗਿ ਰਾਤਾ॥
ਪ੍ਰਭ ਪ੍ਰਤਿਪਾਲੇ ਸੇਵਕ ਸੁਖਦਾਤਾ॥
ਪਾਣੀ ਪਖਾ ਪੀਸਉ ਸੇਵਕ ਕੈ ਠਾਕੁਰ ਹੀ ਕਾ ਆਹਾਰੁ ਜੀਉ॥ [412]

ਕਮਾਵਾ ਤਿਨ ਕੀ ਕਾਰ ਸਰੀਰੁ ਪਵਿਤੁ ਹੋਇ॥
ਪਖਾ ਪਾਣੀ ਪੀਸਿ ਬਿਗਸਾ ਪੈਰ ਧੋਇ॥
ਆਪਹੁ ਕਛੂ ਨ ਹੋਇ ਪ੍ਰਭ ਨਦਰਿ ਨਿਹਾਲੀਐ॥ [413]

ਹਰਿ ਦੀ ਸੇਵਾ ਦੇ ਉਪਰੋਕਤ ਮਹਾਤਮ ਤੋਂ ਸਹਿਜੇ ਹੀ ਇਹ ਸਪਸ਼ਟ ਹੋ ਜਾਂਦਾ ਹੈ ਕਿ ਜੀਵਨ ਦਾ ਮੂਲ ਉਦੇਸ਼ ਪ੍ਰਭੂ ਤੇ ਉਸ ਦੀ ਬਣਾਈ ਖਲਕਤ ਦੀ ਉਪਾਸਨਾ ਅਤੇ ਖਿਦਮਤ ਕਰਨਾ ਹੈ।ਗੁਰਬਾਣੀ ਦਾ ਇਹ ਪ੍ਰਕਰਣ ਇਸ ਦੇ ਵਿਸ਼ਵੀ-ਮਹਾਤਮ ਨੂੰ ਹੋਰ ਵੀ ਪਕੇਰਾ ਕਰਦਾ ਹੈ। ਗੁਰੂ ਸਾਹਿਬਾਨ ਦੀ ਬਾਣੀ ਦਾ ਮੂਲ ਉਦੇਸ਼ ਮਨੁੱਖੀ ਬਿਰਤੀ ਨੂੰ ਸਮੁੱਚੇ ਵਿਸ਼ਵ ਨਾਲ ਕਲਿਆਣਕਾਰੀ ਅਤੇ ਮਾਨਵ ਹਿਤਕਾਰੀ ਨਜ਼ਰੀਏ ਤੋਂ ਜੋੜਨਾ ਹੈ। ਇਸੇ ਲਈ ਗੁਰਬਾਣੀ ਹਰਿ ਸੇਵਾ ਤੇ ਜ਼ੋਰ ਦਿੰਦੀ ਹੈ ਤੇ ਦ੍ਰਿੜ ਕਰਦੀ ਹੈ ਕਿ ਪਰਮਾਤਮਾ ਵੀ ਅਜਿਹੇ ਸੇਵਕਾਂ ਦੀ ਸਾਰ ਲੈਂਦਾ ਹੈ।

ਸੇ ਭਗਤ ਹਰਿ ਭਾਵਦੇ ਜੋ ਗੁਰਮੁਖਿ ਭਾਇ ਚਲੰਨਿ ॥
ਆਪੁ ਛੋਡਿ ਸੇਵਾ ਕਰਨਿ ਜੀਵਤ ਮੁਏ ਰਹੰਨਿ ॥ [414]

ਹਰਿ ਕੀ ਤੁਮ ਸੇਵਾ ਕਰਹੁ ਦੂਜੀ ਸੇਵਾ ਕਰਹੁ ਨ ਕੋਇ ਜੀ ॥
ਹਰਿ ਕੀ ਸੇਵਾ ਤੇ ਮਨਹੁ ਚਿੰਦਿਆ ਫਲੁ ਪਾਈਐ ਦੂਜੀ ਸੇਵਾ ਜਨਮੁ ਬਿਰਥਾ ਜਾਇ ਜੀ॥ [415]

ਗੁਰੂ ਨਾਨਕ ਦੇਵ ਜੀ ਨੇ 'ਵਿਚਿ ਦੁਨੀਆ ਸੇਵ ਕਮਾਈਐ ਤਾ ਦਰਗਹ ਬੈਸਣੁ ਪਾਈਐ' ਦਾ ਸੰਵਾਦ ਰਚਾਇਆ ਹੈ। ਆਪ ਨੇ ਬਹੁਤ ਭਾਵਪੂਰਤ ਸ਼ਬਦਾਂ ਵਿਚ ਪ੍ਰਗਟਾਇਆ ਹੈ ਕਿ ਰੱਬ ਦੀ ਦਰਗਾਹ ਉਨ੍ਹਾਂ ਨੂੰ ਹੀ ਨਸੀਬ ਹੋਵੇਗੀ ਜੋ ਰੱਬ ਦੀ ਬਣਾਈ ਹੋਈ ਦੁਨੀਆਂ ਤੇ ਮਨੁੱਖਤਾ ਦੀ ਸੇਵਾ ਵਿਚ ਆਪਾ ਵਾਰ ਦੇਣਗੇ। ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ 'ਵਿਣ

ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਣੀ' ਅਨੁਸਾਰ ਸੇਵਾ ਤੋਂ ਬਗੈਰ ਹੋਰ ਕਾਰਜ ਤੇ ਸਫਲਤਾਵਾਂ ਸੱਭ ਫਜ਼ੂਲ ਤੇ ਵਿਅਰਥ ਹਨ।

'ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ', 'ਬਾਝੁ ਗੁਰੂ ਡੁੱਬਾ ਸੰਸਾਰ', 'ਗੁਰੂ ਬਿਨ ਗਿਆਨੁ ਨ ਪਾਈਐ' ਆਦਿ ਵਾਕ ਭਲੀਭਾਂਤ ਸਪਸ਼ਟ ਕਰਦੇ ਹਨ ਕਿ ਗੁਰੂ ਬਿਨਾਂ ਮਨੁੱਖ ਦੀ ਗਤੀ ਨਹੀਂ ਹੈ। ਗੁਰੂ ਆਤਮਾ ਤੇ ਪਰਮਾਤਮਾ ਦੇ ਮਿਲਾਪ ਲਈ ਅਧਿਆਤਮਕ ਪੌੜੀ ਦਾ ਕੰਮ ਕਰਦਾ ਹੋਇਆ ਜੀਵਨ ਦੇ ਹਰ ਪੜਾਉ ਤੇ ਮਨੁੱਖ ਦਾ ਮਾਰਗ-ਦਰਸ਼ਨ ਕਰਦਾ ਹੈ। ਡਾ. ਸੁਰਿੰਦਰ ਸਿੰਘ ਕੋਹਲੀ ਦੇ ਸ਼ਬਦਾਂ ਵਿਚ 'ਗੁਰੂ ਸਿੱਖ ਵਿਚਾਰਧਾਰਾ ਦਾ ਕੇਂਦਰਬਿੰਦੂ ਗੁਰੂ ਹੈ।'[416] ਗੁਰਬਾਣੀ ਵਿਚ ਆਏ 'ਗੁਰਪ੍ਰਸਾਦਿ' ਦੇ ਸੰਕਲਪ ਦਾ ਪਿਛੋਕੜ ਸਭ ਪ੍ਰਕਾਰ ਦੀਆਂ ਲੌਕਿਕ ਜਾਂ ਦੁਨਿਆਵੀ ਅਤੇ ਅਲੌਕਿਕ ਜਾ ਰੂਹਾਨੀ ਪ੍ਰਾਪਤੀਆਂ ਦੇ ਰੂਪ ਵਿਚ ਕਾਰਜਸ਼ੀਲ ਹੁੰਦਾ ਹੈ। ਗੁਰੂ ਦੀ ਅਪਰੰਪਾਰ ਮਹਿਮਾ ਕਰਕੇ ਹੀ ਬਹੁਤੀ ਵਾਰ ਗੁਰੂ ਅਤੇ ਪਰਮਾਤਮਾ ਵਿਚ ਅਭਿੰਨਤਾ ਦ੍ਰਿਸ਼ਟੀਗੋਚਰ ਹੁੰਦੀ ਹੈ। ਗੁਰਬਾਣੀ ਵਿਚ ਆਏ 'ਗੁਰੁ ਪਰਮੇਸਰੁ ਏਕੋ ਜਾਣੁ', 'ਹਰਿ ਗੁਰ ਮੂਰਤਿ ਏਕਾ ਵਰਤੈ' ਆਦਿ ਮਹਾਂਵਾਕ ਗੁਰੂ ਅਤੇ ਪਰਮਾਤਮਾ ਦੀ ਅਭੇਦਤਾ ਨੂੰ ਹੀ ਦਰਸਾਉਂਦੇ ਹਨ। ਇਸ ਵਿਚਾਰ ਚਰਚਾ ਤੋਂ ਸਪਸ਼ਟ ਹੁੰਦਾ ਹੈ ਕਿ ਗੁਰੂ ਗੁਰਮਤਿ ਫਿਲਾਸਫੀ ਤੇ ਸਾਧਨਾ-ਮਾਰਗ ਦਾ ਅਭਿੰਨ ਅੰਗ ਹੈ। ਸੋ ਗੁਰੂ ਦੀ ਸੇਵਾ ਇਕ ਸਰਵੋਤਮ ਕਾਰਜ ਹੈ। ਗੁਰਬਾਣੀ ਵਿਚ ਸਤਿਗੁਰ ਦੀ ਸੇਵਾ ਦੀਆਂ ਅਨੇਕਾਂ ਮਿਸਾਲਾਂ ਮਿਲਦੀਆਂ ਹਨ ਜਿਵੇਂ-

ਗੁਰ ਸੇਵਾ ਤੇ ਹਰਿ ਪਾਈਐ ਜਾ ਕਉ ਨਦਰਿ ਕਰੇਇ ॥
ਮਾਣਸ ਤੇ ਦੇਵਤੇ ਭਏ ਧਿਆਇਆ ਨਾਮੁ ਹਰੇ ॥[417]

ਗੁਰ ਸੇਵਾ ਤੇ ਸਦਾ ਸੁਖੁ ਪਾਇਆ ॥
ਹਉਮੈ ਮੇਰਾ ਠਾਕਿ ਰਹਾਇਆ ॥[418]

ਗੁਰ ਕੀ ਸੇਵਾ ਚਾਕਰੀ ਮਨੁ ਨਿਰਮਲੁ ਸੁਖੁ ਹੋਇ ॥
ਗੁਰ ਕਾ ਸਬਦੁ ਮਨਿ ਵਸਿਆ ਹਉਮੈ ਵਿਚਹੁ ਖੋਇ॥[419]

ਸਤਗੁਰ ਕੀ ਸੇਵਾ ਅਤਿ ਸੁਖਾਲੀ ਜੋ ਇਛੇ ਸੋ ਫਲੁ ਪਾਏ ॥
ਜਤੁ ਸਤੁ ਤਪੁ ਪਵਿਤੁ ਸਰੀਰਾ ਹਰਿ ਹਰਿ ਮੰਨਿ ਵਸਾਏ ॥[420]

ਜਦੋਂ ਮਨੁੱਖ ਆਪਾ ਭਾਵ ਤਿਆਗ ਕੇ ਆਪਣੇ ਆਪ ਨੂੰ ਸੰਪੂਰਨ ਰੂਪ ਵਿਚ ਗੁਰੂ ਅੱਗੇ ਅਰਪਣ ਕਰ ਦਿੰਦਾ ਹੈ ਤੇ ਉਸ ਦੀ ਸੇਵਾ ਵਿਚ ਲੀਨ ਹੋ ਜਾਂਦਾ ਹੈ ਤਾਂ ਉਹ ਸਮੱਸਤ ਖੁਸ਼ੀਆਂ ਤੇ ਪ੍ਰਾਪਤੀਆਂ ਦਾ ਭਾਗੀਦਾਰ ਬਣਦਾ ਹੈ। ਗੁਰੂ ਦੀ ਸੇਵਾ ਵੀ ਪਰਮਾਤਮਾ ਦੀ ਨਦਰਿ ਅਤੇ ਕਰਮ ਦੀ ਬਖਸ਼ਿਸ਼ ਸਦਕਾ ਹੁੰਦੀ ਹੈ-

ਸਤਿਗੁਰ ਕੀ ਸੇਵਾ ਸੋ ਕਰੇ ਜਿਸ ਨੋ ਆਪਿ ਕਰਾਏ ਸੋਇ॥[421]

ਡਾ. ਗੁਰਮੁੱਖ ਸਿੰਘ ਗੁਰੂ ਦੀ ਸੇਵਾ ਦੇ ਦੋ ਰੂਪਾਂ ਦਾ ਜ਼ਿਕਰ ਕਰਦੇ ਹਨ; ਬਾਹਰਲੀ ਸੇਵਾ ਅਤੇ ਅੰਦਰਲੀ ਸੇਵਾ। ਸਰੀਰਿਕ ਤੋਰ ਤੇ ਕੀਤੀ ਗੁਰੂ ਦੀ ਸੇਵਾ ਬਾਹਰਲੀ ਸੇਵਾ ਦੇ ਘੇਰੇ ਵਿਚ ਆਉਂਦੀ ਹੈ ਅਤੇ ਗੁਰੂ ਦੀਆਂ ਸਿਖਿਆਵਾਂ ਅਨੁਸਾਰ ਅਪਣਾਈ ਜੀਵਨ-ਜਾਚ ਅੰਦਰਲੀ ਸੇਵਾ ਹੈ। ਗੁਰਬਾਣੀ ਵਿਚ ਇਸ ਦੀਆਂ ਬਹੁਤ ਉਦਾਹਰਨਾਂ ਹਨ-

ਚਰਨ ਪਖਾਰਉ ਕਰਿ ਸੇਵਾ ਜੇ ਠਾਕੁਰ ਭਾਵੈ ॥
ਹੋਹੁ ਕ੍ਰਿਪਾਲ ਦਇਆਲ ਪ੍ਰਭ ਨਾਨਕੁ ਗੁਣ ਗਾਵੈ॥[422]

ਏਹਾ ਸੇਵਾ ਚਾਕਰੀ ਨਾਮੁ ਵਸੈ ਮਨਿ ਆਇ ॥
ਨਾਮੈ ਹੀ ਤੇ ਸੁਖੁ ਪਾਈਐ ਸਚੈ ਸਬਦਿ ਸੁਹਾਇ ॥[423]

ਪਾਨੀ ਪਖਾ ਪੀਸਉ ਸੰਤ ਆਗੈ ਗੁਣ ਗੋਬਿੰਦ ਜਸੁ ਗਾਈ॥
ਸਾਸਿ ਸਾਸਿ ਮਨੁ ਨਾਮੁ ਸਮਾਰੈ ਇਹ ਬਿਸ੍ਰਾਮ ਨਿਧਿ ਪਾਈ॥[424]

ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ॥
ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ॥
ਸੰਤ ਜਨਾ ਕਾ ਛੋਹਰਾ ਤਿਸੁ ਚਰਣੀ ਲਾਗਿ॥
ਮਾਇਆਧਾਰੀ ਛਤ੍ਰਪਤਿ ਤਿਨ ਛੋਡਉ ਤਿਆਗਿ॥[425]

ਸੋ ਇਸ ਪ੍ਰਕਾਰ ਗੁਰੂ ਦੀ ਬਾਹਰਲੀ ਸੇਵਾ ਵਿਚ ਖਚਿਤ ਹੋ ਕੇ ਸਾਧਕ ਦੀ ਆਪਣੇ ਗੁਰੂ ਨਾਲ ਭਾਵਨਾਤਮਿਕ ਸਾਂਝ ਬਣ ਜਾਂਦੀ ਹੈ ਅਤੇ ਉਹ ਆਤਮਿਕ ਗਿਆਨ ਹਾਸਲ ਕਰ ਲੈਂਦਾ ਹੈ। ਗੁਰੂ ਦੀ ਕਮਾਈ ਨੂੰ ਉਹ ਅਮਲੀ ਰੂਪ ਵਿਚ ਨਿਭਾਉਂਦਾ ਹੈ। ਗੁਰੂ ਦੀ ਅਜਿਹੀ ਕ੍ਰਿਪਾ ਨਾਲ ਹੀ ਉਹ ਅਕਾਲਪੁਰਖ ਦੇ ਰਹੱਸ ਦਾ ਅਨੁਭਵ ਕਰਦਾ ਹੈ ਤੇ ਇਹ ਅਨੁਭਵ ਉਸ ਨੂੰ ਮਨੁੱਖ ਦੇ ਨਾਲ ਜੋੜਦਾ ਹੀ ਨਹੀਂ ਸਗੋਂ ਮਨੁੱਖਤਾ ਦੇ ਭਲੇ ਲਈ ਆਪਾ ਵਾਰ ਕੇ ਸੇਵਾ ਕਰਨ ਲਈ ਵੀ ਉਕਸਾਉਂਦਾ ਹੈ। ਗੁਰਬਾਣੀ ਦਾ ਮੂਲ ਉਦੇਸ਼ ਸਮਾਜ ਦੀ ਭਲਾਈ ਤੇ ਬਿਹਤਰੀ ਨੂੰ ਸਥਾਪਿਤ ਕਰਨਾ ਹੈ ਅਤੇ ਇਹ ਭਲਾਈ ਉਦੋਂ ਤੱਕ ਨਹੀਂ ਵਿਕਸਿਤ ਹੋ ਸਕਦੀ ਜਦੋਂ ਤੱਕ ਪਹੁੰਚਸ਼ੀਲ ਵਿਅਕਤੀ ਜਾਂ ਮਨੁੱਖੀ ਸਮਾਜ ਨਿਰਧਨ ਜਾਂ ਲੋੜਵੰਦ ਸਮਾਜ ਦੇ ਭਲੇ ਲਈ ਅੱਗੇ ਨਾ ਆਉਣ। ਇਸੇ ਲਈ ਗੁਰਬਾਣੀ ਵਿਚ ਮਨੁੱਖ ਨੂੰ ਬਾਰ-ਬਾਰ ਸੇਵਾ ਲਈ ਪ੍ਰੇਰਿਆ ਗਿਆ ਹੈ:

ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥
ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥

ਕਹੁ ਨਾਨਕ ਹਮ ਨੀਚ ਕਰੰਮਾ ॥
ਸਰਣਿ ਪਰੇ ਕੀ ਰਾਖਹੁ ਸਰਮਾ ॥[426]

ਮੇਰੇ ਮਨ ਸਤਗੁਰ ਕੀ ਸੇਵਾ ਲਾਗੁ ॥
ਜੋ ਦੀਸੈ ਸੋ ਵਿਣਸਣਾ ਮਨ ਕੀ ਮਤਿ ਤਿਆਗੁ ॥[427]

ਸਤਿਗੁਰ ਸੇਵਾ ਨਾ ਕਰਹਿ ਫਿਰਿ ਫਿਰਿ ਪਛੁਤਾਣੇ ॥
ਗਰਭ ਜੋਨੀ ਵਾਸੁ ਪਾਇਦੇ ਗਰਭੇ ਗਲਿ ਜਾਣੇ ॥[428]

ਗੁਰ ਕੀ ਸੇਵਾ ਕਰਹੁ ਦਿਨੁ ਰਾਤਿ ॥
ਸੂਖ ਸਹਜ ਮਨਿ ਆਵੈ ਸਾਂਤਿ॥[429]

ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ ॥
ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ ॥[430]

ਗੁਰਬਾਣੀ ਸੇਵਾ ਵਾਸਤੇ ਪ੍ਰੇਰਿਤ ਹੀ ਨਹੀਂ ਕਰਦੀ ਸਗੋਂ 'ਸਤਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ' ਦੇ ਮਹਾਂਵਾਕ ਅਨਸਾਰ ਸੇਵਾ ਕਰਨ ਦੇ ਸਾਂਚੇ ਨੂੰ ਵੀ ਨਿਰਧਾਰਿਤ ਕਰਦੀ ਹੈ। ਗੁਰਬਾਣੀ ਆਪਾ ਤਿਆਗਣ ਦਾ ਸੰਦੇਸ਼ ਦਿੰਦੀ ਹੋਈ ਗੁਰੂ ਅੱਗੇ ਆਤਮ-ਸਪਰਪਣ ਕਰ ਕੇ ਸੇਵਾ ਨੂੰ ਸਫਲ ਕਰਨਾ ਲੋਚਦੀ ਹੈ। ਇਸੇ ਲਈ ਗੁਰਬਾਣੀ ਵਿਚ ਸੇਵਾ ਦੇ ਸਰੂਪ ਨੂੰ ਵਿਚਾਰਿਆ ਗਿਆ ਹੈ-
ਸਤਿਗੁਰ ਕੀ ਸੇਵਾ ਨਿਰਮਲੀ ਨਿਰਮਲ ਜਨੁ ਹੋਇ ਸੁ ਸੇਵਾ ਘਾਲੇ ॥
ਜਿਨ ਅੰਦਰਿ ਕਪਟੁ ਵਿਕਾਰੁ ਝੂਠੁ ਓਇ ਆਪੇ ਸਚੈ ਵਖਿ ਕਢੇ ਜਜਮਾਲੇ ॥[431]

ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ॥[432]
ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ ॥
ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ ॥
ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥
ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ ॥[433]

ਨਿਰਸੰਦੇਹ ਹਰਿ ਤੇ ਗੁਰੂ ਦੀ ਸੇਵਾ ਦਾ ਪ੍ਰਤਿਫ਼ਲ ਮਨੁੱਖਤਾ ਦੀ ਪਛਾਣ ਕਰਾਉਂਦਾ ਸੇਵਾ, ਸਹਿਣਸ਼ੀਲਤਾ ਤੇ ਸਹਿਹੋਂਦ ਦੀ ਭਾਵਨਾ ਨੂੰ ਸਥਾਪਨਾ ਕਰਦਾ ਹੈ।ਇਹ ਭਾਵਨਾ ਮਨੁੱਖ ਨੂੰ ਆਪਣੇ ਲਈ ਘੱਟ ਤੇ ਦੂਜਿਆਂ ਲਈ ਜ਼ਿਆਦਾ ਜਿਉਣਾ ਸਿਖਾਉਂਦੀ ਹੈ ਤੇ ਦ੍ਰਿੜ ਕਰਵਾਉਂਦੀ ਹੈ ਕਿ ਸੱਚੇ-ਸੁੱਚੇ ਵਿਅਕਤਿਤੱਵ ਦਾ ਜੀਵਨ ਲਕਸ਼ ਹਉਮੇ ਤੇ ਹੰਕਾਰ ਤੋਂ ਰਹਿਤ ਹੋ ਕੇ ਪਰਹਿਤ ਤੇ ਪਰਉਪਕਾਰ ਲਈ ਸਦਾ ਤਤਪਰ ਰਹਿੰਦਾ ਹੈ। ਹਰਿ ਤੇ ਸਤਿਗੁਰੂ ਦੀ ਸੇਵਾ ਸੰਪੂਰਨ ਉਦੋਂ ਹੀ ਹੁੰਦੀ ਹੈ ਜਦੋਂ ਮਨੁੱਖ ਨਿਰਸੁਆਰਥ ਤੇ ਨਿਰਛੱਲ ਹੋ ਕੇ ਸਬਰ, ਸੰਤੋਖ, ਹਮਦਰਦੀ, ਸਦਭਾਵਨਾ ਅਤੇ ਨਿਸ਼ਕਾਮਚਿਤ ਬਣ ਕੇ ਜਨ ਸੇਵਾ ਵਿਚ ਗਲਤਾਨ ਹੋ ਜਾਂਦਾ ਹੈ। ਇਹ ਬੇਲਾਗ ਸੇਵਾ ਮਨੁੱਖ ਨੂੰ ਮਨੁੱਖ ਨਾਲ ਜੋੜਦੀ ਹੈ। ਸਮਾਜ ਨੂੰ ਪ੍ਰਫ਼ੁਲਤ ਕਰਨ ਲਈ ਸੇਵਾ ਸੱਭ ਤੋਂ ਸੁਯੋਗ ਐਕਸਰਸਾਈਜ਼ ਹੈ। 'ਸੇਵਾ ਕਰਨ ਨਾਲ ਸੰਤੋਖ ਆਉਂਦਾ ਹੈ ਅਤੇ ਸੰਤੋਖ ਨਾਲ ਆਨੰਦਮਈ ਤ੍ਰਿਪਤੀ ਹੁੰਦੀ ਹੈ ਅਤੇ ਆਪਣੇ ਆਪ ਵੰਡ ਕੇ ਛਕਣ ਦੀ ਰੁਚੀ ਜਾਗਦੀ ਅਤੇ ਸੁੱਖ ਹੁੰਦਾ ਹੈ।'[434] ਸੇਵਾ ਵਿਚ ਜੁੜਿਆ ਮਨੁੱਖ ਕਿਸੇ ਪ੍ਰਤੀ ਮਾੜਾ ਚਿਤਵਨ ਨਹੀਂ ਰੱਖਦਾ। ਉਹ ਆਪ ਤਾਂ ਐਬਾਂ ਤੇ ਖ਼ਾਮੀਆਂ ਤੋਂ ਕਿਨਾਰਾ ਕਰਦਾ ਹੀ ਹੈ ਸਗੋਂ ਹੋਰਨਾਂ ਮਨੁੱਖਾਂ ਦੇ ਅੰਦਰ ਵੀ ਸਦਗੁਣਾਂ ਦਾ ਵਿਕਾਸ ਕਰਦਿਆਂ ਉਨ੍ਹਾਂ ਦੇ ਵਿਅਕਤਿਤਵ ਨੂੰ ਨਿਖਾਰਦਾ ਹੈ।

ਸੇਵਾ ਕੀਤੀ ਸੰਤੋਖੀਈ ਜਿਨੀ ਸਚੋ ਸਚੁ ਧਿਆਇਆ॥
ਓਨੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥[435]

ਗੁਰਬਾਣੀ ਵਿਚ ਤਨ, ਮਨ ਅਤੇ ਧਨ ਦੀ ਪਿੱਠ-ਭੂਮੀ ਉੱਪਰ ਸੇਵਾ ਨੂੰ ਨਿਭਾਉਣ ਦਾ ਉਪਦੇਸ਼ ਦ੍ਰਿਸ਼ਟਮਾਨ ਹੁੰਦਾ ਹੈ। ਇਹ ਤਿੰਨੇ ਸਾਧਨ ਵਿਅਕਤੀਗਤ ਰੂਪ ਵਿਚ ਵੀ ਅਤੇ ਸਮੂਹਿਕ ਰੂਪ ਵਿਚ ਵੀ ਸੇਵਾ ਦੇ ਕਾਰਜ ਨੂੰ ਸਿਰੇ ਲਾਉਂਦੇ ਹਨ।'ਤਨੁ ਮਨੁ ਧਨੁ ਸਭੁ ਸਉਪਿ' ਕੇ ਸੇਵਾ ਵਿਚ ਸੁਰਤੀ ਤੇ ਲਿਵ ਲਾਉਣ ਦਾ ਸੰਦੇਸ਼ ਦਿੱਤਾ ਗਿਆ ਹੈ।

ਅਨਿਕ ਭਾਂਤਿ ਕਰਿ ਸੇਵਾ ਕਰੀਐ॥
ਜੀਉ ਪ੍ਰਾਨ ਧਨੁ ਆਗੈ ਧਰੀਐ॥
ਪਾਨੀ ਪਖਾ ਕਰਉ ਤਜਿ ਅਭਿਮਾਨ॥
ਅਨਿਕ ਬਾਰ ਜਾਈਐ ਕੁਰਬਾਨੁ॥[436]

ਗੁਰਬਾਣੀ ਵਿਚ ਤਨ ਦੀ ਸੇਵਾ ਦਾ ਬਹੁਤ ਮਹਾਤਮ ਮੰਨਿਆ ਗਿਆ ਹੈ। 'ਤਨ ਨੂੰ ਗੁਰਬਾਣੀ ਵਿਚ ਦੇਹ ਅਤੇ ਸਰੀਰ ਵੀ ਕਿਹਾ ਜਾਂਦਾ ਹੈ। ਇਸ ਨੂੰ ਮਾਤਾ ਪਿਤਾ ਦੇ ਬਿੰਦ ਤੋਂ ਸਿਰਜਿਆ ਹੋਇਆ ਪੰਜ ਤੱਤਾਂ ਦਾ ਪੁਤਲਾ ਵੀ ਕਿਹਾ ਗਿਆ ਹੈ। ਤਨ ਉਹ ਘੋੜਾ ਹੈ ਜਿਸ ਉੱਤੇ ਆਤਮਾ ਸਵਾਰ ਹੋ ਕੇ ਆਪਣੇ ਉਦੇਸ਼ ਵੱਲ ਵੱਧਦੀ ਹੈ। ਜੇਕਰ ਤਨ ਦੀ ਦਸ਼ਾ ਅਤੇ ਦਿਸ਼ਾ ਸਹੀ ਹੈ ਤਾਂ ਹੀ ਇਹ ਆਪਣੇ ਸਵਾਰ ਨੂੰ ਟਿਕਾਣੇ ਪਹੰਚਾ ਸਕਦਾ ਹੈ। ਜੇਕਰ ਤਨ ਸਮਾਜ ਵਿਚ ਅਜਿਹੇ ਕਾਰਜ ਕਰਦਾ ਹੈ ਜਿਸ ਨਾਲ ਦੂਜਿਆਂ ਦਾ ਭਲਾ ਹੋ ਸਕੇ ਤਾਂ ਹੀ ਇਸਦਾ ਹੋਂਦ ਵਿਚ ਆਉਣਾ ਸਕਾਰਥ ਮੰਨਿਆ ਗਿਆ ਹੈ।'[437] ਤਨ ਦੀ ਸੇਵਾ ਮਨੁੱਖ ਤੋਂ ਵਿਕਸਿਤ ਹੁੰਦੀ ਹੋਈ ਸਮਾਜ ਵਿਚ ਸਦਗੁਣਾਂ ਦਾ ਸੰਚਾਰ ਕਰਦੀ ਹੈ। ਅਜਿਹਾ ਮਨੁੱਖ

ਜਾਤਿ ਪਾਤਿ ਤੇ ਉਚ-ਨੀਚ ਤੇ ਹੋਰ ਤੰਗ ਵਲਗਣਾਂ ਤੋਂ ਨਿਜਾਤ ਪਾ ਕੇ ਭਾਈਚਾਰੇ ਵਿਚ ਮਿੱਤਰਤਾ ਤੇ ਸਦਭਾਵਨਾ ਦਾ ਪਾਸਾਰ ਕਰਦਾ ਹੈ। ਸੇਵਾ ਦੇ ਪ੍ਰਕਰਣ ਵਿਚ ਸਹਿਣਸ਼ੀਲਤਾ ਤੇ ਸਹਿਹੋਂਦ ਦਾ ਵਿਸਤਾਰ ਸਮਾਜਿਕ ਅਰੋਗਤਾ ਪੈਦਾ ਕਰਦੀ ਹੋਈ ਮਨਾਂ ਦੀ ਮੈਲ ਨੂੰ ਦੂਰ ਕਰਦੀ ਹੈ। ਸਿੱਖੀ ਵਿਚ ਸੰਗਤ ਤੇ ਪੰਗਤ ਦੀ ਸਥਾਪਨਾ ਤਨ ਦੀ ਸੇਵਾ ਦੀ ਸ੍ਰੇਸ਼ਟ ਉਦਾਹਰਨਾਂ ਹਨ। ਸੇਵਾ ਤੋਂ ਬਿਨਾਂ 'ਦੇਗ' ਨਹੀਂ ਚੱਲ ਸਕਦੀ; ਲੋਹ ਨਹੀਂ ਤਪ ਸਕਦੀ; ਲੰਗਰ ਨਹੀਂ ਚੱਲ ਸਕਦੇ। ਲੰਗਰ ਵਰਤਾਉਣ ਤੋਂ ਜੂਠੇ ਬਰਤਨ ਮਾਂਜਣ ਦੀ ਸੇਵਾ ਅਤੇ ਸੰਗਤ ਦੇ ਸੰਗਤ ਜੋੜੇ ਝਾੜਨ ਦੀ ਖਿਦਮਤ ਉਹੀ ਕਰ ਸਕਦੇ ਹਨ ਜੋ ਮੇਰ-ਤੇਰ ਤੋਂ ਉੱਪਰ ਉੱਠ ਚੁੱਕੇ ਹਨ। ਸਿੱਖੀ ਤਾ ਸੇਵਾ ਦੀਆਂ ਮਿਸਾਲਾਂ ਨਾਲ ਭਰਪੂਰ ਹੈ। ਭਾਈ ਲਹਿਣਾ ਜੀ ਆਪਣੀ ਸੇਵਾ ਸਦਕੇ ਗੁਰੂ ਦੇ ਸਰੀਰ ਦਾ ਅੰਗ ਬਣਦੇ ਹੋਏ ਗੁਰੂ ਅੰਗਦ ਦੇਵ ਜੀ ਦੇ ਰੂਪ ਵਿਚ ਪ੍ਰਗਟ ਹੁੰਦੇ ਹਨ। ਗੁਰੂ ਅਮਰਦਾਸ ਜੀ, ਬੀਬੀ ਭਾਨੀ, ਮਾਤਾ ਗੰਗਾ, ਭਾਈ ਬਹਿਲੋ, ਭਾਈ ਮੰਝ, ਭਾਈ ਘਨੱਈਆ, ਭਾਈ ਨੰਦ ਲਾਲ ਜੀ ਆਦਿ ਸੇਵਾ ਦੇ ਚਾਨਣ-ਮੁਨਾਰੇ ਹਨ ਜਿਨ੍ਹਾਂ ਦੀ ਨਿਭਾਈ ਤਨ ਦੀ ਸੇਵਾ ਅੱਜ ਵੀ ਲੱਖਾਂ ਲੋਕਾਂ ਲਈ ਪ੍ਰੇਰਣਾਸ੍ਰੋਤ ਹੈ। ਗੁਰੂ ਘਰ ਵਿਚ ਤਨ ਦੀ ਸੇਵਾ ਨਾਲ ਸੰਬੰਧਿਤ ਕਈ ਸਾਖੀਆਂ ਪ੍ਰਚਲਿਤ ਹਨ।'ਭਾਈ ਨੰਦ ਲਾਲ ਜੀ ਦਾ ਜੀਵਨ ਇਸ ਗੱਲ ਦੀ ਹਾਮੀ ਭਰਦਾ ਹੈ ਕਿ ਜਦ ਉਨ੍ਹਾਂ ਨੇ ਸ਼ਹਿਨਸ਼ਾਹ ਔਰੰਗਜ਼ੇਬ ਦੇ ਮੁਤੱਸਬੀ ਸੁਭਾਅ ਤੋਂ ਦੁਖੀ ਹੋ ਕੇ ਦਿੱਲੀ ਦਰਬਾਰ ਦੀ ਵਜ਼ੀਰੀ ਛੱਡ ਦਿੱਤੀ ਤੇ ਸ੍ਰੀ ਅਨੰਦਪੁਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਪੁੱਜੇ ਤਾਂ ਉਨ੍ਹਾਂ ਦਸਮੇਸ਼ ਪਿਤਾ ਜੀ ਪਾਸੋਂ ਜੀਵਨ ਮਨੋਰਥ ਦੀ ਪ੍ਰਾਪਤੀ ਦਾ ਸਹੀ ਰਸਤਾ ਪੁੱਛਿਆ। ਗੁਰੂ ਜੀ ਨੇ ਭਾਈ ਨੰਦ ਲਾਲ ਜੀ ਨੂੰ ਲੰਗਰ ਵਿਚ ਹੱਥੀਂ ਸੇਵਾ ਕਰਨ ਦੀ ਜੁਗਤ ਦੱਸੀ। ਭਾਈ ਨੰਦ ਲਾਲ ਜੀ ਨੇ ਇਸ ਹੁਕਮ ਨੂੰ ਸਾਰੀ ਜ਼ਿੰਦਗੀ ਨਿਭਾਇਆ। ਜਦੋਂ ਦਸਮੇਸ਼ ਪਿਤਾ ਜੀ ਨੇ ਭੇਸ ਬਦਲ ਕੇ ਲੰਗਰਾਂ ਦੀ ਪ੍ਰੀਖਿਆ ਲਈ ਤਾਂ ਸਭ ਤੋਂ ਸ਼੍ਰੋਮਣੀ ਲੰਗਰ ਭਾਈ ਨੰਦ ਲਾਲ ਜੀ ਦਾ ਨਿਕਲਿਆ।'[438] ਇਸੇ ਤਰ੍ਹਾਂ ਇਕ ਹੋਰ ਸਾਖੀ ਗੁਰਮਤਿ ਦਰਸ਼ਨ ਵਿਚ ਸੇਵਾ ਦੀ ਭਾਵਨਾ ਨੂੰ ਦ੍ਰਿੜ ਕਰਦੀ ਹੈ 'ਇਕ ਵਾਰ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਸਿੱਖ ਨੂੰ ਪਾਣੀ ਦਾ ਗਿਲਾਸ ਲਿਆਉਣ ਲਈ ਕਿਹਾ। ਉਹ ਲੈ ਆਇਆ ਤਾਂ ਸਤਿਗੁਰੂ ਨੇ ਗਲਾਸ ਪਕੜਦਿਆਂ ਉਸ ਦੇ ਹੱਥ ਦੇਖੇ ਜੋ ਬੜੇ ਕੋਮਲ ਤੇ ਸੁਹਣੇ ਸਨ ਤਾਂ ਕਹਿਣ ਲੱਗੇ ਕਿ ਤੇਰੇ ਹੱਥ ਬੜੇ ਕੋਮਲ ਹਨ। ਉਸ ਨੇ ਜਵਾਬ ਦਿੱਤਾ ਮੈਂ ਇਨ੍ਹਾਂ ਹੱਥਾਂ ਨਾਲ ਪਹਿਲੀ ਵਾਰ ਆਪ ਕੰਮ ਕੀਤਾ ਹੈ ਜੋ ਆਪ ਲਈ ਪਾਣੀ ਲਿਆਉਂਦਾ ਤਾਂ ਸਤਿਗੁਰੂ ਨੇ ਉਹ ਪਾਣੀ ਡੋਲ੍ਹ ਦਿੱਤਾ ਤੇ ਕਿਹਾ 'ਇਹ ਹੱਥ ਅਪਵਿੱਤਰ ਹਨ।'[439] ਗੁਰਬਾਣੀ ਸਦੈਵ ਤਨ ਦੀ ਸੇਵਾ ਲਈ ਪ੍ਰੇਰਦੀ ਹੈ-

> ਗੁਰ ਕੀ ਰੇਣੁ ਨਿਤ ਮਜਨੁ ਕਰਉ॥ ਜਨਮ ਜਨਮ ਕੀ ਹਉਮੈ ਮਲੁ ਹਰਉ॥
> ਤਿਸੁ ਗੁਰ ਕਉ ਝੂਲਾਵਉ ਪਾਖਾ॥ ਮਹਾ ਅਗਨਿ ਤੇ ਹਾਥੁ ਦੇ ਰਾਖਾ॥
> ਤਿਸੁ ਗੁਰ ਕੈ ਗ੍ਰਿਹਿ ਢੋਵਉ ਪਾਣੀ॥ ਜਿਸੁ ਗੁਰ ਤੇ ਅਕਲ ਗਤਿ ਜਾਣੀ॥
> ਤਿਸ ਗੁਰ ਕੈ ਗ੍ਰਿਹਿ ਪੀਸਉ ਨੀਤ॥ ਜਿਸ ਪਰਸਾਦਿ ਵੈਰੀ ਸਭ ਮੀਤ॥[440]

ਗੁਰਬਾਣੀ ਉਸ ਮਾਨਸਿਕਤਾ ਨੂੰ ਤਰਜੀਹ ਦਿੰਦੀ ਹੈ ਜੋ ਪੂਰਨ ਰੂਪ ਵਿਚ ਹਰਿ ਤੇ ਗੁਰੂ ਦੇ ਪ੍ਰਵਚਨਾਂ ਅਨੁਸਾਰ ਵਿਕਸਿਤ ਹੋਵੇ। ਅਰਥਾਤ ਮਨੁੱਖੀ ਮਨ ਜੋ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਮੁਕਤ ਹੋ ਕੇ ਹਰਿ ਤੇ ਗੁਰੂ ਵਿਚ ਨਿਰੰਤਰ ਆਸਥਾ

ਰੱਖਦੇ ਹੋਏ ਆਪਾ ਭਾਵ ਮਿਟਾ ਕੇ ਸੇਵਾ ਕਰੇ। ਦਿਖਾਵਿਆਂ ਤੇ ਸ਼ੋਸ਼ੇਬਾਜੀਆਂ ਜਾਂ ਫਿਰ ਨਿੱਜੀ ਗਰਜ਼ਾਂ ਕਰ ਕੇ ਕੀਤੀ ਸੇਵਾ ਦਾ ਕੋਈ ਮੁੱਲ਼ ਨਹੀਂ ਅਤੇ ਨਾਂ ਹੀ ਦੁਚਿਤੀ ਜਾਂ ਅਵਿਸ਼ਵਾਸ ਵਿਚ ਕੀਤੀ ਸੇਵਾ-ਸਾਧਨਾ ਦਾ ਕੋਈ ਪ੍ਰਭਾਵ ਪੈਂਦਾ ਹੈ। ਸੇਵਾ ਤਾਂ ਉਹ ਹੈ ਜੋ ਮਨ ਨੂੰ ਅਰਪਣ ਕਰ ਕੇ ਕੀਤੀ ਜਾਵੇ।ਜਿਵੇਂ ਗੁਰਬਾਣੀ ਵਿਚ ਆਉਂਦਾ ਹੈ:

ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ॥
ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ॥ [441]

ਜਿਵੇਂ ਹਾਥੀ ਮਹਾਵਤ ਦੇ ਕੁੰਡੇ ਦੇ ਇਸ਼ਾਰੇ ਤੇ ਅਤੇ ਲੋਹੇ ਦੀ ਅਹਿਰਣ ਹਥੋੜੇ ਹੇਠਾਂ ਸਿਰ ਰੱਖ ਦਿੰਦੀ ਹੈ ਉਸੇ ਤਰਾਂ ਮਨੁੱਖ ਨੂੰ ਆਪਣੇ ਮਨ ਨੂੰ ਸਮਰਪਣ ਕਰ ਕੇ ਸੇਵਾ ਨਿਭਾਉਣੀ ਚਾਹੀਦੀ ਹੈ। ਅਜਿਹੀ ਸੇਵਾ ਸਾਰੀਆਂ ਵਲਗਣਾਂ ਨੂੰ ਪਾਰ ਕਰ ਕੇ ਪਿਆਰ ਤੇ ਸਦਭਾਵਨਾ ਨੂੰ ਮਜਬੂਤ ਕਰਦੀ ਹੈ।

ਧਨ ਦੀ ਸੇਵਾ ਦਾ ਅਰਥ ਮਨੁੱਖ ਨੂੰ ਧਰਮ ਨਾਲ ਕੀਤੀ ਕ੍ਰਿਤ-ਕਮਾਈ ਵਿਚੋਂ ਪ੍ਰਾਪਤ ਮਾਇਆ ਨੂੰ ਪਰਉਪਕਾਰ ਦੇ ਕਾਰਜਾਂ ਵਿਚ ਲਗਾਉਣਾ ਹੈ। ਗੁਰਬਾਣੀ ਇਹ ਨਿਸਚਾ ਕਰਵਾਉਂਦੀ ਹੈ ਕਿ ਧਨ ਦਾ ਪ੍ਰਯੋਗ ਜੇ ਧਰਮ ਅਨੁਸਾਰ ਕੀਤਾ ਜਾਂਦਾ ਹੈ ਤਾਂ ਸਕਾਰਥ ਹੈ ਨਹੀਂ ਤਾਂ ਇਹ ਮਨੁੱਖ ਦੀ ਜ਼ਿੰਦਗੀ ਨੂੰ ਕੁਰਾਹੇ ਪਾ ਦਿੰਦਾ ਹੈ। ਗੁਰਬਾਣੀ ਝੂਠੀਆਂ ਦੌਲਤਾਂ ਤੇ ਸ਼ੁਹਰਤਾਂ ਨੂੰ ਨਕਾਰਦੀ ਧਨ ਦੀ ਸੁਚੱਜੀ ਵਰਤੋਂ ਤੇ ਜ਼ੋਰ ਦਿੰਦੀ ਹੈ। ਗੁਰਬਾਣੀ ਸੱਚੀ-ਸੁੱਚੀ ਕਿਰਤ ਕਮਾਈ ਨੂੰ ਮਹੱਤਵ ਦਿੰਦੀ ਹੈ।ਗੁਰੂ ਸਾਹਿਬਾਨ ਨੇ ਹਰੇਕ ਪ੍ਰਾਣੀ ਨੂੰ ਸੱਚੀ-ਸੁੱਚੀ ਦੱਸਾਂ ਨਹੁੰਆਂ ਦੀ ਕਿਰਤ ਕਮਾਈ ਵਿਚੋਂ ਲੋੜਵੰਦਾਂ ਦੀ ਮਦਦ ਦਾ ਉਪਦੇਸ਼ ਦਿੱਤਾ ਹੈ:

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥ [442]

ਗੁਰਬਾਣੀ ਅਯੋਗ ਜਾਂ ਭ੍ਰਸ਼ਟ ਢੰਗਾਂ ਨਾਲ ਇਕਤ੍ਰ ਕੀਤੀ ਮਾਇਆ ਦਾ ਵਿਰੋਧ ਕਰਦੀ ਸਪਸ਼ਟ ਕਰਦੀ ਹੈ ਕਿ ਲੋਭ-ਲਾਲਚਾਂ, ਭ੍ਰਸ਼ਟ ਜਾਂ ਅਨੈਤਿਕਤਾ ਨਾਲ ਕੀਤੀਆਂ ਕਮਾਈਆਂ ਵਿਚੋਂ ਕੀਤੀ ਸੇਵਾ ਦਾ ਕੋਈ ਪੁੰਨ ਨਹੀਂ।

ਨਿਤ ਉਪਾਵ ਕਰੈ ਮਾਇਆ ਧਨ ਕਾਰਣਿ ਅਗਲਾ ਧਨੁ ਭੀ ਉਡਿ ਗਇਆ॥
ਕਿਆ ਓਹੁ ਖਟੇ ਕਿਆ ਓਹੁ ਖਾਵੈ ਜਿਸੁ ਅੰਦਰਿ ਸਹਸਾ ਦੁਖੁ ਪਇਆ॥ [443]

ਉਹ ਲੋਕ ਜੋ ਧਨ ਪਦਾਰਥਾਂ ਵਿਚ ਖਚਿਤ ਹਨ, ਕਿਰਸਾਂ ਤੇ ਕੰਜੂਸੀਆਂ ਨਾਲ ਧਨ ਦੇ ਢੇਰ ਲਗਾ ਰਹੇ ਹਨ ਉਨ੍ਹਾਂ ਬੇਸਮਝਿਆਂ ਨੂੰ ਇਸ ਗੱਲ ਦੀ ਸੋਝੀ ਨਹੀਂ ਕਿ ਇਹ ਖਜਾਨੇ ਕਿਸੇ ਕੰਮ ਨਹੀਂ ਆਉਣੇ। ਗੁਰਬਾਣੀ ਵਿਚ ਦਸਵੰਧ ਦੀ ਪ੍ਰਥਾ ਦਾ ਆਰੰਭ ਇਸੇ ਕਾਰਜ ਦਾ ਪ੍ਰਤਿਫ਼ਲ ਹੈ।

ਧਾਇ ਧਾਇ ਕ੍ਰਿਪਨ ਸ੍ਰਮੁ ਕੀਨੋ ਇਕਤ੍ਰ ਕਰੀ ਹੈ ਮਾਇਆ ॥
ਦਾਨੁ ਪੁੰਨੁ ਨਹੀ ਸੰਤਨ ਸੇਵਾ ਕਿਤ ਹੀ ਕਾਜਿ ਨ ਆਇਆ॥[444]

ਪਰ ਇਸ ਦਾ ਅਰਥ ਇਹ ਬਿਲਕੁਲ ਨਹੀਂ ਹੈ ਕਿ ਗੁਰੂ ਸਾਹਿਬਾਨ ਧਨ ਜਾਂ ਮਾਇਆ ਦਾ ਵਿਰੋਧ ਕਰਦੇ ਹਨ। ਸਿੱਖ ਧਰਮ ਤਾਂ ਗ੍ਰਹਿਸਥੀਆਂ ਦਾ ਧਰਮ ਹੈ। ਮਾਇਆ ਵੱਡੀ ਲੋੜ ਹੈ। ਗੁਰੂ ਸਾਹਿਬਾਨ ਤਾਂ ਨੇਕ, ਜਾਇਜ਼ ਤੇ ਉੱਦਮ ਨਾਲ ਧਨ ਪ੍ਰਾਪਤੀ ਕਰਕੇ ਆਪਣੀਆਂ ਤੇ ਹੋਰਨਾਂ ਦੀਆਂ ਲੋੜਾਂ ਪੂਰੀਆਂ ਕਰਨ ਦਾ ਫ਼ੁਰਮਾਨ ਕਰਦੇ ਹਨ।

ਗੁਰਬਾਣੀ ਨਿਸ਼ਕਾਮ ਸੇਵਾ ਦੀ ਨਿਰੰਤਰਤਾ ਨੂੰ ਬਣਾਇ ਰੱਖਣ ਦਾ ਨਿਸ਼ਠਾ ਕਰਵਾਉਂਦੀ ਹੈ। ਸੇਵਾ ਉਪਰੰਤ ਕਿਸੇ ਫਲ ਦੀ ਪ੍ਰਾਪਤੀ ਤੇ ਆਸ ਫਜ਼ੂਲ ਹੈ। ਕਿਸੇ ਸਵਾਰਥ ਜਾਂ ਲਾਲਚ ਦੇ ਆਦਰਸ਼ ਵਿਚ ਕੀਤੀ ਸੇਵਾ ਦਾ ਕੋਈ ਮੁੱਲ ਨਹੀਂ ਰਹਿ ਜਾਂਦਾ। ਸੇਵਾ, ਪਰਉਪਕਾਰ ਜਾਂ ਨੇਕੀਆਂ ਉਦੋਂ ਹੀ ਸਾਰਥਕ ਹੁੰਦੀਆਂ ਹਨ ਜਦੋਂ ਹਿਰਦੇ ਵਿਚੋਂ ਆਪ-ਮੁਹਾਰੇ ਇਨ੍ਹਾਂ ਭਾਵਨਾਵਾਂ ਦਾ ਪਾਸਾਰ ਹੋਵੇ। ਗੁਰੂ ਸਾਹਿਬਾਨ ਪ੍ਰੇਮ, ਭਾਈਚਾਰੇ, ਆਪਣਾਪਨ, ਸਦਭਾਵਨਾ ਨੂੰ ਵਿਕਸਿਤ ਕਰਨਾ ਲੋਚਦੇ ਹਨ। ਇਸੇ ਲਈ ਆਪ ਸਹਿਹੋਂਦ ਅਤੇ ਸਹਿਣਸ਼ੀਲਤਾ ਨੂੰ ਧਾਰਨ ਕਰਨ ਦਾ ਸੰਵਾਦ ਬੜੀ ਤੀਬਰਤਾ ਨਾਲ ਉਠਾਉਂਦੇ ਹਨ। ਨਿਸ਼ਕਾਮ ਸੇਵਾ ਇਸ ਦਾ ਵੱਡਾ ਸ੍ਰੋਤ ਜਾ ਸਾਧਨ ਹੈ।'ਸੇਵਾ ਥੋਰੀ ਮਾਗਨੁ ਬਹੁਤਾ ॥ ਮਹਲੁ ਨ ਪਾਵੈ ਕਹਤੋ ਪਹੁਤਾ॥'[445] ਦੇ ਵਾਕ ਅਨੁਸਾਰ ਸੇਵਾ ਬਾਹਰੀ ਕਰਮ ਜਾਂ ਕਿਰਿਆ ਨਹੀਂ ਜੋ ਕਿਸੇ ਭੌਤਿਕ ਪ੍ਰਾਪਤੀਆਂ ਦੀ ਲਖਾਇਕ ਬਣੇ ਬਲਕਿ ਇਹ ਤਾਂ ਅੰਦਰੂਨੀ ਆਚਰਣ ਉਸਾਰੀ ਦੀ ਨਿਸ਼ਾਨੀ ਹੈ ਜੋ ਨਿੱਜ ਦੇ ਆਤਮਿਕ ਵਿਕਾਸ ਤੋਂ ਭਾਈਚਾਰਕ ਵਿਕਾਸ ਦਾ ਮਾਰਗ ਬਣਦੀ ਹੈ।

ਗਰੀਬਾਂ, ਲੋੜਵੰਦਾਂ, ਪਿੰਗਲਿਆਂ, ਨਿਆਸਰਿਆਂ ਜਾਂ ਨਿਥਾਵਿਆਂ ਦੀ ਸੇਵਾ ਕਰਨਾ ਹੀ ਕਾਫੀ ਨਹੀਂ ਹੈ ਸਗੋਂ ਉਨ੍ਹਾਂ ਅੰਦਰ ਸਵੈਮਾਣ ਨੂੰ ਕਾਇਮ ਰੱਖਦੇ ਹੋਏ ਆਤਮ-ਨਿਰਭਰ ਬਣਾਉਣਾ ਵੀ ਬਹੁਤ ਜ਼ਰੂਰੀ ਹੈ। ਤਾਰੀਖ ਗਵਾਹ ਹੈ ਕਿ ਜਦੋਂ ਜਦੋਂ ਵੀ ਅਖੌਤੀ ਨਿਰਧਨਾਂ ਜਾਂ ਨਿਤਾਣੇ ਲੋਕਾਂ ਦਾ ਸਵੈਮਾਣ ਬਹਾਲ ਹੋਇਆ ਹੈ; ਉਨ੍ਹਾਂ ਨੇ ਤਰੱਕੀ ਦੀਆਂ ਸਿਖਰਾਂ ਨੂੰ ਛੂਹਿਆ ਹੈ। ਗੁਰੂ ਸਾਹਿਬਾਨ ਵਿਹਲੜਾਂ ਜਾਂ ਨਿਕੰਮਿਆਂ ਦੀ ਸੇਵਾ ਕਰਕੇ ਮੰਗਤੇ ਪੈਦਾ ਨਹੀਂ ਕਰਨਾ ਚਾਹੁੰਦੇ ਸਨ ਬਲਕਿ ਗੁਰਬਾਣੀ ਤਾਂ ਸਵੈ-ਨਿਰਭਰਤਾ ਤੇ ਸਵੈ-ਮਾਨ ਦੀ ਸਥਾਪਨਾ ਲਈ ਦ੍ਰਿੜਤਾ ਪ੍ਰਦਾਨ ਕਰਦੀ ਹੈ:

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ॥[446]

ਇਸ ਪ੍ਰਕਾਰ ਆਪਣੇ ਤਾਈਂ ਵਿੱਦਿਆ, ਬਲ, ਹੁਨਰ ਆਦਿ ਵਿਚ ਯੋਗ ਬਣਾ ਕੇ ਆਪਣਾ ਨਿਰਬਾਹ ਸੁਤੰਤਰ ਕਰਨਾ ਔਰ ਹੋਰਨਾਂ ਦਾ ਪਾਲਣ ਕਰਨਾ ਅਤੇ ਕਿਸੇ ਅੱਗੇ ਹੱਥ ਨਾ ਪਸਾਰਣਾ, ਸਗੋਂ ਆਪਣਾ ਹੱਥ ਸਭ ਤੋਂ ਉੱਪਰ ਰੱਖਣਾ ਹੀ ਗੁਰਮਤਿ ਅਨੁਸਾਰੀ ਹੈ। ਗੁਰਬਾਣੀ ਵਿਵੇਕ ਨਾਲ ਕੀਤੀ ਸੇਵਾ ਨੂੰ ਮਾਨਤਾ ਦਿੰਦੀ ਹੈ। ਇਸ ਸੰਬੰਧੀ ਗੁਰੂ ਸਾਹਿਬ ਫਰਮਾਉਂਦੇ ਹਨ-

ਅਕਲਿ ਏਹ ਨ ਆਖੀਐ ਅਕਲਿ ਗਵਾਈਐ ਬਾਦਿ॥
ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥
ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ॥[447]

ਜੋ ਮਨੁੱਖ ਸੇਵਾ ਨੂੰ ਆਪਣੇ ਆਚਰਣ ਦਾ ਹਿੱਸਾ ਬਣਾ ਲੈਂਦਾ ਹੈ ਤਾਂ ਇਹ ਨਿਸਚਿਤ ਰੂਪ ਵਿਚ ਉਸ ਲਈ ਸਾਧਨਾ ਹੈ; ਤੱਪ ਹੈ ਕਿਉਂਕਿ ਹਉਮੇ ਤੇ ਅਭਿਮਾਨ ਦੇ ਐਬ ਨੂੰ ਤਿਆਗ ਕੇ ਹਲੀਮੀ ਵਿਚ ਜਿਉਣਾ ਤੇ ਫੇਰ ਦੂਜਿਆਂ ਲਈ ਜਿਉਣਾ ਬਹੁਤ ਔਖਾ ਹੁੰਦਾ ਹੈ ਵਿਸ਼ੇਸ਼ ਕਰਕੇ ਅਜੋਕੇ ਮਨੁੱਖ ਦੇ ਸੰਦਰਭ ਵਿਚ ਤਾਂ ਇਹ ਮੰਨਿਆ ਜਾ ਸਕਦਾ ਹੈ ਕਿਉਂਜੋ ਉਹ ਪੂਰੀ ਤਰ੍ਹਾਂ ਸਵਾਰਥੀ ਤੇ ਗਰਜ਼ਮੰਦ ਹੈ। ਇਸੇ ਲਈ ਸੇਵਾ ਇਕ ਸ੍ਰੇਸ਼ਠ ਕਰਮ ਵੱਜੋਂ ਮੰਨੀ ਜਾਂਦੀ ਹੈ।

'ਸੇਵਾ, ਸਹਿਹੋਂਦ ਅਤੇ ਸਹਿਣਸ਼ੀਲਤਾ' ਦੇ ਮੂਲ ਵਿਸ਼ੇ ਦੀ ਰੋਸ਼ਨੀ ਵਿਚ ਗੁਰੂ ਗ੍ਰੰਥ ਸਾਹਿਬ ਦੇ ਕੀਤੇ ਅਧਿਐਨ ਉਪਰੰਤ ਇਸ ਸਿੱਟੇ ਤੇ ਪੁੱਜਿਆ ਗਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਉਪਦੇਸ਼ ਸਮੁੱਚੀ ਮਨੁੱਖਤਾ ਲਈ ਹੈ। ਸਮੁੱਚੀ ਬਾਣੀ ਵਿਚ ਮਨੁੱਖੀ ਜੀਵਨ ਦੀ ਸਫਲਤਾ ਲਈ ਤਨ, ਮਨ, ਧਨ ਨਾਲ ਸੱਚੀ ਸੇਵਾ ਕਰਨ ਉੱਪਰ ਜ਼ੋਰ ਦਿੱਤਾ ਗਿਆ ਹੈ। ਗੁਰਬਾਣੀ ਅਨੁਸਾਰ ਇਕ ਚੰਗੇ ਗ੍ਰਿਹਸਥੀ ਵਾਂਗ ਜੀਵਨ ਬਤੀਤ ਕਰਨ ਲਈ ਜਿੱਥੇ ਜੀਵ ਨੇ ਆਪਣੇ ਪਰਿਵਾਰ ਲਈ ਅਜਿਹੀ ਸੱਚੀ-ਸੁੱਚੀ ਕਿਰਤ ਕਰਨੀ ਹੈ, ਉੱਥੇ ਲੋੜਵੰਦਾਂ ਦੀ ਸਹਾਇਤਾ ਕਰਨਾ ਵੀ ਉਸ ਦਾ ਅਸਲੀ ਧਰਮ ਹੈ। ਅਜਿਹਾ ਕਰਨ ਨਾਲ ਉਸ ਦੇ ਮਨ ਨੂੰ ਆਤਮਿਕ ਸ਼ਾਂਤੀ ਅਤੇ ਸਬਰ-ਸੰਤੋਖ ਮਿਲਦਾ ਹੈ, ਜਿਨ੍ਹਾਂ ਸਦਕਾ ਉਹ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਅਤੇ ਹੋਰ ਹਰ ਪ੍ਰਕਾਰ ਦੇ ਵਿਸ਼ੈਲੇ ਵਿਸ਼ਿਆਂ ਤੋਂ ਦੂਰ ਹਟ ਕੇ ਨਿਰਮਲ ਪੁਰਖ ਬਣ ਜਾਂਦਾ ਹੈ। ਅਜਿਹਾ ਨਿਰਮਲ ਪੁਰਸ਼ ਜੋ ਬਿਨਾ ਕਿਸੇ ਭੇਦਭਾਵ, ਬਿਨਾ ਵਿਤਕਰੇ ਦੇ ਪੂਰਨ ਸਹਿਣਸ਼ੀਲਤਾ ਨਾਲ ਸਹਿਹੋਂਦ ਨੂੰ ਪ੍ਰਗਟਾਉਂਦਾ ਸਮੁੱਚੇ ਵਿਸ਼ਵ ਨੂੰ ਪਿਆਰ ਕਰਦਾ ਹੈ। ਜਿੱਥੇ ਕਿੱਥੇ ਵੀ ਕੋਈ ਨਿਮਾਣਾ, ਨਿਤਾਣਾ ਜਾਂ ਲੋੜਵੰਦ ਉਸ ਦੀ ਨਜ਼ਰੀ ਪੈਂਦਾ ਹੈ ਉਹ ਪੂਰੀ ਤਰ੍ਹਾਂ ਸਮਰਪਿਤ ਹੋ ਕੇ ਉਸ ਦੀ ਸੇਵਾ ਵਿਚ ਜੁੱਟ ਜਾਂਦਾ ਹੈ। ਉਹ ਸਾਰੇ ਸਮਾਜ ਨੂੰ ਅਮਨ, ਸ਼ਾਂਤੀ ਅਤੇ ਆਤਮਿਕ ਅਨੰਦ ਦੇ ਪ੍ਰਸਾਰਨ ਲਈ ਗੁਰ-ਸ਼ਬਦ ਰਾਹੀਂ ਇਕ ਧਾਗੇ ਵਿਚ ਪਰੋਣ ਦਾ ਯਤਨ ਕਰਦਾ ਹੈ। ਇਸ ਪ੍ਰਕਾਰ ਭਰਾਤਰੀ-ਭਾਵ ਵਿਕਸਿਤ ਹੋਣ ਨਾਲ ਸਿਹਤਮੰਦ ਸਮਾਜ ਦੀ ਸਥਾਪਨਾ ਹੁੰਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਪ੍ਰਵਚਨ ਮਨੁੱਖੀ-ਵਿਵਸਥਾ ਦੇ ਵਿਭਿੰਨ ਆਯਾਮਾਂ ਨੂੰ ਮਾਨਵ-ਮੁਕਤੀ ਦੇ ਪਰਿਪੇਖ ਵਿਚ ਰੱਖ ਕੇ ਉਸਨੂੰ ਵਰਤਮਾਨ ਚਿੰਤਨ ਦੀ ਵਿਸ਼ਵ-ਵਿਆਪੀ (ਗਲੋਬਲ) ਪ੍ਰਕਿਰਿਆ ਦੇ ਸੰਦਰਭ ਨਾਲ ਜੋੜਦੇ ਹੋਏ ਵਿਅਕਤੀਗਤ ਨਿਸਚੇ ਜਾਂ ਨਿੱਜ ਦੀ ਹਉਮੇਗ੍ਰਸਤ ਸੋਚ ਦੇ ਸੀਮਿਤ ਦਾਇਰਿਆਂ ਤੇ ਤੰਗ ਵਲਗਣਾਂ ਤੋਂ ਅਗਾਂਹ ਲਿਜਾ ਕੇ ਸਮੁੱਚੇ ਬ੍ਰਹਿਮੰਡ ਨਾਲ ਇਕਸੁਰ ਕਰਦੇ ਹੋਏ ਆਦਰਸ਼ ਮਨੁੱਖ ਦੀ ਸਿਰਜਣਾ ਕਰਨ ਦਾ ਪ੍ਰਯਤਨ ਕਰਦਾ ਹੈ। ਦੂਸਰੇ

ਸ਼ਬਦਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਵਾਦ ਮਨੁੱਖ ਦੀਆਂ ਕੇਵਲ ਪਾਰਲੌਕਿਕ ਜਾਂ ਪਾਰਗਾਮੀ ਰੁਚੀਆਂ ਤੱਕ ਸੀਮਤ ਨਹੀਂ ਸਗੋਂ ਲੌਕਿਕ ਜਾਂ ਭੌਤਿਕ ਧਰਾਤਲਾਂ ਨਾਲ ਸੰਬੰਧਿਤ ਹੁੰਦਾ ਹੋਇਆ ਜੀਵਨ ਦੇ ਅਹਿਮ ਸਰੋਕਾਰਾਂ ਦੀ ਤਰਜਮਾਨੀ ਕਰਦਾ ਹੋਇਆ ਮਾਨਵ-ਹਿਤਕਾਰੀ ਵਿਸ਼ਵ-ਦ੍ਰਿਸ਼ਟੀ ਪ੍ਰਦਾਨ ਕਰਦਾ ਹੈ। ਵਰਤਮਾਨ ਮਾਨਵ-ਸਮਾਜ ਵਿਸ਼ਵ-ਪੱਧਰ ਤੇ ਜਿਨ੍ਹਾਂ ਵਿਰਾਟ ਸਮੱਸਿਆਵਾਂ ਦੇ ਸੰਤਾਪ ਵਿਚ ਉਲਝਿਆ ਹੋਇਆ ਹੈ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਪੇਸ਼ ਸੇਵਾ, ਸਹਿਹੋਂਦ ਅਤੇ ਸਹਿਣਸ਼ੀਲਤਾ ਦੇ ਤ੍ਰੈ-ਸੂਤਰੀ ਅੰਤਰ-ਦ੍ਰਿਸ਼ਟੀਆਂ ਦੇ ਮਾਡਲ ਦੁਆਰਾ ਸੁਲਝਾਇਆ ਜਾ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਹ ਸੰਕਲਪ ਜਿੱਥੇ ਮਨੁੱਖ ਨੂੰ ਅਧਿਆਤਮਕ-ਰੂਹਾਨੀਅਤ ਪਰਮਾਰਥ ਨਾਲ ਇੱਕ-ਜੁੱਟ ਕਰਨ ਲਈ ਤੱਤਪਰ ਹਨ ਉੱਥੇ ਇਹ ਦੁਨਿਆਵੀਂ ਯਥਾਰਥਕ ਪੱਧਰ ਤੇ ਮਨੁੱਖਤਾ ਦੇ ਵਿਕਾਸ ਦੇ ਪਰਿਪੇਖ ਵਿਚ ਅਹਿਮ ਭੂਮਿਕਾ ਨਿਭਾਉਂਦੇ ਹੋਏ ਅਜੋਕੇ ਸਮਿਆਂ ਵਿਚ ਵੀ ਸਾਰਥਕ ਤੇ ਪ੍ਰਾਸੰਗਿਕ ਹੋ ਜਾਂਦੇ ਹਨ।ਅੱਜ ਸਮੇਂ ਦੀ ਲੋੜ ਹੈ ਕਿ ਧਰਮ ਅਤੇ ਗਿਆਨ ਦੇ ਸਹੀ ਸਰੂਪ ਨੂੰ ਸਮਝਿਆ ਜਾਵੇ। ਉਸ ਇਕ ਪਰਮ ਪਿਤਾ ਦੀ ਹੋਂਦ ਨੂੰ ਮੰਨਣ ਤੋਂ ਭਾਵ ਉਸ ਦੁਆਰਾ ਪੈਦਾ ਕੀਤੀ ਕਾਇਨਾਤ ਦੀ ਸੇਵਾ ਕਰਨਾ ਵਾਸਤਵਿਕ ਧਰਮ ਦੀ ਪਛਾਣ ਹੈ।

ਸੋ ਇਸ ਤਰ੍ਹਾਂ ਖੋਜ-ਕਾਰਜ ਦੇ ਇਸ ਸਿਰਲੇਖ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਮਾਨਵੀ ਆਦਰਸ਼ਾਂ ਦੇ ਬਹੁ-ਰੂਪ' ਦੇ ਮੂਲ ਵਿਸ਼ੇ ਦੀ ਰੋਸ਼ਨੀ ਵਿਚ ਗੁਰੂ ਗ੍ਰੰਥ ਸਾਹਿਬ ਦੇ ਕੀਤੇ ਅਧਿਐਨ ਉਪਰੰਤ ਇਸ ਸਿੱਟੇ ਤੇ ਪੁੱਜਿਆ ਗਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਹ ਆਦਰਸ਼ ਸਮੁੱਚੀ ਮਨੁੱਖਤਾ ਲਈ ਹਨ ਸਾਰਥਿਕ ਤੇ ਪ੍ਰਾਸੰਗਿਕ ਹਨ। ਗੁਰੂ ਗ੍ਰੰਥ ਸਾਹਿਬ ਵਿਚ ਪ੍ਰਸਤੁਤ ਹੋਏ ਪ੍ਰਚੱਲਿਤ ਕਰਮ-ਕਾਂਡਾਂ ਤੇ ਅੰਧ-ਵਿਸ਼ਵਾਸ਼ਾਂ ਦਾ ਰੂਪਾਂਤਰਣ ਪੇਸ਼ ਕਰਨ ਦਾ ਪ੍ਰਯਤਨ ਕੀਤਾ ਗਿਆ ਹੈ ਅਰਥਾਤ ਨਿਰਾਰਥਕ ਕਰਮ-ਕਾਂਡਾਂ ਤੇ ਆਡੰਬਰਾਂ ਦੀ ਨਿਖੇਧੀ ਕਰ ਕੇ ਉਨ੍ਹਾਂ ਦੀ ਸਾਰਥਕਤਾ ਰੂਪਾਂਤਰਣ ਰੂਪ ਵਿਚ ਪੇਸ਼ ਕੀਤੀ ਗਈ ਹੈ। ਨਿਸਚੈ ਹੀ ਗੁਰਬਾਣੀ ਦੇ ਗਿਆਨ ਦੁਆਰਾ ਹਰ ਤਰ੍ਹਾਂ ਦੀ ਅਗਿਆਨਤਾ, ਭਰਮ ਤੇ ਪਾਖੰਡ ਦਾ ਪਰਦਾਫਾਸ਼ ਕੀਤਾ ਜਾ ਸਕਦਾ ਹੈ ਤੇ ਦਰਸਾਏ ਅਮਲ ਜਾਂ ਸਦਾਚਾਰ ਨਾਲ ਮਨੁੱਖਤਾ ਲਈ ਨਵ-ਜੀਵਨ ਦਾ ਸੰਚਾਰ ਕੀਤਾ ਜਾ ਸਕਦਾ ਹੈ। ਉਹ ਜੀਵਨ ਜੋ ਗਿਆਨ ਦੀ ਸਹੀ ਰੋਸ਼ਨੀ ਵਿਚ ਭਰਮਾਂ ਤੇ ਕਰਮ-ਕਾਂਡਾਂ ਤੋਂ ਰਹਿਤ ਹੋ ਕੇ ਸੁਚਾਰੂ ਤੇ ਉਸਾਰੂ ਕੰਮਾਂ ਵਿਚ ਜੁੜਿਆ, ਨੇਕੀਆਂ ਤੇ ਪਰਉਪਕਾਰ ਨਾਲ ਪਿਆਰ ਤੇ ਭਾਈਚਾਰਿਆਂ ਦਾ ਨਿਰਮਾਣ ਕਰਕੇ ਨਿੱਜ ਦੀ ਖੁਸ਼ੀ ਨੂੰ ਮਾਣੇ ਤੇ ਸਮੂਹਿਕ ਆਨੰਦ ਤੇ ਖੇੜਿਆਂ ਦਾ ਭਾਈਵਾਲ ਬਣੇ। ਰੱਬੀ ਏਕਤਾ ਅਤੇ ਪ੍ਰੇਮਾ ਭਗਤੀ ਦਾ ਮੁੱਖ ਪ੍ਰਕਰਣ ਵੱਖ-ਵੱਖ ਧਰਮਾਂ ਨੂੰ ਸਤਿਕਾਰਨਾ ਤੇ ਆਪਸ ਵਿਚ ਰਵਾਦਾਰੀ ਤੇ ਸਹਿਣਸ਼ੀਲਤਾ ਵਿਚ ਰਹਿਣਾ ਹੈ ਤਾਂ ਜੋ 'ਹਲੇਮੀ ਰਾਜ' ਤੇ 'ਬੇਗਮਪੁਰੇ' ਵਰਗੇ ਸੰਪੂਰਨ ਖੁਸ਼ਹਾਲ ਰਾਜ ਦੇ ਸੰਕਲਪ ਹੋਂਦ ਵਿਚ ਆ ਜਾਣ। ਇਹ ਆਦਰਸ਼ ਅਜੋਕੇ ਅਸੰਤੁਲਿਤ ਤੇ ਸੇਧ-ਹੀਣ ਸਮਾਜ ਵਿਚ ਭਰਾਤਰੀ ਭਾਵ, ਸਮਾਨਤਾ ਤੇ ਏਕਤਾ ਪੈਦਾ ਕਰਕੇ ਸੰਤੁਲਿਤ ਤੇ ਸਿਹਤਮੰਦ ਮਨੁੱਖੀ ਭਾਈਚਾਰੇ ਨੂੰ ਸਿਰਜਨ ਦੇ ਸਮੱਰਥ ਹਨ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਨੈਤਿਕ-ਵਿਧਾਨ ਆਪਣੇ-ਆਪ ਵਿਚ ਮੁਕੰਮਲ ਇਕਾਈ ਹੈ, ਜਿਸਦੇ ਵਿਸ਼ਲੇਸ਼ਣ ਤੋਂ ਨਾ ਕੇਵਲ ਗੁਰਬਾਣੀ ਦੇ ਸਮੂਹ ਸਰੋਕਾਰਾਂ ਦੀ ਸੋਝੀ ਹੁੰਦੀ ਹੈ ਬਲਕਿ ਇਸ ਵਿਚ ਪ੍ਰਸਤੁੱਤ ਸੰਭਾਵਨਾਵਾਂ ਨੂੰ ਵਿਸ਼ਵ-ਵਿਆਪੀ ਪੱਧਰ ਤੇ ਆਧੁਨਿਕ ਬੋਧ ਤੇ ਸੋਚ ਦਾ ਹਿੱਸਾ ਬਣਾਇਆ ਜਾ ਸਕਦਾ ਹੈ; ਅਜਿਹਾ ਨੈਤਿਕ-ਵਿਧਾਨ ਜੋ ਮਨੁੱਖ ਦੇ ਆਚਾਰ ਨੂੰ ਨਿਸ਼ਚਿਤ ਕਰਦਾ ਹੋਇਆ ਉਸ ਦੀ ਸਮਾਜਿਕ ਭੂਮਿਕਾ ਨੂੰ ਜ਼ਿੰਮੇਵਾਰ ਤੇ ਜਵਾਬਦੇਹ ਬਣਾਉਣ ਵਿਚ ਸਮਰੱਥ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਨਿਹਿਤ ਜੀਵਨ-ਜਾਚ ਜਿਸ ਆਤਮ-ਸਨਮਾਨ

ਨਾਲ ਜਿਉਣ ਦੀ ਜਾਚ ਸਿਖਾਉਂਦੀ ਹੈ ਉਸ ਦਾ ਮੁੱਖ ਧੁਰਾ 'ਕਿਰਤ' ਨਾਲ ਜੁੜਿਆ ਹੋਇਆ ਹੈ। ਅੱਜ ਸਦੀਆਂ ਬੀਤਣ ਦੇ ਬਾਦ ਵੀ ਗੁਰਬਾਣੀ ਵਿਚ ਪੇਸ਼ ਕਿਰਤ ਦਾ ਮਾਡਲ ਮਨੁੱਖਤਾ ਲਈ ਉਨ੍ਹਾਂ ਹੀ ਢੁਕਵਾਂ ਹੈ ਜੋ ਇਕ ਬੰਨੇ ਕਿਰਤ ਤੇ ਕਿਰਤੀ ਦਾ ਸਤਿਕਾਰ ਪੈਦਾ ਕਰਦਾ ਹੋਇਆ ਦੇਸ਼ ਨੂੰ ਖੁਸ਼ਹਾਲ ਬਣਾਉਂਦਾ ਹੈ ਤੇ ਦੂਸਰੇ ਪਾਸੇ ਸਮੁੱਚੀ ਮਨੁੱਖਤਾ ਦੇ ਭਲੇ ਨੂੰ ਸੂਤਰਬੱਧ ਕਰਦਾ ਹੈ ਕਿਉਂਕਿ ਕਿਰਤ ਦੇ ਇਸ ਮਹਾਤਮ ਨੇ ਪ੍ਰਚਲਿੱਤ ਪਰੰਪਰਾ ਵਿਚ ਕਾਮਿਆਂ ਅਤੇ ਸਮਾਜਕ ਤੌਰ ਤੇ ਦੱਬੇ, ਲਿਤਾੜੇ, ਨਿਤਾਣੇ ਅਤੇ ਨਿਥਾਵੇਂ ਲੋਕਾਂ ਦਾ ਸਨਮਾਨ ਬਹਾਲ ਕਰ ਦਿੱਤਾ ਹੈ। ਗੁਰਬਾਣੀ ਵਿਚ ਪੇਸ਼ 'ਹੁਕਮ ਤੇ ਭਾਣੇ' ਦਾ ਸੰਕਲਪ ਇਕ ਅਜਿਹੇ ਮਾਡਲ ਦੇ ਰੂਪ ਵਿਚ ਹੀ ਦ੍ਰਿਸ਼ਟੀਗੋਚਰ ਹੁੰਦਾ ਹੈ ਜੋ ਮਨੁੱਖ ਨੂੰ ਹਉਮੇ ਰਹਿਤ ਕਰਦਾ ਹੈ ਉੱਥੇ ਉਸ ਨੂੰ ਹੀਣ-ਭਾਵਨਾ ਤੋਂ ਵੀ ਉੱਪਰ ਚੁੱਕਦਾ ਹੈ। ਹੁਕਮ ਤੇ ਭਾਣੇ ਨੂੰ ਮੰਨਣ ਵਾਲੇ ਦੀ ਇਕ ਅਜਿਹੀ ਅਵੱਸਥਾ ਆ ਜਾਂਦੀ ਹੈ ਕਿ ਉਹ ਸਬਰ ਤੇ ਸੰਜਮ ਵਿਚ ਵਿਚਰਦਿਆਂ ਨਿੱਜੀ ਹਿੱਤਾਂ ਅਤੇ ਸੁਆਰਥਾਂ ਤੋਂ ਉੱਚਾ ਉਠ ਕੇ ਆਪਣਾ ਆਪ ਪੂਰੀ ਤਰ੍ਹਾਂ ਨਾਲ ਸਰਬ-ਸ਼ਕਤੀਮਾਨ ਹਸਤੀ ਨਾਲ ਇਕਸੁਰ ਕਰ ਲੈਂਦਾ ਹੈ, ਜਿੱਥੇ ਉਸਨੂੰ ਕੋਈ ਆਸਾ, ਨਿਰਾਸਾ, ਤ੍ਰਿਸ਼ਨਾ, ਅੰਦੇਸ਼ਾ ਤੇ ਭੈਅ ਦੀ ਚਿੰਤਾ ਨਹੀਂ ਰਹਿੰਦੀ। ਇਸ ਤਰ੍ਹਾਂ 'ਹੁਕਮ' ਤੇ 'ਰਜਾ' ਦੇ ਸਿਧਾਂਤ ਵਿਸ਼ਵੀ ਚੇਤਨਾ ਦਾ ਪਾਸਾਰ ਕਰਦੇ ਮਨੁੱਖ ਨੂੰ ਆਤਮਿਕ ਤੌਰ ਤੇ ਪ੍ਰਫੁਲਤ, ਮਾਨਸਿਕ ਤੌਰ ਤੇ ਸ਼ਾਂਤ-ਚਿਤ, ਸਦਾਚਾਰਿਕ ਤੌਰ ਤੇ ਸੁਦ੍ਰਿੜ ਇਨਸਾਨ ਬਣਾਉਂਦੇ ਹਨ। ਅਜਿਹੇ ਮਨੁੱਖ ਲੋਭ-ਲਾਲਚਾਂ ਤੇ ਕੂੜ-ਧੰਦਿਆਂ ਦੀ ਬਜਾਇ ਨਿਮਰ ਤੇ ਨਿਰਮਾਣ ਹੋ ਕੇ ਆਪਣੇ ਹਿਰਦੇ ਨੂੰ ਸ਼ਾਂਤ ਰੱਖਦੇ ਹੋਏ, ਮਾਇਆ ਵਿਚ ਵਿਚਰਦਿਆਂ ਹੋਇਆ ਵੀ ਸੱਚੀ-ਸੁੱਚੀ ਕਾਰ ਕਮਾਉਂਦੇ ਹੋਏ, ਸੰਸਾਰ ਦੀ ਝੂਠੀ ਚਮਕ-ਦਮਕ ਤੇ ਸ਼ੋਸ਼ੇਬਾਜੀਆਂ ਤੋਂ ਮੁਕਤ, ਅਲਿਪਤ ਅਤੇ ਬੇਨਿਆਜ਼ ਹੋ ਕੇ ਚੜ੍ਹਦੀ ਕਲਾ ਵਿਚ ਵਿਚਰਦੇ, ਗਿਆਨ ਦੀ ਪ੍ਰਾਪਤੀ ਨਾਲ ਨਾ ਕੇਵਲ ਨਿਮਾਣਿਆਂ, ਨਿਤਾਣਿਆਂ ਤੇ ਗਰਜ਼ਮੰਦਾਂ ਲਈ ਡੱਟ ਕੇ ਖੜੇ ਹੀ ਨਹੀਂ ਹੋ ਜਾਂਦੇ ਸਗੋਂ ਇਕ ਅਜਿਹੇ ਵਿਸ਼ਵੀ ਸਮਾਜ ਦੀ ਬੁਨਿਆਦ ਰੱਖਦੇ ਹਨ ਜੋ ਪਰਸਪਰ ਪਿਆਰ ਤੇ ਸਹਿਯੋਗ ਤੇ ਆਧਾਰਿਤ ਹੋਣ ਲਈ ਵੀ ਵਚਨਬੱਧ ਹੁੰਦਾ ਹੈ। ਵਰਤਮਾਨ ਮਾਨਵ-ਸਮਾਜ ਵਿਸ਼ਵ-ਪੱਧਰ ਤੇ ਜਿਨ੍ਹਾਂ ਵਿਰਾਟ ਸਮੱਸਿਆਵਾਂ ਦੇ ਸੰਤਾਪ ਵਿਚ ਉਲਝਿਆ ਹੋਇਆ ਹੈ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਪੇਸ਼ ਸੇਵਾ, ਸਹਿਹੋਂਦ ਅਤੇ ਸਹਿਣਸ਼ੀਲਤਾ ਦੇ ਤ੍ਰੈ-ਸੂਤਰੀ ਅੰਤਰ-ਦ੍ਰਿਸ਼ਟੀਆਂ ਦੇ ਮਾਡਲ ਦੁਆਰਾ ਸੁਲਝਾਇਆ ਜਾ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਹ ਸੰਕਲਪ ਜਿੱਥੇ ਮਨੁੱਖ ਨੂੰ ਅਧਿਆਤਮਕ-ਰੂਹਾਨੀਅਤ ਪਰਮਾਰਥ ਨਾਲ ਇੱਕ-ਜੁੱਟ ਕਰਨ ਲਈ ਤੱਤਪਰ ਹਨ ਉੱਥੇ ਇਹ ਦੁਨਿਆਵੀਂ ਯਥਾਰਥਕ ਪੱਧਰ ਤੇ ਮਨੁੱਖਤਾ ਦੇ ਵਿਕਾਸ ਦੇ ਪਰਿਪੇਖ ਵਿਚ ਅਹਿਮ ਭੂਮਿਕਾ ਨਿਭਾਉਂਦੇ ਹੋਏ ਇਕ ਅਜਿਹੇ ਆਦਰਸ਼ਕ ਪੁਰਸ਼ ਨੂੰ ਪੇਸ਼ ਕਰਦੇ ਹਨ ਜੋ ਬਿਨਾ ਕਿਸੇ ਭੇਦਭਾਵ ਤੇ ਵਿਤਕਰੇ ਦੇ ਪੂਰਨ ਸਹਿਣਸ਼ੀਲਤਾ ਨਾਲ ਸਹਿਹੋਂਦ ਨੂੰ ਪ੍ਰਗਟਾਉਂਦੇ ਹੋਏ ਸਮੁੱਚੇ ਵਿਸ਼ਵ ਨੂੰ ਪਿਆਰ ਕਰਦਿਆਂ ਹੋਇਆਂ ਨਿਮਾਣਿਆਂ, ਨਿਤਾਣਿਆਂ ਤੇ ਲੋੜਵੰਦਾਂ ਦੀ ਸੇਵਾ ਵਿਚ ਜੁੱਟ ਜਾਂਦੇ ਹਨ।

ਹਵਾਲੇ ਅਤੇ ਟਿੱਪਣੀਆਂ:

1. ਰੱਛਪਾਲ ਸਿਘ(ਡਾ.), ਭਗਤ ਰਵਿਦਾਸ ਜੀ ਦੀ ਬਾਣੀ ਵਿਚ ਕਰਮ-ਕਾਂਡਾਂ ਦੀ ਨਿਖੇਧੀ, ਗੁਰਮਤਿ ਪ੍ਰਕਾਸ਼, ਫਰਵਰੀ 2014, ਪੰਨਾ-12
2. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਗਉੜੀ ਗੁਆਰੇਰੀ, ਮ. 3, ਪੰਨਾ-16
3. ਭਾਈ ਕਾਨ੍ਹ ਸਿੰਘ ਨਾਭਾ, ਗੁਰਮਤਿ ਪ੍ਰਭਾਕਰ, ਪੰਨਾ-180
4. ਜਸਬੀਰ ਸਿੰਘ ਸਾਬਰ(ਡਾ.), ਰਵਿਦਾਸ ਬਾਣੀ : ਬਹੁਪੱਖੀ ਅਧਿਐਨ, ਪੰਨਾ-24
5. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਸੋਰਠਿ, ਮ.5, ਪੰਨਾ-642
6. ਉਹੀ, ਰਾਗ ਗਉੜੀ, ਮ.5, ਪੰਨਾ-265
7. ਉਹੀ, ਰਾਗ ਧਨਾਸਰੀ,ਮ.5, ਪੰਨਾ-674
8. ਉਹੀ, ਰਾਗ ਗੋੜੀ ਮਾਲਵਾ, ਮ.5, ਪੰਨਾ-214
9. ਉਹੀ, ਰਾਗ ਭੈਰਉ, ਮ.5,ਪੰਨਾ-1169
10. ਉਹੀ, ਰਾਗ ਆਸਾ, ਮ.1, ਪੰਨਾ-471
11. ਉਹੀ, ਰਾਗ ਆਸਾ, ਮ.1, ਪੰਨਾ-471
12. ਪਿਆਰਾ ਸਿੰਘ ਪਦਮ, ਸਿੱਧ ਗੋਸ਼ਟਿ, ਖੋਜ ਪਤ੍ਰਿਕਾ: ਗੁਰੂ ਨਾਨਕ ਅੰਕ, ਪੰਨਾ-108
13. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਸੋਰਠਿ, ਮ.5, ਪੰਨਾ-642
14. ਉਹੀ, ਰਾਗ ਮਾਰੂ, ਮ.1, ਪੰਨਾ-1013
15. ਉਹੀ, ਰਾਗ ਮਾਝ,ਮ.5, ਪੰਨਾ-102
16. ਉਹੀ, ਰਾਗ ਆਸਾ,ਮ.1, ਪੰਨਾ-420
17. ਉਹੀ, ਰਾਗ ਧਨਾਸਰੀ, ਮ.9, ਪੰਨਾ-684
18. ਉਹੀ, ਸਲੋਕ ਸੇਖ ਫਰੀਦ ਜੀ, ਪੰਨਾ-1378
19. ਉਹੀ, ਰਾਗ ਆਸਾ, ਮ.1, ਪੰਨਾ-436
20. ਜਸਪਾਲ ਕੌਰ ਕਾਂਗ(ਡਾ.), ਬਲਜੀਤ ਕੌਰ, ਬਾਣੀ ਸੰਵੇਦਨਾ, ਪੰਨਾ-126
21. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਆਸਾ, ਮ. 1, ਪੰਨਾ-467
22. ਉਹੀ, ਰਾਗ ਗੋਂਡ, ਭਗਤ ਕਬੀਰ ਜੀ,ਪੰਨਾ-873
23. ਉਹੀ, ਰਾਗ ਧਨਾਸਰੀ, ਮ.5,ਪੰਨਾ-674
24. ਉਹੀ, ਰਾਗ ਸਾਰੰਗ, ਮ.1, ਪੰਨਾ-1245
25. ਉਹੀ, ਰਾਗ ਰਾਮਕਲੀ, ਮ.1, ਪੰਨਾ-905
26. ਉਹੀ, ਸਲੋਕ ਸੇਖ ਫਰੀਦ ਜੀ, ਪੰਨਾ-1379

27. ਉਹੀ, ਰਾਗ ਰਾਮਕਲੀ, ਮ. 5, ਪੰਨਾ-890

28. ਉਹੀ, ਰਾਗ ਸਿਰੀਰਾਗੁ, ਮ.3, ਪੰਨਾ-69

29. ਉਹੀ, ਰਾਗ ਗਉੜੀ, ਮ.1,ਪੰਨਾ-243

30. ਉਹੀ,ਜਪੁ,ਮ.1, ਪੰਨਾ-2

31. ਉਹੀ, ਰਾਗ ਮਾਰੂ, ਮ.1,ਪੰਨਾ-1013

32. ਉਹੀ, ਰਾਗ ਰਾਮਕਲੀ,ਮ.5,ਪੰਨਾ-890

33. ਉਹੀ, ਰਾਗ ਸੋਰਠਿ, ਮ.5,ਪੰਨਾ-642

34. ਉਹੀ, ਰਾਗ ਗਉੜੀ, ਮ.1, ਪੰਨਾ-243

35. ਉਹੀ, ਰਾਗ ਮਾਰੂ, ਮ.1, ਪੰਨਾ-1012

36. ਉਹੀ, ਰਾਗ ਗਉੜੀ, ਮ.5,ਪੰਨਾ-216

37. ਉਹੀ, ਰਾਗ ਪ੍ਰਭਾਤੀ, ਮ.5, ਪੰਨਾ-1348

38. ਉਹੀ, ਰਾਗ ਆਸਾ, ਭਗਤ ਕਬੀਰ ਜੀ, ਪੰਨਾ-484

39. ਉਹੀ, ਰਾਗ ਪ੍ਰਭਾਤੀ, ਮ.1, ਪੰਨਾ-1328

40. ਉਹੀ, ਰਾਗ ਮਾਝ, ਮ.4, ਪੰਨਾ-140

41. ਉਹੀ, ਰਾਗ ਆਸਾ, ਮ.1,ਪੰਨਾ-437

42. ਉਹੀ, ਰਾਗ ਮਾਰੂ, ਮ.1, ਪੰਨਾ-1027

43. ਉਹੀ, ਰਾਗ ਆਸਾ, ਮ.5, ਪੰਨਾ-375

44. ਉਹੀ, ਰਾਗ ਰਾਮਕਲੀ, ਮ.1, ਪੰਨਾ-906

45. ਉਹੀ, ਰਾਗ ਧਨਾਸਰੀ, ਮ.1, ਪੰਨਾ-687

46. ਉਹੀ, ਰਾਗ ਭੈਰਉ, ਮ.5, ਪੰਨਾ-1136

47. ਉਹੀ, ਰਾਗ ਆਸਾ, ਮ.3, ਪੰਨਾ-363

48. ਉਹੀ, ਰਾਗ ਗੁਜਰੀ, ਮ.3 ਪੰਨਾ-510

49. ਉਹੀ, ਰਾਗ ਵਡਹੰਸ, ਮ.3, ਪੰਨਾ-587

50. ਉਹੀ, ਰਾਗ ਮਾਰੂ, ਮ.3, ਪੰਨਾ-1046

51. ਉਹੀ, ਰਾਗ ਮਾਝ, ਮ.3, ਪੰਨਾ-113

52. ਉਹੀ, ਰਾਗ ਮਾਰੂ, ਮ.1, ਪੰਨਾ-1043

53. ਉਹੀ, ਰਾਗ ਮਾਰੂ, ਮ.1, ਪੰਨਾ-1012

54. ਉਹੀ, ਰਾਗ ਗੁਜਰੀ, ਮ.4, ਪੰਨਾ-493

55. ਉਹੀ, ਸਵਈਏ, ਮ.4, ਪੰਨਾ-1396

56. ਉਹੀ, ਰਾਗ ਸੋਰਠਿ, ਮ5, ਪੰਨਾ-625

57. ਭਾਈ ਕਾਨ੍ਹ ਸਿੰਘ ਨਾਭਾ, ਗੁਰਮਤਿ ਪ੍ਰਭਾਕਰ, ਪੰਨਾ-244.

58. ਉਹੀ

59. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਮਾਝ,ਮ.1, ਪੰਨਾ-138

60. ਉਹੀ, ਰਾਗ ਗਉੜੀ, ਮ.3, ਪੰਨਾ-332

61. ਜਸਪਾਲ ਕੌਰ ਕਾਂਗ(ਡਾ.), ਬਲਜੀਤ ਕੌਰ, ਬਾਣੀ ਸੰਵੇਦਨਾ, ਪੰਨਾ-126

62. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਆਸਾ ਮ.1, ਪੰਨਾ-470

63. ਉਹੀ, ਰਾਗ ਬਿਹਾਗੜਾ,ਮ.3, ਪੰਨਾ-556

64. ਉਹੀ, ਰਾਗ ਆਸਾ,ਮ.1, ਪੰਨਾ-474

65. ਭਾਈ ਕਾਨ੍ਹ ਸਿੰਘ ਨਾਭਾ, ਗੁਰਮਤਿ ਪ੍ਰਭਾਕਰ, ਪੰਨਾ-107

66. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਗਉੜੀ,ਮ.3, ਪੰਨਾ-229

67. ਉਹੀ, ਰਾਗ ਆਸਾ, ਮ.1, ਪੰਨਾ-472

68. ਉਹੀ, ਰਾਗ ਗਉੜੀ ਅਤੇ ਸੋਰਠਿ, ਪੰਨਾ-331

69. ਉਹੀ, ਸਿਰੀਰਾਗੁ, ਮ.1, ਪੰਨਾ-15

70. ਉਹੀ,ਰਾਗ ਆਸਾ ਕਾਫੀ, ਮ.1, ਪੰਨਾ-418

71. ਉਹੀ, ਰਾਗ ਆਸਾ, ਮ.1,ਪੰਨਾ-358

72. ਉਹੀ, ਰਾਗ ਬਿਲਾਵਲ, ਮ.5, ਪੰਨਾ-821

73. ਉਹੀ, ਰਾਗ ਵਡਹੰਸ, ਮ.1, ਪੰਨਾ-566

74. ਉਹੀ, ਰਾਗ ਧਨਾਸਰੀ, ਮ.1, ਪੰਨਾ-688

75. ਉਹੀ, ਰਾਗ ਸੋਰਠਿ, ਮ. 5, ਪੰਨਾ-642

76. ਉਹੀ, ਰਾਗ ਸੋਰਠਿ, ਮ.1, ਪੰਨਾ-634

77. ਉਹੀ, ਰਾਗ ਬਸੰਤ, ਮ.1, ਪੰਨਾ-1190

78. ਭਾਈ ਕਾਨ੍ਹ ਸਿੰਘ ਨਾਭਾ, ਗੁਰਮਤਿ ਪ੍ਰਭਾਕਰ, ਪੰਨਾ-125

79. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਬਿਹਾਗੜਾ, ਮ.3, ਪੰਨਾ-553

80. ਉਹੀ, ਰਾਗ ਸੋਰਠਿ, ਮ.3, ਪੰਨਾ-603

81. ਭਾਈ ਕਾਨ੍ਹ ਸਿੰਘ ਨਾਭਾ, ਗੁਰਮਤਿ ਪ੍ਰਭਾਕਰ, ਪੰਨਾ-232

82. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਆਸਾ, ਮ.5, ਪੰਨਾ-400

83. ਭਾਈ ਕਾਨ੍ਹ ਸਿੰਘ ਨਾਭਾ, ਗੁਰਮਤਿ ਪ੍ਰਭਾਕਰ, ਪੰਨਾ-232-233

84. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਗਉੜੀ, ਮ.5, ਪੰਨਾ-197

85. ਭਾਈ ਕਾਨ੍ਹ ਸਿੰਘ ਨਾਭਾ, ਗੁਰਮਤਿ ਪ੍ਰਭਾਕਰ, ਪੰਨਾ-236

86. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਭੈਰਉ, ਮ.5, ਪੰਨਾ-1151

87. ਉਹੀ, ਰਾਗ ਰਾਮਕਲੀ, ਮ.5, ਪੰਨਾ-960

88. ਉਹੀ, ਰਾਗ ਸਾਰੰਗ, ਮ.1, ਪੰਨਾ-1240

89. ਉਹੀ

90. ਭਾਈ ਕਾਨ੍ਹ ਸਿੰਘ ਨਾਭਾ, ਗੁਰਮਤਿ ਪ੍ਰਭਾਕਰ, ਪੰਨਾ-249

91. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਸਿਰੀਰਾਗੁ, ਮ.1, ਪੰਨਾ-91

92. ਉਹੀ, ਰਾਗ ਆਸਾ, ਮ.1, ਪੰਨਾ-472

93. ਉਹੀ, ਰਾਗ ਬਿਲਾਵਲ, ਮ. 3, ਪੰਨਾ-842

94. ਉਹੀ, ਰਾਗ ਬਿਲਾਵਲ, ਮ.3, ਪੰਨਾ-841

95. ਉਹੀ, ਰਾਗ ਮਾਰੂ, ਮ.1, ਪੰਨਾ-1022

96. ਉਹੀ, ਸਿਰੀਰਾਗੁ, ਮ.1, ਪੰਨਾ-23

97. ਉਹੀ, ਰਾਗ ਆਸਾ, ਮ.1, ਪੰਨਾ-467

98. ਉਹੀ, ਰਾਗ ਮਾਰੂ, ਮ.1, ਪੰਨਾ-1024

99. ਉਹੀ, ਰਾਗ ਪ੍ਰਭਾਤੀ, ਮ.1, ਪੰਨਾ-1343

100. ਉਹੀ, ਰਾਗ ਮਾਰੂ, ਮ.1, ਪੰਨਾ-1013

101. ਉਹੀ, ਰਾਗ ਆਸਾ, ਮ.1, ਪੰਨਾ-412

102. ਉਹੀ, ਰਾਗ ਵਡਹੰਸ, ਮ.1, ਪੰਨਾ-566

103. ਉਹੀ, ਰਾਗ ਗਉੜੀ ਗੁਆਰੇਰੀ, ਮ.3, ਪੰਨਾ-162

104. ਉਹੀ, ਰਾਗ ਸਾਰੰਗ, ਮ.3, ਪੰਨਾ-1247

105. ਉਹੀ, ਰਾਗ ਸੋਰਠਿ, ਭਗਤ ਕਬੀਰ ਜੀ, ਪੰਨਾ-656

106. ਉਹੀ, ਜਪੁ, ਮ.1, ਪੰਨਾ-6

107. ਨਰਿੰਦਰ ਸਿੰਘ ਵਿਰਕ (ਡਾ.), ਨਾਮ ਸਿਮਰਨ ਅਤੇ ਮਾਨਵੀ ਸਰੋਕਾਰ, ਸਿੱਖ ਧਰਮ: ਮਾਨਵਵਾਦੀ ਪਰਿਪੇਖ, ਪੰਨਾ-111

108. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਗਉੜੀ, ਮ.5, ਪੰਨਾ-266

109. ਉਹੀ, ਰਾਗ ਸਿਰੀਰਾਗੁ, ਮ.3, ਪੰਨਾ-33

110. ਉਹੀ, ਰਾਗ ਵਡਹੰਸ, ਮ.3, ਪੰਨਾ-558

111. ਉਹੀ, ਰਾਗ ਬਿਹਾਗੜਾ, ਮ.3, ਪੰਨਾ-556

112. ਪਰਮਜੀਤ ਕੌਰ ਸਿੱਧੂ(ਡਾ), ਸਿੱਖ ਧਰਮ ਦਾ ਮਾਨਵਵਾਦੀ ਪਰਿਪੇਖ:ਤਰਕਯੁਕਤ ਸੰਵਾਦ, ਸਿੱਖ ਧਰਮ: ਮਾਨਵਵਾਦੀ ਪਰਿਪੇਖ, ਪੰਨਾ- 136

113. ਜਗਬੀਰ ਸਿੰਘ (ਡਾ.), ਮਾਨਵ-ਮੁਕਤੀ ਅਤੇ ਦਲਿਤ ਚੇਤਨਾ ਦਾ ਪ੍ਰਵਚਨ: ਗੁਰੂ ਗ੍ਰੰਥ ਸਾਹਿਬ, 15

114. ਸੁਤਿੰਦਰ ਸਿੰਘ ਨੂਰ, ੧ਓ ਦਾ ਸੰਕਲਪ, ਡਾ. ਜਸਬੀਰ ਕੌਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਿੰਨ ਪਰਿਪੇਖ, ਪੰਨਾ-31

115. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਆਸਾ, ਮ.2, ਪੰਨਾ-463

116. ਉਹੀ, ਰਾਗ ਧਨਾਸਰੀ,ਮ.1, ਪੰਨਾ-13

117. ਉਹੀ, ਰਾਗ ਰਾਮਕਲੀ, ਮ.1, ਪੰਨਾ-876

118. ਉਹੀ, ਰਾਗ ਗਉੜੀ, ਮ.5, ਪੰਨਾ-293

119. ਉਹੀ, ਰਾਗ ਗਉੜੀ, ਮ.5, ਪੰਨਾ-276

120. ਉਹੀ, ਰਾਗ ਰਾਮਕਲੀ, ਮ.5, ਪੰਨਾ-896

121. ਸ਼ੇਰ ਸਿੰਘ, ਅਕਾਲ ਪੁਰਖ, ਗੁਰਮਤਿ ਦਰਸ਼ਨ,ਪੰਨਾ 218-19

122. ਉਹੀ, ਰਾਗ ਰਾਮਕਲੀ, ਮ. 3, ਪੰਨਾ-922

123. ਉਹੀ, ਰਾਗ ਮਾਰੂ, ਮ.5, ਪੰਨਾ-1001

124. ਉਹੀ, ਰਾਗ ਗਉੜੀ, ਮ.1, ਪੰਨਾ-250

125. ਉਹੀ, ਰਾਗ ਮਾਰੂ, ਮ.5, ਪੰਨਾ-999

126. ਉਹੀ, ਰਾਗ ਪ੍ਰਭਾਤੀ, ਮ.1, ਪੰਨਾ-1343

127. ਉਹੀ, ਰਾਗ ਗਉੜੀ, ਮ.5, ਪੰਨਾ-294

128. ਉਹੀ, ਰਾਗ ਸੋਰਠਿ, ਮ.1, ਪੰਨਾ-597

129. ਉਹੀ, ਰਾਗ ਆਸਾ, ਮ.5, ਪੰਨਾ-685

130. ਉਹੀ, ਰਾਗ ਗੁਜਰੀ, ਮ.1, ਪੰਨਾ-505

131. ਉਹੀ, ਰਾਗ ਮਾਝ, ਮ.5, ਪੰਨਾ-102

132. ਉਹੀ, ਰਾਗ ਆਸਾ, ਮ.1, ਪੰਨਾ-463

133. ਉਹੀ, ਪੰਨਾ-ਪ੍ਰਿੰ.ਸ਼ੇਰ ਸਿੰਘ, ਗੁਰਮਤਿ ਪ੍ਰਕਾਸ਼, ਪੰਨਾ-263

134. ਉਹੀ, ਰਾਗ ਸਿਰੀਰਾਗੁ, ਮ.1,ਪੰਨਾ-23

135. ਉਹੀ, ਰਾਗ ਧਨਾਸਰੀ, ਮ.1, ਪੰਨਾ-13

136. ਉਹੀ, ਰਾਗ ਬਿਹਾਗੜਾ, ਮ.9, ਪੰਨਾ-537
137. ਉਹੀ, ਰਾਗ ਗੁਜਰੀ, ਮ.5, ਪੰਨਾ-507
138. ਉਹੀ, ਰਾਗ ਬਸੰਤ, ਮ.4, ਪੰਨਾ-1177
139. ਉਹੀ, ਰਾਗ ਦੇਵਗੰਧਾਰੀ, ਮ. 5, ਪੰਨਾ-535
140. ਉਹੀ, ਪੰਨਾ-535
141. ਉਹੀ, ਰਾਗ ਧਨਾਸਰੀ, ਮ.9, ਪੰਨਾ-684
142. ਉਹੀ, ਸਲੋਕ ਸੇਖ ਫਰੀਦ ਜੀ, ਪੰਨਾ-1384
143. ਉਹੀ, ਸਲੋਕ ਸੇਖ ਫਰੀਦ ਜੀ, ਪੰਨਾ-1352
144. ਉਹੀ, ਰਾਗ ਪ੍ਰਭਾਤੀ, ਭਗਤ ਕਬੀਰ ਜੀ, ਪੰਨਾ, 1349
145. ਗਣਪਤੀ ਚੰਦਰ ਗੁਪਤ, ਸਾਹਿਤਕ ਨਿਬੰਧ, ਪੰਨੇ 207-208
146. ਕੁਲਦੀਪ ਕੌਰ, ਭਗਤੀ ਧਾਰਾ ਦਾ ਵਿਕਾਸ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ, ਵਿਸਮਾਦ ਨਾਦ, ਜਨਵਰੀ 1994, ਅੰਕ 1 ਪੰਨਾ-189
147. ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਵਾਰਾਂ ਤੇ ਵਧੀਕ, ਮ.1, ਪੰਨਾ-1412
148. ਉਹੀ, ਰਾਗ ਸਿਰੀਰਾਗੁ ਮ.2, ਪੰਨਾ-83
149. ਉਹੀ, ਰਾਗ ਵਡਹੰਸ, ਮ.1, ਪੰਨਾ-558
150. ਉਹੀ, ਰਾਗ ਮਾਰੂ, ਮ.5, ਪੰਨਾ-1094
151. ਮਾਸਟਰ ਤਾਰਾ ਸਿੰਘ, ਭਗਤੀ, ਕਿਉ ਵਰਨੀ ਕਿਵ ਜਾਣਾ, ਪੰਨਾ-41
152. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ-148
153. ਵਧਾਵਾ ਸਿੰਘ, ਨਾਮ ਕੀ ਹੈ, ਪੰਨਾ 74
154. ਗੁਰਮੁੱਖ ਸਿੰਘ, ਸੁਖਮਨੀ: ਚਿੰਤਨ ਤੇ ਕਲਾ, ਪੰਨਾ40
155. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਸੂਹੀ, ਮ.5, ਪੰਨਾ-761
156. ਉਹੀ, ਰਾਗ ਗਉੜੀ, ਮ.5, ਪੰਨਾ-188
157. ਉਹੀ, ਸਲੋਕ ਭਗਤ ਕਬੀਰ ਜੀ, ਪੰਨਾ-1376
158. ਉਹੀ, ਰਾਗ ਗੁਜਰੀ, ਮ.5, ਪੰਨਾ-522
159. ਪੂਰਨ ਸਿੰਘ(ਪ੍ਰੋ.), ਸਪਿਰਟ ਆਫ ਸਿਖਜ਼, ਭਾਗ-2, ਪੰਨਾ 170
160. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਬੈਰਾੜੀ, ਮ.4, ਪੰਨਾ-720
161. ਉਹੀ, ਸਲੋਕ ਸੇਖ ਫਰੀਦ ਜੀ, ਪੰਨਾ-1378
162. ਉਹੀ, ਰਾਗ ਜੈਤਸਰੀ, ਮ.5, ਪੰਨਾ-702

163. ਉਹੀ, ਰਾਗ ਆਸਾ, ਸੇਖ ਫਰੀਦ ਜੀ, ਪੰਨਾ-488

164. ਉਹੀ, ਰਾਗ ਸੋਰਠਿ, ਭਗਤ ਰਵਿਦਾਸ ਜੀ, ਪੰਨਾ-658-59

165. ਉਹੀ, ਰਾਗ ਬੈਰਾੜੀ, ਮ.4, ਪੰਨਾ-720

166. ਉਹੀ, ਰਾਗ ਵਡਹੰਸ, ਮ.3, ਪੰਨਾ-588

167. ਉਹੀ, ਰਾਗ ਮਾਰੂ, ਮ.1, ਪੰਨਾ-1031

168. ਉਹੀ, ਸਲੋਕ ਵਾਰਾਂ ਤੇ ਵਧੀਕ, ਮ.4, ਪੰਨਾ-1421

169. ਉਹੀ, ਰਾਗ ਗਉੜੀ, ਮ.5, ਪੰਨਾ-198

170. ਉਹੀ, ਰਾਗ ਸੂਹੀ, ਮ.4, ਪੰਨਾ-757

171. ਉਹੀ, ਰਾਗ ਵਡਹੰਸ,ਮ.4, ਪੰਨਾ-560-61

172. ਉਹੀ, ਰਾਗ ਗਉੜੀ ਮਾਝ, ਮ.4, ਪੰਨਾ-301

173. ਭਾਈ ਗੁਰਦਾਸ ਦੀ ਵਾਰ 27, ਪਉੜੀ 4

174. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਸਿਰੀਰਾਗੁ, ਮ.1, ਪੰਨਾ-59-60

175. ਉਹੀ, ਰਾਗ ਭੈਰਉ, ਭਗਤ ਨਾਮਦੇਵ, ਪੰਨਾ-1164

176. ਉਹੀ, ਰਾਗ ਬਿਲਾਵਲ, ਮ.5, ਪੰਨਾ-807

177. The Complete works of Swami Vivekananda, edited Voliii, Calcutta, Advaita Ashram, 1960, p-79-187.

178. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-794

179. ਉਹੀ, ਸਲੋਕ ਸੇਖ ਫਰੀਦ ਜੀ, ਪੰਨਾ-1382

180. ਉਹੀ, ਰਾਗ ਗਉੜੀ, ਮ.3, ਪੰਨਾ-244

181. ਉਹੀ, ਰਾਗ ਮਾਰੂ, ਮ.5, ਪੰਨਾ-1094

182. ਉਹੀ, ਰਾਗ ਗੋਂਡ, ਭਗਤ ਨਾਮਦੇਵ ਜੀ, ਪੰਨਾ-874

183. ਉਹੀ, ਰਾਗ ਬਿਲਾਵਲ, ਮ.5, ਪੰਨਾ-827

184. ਉਹੀ, ਰਾਗ ਮਾਰੂ, ਮ.1, ਪੰਨਾ-993

185. ਉਹੀ, ਰਾਗ ਬਿਹਾਗੜਾ, ਮ.3. ਪੰਨਾ-13

186. ਉਹੀ, ਰਾਗ ਗੋਂਡ, ਮ.4, ਪੰਨਾ-861

187. ਉਹੀ, ਰਾਗ ਭੈਰਉ, ਭਗਤ ਨਾਮਦੇਵ ਜੀ, ਪੰਨਾ-1164

188. ਉਹੀ, ਰਾਗ ਧਨਾਸਰੀ, ਮ.1, ਪੰਨਾ-660

189. ਉਹੀ, ਰਾਗ ਸਿਰੀਰਾਗੁ, ਮ.5, ਪੰਨਾ-51

190. ਉਹੀ, ਸਲੋਕ ਸੇਖ ਫਰੀਦ ਜੀ, ਪੰਨਾ-1379

191. ਉਹੀ, ਰਾਗ ਵਡਹੰਸ, ਮ.1, ਪੰਨਾ-590

192. ਉਹੀ, ਰਾਗ ਧਨਾਸਰੀ, ਭਗਤ ਰਵਿਦਾਸ, ਪੰਨਾ-694

193. ਉਹੀ, ਰਾਗ ਗਉੜੀ, ਮ.4, ਪੰਨਾ-302

194. ਉਹੀ, ਰਾਗ ਸਾਰੰਗ, ਮ.4, ਪੰਨਾ-1199

195. ਪੂਰਨ ਸਿੰਘ, ਖੁਲ੍ਹੇ ਲੇਖ, ਲਾਹੌਰ ਬੁੱਕ ਸ਼ਾਪ, ਲੁਧਿਆਣਾ,1971,ਪੰਨਾ 37

196. ਜੋਧ ਸਿੰਘ(ਡਾ.), ਗਿਆਨ ਦਾ ਸੰਕਲਪ ਤੇ ਮਹੱਤਵ, ਰੂਪ ਸਿੰਘ, ਸਿੱਖ ਸੰਕਲਪ, ਸਿਧਾਂਤ ਤੇ ਸੰਸਥਾਵਾਂ, ਪੰਨਾ-74

197. ਇੰਦਰਜੀਤ ਸਿੰਘ ਵਾਸੂ, ਭਾਈਚਾਰਕ ਏਕਤਾ ਦਾ ਸਰੂਪ 'ਸ੍ਰੀ ਗੁਰੂ ਗ੍ਰੰਥ ਸਾਹਿਬ', ਵਿਸਮਾਦ ਨਾਦ, ਜਨਵਰੀ 1994

198. ਰਾਜਿੰਦਰ ਕੌਰ ਰਾਹੀ (ਡਾ.), ਸਿੱਖ ਨੈਤਿਕ ਵਿਵਹਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਆਤਮ ਤੇ ਵਿਵਹਾਰ, ਪੰਨਾ-131

199. ਪ੍ਰੀਤਮ ਸਿੰਘ, ਸਿੱਖ ਵਿਚਾਰਧਾਰਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰਨਾ 42

200. ਪ੍ਰੀਤਮ ਸਿੰਘ, ਸਿੱਖ ਧਰਮ'ਚ ਸਦਾਚਾਰ, ਰੂਪ ਸਿੰਘ (ਸੰਪਾਦਕ), ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ, ਪੰਨਾ- 129

201. ਉਹੀ

202. ਸੁਰਿੰਦਰ ਸਿੰਘ ਕੋਹਲੀ, ਗੁਰੂ ਨਾਨਕ ਦੀ ਸਦਾਚਾਰਕ ਨੀਤੀ, ਗੁਰੂ ਨਾਨਕ ਜੀਵਨ ਦਰਸ਼ਨ ਤੇ ਕਾਵਿ ਕਲਾ, ਪੰਨਾ-65

203. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਸਿਰੀਰਾਗੁ, ਮ.3, ਪੰਨਾ-67

204. ਉਹੀ, ਰਾਗ ਗਉੜੀ, ਮ.5, ਪੰਨਾ-281

205. ਉਹੀ

206. ਉਹੀ,ਜਪੁ, ਮ.1, ਪੰਨਾ-4

207. ਵਜੀਰ ਸਿੰਘ, ਧਰਮ ਦਾ ਦਾਰਸ਼ਨਿਕ ਪੱਖ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ-61

208. ਅਵਤਾਰ ਸਿੰਘ(ਡਾ.), ਐਥਿਕਸ ਆਫ ਦ ਸਿਖਸ, ਪੰਨਾ 26

209. ਹਰਮਿੰਦਰ ਸਿੰਘ ਬੇਦੀ, ਗੁਰਬਾਣੀ ਦਾ ਨੈਤਿਕ ਸ਼ਾਸਤਰ, ਵਿਸਮਾਦ ਨਾਦ, ਪੰਨਾ-367

210. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਸ੍ਰੀਰਾਗੁ, ਮ.1, ਪੰਨਾ-62.

211. ਉਹੀ, ਰਾਗ ਆਸਾ, ਮ.1, ਪੰਨਾ-468

212. ਉਹੀ, ਰਾਗ ਰਾਮਕਲੀ, ਮ.1, ਪੰਨਾ-951

213. ਸਰੂਪ ਸਿੰਘ ਅਲੱਗ(ਡਾ.), ਸੰਦੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-13
214. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਮਾਝ, ਮ.1, ਪੰਨਾ-141
215. ਉਹੀ, ਰਾਗ ਮਾਝ, ਮ.1, ਪੰਨਾ- 140
216. ਉਹੀ, ਰਾਗਸੋਰਠਿ, ਭਗਤ ਕਬੀਰ ਜੀ, ਪੰਨਾ-656
217. ਉਹੀ, ਰਾਗ ਮਾਰੂ, ਮ.5, ਪੰਨਾ-1084
218. ਉਹੀ, ਰਾਗ ਪ੍ਰਭਾਤੀ, ਭਗਤ ਕਬੀਰ ਜੀ, ਪੰਨਾ-1349
219. ਉਹੀ, ਰਾਗ ਸੋਰਠਿ, ਮ.5, ਪੰਨਾ-611
220. ਉਹੀ, ਰਾਗ ਮਾਝ, ਮ.1, ਪੰਨਾ-149
221. ਉਹੀ, ਰਾਗ ਸਿਰੀਰਾਗ, ਮ.1, ਪੰਨਾ-15
222. ਉਹੀ, ਰਾਗ ਗਉੜੀ, ਮ.5, ਪੰਨਾ-299
223. ਉਹੀ, ਰਾਗ ਆਸਾ, ਮ.1, ਪੰਨਾ-473
224. ਉਹੀ, ਪੰਨਾ-473
225. ਉਹੀ, ਰਾਗ ਧਨਾਸਰੀ, ਮ.1, ਪੰਨਾ-13
226. ਉਹੀ, ਸਲੋਕ ਸੇਖ ਫਰੀਦ ਜੀ, ਪੰਨਾ-1384
227. ਉਹੀ, ਪੰਨਾ-1378
228. ਉਹੀ, ਰਾਗ ਸਿਰੀਰਾਗ, ਮ.1, ਪੰਨਾ-26
229. ਉਹੀ, ਰਾਗ ਦੇਵਗੰਧਾਰੀ, ਮ.5, ਪੰਨਾ-533
230. ਉਹੀ, ਰਾਗ ਬਿਲਾਵਲ, ਮ.5, ਪੰਨਾ-815-816
231. ਉਹੀ, ਰਾਗ ਕਲਿਆਣ, ਮ.4 ਪੰਨਾ-1326
232. ਉਹੀ, ਰਾਗ ਗਉੜੀ, ਮ.5, ਪੰਨਾ-269
233. ਉਹੀ, ਰਾਗ ਮਾਝ, ਮ.3, ਪੰਨਾ-118
234. ਉਹੀ, ਰਾਗ ਭੈਰਉ, ਮ.5, ਪੰਨਾ-1151
235. ਉਹੀ, ਰਾਗ ਸੂਹੀ, ਮ.3, ਪੰਨਾ-755
236. ਉਹੀ, ਰਾਗ ਗਉੜੀ, ਭਗਤ ਕਬੀਰ ਜੀ, ਪੰਨਾ-339
237. ਉਹੀ, ਪੰਨਾ-339.
238. ਉਹੀ, ਰਾਗ ਆਸਾ, ਮ.5, ਪੰਨਾ-373
239. ਉਹੀ, ਰਾਗ ਗਉੜੀ, ਭਗਤ ਕਬੀਰ ਜੀ, ਪੰਨਾ-339
240 ਉਹੀ, ਰਾਗ ਮਾਝ, ਮ.3, ਪੰਨਾ-118

241 ਉਹੀ, ਰਾਗ ਆਸਾ, ਮ.5, ਪੰਨਾ-380

242 ਉਹੀ, ਰਾਗ ਗਉੜੀ, ਮ.5, ਪੰਨਾ-268-269

243 ਉਹੀ, ਰਾਗ ਗੋਂਡ, ਮ.5, ਪੰਨਾ-868-869

244 ਉਹੀ, ਸਲੋਕ ਭਗਤ ਕਬੀਰ ਜੀ, ਪੰਨਾ-1372

245 S.S. Kohli (Dr.), Outlines of Sikh thought, p.69

246 ਲਾਭ ਸਿੰਘ(ਡਾ.),, ਹਉਮੈ, ਰੂਪ ਸਿੰਘ (ਸੰਪਾਦਕ), ਸਿੱਖ ਸੰਕਲਪ, ਸਿਧਾਂਤ ਤੇ ਸੰਸਥਾਵਾਂ, ਪੰਨਾ-215 -216

247 ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਆਸਾ, ਮ.1, ਪੰਨਾ-470

248 ਉਹੀ, ਰਾਗ ਗਉੜੀ, ਮ.5, ਪੰਨਾ-266

249 ਉਹੀ, ਰਾਗ ਸੋਰਠਿ, ਮ.5, ਪੰਨਾ-614

250 ਉਹੀ, ਰਾਗ ਆਸਾ, ਮ.5, ਪੰਨਾ-379

251 ਉਹੀ, ਸਲੋਕ ਭਗਤ ਕਬੀਰ ਜੀ, ਪੰਨਾ-1364

252 ਉਹੀ, ਰਾਗ ਸੂਹੀ, ਮ.5, ਪੰਨਾ-745

253 ਉਹੀ, ਰਾਗ ਆਸਾ, ਮ.1, ਪੰਨਾ-470

254 ਉਹੀ, ਰਾਗ ਸਿਰੀਰਾਗੁ, ਮ. 5, ਪੰਨਾ-47

255 ਉਹੀ, ਰਾਗ ਰਾਮਕਲੀ, ਮ. 5, ਪੰਨਾ-898

256 ਉਹੀ, ਰਾਗ ਗਉੜੀ, ਮ. 5, ਪੰਨਾ-315

257 ਉਹੀ, ਰਾਗ ਮਾਰੂ, ਮ.5, ਪੰਨਾ-1086

258 ਭਾਈ ਗੁਰਦਾਸ ਦੀ ਵਾਰ, 35:8

259 ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਗਉੜੀ ਬੈਰਾਗਣਿ, ਮ.4, ਪੰਨਾ-167

260 ਉਹੀ, ਰਾਗ ਗਉੜੀ, ਮ.5, ਪੰਨਾ-261

261 ਉਹੀ, ਰਾਗ ਬਿਲਾਵਲ, ਮ. 4, ਪੰਨਾ-836

262 ਉਹੀ, ਰਾਗ ਸੂਹੀ, ਮ.1, ਪੰਨਾ-728

263 ਉਹੀ, ਰਾਗ ਆਸਾ, ਮ. 5, ਪੰਨਾ-386

264 ਉਹੀ, ਸਲੋਕ ਸੇਖ ਫਰੀਦ ਜੀ, ਪੰਨਾ-1378

265 ਉਹੀ, ਸਲੋਕ ਭਗਤ ਕਬੀਰ ਜੀ, ਪੰਨਾ-1372

266 ਉਹੀ, ਰਾਗ ਸਾਰੰਗ, ਮ.9, ਪੰਨਾ-1231

267 ਉਹੀ, ਰਾਗ ਗਉੜੀ, ਮ.5, ਪੰਨਾ-267

268 ਉਹੀ, ਸਲੋਕ ਸੇਖ ਫਰੀਦ ਜੀ, ਪੰਨਾ-1381

269 ਉਹੀ, ਪੰਨਾ-1380

270 ਉਹੀ, ਰਾਗ ਸਿਰੀਰਾਗੁ, ਮ.4, ਪੰਨਾ-39

271 ਉਹੀ, ਰਾਗ ਸਿਰੀਰਾਗੁ, ਮ.3, ਪੰਨਾ-66

272 ਉਹੀ, ਰਾਗ ਰਾਮਕਲੀ, ਬਲਵੰਡਿ ਤੇ ਸੱਤਾ ਜੀ, ਪੰਨਾ-968

273 ਉਹੀ, ਰਾਗ ਸੋਰਠਿ, ਮ.9, ਪੰਨਾ-633

274 ਉਹੀ, ਰਾਗ ਗੁਜਰੀ, ਭਗਤ ਨਾਮਦੇਵ ਜੀ, ਪੰਨਾ-525

275 ਉਹੀ, ਸਲੋਕ ਸੇਖ ਫਰੀਦ ਜੀ, ਪੰਨਾ-1379

276 ਉਹੀ, ਰਾਗ ਗਉੜੀ, ਮ.5, ਪੰਨਾ-279

277 ਉਹੀ, ਰਾਗ ਸੂਹੀ, ਮ.1, ਪੰਨਾ-764

278 ਉਹੀ, ਰਾਗ ਭੈਰਉ, ਭਗਤ ਨਾਮਦੇਵ ਜੀ, ਪੰਨਾ-1164

279 ਉਹੀ, ਸਲੋਕ ਵਾਰਾਂ ਤੇ ਵਧੀਕ, ਮ.3, ਪੰਨਾ-1413

280 ਉਹੀ, ਰਾਗ ਭੈਰਉ, ਭਗਤ ਨਾਮਦੇਵ ਜੀ, ਪੰਨਾ-1163

281 ਉਹੀ, ਰਾਗ ਗੋਂਡ, ਭਗਤ ਕਬੀਰ ਜੀ, ਪੰਨਾ-871

282 ਉਹੀ, ਰਾਗ ਸਿਰੀਰਾਗੁ, ਮ.3, ਪੰਨਾ-37

283 ਉਹੀ, ਰਾਗ ਸਿਰੀਰਾਗੁ, ਮ.1, ਪੰਨਾ-18

284 ਉਹੀ, ਰਾਗ ਆਸਾ ਮ.5, ਪੰਨਾ-403

285 ਉਹੀ, ਫੁਨਹੇ, ਮ.5, ਪੰਨਾ-1362

286 ਉਹੀ, ਰਾਗ ਸਿਰੀਰਾਗੁ, ਮ.1, ਪੰਨਾ-16

287 ਉਹੀ, ਰਾਗ ਆਸਾ, ਮ.1, ਪੰਨਾ-467

288 ਉਹੀ, ਸਲੋਕ ਭਗਤ ਕਬੀਰ ਜੀ, ਪੰਨਾ-1377

289 ਉਹੀ, ਰਾਗ ਬਿਹਾਗੜਾ, ਮ.3, ਪੰਨਾ-554

290 ਉਹੀ, ਰਾਗ ਬਿਹਾਗੜਾ, ਮ.3, ਪੰਨਾ-554

291 ਉਹੀ, ਰਾਗ ਆਸਾ, ਮ.5, ਪੰਨਾ-399

292 ਉਹੀ, ਰਾਗ ਮਲਾਰ, ਭਗਤ ਰਵਿਦਾਸ ਜੀ, ਪੰਨਾ-1293

293 ਉਹੀ, ਜਪੁ, ਮ.1, ਪੰਨਾ-8

294 ਉਹੀ, ਪੰਨਾ-3

295 ਉਹੀ, ਰਾਗ ਮਾਝ, ਮ.5, ਪੰਨਾ-136

296 ਉਹੀ, ਸਲੋਕ ਸੇਖ ਫਰੀਦ ਜੀ, ਪੰਨਾ-1380
297 ਉਹੀ, ਰਾਗ ਮਾਝ, ਮ.1, ਪੰਨਾ-142
298 ਉਹੀ, ਸਲੋਕ ਮ.9, ਪੰਨਾ-1427
299 ਉਹੀ, ਰਾਗ ਸਿਰੀਰਾਗੁ, ਮ.5, ਪੰਨਾ-50
300 ਉਹੀ, ਰਾਗ ਆਸਾ, ਸੇਖ ਫਰੀਦ ਜੀ, ਪੰਨਾ-48
301 ਉਹੀ, ਰਾਗ ਗੋਂਡ, ਭਗਤ ਕਬੀਰ ਜੀ, ਪੰਨਾ-870
302 ਉਹੀ, ਪੰਨਾ-870
303 ਜਗਬੀਰ ਸਿੰਘ, ਮੱਧਕਾਲੀ ਸ਼ਬਦ ਸਭਿਆਚਾਰ, ਪੰਨਾ-64
304 ਜਸਬੀਰ ਸਿੰਘ ਸਾਬਰ(ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਦਾਚਾਰ ਸ਼ਾਸਤਰ, ਡਾ. ਜਸਬੀਰ ਕੌਰ(ਸੰਪਾਦਕ), ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਿੰਨ ਪਰਿਪੇਖ, ਪੰਨਾ 138
305 ਮਨਜੀਤ ਕੌਰ(ਡਾ.), ਉੱਚਤਮ ਮਾਨਵੀ ਗੁਣ: ਕ੍ਰਿਤਗਯਾ, ਗੁਰਮਤਿ ਪ੍ਰਕਾਸ਼, ਮਾਰਚ2015, ਅੰਕ:12, ਪੰਨਾ-38
306 ਕਾਨ੍ਹ ਸਿੰਘ ਨਾਭਾ (ਭਾਈ), ਗੁਰਸ਼ਬਦ ਰਤਨਾਕਰ ਮਹਾਂਕੋਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 2006, ਪੰਨਾ 330
307 ਵੀਰ ਸਿੰਘ (ਭਾਈ), ਸ੍ਰੀ ਗੁਰੂ ਗ੍ਰੰਥ ਕੋਸ਼, ਖਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ, 1927, ਪੰਨਾ 33
308 ਅਨੂਪ ਸਿੰਘ (ਡਾ.), ਗੁਰਬਾਣੀ: ਕਿਰਤ ਦਾ ਸੰਕਲਪ, ਗੁਰਮਤਿ ਪ੍ਰਕਾਸ਼, ਮਈ 2009, ਅੰਕ 2, ਪੰਨਾ-72
309 ਕਬਿਤ ਭਾਈ ਗਰਦਾਸ ਜੀ, 376
310 ਭਾਈ ਗੁਰਦਾਸ ਦੀ ਵਾਰ 15: 5
311 ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਮਾਰੂ, ਮ.1, ਪੰਨਾ-1012.
312 ਉਹੀ, ਰਾਗ ਸਾਰੰਗ, ਮ.1, ਪੰਨਾ-1245.
313 ਉਹੀ, ਸਲੋਕ ਸੇਖ ਫਰੀਦ ਜੀ, ਪੰਨਾ-1380.
314 ਜਸਵੰਤ ਸਿੰਘ ਨੇਕੀ, ਗੁਰਮਤਿ ਮਨੋਵਿਗਿਆਨ, ਪੰਨਾ-153
315 ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਸਿਰੀਰਾਗੁ, ਮ.1, ਪੰਨਾ-15
316 ਉਹੀ, ਰਾਗ ਗਉੜੀ, ਮ.5, ਪੰਨਾ-276
317 ਉਹੀ,ਜਪੁ, ਮ.1, ਪੰਨਾ-7
318 ਉਹੀ, ਰਾਗ ਆਸਾ, ਮ.1, ਪੰਨਾ-414
319 ਹਰਿਭਜਨ ਸਿੰਘ (ਡਾ.), ਸਿੱਖ ਵਿਚਾਰਧਾਰਾ ਵਿਚ ਕਿਰਤ ਦੀ ਪਵਿੱਤਰਤਾ, ਗੁਰਮਤਿ ਪ੍ਰਕਾਸ਼,

ਮਈ 2015, ਅੰਕ-2, ਪੰਨਾ-15

320 ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਧਨਾਸਰੀ, ਮ.1, ਪੰਨਾ-663

321 ਉਹੀ, ਰਾਗ ਸੂਹੀ, ਮ.4, ਪੰਨਾ-734

322 ਉਹੀ, ਰਾਗ ਰਾਮਕਲੀ, ਮ.1 ਪੰਨਾ-878

323 ਉਹੀ, ਰਾਗ ਮਾਰੂ, ਮ.1, ਪੰਨਾ-1012

324 ਉਹੀ, ਰਾਗ ਰਾਮਕਲੀ, ਮ.1, ਪੰਨਾ-903

325 ਉਹੀ, ਰਾਗ ਸੋਰਠਿ, ਭਗਤ ਕਬੀਰ ਜੀ, ਪੰਨਾ-1375

326 ਉਹੀ, ਸਲੋਕ ਭਗਤ ਕਬੀਰ ਜੀ, ਪੰਨਾ-1376

327 ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ, ਪੰਨਾ 53

328 ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਗਉੜੀ, ਭਗਤ ਰਵਿਦਾਸ ਜੀ, ਪੰਨਾ-345

329 ਉਹੀ, ਰਾਗ ਆਸਾ, ਭਗਤ ਰਵਿਦਾਸ ਜੀ, ਪੰਨਾ-486

330 ਉਹੀ, ਸਲੋਕ ਭਗਤ ਕਬੀਰ ਜੀ, ਪੰਨਾ-1364

331 ਉਹੀ, ਰਾਗ ਗੁਜਰੀ, ਭਗਤ ਕਬੀਰ ਜੀ, ਪੰਨਾ-524

332 ਭਾਈ ਗੁਰਦਾਸ ਦੀ ਵਾਰ, 37:14

333 ਉਹੀ, 2: 18

334 ਉਹੀ, 15:3

335 ਉਹੀ, 1:6

336 ਉਹੀ, 20: 9

337 ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਬਿਲਾਵਲ, ਮ.5, ਪੰਨਾ-815

338 ਉਹੀ, ਰਾਗ ਗੁਜਰੀ, ਮ. 5, ਪੰਨਾ-522

339 ਉਹੀ, ਰਾਗ ਆਸਾ, ਮ.ਨਾਮਦੇਵ ਜੀ, ਪੰਨਾ-475

340 ਉਹੀ, ਰਾਗ ਆਸਾ, ਮ.2, ਪੰਨਾ-466-67

341 ਉਹੀ, ਰਾਗ ਮਾਝ, ਮ.1, ਪੰਨਾ-141

342 ਉਹੀ, ਪੰਨਾ-140

343 ਉਹੀ, ਰਾਗ ਸੋਰਠਿ, ਭਗਤ ਕਬੀਰ ਜੀ, ਪੰਨਾ-656

344 ਉਹੀ, ਰਾਗ ਸੋਰਠਿ, ਮ.9, ਪੰਨਾ-633

345 ਉਹੀ, ਰਾਗ ਸੋਰਠਿ, ਮ.9, ਪੰਨਾ-634

346 ਉਹੀ, ਰਾਗ ਗਉੜੀ, ਮ.5, ਪੰਨਾ-278

347 ਉਹੀ, ਰਾਗ ਆਸਾ, ਮ.1, ਪੰਨਾ-417

348 ਜਸਵੰਤ ਸਿੰਘ ਅਮਨ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਕਿਰਤ ਸੱਭਿਆਚਾਰ, ਗੁਰਮਤਿ ਪ੍ਰਕਾਸ਼, ਮਈ 2015, ਅੰਕ-2., ਪੰਨਾ-34

349 ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਸੋਰਠਿ, ਮ.1, ਪੰਨਾ-595

350 ਉਹੀ, ਰਾਗ ਸਿਰੀਰਾਗੁ, ਮ.1, ਪੰਨਾ-59

351 ਬਲਵਿੰਦਰਜੀਤ ਕੌਰ ਭੱਟੀ (ਡਾ.), ਗੁਰੂ ਗ੍ਰੰਥ ਸਾਹਿਬ ਵਿਚ ਕਿਰਤ-ਸਭਿਆਚਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਸਮਾਜਕ ਸਰੋਕਾਰ, ਪੰਨਾ- 93

352 ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਆਸਾ, ਮ.4, ਪੰਨਾ-451

353 ਅਨੂਪ ਸਿੰਘ(ਡਾ.), ਗੁਰਬਾਣੀ: ਕਿਰਤ ਦਾ ਸੰਕਲਪ, ਗੁਰਮਤਿ ਪ੍ਰਕਾਸ਼, ਮਈ 2009, ਅੰਕ 2, ਪੰਨਾ-76

354 ਹਰਿਭਜਨ ਸਿੰਘ (ਡਾ.), ਸਿੱਖ ਵਿਚਾਰਧਾਰਾ ਵਿਚ ਕਿਰਤ ਦੀ ਪਵਿੱਤਰਤਾ, ਗੁਰਮਤਿ ਪ੍ਰਕਾਸ਼, ਮਈ 2015, ਅੰਕ-2, ਪੰਨਾ-30

355 ਵਜੀਰ ਸਿੰਘ ਡਾ., ਹੁਕਮ ਦਾ ਸਿਧਾਂਤ, ਰੂਪ ਸਿੰਘ (ਸੰਪਾ), ਸਿੱਖ ਸੰਕਲਪ, ਸਿਧਾਂਤ ਤੇ ਸੰਸਥਾਵਾਂ, ਪੰਨਾ-343

356 ਉਦਰਿਤ

357 ਵਜੀਰ ਸਿੰਘ (ਡਾ.), ਹੁਕਮ ਦਾ ਸਿਧਾਂਤ, ਰੂਪ ਸਿੰਘ (ਸੰਪਾ), ਸਿੱਖ ਸੰਕਲਪ, ਸਿਧਾਂਤ ਤੇ ਸੰਸਥਾਵਾਂ, ਪੰਨਾ-343

358 ਸਰੂਪ ਸਿੰਘ ਅਲੱਗ (ਡਾ.), ਸਰਬ ਨਿਧਾਨ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-19

359 ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਮਾਰੂ,ਮ.3, ਪੰਨਾ-1059

360 ਉਹੀ, ਰਾਗ ਬਿਹਾਗੜਾ, ਮ.5, ਪੰਨਾ- 1346

361 ਉਹੀ, ਰਾਗ ਸਿਰੀਰਾਗੁ, ਮ.1, ਪੰਨਾ-74

362 ਉਹੀ, ਸਲੋਕ ਵਾਰਾਂ ਤੇ ਵਧੀਕ, ਪੰਨਾ-1420

363 ਉਹੀ, ਰਾਗ ਰਾਮਕਲੀ, ਮ.3, ਪੰਨਾ-948

364 ਉਹੀ, ਰਾਗ ਮਾਰੂ, ਮ.1, ਪੰਨਾ-1037

365 ਉਹੀ, ਜਪੁ, ਮ.1, ਪੰਨਾ-1

366 ਉਹੀ, ਰਾਗ ਗਉੜੀ, ਮ.5, ਪੰਨਾ-277

367 ਉਹੀ, ਪੰਨਾ-151

368 ਉਹੀ, ਰਾਗ ਤਿਲੰਗ, ਮ.4, ਪੰਨਾ-723

369 ਉਹੀ, ਜਪੁ, ਮ.1, ਪੰਨਾ-1

370 ਉਹੀ, ਰਾਗ ਧਨਾਸਰੀ, ਮ.1, ਪੰਨਾ-688

371 ਉਹੀ, ਰਾਗ ਸਿਰੀਰਾਗੁ, ਮ.3, ਪੰਨਾ-37

372 ਉਹੀ, ਰਾਗ ਸਿਰੀਰਾਗੁ, ਮ.3, ਪੰਨਾ-90

373 ਉਹੀ, ਰਾਗ ਆਸਾ, ਮ.1, ਪੰਨਾ-414

374 ਉਹੀ, ਰਾਗ ਮਾਰੂ, ਮ.3, ਪੰਨਾ-1092

375 ਉਹੀ, ਸਵਈਏ, ਮ.3, ਪੰਨਾ-1395

376 ਉਹੀ, ਰਾਗ ਸਿਰੀਰਾਗੁ, ਮ.1, ਪੰਨਾ-53

377 ਉਹੀ, ਰਾਗ ਮਾਝ, ਮ.3, ਪੰਨਾ-109

378 ਉਹੀ, ਰਾਗ ਮਾਝ, ਮ.3, ਪੰਨਾ-118

379 ਉਹੀ, ਰਾਗ ਮਾਝ, ਮ.3, ਪੰਨਾ-121

380 ਉਹੀ, ਰਾਗ ਆਸਾ, ਮ.2, ਪੰਨਾ-463

381 ਉਹੀ, ਪੰਨਾ-ਵਜੀਰ ਸਿੰਘ ਡਾ., ਹੁਕਮ ਦਾ ਸਿਧਾਂਤ, ਰੂਪ ਸਿੰਘ (ਸੰਪਾ), ਸਿੱਖ ਸੰਕਲਪ, ਸਿਧਾਂਤ ਤੇ ਸੰਸਥਾਵਾਂ, ਪੰਨਾ-346

382 ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਮਾਰੂ, ਮ.1, ਪੰਨਾ-992

383 ਉਹੀ, ਰਾਗ ਗਉੜੀ, ਮ.1, ਪੰਨਾ-227

384 ਉਹੀ, ਰਾਗ ਆਸਾ, ਮ.1, ਪੰਨਾ-421

385 ਉਹੀ, ਰਾਗ ਆਸਾ, ਮ.1, ਪੰਨਾ-471

386 ਉਹੀ, ਜਪੁ, ਮ.1, ਪੰਨਾ-1

387 ਉਹੀ, ਰਾਗ ਧਨਾਸਰੀ, ਮ.1, ਪੰਨਾ-661

388 ਉਹੀ, ਰਾਗ ਗਉੜੀ, ਮ.5, ਪੰਨਾ-260

389 ਉਹੀ, ਰਾਗ ਸੋਰਠਿ, ਮ.5, ਪੰਨਾ- 606

390 ਉਹੀ, ਰਾਗ ਸੋਰਠਿ, ਮ.1, ਪੰਨਾ-635

391 ਉਹੀ, ਰਾਗ ਮਾਰੂ, ਮ.3, ਪੰਨਾ-1051

392 ਉਹੀ, ਰਾਗ ਮਾਰੂ, ਮ.1, ਪੰਨਾ-1090

393 ਜਸਵੰਤ ਸਿੰਘ ਨੇਕੀ(ਡਾ.), ਭਾਣਾ ਮੰਨਣਾ, ਗੁਰਮਤਿ ਪ੍ਰਕਾਸ਼, 1977, ਅੰਕ-9,ਪੰਨਾ-24

394 ਤਰਲੋਕ ਸਿੰਘ ਕੰਵਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਹੁਕਮ' ਦਾ ਸੰਕਲਪ,ਸੁਤਿੰਦਰ ਸਿੰਘ ਨੂਰ, ਵਿਸਮਾਦ ਨਾਦ, ਪੰਨਾ-569

395 ਅਸ਼ੋਕ ਖੁਰਾਣਾ, ਮਾਨਵੀ ਸਮਾਜ-ਸਭਿਆਚਾਰ ਲਈ ਖੂਬਸੂਰਤ ਮਾਡਲ: ਗੁਰਮਤਿ ਕਾਵਿ, ਖੋਜ ਪਤ੍ਰਿਕਾ, ਗੁਰਨਾਇਬ ਸਿੰਘ (ਡਾ.) ਮੁੱਖ ਸੰਪਾਦਕ, ਪੰਨਾ-22

396 ਗੁਰਦੀਪ ਸਿੰਘ ਭੰਡਾਰੀ(ਡਾ.), ਗੁਰਮਤਿ ਕਾਵਿ ਵਿਚ ਧੁਰਿਕਰਮ ਦਾ ਸੰਕਲਪ, ਪ੍ਰੋ. ਰਤਨ ਸਿੰਘ ਜੱਗੀ, ਖੋਜ ਪਤ੍ਰਿਕਾ, ਗੁਰਮਤਿ ਕਾਵਿ ਅੰਕ, ਅੰਕ-26, ਪੰਨਾ-13

397 ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਸਫਾ 229

398 ਰਤਨ ਸਿੰਘ ਜੱਗੀ (ਡਾ.), ਗੁਰਮਤਿ ਅਤੇ ਸੇਵਾ, ਗੁਰਮਤਿ ਕਾਵਿ ਇੱਕ ਅਧਿਐਨ, ਸੰਪਾਦਕ, ਬਲਦੇਵ ਸਿੰਘ ਬੋਦਨ, ਰਜਿੰਦਰ ਸਿੰਘ, ਸਫਾ 229

399 ਗੁਰਬਚਨ ਸਿੰਘ ਤਾਲਿਬ, ਸਿੱਖ ਧਰਮ ਵਿਚ ਸੇਵਾ, ਸਿੱਖ ਚਿੰਤਨ ਅਨੁਸਾਰ ਸੇਵਾ ਦਾ ਸੰਕਲਪ, ਸੰਪਾਦਕ ਡਾ. ਗੁਰਨਾਮ ਕੌਰ, ਪੰਨਾ-31

400 ਲਘੂ ਹਿੰਦੀ ਸ਼ਬਦ ਸਾਗਰ, ਪੰਨਾ 1031

401 ਸ੍ਰੀ ਗ੍ਰੰਥ ਸਾਹਿਬ, ਏਕ ਸਾਂਸ ਕਤਿਕ ਸਰਵੇਖਸਣ, ਪੰਨਾ-618

402 ਗੁਰੂ ਨਾਨਕ ਤੇ ਨਿਰਗੁਣਧਾਰਾ, ਪੰਨਾ-255

403 ਗੁਰੂ ਨਾਨਕ ਸ਼ਬਦ ਰਤਨਾਕਰ, ਪੰਨਾ-9

404 ਪਰਮਵੀਰ ਸਿੰਘ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਧਾਰਮਿਕ ਸਹਿਣਸ਼ੀਲਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਚਿੰਤਨ ਅਤੇ ਵਿਚਾਰਧਾਰਾ, ਪੰਨਾ-138

405 V.K.Sinha (Ed.), Secularism in India, P.127

406 ਅਜੀਤ ਸਿੰਘ (ਡਾ.), ਸਹਿਣਸ਼ੀਲਤਾ,ਰੂਪ ਸਿੰਘ (ਸੰਪਾਦਕ), ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ, ਪੰਨਾ-181

407 ਪਰਮਵੀਰ ਸਿੰਘ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਧਾਰਮਿਕ ਸਹਿਣਸ਼ੀਲਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਚਿੰਤਨ ਅਤੇ ਵਿਚਾਰਧਾਰਾ, ਪੰਨਾ-130

408 ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਮਾਝ, ਮ.3, ਪੰਨਾ-110

409 ਉਹੀ, ਰਾਗ ਗਉੜੀ ਗੁਆਰੇਰੀ, ਪੰਨਾ-163

410 ਉਹੀ, ਰਾਗ ਗਉੜੀ ਗੁਆਰੇਰੀ, ਪੰਨਾ-176

411 ਉਹੀ, ਰਾਗ ਸਿਰੀਰਾਗ, ਮ.3, ਪੰਨਾ-86

412 ਉਹੀ, ਰਾਗ ਮਾਝ, ਮ.5, ਪੰਨਾ-101

413 ਉਹੀ, ਰਾਗ ਗੁਜਰੀ, ਮ.5, ਪੰਨਾ-518

414 ਉਹੀ, ਰਾਗ ਗਉੜੀ ਬੈਰਾਗਣਿ, ਮ.3, ਪੰਨਾ-233

415 ਉਹੀ, ਰਾਗ ਗੁਜਰੀ, ਮ.3, ਪੰਨਾ-491

416 Out line of Sikh Thought, p.89

417 ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਸਿਰੀ ਰਾਗ, ਮ.3, ਪੰਨਾ-90

418 ਉਹੀ, ਰਾਗ ਮਾਝ, ਮ. 3, ਪੰਨਾ-110

419 ਉਹੀ, ਰਾਗ ਸਿਰੀਰਾਗ, ਮ.1, ਪੰਨਾ-61

420 ਉਹੀ, ਰਾਗ ਸਿਰੀਰਾਗੁ, ਮ.3, ਪੰਨਾ-31

421 ਉਹੀ, ਰਾਗ ਸਿਰੀਰਾਗੁ, ਮ.3, ਪੰਨਾ-88

422 ਉਹੀ, ਰਾਗ ਮਾਝ, ਮ.5, ਪੰਨਾ-809

423 ਉਹੀ, ਰਾਗ ਸਿਰੀਰਾਗੁ, ਮ.3, ਪੰਨਾ-34

424 ਉਹੀ, ਰਾਗਧਨਾਸਰੀ, ਮ.5, ਪੰਨਾ-673

425 ਉਹੀ, ਰਾਗ ਬਿਲਾਵਲ, ਮ.5, ਪੰਨਾ-811

426 ਉਹੀ, ਰਾਗ ਆਸਾ, ਮ.5, ਪੰਨਾ-12

427 ਉਹੀ, ਰਾਗ ਸਿਰੀਰਾਗੁ, ਮ.5, ਪੰਨਾ-50

428 ਉਹੀ, ਰਾਗ ਗਉੜੀ ਬੈਰਾਗਣਿ, ਮ. 3, ਪੰਨਾ-164

429 ਉਹੀ, ਰਾਗ ਸੂਹੀ, ਮ.5, ਪੰਨਾ-742

430 ਉਹੀ, ਸਲੋਕ ਕਬੀਰ ਜੀ, ਪੰਨਾ-1374

431 ਉਹੀ, ਰਾਗ ਗਉੜੀ, ਮ.4, ਪੰਨਾ-303

432 ਉਹੀ, ਰਾਗ ਗਉੜੀ, ਮ.3, ਪੰਨਾ-314

433 ਉਹੀ, ਰਾਗ ਆਸਾ, ਮ.2, ਪੰਨਾ-474

434 ਤਾਰਨ ਸਿੰਘ(ਡਾ.), ਨਾਨਕ ਪ੍ਰਕਾਸ਼ ਪਤ੍ਰਿਕਾ, ਗੁਰੂ ਨਾਨਕ ਵਿਸ਼ੇਸ਼ ਅੰਕ, ਪੰਨਾ 94

435 ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਆਸਾ, ਮ.2, ਪੰਨਾ-466

436 ਉਹੀ, ਰਾਗ ਆਸਾ, ਮ.5, ਪੰਨਾ-391

437 ਪਰਮਵੀਰ ਸਿੰਘ(ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਧਾਰਮਿਕ ਸਹਿਣਸ਼ੀਲਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਚਿੰਤਨ ਅਤੇ ਵਿਚਾਰਧਾਰਾ, ਪੰਨਾ-107

438 ਭੁਪਿੰਦਰਪਾਲ ਸਿੰਘ, ਸੇਵਾ ਕਰਤ ਹੋਇ ਨਿਹਕਾਮੀ, ਗੁਰਮਤਿ ਪ੍ਰਕਾਸ਼, 2014, ਅੰਕ 6, ਪੰਨਾ-85

439 ਗੁਰਮੁੱਖ ਸਿੰਘ(ਡਾ.), ਗੁਰਮਤਿ ਕਾਵਿ ਵਿਚ ਸੇਵਾ ਦਾ ਮਹੱਤਵ, ਗੁਰਮਤਿ ਕਾਵਿ ਅੰਕ, ਖੋਜ ਪਤ੍ਰਿਕਾ, ਅੰਕ 26 ਪੰਨਾ-157

440 ਉਹੀ, ਰਾਗ ਗਉੜੀ, ਮ.5, ਪੰਨਾ-239-240

441 ਉਹੀ, ਰਾਗ ਸੋਰਠਿ, ਮ.3, ਪੰਨਾ-647

442 ਉਹੀ, ਰਾਗ ਸਾਰੰਗ, ਮ.1, ਪੰਨਾ-1245

443 ਉਹੀ, ਰਾਗ ਗਉੜੀ, ਮ.4, ਪੰਨਾ-307

444 ਉਹੀ, ਰਾਗ ਟੋਡੀ, ਮ.5, ਪੰਨਾ-713

445 ਉਹੀ, ਰਾਗ ਸੂਹੀ, ਮ.5, ਪੰਨਾ-738

446 ਉਹੀ, ਸਲੋਕ ਸੇਖ ਫਰੀਦ ਕੇ, ਪੰਨਾ-1380

447 ਉਹੀ, ਰਾਗ ਸਾਰੰਗ, ਮ.1, ਪੰਨਾ-1245

448 ਉਹੀ, ਰਾਗ ਬਿਲਾਵਲ, ਮ.5, ਪੰਨਾ-822

**ਅਧਿਆਇ- ਚੌਥਾ**

## 4.0 ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਮਾਨਵੀ ਆਦਰਸ਼:ਵਿਸ਼ਵੀ ਏਕਤਾ ਦੇ ਪ੍ਰਸੰਗ ਵਿਚ

4.1 ਧਾਰਮਿਕ ਸਹਿਣਸ਼ੀਲਤਾ

4.2 ਧਾਰਮਿਕ ਬਹੁਲਤਾਵਾਦ ਦੀ ਸਥਾਪਨਾ

4.3 ਅੰਤਰ-ਧਰਮ ਸੰਵਾਦ ਦੀ ਸਥਾਪਨਾ

4.4 ਬਹੁ-ਸਭਿਆਚਾਰਕ ਸਮਾਜ ਦੀ ਸਥਾਪਨਾ

4.5 ਵਿਸ਼ਵ-ਭਾਈਚਾਰਾ ਅਤੇ ਵਿਸ਼ਵ-ਸ਼ਾਂਤੀ ਦੇ ਮਾਡਲ

## ਅਧਿਆਇ- ਚੌਥਾ

# 4.0 ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਮਾਨਵੀ ਆਦਰਸ਼:ਵਿਸ਼ਵੀ ਏਕਤਾ ਦੇ ਪ੍ਰਸੰਗ ਵਿਚ

ਖੋਜ-ਕਾਰਜ ਦੇ ਪਹਿਲੇ ਅਤੇ ਦੂਸਰੇ ਅਧਿਆਇ ਵਿਚ ਅਸੀਂ ਮੂਲ ਵਿਸ਼ੇ ਦੀ ਭੂਮਿਕਾ, ਉਦੇਸ਼ ਅਤੇ ਖੋਜ-ਵਿਧੀ ਦਾ ਵਿਵਰਣ ਕਰਦੇ ਹੋਏ ਹੁਣ ਤੱਕ ਹੋਏ ਪੂਰਵ ਖੋਜ ਕਾਰਜ ਦਾ ਵਿਸ਼ਲੇਸ਼ਣ ਤੇ ਮੁਲਾਂਕਣ ਕੀਤਾ ਅਤੇ ਵਿਭਿੰਨ ਧਰਮਾਂ ਦੇ ਸੰਦਰਭ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਲੱਖਣਤਾ ਬਾਰੇ ਵਿਚਾਰ ਕਰਦਿਆਂ ਇਸ ਤੱਥ ਤੇ ਪਹੁੰਚੇ ਕਿ ਇਹ ਗ੍ਰੰਥ ਇਕ ਅਜਿਹੀ ਟੈਕਸਟ ਦੇ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ, ਜਿਸ ਵਿਚਲੀ ਜਿੱਥੇ ਅਧਿਆਤਮਕਤਾ ਆਪਣੇ ਸਿਖ਼ਰ ’ਤੇ ਹੈ ਉੱਥੇ ਨਾਲ ਹੀ ਇਸ ਵਿਚ ਸਭਿਆਚਾਰਕ ਨਿਰਮਾਣ ਦੀ ਪ੍ਰਕਿਰਿਆ ਵੀ ਨਿਰੰਤਰ ਚਲਦੀ ਹੈ। ਇਸ ਦੀ ਸਿਰਜਨਾਤਮਕਤ ਵਿਲੱਖਣਤਾ ਮੱਧਕਾਲੀਨ ਭਾਰਤ ਦੇ ਵਿਭਿੰਨ ਕੌਮਾਂ, ਜਾਤੀਆਂ, ਖਿੱਤਿਆਂ, ਧਰਮਾਂ ਨਾਲ ਸੰਬੰਧਿਤ ਕ੍ਰਾਂਤੀਕਾਰੀ ਧਰਮ-ਪ੍ਰਵਰਤਕ ਬਾਣੀਕਾਰਾਂ ਨਾਲ ਹੈ ਜਿਨ੍ਹਾਂ ਨੇ ਆਪਣੇ ਸਮਾਜ-ਸਭਿਆਚਾਰਕ ਪ੍ਰਬੰਧਕੀ ਸਮਾਜ ਨਾਲ ਸੰਵਾਦ ਕਰਦਿਆਂ, ਵੇਲੇ ਦੇ ਸਮਾਜਕ ਅਤੇ ਸਭਿਆਚਾਰਕ ਜੀਵਨ ਵਿਚ ਨਵ-ਜਾਗ੍ਰਿਤੀ ਦੀ ਨਿਸ਼ਾਨਦੇਹੀ ਕੀਤੀ ਅਤੇ ਇਸ ਬਹੁ-ਦਿਸ਼ਾਵੀ ਅਤੇ ਬਹੁ-ਭਾਂਤੀ ਗਿਆਨ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਸੁਰੱਖਿਅਤ ਕੀਤਾ। ਖੋਜ-ਕਾਰਜ ਦੇ ਤੀਸਰੇ ਅਧਿਆਇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਚੋਣਵੇਂ ਮਾਨਵੀ ਆਦਰਸ਼ਾਂ ਦੀ ਵਿਸ਼ਵੀ ਪ੍ਰਾਸੰਗਿਕਤਾ ਨੂੰ ਸਥਾਪਤ ਕਰਨ ਦਾ ਯਤਨ ਕੀਤਾ ਗਿਆ ਹੈ। ਖੋਜ-ਕਾਰਜ ਦੇ ਚੌਥੇ ਅਧਿਆਇ ‘ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਮਾਨਵੀ ਆਦਰਸ਼: ਵਿਸ਼ਵੀ ਏਕਤਾ ਦੇ ਪ੍ਰਸੰਗ ਵਿਚ’ ਉਨਾਂ ਆਦਰਸ਼ਾਂ ਨੂੰ ਸੂਤਰਬੱਧ ਕਰਨ ਦਾ ਯਤਨ ਹੈ ਜੋ ਵਿਸ਼ਵ-ਸ਼ਾਂਤੀ ਨੂੰ ਸਥਾਪਿਤ ਕਰਨ ਵਿਚ ਸਹਾਈ ਹੁੰਦੇ ਹਨ। ਅੱਜ ਵਿਸ਼ਵ ਪੱਧਰ ਉੱਤੇ ਦਹਿਸ਼ਤਗਰਦ ਤੇ ਆਤੰਕਵਾਦੀ ਗਤੀਵਿਧੀਆਂ ਦਾ ਵਾਤਾਵਰਨ ਮੰਡਰਾ ਰਿਹਾ ਹੈ। ਧਾਰਮਿਕ ਅਸਹਿਣਸ਼ੀਲਤਾ ਦੇ ਇਸ ਦੌਰ ਵਿਚ ਸਾਰਾ ਸੰਸਾਰ ਬਾਰੂਦ ਦੇ ਢੇਰ ਤੇ ਬੈਠਾ ਹੈ। ਵਿਸ਼ਵੀਕਰਨ ਜਾਂ ਭੂਗੋਲੀਕਰਨ (ਗਲੋਬਲ ਵਿਲੇਜ) ਵਿਚ ਵਿਭਿੰਨ ਧਰਮਾਂ, ਜਾਤਾਂ, ਨਸਲਾਂ, ਦੇਸ਼ਾਂ, ਭਾਸ਼ਾਵਾਂ ਦੇ ਲੋਕ ਇੱਕਠੇ ਵਿਚਰਦੇ ਹਨ ਪਰ ਅਸਲ ਵਿਚ ਧਾਰਮਿਕ ਅਸਹਿਣਸ਼ੀਲਤਾ ਦੇ ਕਰਕੇ ਵਿਭਿੰਨ ਧਰਮਾਂ ਤੇ ਫ਼ਿਰਕਿਆਂ ਵਿਚ ਟਕਰਾਉ ਤੇ ਤਣਾਉ ਵੱਧਦਾ ਜਾ ਰਿਹਾ ਹੈ। ਅਜਿਹੀ ਸੰਕਟਕਾਲੀਨ ਸਥਿਤੀਆਂ ਦੇ ਅੰਤ ਲਈ ਜਿੱਥੇ ਵਿਸ਼ਵੀ ਪੱਧਰ ਤੇ ਯੂ. ਐਨ. ਓ. ਵਰਗੀਆਂ ਸੰਸਥਾਵਾਂ ਪ੍ਰਯਤਨਸ਼ੀਲ ਅਤੇ ਅਗਰਸਰ ਹਨ ਉੱਥੇ ਵਿਭਿੰਨ ਸਮਾਜਕ-ਧਾਰਮਿਕ ਸੰਗਠਨ ਪਰਸਪਰ ਸਹਿਚਾਰ ਦੀ ਪਾਲਣਾ ਤੇ ਜ਼ੋਰ ਦਿੰਦੇ ਹਨ। ਇਸ ਅਧਿਆਇ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਇਸ ਸੰਬੰਧੀ ਉਚੇਚੇ ਤੇ ਯੋਗ ਆਦਰਸ਼ਾਂ ਦਾ ਅਧਿਐਨ ਕਰਨ ਦਾ ਯਤਨ ਹੈ ਕਿ ਕਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਧਾਰਮਿਕ ਸਹਿਣਸ਼ੀਲਤਾ ਦੇ ਅੰਤਰਗਤ ‘ਸਰਬਤ ਦੇ ਭਲੇ’ ਦਾ ਸੰਚਾਰ ਕਰਦੀ ਹੋਈ ਧਾਰਮਿਕ ਬਹੁਲਤਾਵਾਦ ਦੀ ਭਾਵਨਾ ਨਾਲ ਵਿਭਿੰਨ ਧਰਮਾਂ ਨੂੰ ਇਕ ਪਲੇਟਫਾਰਮ ਤੇ ਖੜਾ ਕਰਕੇ ਧਾਰਮਿਕ ਅੰਤਰ-ਸੰਵਾਦ ਸਿਰਜਦੀ ਹੋਈ ਬਹੁ-ਸਭਿਆਚਾਰਕ ਸਮਾਜ ਦੀ ਹੋਂਦ ਤੇ ਜ਼ੋਰ ਦਿੰਦੀ ਹੈ। ਇਸ ਟੈਕਸਟ ਵਿਚ ਉਨ੍ਹਾਂ ਤੱਤਾਂ ਦੀ ਭਾਲ ਹੈ ਜੋ ਵਿਸ਼ਵ-ਭਾਈਚਾਰਾ ਦਾ ਨਿਰਮਾਣ ਕਰਨ ਵਿਚ ਪ੍ਰਾਸੰਗਿਕ ਹਨ ਅਤੇ ਸਦੀਵੀ ਸ਼ਾਂਤੀ ਨੂੰ ਸਥਾਪਿਤ ਕਰਨ ਲਈ ਸਹਾਇਕ ਹਨ। ਗੁਰਬਾਣੀ ਵਿਚ ਏਕਤਾ ਅਤੇ ਸਾਂਝੀਵਾਲਤਾ ਦੇ ਸਹੀ ਅਰਥਾਂ ਨੂੰ ਸਮਝਣ ਲਈ ਇਸ ਵਿਚ ਪੇਸ਼

'ਅਨੇਕਤਾ ਵਿਚ ਏਕਤਾ' ਦੇ ਪ੍ਰਸੰਗਾਂ ਦਾ ਵਿਸ਼ਲੇਸ਼ਣ ਕੀਤਾ ਹੈ ਕਿ ਕਿਸ ਤਰ੍ਹਾਂ ਇਹ ਫ਼ਿਲਾਸਫ਼ੀ ਸਹਿਹੋਂਦ ਅਤੇ ਸਹਿਯੋਗ ਦੇ ਸਿਧਾਂਤਾਂ ਰਾਹੀਂ ਸਮਾਨਤਾ ਦਾ ਬੋਧ ਕਰਵਾਉਂਦੀ ਵਿਸ਼ਵੀ ਭਾਈਚਾਰੇ ਨੂੰ ਨਰੋਈਆਂ ਲੀਹਾਂ ਉੱਤੇ ਉਸਾਰਨ ਲਈ ਕ੍ਰਾਂਤੀਕਾਰੀ ਅਤੇ ਮਾਨਵ-ਹਿਤਕਾਰੀ ਵਿਸ਼ਵ-ਦ੍ਰਿਸ਼ਟੀ ਪ੍ਰਦਾਨ ਕਰਦੀ ਹੈ। ਇਸਦੇ ਸਿਰਜਿਤ ਸੰਵਾਦ ਵਿੱਚ ਪ੍ਰਸਤੁਤ ਵਿਸ਼ਵ-ਚੇਤਨਾ ਅਤੇ ਚਿੰਤਨ ਅਜੋਕੀਆਂ ਵਰਤਮਾਨ ਸਮਾਜਕ ਤੇ ਸਭਿਆਚਾਰਕ ਪਰੰਪਰਾਵਾਂ ਨੂੰ ਐਸੀਆਂ ਅੰਤਰ-ਦ੍ਰਿਸ਼ਟੀਆਂ ਪ੍ਰਦਾਨ ਕਰ ਸਕਣ ਦੀ ਸਮਰੱਥਾ ਰੱਖਦਾ ਹੈ ਜੋ ਵਿਸ਼ਵ-ਏਕਤਾ ਅਤੇ ਵਿਸ਼ਵ-ਭਾਈਚਾਰੇ ਨੂੰ ਸਥਾਪਤ ਕਰ ਸਕਣ ਦੇ ਯੋਗ ਹਨ।

### 4.1 ਧਾਰਮਿਕ ਸਹਿਣਸ਼ੀਲਤਾ:

ਧਰਮ ਜੀਵਨ ਦਾ ਇਕ ਅਜਿਹਾ ਆਦਰਸ਼ ਹੈ ਜੋ ਮਨੁੱਖ ਦੇ ਉਚੇਰੇ ਤੇ ਸੂਖ਼ਮ ਭਾਵਾਂ ਦੀ ਤਰਜਮਾਨੀ ਕਰਦਿਆਂ, ਉਸਦੇ ਲੋਕ ਤੇ ਪਰਲੋਕ, ਵਰਤਮਾਨ ਤੇ ਭਵਿੱਖ ਦੀ ਬੁਨਿਆਦ ਨੂੰ ਨਿਰਧਾਰਿਤ ਕਰਦਿਆਂ ਸੁੱਖ ਅਤੇ ਸ਼ਾਂਤੀ ਦੀ ਸਥਾਪਨਾ ਕਰਦਾ ਹੈ। ਧਰਮ ਮਨੁੱਖਾ ਜੀਵਨ ਅਤੇ ਆਚਰਣ ਨੂੰ ਆਦਰਸ਼ਕ ਬਣਾਉਣ ਦੀ ਜਾਚ ਹੈ ਜੋ ਸ਼ਰਧਾ, ਪਿਆਰ, ਭਰੋਸੇ, ਨਿਸਚੇ, ਬੁੱਧੀ ਤੇ ਵਿਵੇਕ ਆਦਿ ਨੂੰ ਆਪਣੇ ਕਲੇਵਰ ਵਿਚ ਸਮਾਉਂਦਾ ਹੋਇਆ ਉਸ ਸਰਬ-ਸਮਰੱਥ ਤੇ ਸਰਵ-ਵਿਆਪਕ ਪਰਮ-ਸੱਤਾ ਦੇ ਸਤਿ ਦੀ ਖੋਜ ਅਤੇ ਉਸ ਨਾਲ ਅਭੇਦਤਾ ਦੀ ਸਾਂਝ ਨੂੰ ਪ੍ਰਗਟਾਉਂਦਾ ਹੈ। ਧਰਮ ਵਿਸ਼ਵ-ਵਿਆਪੀ ਅਨੰਤ ਅਮਿੱਟ ਸ਼ਕਤੀ ਦਾ ਪ੍ਰਗਟਾਵਾ ਹੈ। 'ਧਰਮ ਮਨੁੱਖੀ ਚੇਤਨਾ, ਅਵਚੇਤਨਾ ਨਾਲ ਜੁੜੀ ਅਜਿਹੀ ਮਾਨਸਿਕ ਅਭਿਵਿਅਕਤੀ ਹੈ, ਜੋ ਕਿਸੇ ਨਾ ਕਿਸੇ ਅਲੌਕਿਕ, ਸਰਬ-ਸ਼ਕਤੀਸ਼ਾਲੀ, ਸਰਬ ਵਿਆਪਕ ਹੋਂਦ ਪ੍ਰਤੀ ਵਿਸ਼ਵਾਸ ਅਤੇ ਅਨੁਭਵਤਾ ਦਾ ਪ੍ਰਗਟਾਅ ਕਰਦੀ ਹੈ। ਧਰਮ ਗ੍ਰੰਥਾਂ ਵਿਚ ਅੰਕਿਤ ਅਜਿਹੀ ਅਨੁਭੂਤੀ ਇਲਹਾਮੀ ਸੰਦੇਸ਼ ਨੂੰ ਗ੍ਰਹਿਣ ਕਰਨ ਨਾਲ ਜੁੜੀ ਗਿਆਨ ਮੀਮਾਂਸਕ ਪ੍ਰਤੀਤੀ ਦੀ ਵੀ ਪੁਸ਼ਤਗੀ ਕਰਦੀ ਹੈ, ਜੋ ਜਗਤ ਅਤੇ ਜੀਵਨ ਦੇ ਸਾਰ-ਤੱਤ ਦੀ ਬੌਧਿਕ ਵਿਆਖਿਆ/ਵਰਣਨ ਨੂੰ ਦ੍ਰਿੜ ਕਰਵਾਉਂਦੀ ਹੈ। ਇਸ ਦੇ ਨਾਲ ਹੀ ਧਰਮ ਬੁੱਧੀ ਦੇ ਸੀਮਿਤ ਘੇਰੇ ਤੋਂ ਪਾਰ ਕਿਤੇ ਵੱਧ ਵਿਆਪਕ, ਵਿਸ਼ਾਲ, ਅਗੰਮੀ ਸੂਝ ਅਤੇ ਰਹੱਸਾਤਮਕਤਾ ਵੀ ਹੈ। ਧਰਮ ਅਜਿਹੀ ਜੀਵਨ ਜਾਚ ਹੈ, ਜੋ ਮਨੁੱਖ ਦੇ ਬਾਹਰੀ ਭੇਖ ਨੂੰ ਸੁਹਜ, ਸੁੰਦਰਤਾ ਓਤੇ ਆਚਾਰ-ਤੱਤ ਨਾਲ ਜੋੜ ਕੇ ਸਫ਼ਲ ਸਮਾਜਕ ਜੀਵਨ ਅਤੇ ਸੰਪੂਰਨਤਾ ਪ੍ਰਦਾਨ ਕਰਦੀ ਹੈ। ਇਸ ਲਈ ਧਰਮ ਮਨੁੱਖੀ ਜੀਵਨ ਨਾਲ ਜੁੜਿਆ ਵਿਆਪਕ ਪ੍ਰਪੰਚ (Phenomenon) ਹੈ।'[1] ਧਰਮ ਦੀ ਸ੍ਰੇਸ਼ਟਤਾ ਦਾ ਲੱਛਣ ਹੈ ਹਉਮੈ ਰਹਿਤ ਸਰਵਵਿਆਪਕ ਨਾਲ ਜੁੜਨਾ ਅਤੇ ਨਿਰਮਲ ਕਰਮ ਕਰਨਾ। ਧਰਮ ਵਿਸ਼ਵ ਦਾ ਮੂਲ ਤੱਤ ਜਾਂ ਆਧਾਰ ਹੈ। ਧਰਮ ਕੇਵਲ ਮਨੁੱਖ ਅਤੇ ਪਰਮਾਤਮਾ ਵਿਚਲੇ ਸੰਬੰਧਾਂ ਦੀ ਨਿਸ਼ਾਨਦੇਹੀ ਹੀ ਨਹੀਂ ਕਰਦਾ, ਸਗੋਂ ਮਨੁੱਖ ਨੂੰ ਮਨੁੱਖ ਦੇ ਆਪਸੀ ਭਰਾਤਰੀ ਭਾਵਾਂ ਨਾਲ ਲਬਰੇਜ਼ ਵੀ ਕਰਦਾ ਹੈ।

18ਵੀਂ ਸਦੀ ਦੇ ਵਿਚ ਯੂਰਪ ਵਿਚ ਆਈ ਹੋਈ ਬੌਧਿਕ ਜਾਗ੍ਰਿਤੀ-ਲਹਿਰ (enlightenment movement) ਨੇ ਧਰਮ ਦੇ ਮੁਹਾਂਦਰੇ ਨੂੰ ਵਿਗਿਆਨਕ ਤੇ ਤਰਕਸ਼ੀਲਤਾ ਦੇ ਪਰਿਪੇਖ ਵਿਚ ਵਿਚਾਰਨ ਦਾ ਪ੍ਰਯਤਨ ਕੀਤਾ। ਜਿਸ ਦੇ ਫਲਸਰੂਪ ਉਨ੍ਹਾਂ ਨੇ ਧਰਮ ਦੇ ਦਾਇਰੇ ਵਿਚੋਂ ਅੰਧ-ਵਿਸ਼ਵਾਸ, ਵਹਿਮ-ਭਰਮ, ਪਰਾਭੌਤਿਕਤਾ ਅਤੇ ਮਿੱਥ ਨੂੰ ਨਕਾਰਦਿਆਂ ਇਸਦੇ ਮਾਨਵ-ਹਿਤਕਾਰੀ ਸਦਾਚਾਰ ਸਰੂਪ ਨੂੰ ਪੇਸ਼ ਕਰਨ ਦੀ ਨਵੀਂ ਅੰਤਰਦ੍ਰਿਸ਼ਟੀ ਪੇਸ਼ ਕੀਤੀ ਜੋ 'ਪਰਲੋਕ' ਨਾਲੋਂ 'ਲੋਕ' ਦੇ ਮਸਲਿਆਂ ਨੂੰ ਤਰਜੀਹ ਦਿੰਦੀ ਹੈ। ਧਰਮ ਸ਼ਾਸਤਰ ਦਾ ਇਹ ਨਵਾਂ ਸੰਕਲਪ 'ਪ੍ਰਾਸੰਗਿਕ ਧਰਮ-ਸ਼ਾਸਤਰ'

Contextual Theology ਵਿਰਸੇ ਨੂੰ ਵਰਤਮਾਨ ਵਿਚ ਸਾਰਥਿਕ ਬਣਾਉਣ ਦੀ ਚੇਤਨਾ ਦੇ ਅਧੀਨ ਵਿਕਸਿਤ ਹੋਇਆ ਹੈ ਜਿਸ ਦੇ ਅੰਤਰਗਤ ਮਨੁੱਖੀ ਸਮਾਜ ਅਤੇ ਯਥਾਰਥ ਦੇ ਸੰਬੰਧਾਂ ਨੂੰ ਨਵੀਨ ਗਿਆਨ ਸ਼ਾਸਤਰੀ ਚਿੰਤਨ ਵਿਧੀ ਦੁਆਰਾ ਸਥਾਪਿਤ ਕਰਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ।

ਐਲਬਰਟ ਆਈਨਸਟਾਈਨ ਨੇ ਇਸੇ ਆਧਾਰ ਤੇ ਧਰਮ ਦੇ ਸਰੂਪ ਸੰਬੰਧੀ ਨੁਕਤਾ ਪੇਸ਼ ਕੀਤਾ ਹੈ-

"...science without religion is lame; religion without science is blind."[2]

ਭਾਵ ਧਰਮ ਤੋਂ ਬਿਨਾ ਵਿਗਿਆਨ ਅਸੰਤੋਖਜਨਕ ਹੈ; ਵਿਗਿਆਨ ਤੋਂ ਬਗੈਰ ਧਰਮ ਅਗਿਆਨ ਜਾਂ ਬੇਸਮਝ ਹੈ।

ਇਸ ਤਰ੍ਹਾਂ ਐਨ ਐਮਰਸਨ ਨੇ ਧਰਮ ਬਾਰੇ ਸਪਸ਼ਟੀਕਰਨ ਦਿੰਦੇ ਹੋਏ ਦੱਸਿਆ-

"The essences of all religions speak of peace, compassion, justice and the interconnection of all life." [3]

ਭਾਵ ਸਾਰੇ ਧਰਮਾਂ ਦਾ ਸਾਰ ਜਾਂ ਮੂਲ ਤੱਤ ਉਸਦਾ ਜਿੰਦਗੀ ਵਿਚਲੀਆਂ ਸ਼ਾਂਤੀ, ਦਇਆ, ਨਿਆਂਇਕ ਸਥਿਤੀਆਂ ਨਾਲ ਵਾਬਸਤ ਹੋਣਾ ਹੈ। ਅਜਿਹੇ ਧਰਮ ਦਾ ਖੇਤਰ ਅਤੇ ਅਕਸ ਡਾ. ਰਾਧਾ ਕ੍ਰਿਸ਼ਨਨ ਹੇਠ ਲਿਖੇ ਸ਼ਬਦਾਂ ਵਿਚ ਪੇਸ਼ ਕਰਦੇ ਹਨ:

'ਧਰਮ ਇਕ ਜੀਵਨ ਜਾਚ ਹੈ ਜੋ ਕਿ ਕਿਸੇ ਦੀ ਹੋਂਦ, ਸਰੀਰ ਅਤੇ ਮਨ ਦੇ ਅਨੁਸ਼ਾਸਨ ਉੱਪਰ ਨਿਰਭਰ ਹੈ। ਇਸ ਦਾ ਕੰਮ ਕਿਸੇ ਦੀ ਖੁਦੀ ਵਿਚ ਖਾਸ ਗੁਣ ਭਰਨਾ, ਕਿਸੇ ਦੀ ਹੋਂਦ ਨੂੰ ਇਕ ਖਾਸ ਪਾਣ ਚਾੜ੍ਹਣਾ, ਅੜ੍ਹਬ ਸੰਸਾਰ ਨੂੰ ਨਵਾਂ ਰੂਪ ਦੇਣਾ, ਕਿਸੇ ਦੇ ਜੀਵਨ ਨੂੰ ਇੰਝ ਬਦਲਣਾ ਕਿ ਉਹ ਬ੍ਰਹਿਮੰਡ ਦੀ ਮਾਨਸਿਕ ਗਤੀ ਵਿਚ ਦਾਖ਼ਲ ਹੋ ਜਾਵੇ।'[4]

ਅਜੋਕੇ ਸਮਿਆਂ ਵਿਚ ਧਰਮ ਸਾਹਮਣੇ ਬਹੁਤ ਚੁਣੌਤੀਆਂ ਤੇ ਵੰਗਾਰਾਂ ਹਨ। ਕਿਉਂਕਿ ਸਮਕਾਲੀ ਵਿਸ਼ਵ-ਵਿਆਪੀ ਸਥਿਤੀਆਂ ਬਹੁਤ ਸੰਕਟਮਈ ਤੇ ਗੁੰਝਲਦਾਰ ਹੋ ਨਿਬੜੀਆਂ ਹਨ। ਧਰਮ ਆਪਣੇ ਹਕੀਕੀ ਤੇ ਯਥਾਥਰਕ ਅਰਥਾਂ ਤੋਂ ਮੁਨਕਿਰ ਹੋ ਕੇ ਬੇਭਰੋਸਗੀਆਂ ਤੇ ਬੇਕਾਇਦਗੀਆਂ ਵਿਚ ਗ੍ਰਸੱਤ ਹੈ। ਜਿਸ ਨਾਲ ਹਰ ਪਾਸੇ ਟਕਰਾਉ ਤੇ ਤਣਾਉ ਦਾ ਮਾਹੌਲ਼ ਬਣਿਆ ਹੋਇਆ ਹੈ। ਸਮੇਂ ਦੀ ਵੱਡੀ ਲੋੜ ਹੈ ਕਿ ਨਿੱਜੀ ਸੰਕੀਰਣ ਸੋਚਾਂ ਦਾ ਤਿਆਗ ਕਰ ਕੇ ਧਾਰਮਿਕ ਸਹਿਣਸ਼ੀਲ ਬਣੀਏ। 'ਅੱਜ ਦੁਨੀਆਂ ਦੇ ਕੋਨੇ ਕੋਨੇ ਉੱਤੇ ਧਾਰਮਿਕ ਗਤੀਵਿਧੀਆਂ ਅਤੇ ਸਰਗਰਮੀਆਂ ਦਾ ਅਜਿਹਾ ਅਨੋਖਾ ਉਭਾਰ ਦਿਸ਼ਟੀਗੋਚਰ ਹੁੰਦਾ ਹੈ ਜਿਸਨੂੰ ਯੱਕ ਦੇਰੀਦਾ ਸਮਕਾਲੀ ਵਿਦਵਾਨਾਂ ਨੇ ਧਰਮ/ਧਾਰਮਿਕਤਾ ਦੀ ਵਾਪਸੀ (returns of the religion) ਦਾ ਨਾਮ ਦਿੱਤਾ ਹੈ। ਪਰ ਅਜੋਕੇ ਸੰਸਾਰ ਵਿਚ ਤੇਜ਼ੀ ਨਾਲ ਵਿਕਸਿਤ ਹੋ ਰਹੀ ਸਰਮਾਇਦਾਰੀ ਅਰਥ-ਵਿਵਸਥਾ ਅਤੇ ਉੱਤਰ-ਆਧੁਨਿਕ ਸੋਚ ਦੇ ਸੰਦਰਭ ਵਿਚ ਧਰਮ ਦੀ ਇਹ ਵਾਪਸੀ ਇਕ-ਇਕਹਿਰੇ ਸੁਭਾ ਵਾਲੀ ਨਹੀਂ ਸਗੋਂ ਦੂਹਰੇ ਚਰਿਤਰ ਵਾਲੀ ਹੈ। ਕਿਧਰੇ ਇਹ ਖਪਤ-ਸਭਿਆਚਾਰ ਦੀ ਅਰਥਹੀਣਤਾ ਦੇ ਅਹਿਸਾਸ ਵਿਚੋਂ ਉਪਜੀ ਰੂਹਾਨੀ ਜਾਗ੍ਰਿਤੀ ਦੇ ਰੂਪ ਵਿਚ ਅਤੇ ਕਿਧਰੇ ਅਖੌਤੀ ਧਰਮ-ਯੁੱਧ ਜਾਂ ਜਿਹਾਦ ਦੇ ਰੂਪ ਵਿਚ ਸਾਮ੍ਹਣੇ ਆਈ ਹੈ।'[6] ਪਰ ਧਰਮ ਦੀ ਆੜ ਵਿਚ ਕੀਤੀਆਂ ਜਾ ਰਹੀਆਂ ਦਹਿਸ਼ਤਗਰਦ ਸਰਗਰਮੀਆਂ, ਪ੍ਰਫ਼ੁਲਤ ਹੋ ਰਹੇ

ਆਤੰਕਵਾਦ ਅਤੇ ਮਾਨਵੀ ਅਧਿਕਾਰਾਂ ਦੇ ਘਾਣ ਵਿਚ ਕਸੂਰ ਧਰਮ ਦਾ ਨਹੀਂ, ਸਗੋਂ ਇਸਨੂੰ ਵਰਤਣ ਵਾਲਿਆਂ ਦਾ ਹੈ। ਧਰਮ ਦੀ ਦੁਰਵਰਤੋਂ ਦਾ ਹੈ ਕਿਉਂਜੋ ਧਰਮ ਮਾਨਵੀ ਸਮਾਜ ਨਾਲ ਸੰਬੰਧਿਤ ਇੱਕ ਮਹਤਵਪੂਰਨ ਵਿਸ਼ਵ-ਵਿਆਪੀ ਵਰਤਾਰਾ ਹੈ। ਅਜੋਕੇ ਬਹੁ-ਕੌਮੀ, ਬਹੁ-ਜਾਤੀ, ਬਹੁ-ਨਸਲੀ, ਬਹੁ-ਧਰਮੀ ਅਤੇ ਬਹੁ-ਸਭਿਆਚਾਰਕ ਸਮਾਜ ਵਿਚ ਬਿਨ੍ਹਾਂ ਕਿਸੇ ਟਕਰਾਉ ਜਾਂ ਤਣਾਉ ਦੇ, ਸਗੋਂ ਪਿਆਰ, ਸਦਭਾਵਨਾ ਅਤੇ ਸ਼ਾਂਤੀ ਨਾਲ ਵਿਚਰਨ ਲਈ ਧਾਰਮਿਕ ਸਹਿਣਸ਼ੀਲਤਾ ਦੀ ਹੋਂਦ ਬਹੁਤ ਜ਼ਰੂਰੀ ਹੈ। ਬਹੁ-ਸਭਿਆਚਾਰਕ ਸਮਾਜ ਵਿਚ ਇਕਸਾਰਤਾ ਤੇ ਇਕਸੁਰਤਾ ਪੈਦਾ ਕਰਨ ਲਈ ਧਰਮ ਦੇ ਹਕੀਕੀ ਤੇ ਯਥਾਰਥਕ ਰੂਪ ਦੀ ਪੁਨਰ-ਸਥਾਪਨਾ ਵਕਤ ਦੀ ਵੱਡੀ ਲੋੜ ਹੈ। ਜਿਸ ਲਈ ਬਹੁਲਤਾਵਾਦ ਅਤੇ ਅੰਤਰ-ਧਰਮ ਸੰਵਾਦ ਦਾ ਮਾਡਲ ਬੜਾ ਸਰਗਰਮ ਰੋਲ ਅਦਾ ਕਰ ਰਿਹਾ ਹੈ ਤੇ ਉਹ ਤੱਦ ਤੱਕ ਪੂਰੀ ਤਰ੍ਹਾਂ ਸਾਕਾਰਾਤਮਕ ਪ੍ਰਭਾਵਸ਼ਾਲੀ ਰੂਪ ਵਿਚ ਕਾਰਜਸ਼ੀਲ ਨਹੀਂ ਹੋ ਸਕਦਾ, ਜਦੋਂ ਤੱਕ ਧਾਰਮਿਕ ਸਹਿਣਸ਼ੀਲਤਾ ਨੂੰ ਦ੍ਰਿੜ ਰੂਪ ਵਿਚ ਸਥਾਪਿਤ ਨਹੀਂ ਕੀਤਾ ਜਾਂਦਾ।

ਖੋਜ-ਕਾਰਜ ਦੇ ਇਸ ਹਿੱਸੇ ਵਿਚ ਉਪਰੋਕਤ ਵਿਸ਼ੇ ਦੀ ਸਮੱਸਿਆ ਦੇ ਸਮਾਧਾਨ ਲਈ ਅਸੀਂ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰਨ ਦਾ ਉਪਰਾਲਾ ਕਰਦੇ ਹਾਂ ਕਿ ਇਹ ਗਿਆਨ ਮੂਲਕ ਤੇ ਵਿਵਹਾਰਕ ਗ੍ਰੰਥ ਵਿਸ਼ਵ-ਵਿਆਪੀ ਸ਼ਾਂਤੀ ਨੂੰ ਕਾਇਮ ਕਰਨ ਲਈ ਧਾਰਮਿਕ ਸਹਿਣਸ਼ੀਲਤਾ ਦਾ ਮਾਹੌਲ ਸਥਾਪਤ ਕਰਨ ਵਿਚ ਮਨੁੱਖ ਦੀ ਕਿਸ ਪ੍ਰਕਾਰ ਅਗਵਾਈ ਕਰ ਸਕਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਧਾਰਮਿਕ ਸਹਿਣਸ਼ੀਲਤਾ ਦੇ ਪ੍ਰਗਟਾਵੇ ਦੇ ਅਧਿਐਨ ਤੋਂ ਪਹਿਲਾਂ ਇਸ ਸ਼ਬਦ ਦੇ ਅਰਥਗਤ ਪਾਸਾਰਾਂ ਨੂੰ ਸਮਝ ਲੈਣਾ ਬਹੁਤ ਜ਼ਰੂਰੀ ਹੈ। ਡਾ. ਜਗਬੀਰ ਸਿੰਘ ਇਸ ਸ਼ਬਦ ਦੀ ਵਿਆਖਿਆ ਇਸ ਪ੍ਰਕਾਰ ਕਰਦੇ ਹਨ:

Toleration is "the practice of deliberately allowing or permitting a thing of which one disapproves. One can meaningfully speak of tolerating—i.e., of allowing or permitting—only if one is in a position to disallow." It has also been defined as "to bear or endure" or "to nourish, sustain or preserve" or as "a fair, objective, and permissive attitude toward those whose opinions, beliefs, practices, racial or ethnic origins, etc., differ from one's own; freedom from bigotry" too. Toleration may signify "no more than forbearance and the permission given by the adherents of a dominant religion for other religions to exist, even though the latter are looked on with disapproval as inferior, mistaken, or harmful."[5]

ਧਾਰਮਿਕ ਸੁਤੰਤਰਤਾ ਅਤੇ ਸਹਿਣਸ਼ੀਲਤਾ ਬਾਰੇ ਇਹ ਕਥਨ ਬੜਾ ਢੁਕਵਾਂ ਹੈ:

The concept of religious freedom and tolerance-allowing individuals to believe in practice and promote their religion of choice without repercussions-are legitimate and worthwhile.[6]

ਚਾਰਲਸ ਕੋਲਸਨ ਇਸ ਸੰਬੰਧੀ ਵਿਚਾਰ ਦਿੰਦੇ ਹਨ:

'Acknowledging and allowing religious diversity is a necessary component of religious freedom and religious tolerance. However, in recent years, revisionist have attempted to subtly change the meaning of these concepts.[7]

ਜੋਹਨ ਸਟੌਟ ਦਾ ਮੱਤ ਹੈ:

'Pluralism is an affirmation of the validity of every religion and refusal to choose between them and the rejection of world evangelism.'[8]

ਵੈਬਸਟਰ ਡਿਕਸ਼ਨਰੀ ਵਿਚ ਸੈਕੂਲਰਇਜ਼ਮ (ਧਾਰਮਿਕ ਸਹਿਣਸ਼ੀਲਤਾ) ਦੀ ਪਰਿਭਾਸ਼ਾ ਇਸ ਤਰ੍ਹਾਂ ਕੀਤੀ ਗਈ ਹੈ:

'Secularism is a secular spirit or tendency especially a system of political or social philosophy that rejects all forms of religions faiths and worship.'[9]

ਪਰ ਇਹ ਪਰਿਭਾਸ਼ਾ Equal disrespect to all the religious traditions ਨੂੰ ਦ੍ਰਿੜ ਕਰਦੀ ਹੈ। ਇਸ ਧਾਰਨਾ ਤੋਂ ਧਾਰਮਿਲ ਅਸਹਿਣਸ਼ੀਲਤਾ ਨੇ ਜਨਮ ਲਿਆ। ਇਸੇ ਕਰਕੇ ਕਈ ਰਾਸ਼ਟਰਾਂ/ਮੁਲਕਾਂ ਵਿਚ ਧਾਰਮਿਕਤਾ ਤੇ ਧਾਰਮਿਕ ਪ੍ਰਤੀਕਾਂ ਦਾ ਅਪਮਾਨ ਕੀਤਾ ਜਾਂਦਾ ਰਿਹਾ ਹੈ।

ਭਾਰਤ ਦੇ ਸੰਦਰਭ ਵਿਚ ਸੈਕੂਲਰਇਜ਼ਮ (ਧਾਰਮਿਕ ਸਹਿਣਸ਼ੀਲਤਾ) ਦੀ ਪਰਿਭਾਸ਼ਾ Equal respect to all the religious traditions ਦੀ ਭਾਵਨਾ ਬੱਲ ਪਕੜਦੀ ਹੈ।ਇਸੇ ਪਰਿਭਾਸ਼ਾ ਦਾ ਡਾ. ਰਾਧਾ ਕ੍ਰਿਸ਼ਨਨ ਨੇ ਇਸ ਤਰ੍ਹਾਂ ਸਪਸ਼ਟੀਕਰਨ ਕੀਤਾ ਹੈ:

'I want to state authoritatively that Secularism does not mean irreligion. It means we respect all faiths and religions. Our State does not identify itself with any particular religion.'[10]

ਉਪਰੋਕਤ ਪਰਿਭਾਸ਼ਾਵਾਂ ਤੋਂ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ[11]:

1. ਧਾਰਮਿਕ ਸਹਿਣਸ਼ੀਲਤਾ ਤੋਂ ਕਦਾਚਿਤ ਇਹ ਭਾਵ ਨਹੀਂ ਕਿ ਸਾਰੇ ਧਰਮ ਇਕਰੂਪ ਹਨ, ਬਲਕਿ ਧਰਮ ਆਪਣੇ ਵਿਸਵਾਸ਼ਾਂ ਅਤੇ ਰਸਮਾਂ ਕਰਕੇ ਬਹੁਤ ਵਿਭਿੰਨ ਹਨ। ਇਸ ਕਰਕੇ ਵਿਭਿੰਨ ਧਰਮਾਂ ਵਿਚ ਵਿਭਿੰਨ ਪਰੰਪਰਾਵਾਂ, ਸੰਪਰਦਾਵਾਂ ਅਤੇ ਫਿਰਕੇ ਸ਼ਾਮਿਲ ਹਨ।

2. ਧਾਰਮਿਕ ਸਹਿਣਸ਼ੀਲਤਾ ਇਸ ਵਿਸ਼ਵਾਸ ਤੇ ਆਧਾਰਿਤ ਹੈ ਕਿ ਸਭ ਧਰਮਾਂ ਦੇ ਧਾਰਮਿਕ ਖਿਆਲ ਵਿਸ਼ਵਾਸਯੋਗ ਅਤੇ ਮੰਨਣਯੋਗ ਹਨ। ਬਹੁਤ ਲੋਕ ਆਪਣੇ ਧਰਮ ਦੇ ਵਿਸਵਾਸ਼ਾਂ ਨੂੰ ਸਹੀ ਤੇ ਦੂਜਿਆਂ ਦੇ ਵਿਸਵਾਸ਼ਾਂ ਨੂੰ ਨਕਾਰਦੇ ਹਨ।

3. ਧਾਰਮਿਕ ਸਹਿਣਸ਼ੀਲਤਾ ਇਸ ਵਿਚਾਰ ਤੇ ਆਧਾਰਿਤ ਹੈ ਕਿ ਸਮੂਹ ਧਾਰਮਿਕ ਵਿਸ਼ਵਾਸ ਕਿਸੇ ਵੀ ਸਮਾਜ ਲਈ ਇਕ ਸਮਾਨ ਫਾਇਦੇਮੰਦ ਹਨ ਅਤੇ ਇਕ ਸਮਾਨ ਬੇਐਬ ਹਨ। ਜਦ ਕਿ ਅਸੀਂ ਕੁਝ ਧਰਮਾਂ ਨੂੰ ਘੱਟ ਫ਼ਾਇਦੇਮੰਦ ਸਮਝਦੇ ਹਾਂ ਕਿਉਂਕਿ ਉਹ ਜਾਤ-ਪਾਤ, ਲਿੰਗ-ਭੇਦ ਅਤੇ ਅਸਹਿਣਸ਼ੀਲ ਹੁੰਦੇ ਹਨ।

4. ਦੂਸਰੇ ਧਰਮਾਂ ਦੀਆਂ ਧਾਰਮਿਕ ਗਤੀਵਿਧੀਆਂ ਅਤੇ ਰਸਮਾਂ ਦੀ ਆਲੋਚਨਾ ਕਰਨ ਤੋਂ ਟੱਲਣਾ ਚਾਹੀਦਾ ਹੈ। ਕੁੱਝ ਧਰਮਾਂ ਵਿਚ ਰੰਗ, ਨਸਲ, ਜਾਤ, ਲਿੰਗ, ਰਾਸ਼ਟਰ ਆਦਿ ਦੇ ਆਧਾਰ ਤੇ ਸ਼ਰਧਾਲੂਆਂ ਅਤੇ ਅਨੁਯਾਈਆਂ ਨੂੰ ਚੇਤਨ ਤੌਰ ਤੇ ਭੇਦ-ਭਾਵ ਕਰਨ ਵਾਸਤੇ ਸਿਖਿਆ ਦਿੱਤੀ ਹੁੰਦੀ ਹੈ। ਸਾਡੇ ਵਿਚਾਰ ਵਿਚ ਅਜਿਹੇ ਦਸਤੂਰ ਲਈ ਆਲੋਚਨਾ ਅਤੇ ਵਿਸਲੇਸ਼ਣ ਲਈ ਧਰਮ ਵਿਚ ਜ਼ਰੂਰ ਖੁੱਲ੍ਹ ਹੋਣੀ ਚਾਹਿਦੀ ਹੈ।

5.ਕਿਸੇ ਸ਼ਖ਼ਸ ਜਾਂ ਵਿਅਕਤੀ ਲਈ ਇਹ ਜ਼ਰੂਰੀ ਅਤੇ ਕੋਈ ਬਹੁਤ ਵਧੀਆ ਪਹੁੰਚ ਨਹੀਂ ਕਿ ਉਹ ਕਿਸੇ ਵਿਅਕਤੀ ਨੂੰ ਆਪਣੇ ਧਾਰਮਿਕ ਵਿਸ਼ਵਾਸ ਮੰਨਣ ਲਈ ਮਜ਼ਬੂਰ ਕਰੇ। ਹਰੇਕ ਵਿਅਕਤੀ ਨੂੰ ਆਪਣੇ ਧਰਮ ਤੇ ਵਿਸ਼ਵਾਸਾਂ ਦੀ ਪਾਲਣਾ ਕਰਨ ਦਾ ਅਧਿਕਾਰ ਹੈ। ਇਕ ਸਹਿਣਸ਼ੀਲ ਵਿਅਕਤੀ ਹੋਰਨਾਂ ਧਾਰਮਿਕ ਵਿਅਕਤੀਆਂ ਦੇ ਮੌਲਿਕ ਅਧਿਕਾਰਾਂ ਨੂੰ ਵਡਿਆਉਂਦਾ ਹੈ: ਧਾਰਮਿਕ ਵਿਸਵਾਸ਼ਾਂ ਦੀ ਸੁਤੰਤਰਤਾ, ਧਾਰਮਿਕ ਤਕਰੀਰ ਦੇਣ ਦੀ ਸੁਤੰਤਰਤਾ, ਧਾਰਮਿਕ ਸੰਮੇਲਨ ਕਰਨ ਦੀ ਸੁਤੰਤਰਤਾ, ਧਾਰਮਿਕ ਰਸਮਾਂ ਦੀ ਪਾਲਣਾ ਦੀ ਸੁਤੰਤਰਤਾ ਅਤੇ ਧਰਮ ਬਦਲਣ ਦੀ ਸੁਤੰਤਰਤਾ ਦੀ ਕਦਰ ਕਰਦਾ ਹੈ।

ਹਰ ਧਰਮ ਨੂੰ ਆਪਣੇ ਦਾਇਰੇ ਵਿਚਲੇ ਅਤੇ ਦਾਇਰੇ ਤੋਂ ਬਾਹਰਲੇ ਲੋਕਾਂ ਤੱਕ ਧਰਮ ਅਨੁਭਵਾਂ ਅਤੇ ਸਿਧਾਂਤਾਂ ਦੇ ਪ੍ਰਸਾਰ ਲਈ ਸੰਚਾਰ ਦੀ ਲੋੜ ਪੈਂਦੀ ਹੈ। ਧਰਮ-ਗ੍ਰੰਥ ਸਾਹਿਤ ਦੀ ਸਿਰਜਨਾ ਦਾ ਆਧਾਰ ਇਹੀ ਭਾਵ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਅਤ ਪ੍ਰਵਚਨ ਮੂਲ ਰੂਪ ਵਿਚ ਧਾਰਮਿਕ ਅਧਿਆਤਮਕਤਾ ਦਾ ਲਖਾਇਕ ਹੈ। ਅਜਿਹੀ ਸਥਿਤੀ ਵਿਚ ਇਸਦੀ ਸਾਰਥਿਕਤਾ ਤੇ ਪ੍ਰਾਸੰਗਿਕਤਾ ਦਾ ਮਸਲਾ ਧਰਮ-ਸ਼ਾਸਤਰ ਨਾਲ ਜੁੜਿਆ ਬੜਾ ਚੁਣੌਤੀਪੂਰਨ ਹੋ ਜਾਂਦਾ ਹੈ ਕਿ ਅਜੋਕੇ ਸਮਿਆਂ ਵਿਚ ਇਹਦੀ ਪ੍ਰਮਾਣਕਿਤਾ ਦੀ ਕਸੋਟੀ ਦਾ ਆਧਾਰ ਕਿੱਥੇ ਹੈ? ਧਾਰਮਿਕ ਸਹਿਣਸ਼ੀਲਤਾ ਦੇ ਸੰਦਰਭ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚਲੇ ਤੱਥਾਂ ਦਾ ਸਪੱਸ਼ਟੀਕਰਨ ਬੜਾ ਨਿਵੇਕਲਾ ਤੇ ਵਿਲੱਖਣ ਹੈ।

'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਅਦੁੱਤੀ ਸੰਪਾਦਨਾ ਤੇ ਸਿਰਜਨਾ ਧਾਰਮਿਕ ਸਹਿਣਸ਼ੀਲਤਾ ਦੀ ਬੁਨਿਆਦ ਤੇ ਖੜੀ ਹੈ। ਇਸ ਗ੍ਰੰਥ ਵਿਚ 36 ਮਹਾਂਪੁਰਖਾਂ ਦੀ ਬਾਣੀ ਦਰਜ ਹੈ। ਉਹ ਪੁਰਖ ਜੋ ਭਾਰਤ ਦੇ ਵਿਭਿੰਨ ਪ੍ਰਾਂਤਾਂ, ਪ੍ਰਦੇਸ਼ਾਂ, ਖੇਤਰਾਂ, ਅਕੀਦਿਆਂ, ਨਿਸਚਿਆਂ, ਧਾਰਨਾਵਾਂ, ਮਜ਼੍ਹਬਾਂ ਨਾਲ ਜੁੜੇ ਹੋਏ ਸਨ ਅਤੇ ਵਿਭਿੰਨ ਕਰਮਭੂਮੀਆਂ ਤੇ ਕਰਮਸ਼ੀਲ ਹੁੰਦੇ ਹੋਏ ਇੱਕ ਅਕਾਲਪੁਰਖ, ਪਰਮੇਸ਼ਵਰ, ਖ਼ੁਦਾ ਨਾਲ ਸੰਬੰਧਿਤ ਹੁੰਦੇ ਹੋਏ ਸਮੁੱਚੀ ਮਾਨਵਤਾ ਨੂੰ ਅਧਿਆਤਮਕਤਾ, ਏਕਤਾ ਅਤੇ ਪਰਸਪਰ ਸਹਿਯੋਗ ਦਾ ਪ੍ਰਵਚਨ ਦਿੰਦੇ ਹਨ ਤਾਂ ਕਿ ਸਮੁੱਚੇ ਵਿਸ਼ਵੀ ਭਾਈਚਾਰੇ ਵਿਚ ਪਿਆਰ ਤੇ ਸਦਭਾਵਨਾ ਬਣੀ ਰਹੇ। ਇਨ੍ਹਾਂ ਮਹਾਂਪੁਰਖਾਂ ਵਿਚ 6 ਗੁਰੂ ਸਾਹਿਬਾਨ, 15 ਭਗਤ, 11 ਭੱਟ ਅਤੇ 4 ਗੁਰੂ ਘਰ ਦੇ ਸ਼ਰਧਾਲੂ ਹਨ। ਭਗਤਾਂ ਵਿਚ ਹਿੰਦੂ ਵੀ ਹਨ ਓਤੇ ਮੁਸਲਮਾਨ ਵੀ। ਉੱਚੀਆਂ ਜਾਤਾਂ ਵਾਲੇ ਪੁਰਖ ਅਤੇ ਨੀਵੀਆਂ ਜਾਤਾਂ ਵਾਲੇ ਪੁਰਖ ਵੀ ਸਾਮਲ ਹਨ। ਗ੍ਰੰਥ ਦੀ ਸੰਕਲਪਨਾ ਤੇ ਸੰਪਾਦਨਾ ਵਰਗਾਂ ਤੇ ਵੰਡਾਂ ਨੂੰ ਖ਼ਤਮ ਕਰਕੇ ਇਕ ਸਮਾਨਭਾਵੀ ਸਮਾਜ ਦੇ ਨਿਰਮਾਣ ਲਈ ਵਚਨਬੱਧ ਹੈ। ਅਰਥਾਤ ਗੁਰੂ ਸਾਹਿਬਾਨ ਵਰਗਾਂ, ਵਰਣਾਂ ਤੇ ਜਾਤਾਂ, ਬਰਾਦਰੀਆਂ ਵਿਚ ਵੰਡੇ ਹੋਏ ਮਨੁੱਖ ਨੂੰ ਉਸਦੀ

ਅਸਲੀਅਤ ਤੋਂ ਜਾਣੂ ਕਰਵਾ ਕੇ ਅਸਲੀਅਤ ਨਾਲ ਜੋੜਨ ਦਾ ਕਰਮ ਨਿਭਾਉਂਦੇ ਹਨ। ਗੁਰੂ ਸਾਹਿਬਾਨ ਦੀ ਸੋਚ ਕਿਸੇ ਵੀ ਖੇਤਰੀ, ਰਾਸ਼ਟਰੀ ਜਾਂ ਅੰਤਰਰਾਸ਼ਟਰੀ ਸੀਮਾ ਜਾਂ ਸਰਹੱਦ ਨੂੰ ਸਵੀਕਾਰਦੀ ਨਹੀਂ ਬਲਿਕ ਉਹ ਤਾਂ ਭਾਈਵਾਲਤਾ ਜਾਂ ਸਾਂਝੀਵਾਲਤਾ ਦੇ ਸੰਦੇਸ਼ ਦਾ ਸੰਚਾਰ ਕਰਦੇ ਹਨ, ਜੋ ਹਰ ਸੀਮਾ ਨੂੰ ਉਲੰਘ ਸਕੇ। 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਧਾਰਮਿਕ ਸਹਿਣਸ਼ੀਲਤਾ ਦੀ ਸਿਖ਼ਰ ਵੇਖੀ ਜਾ ਸਕਦੀ ਹੈ ਕਿਉਂਕਿ ਇਸ ਵਿਚ ਕਿਸੇ ਧਰਮ ਦੇ ਪੈਰੋਕਾਰ ਜਾਂ ਜਨ-ਸਮੂਹ ਦੀ ਜਾਤ ਨਾਲ ਕੋਈ ਫ਼ਰਕ ਨਹੀਂ ਪੈਂਦਾ। ਇਸ ਵਿਚ ਹਰ ਜਾਤ ਅਤੇ ਹਰ ਧਰਮ ਦੀ ਇੱਜ਼ਤ ਹੈ ਜੋ ਨੇਕ ਕਰਮਾਂ ਤੇ ਸ਼ੁਭ ਅਮਲਾਂ ਦਾ ਪਾਲਣ ਕਰਦੇ ਹਨ।

ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ॥
ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥ [12]

ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨੀ॥
ਤੂੰ ਸਾਹਿਬ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ॥ [13]

'ਸ੍ਰੀ ਗੁਰੂ ਗ੍ਰੰਥ ਸਾਹਿਬ' ਨਾ ਕੇਵਲ ਹਰੇਕ ਧਰਮ ਜਾਂ ਉਸਦੇ ਸ਼ਰਧਾਲੂਆਂ ਦੀ ਜਾਤ ਪ੍ਰਤੀ ਸਹਿਣਸ਼ੀਲ ਹਨ ਸਗੋਂ ਉਨ੍ਹਾਂ ਦੇ ਖੇਤਰ ਤੇ ਉੱਥੋਂ ਦੀ ਭਾਸ਼ਾ ਪ੍ਰਤੀ ਵੀ ਸਹਿਣਸ਼ੀਲ ਹਨ। ਇਸ ਵਿਚ ਕੋਈ ਸ਼ਕ ਨਹੀਂ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਪ੍ਰਮੁੱਖ ਭਾਸ਼ਾ ਭਾਵੇਂ ਪੰਜਾਬੀ ਦੇ ਰੂਪ ਹਨ ਜੋ ਸੰਤ ਭਾਸ਼ਾ ਦੇ ਪ੍ਰਭਾਵ ਵਿਚ ਹੈ ਪਰ ਕਿਉਂਕਿ ਇਸ ਦੇ ਬਾਣੀਕਾਰ ਵਿਭਿੰਨ ਖੇਤਰਾਂ ਅਤੇ ਧੰਦਿਆਂ ਨਾਲ ਜੁੜੇ ਹਨ, ਇਸ ਲਈ ਇਸ ਵਿਚ ਸੰਸਕ੍ਰਿਤ, ਬ੍ਰਜ-ਭਾਸ਼ਾ, ਮਰਾਠੀ, ਬੰਗਾਲੀ, ਫਾਰਸੀ, ਅਰਬੀ ਆਦਿ ਭਾਸ਼ਾਵਾਂ ਦਾ ਪ੍ਰਤੱਖ ਪ੍ਰਭਾਵ ਹੈ। ਜਿਸ ਕਰਕੇ ਸਾਰੀ ਬਾਣੀ ਇਕ ਖ਼ੂਬਸੂਰਤ ਭਾਸ਼ਾਈ ਗੁਲਦੱਸਤੇ ਦੇ ਭਾਂਤੀ ਪ੍ਰਤੀਤ ਹੁੰਦੀ ਹੈ ਜੋ ਆਪਣੇ ਵਿਲੱਖਣ ਨਿਖਾਰ ਅਤੇ ਨਿਰਮਲ ਸੁਗੰਧੀ ਕਰ ਕੇ ਪ੍ਰਭਾਵਸ਼ਾਲੀ ਹੋ ਜਾਂਦੀ ਹੈ। 'ਕਿਸੇ ਸਾਹਿਤਿਕ ਪਾਠ ਦਾ ਭਾਸ਼ਕ ਰਜਿਸਟਰ ਉਸ ਦੇ ਵਿਸ਼ਾ ਵਸਤੂ ਦਾ ਅਨੁਸਾਰੀ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਮੁੱਚਾ ਪਾਠ ਧਾਰਮਿਕ-ਦਰਸ਼ਨ ਦੇ ਰਜਿਸਟਰ ਦੀ ਸ਼ਬਦਾਵਲੀ ਵਾਲਾ ਹੈ। ਇਸ ਸੰਬੰਧ ਵਿਚ ਧਿਆਨਯੋਗ ਨੁਕਤਾ ਇਹ ਹੈ ਕਿ ਲਗਭਗ ਸਾਰੇ ਦੇ ਸਾਰੇ ਬਾਣੀਕਾਰਾਂ ਨੇ ਇਸ ਰਜਿਸਟਰ ਦੀ ਲੋੜੀਂਦੀ ਸ਼ਬਦਾਵਲੀ ਨੂੰ ਕਿਸੇ ਨਾ ਕਿਸੇ ਵਿਚਾਰਧਾਰਾ, ਕਿਸੇ ਇਕ ਧਰਮ, ਕਿਸੇ ਇਕ ਭਾਸ਼ਾ, ਕਿਸੇ ਇਕ ਖੇਤਰ ਆਦਿ ਤਕ ਹੀ ਸੀਮਤ ਨਾ ਰੱਖੇ ਜਾਣ ਦਾ ਵਿਧੀ ਪੂਰਵਕ ਸੁਚੇਤ ਯਤਨ ਕੀਤਾ ਜਾਪਦਾ ਹੈ। ਇਸੇ ਲਈ ਗੁਰੂ ਗ੍ਰੰਥ ਸਾਹਿਬ ਦੀ ਦੀ ਸ਼ਬਦਾਵਲੀ ਬਹੁ-ਸਰੋਤੀ ਅਤੇ ਬਹੁ-ਭਾਂਤੀ ਹੈ। ਮਿਸਾਲ ਵਜੋਂ ਵਿਭਿੰਨ ਵਿਚਾਰਧਾਰਾਵਾਂ ਨਾਲ ਸੰਬੰਧਿਤ ਇਸ ਵਿਚਲੀ ਕੁਝ ਸ਼ਬਦਾਵਲੀ ਇਸ ਪ੍ਰਕਾਰ ਹੈ:

ਸਨਾਤਨ ਹਿੰਦੂ ਮਤ: ਅਵਤਾਰ, ਆਵਾਗਉਣ, ਮੁਕਤੀ, ਪਰਮਪਦ, ਪਾਠ ਆਦਿ

ਬੁੱਧ ਮਤ: ਸੁੰਨ, ਸਹਜ, ਨਿਰਬਾਣ ਆਦਿ

ਜੋਗ ਮਤ: ਆਸਨ, ਸਮਾਧਿ, ਅਨਹਦ ਨਾਦ, ਆਦੇਸ ਆਦਿ

ਇਸਲਾਮ: ਬੰਦਗੀ, ਪੈਗੰਬਰ, ਨਦਰਿ, ਕਰਮ, ਈਮਾਨ ਆਦਿ[14]

ਇਸੇ ਭਾਸ਼ਾਈ ਬਹੁਲਤਾ ਸਦਕਾ ਹੀ ਇਹ ਗ੍ਰੰਥ ਸਭ ਭਾਰਤੀਆਂ ਤੱਕ ਆਪਣੀ ਪਹੁੰਚ ਕਾਇਮ ਕਰ ਸਕਿਆ ਹੈ। ਸ੍ਰੀ ਗੁਰੂ ਗੰਥ ਸਾਹਿਬ ਵਿਚ ਪੇਸ਼ ਧਾਰਮਿਕ ਸਹਿਣਸ਼ੀਲਤਾ ਦੇ ਪਿਛੋਕੜ ਵਿਚ ਕਾਰਜਸ਼ੀਲ ਸਿਧਾਂਤ ਬ੍ਰਹਮ ਜਾਂ ਪਰਮੇਸ਼ਵਰ ਦੇ ਸਰੂਪ ਨਾਲ ਜੁੜਦਾ ਹੋਇਆ ਸਮੁੱਚੀ ਮਾਨਵਤਾ ਦੇ ਉਧਾਰ ਲਈ ਸੰਦੇਸ਼ ਦਿੰਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਬਦੁੱਲ ਬਾਹਾ ਦੇ ਧਾਰਮਿਕ ਨਿਸਚੇ ਤੇ ਸਹਿਣਸ਼ੀਲ ਸੰਬੰਧੀ ਵਿਚਾਰਾਂ ਤੇ ਪੂਰੀ ਖਰੀ ਉਤਰਦੀ ਹੈ---

"Religion should unite all hearts and cause wars and disputes to vanish from the face of the earth, give birth to spirituality, and bring life and light to each heart. If religion becomes a cause of dislike, hatred and division, it were better to be without it, and to withdraw from such a religion would be a truly religious act. For it is clear that the purpose of a remedy is to cure; but if the remedy should only aggravate the complaint it had better be left alone. Any religion which is not a cause of love and unity is no religion."[15]

ਅਰਥਾਤ ਧਰਮ ਸਾਰੇ ਦਿਲਾਂ ਨੂੰ ਜੋੜ ਕੇ ਧਰਤੀ ਤੇ ਹੋ ਰਹੇ ਝਗੜਿਆਂ ਅਤੇ ਜੰਗਾਂ ਦਾ ਖਾਤਮਾ ਕਰਦਾ ਹੋਇਆ, ਅਧਿਆਤਮਕਤਾ ਨੂੰ ਜਗਾਉਂਦਾ, ਹਰੇਕ ਮਨੁੱਖੀ ਹਿਰਦੇ ਅੰਦਰ ਜ਼ਿੰਦਗੀ ਜੀਉਣ ਦੀ ਰੋਸ਼ਨੀ ਭਰਦਾ ਹੋਣਾ ਚਾਹੀਦਾ ਹੈ। ਜੇ ਧਰਮ ਨਫ਼ਰਤ, ਘਿਰਨਾ ਅਤੇ ਵੰਡੀਆਂ ਪੈਦਾ ਕਰਨ ਦਾ ਕਾਰਨ ਬਣਦਾ ਹੈ ਤਾਂ ਅਸਲੀ ਧਰਮ ਇਹ ਹੀ ਹੈ ਧਰਮ ਛੱਡ ਦਿੱਤਾ ਜਾਵੇ ਜਾਂ ਧਰਮ ਤੋਂ ਪਾਸੇ ਹੋ ਜਾਇਆ ਜਾਵੇ। ਸਪਸ਼ਟ ਹੈ ਕਿ ਬਿਮਾਰੀ ਦਾ ਉਪਚਾਰ ਕਰ ਲਿਆ ਜਾਵੇ; ਪਰ ਜੇ ਉਪਚਾਰ ਹੀ ਰੋਗ ਨੂੰ ਵਿਗਾੜਨ ਵਾਲਾ ਹੈ ਤਾਂ ਉਸ ਤੋਂ ਪਾਸੇ ਹੋਣਾ ਬਿਹਤਰ ਹੈ। ਕੋਈ ਵੀ ਧਰਮ ਜੋ ਪਿਆਰ ਅਤੇ ਏਕਤਾ ਪੈਦਾ ਕਰਨ ਦਾ ਕਾਰਨ ਨਹੀਂ ਹੁੰਦਾ, ਉਹ ਧਰਮ ਨਹੀਂ ਹੈ।

ਗੁਰੂ ਗ੍ਰੰਥ ਸਾਹਿਬ ਦਾ ਧਾਰਮਿਕ ਸਹਿਣਸ਼ੀਲਤਾ ਦਾ ਮਾਡਲ ਉਪਰੋਕਤ ਤੱਥਾਂ ਨੂੰ ਸਮੇਟਦਾ ਜ਼ਿੰਦਗੀ ਦੀ ਰਹਿਬਰੀ ਕਰਦਾ ਹੈ। ਜਿਵੇਂ ਬਾਬਾ ਫ਼ਰੀਦ ਜੀ ਦੇ ਸਲੋਕ ਹਨ :

ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥[16]

ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ॥[17]

ਸਲੋਕ ਸਪਸ਼ਟ ਕਰਦੇ ਹਨ ਕਿ ਜਦੋਂ ਸਾਰਿਆਂ ਦਾ ਮਾਲਕ ਇੱਕ ਹੈ ਤਾਂ ਉਹਦੀ ਬਣਾਈ ਕਾਇਨਾਤ ਤੇ ਸੰਤਾਨ ਪ੍ਰਤੀ ਅਸਹਿਣਸ਼ੀਲ ਨਹੀਂ ਹੋਇਆ ਜਾ ਸਕਦਾ। ਸ੍ਰੀ ਗੁਰੂ ਗੰਥ ਸਾਹਿਬ ਵਿਚ ਬਹੁਤ ਵਚਨ ਆਉਂਦੇ ਹਨ ਜੋ ਇਕ ਪ੍ਰਭੂ ਦੀ ਹੋਂਦ ਤੇ ਸ਼ਕਤੀਆਂ ਦਾ ਪਾਸਾਰ ਕਰਦੇ ਪ੍ਰਤੀਤ ਹੁੰਦੇ ਹਨ, ਉਨ੍ਹਾਂ ਸਾਰੇ ਸ਼ਬਦਾਂ ਦਾ ਬੁਨਿਆਦੀ ਤੱਤ ਜਾਂ ਨੁਕਤਾ ਸਰਬਸਾਂਝੀਵਾਲਤਾ ਜਾਂ ਵਿਸ਼ਵੀ ਏਕਤਾ ਦਾ ਸੰਚਾਰ ਕਰਨਾ ਹੀ ਹੈ। ਸਾਰੇ ਟਕਰਾਉ ਜਾਂ ਤਣਾਉ ਉਦੋਂ ਮਿੱਟ ਜਾਣਗੇ ਜਦੋਂ

ਇਹ ਅਹਿਸਾਸ ਦ੍ਰਿੜ ਹੋ ਜਾਵੇਗਾ ਕਿ ਹਰ ਧਰਮ ਦਾ ਕਰਤਾ ਜਾਂ ਸੰਚਾਲਕ ਰੱਬ ਇੱਕੋ ਹੈ। ਸ੍ਰੀ ਗੁਰੂ ਗੰਥ ਸਾਹਿਬ ਵਿਚ ਇਕ ਪ੍ਰਭੂ ਦੇ ਉਲੇਖ ਮਿਲਦੇ ਹਨ:

ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥ [18]

ਮਨ ਤੂ ਜੋਤਿ ਸਰੂਪੁ ਹੈ
ਆਪਣਾ ਮੂਲੁ ਪਛਾਣੁ॥ [19]

ਸਾਹਿਬ ਮੇਰਾ ਏਕੋ ਹੈ॥
ਏਕੋ ਹੈ ਭਾਈ ਏਕੋ ਹੈ॥ [20]

ਇਹ ਸ਼ਬਦ ਵਿਸ਼ਵੀ-ਚੇਤਨਾ ਜਗਾਉਂਦੇ ਪ੍ਰਤੀਤ ਹੁੰਦੇ ਹਨ। ਬਿਲਕੁੱਲ ਜਿਵੇਂ ਬ੍ਰਹਿਮੰਡ ਵਿਚ ਇਕ ਸੂਰਜ ਹੈ ਤੇ ਸਾਰੇ ਗ੍ਰਹਿ ਉਸ ਦੁਆਲੇ ਘੁੰਮਦੇ ਹਨ; ਜਿਵੇਂ ਇਕ ਬ੍ਰਿਛ ਹੈ ਤੇ ਵਿਭਿੰਨ ਸ਼ਾਖਾਵਾਂ ਤੇ ਪੱਤੇ ਹਨ; ਬਿਲਕੁਲ ਉਸੇ ਤਰ੍ਹਾਂ ਰੱਬ ਇਕ ਹੈ ਤੇ ਸਾਰੇ ਧਰਮ ਉਸ ਦੇ ਵੱਖ-ਵੱਖ ਰਸਤੇ ਹਨ। ਜਿਵੇਂ ਸਾਰੀਆਂ ਨਦੀਆਂ ਇਕ ਸਮੁੰਦਰ ਵਿਚ ਸਮਾ ਜਾਂਦੀਆਂ ਹਨ; ਬਿਲਕੁੱਲ ਉਸੇ ਤਰ੍ਹਾਂ ਸਾਰੇ ਧਰਮ ਉਸ ਇਕ ਰੱਬ ਵਿਚ ਜੁੜ ਜਾਂਦੇ ਹਨ। ਇਸ ਤਰ੍ਹਾਂ ਕੋਈ ਧਰਮ ਵਧੀਆ ਜਾ ਘਟੀਆ ਨਹੀਂ ਹੋ ਸਕਦਾ। ਸ੍ਰੀ ਗੁਰੂ ਗੰਥ ਸਾਹਿਬ ਦੀ ਬਾਣੀ ਬਹੁਤ ਵਿਵਹਾਰਕ ਹੈ। ਇਸ ਬਾਣੀ ਦਾ ਅਧਿਐਨ ਸੁਤੇ-ਸਿਧ ਇਹ ਬਿਰਤੀ ਪੈਦਾ ਕਰਦਾ ਹੈ ਕਿ 'ਨਾ ਕੋਈ ਹਿੰਦੂ ਨਾ ਮੁਸਲਮਾਨ' ਤੇ ਇਹ ਹੀ ਭਾਵ ਅੱਗੇ ਜਾ ਕੇ 'ਮਾਨਸ ਕੀ ਜਾਤਿ ਸਭੈ ਏਕੇ ਪਹਿਚਾਨਬੋ' ਦਾ ਸ਼ਕਤੀਸ਼ਾਲੀ ਪ੍ਰਵਚਨ ਪੈਦਾ ਕਰਦਾ ਹੈ। ਜਿਹੜੀ ਬਾਣੀ 'ਸਰਬੱਤ ਦਾ ਭਲਾ' ਕਰਨਾ ਲੋਚਦੀ ਹੈ ਉਹ ਕਿਸੇ ਧਰਮ ਦਾ ਨਿਰਾਦਰ ਕਦਾਚਿਤ ਕਲਪਿਤ ਵੀ ਨਹੀਂ ਕਰ ਸਕਦੀ ਬਲਕਿ 'ਸਰਬ ਧਰਮ ਮਹਿ ਸ੍ਰੇਸਟ ਧਰਮ' ਦਾ ਉਪਦੇਸ ਦਿੰਦੀ ਹੈ ਜਿਸ ਨਾਲ 'ਨਾ ਕੋ ਬੈਰੀ ਨਹੀ ਬਿਗਾਨਾ' ਵਾਲੀ ਸਥਿਤੀ ਬਣ ਜਾਂਦੀ ਹੈ। ਨਿਸਚੇ ਹੀ ਗੁਰਬਾਣੀ ਭੇਦ-ਭਾਵ ਜਾਂ ਵਿਤਕਰੇ ਕੱਢਣੇ ਨਹੀਂ ਸਿਖਾਉਂਦੀ ਸਗੋਂ ਆਪਣੇ ਅੰਦਰ ਝਾਤੀ ਮਾਰਨ ਦਾ ਇਸ਼ਾਰਾ ਕਰਦੀ ਹੈ:

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ॥ [21]

ਜਿਹੜੀ ਬਾਣੀ ਬੁਰੇ ਦਾ ਭਲਾ ਕਰਨ ਦਾ ਸੰਦੇਸ਼ ਦਿੰਦੀ ਹੈ ਉਹ ਕਿਸੇ ਪ੍ਰਤੀ ਅਸਹਿਣਸ਼ੀਲ ਨਹੀਂ ਹੋ ਸਕਦੀ। ਸ੍ਰੀ ਗੁਰੂ ਗੰਥ ਸਾਹਿਬ ਦੀ ਸਮੁੱਚੀ ਰਚਨਾ ਸਮੁੱਚੇ ਵਿਸ਼ਵ ਨੂੰ ਆਪਣਾ ਸੰਗੀ-ਸਾਥੀ ਮੰਨਦੀ ਹੈ, ਇਸੇ ਲਈ ਉਸ ਦੀ ਅਰਦਾਸ ਜਾਂ

ਪ੍ਰਾਰਥਨਾ ਵਿਚ ਖੁਦ-ਗਰਜ਼ੀ ਨਹੀਂ, ਸਗੋਂ ਸਭ ਲਈ ਬਖ਼ਸ਼ਿਸ਼ਾਂ, ਖੁਸ਼ੀਆਂ ਅਤੇ ਨਹਿਮਤਾਂ ਦੀ ਜਾਚਨਾ ਹੈ। ਵਖਰੇਵੇਂ ਦੀ ਭਾਸ਼ਾ ਦਾ ਮਨੁੱਖ ਦੀ ਜ਼ਿੰਦਗੀ ਵਿਚ ਕੋਈ ਸਥਾਨ ਨਹੀਂ।

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥ [22]

ਪ੍ਰਸਿੱਧ ਪੱਛਮੀ ਚਿੰਤਕ ਕੋਰੀ ਬੂਕਰ ਧਾਰਮਿਕ ਵਿਸਵਾਸ਼ਾਂ ਨੂੰ ਅਮਲੀ ਤੋਰ ਅਪਣਾਉਣ ਦੀ ਪ੍ਰੋੜਤਾ ਕਰਦਾ ਹੋਇਆ ਸਪਸ਼ਟ ਕਰਦਾ ਹੈ-

"Don’t speak to me about your religion; first show it to me in how you treat other people. Don't tell me how much you love your God; show me in how much you love all His children. Don't preach to me your passion for your faith; teach me through your compassion for your neighbors. In the end, I'm not as interested in what you have to tell or sell or preach or teach, as I am in how you choose to live and give."[23]

ਸੋ ਕੋਰੀ ਬੁੱਕਰ ਦਾ ਦਿਸ਼ਟੀਕੋਣ ਹੈ ਕਿ ਮੈਨੂੰ ਆਪਣੇ ਧਰਮ ਬਾਰੇ ਨਾ ਦੱਸੋ; ਪਹਿਲਾ ਇਹ ਦਰਸਾਉ ਕਿ ਤੁਸੀਂ ਹੋਰਨਾਂ ਲੋਕਾਂ ਨਾਲ ਕਿਵੇਂ ਵਰਤਾਉ ਕਰਦੇ ਹੋ। ਇਹ ਨਾ ਦੱਸੋ ਕਿ ਤੁਸੀਂ ਰੱਬ ਨੂੰ ਕਿੰਨਾ ਪਿਆਰ ਕਰਦੇ ਹੋ; ਮੈਨੂੰ ਇਹ ਦੱਸੋ ਕਿ ਤੁਸੀਂ ਰੱਬ ਦੀ ਬਣਾਈ ਦੁਨੀਆਂ ਨੂੰ ਕਿੰਨਾ ਪਿਆਰ ਕਰਦੇ ਹੋ। ਮੈਨੂੰ ਆਪਣੇ ਵਿਸ਼ਵਾਸ ਦੀ ਤੀਬਰਤਾ ਦੀ ਵਿਆਖਿਆ ਨਾ ਦਿਉ; ਮੈਨੂੰ ਆਪਣੇ ਗੁਆਂਢੀਆਂ ਨਾਲ ਪੇਸ਼ ਰਹਿਮਦਿਲੀ ਦਾ ਸਪਸ਼ੱਟੀਕਰਨ ਕਰੋ। ਅੰਤ ਵਿਚ ਮੈਂ ਇਹ ਹੀ ਕਹਾਂਗਾ ਕਿ ਮੈਨੂੰ ਇਸ ਵਿਚ ਕੋਈ ਦਿਲਚਸਪੀ ਨਹੀਂ ਕਿ ਤੁਸੀਂ ਕੀ ਕਹਿੰਦੇ ਹੋ ਜਾਂ ਉਪਦੇਸ਼ ਦਿੰਦੇ ਹੋ ਜਾਂ ਸਿੱਖਿਆ ਦਿੰਦੇ ਹੋ, ਮੈਂ ਤਾਂ ਬੱਸ ਇਹ ਜਾਣਨਾ ਚਾਹੁੰਦਾ ਹਾਂ ਕਿ ਤੁਸੀਂ ਕਿਸ ਢੰਗ ਨਾਲ ਜਿਉਂਦੇ ਹੋ ਤੇ ਦੂਜਿਆਂ ਦਾ ਭਲਾ ਕਰਦੇ ਹੋ।

ਧਰਮ ਤੇ ਧਾਰਮਿਕ ਸਹਿਣਸ਼ੀਲਤਾ ਬਾਰੇ ਕੋਰੀ ਬੁੱਕਰ ਦਾ ਇਹ ਕਥਨ ‘ਗੁਰੂ ਗ੍ਰੰਥ ਸਾਹਿਬ’ ਦੇ ਸੰਦਰਭ ਵਿਚ ਬਹੁਤ ਢੁਕਵਾਂ ਹੈ। ਗੁਰੂ ਗ੍ਰੰਥ ਸਾਹਿਬ’ ਦਾ ਮਿਸ਼ਨ ਇਨ੍ਹਾਂ ਪ੍ਰਸ਼ਨਾਂ ਦੇ ਉੱਤਰਾਂ ਨਾਲ ਹੀ ਜ਼ਿੰਦਗੀ ਦੀ ਅਗਵਾਈ ਕਰਦਾ ਵਰਤਮਾਨ ਸਮਿਆਂ ਵਿਚ ਆਪਣੀ ਪ੍ਰਾਸੰਗਿਕਤਾ ਨੂੰ ਸਥਾਪਿਤ ਕਰਦਾ ਹੈ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮੱਧਕਾਲ ਵਿਚ ਰਚੀ ਗਈ। ਮੱਧਕਾਲ ਅਗਿਆਨਤਾ ਤੇ ਅੰਧਕਾਰ ਦਾ ਯੁੱਗ ਸੀ। ਧਾਰਮਿਕ ਅਸਹਿਣਸ਼ਲੀਤਾ ਦੀ ਧੁੰਦ ਸਾਰੇ ਵਾਤਾਵਰਨ ਵਿਚ ਫੈਲੀ ਹੋਈ ਸੀ। ਗੁਰਬਾਣੀ ਵਿਚ ਅਜਿਹੀ ਅਵੱਸਥਾ ਦਾ ਚਿਤਰਣ ਬੜੇ ਭਾਵਪੂਰਤ ਢੰਗਾਂ ਨਾਲ ਉਲੀਕਿਆ ਗਿਆ ਹੈ, ਜਿਵੇਂ-

ਸਰਮ ਧਰਮ ਦੁਇ ਛਪਿ ਖਲੋਏ
ਕੂੜ ਫਿਰੈ ਪਰਧਾਨੁ ਵੇ ਲਾਲੋ॥ [24]

ਸਰਮ ਧਰਮ ਕਾ ਡੇਰਾ ਦੂਰਿ॥
ਨਾਨਕ ਕੂੜੁ ਰਹਿਆ ਭਰਪੂਰਿ॥[25]

ਭਾਈ ਗੁਰਦਾਸ ਜੀ ਅਜਿਹੇ ਸਮੇਂ ਨੂੰ ਬਿਆਨ ਕਰਦੇ ਹੋਏ ਫਰਮਾਉਂਦੇ ਹਨ-

ਚਾਰਿ ਵਰਨਿ ਚਾਰਿ ਮਜਹਬਾਂ ਜਗ ਵਿਚਿ ਹਿੰਦੂ ਮੁਸਲਮਾਣੇ॥
ਖੁਦੀ ਬਖੀਲਿ ਤਕਬਰੀ ਖਿੰਚੋਤਾਣ ਕਰੇਨਿ ਧਿਙਾਣੇ॥
ਗੰਗ ਬਨਾਰਸਿ ਹਿੰਦੂਆਂ ਮਕਾ ਕਾਬਾ ਮੁਸਲਮਾਣੇ॥
ਸੁੰਨਤਿ ਮੁਸਲਮਾਣ ਦੀ ਤਿਲਕ ਜੰਞੂ ਹਿੰਦੂ ਲੋਭਾਣੇ॥
ਰਾਮ ਰਹੀਮ ਕਹਾਇਦੇ ਇਕੁ ਨਾਮੁ ਦੁਇ ਰਾਹ ਭੁਲਾਣੇ॥
ਬੇਦ ਕਤੇਬ ਭੁਲਾਇ ਕੈ ਮੋਹੇ ਲਾਲਚ ਦੁਨੀ ਸੈਤਾਣੇ॥
ਸਚੁ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਹਮ੍ਣਿ ਮਉਲਾਣੇ॥[26]

ਪਾਖੰਡਾਂ ਅਤੇ ਆਡੰਬਰਾਂ ਵਿਚ ਗਲਤਾਨ ਹੋਈ ਪਰਜਾ, ਸੱਚ ਨੂੰ ਭੁਲਾ ਕੇ, ਆਪਸ ਵਿਚ ਤਣਾਉ ਤੇ ਦਵੈਸ਼ ਦੀ ਮੰਦ ਭਾਵਨਾ ਵਿਚ ਜਿਉਂਦੀ, ਨਿਤ ਟਕਰਾਉ ਤੇ ਅਸ਼ਾਂਤੀ ਦੇ ਮਾਹੌਲ ਵਿਚ ਖਹਿ ਰਹੀ ਸੀ। ਅਧਰਮ ਅਤੇ ਅਹਿਣਸ਼ੀਲਤਾ ਦੇ ਇਸ ਦੌਰ ਵਿਚ ਗੁਰੂ ਸਾਹਿਬਾਨ ਨੇ ਤੜਪਦੀ ਲੋਕਾਈ ਦੇ ਕਲਿਆਣ ਲਈ, ਕੁਰਾਹੇ ਪਏ ਲੋਕਾਂ ਨੂੰ ਰਾਹੇ ਪਾਉਣ ਦੀ ਅਤੇ ਕੁਸਤਿ ਨੂੰ ਖਤਮ ਕਰ ਕੇ ਸਤਿ ਦੇ ਪ੍ਰਕਾਸ਼ ਲਈ ਇਕ ਮਿਸ਼ਨ ਚੁਣਿਆ। ਗੁਰੂ ਨਾਨਕ ਸਾਹਿਬ ਇਸ ਦੀ ਸਭ ਤੋਂ ਵੱਡੀ ਮਿਸਾਲ ਹੈ। ਆਪ ਜਿੱਥੇ ਸਿੱਖ ਧਰਮ ਦੇ ਸੰਸਥਾਪਕ ਹੋਏ ਹਨ, ਉੱਥੇ ਆਪ ਨੇ ਮਾਨਵਤਾਵਾਦ ਦੇ ਪ੍ਰਬੱਲ ਸਮਰਥੱਕ ਤੋਰ ਤੇ ਵੀ ਵਿਸ਼ਵ ਵਿਚ ਆਪਣੀ ਪਹਿਚਾਣ ਬਣਾਈ ਹੈ। ਆਪ ਨੇ ਧਰਮ ਦੇ ਸਹੀ ਸਰੂਪ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਚਾਰੇ ਦਿਸ਼ਾਵਾਂ ਵਿਚ ਲੰਮਾ ਭ੍ਰਮਣ ਕੀਤਾ। ਇਤਿਹਾਸ ਵਿਚ ਇਸ ਨੂੰ 'ਉਦਾਸੀਆਂ' ਕਹਿ ਕੇ ਯਾਦ ਕੀਤਾ ਜਾਦਾ ਹੈ। ਲੌਕਿਕ ਜੀਵਨ ਨੂੰ ਪ੍ਰਫੁਲਤ ਕਰਨ ਲਈ ਜਿੰਨਾ ਵੱਡਾ ਗੁਰੂ ਸਾਹਿਬ ਦਾ ਮਿਸ਼ਨ ਸੀ ਉਹਨੀ ਹੀ ਵੱਡੀ ਉਨ੍ਹਾਂ ਦੀ ਲਗਨ ਤੇ ਸ਼ਿੱਦਤ ਸੀ। ਇਨ੍ਹਾਂ ਉਦਾਸੀਆਂ ਦੇ ਦੌਰਾਨ ਹੀ ਗੁਰੂ ਸਾਹਿਬ ਨੇ ਵਿਭਿੰਨ ਭਗਤਾਂ ਦੀ ਬਾਣੀ ਬਿਨਾਂ ਕਿਸੇ ਭੇਦ-ਭਾਵ ਦੇ ਇੱਕਤਰ ਕੀਤੀ, ਜੋ ਸੱਚ ਨਾਲ ਕਿਸੇ ਵੀ ਰੂਪ ਵਿਚ ਜੁੜੇ ਹੋਏ ਸਨ। ਇਸੇ ਕਰ ਕੇ ਗੁਰੂ ਨਾਨਕ ਸਾਹਿਬ ਹਿੰਦੂਆਂ ਦੇ ਗੁਰੂ ਅਤੇ ਮੁਸਲਮਾਨਾਂ ਦੇ ਪੀਰ ਕਹਿਲਾਏ। ਆਪ ਦੁਆਰਾ ਪੇਸ਼ ਸਿਧਾਂਤ 'ਨਾ ਕੋਈ ਹਿੰਦੂ ਨਾ ਮੁਸਲਮਾਨ' ਵਰਤਮਾਨ ਧਾਰਮਿਕ ਸਮਾਜਕ ਸਿਸਟਮ ਦੀਆਂ ਅਨੇਕ ਅੰਤਰਦ੍ਰਿਸ਼ਟੀਆਂ ਨਾਲ ਸੰਵਾਦ ਰਚਾਉਂਦਾ ਜੀਵਨ ਦਾ ਲਕਸ਼ ਨਿਸਚਿਤ ਕਰਦਾ ਹੈ।

ਗੁਰੂ ਗ੍ਰੰਥ ਸਾਹਿਬ ਦੇ ਸੰਪਾਦਕ ਗੁਰੂ ਅਰਜਨ ਦੇਵ ਜੀ ਆਪ ਸਹਿਣਸ਼ੀਲਤਾ ਦੀ ਮੂਰਤ ਸਨ। ਜੋ ਸਾਰੀ ਉਮਰ ਸ਼ਾਂਤੀ ਤੇ ਸਹਿਯੋਗ ਦਾ ਪਾਠ ਰਚਦੇ ਰਹੇ ਅਤ ਪ੍ਰਚਾਰ ਕਰਦੇ ਰਹੇ। ਸਿੱਖਾਂ ਦੇ ਪਾਵਨ ਸਥਾਨ ਸ੍ਰੀ ਹਰਿਮੰਦਰ ਸਾਹਿਬ ਦੀ

ਉਸਾਰੀ ਸਮੇਂ ਇਸ ਦਾ ਨੀਂਹ ਪੱਥਰ ਸੂਫੀ ਫ਼ਕੀਰ ਮੀਆਂ ਮੀਰ ਪਾਸੋਂ ਰਖਵਾਇਆ। ਅਜਿਹੇ ਸਹਿਣਸ਼ੀਲ ਗੁਰੂ ਮੁਗਲ ਬਾਦਸ਼ਾਹ ਜਹਾਂਗੀਰ ਦੀ ਧਾਰਮਿਕ ਅਸਹਿਣਸ਼ੀਲਤਾ ਦਾ ਸ਼ਿਕਾਰ ਹੋ ਕੇ ਤੱਤੀਆਂ ਤਵੀਆਂ ਤੇ ਬੈਠ ਕੇ ਸ਼ਹੀਦ ਹੋ ਗਏ ਪਰ ਗੁਰਮਤਿ ਪਰੰਪਰਾ ਦੀ ਇਸ ਮਹਾਨ ਰਵਾਇਤ ਤੋਂ ਪਿੱਛੇ ਨਹੀਂ ਹਟੇ। ਇਸੇ ਸ਼ਹੀਦੀ ਦੀ ਪਰੰਪਰਾ ਨੂੰ ਗੁਰੂ ਤੇਗ਼ ਬਹਾਦਰ ਸਾਹਿਬ ਨੇ ਅੱਗੇ ਤੋਰਿਆ ਪਰ ਸਿਦਕ ਨਹੀਂ ਹਾਰਿਆ। ਔਰੰਗਜ਼ੇਬ ਦੀ ਧਾਰਮਿਕ ਅਸਹਿਣਸ਼ੀਲਤਾ ਕਰਕੇ ਦਿੱਲੀ ਦੇ ਚਾਂਦਨੀ ਚੌਂਕ ਵਿਖੇ ਸੀਸ ਕਟਵਾ ਦਿੱਤਾ। ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਅੰਦਰ ਜੇ ਇੰਨੀ ਸੱਚੀ ਧਾਰਮਿਕਤਾ ਸੁਭਾਇਮਾਨ ਸੀ ਤੇ ਉਨਾਂ ਦੀ ਬਾਣੀ ਅੰਦਰ ਤਾਂ ਇਹ ਤੱਤ ਪੂਰੀ ਤਰ੍ਹਾਂ ਰਮਿਆ ਹੋਇਆ ਸੀ। ਇਸੇ ਲਈ ਗੁਰਬਾਣੀ ਦੀ ਹਰੇਕ ਧੁਨੀ, ਹਰੇਕ ਸਵਰ, ਹਰੇਕ ਸ਼ਬਦ ਸੱਚੀ-ਸੁੱਚੀ ਧਾਰਮਿਕਤਾ ਦਾ ਪੈਗ਼ਾਮ ਦਿੰਦਾ ਪ੍ਰਤੀਤ ਹੁੰਦਾ ਹੈ।

ਗੁਰੂ ਗ੍ਰੰਥ ਸਾਹਿਬ ਨੂੰ 'ਪ੍ਰਗਟਿ ਗੁਰਾਂ ਦੀ ਦੇਹਿ' ਦੀ ਉਪਾਧੀ ਦੇਣ ਵਾਲੇ ਗੁਰੂ ਗੋਬਿੰਦ ਸਿੰਘ ਜੀ ਵੀ ਆਪਣੇ ਸਮੁੱਚੇ ਜੀਵਨ ਵਿਚ ਧਾਰਮਿਕ ਸਹਿਣਸ਼ੀਲ ਰਹੇ ਹਨ। ਖਾਲਸਾ-ਪੰਥ ਵਿਚ ਪੰਜ ਪਿਆਰਿਆਂ ਦੀ ਹੋਂਦ ਆਪ ਦੀ ਧਾਰਮਿਕ ਸਹਿਣਸ਼ੀਲਤਾ ਦੀ ਲਾਜਵਾਬ ਉਦਾਹਰਨ ਹੈ। ਆਪ ਦੀ ਲੜਾਈ ਜ਼ੁਲਮ, ਅਨਿਆਂ, ਅਧਰਮ ਦੇ ਖਿਲਾਫ਼ ਸੀ। ਆਪ ਨੇ ਤਾਂ ਭਾਈ ਘਨਈਆ ਜੀ ਨੂੰ ਜ਼ਖਮੀਆਂ ਨੂੰ ਪਾਣੀ ਪਿਲਾਉਣ ਦੇ ਨਾਲ-ਨਾਲ ਉਨ੍ਹਾਂ ਦੀ ਮਲ੍ਹਮ-ਪੱਟੀ ਕਰਨ ਵਾਸਤੇ ਵੀ ਪ੍ਰੇਰਿਆ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤਾਂ ਮੁਕੰਮਲ ਰੂਪ ਵਿਚ ਧਰਮ ਪ੍ਰਤੀ ਸਹੀ ਨਿਸਚਿਆਂ ਤੇ ਇਰਾਦਿਆਂ ਨੂੰ ਪੁਖਤਾ ਰੂਪ ਵਿਚ ਨਿਰਧਾਰਿਤ ਕਰਦੀ ਹੈ।

'ਧਾਰਮਿਕ ਸਹਿਣਸ਼ੀਲਤਾ' ਦੇ ਸੰਦਰਭ ਵਿਚ ਗੁਰੂ ਗ੍ਰੰਥ ਸਾਹਿਬ ਦੇ ਕੀਤੇ ਅਧਿਐਨ ਉਪਰੰਤ ਇਸ ਸਿੱਟੇ ਤੇ ਪੁੱਜਿਆ ਗਿਆ ਹੈ ਕਿ ਇਸ ਬਾਣੀ ਦਾ ਸੰਦੇਸ਼ ਵਿਸ਼ਵ-ਵਿਆਪੀ ਹੈ; ਜਿਸ ਵਿਚ ਪੂਰੇ ਵਿਸ਼ਵ ਨੂੰ ਇੱਕ ਸੂਤਰ ਵਿਚ ਪ੍ਰੋਣ ਵਾਸਤੇ ਧਾਰਮਿਕ ਸਹਿਣਸ਼ੀਲਤਾ ਦੀ ਵਿਚਾਰਧਾਰਾ ਨੂੰ ਪ੍ਰਮਾਣਿਤ ਕੀਤਾ ਗਿਆ ਹੈ। ਮਨੁੱਖ ਨੂੰ ਹੋਰਨਾਂ ਧਰਮਾਂ ਤੇ ਉਨ੍ਹਾਂ ਦੇ ਪੈਰੋਕਾਰਾਂ ਨਾਲ ਵਿਤਕਰਾ ਨਹੀਂ ਕਰਨਾ ਚਾਹੀਦਾ, ਬੇਸ਼ਕ ਉਨ੍ਹਾਂ ਦੇ ਧਾਰਮਿਕ ਵਿਸ਼ਵਾਸਾਂ ਨਾਲ ਉਹ ਸਹਿਮਤ ਨਹੀਂ ਹੈ।

### 4.2 ਧਾਰਮਿਕ ਬਹੁਲਤਾਵਾਦ ਦੀ ਸਥਾਪਨਾ :

ਧਾਰਮਿਕ ਬਹੁਲਤਾਵਾਦ ਸਮਕਾਲੀਨ ਵਿਸ਼ਵ-ਵਿਆਪੀ ਅਕਾਦਮਿਕਤਾ ਦੀ ਇਕ ਅਹਿਮ ਪ੍ਰਾਪਤੀ ਹੈ। ਬਹੁਲਤਾਵਾਦ ਸਮੁੱਚੀ ਮਨੁੱਖਤਾ ਦੇ ਭਲੇ ਲਈ ਵਿਭਿੰਨ ਧਰਮਾਂ ਦੇ ਆਪਸ ਵਿਚ ਸਾਕਾਰਾਤਮਕ ਸੰਵਾਦ ਦੀ ਬੁਨਿਆਦ ਹੈ।ਧਾਰਮਿਕ ਬਹੁਲਤਾਵਾਦ ਦੀ ਹੋਂਦ ਮਨੁੱਖਤਾ ਦੇ ਇਤਿਹਾਸ ਜਿੰਨੀ ਪੁਰਾਣੀ ਹੈ ਪਰ 19ਵੀ ਅਤੇ 20ਵੀ ਸਦੀ ਵਿਚ, ਪੱਛਮੀ ਸਮਾਜਿਕ ਤੇ ਆਕਾਦਮਿਕ ਗਲਿਆਰਿਆਂ ਵਿਚ ਇਹ ਇਕ ਮਹੱਤਵਪੂਰਨ ਲਹਿਰ ਵੱਜੋਂ ਉਭਰਿਆ ਤੇ ਵਿਕਸਤ ਹੋਇਆ। ਕ੍ਰਿਸਚਨ ਤੇ ਨਾਨ-ਕ੍ਰਿਸਚਨ ਅਤੇ ਵਿਸ਼ੇਸ਼ ਕਰਕੇ ਇਸਾਈ ਅਤੇ ਇਸਲਾਮ ਧਰਮ ਵਿਚ ਦੋਸਤੀ ਤੇ ਸਦਭਾਵਨਾ ਦੇ ਵਾਤਾਵਰਣ ਦੀ ਉਸਾਰੀ ਲਈ ਇਸ ਸੰਕਲਪ ਨੇ ਜ਼ੋਰ ਫੜ੍ਹਿਆ। ਵਿਸ਼ਵੀ-ਚਿੰਤਨ ਦੇ ਖੇਤਰ ਵਿਚ ਇਸ ਧਾਰਨਾ ਨੇ ਆਪਣੇ ਸਾਕਾਰਤਮਕ ਰੂਪ ਵਿਚ ਇਕ ਅਜਿਹਾ ਸੰਵਾਦ ਪੇਸ਼ ਕੀਤਾ ਜੋ ਅਜੋਕੇ ਵਿਸ਼ਵੀਕਰਨ ਦੇ ਸਮਿਆਂ ਵਿਚ ਬੜਾ ਸਾਰਥਿਕ ਤੇ ਪ੍ਰਾਸੰਗਿਕ ਸਾਬਤ ਹੋ ਰਿਹਾ ਹੈ।

ਪਿਛਲੇ ਕੁੱਝ ਦਹਾਕਿਆਂ ਤੋਂ ਚਿੰਤਨ ਦੇ ਖੇਤਰ ਵਿਚ ਵਿਸ਼ਵੀਕਰਨ Globalization ਦਾ ਸੰਕਲਪ ਬਹੁਤ ਚਰਚਿਤ ਰਿਹਾ ਹੈ। ਅੱਜ ਸੰਸਾਰ ਇਕ ਵਿਸ਼ਵ-ਵਿਆਪੀ ਪਿੰਡ ਜਾਂ ਵਿਸ਼ਵ-ਵਿਆਪੀ ਸਮਾਜ ਦੇ ਰੂਪ ਵਿਚ ਰੂਪਾਂਤਰਿਤ

ਹੋ ਰਿਹਾ ਹੈ।'ਸਮੇਂ ਅਤੇ ਸਥਾਨ ਦੀ ਦੂਰੀ ਇਸ ਤਰ੍ਹਾਂ ਸਿਮਟ ਗਈ ਹੈ ਕਿ ਸਮੁੱਚਾ ਵਿਸ਼ਵ ਅੱਜ ਸੁੰਗੜ ਕੇ ਇਕ ਵਿਸ਼ਵ-ਪਿੰਡ ਜਾਂ ਗਲੋਬਲ ਵਿਲੇਜ ਬਣ ਗਿਆ ਹੈ।ਗਿਆਨ ਦੇ ਇਸ ਵਿਸਫੋਟ ਨੇ ਜਿੱਥੇ ਵਿਸ਼ਵ-ਵਿਆਪੀ ਚੇਤਨਾ ਨੂੰ ਜਨਮ ਦਿੱਤਾ ਹੈ ਉੱਥੇ ਇਸ ਨੇ ਬਹੁ-ਰਾਸ਼ਟਰੀ ਸਰਮਾਏ ਲਈ ਸ਼ੋਸ਼ਣ ਦਾ ਰਾਹ ਵੀ ਪੱਧਰਾ ਕਰ ਦਿੱਤਾ ਹੈ। ਸਮਕਾਲੀ ਸ਼ਬਦਾਵਲੀ ਅਨੁਸਾਰ ਇਸੇ ਨੂੰ ਹੀ ਗਲੋਬਲਾਈਜੇਸ਼ਨ ਜਾਂ ਵਿਸ਼ਵੀਕਰਣ ਦੀ ਪ੍ਰਕਿਰਿਆ ਵੀ ਆਖਿਆ ਜਾਂਦਾ ਹੈ।'[27] ਆਰਥਿਕ ਪੱਖੋਂ ਇਹ ਵੱਧ ਕੁਸ਼ਲ ਆਰਥਿਕਤਾ ਦਾ ਦਾਅਵਾ ਹੈ ਪਰ ਅਸਲ ਵਿਚ ਇਕ ਅਜਿਹਾ ਪ੍ਰਬੰਧ ਉਸਾਰਿਆ ਜਾ ਰਿਹਾ ਹੈ ਜੋ ਪੂੰਜੀਵਾਦ ਦੀ ਨਵੇਂ ਹਾਲਾਤ ਅਨੁਸਾਰ ਨਵੀਂ ਵਿਆਖਿਆ ਹੈ ਜਿਸਦਾ ਪਿਛੋਕੜ ਬਸਤੀਵਾਦ ਦੇ ਉਦੇਸ਼ਾਂ ਨੂੰ ਹੋਰ ਵੀ ਜ਼ਿਆਦਾ ਨਿਪੁੰਨਤਾ ਤੇ ਤਰਕਪੂਰਵਕ ਢੰਗ ਨਾਲ ਪ੍ਰਾਪਤ ਕਰਨ ਦੀ ਕੋਸ਼ਿਸ਼ ਹੈ। ਰਾਜਨੀਤੀ ਪੱਖੋਂ ਆਪਣੀਆਂ ਆਪਣੀਆਂ ਸਿਆਸਤਾਂ ਦੀ ਸ਼ਕਤੀ ਤੇ ਸਰਦਾਰੀ ਨੂੰ ਸਥਾਪਤ ਕਰਨ ਲਈ ਤੇ ਦੂਸਰੇ ਨੂੰ ਅਧੀਨ ਰੱਖਣ ਲਈ ਸਾਮਰਾਜੀ ਚੇਤਨਾ ਵੀ ਇਸਦਾ ਆਧਾਰ ਹੈ। ਗਲੋਬਲਾਈਜੇਸ਼ਨ ਪੂਰਬੀ ਚਿੰਤਨ ਤੇ ਵਿਚਾਰਧਾਰਾ ਉੱਤੇ ਪੱਛਮੀ ਚਿੰਤਨ ਤੇ ਵਿਚਾਰਧਾਰਾ ਦੀ ਜਕੜ ਦਾ ਪ੍ਰਤੀਕ ਹੋ ਗਿਆ ਹੈ। ਭਾਵੇਂ ਗਲੋਬਲਾਈਜੇਸ਼ਨ ਦਾ ਮਕਸਦ ਸਮੁੱਚੇ ਸੰਸਾਰ ਨੂੰ ਪੱਛਮੀ ਸਭਿਆਚਾਰ ਅਨੁਸਾਰ ਇਕਰੂਪ ਕਰਨਾ ਨਹੀਂ ਪਰ ਫਿਰ ਵੀ ਇਹ ਗ਼ੈਰ-ਪੱਛਮੀ ਸੰਸਾਰ ਦੇ ਸਮੁੱਚੇ ਪ੍ਰਬੰਧਾਂ ਨੂੰ ਪੱਛਮੀ ਦ੍ਰਿਸ਼ਟੀਕੋਣ ਅਨੁਸਾਰ ਢਾਲਣ ਦਾ ਚੇਤੰਨ ਉਪਰਾਲਾ ਹੈ।ਇਸ ਤਰ੍ਹਾਂ ਸਮਕਾਲੀ ਵਿਸ਼ਵ ਚਿੰਤਨ ਵਿਚ 'ਵਿਸ਼ਵੀਕਕਰਨ' ਸਭ ਤੋਂ ਚਰਚਿਤ ਵਿਚਾਰਧਾਰਕ ਮੁੱਦਾ ਹੈ। ਭਾਵੇਂ ਇਹ ਰਾਜਸੀ-ਆਰਥਿਕਤਾ ਦਾ ਪ੍ਰਵਰਗ ਹੈ, ਪਰ ਇਸ ਨੇ ਗਿਆਨ ਦੇ ਵਿਭਿੰਨ ਅਨੁਸਾਸ਼ਨਾਂ ਨੂੰ ਪ੍ਰਭਾਵਿਤ ਕੀਤਾ ਹੈ। ਗਿਆਨ-ਵਿਗਿਆਨ ਦਾ ਅਜਿਹਾ ਕੋਈ ਖੇਤਰ ਨਹੀਂ ਜਿਸ ਵਿਚ ਵਿਸ਼ਵੀ ਵਰਤਾਰੇ ਦੀ ਇਤਿਹਾਸਕ ਪ੍ਰਕਿਰਿਆ ਅਤੇ ਉਸ ਦੇ ਪ੍ਰਭਾਵਾਂ ਦੀ ਚਰਚਾ ਨਾ ਹੋ ਰਹੀ ਹੋਵੇ। ਇਸ ਨੇ ਦਰਸ਼ਨ, ਅਰਥ-ਸ਼ਾਸਤਰ, ਰਾਜਨੀਤੀ-ਸ਼ਾਸਤਰ, ਸਮਾਜ-ਸ਼ਾਸਤਰ, ਸੁਹਜ-ਸ਼ਾਸਤਰ ਅਤੇ ਸਭਿਆਚਾਰਕ ਅਧਿਐਨ ਦੇ ਵਿਗਿਆਨਾਂ ਵਿਚ ਨਵੀਆਂ ਅੰਤਰ-ਦ੍ਰਿਸ਼ਟੀਆਂ ਨੂੰ ਜਨਮ ਦਿੱਤਾ ਹੈ। ਵਿਸ਼ਵੀਕਰਨ ਦੇ ਦੁਨੀਆ ਦੇ ਅਰਥਚਾਰੇ ਅਤੇ ਰਾਜਸੀ-ਸਭਿਆਚਾਰ ਉੱਪਰ ਪੈ ਰਹੇ ਪ੍ਰਭਾਵਾਂ ਬਾਰੇ ਪਰਸਪਰ ਵਿਰੋਧੀ ਵਿਚਾਰ ਸਾਹਮਣੇ ਆ ਰਹੇ ਹਨ। ਵਿਸ਼ਵੀਕਰਨ ਦੇ ਸਮਰਥਕ-ਫੂਕੋਯਾਮਾ, ਲਿਉਤਾਰਦ, ਐਂਥਨੀ ਗਿੱਡਨਜ਼, ਸੈਸਲਿਨੀ, ਡੇਵਿਡ ਹਾਰਵੇ, ਰੋਲਾਂ ਰੌਬਰਟਸਨ, ਜੌਹਨ ਟੌਮਲਿਕਸਨ ਆਦਿ ਇਸ ਨੂੰ ਅਤਿ ਲੁਭਾਵਣੀ ਲਫ਼ਾਜ਼ੀ ਵਿਚ ਮਨੁੱਖਤਾ ਦੀ ਮੁਕਤੀ ਦੇ ਮਾਰਗ ਵਜੋਂ ਪੇਸ਼ ਕਰਦੇ ਹਨ। ਉਨ੍ਹਾਂ ਅਨੁਸਾਰ ਇਹ ਅਜਿਹੀ ਗਤੀਸ਼ੀਲ, ਲਚਕਦਾਰ ਅਰਥ-ਵਿਵਸਥਾ ਹੈ ਜਿਸ ਵਿਚ ਤੀਸਦੇ ਸੰਸਾਰ ਦੇ ਪੱਛੜੇ ਅਤੇ ਵਿਕਾਸਸ਼ੀਲ ਮੁਲਕਾਂ ਦੇ ਆਰਥਿਕ ਵਿਕਾਸ ਦੀਆਂ ਸੰਭਾਵਨਾਵਾਂ ਮੌਜੂਦ ਹਨ। ਉਨ੍ਹਾਂ ਦੀ ਦੂਸਰੀ ਧਾਰਨਾ ਇਹ ਹੈ ਉਹ ਕੇਂਦਰਵਾਦੀ ਨਹੀਂ, ਸਗੋਂ ਬਹੁਲਤਾਵਾਦੀ ਹੈ। ਅਰਥਾਤ ਹੁਣ ਕਿਸੇ ਇਕ ਕੌਮ, ਜਾਤੀ, ਦੇਸ਼, ਸਭਿਆਚਾਰ, ਭਾਸ਼ਾ, ਅਤੇ ਵਿਚਾਰਧਾਰਾ ਆਦਿ ਦੀ ਸਰਦਾਰੀ (hegemony) ਨਹੀਂ ਰਹੇਗੀ। ਹੁਣ ਆਰਥਿਕ ਲੁੱਟ ਅਤੇ ਸਭਿਆਚਾਰਕ ਦਾਬੇ ਤੋਂ ਮੁਕਤ ਸਮਾਜ ਦੀ ਸੰਭਾਵਨਾ ਪੈਦਾ ਹੋ ਗਈ ਹੈ।ਇਸ ਸਮੇਂ ਦੁਨੀਆ ਦਾ ਵਡੇਰਾ ਹਿੱਸਾ ਜਿਸ ਨਵ-ਸਾਮਰਾਜਵਾਦੀ ਵਿਵਸਥਾ ਦੀ ਜਕੜ ਵਿਚ ਹੈ, ਪੂੰਜੀਵਾਦ ਦੇ ਸਮਰਥਕ ਉਸਨੂੰ ਵਿਸ਼ਵੀਕਰਨ ਦਾ ਨਾਮ ਦਿੰਦੇ ਹਨ। ਅਜੋਕਾ ਵਿਸ਼ਵੀਕਰਨ ਕੋਈ ਨਵਾਂ ਵਰਤਾਰਾ ਨਹੀਂ, ਇਸ ਦਾ ਆਰੰਭ ਪੰਦਰਵੀਂ ਸਦੀ ਦੇ ਅੰਤ ਤੇ ਪੂੰਜੀਵਾਦ ਦੇ ਪਾਸਾਰ ਨਾਲ ਹੀ ਹੋ ਗਿਆ ਸੀ। ਪੂੰਜੀਵਾਦ ਇਤਿਹਾਸਕ ਵਿਕਾਸ ਦੇ ਪੜਾਵਾਂ-ਕੌਮੀ ਸਰਮਾਏਦਾਰੀ ਅਤੇ ਬਸਤੀਵਾਦੀ ਵਿਵਸਥਾ ਵਿਚੋਂ ਲੰਘ ਕੇ ਹੀ ਇਸ ਅਜੋਕੇ

ਪੜਾਅ ਤੇ ਪਹੁੰਚਿਆ ਹੈ। ਜੇਮਜ਼ ਪੈਟਰਾਸ ਦੇ ਸ਼ਬਦਾਂ ਵਿਚ ਵਿਸ਼ਵੀਕਰਨ ਪੂੰਜੀਵਾਦੀ ਸਾਮਰਾਜਵਾਦ ਦਾ ਹੀ ਨਵਾਂ ਨਾਂ ਹੈ। ਇਹ ਬਸਤੀਵਾਦ ਦਾ ਅਗਲਾ ਪੜਾਅ ਹੈ, ਅੰਤਰ ਤਾਸੀਰ ਦਾ ਨਹੀਂ, ਲੁੱਟ ਦੀ ਵਿਧੀ ਦਾ ਹੈ ਜੋ ਪਹਿਲਾ ਨਾਲੋਂ ਵਧੇਰੇ ਗੁੱਝੀ, ਜਟਿਲ, ਸੂਖ਼ਮ ਤੇ ਕਈ ਹਾਲਾਤਾਂ ਵਿਚ ਵਧੇਰੇ ਭੁਲੇਖਾਮਈ ਹੋ ਗਈ ਹੈ।'[28] ਇਸਤਿਵਾਨ ਮੇਜ਼ਾਰੋਸ ਵਿਸ਼ਵੀਕਰਨ ਨੂੰ ਸਾਮਰਾਜਵਾਦ ਦਾ ਵਧੇਰੇ ਖਤਰਨਾਕ ਪੜਾਅ ਕਹਿੰਦਾ ਹੈ।

ਇਕ ਪ੍ਰਮੁਖ ਚਿੰਤਕ ਹੈਰੀ ਮੈਗ਼ਡਾਫ਼ ਦੇ ਹਵਾਲੇ ਨਾਲ ਇਹ ਸਪੱਸ਼ਟ ਹੈ ਕਿ ਵਿਸ਼ਵੀਕਰਨ ਦੀ ਪ੍ਰਕਿਰਿਆ ਨੇ ਬਹੁਤ ਕੁਝ ਅਜਿਹਾ ਉਤਪੰਨ ਕਰ ਦਿੱਤਾ ਹੈ ਜੋ ਵਿਸ਼ਵ ਦੀ ਆਰਥਿਕਤਾ ਅਤੇ ਸਿਆਸਤ ਲਈ ਨਵਾਂ ਹੈ। ਪਰ ਇਸ ਨੇ ਪੂੰਜੀਵਾਦੀ ਪ੍ਰਣਾਲੀ ਦੇ ਚਲਨ ਵਿਚ ਕੋਈ ਬੁਨਿਆਦੀ ਤਬਦੀਲੀ ਨਹੀਂ ਲਿਆਂਦੀ। ਨਾ ਹੀ ਇਹ ਖ਼ੁਸ਼ਹਾਲੀ ਅਤੇ ਸ਼ਾਂਤੀ ਦੇ ਹੱਕ ਵਿਚ ਭੁਗਤਿਆ ਹੈ। ਇਸੇ ਵਿਚਾਰ ਦੀ ਪ੍ਰੜੋਤਾ ਕਰਦੇ ਹੋਏ ਭਾਰਤੀ ਫਿਲਾਸਫਰ ਕੇ.ਐਮ.ਪਾਨਿਕਰ ਦੀ ਇਹ ਟਿੱਪਣੀ ਵਿਚਾਰਨਯੋਗ ਹੈ ਕਿ 'ਵਿਸ਼ਵੀਕਰਨ ਦੀਆਂ ਤਾਕਤਾਂ ਸਾਡੇ ਦੇਸ਼ ਦੇ ਸਭਿਆਚਾਰ ਢਾਂਚੇ ਵਿਚ ਇਕ 'ਵਿਸ਼ਵ-ਸੰਸਕ੍ਰਿਤੀ' ਨੂੰ ਆਤਮਸਾਤ ਕਰਨ ਦਾ ਯਤਨ ਕਰ ਰਹੀਆਂ ਹਨ। ਇਸ ਦਿਸ਼ਾ ਵਿਚ ਬੁਰਜੂਆ ਵਰਗ ਦਾ ਕ੍ਰਿਆਸ਼ੀਲ ਸਹਿਯੋਗ ਉਤਪ੍ਰੇਰਕ ਦੀ ਭੂਮਿਕਾ ਅਦਾ ਕਰ ਰਿਹਾ ਹੈ।ਇਹ ਵਰਗ ਨਾ ਕੇਵਲ ਖ਼ਪਤਵਾਦੀ ਸਭਿਆਚਾਰਕ ਮੁੱਲਾਂ ਤੇ ਰੁਚੀਆਂ ਦਾ ਪ੍ਰਚਾਰ ਤੇ ਪਾਸਾਰ ਕਰ ਰਿਹਾ ਹੈ ਬਲਕਿ ਇਸ ਨੂੰ ਉਚਿਤ ਵੀ ਠਹਿਰਾ ਰਿਹਾ ਹੈ।'[29]

ਇਸ ਤਰ੍ਹਾਂ ਅਜੋਕੇ ਦੌਰ ਵਿਚ ਉਦਾਰੀਕਰਨ, ਨਿੱਜੀਕਰਣ ਤੇ ਵਿਸ਼ਵੀਕਰਨ (Liberalization, privatization, Globalization) ਦਾ ਬੋਲਬਾਲਾ ਹੈ।ਅਕਾਦਮਿਕ ਗਲਿਆਰਿਆਂ ਵਿਚ ਆਧੁਨਿਕਤਾ ਤੋਂ ਅੱਗੇ ਉੱਤਰ-ਆਧੁਨਿਕਤਾ ਤੇ ਉੱਤਰ-ਉੱਤਰ ਆਧੁਨਿਕਤਾ ਦੇ ਸੰਕਲਪ ਨਵੇਂ ਸੰਦਰਭਾਂ ਵਿਚ ਵਿਚਾਰੇ ਜਾ ਰਹੇ ਹਨ। ਇਤਿਹਾਸ, ਫਿਲਾਸਫ਼ੀ ਤੇ ਧਰਮ ਦੀ ਮੌਤ ਦੇ ਫਤਵਿਆਂ ਦੀ ਗੂੰਜ ਸੁਣਾਈ ਦਿੰਦੀ ਹੈ।ਰਵਾਇਤੀ ਸਮਾਜਵਾਦੀ-ਪੂੰਜੀਵਾਦੀ ਤੋਂ ਸਾਮਰਾਜਵਾਦੀ ਏਕਾਧਿਕਾਰ ਅਤੇ ਬਸਤੀਵਾਦ ਦਾ ਵਰਤਾਰਾ ਵਿਸ਼ਵੀ ਲੁੱਟ ਤੇ ਵਿਸ਼ਵੀ ਮੁਨਾਫੇ ਦੀ ਹੋੜ ਵਿਚ ਵਿਸ਼ਵੀਕਰਨ Global Villageਵਿਚ ਪ੍ਰਵਰਤਿਤ ਹੋ ਰਿਹਾ ਹੈ।ਸਾਂਸਕ੍ਰਿਤਕ ਰੂਪਾਂਤਰਣ ਦੇ ਨਾਂ ਤੇ ਪੰਰਪਰਾਗਤ/ਰਵਾਇਤੀ ਕੀਮਤ-ਪ੍ਰਬੰਧ ਖੇਰੂੰ-ਖੇਰੂੰ ਹੋ ਰਹੇ ਹਨ। ਬੌਧਿਕ ਅਨਾਰਕੀ ਪੈਦਾ ਕੀਤੀ ਜਾ ਰਹੀ ਹੈ ਅਤੇ ਸੰਘਰਸ਼/ਵਿਕਾਸ ਦੇ ਪ੍ਰੇਰਕ ਸੋਮੇ ਖਤਮ ਕੀਤੇ ਜਾ ਰਹੇ ਹਨ।

ਨਿਰਸੰਦੇਹ ਵਿਸ਼ਵੀਕਰਨ ਨਵ-ਸਾਮਰਾਜਵਾਦ, ਨਵ-ਪੂੰਜੀਵਾਦ, ਨਵ-ਬਸਤੀਵਾਦ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੋਇਆ ਵਿਭਿੰਨ ਕੁਹਜੇ ਢੰਗਾਂ ਤਰੀਕਿਆਂ ਨਾਲ ਸਾਡੇ ਸਭਿਆਚਾਰ 'ਤੇ ਆਕਰਮਣਸ਼ੀਲ ਹੋ ਰਿਹਾ ਹੈ। ਉਸਦੇ ਇਸ ਹਮਲਾਵਰ ਰੂਪ ਨੇ ਵਿਸ਼ਵ ਦੇ ਵਿਭਿੰਨ ਸਭਿਆਚਾਰਾਂ/ਕੌਮਾਂ/ਜਨਸਮੂਹਾਂ ਨੂੰ ਕੁ-ਪ੍ਰਭਾਵਤ ਕਰਕੇ ਉਨ੍ਹਾਂ ਦੀ ਹੋਂਦ, ਪਹਿਚਾਣ, ਉਨ੍ਹਾਂ ਦੀ ਵਿਵਿਧਤਾ, ਵਿਭਿੰਨਤਾ ਅਤੇ ਸ਼ਨਾਖ਼ਤ ਨੂੰ ਵੀ ਤਬਾਹ ਕਰ ਦਿੱਤਾ ਹੈ।ਅਸਲ ਵਿਚ ਇਹ ਵਿਸ਼ਵ ਦੇ ਵਿਭਿੰਨ ਮੁਲਖ਼ਾਂ ਦੀਆਂ ਸ਼ਾਨਦਾਰ, ਅਗਾਂਹਵਧੂ, ਸਿਹਤਮੰਦ, ਉਸਾਰੂ, ਮਾਣਮੱਤੀਆਂ ਰਵਾਇਤਾਂ ਨੂੰ ਭੰਗ ਕਰਨ ਤੇ ਤੁਲਿਆ ਹੈ।

ਵਿਸ਼ਵੀਕਰਨ ਦੀ ਹੋਂਦ ਨਾਲ ਬਹੁਤ ਸਾਰੀਆਂ ਚੁਨੌਤੀਆਂ ਵਿਸ਼ਵ-ਵਿਆਪੀ ਭਾਈਚਾਰੇ ਸਾਹਮਣੇ ਆ ਰਹੀਆਂ ਹਨ। ਅੱਜ ਅਸੀਂ ਬਹੁ-ਧਰਮੀ, ਬਹੁ-ਜਾਤੀ, ਬਹੁ-ਨਸਲੀ, ਬਹੁ-ਭਾਸ਼ੀ, ਬਹੁ-ਸਭਿਆਚਾਰਕ ਸਮੂਹਾਂ ਵਿਚ ਰਹਿ ਰਹੇ ਹਾਂ। ਨਤੀਜੇ ਵਜੋਂ ਵਿਸ਼ਵ-ਵਿਆਪੀ ਭਾਈਚਾਰੇ ਨੂੰ ਜਾਤੀ, ਨਸਲੀ, ਖੇਤਰੀ, ਸੰਪਰਦਾਇਕ, ਲਿੰਗ ਅਤੇ ਸਭਿਆਚਾਰਕ ਪਹਿਚਾਣ ਨਾਲ ਜੁੜੀਆਂ ਬਹੁਤ ਸਾਰੀਆਂ ਵੰਗਾਰਾਂ ਤੇ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ

ਸਮੱਸਿਆਵਾਂ ਦੇ ਸਨਮੁੱਖ ਇਸ ਵਿਸ਼ਵ-ਵਿਆਪੀ ਪਿੰਡ ਵਿਚ ਸਦੀਵੀ ਸ਼ਾਂਤੀ, ਇਕਸਾਰਤਾ, ਸੰਤੁਲਨ ਤੇ ਆਪਸੀ ਤਾਲਮੇਲ ਪੈਦਾ ਕਰਨ ਲਈ ਬਹੁ ਧਰਮਵਾਦ ਜਾਂ ਬਹੁਲਤਾਵਾਦ ਨਾਲ ਸਥਾਪਿਤ ਕਰਨਾ ਬਹੁਤ ਜ਼ਰੂਰੀ ਹੋ ਗਿਆ ਹੈ।

ਖੋਜ-ਕਾਰਜ ਦੇ ਇਸ ਸਿਰਲੇਖ ਤਹਿਤ ਉਪਰੋਕਤ ਵਿਸ਼ੇ ਦੀ ਸਮੱਸਿਆ ਦੇ ਸਮਾਧਾਨ ਲਈ ਅਸੀਂ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਧਾਰਮਿਕ ਬਹੁਲਤਾਵਾਦ ਦਾ ਵਿਸ਼ਲੇਸ਼ਣ ਕਰਨ ਦਾ ਉਪਰਾਲਾ ਕਰਦੇ ਹਾਂ ਕਿ ਇਹ ਗਿਆਨ ਮੂਲਕ ਤੇ ਤਰਕਸ਼ੀਲ ਗ੍ਰੰਥ ਮਨੁੱਖ ਦੀ ਕਿਸ ਪ੍ਰਕਾਰ ਅਗਵਾਈ ਕਰ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਪ੍ਰਸਤੁੱਤ ਬਹੁਲਤਾਵਾਦ ਦੀਆਂ ਵਿਭਿੰਨ ਉਦਾਹਰਨਾਂ ਦਾ ਅਧਿਐਨ ਕਰਨ ਤੋਂ ਪਹਿਲਾਂ ਧਾਰਮਿਕ ਬਹੁਲਤਾਵਾਦ ਸ਼ਬਦ ਦੇ ਅਰਥ ਅਤੇ ਪ੍ਰਕ੍ਰਿਤੀ ਨੂੰ ਜਾਣ ਲੈਣਾ ਜ਼ਰੂਰੀ ਹੈ।

ਧਾਰਮਿਕ ਬਹੁਲਤਾਵਾਦ ਇਕ ਅਜਿਹਾ 'ਗਲੋਬਲੀ ਜ਼ਿੰਮੇਵਾਰੀ' ਵਾਲਾ ਸੰਵਾਦ ਹੈ:ਜੋ ਆਪਸੀ ਵਖਰੇਵਿਆਂ ਦੇ ਸਤਿਕਾਰ, ਕਹਿਣ ਤੇ ਸੁਣਨ, ਸਿੱਖਣ ਤੇ ਸਿਖਾਉਣ ਦੇ ਆਪਸੀ-ਰਿਸ਼ਤੇ ਉੱਤੇ ਆਧਾਰਿਤ ਹੈ।[30] ਧਾਰਮਿਕ ਬਹੁਲਤਾਵਾਦ ਸੰਸਾਰ ਦੇ ਹਰੇਕ ਧਰਮ ਨੂੰ ਪ੍ਰਮਾਣਿਕ, ਸ਼ੁਧ ਅਤੇ ਮਨੁੱਖ ਦੀ ਯੋਗ ਅਗਵਾਈ ਕਰਨ ਦੇ ਸਮਰੱਥ ਮੰਨਦਾ ਹੋਇਆ ਮਾਨਤਾ ਤੇ ਪ੍ਰਮਾਣਿਕਤਾ ਦਿੰਦਾ ਹੈ। ਵਿਸ਼ਵ-ਵਿਆਪੀ ਧਰਮ, ਮਨ ਤੇ ਬੁੱਧੀ ਦੇ ਘੇਰੇ ਤੋਂ ਪਾਰ ਇਕ ਹੀ ਅੰਤਿਮ ਸਚਾਈ ਨੂੰ ਵਿਭਿੰਨ ਢੰਗਾਂ ਨਾਲ ਬਿਆਨ ਕਰਦੇ ਹੋਏ ਕਾਫ਼ੀ ਹੱਦ ਤੱਕ ਇਕ ਸਮਾਨ ਹਨ। ਹਰੇਕ ਧਰਮ ਵਿਭਿੰਨ ਪ੍ਰਸਥਿਤੀਆਂ ਵਿਚ ਅੰਤਿਮ ਸਚਾਈ ਨਾਲ ਇਕਮਿਕਤਾ ਪ੍ਰਾਪਤ ਕਰਨ, ਸੰਸਾਰ ਤੇ ਮਨੁੱਖਤਾ ਦੇ ਭਲੇ ਲਈ ਇਕ ਖਾਸ ਪ੍ਰਵਚਨ ਦੀ ਉਸਾਰੀ ਕਰਦਾ ਹੈ।ਧਾਰਮਿਕ ਬਹੁਲਤਾਵਾਦ ਦੇ ਸੰਬੰਧ ਵਿਚ ਇਹ ਕਥਨ ਬੜਾ ਪ੍ਰਾਮਣੀਕ ਸੂਤਰ ਹੋ ਨਿਬੜਿਆ ਹੈ-

Religious Pluralism is an attitude or policy regarding the diversity of religious belief systems co-existing in society. As the name of the worldview according to which one's religion is not the sole and exclusive source of truth, and thus the acknowledgement that at least some truths and true values exist in other religions.[31]

ਅਰਥਾਤ ਧਾਰਮਿਕ ਬਹੁਲਤਾਵਾਦ ਇਕ ਸਮਾਜ ਵਿਚ ਪੈਦਾ ਹੋਣ ਵਾਲੇ ਵਿਭਿੰਨ ਧਾਰਮਿਕ ਅਕੀਦਿਆਂ ਤੇ ਵਿਸ਼ਵਾਸਾਂ ਪ੍ਰਤੀ ਵਿਹਾਰ-ਢੰਗ ਜਾਂ ਰਵੱਈਆ ਜਾਂ ਇਕ ਵਿਵਸਥਾ ਹੈ ਜਿਸ ਅਨੁਸਾਰ ਸੰਸਾਰ ਵਿਚ ਕੋਈ ਵੀ ਧਰਮ ਪਰਮ ਕੇਂਦਰ ਹੁੰਦਾ ਹੋਇਆ ਜਾਂ ਅਦੁੱਤੀ ਪੂਰਨ ਸੱਚ ਦਾ ਪ੍ਰਗਟਾਵਾ ਨਹੀਂ ਹੈ ਅਤੇ ਇਸ ਤਰ੍ਹਾਂ ਹਰ ਧਰਮ ਵਿਚ ਕੁਝ ਸੱਚਾਈਆਂ ਤੇ ਮੁੱਲ ਵਿਧਾਨਾਂ ਦੀ ਪ੍ਰਮਾਣਿਕਤਾ ਤੇ ਸਰਵ-ਸ੍ਰੇਸ਼ਟਤਾ ਤੱਕ ਦੀ ਪਹੁੰਚ-ਦ੍ਰਿਸ਼ਟੀ ਹੈ। ਇਹ ਕਥਨ ਬੜਾ ਵਿਚਾਰਨਯੋਗ ਹੈ:

'The religious life of mankind from now on, if it is to be lived at all, will be lived in a context of religious pluralism…….This is true for all of us.'[32]

ਅਰਥਾਤ ਜੇ ਅਜੋਕਾ ਮਨੁੱਖ ਧਾਰਮਿਕ ਜ਼ਿੰਦਗੀ ਜਿਉਂਦਾ ਹੈ ਤਾਂ ਉਸਨੂੰ ਨਿਸਚੇ ਹੀ ਧਾਰਮਿਕ ਬਹੁਲਤਾਵਾਦ ਵਿਚ ਵਿਚਰਨਾ ਪਏਗਾ, ਇਹ ਸੱਚ ਸਾਡੇ ਸਾਰਿਆਂ ਲਈ ਸੱਚ ਹੈ।

ਧਾਰਮਿਕ ਬਹੁਲਤਾਵਾਦ ਸਭ ਧਰਮਾਂ ਪ੍ਰਤੀ ਸਮਾਨ ਮਹਤੱਤਾ ਦੀ ਪ੍ਰਤੀਤੀ ਕਰਵਾਉਂਦਾ ਹੈ। ਇਸ ਸੰਬੰਧ ਵਿਚ ਇਹ ਕਥਨ ਬੜਾ ਉਲੇਖਨੀਯ ਹੈ:

Religious Pluralism is the view that all religions are equally valid. According to religious pluralists, Judaism, Christianity, Islam, Sikhism, Hinduism, Boddhism, et, al.., are all equally worthy, even equally true religions. Each of these is a legitimate expression of a unique cultural heritage, and to reject it as false is to reject that cultural heritage, to marginalise a people. Religious Pluralism is currently on rise.[33]

ਅਰਥਾਤ ਇਸ ਤਰ੍ਹਾਂ ਧਾਰਮਿਕ ਬਹੁਲਤਾਵਾਦ ਸਮੂਹ ਧਰਮਾਂ ਦੀ ਸਮਾਨ ਮਾਨਤਾ ਪ੍ਰਤੀ ਪੇਸ਼ ਨਜ਼ਰੀਆ ਹੈ। ਧਾਰਮਿਕ ਬਹੁਲਤਾਵਾਦੀਆਂ ਅਨੁਸਾਰ ਯਹੂਦੀ, ਇਸਾਈ, ਇਸਲਾਮ, ਸਿੱਖ ਧਰਮ, ਹਿੰਦੂ-ਧਰਮ, ਬੁੱਧ-ਧਰਮ ਆਦਿ ਸੱਭ ਸਮਾਨ ਤੇ ਇੱਕੋ ਜਿਹੇ ਸੱਚੇ ਧਰਮ ਹਨ। ਹਰੇਕ ਧਰਮ ਅਨੁਪਮ ਸੰਸਕ੍ਰਿਤਕ ਵਿਰਸੇ ਦਾ ਅਨੁਕੂਲ ਤੇ ਉਚਿਤ ਪ੍ਰਗਟਾਵਾ ਹੈ।ਇਨ੍ਹਾਂ ਵਿਚੋਂ ਕਿਸੇ ਇਕ ਨੂੰ ਨਕਾਰਨਾ ਕਿਸੇ ਇਕ ਸੰਸਕ੍ਰਿਤਕ ਵਿਰਸੇ ਨੂੰ ਨਾਮਨਜ਼ੂਰ ਕਰਨਾ ਹੈ, ਉੱਥੋਂ ਦੇ ਲੋਕਾਂ ਨੂੰ ਗੁੱਠੇ ਲਾਉਣਾ ਹੈ।

ਧਾਰਮਿਕ ਬਹੁਲਤਾਵਾਦ ਬਾਰੇ ਪ੍ਰੋ.ਜਾੱਨ ਹਿੱਕ ਦਾ ਸੰਵਾਦ ਬਹੁਤ ਵਿਚਾਰਨਯੋਗ ਹੈ। ਇਹ ਸੰਵਾਦ 2003 ਵਿਚ ਬਰਮਿੰਘਮ ਯੁਨੀਵਰਸਿਟੀ ਵਿਚ ਆਯੋਜਿਤ ਵਿਭਿੰਨ ਧਰਮਾਂ ਨਾਲ ਸੰਬੰਧਿਤ ਇਕ ਸੰਮੇਲਨ ਵਿਚ ਪੇਸ਼ ਕੀਤਾ ਗਿਆ।ਇਸ ਸੰਵਾਦ ਤੋਂ ਧਾਰਮਿਕ ਬਹੁਲਤਾਵਾਦ ਦੀਆਂ ਜੋ ਵਿਸ਼ੇਸ਼ਤਾਵਾਂ ਉੱਭਰ ਕੇ ਸਾਹਮਣੇ ਆਉਂਦੀਆਂ ਹਨ ਉਨਾਂ ਦਾ ਵੇਰਵਾ ਕੁਝ ਇਸ ਪ੍ਰਕਾਰ ਹੈ[34]

- ਵਿਸ਼ਵ-ਵਿਆਪੀ ਧਰਮ ਵਿਭਿੰਨ ਧਾਰਮਿਕ ਅਕੀਦਿਆਂ, ਸਿਧਾਂਤਾਂ, ਉਪਦੇਸ਼ਾਂ ਅਤੇ ਵਖਰੇਵਿਆਂ ਦੇ ਬਾਵਜੂਦ ਵੀ ਅੰਤਿਮ ਸੱਚਾਈ ਨਾਲ ਇਕਮਿਕਤਾ ਪ੍ਰਾਪਤ ਕਰ ਦੇ ਪ੍ਰਮਾਣੀਕ ਰਸਤੇ ਹਨ।
- ਵਿਸ਼ਵ-ਵਿਆਪੀ ਧਰਮਾਂ ਵਿਚ ਸਰਵਜਨਕ ਕਦਰਾਂ-ਕੀਮਤਾਂ ਜਿਵੇਂ ਦਯਾ, ਪਿਆਰ, ਹਮਦਰਦੀ, ਸਮਾਨਤਾ, ਸੁਹਿਰਦਤਾ, ਮਾਣ-ਸਨਮਾਨ, ਤਿਆਗ ਆਦਿ ਸਰਵ-ਸਾਂਝੀਆਂ ਹਨ।
- ਹਰੇਕ ਮਨੁੱਖ ਨੂੰ ਆਪਣੀ ਚੇਤਨਾ ਦੀ ਸੁਤੰਤਰਤਾ ਤੇ ਆਪਣੇ ਧਾਰਮਿਕ ਮਾਰਗ ਨੂੰ ਚੁਨਣ ਤੇ ਉਸ ਤੇ ਚੱਲਣ ਦਾ ਅਧਿਕਾਰ ਹੈ।

- ਸਮੂਹ ਵਿਸ਼ਵ-ਵਿਆਪੀ ਧਰਮਾਂ ਦਾ ਅੰਤਿਮ ਅਦੁੱਤੀ ਸੱਚ ਸੰਬੰਧੀ ਪ੍ਰਗਟਾਵਾ ਵੱਖੋ-ਵੱਖਰੇ ਭਾਸ਼ਾਈ, ਸੱਭਿਆਚਾਰਕ, ਭੂਗੋਲਿਕ, ਸਾਮਾਜਕ-ਰਾਜਸੀ ਚੇਤਨਾ ਪਾਸਾਰਾਂ ਅਨੁਸਾਰ ਕੀਤਾ ਜਾਂਦਾ ਹੈ।
- ਕਿਸੇ ਵੀ ਧਾਰਮਿਕ ਪਰੰਪਰਾ ਦੁਆਰਾ ਅੰਤਿਮ ਸੱਚ ਸੰਬੰਧੀ ਦਾਅਵੇਦਾਰੀ ਜਾਂ ਏਕਾਧਿਕਾਰੀ ਪ੍ਰਵਿਰਤੀ ਕੇਵਲ ਤੇ ਕੇਵਲ ਧਾਰਮਿਕ ਹਿੰਸਾ, ਨਫ਼ਰਤ ਤੇ ਤਣਾਵ ਦਾ ਕਾਰਣ ਬਣਦੀ ਹੈ। ਲੋੜ ਇਸ ਚਿੰਤਾ ਤੇ ਖਿੱਚੋਤਾਣ ਨੂੰ ਦੂਰ ਕਰਨ ਦੀ ਹੈ।
- ਧਾਰਮਿਕ ਬਹੁਲਤਾਵਾਦ ਵਿਭਿੰਨ ਧਰਮਾਂ ਦੇ ਆਪਸੀ ਮੱਤਭੇਦਾਂ ਨੂੰ ਦੂਰ ਕਰਕੇ ਆਪਸ ਵਿਚ ਜੋੜਨ ਦਾ ਉਪਰਾਲਾ ਮਾਤਰ ਹੈ।
- ਧਾਰਮਿਕ ਬਹੁਲਤਾਵਾਦ ਦਾ ਮੂਲ ਮਨੋਰਥ ਵਿਸ਼ਵ ਦੀਆਂ ਅਤਿ ਸੰਵੇਦਨਸ਼ੀਲ ਖਤਰਨਾਕ ਚੁਣੌਤੀਆਂ (ਗਰੀਬੀ, ਜੰਗ, ਆਤੰਕਵਾਦ, ਬਿਮਾਰੀ, ਵਾਤਾਵਰਣ-ਅਸ਼ੁਧਤਾ ) ਨੂੰ ਵੰਗਾਰ ਕੇ ਖ਼ਤਮ ਕਰਨ ਹੋਣਾ ਚਾਹੀਦਾ ਹੈ।
- ਧਾਰਮਿਕ ਬਹੁਲਤਾਵਾਦ ਦਾ ਸੰਬੰਧ ਦੂਸਰੇ ਧਰਮਾਂ ਦੀਆਂ ਭਾਵਨਾਵਾਂ ਤੇ ਵਿਸ਼ਵਾਸਾਂ ਪ੍ਰਤੀ ਸਤਿਕਾਰ ਤੇ ਮਾਣ ਦੀ ਭਾਵਨਾ ਨੂੰ ਪੈਦਾ ਕਰਨਾ ਹੈ, ਕਿਉਂਜੁ ਦੂਸਰੇ ਧਰਮਾਂ ਨੂੰ ਇਕਰੂਪ ਕਰਨ ਦਾ ਰੁਝਾਨ ਈਰਖਾਲੂ, ਦਵੈਖੀ ਤੇ ਕੱਟੜ ਪ੍ਰਵਿਰਤੀ ਦਾ ਸੂਚਕ ਹੈ।

ਨਿਰਸੰਦੇਹ ਧਾਰਮਿਕ ਬਹੁਲਤਾਵਾਦ ਵਿਸ਼ਵ ਦੇ ਸੱਭ ਧਰਮਾਂ ਨੂੰ ਪ੍ਰਾਮਣੀਕ ਮੰਨਦਾ ਹੋਇਆ, ਸ਼ੁੱਧ ਅਤੇ ਪਰਮ ਸੱਚ ਤੱਕ ਦੀ ਪ੍ਰਾਪਤੀ ਲਈ ਯੋਗ ਅਤੇ ਅਨੁਕੂਲ ਹੈ। ਕਿਉਂਕਿ ਸਾਰੇ ਵਿਸ਼ਵ-ਵਿਆਪੀ ਧਰਮਾਂ ਵਿਚ ਵਖਰੇਵੇਂ ਹੁੰਦੇ ਹੋਏ ਵੀ ਮੂਲ ਸੱਚ ਇਕ ਸਮਾਨ ਤੇ ਸਾਂਝਾ ਹੈ ਜੋ ਵਿਭਿੰਨ ਤਰੀਕਿਆਂ ਦੇ ਨਾਲ ਅਦੁੱਤੀ ਸੱਚ ਦਾ ਪ੍ਰਗਟਾਵਾ ਕਰਦੇ ਹਨ। ਨਿਸ਼ਚਿਤ ਰੂਪ ਵਿਚ ਧਾਰਮਿਕ ਬਹੁਲਤਾਵਾਦ ਵਿਭਿੰਨਤਾ, ਸਹਿਣਸ਼ੀਲਤਾ ਜਾਂ ਸਾਪੇਖਵਾਦ ਦਾ ਵਿਸਥਾਰ ਨਹੀਂ, ਬਲਕਿ ਇਕ ਵਿਲੱਖਣ ਹੋਂਦ ਦਾ ਧਾਰਨੀ ਹੈ। ਇਸ ਸੰਬੰਧੀ ਇਹ ਵਿਚਾਰਧਾਰਾ ਗ੍ਰਹਿਣਯੋਗ ਹੈ-

'ਧਾਰਮਿਕ ਬਹੁਲਤਾਵਾਦ ਕੇਵਲ ਤੇ ਕੇਵਕ ਵਿਭਿੰਨਤਾ ਨੂੰ ਸਤਿਕਾਰ ਨਹੀਂ ਦਿੰਦਾ, ਬਲਕਿ ਵਿਭਿੰਨਤਾ ਨੂੰ ਤੀਬਰਤਾ ਨਾਲ ਸਮਝ ਕੇ ਮਾਣਨ ਵਲ ਰੁਚਿਤ ਹੈ।ਵਿਸ਼ਵ ਦੇ ਹਰੇਕ ਧਰਮ ਦਾ ਆਪਣਾ ਦਾਇਰਾ ਹੈ, ਭਾਸ਼ਾ-ਖੇਤਰ ਹੈ, ਸਭਿਆਚਾਰ ਹੈ, ਪੰਰਪਰਾ ਹੈ, ਮੁੱਲ-ਪ੍ਰਬੰਧ ਹੈ, ਸਦਾਚਾਰ ਸ਼ਾਸਤਰ ਹੈ। ਧਾਰਮਿਕ ਬਹੁਲਤਾਵਾਦ ਅਜਿਹੀ ਸਮਝ ਤੇ ਸੰਵਾਦ ਪੈਦਾ ਕਰਨ ਦੀ ਪੈਰਵਾਈ ਕਰਦਾ ਹੈ ਜਿਸ ਨਾਲ ਸਾਰੇ ਅਵਿਸ਼ਵਾਸ ਤੇ ਮੱਤ-ਭੇਦ ਨਿਵਿਰਤ ਹੋ ਜਾਣ। ਦੂਸਰੇ ਧਰਮਾਂ ਦੀਆਂ ਵਿਭਿੰਨਤਾਵਾਂ ਮਨੁੱਖੀ ਭਲਾਈ ਦੀ ਤਲਾਸ਼ ਲਈ ਉਦੋਂ ਹੀ ਅਗਰਸਰ ਹੋਣਗੀਆਂ ਜਦੋਂ ਵਿਭਿੰਨ ਧਰਮ ਇਕ ਪਲੇਟਫਾਰਮ ਤੇ ਜੁੜ ਕੇ ਸੰਵਾਦ ਨੂੰ ਤਰਜੀਹ ਦੇਣਗੇ।'[35]

ਧਾਰਮਿਕ ਬਹੁਲਤਾਵਾਦ ਸਹਿਣਸ਼ੀਲਤਾ ਦਾ ਸਮਾਨਅਰਥੀ ਨਹੀਂ। ਸਹਿਣਸ਼ੀਲਤਾ ਜਾਂ ਧਰਮ-ਨਿਰਪੇਖਤਾ ਨਿਸ਼ਚਿਤ ਰੂਪ ਵਿਚ ਮਨੁਖੀ ਚੇਤਨਾ ਨੂੰ ਧਾਰਮਿਕ ਸੁਤੰਤਰਤਾ ਪ੍ਰਦਾਨ ਕਰਦੀ ਹੈ ਪਰ ਇਸ ਦੀ ਨਿਰੰਤਰਤਾ ਉਦੋਂ ਹੋਰ ਵਧੇਰੇ ਹੋ ਜਾਂਦੀ ਹੈ ਜਦੋਂ ਵਿਭਿੰਨ-ਧਰਮਾਂ/ਕੌਮਾਂ/ਜਾਤੀਆਂ ਜਾਂ ਮੁਲਖਾਂ ਦੇ ਵਖਰੇਵਿਆਂ ਵਾਲੇ ਇਸ ਵਿਸ਼ਵ ਵਿਚ ਆਪਸੀ ਸਹਿਯੋਗ / ਸਹਿਹੋਂਦ ਅਤੇ ਅੰਤਰ-ਧਰਮ ਸੰਵਾਦ ਨੂੰ ਸਹਿਣਸ਼ੀਲ ਹੋ ਕੇ

ਸਵੀਕਾਰਿਆ ਜਾਵੇ। ਵਿਸ਼ਵ-ਵਿਆਪੀ ਸੰਸਾਰ ਵਿਚ ਇਕਸਾਰਤਾ ਤੇ ਸੰਤੁਲਨ ਲਿਆਉਣ ਲਈ ਇਕ ਦੂਸਰੇ ਦੇ ਧਾਰਮਿਕ ਵਿਸ਼ਵਾਸਾਂ ਦਾ ਗਿਆਨ ਹੋਣਾ ਅਤਿਅੰਤ ਆਵਸ਼ਕ ਹੈ।

ਧਾਰਮਿਕ ਬਹੁਲਤਾਵਾਦ ਨੂੰ ਨਿਸਚਿਤ ਰੂਪ ਵਿਚ ਸਾਪੇਖਵਾਦ ਵਾਲੀ ਸ਼੍ਰੇਣੀ ਵਿਚ ਨਹੀਂ ਰੱਖਿਆ ਜਾ ਸਕਦਾ। ਇਹ ਕਦਾਚਿਤ ਜ਼ਰੂਰੀ ਨਹੀਂ ਕਿ ਕੋਈ ਧਾਰਮਿਕ ਫਿਰਕਾ ਆਪਣੇ ਧਾਰਮਿਕ ਵਿਸ਼ਵਾਸਾਂ ਜਾਂ ਮੁੱਲਾਂ ਨੂੰ ਅੱਖੋਂ-ਪਰੋਖੇ ਕਰੇ, ਬਲਕਿ ਧਾਰਮਿਕ ਵਿਭਿੰਨਤਾਵਾਂ ਵਿਚ ਹੋਰ ਵਿਭਿੰਨ ਧਾਰਮਿਕ ਵਿਭਿੰਨਤਾਵਾਂ ਨੂੰ ਵੀ ਮਾਨਤਾ ਮਿਲੇ ਜਿਸ ਨਾਲ ਪਿਆਰ ਅਤੇ ਸਦਭਾਵਨਾ ਵਾਲਾ ਮਾਹੌਲ ਬਰਕਰਾਰ ਰਹੇ।ਧਾਰਮਿਕ ਬਹੁਲਤਾਵਾਦ ਵਿਚ ਦੂਸਰੇ ਧਰਮਾਂ ਦੇ ਅਨੁਭਵਾਂ ਦਾ ਸਤਿਕਾਰ ਹੈ। ਇਸ ਵਿਚ ਵਿਭਿੰਨ ਧਰਮਾਂ ਦੇ ਨਿਆਰੇਪਣ ਦੀ ਸਥਾਪਤੀ ਦੇ ਨਾਲ ਇਕ ਸਰਵ ਸਾਂਝੀ ਧਰਾਤਲ ਪੈਦਾ ਕਰਨ ਦੀ ਕੋਸ਼ਿਸ ਹੈ ਜਿਸਦਾ ਮੰਤਵ ਮਨੁੱਖਤਾ ਦਾ ਭਲਾ ਹੈ।

ਧਾਰਮਿਕ ਬਹੁਲਤਾਵਾਦ ਤੇ ਅੰਤਰ-ਧਰਮ ਸੰਵਾਦ ਇਕ ਨਹੀਂ। ਅੰਤਰ ਧਰਮ ਸੰਵਾਦ ਧਾਰਮਿਕ ਬਹੁਲਤਾਵਾਦ ਦਾ ਮਾਡਲ ਹੈ। ਪਾਲ ਨਿੱਟਰ ਦਾ ਇਹ ਕਥਨ ਬੜਾ ਵਿਚਾਰਨਯੋਗ ਹੈ ਕਿ ਧਾਰਮਿਕ ਬਹੁਲਤਾਵਾਦ ਵਿਸ਼ਵ-ਵਿਆਪੀ ਧਰਮਾਂ ਤੇ ਹੋਰ ਧਰਮਾਂ ਨੂੰ ਇਕਰੂਪ ਕਰਨ ਵਲ ਰੁਚਿਤ ਨਹੀਂ, ਬਲਕਿ ਮਨੁੱਖ ਦੇ ਸੰਪੂਰਨ ਵਿਕਾਸ ਅਤੇ ਸਰਬਤ ਦੇ ਭਲੇ ਲਈ ਵਿਭਿੰਨ ਧਰਮਾਂ ਦਾ ਆਹਮੋ-ਸਾਹਮਣੇ ਵਿਚਰ ਕੇ ਸਾਕਾਰਾਤਮਕ ਸੰਵਾਦ ਰਾਹੀਂ ਅਲੋਚਨਾ ਤੇ ਸਵੈ ਅਲੋਚਨਾ ਦੀ ਦਿਸ਼ਟੀ ਪੈਦਾ ਕਰਨਾ ਹੈ।

ਜਿੱਥੇ ਧਾਰਮਿਕ ਬਹੁਲਤਾਵਾਦ ਨੂੰ ਵਰਤਮਾਨ ਸਮਿਆਂ ਦੀ ਇਕ ਅਹਿਮ ਪ੍ਰਾਪਤੀ ਮੰਨਿਆ ਗਿਆ, ਉੱਥੇ ਇਸ ਸਿਧਾਂਤ ਦੀ ਆਲੋਚਨਾ ਵੀ ਹੋਈ। ਵਿਭਿੰਨ ਧਰਮਾਂ ਦੇ ਧਾਰਮਿਕ ਆਗੂਆਂ ਤੇ ਰਹਿਬਰਾਂ ਨੇ ਆਪੋ-ਆਪਣੇ ਧਰਮ ਦੀ ਸਰਵ-ਸ੍ਰੇਸ਼ਟਤਾ ਨੂੰ ਕਾਇਮ ਰੱਖਣ ਲਈ ਇਸ ਫਿਲਾਸਫ਼ੀ ਦੀ ਵਿਰੋਧਤਾ ਕੀਤੀ। ਜੋ ਆਪਸੀ ਸਾੜੇ ਅਤੇ ਈਰਖਾ ਤੋਂ ਆਰੰਭ ਹੁੰਦੇ, ਕਟੱੜਵਾਦ ਅਤੇ ਸੰਪਰਦਾਇਕ ਦੇ ਘੇਰੇ ਵਿਚ ਆਉਂਦੇ ਹੋਏ, ਦੰਗੇ-ਫਸਾਦ ਤੇ ਜੰਗ ਦਾ ਕਾਰਨ ਬਣਦੇ ਹਨ। ਧਾਰਮਿਕ ਬਹੁਲਤਾਵਾਦ ਨੂੰ ਵਿਭਿੰਨ ਧਰਮਾਂ ਦਾ ਸਮਨਵੈ ਮੰਨਿਆ ਗਿਆ। ਜਿਸਦੀ ਕੋਸ਼ਿਸ਼ ਸਭ ਧਰਮਾਂ ਦੇ ਸਰਵ-ਸ੍ਰੇਸ਼ਟ ਵਿਸ਼ਵਾਸਾਂ ਤੇ ਆਧਾਰਿਤ ਇਕ ਨਵਾਂ ਧਰਮ ਸਿਰਜਣ ਵਿਚ ਹੈ, ਜੋ ਸਭ ਨੂੰ ਸਵੀਕਾਰ ਹੋਵੇ। ਪਰ ਅਸਲ ਵਿਚ ਅਜਿਹਾ ਚਿੰਤਨ ਸਿਰਫ਼ ਦਵੈਸ਼-ਵਿਸ਼ਵਾਸ ਤੇ ਕੱਟੜਵਾਦ ਦੀ ਉਪਜ ਹੋ ਸਕਦਾ ਹੈ ਕਿਉਂਕਿ ਧਾਰਮਿਕ ਬਹੁਲਤਾਵਾਦ ਵਿਭਿੰਨ ਧਰਮਾਂ ਦਾ ਸਮਾਵੇਸ਼ ਨਹੀਂ, ਬਲਕਿ ਦੂਸਰਿਆਂ ਦੇ ਅਦੁੱਤੀਪਨ ਅਤੇ ਨਿਆਰੇਪਨ ਨੂੰ ਸਵੀਕਾਰ ਕਰਦੇ ਹੋਏ ਵੀ ਆਪਣੀਆਂ ਵਿਲੱਖਣਤਾਵਾਂ ਨੂੰ ਮਾਣਨ ਲਈ ਪ੍ਰੇਰਿਤ ਕਰਦਾ ਹੈ, ਕਿਉਂਕਿ ਵਿਭਿੰਨ ਧਰਮ ਵਖਰੇਵਿਆਂ ਦੇ ਬਾਵਜੂਦ ਪਰਮ ਸੱਚ ਨਾਲ ਜੁੜਨ ਦੇ ਪ੍ਰਾਮਣੀਕ ਮਾਰਗ ਹਨ। ਧਾਰਮਿਕ ਬਹੁਲਤਾਵਾਦ ਕੋਈ ਧਰਮਾਂ ਦਾ ਮਹਾਂ-ਪ੍ਰਬੰਧ ਨਹੀਂ ਉਸਾਰਨਾ ਚਾਹੁੰਦਾ, ਕਿਸੇ ਵੀ ਧਰਮ ਦੇ ਅਕੀਦਿਆਂ ਤੇ ਸੱਚਾਈਆਂ ਤੋਂ ਇਨਕਾਰੀ ਹੋ ਕੇ ਉਹਨਾਂ ਨੂੰ ਦੁਰਕਾਰਨਾ ਨਹੀਂ ਚਾਹੁੰਦਾ ਬਲਕਿ ਵਿਭਿੰਨ ਧਾਰਮਿਕ ਵਖਰੇਵਿਆਂ ਤੇ ਸਿਧਾਂਤਾਂ ਨੂੰ ਮਾਨਤਾ ਦਿੰਦਾ ਹੈ ਜਿੱਥੇ ਇਹ ਵਖਰੇਵੇਂ ਅਸ਼ਾਂਤੀ, ਬੇਚੈਨੀ ਤੇ ਅਰਾਜਕਤਾ ਪੈਦਾ ਕਰਨ ਦੀ ਥਾਂ ਖੁਸ਼ੀਆਂ-ਖੇੜੇ ਤੇ ਅਨੰਦ ਤੇ ਸ਼ਾਂਤੀ ਦਾ ਮਾਹੌਲ ਸਿਰਜ ਸਕਣ। ਪਰਮਾਤਮਾ ਦੀ ਹੋਂਦ ਨੂੰ ਲੈ ਕੇ ਵੀ ਧਾਰਮਿਕ ਬਹੁਲਤਾਵਾਦ ਵਿਰੋਧਤਾ ਦਾ ਸ਼ਿਕਾਰ ਹੋਇਆ ਹੈ, ਕਿਉਂਕਿ ਪਰਮਾਤਮਾ ਨੂੰ

ਮੰਨਣ ਤੇ ਨਾ ਮੰਨਣ ਵਾਲਿਆਂ ਧਰਮਾਂ ਦੀ ਸ਼੍ਰੇਣੀਆਂ ਹਨ ਪਰ ਇਸ ਸਬੰਧੀ ਜਾੱਨ ਜਿਕ ਦੀ ਇਹ ਰਾਇ ਬੜੀ ਵਜ਼ਨਦਾਰ ਪ੍ਰਤੀਤ ਹੁੰਦੀ ਹੈ-

"ਵਿਸ਼ਵ-ਵਿਆਪੀ ਧਰਮ ਮਨੁੱਖੀ ਮਨ, ਬੁੱਧੀ ਦੇ ਘੇਰੇ ਤੋਂ ਪਰ੍ਹੇ, ਸਦਾ ਥਿਰ ਰਹਿਣ ਵਾਲੀ ਦੈਵੀ ਹਸਤੀ ਨੂੰ ਵਿਭਿੰਨ ਧਾਰਮਿਕ, ਸਮਾਜਿਕ, ਭੂਗੋਲਿਕ, ਰਾਜਨੀਤਿਕ, ਸਭਿਆਚਾਰਕ ਹਾਲਾਤਾਂ ਵਿਚ ਬਿਆਨ ਕਰਨ ਦੇ ਵਿਭਿੰਨ ਮਨੁੱਖੀ ਯਤਨ ਹਨ। ਚਾਹੇ ਉਹ ਰੱਬ ਦੀ ਹੋਂਦ ਨੂੰ ਮੰਨਣ ਵਾਲੇ ਧਰਮ ਹੋਣ ਜਿਵੇਂ ਈਸਾਈ, ਯਹੂਦੀ, ਇਸਲਾਮ ਆਦਿਕ ਜਾਂ ਨਾ ਮੰਨਣ ਵਾਲੇ ਜਿਵੇਂ ਬੁੱਧ ਮੱਤ, ਜੈਨ ਮੱਤ ਆਦਿਕ।"[36]

ਧਰਮ ਮਨੁੱਖਤਾ ਲਈ ਠੰਢੀ ਛਾਂ ਪ੍ਰਦਾਨ ਕਰਦਾ ਹੈ। ਧਰਮ ਨੇ ਹੀ ਲੋਕਾਈ ਨੂੰ ਜੀਵਨ ਦੀਆਂ ਕਦਰਾਂ-ਕੀਮਤਾਂ ਦੇ ਰੁਬਰੂ ਕੀਤਾ। ਪਰ ਧਰਮ ਕੇਵਲ ਰਸਮਾਂ ਤੱਕ ਹੀ ਸੀਮਿਤ ਨਹੀਂ, ਇਸਦਾ ਸੰਬੰਧ ਤਾਂ ਸਮਾਜਿਕ ਜੀਵਨ ਨਾਲ ਹੈ ਜੋ ਮਨੁੱਖ ਨੂੰ ਆਲੇ ਦੁਆਲੇ ਵਾਪਰ ਰਹੇ ਸਮਾਜਕ, ਰਾਜਸੀ, ਆਰਥਿਕ ਹਾਲਾਤਾਂ ਤੋਂ ਜਾਣੂ ਕਰਵਾ ਕੇ ਉਸਾਰੂ ਜੀਵਨ-ਜਾਚ ਦੀ ਬੁਨਿਆਦ ਰੱਖਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਵਿਰਸੇ ਦੀ ਵਿਰਾਸਤ ਹੋਣ ਦੇ ਨਾਲ ਮੱਧਕਾਲ ਭਾਰਤ ਦੀ ਮਾਣਯੋਗ ਧਾਰਮਿਕ ਤੇ ਸਭਿਆਚਾਰਕ ਟੈਕਸਟ ਵੀ ਹੈ। ਇਸਦੇ ਸਮੂਹ ਰਚਣਹਾਰ ਮੱਧਕਾਲੀਨ ਭਾਰਤ ਦੇ ਕਾਂਤੀਕਾਰੀ ਧਰਮ-ਪੈਰੋਕਾਰ ਹਨ ਜਿੰਨ੍ਹਾਂ ਨੇ ਆਪਣੇ ਸੰਵਾਦ ਰਾਹੀਂ ਧਰਮ ਅਤੇ ਸਭਿਆਚਾਰ ਦੇ ਖੇਤਰ ਵਿਚ ਨਵ-ਜਾਗ੍ਰਿਤੀ ਲਿਆਉਣ ਦਾ ਯਤਨ ਕੀਤਾ। 'ਸਭਿਆਚਾਰ ਨਵ-ਜਾਗ੍ਰਿਤੀ ਦੀ ਇਸ ਲਹਿਰ ਨੇ ਧਰਮ ਦੇ ਰੂਹਾਨੀ ਅਰਥਾਂ ਨੂੰ ਉਜਾਗਰ ਕਰਦਿਆਂ ਸਾਂਝ ਅਤੇ ਸੁਮੇਲ ਉੱਤੇ ਬਲ ਦੇਣ ਵਾਲੀ ਉਦਾਰ ਮਾਨਵਵਾਦੀ ਭਾਵਨਾ ਦਾ ਪ੍ਰਸਾਰ ਕੀਤਾ। ਇਸਤੋਂ ਇਲਾਵਾ ਇਸ ਲਹਿਰ ਨੇ ਤੱਤਕਾਲੀਨ ਸਥਾਪਿਤ ਵਿਵਸਥਾ ਦੇ ਦਮਨਕਾਰੀ ਤੰਤਰ ਅਤੇ ਪ੍ਰਚੱਲਤ ਰੂੜ੍ਹੀਵਾਦੀ ਸੰਸਥਾਵਾਂ ਦੇ ਮਾਨਵ-ਵਿਰੋਧੀ ਸੰਗਠਨਾਂ ਨੂੰ ਵੰਗਾਰਦਿਆਂ ਪੀੜਿਤ ਲੋਕਾਈ ਦੇ ਮਨ ਵਿਚ ਆਜ਼ਾਦੀ ਦਾ ਸੁਪਨਾ ਜਗਾਇਆ। ਸਮਕਾਲੀ ਮੁਹਾਵਰੇ ਅਨੁਸਾਰ, ਇਸ ਪਾਵਨ ਗ੍ਰੰਥ ਨੂੰ ਦਮਨਕਾਰੀ ਸ਼ਕਤੀ-ਪ੍ਰਵਚਨ ਨਾਲ ਸੰਵਾਦ ਰਵਾਉਣ ਵਾਲੇ ਮੁਕਤੀ-ਪ੍ਰਵਚਨ ਦਾ ਪ੍ਰਤੀਕ ਮੰਨਿਆ ਜਾ ਸਕਦਾ ਹੈ।ਇਸ ਤਰ੍ਹਾਂ ਇਹ ਮਾਨਵਜਾਤੀ ਦੇ ਅਵਚੇਤਨ ਵਿਚ ਵਸਦੀ ਉਸ ਸਦੀਵੀ ਲੋਚਾ ਨੂੰ ਮੂਰਤੀਮਾਨ ਕਰਦਾ ਹੈ ਜੋ ਹਰ ਕਿਸਮ ਦੇ ਜ਼ੁਲਮ, ਤੱਸ਼ਦਦ, ਦਮਨ ਅਤੇ ਸ਼ੋਸ਼ਣ ਦੇ ਖ਼ਿਲਾਫ਼ ਵਿਦਰੋਹ ਬਣ ਕੇ ਉਜਾਗਰ ਹੁੰਦੀ ਹੈ।'[37]

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਰਜਨਾ ਸਮੇਂ ਸਾਮੀ ਅਤੇ ਭਾਰਤੀ ਦੋਵੇਂ ਪਰੰਪਰਾਵਾਂ ਆਪੋ ਆਪਣੇ ਧਰਮ ਗ੍ਰੰਥਾਂ ਵਿਚ ਸ਼ਾਮਿਲ ਸਰਵ-ਸ੍ਰੇਸ਼ਟਤਾਵਾਦ ਪ੍ਰਵਿਰਤੀ ਦੀ ਸਥਾਪਤੀ ਲਈ ਧਾਰਮਿਕ-ਸਮਾਜਿਕ-ਸੰਸਕ੍ਰਿਤਕ ਵਿਭਿੰਨਤਾ ਦੀ ਵਨ-ਸੁਵੰਨਤਾ ਨੂੰ ਖ਼ਤਮ ਕਰਕੇ ਇਕਰੂਪਤਾ ਨੂੰ ਤਰਜੀਹ ਦੇ ਰਹੇ ਸਨ। ਸਾਂਝ ਜਾਂ ਸੁਮੇਲ, ਇਕਸੁਰਤਾ ਜਾਂ ਇਕਸਾਰਤਾ ਦੀ ਬਜਾਇ ਧਰਮ-ਪਰਿਵਰਤਨ ਜ਼ੋਰਾਂ ਤੇ ਸੀ। ਸਮੂਹ ਧਰਮਾਂ ਦੇ ਪੈਰੋਕਾਰ ਆਪਣੇ ਪੈਗੰਬਰਾਂ ਤੇ ਰਹਿਬਰਾਂ ਨੂੰ ਆਖਰੀ ਤੇ ਸੰਪੂਰਨ ਸ਼ਕਤੀ ਮੰਨਦੇ ਸਨ। ਹਰ ਧਰਮ ਵਿਚ ਵਰਨ-ਵੰਡ ਤੇ ਜਾਤ-ਪਾਤ ਦਾ ਕੁਹਜ ਸੀ ਜੋ ਸ਼ੋਸਣ, ਦਮਨ, ਵਿਤਕਰੇ ਤੇ ਆਧਾਰਿਤ ਦਮਨਕਾਰੀ ਤੰਤਰ ਤੇ ਵਿਨਾਸ਼ਕਾਰੀ ਪ੍ਰਵਿਰਤੀਆਂ ਨੂੰ ਸਹਿਣ ਕਰ ਰਿਹਾ ਸੀ। ਸਮਕਾਲੀਨ ਬ੍ਰਾਹਮਣ ਧਰਮ ਅਨੇਕਾਂ ਕੁਰੀਤੀਆਂ ਤੇ ਕਰਮਕਾਡਾਂ ਨਾਲ ਗ੍ਰਸੱਤ ਸੀ। ਨਿੱਜੀ ਹਿੱਤਾਂ ਦੀ ਪੂਰਤੀ ਲਈ ਆਪਣੇ ਧਰਮ-ਗ੍ਰੰਥਾਂ ਤੇ ਉਨ੍ਹਾਂ ਦੀ ਭਾਸ਼ਾ ਅਤੇ ਲਿੱਪੀ ਸੰਬੰਧੀ ਕਈ ਭੁਲੇਖੇ ਪੈਦਾ ਕੀਤੇ ਜਾ ਰਹੇ ਸਨ। ਮੂਰਤੀ ਪੂਜਾ, ਜਪ, ਤਪ, ਸਰਾਧ, ਤੀਰਥ

ਇਸਨਾਨ, ਤਿੱਥਾਂ, ਚੌਕਾਂ-ਕਾਰ, ਸੂਤਕ ਪਾਤਕ, ਸੁੱਚ-ਭਿੱਟ ਆਦਿ  ਵਰਗੇ ਅਨੇਕਾਂ ਕਰਮ-ਕਾਂਡਾਂ ਤੇ ਨਿਗੂਣੇ ਰਸਮਾਂ ਰਿਵਾਜ਼ਾਂ ਨਾਲ ਧਰਮ ਦਾ ਮੁਹਾਂਦਰਾ ਬੜਾ ਗੁੰਝਲਦਾਰ ਹੋ ਗਿਆ ਸੀ। ਧਰਮ ਦੀ ਮੂਲ ਭਾਵਨਾ ਖਤਮ ਹੋ ਗਈ ਸੀ। ਇਤਿਹਾਸਕ ਦ੍ਰਿਸ਼ਟੀ ਤੋਂ ਗੁਰੂ ਗ੍ਰੰਥ ਸਾਹਿਬ ਦਾ ਸਿਰਜਨ-ਕਾਲ ਭਾਰਤ ਵਿਚ ਇਸਲਾਮੀ ਸਭਿਆਚਾਰ ਦਾ ਦੌਰ ਸੀ। ਹਮਲਾਵਰਾਂ ਦੇ ਰੂਪ ਵਿਚ ਪੰਜਾਬ ਵਿਚ ਪ੍ਰਵੇਸ਼ ਕਰਨ ਵਾਲੇ ਮੁਸਲਮਾਨਾਂ ਨੇ ਭਾਰਤ ਵਿਚ ਆਪਣੀ ਹਕੂਮਤ ਸਥਾਪਿਤ ਕਰ ਲਈ ਅਤੇ ਉਪਰੰਤ ਉਨ੍ਹਾਂ ਦੀ ਸਲਤਨਤ ਪੰਜਾਬ ਤੋਂ ਵਿਕਿਸਤ ਹੋ ਕੇ ਸਾਰੇ ਭਾਰਤ ਵਿਚ ਫੈਲ ਗਈ। ਮੁਸਲਿਮ ਸਾਸ਼ਨ ਦੌਰਾਨ ਭਾਰਤ ਵਿਚ ਗ਼ੈਰ-ਮੁਸਲਮਾਨਾਂ ਨੂੰ ਜਬਰੀ ਧਰਮ ਪਰਿਵਰਤਨ ਅਤੇ ਜਜ਼ੀਏ ਵਰਗੀਆਂ ਅਪਮਾਨਜਨਕ ਕਾਰਵਾਈਆਂ ਦਾ ਸਾਮ੍ਹਣਾ ਕਰਨਾ ਪਿਆ। ਗ਼ੈਰ-ਮੁਸਲਮਾਨਾਂ ਨੂੰ ਆਪਣੇ ਧਾਰਮਿਕ ਸਥਾਨਾਂ ਦੀ ਬੇ-ਹੁਰਮਤੀ ਨੂੰ ਝੇਲਣਾ ਪਿਆ। ਜਿਸ ਨਾਲ ਮੁਸਲਿਮ ਤੇ ਗ਼ੈਰ ਮੁਸਲਿਮ ਵਿਚ ਇਕ ਅਲਗਾਉ, ਬੇ-ਯਕੀਨੀ ਤੇ ਤਣਾਵ ਦਾ ਮਾਹੌਲ ਪੈਦਾ ਹੋ ਗਿਆ। ਸੋ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੱਤਕਾਲੀਨ ਸਮਾਜ ਵਿਚਲੀ ਬਦ-ਇੰਤਜ਼ਾਮੀ, ਬੇਚੈਨੀ, ਪਾਪ-ਅਧਰਮ, ਝੂਠ, ਬੇਈਮਾਨੀ, ਅਧਰਮ ਪ੍ਰਵਿਰਤੀ ਖਿਲਾਫ਼ ਸੁਰ ਚੁੱਕਦੀ, ਸਭਿਆਚਾਰ ਵਿਚ ਇਕਸੁਰਤਾ ਤੇ ਇਕਸਾਰਤਾ ਕਾਇਮ ਕਰਨਾ ਲੋਚਦੀ  ਹੋਈ ਸਾਂਝੀਵਾਲਤਾ ਦਾ ਪੈਗ਼ਾਮ ਸਿਰਜਦੀ ਹੈ।

ਧਰਮ ਦੇ ਵਿਸ਼ਵ-ਵਿਆਪੀ ਵਰਤਾਰੇ ਦਾ ਸਮਕਾਲੀ ਦ੍ਰਿਸ਼ ਇਸੇ ਕਿਸਮ ਦੀ ਗੰਭੀਰ ਸੰਕਟ ਭਰੀ ਸਥਿਤੀ ਵਲ ਸੰਕੇਤ ਕਰ ਰਿਹਾ ਹੈ। ਧਰਮ ਆਪਣੇ ਹਕੀਕੀ-ਰੂਹਾਨੀ ਅਰਥਾਂ ਤੋਂ ਦੂਰ ਹੁੰਦਾ ਹੋਇਆ ਹਿੰਸਕ ਅਤੇ ਬੇਭਰੋਸਗੀ ਦਾਇਰਿਆਂ ਵਿਚ ਘਿਰਿਆ ਹੋਇਆ ਹੈ। ਵਿਸ਼ਵ ਪੱਧਰ ਤੇ ਵਕਤ ਬਹੁਤ ਬੁਰਾ ਚੱਲ ਰਿਹਾ ਹੈ ਮਾਨਵ-ਸਮਾਜ ਵਿਚ ਧਾਰਮਿਕ, ਸਮਾਜਿਕ, ਆਰਥਿਕ, ਰਾਜਨੀਤਿਕ ਪੱਧਰ ਤੇ ਬਹੁਤ ਨਿਘਾਰ ਆ ਚੁੱਕਾ ਹੈ, ਮੱਧ-ਕਾਲ ਵਾਂਗ ਅੱਜ ਵੀ ਹਰ ਪਾਸੇ ਵੈਰ-ਵਿਰੋਧ, ਨਫ਼ਰਤ, ਜਾਤ-ਪਾਤ, ਨਿੱਜਵਾਦ, ਖੇਤਰਵਾਦ, ਆਤੰਕਵਾਦ ਦੇ ਕਾਲੇ ਬੱਦਲ ਮੰਡਰਾ ਰਹੇ ਹਨ ਸੋ ਅਜੋਕੇ ਸਮਿਆਂ ਵਿਚ ਧਰਮ ਦੀ ਪ੍ਰਸੰਗਿਕਤਾ ਬੜੀ ਚੁਣੌਤੀ ਭਰਪੂਰ ਹੋ ਗਈ ਹੈ। ਧਰਮ ਕੇਵਲ ਸਮੇਂ ਦੀ ਲੋੜ ਨਹੀਂ ਰਿਹਾ, ਬਲਕਿ ਹੋਰਨਾਂ ਧਰਮਾਂ ਨੂੰ ਸਵੀਕਾਰ ਕਰਨ ਅਤੇ ਸਤਿਕਾਰ ਕਰਨ ਵਿਚ ਹੈ। ਗੁਰੂ ਗ੍ਰੰਥ ਸਾਹਿਬ ਵਿਚ ਅੰਤਰ-ਧਰਮ-ਸੰਵਾਦ, ਬਹੁ ਧਰਮਵਾਦ, ਧਾਰਮਿਕ ਸਹਿਣਸ਼ੀਲਤਾ, ਬਹੁ-ਸਭਿਆਚਾਰਕ, ਵਿਸ਼ਵ-ਭਾਈਚਾਰੇ, ਸਰਬਤ ਦੇ ਭਲੇ ਰੂਪੀ ਆਦਰਸ਼ਾਂ ਦਾ ਖ਼ਜਾਨਾ ਹੈ। ਇਸ ਲਈ ਇਹ ਫ਼ਰਜ਼ ਬਣਦਾ ਹੈ ਕਿ ਅਧਿਆਤਮਕ ਤੇ ਸੰਸਾਰਿਕ ਕਦਰਾਂ ਕੀਮਤਾਂ ਦਾ ਜੋ ਵਿਸ਼ਵ ਵਿਚ ਕਾਲ ਪਿਆ ਹੋਇਆ ਹੈ ਉਸਨੂੰ ਬਾਣੀ ਦੇ ਇਸ ਪ੍ਰਵਚਨ ਦੀ ਵਰਤੋਂ ਨਾਲ ਸਮਾਪਤ ਕਰੀਏ ਤਾਂ ਕਿ ਇਸ ਤੋਂ ਪੈਦਾ ਹੋਏ ਅਨੁਭਵ ਨਾਲ ਸਹਿਯੋਗ ਅਤੇ ਇਕਸਾਰਤਾ ਪੈਦਾ ਕੀਤੀ ਜਾ ਸਕੇ।

'ਸ੍ਰੀ ਗੁਰੂ ਗ੍ਰੰਥ ਸਾਹਿਬ' ਅਜਿਹੀ ਸਜੀਵ ਉਦਾਹਰਣ ਹੈ ਜਿਸ ਵਿਚ ਧਾਰਮਿਕ ਬਹੁਲਤਾਵਾਦ ਦੀਆਂ ਵਿਭਿੰਨ ਪਰਤਾਂ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਧਰਮ ਦਾ ਪ੍ਰਾਮਣੀਕ ਧਰਮ-ਗ੍ਰੰਥ ਹੈ ਜਿਸ ਦੀ ਸੰਪਾਦਨਾ ਪੰਚਮ ਪਾਤਸ਼ਾਹ ਗੁਰੂ ਅਰਜਨ ਸਾਹਿਬ ਨੇ ਆਪ ਕਰਵਾਈ। ਵਿਸ਼ਵ ਦੇ ਬਾਕੀ ਸਾਰੇ ਗ੍ਰੰਥ ਉਸ ਧਰਮ ਦੇ ਬਾਨੀਆਂ/ਸੰਸਥਾਪਕਾਂ ਤੋਂ ਬਾਅਦ ਧਰਮ ਦੇ ਪੈਰੋਕਾਰਾਂ ਵੱਲੋਂ ਲਿੱਪੀਬੱਧ ਕੀਤੇ ਗਏ। ਇਸ ਸੰਬੰਧੀ ਡਾ. ਸਰਬਜਿੰਦਰ ਸਿੰਘ ਹੋਰੀ ਦੇ ਇਹ ਕਥਨ ਬੜੇ ਵਿਚਾਰਨਯੋਗ ਹਨ: "ਧਰਮ ਗ੍ਰੰਥਾਂ ਦੀ ਲੜੀ ਵਿਚ ਪਾਰਸੀ ਧਰਮ ਦੇ ਧਰਮ ਗ੍ਰੰਥ, ਪਵਿੱਤਰ

ਬਾਈਬਲ, ਪਵਿੱਤਰ ਕੁਰਾਨ ਸਾਮੀ ਧਰਮ ਪਰੰਪਰਾ ਵਿਚ ਪ੍ਰਮੁੱਖ ਹਨ। ਜਿਨ੍ਹਾਂ ਨੇ ਧਰਮ ਦੀ ਨਹੀਂ ਸਗੋਂ ਵੱਡੀਆਂ ਕੌਮੀਅਤਾਂ ਦੀ ਸਿਰਜਨਾ ਵੀ ਕੀਤੀ। ਪੂਰਬੀ ਧਰਮ ਪਰੰਪਰਾ ਵਿਚ ਪਵਿੱਤਰ ਵੇਦ, ਜੈਨ ਅੰਗ, ਬੋਧੀ ਤ੍ਰੀਪਿਟਕ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪਵਿੱਤਰ ਸਥਾਨ ਹਾਸਿਲ ਹੈ।..........ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਕੇਵਲ ਅਜਿਹਾ ਧਰਮ ਗ੍ਰੰਥ ਹੈ ਜਿਸਨੂੰ ਉਸਦੇ ਬਾਨੀਆਂ ਦੁਆਰਾ ਸੰਪਾਦਿਤ ਕੀਤਾ ਗਿਆ।"[38] ਮੈਕਾਲਿਫ ਦੀ ਇਹ ਟਿੱਪਣੀ ਵੀ ਬੜੀ ਵਿਚਾਰਣਯੋਗ ਹੈ ਕਿ "ਸਿੱਖ ਪੰਥ ਆਪਣੇ ਧਾਰਮਿਕ ਸਿਧਾਂਤਾਂ ਦੀ ਪ੍ਰਮਾਣਿਕਤਾ ਸੰਬੰਧੀ ਦੂਸਰੇ ਧਰਮਾਂ ਤੋਂ ਵਖਰੇਵਾਂ ਰੱਖਦਾ ਹੈ। ਸੰਸਾਰ ਪ੍ਰਸਿੱਧ ਬਹੁਤ ਸਾਰੇ ਮਹਾਨ ਪੈਗ਼ੰਬਰ ਆਪਣੀ ਰਚਨਾ ਦੀ ਇਕ ਪੰਕਤੀ ਲਿਖਤ ਰੂਪ ਵਿਚ ਛੱਡ ਨੇ ਨਹੀਂ ਗਏ।....ਪਰ ਸਿੱਖ ਗੁਰੂ ਸਾਹਿਬਾਨ ਦੀਆਂ ਰਚਨਾਵਾਂ ਨੂੰ ਸੰਭਾਲ ਲਿਆ ਸੀ ਅਤੇ ਇਸ ਤਰ੍ਹਾਂ ਉਨ੍ਹਾਂ ਦੀਆਂ ਸਿੱਖਿਆਵਾਂ ਤੱਕ ਸਾਡੀ ਸਿੱਧੀ ਪਹੁੰਚ ਹੋ ਜਾਂਦੀ ਹੈ। ਉਨ੍ਹਾਂ ਨੇ ਗੁਰਬਾਣੀ ਸ਼ਬਦਾਂ ਨੂੰ ਇਸ ਤਰ੍ਹਾਂ ਸੰਪਾਦਿਤ ਕੀਤਾ ਕਿ ਇਸ ਨਾਲ ਛੇੜ-ਛਾੜ ਨਹੀਂ ਕੀਤੀ ਜਾ ਸਕਦੀ। ਇਸ ਤਰ੍ਹਾਂ ਕਿਸੇ ਵੀ ਨਕਲੀ ਲਿਖਤ ਅਤੇ ਬਾਹਰੀ ਸਿਧਾਂਤ ਨੂੰ ਉਨ੍ਹਾਂ ਦੀ ਬਣਾ ਕੇ ਪੇਸ਼ ਨਹੀਂ ਕੀਤਾ ਜਾ ਸਕਦਾ।"[39]

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਤੇ ਸੰਕਲਪਨਾ ਦੇ ਪੈਟਰਨ ਵਿਚ ਇਕ ਅਦੁੱਤੀ ਬ੍ਰਹਿਮੰਡੀ ਵਿਸ਼ਵ-ਦ੍ਰਿਸ਼ਟੀ ਦੀ ਕਰਮਸ਼ੀਲਤਾ ਦਾ ਅਹਿਸਾਸ ਹੈ ਜੋ ਧਾਰਮਿਕ-ਸਮਾਜਿਕ ਏਕਤਾ ਤੇ ਸਾਂਝੀਵਾਲਤਾ ਦਾ ਪ੍ਰਵਚਨ ਰਚਾਉਂਦੀ ਹੋਈ ਵਿਭਿੰਨਤਾਵਾਂ ਨਾਲ ਸੰਵਾਦ ਸਿਰਜਦੀ ਹੈ। ਨਤੀਜਨ ਸਮੂਹ ਵਿਸ਼ਵੀ, ਖੇਤਰੀ, ਭਾਸ਼ਾਈ ਅਤੇ ਸੰਸਕ੍ਰਿਤਕ ਵਿਤਕਰੇ ਦੂਰ ਹੋ ਜਾਂਦੇ ਹਨ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਸਿਰਫ ਇਕ ਧਾਰਮਿਕ ਗ੍ਰੰਥ ਹੀ ਨਹੀਂ, ਬਲਕਿ ਇਕ ਸਮਾਜਿਕ-ਸਭਿਆਚਾਰਕ ਟੈਕਸਟ ਦੇ ਰੂਪ ਵਿਚ ਸਥਾਪਿਤ ਹੁੰਦਾ ਹੈ। ਇਸ ਗ੍ਰੰਥ ਵਿਚ ਗੁਰੂ ਸਾਹਿਬਾਨ ਦੀ ਬਾਣੀ ਤੋਂ ਇਲਾਵਾ ਵਿਭਿੰਨ ਅਕੀਦਿਆਂ, ਮਜ਼੍ਹਬਾਂ, ਕੌਮਾਂ, ਪ੍ਰਾਂਤਾਂ ਅਤੇ ਧਾਰਨਾਵਾਂ ਨਾਲ ਜੁੜੇ ਹੋਏ ਸੰਤਾਂ, ਭਗਤਾਂ ਅਤੇ ਸੂਫ਼ੀ ਫਕੀਰਾਂ ਦੀ ਬਾਣੀ ਵੀ ਸ਼ਾਮਿਲ ਹੈ ਜੋ ਸਮੁੱਚੀ ਮਾਨਵਤਾ ਦੀ ਰਹਿਬਰੀ ਕਰਦੇ ਪ੍ਰਤੀਤ ਹੁੰਦੇ ਹਨ। ਮਨੁੱਖਤਾ ਨੂੰ ਅਧਿਆਤਮਿਕਤਾ, ਏਕਤਾ ਅਤੇ ਭਾਈਚਾਰੇ ਦਾ ਉਹ ਮਾਡਲ ਪੇਸ਼ ਕਰ ਰਹੇ ਸਨ ਜੋ ਮਨੁੱਖ ਲਈ 'ਮੁਕਤੀ ਪ੍ਰਵਚਨ' ਦਾ ਪ੍ਰਤੀਕ ਬਣ ਗਿਆ। ਸਮੇਂ ਅਤੇ ਸਥਾਨ ਦੀ ਦ੍ਰਿਸ਼ਟੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ 12 ਵੀ ਸਦੀ ਤੋਂ ਲੈ ਕੇ 17 ਵੀ ਸਦੀ ਤੱਕ ਦਾ ਸਭਿਆਚਾਰਕ ਇਤਿਹਾਸਕ ਦਸਤਾਵੇਜ਼ ਹੈ ਜੋ ਭਾਰਤ ਦੇ ਵਿਭਿੰਨ ਭੂਗੋਲਿਕ ਇਲਾਕਿਆਂ, ਧੰਦਿਆਂ, ਭਾਸ਼ਾਵਾਂ, ਜਾਤਾਂ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। ਭੂਗੋਲਿਕ ਖੇਤਰਾਂ ਵਿਚ ਗੁਰੂਆਂ ਦਾ ਪੰਜਾਬ, ਬਾਬਾ ਫ਼ਰੀਦ ਦਾ ਮੁਲਤਾਨ, ਭਗਤ ਨਾਮਦੇਵ ਦਾ ਮਹਾਂਰਾਸ਼ਟਰ, ਭਗਤ ਜੈਦੇਵ ਦਾ ਬੰਗਾਲ, ਭਗਤ ਧੰਨਾ ਜੀ ਦਾ ਰਾਜਸਥਾਨ, ਭਗਤ ਕਬੀਰ ਤੇ ਰਵੀਦਾਸ ਜੀ ਦਾ ਉੱਤਰ-ਪ੍ਰਦੇਸ਼, ਭਗਤ ਸਧਨਾ ਜੀ ਦਾ ਹੈਦਰਾਬਾਦ, ਭਗਤ ਸੂਰਦਾਸ ਜੀ ਦਾ ਮੱਧ-ਪ੍ਰਦੇਸ਼ ਆਦਿ ਬਹੁਲਤਾਵਾਦ ਦੀ ਸਥਾਪਤੀ ਦੀ ਪ੍ਰਤੱਖ ਉਦਾਹਰਣ ਹੈ। ਸਮੁੱਚੇ ਬਾਣੀਕਾਰਾਂ ਦੀ ਬਾਣੀ ਸਮੂਹ ਮਾਨਵਤਾ ਤੇ ਸਰਬੱਤ ਦੇ ਭਲੇ ਲਈ ਸਿਰਜੀ ਗਈ। ਗੁਰੂ ਨਾਨਕ ਸਾਹਿਬ ਦੀਆਂ ਉਦਾਸੀਆਂ ਬਹੁਲਤਾਵਾਦ ਦਾ ਹੀ ਸੰਦੇਸ਼ ਹੈ। ਬਾਬੇ ਨਾਨਕ ਨੇ ਬਾਣੀ ਦਾ ਪ੍ਰਚਾਰ ਤੇ ਪਾਸਾਰ ਕਰਨ ਲਈ ਸਾਰੇ ਵਿਸ਼ਵ ਦਾ ਭ੍ਰਮਣ ਕੀਤਾ। ਆਪ ਇਸਲਾਮਿਕ ਧਾਰਮਿਕ ਕੇਂਦਰ ਮੱਕਾ, ਬਗ਼ਦਾਦ, ਕਾਬਲ, ਪਾਕਪਟਨ ਅਤੇ ਹਿੰਦੂ ਧਾਰਮਿਕ ਕੇਂਦਰ ਹਰਿਦੁਆਰ, ਕੁਰੂਕਸ਼ੇਤਰ, ਬਨਾਰਸ, ਗਯਾ, ਪੁਰੀ, ਬੋਧੀ-ਜੈਨੀਆਂ/ਨਾਥਾਂ-

ਜੋਗੀਆਂ ਦੇ ਕੇਂਦਰ ਨੇਪਾਲ, ਸ਼੍ਰੀ ਲੰਕਾ ਆਦਿ ਵਿਖੇ ਗਏ ਹੀ ਨਹੀਂ, ਸਗੋਂ ਉੱਥੋਂ ਦੇ ਧਾਰਮਿਕ ਆਗੂਆਂ ਨਾਲ ਸੰਵਾਦ ਵੀ ਰਚਾਇਆ ਅਤੇ 'ਨਾ ਕੋਈ ਹਿੰਦੂ ਨਾ ਮੁਸਲਮਾਨ' ਅਤੇ 'ਸੁਭਿ ਅਮਲਾ ਬਾਝਹੁ ਦੋਨੋ ਰੋਈ' ਦਾ ਸਿਧਾਂਤ ਦਾ ਸਥਾਪਨ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਕਿਰਤ ਦਾ ਮਾਡਲ ਹੀ ਨਹੀਂ ਪੇਸ਼ ਕਰਦਾ ਬਲਕਿ ਵਿਭਿੰਨ ਕਿਰਤਾਂ ਦੀ ਇੱਜ਼ਤ ਤੇ ਮਾਣ ਵੀ ਕਰਦਾ ਹੈ। ਇਸੇ ਲਈ ਇਸ ਵਿਚ ਜੁਲਾਹੇ (ਭਗਤ ਕਬੀਰ), ਮੋਚੀ (ਰਵੀਦਾਸ), ਕਿਸਾਨ (ਭਗਤ ਧੰਨਾ), ਨਾਈ (ਭਗਤ ਸੈਣ), ਕਸਾਈ (ਭਗਤ ਸਧਨਾ) ਆਦਿ ਕਿੱਤਿਆਂ ਨੂੰ ਇੱਜ਼ਤ ਬਖਸ਼ੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਸਿਰਫ਼ ਸਿੱਖਿਆ ਜਾਂ ਸਿਧਾਂਤ ਨਹੀਂ ਸਿਰਜਦਾ, ਇਹ ਬਹੁਤ ਵਿਵਹਾਰਕ Practical ਧਰਮ-ਗ੍ਰੰਥ ਹੈ ਇਸੇ ਗ੍ਰੰਥ ਨੂੰ 'ਪ੍ਰਗਟ-ਗੁਰਾਂ ਦੀ ਦੇਹ' ਦੀ ਉਪਾਧੀ ਦੇਣ ਵਾਲੇ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਿਰਜਨਾ ਸਮੇਂ ਜਿਹੜੇ ਪੰਜ ਪਿਆਰੇ ਥਾਪੇ ਉਹ ਵੀ ਵਿਭਿੰਨ ਧਰਮਾਂ-ਜਾਤਾਂ-ਕਿਰਤਾਂ ਨਾਲ ਸੰਬੰਧਿਤ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਸੰਚਾਰ ਕਿਸੇ ਕਲਾਸਲੀਕਲ ਭਾਸ਼ਾ ਵਿਚ ਨਹੀਂ ਬਲਕਿ ਲੋਕ-ਭਾਸ਼ਾ ਵਿਚ ਹੈ। ਮਨੁੱਖਤਾ ਨੂੰ ਸਮਝ ਆਉਣ ਵਾਲੀ ਸਥਾਨਿਕ ਭਾਸ਼ਾ ਵਿਚ ਹੈ। ਇਸ ਵਿਚ ਪੰਜਾਬੀ ਭਾਸ਼ਾ ਦੇ ਵਿਭਿੰਨ ਰੂਪ, ਸੰਸਕ੍ਰਿਤ, ਲਹਿੰਦੀ, ਸਾਧ-ਭਾਸ਼ਾ, ਬ੍ਰਜ ਭਾਸ਼ਾ, ਪ੍ਰਾਕ੍ਰਿਤ, ਅਰਬੀ, ਫ਼ਾਰਸੀ ਆਦਿ ਭਾਸ਼ਾਵਾਂ ਦਾ ਖ਼ਜਾਨਾ ਹੈ। ਸੰਸਕ੍ਰਿਤ, ਅਰਬੀ ਅਤੇ ਫ਼ਾਰਸੀ ਦੇ ਤਤਸਮ ਅਤੇ ਤਦਭਵ ਸ਼ਬਦਾਂ ਨਾਲ ਸ਼ਿੰਗਾਰੀਆਂ ਹੋਈਆਂ ਇਹ ਸਤਰਾਂ ਉਦਾਹਰਨ ਵੱਜੋਂ ਵਿਚਾਰੀਆਂ ਜਾ ਸਕਦੀਆਂ ਹਨ-

ਜੀਅ ਜਾਤਿ ਰੰਗਾ ਕੇ ਨਾਵ॥ ਸਭਨਾ ਲਿਖਿਆ ਵੁੜੀ ਕਲਾਮ॥
ਕੁਦਰਤਿ ਕਵਣ ਕਹਾ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥
ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤ ਨਿਰੰਕਾਰ॥[40]

ਜੀਅ, ਵੀਚਾਰੁ, ਭਾਵੈ (ਸੰਸਕ੍ਰਿਤ ਜੀਵ, ਵਿਚਾਰ, ਭਾਵਿਤ ਦਾ ਤਦਭਵ ਰੂਪ) , ਸਦਾ ਨਿਰੰਕਾਰ (ਸੰਸਕ੍ਰਿਤ ਤਤਸਮ ਰੂਪ)

ਕਲਾਮ, ਕੁਦਰਤਿ, ਸਲਾਮਤਿ (ਅਰਬੀ ਸ਼ਬਦ)

ਰੰਗਾ, ਵਾਰ (ਫ਼ਾਰਸੀ)

ਇਸੇ ਤਰ੍ਹਾਂ ਭਿੰਨ-ਭਿੰਨ ਭਾਸ਼ਾਵਾਂ ਦੇ ਰੂਪ ਅਪਣਾਏ ਗਏ।ਜਿਵੇਂ ਬਾਬਾ ਫ਼ਰੀਦ ਜੀ ਦੀ ਰਚਨਾ ਵਿਚ ਲਹਿੰਦੀ ਦਾ ਰੰਗ ਵਿਦਮਾਨ ਹੈ:

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ॥
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ॥
ਵਾਲਹੁ ਨਿਕੀ ਪਰਸਲਾਤ ਕੰਨੀ ਨ ਸੁਣੀ ਆਇ॥
ਫ਼ਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ॥[41]

ਜਿਵੇਂ ਭਗਤ ਪੀਪਾ ਦੀ ਰਚਨਾ ਵਿਚ ਰਾਜਸਥਾਨ ਦੀ ਮਹਿਕ ਹੈ:

ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ॥
ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ॥
ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥
ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ॥[42]

ਨਾਮਦੇਵ ਦੀ ਰਚਨਾ ਵਿਚ ਮਰਾਠੀ ਦੀ ਨੁਹਾਰ ਦੇਖਣਯੋਗ ਹੈ-

ਪਹਿਲ ਪੁਰੀਏ ਪੁਡੰਰਕ ਵਨਾ॥ਤਾ ਚੇ ਹੰਸਾ ਸਗਲੇ ਜਨਾ॥
ਕ੍ਰਿਸ੍ਨਾ ਤੇ ਜਾਨਊ ਹਰਿ ਹਰਿ ਨਾਚੰਤੀ ਨਾਚਨਾ॥
ਤੂ ਕੁਨ ਰੇ॥ ਮੈ ਜੀ॥ ਨਾਮਾ॥ ਹੋ ਜੀ॥
ਆਲਾ ਤੇ ਨਿਵਾਰਣਾ ਜਮ ਕਾਰਣਾ॥[43]

ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਰੇਕ ਬੋਲੀ ਦਾ ਮਾਣ ਤੇ ਸਤਿਕਾਰ ਹੈ। ਅਜੋਕੇ ਵਰਤਮਾਨ ਸਮਿਆਂ ਵਿਚ ਘੱਟ-ਗਿਣਤੀ ਭਾਸ਼ਾਵਾਂ ਦਮ ਤੋੜਦੀਆਂ ਹੋਈਆਂ ਸੁੰਘੜ ਰਹੀਆਂ ਹਨ। ਉਨ੍ਹਾਂ ਨੂੰ ਬਹੁ-ਗਿਣਤੀ ਭਾਸ਼ਾਵਾਂ ਦੇ ਸ਼ਿਕੰਜੇ ਵਿੱਚੋਂ ਬਾਹਰ ਕੱਢ ਕੇ ਉਹਨਾਂ ਦੀ ਵਿਲੱਖਣਤਾ ਨੂੰ ਬਰਕਰਾਰ ਰੱਖਣ ਦੀ ਪਹਿਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੋਈ ਹੈ।

ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਅੰਤਰ-ਦ੍ਰਿਸ਼ਟੀਆਂ ਤੇ ਸੰਵਾਦ ਅਜੋਕੇ ਭਾਰਤੀ ਸਮਾਜ ਜਾਂ ਸਭਿਆਚਾਰ ਲਈ ਨਹੀਂ ਸਮੁੱਚੀ ਜਾਤੀ ਜਾਂ ਮਨੁੱਖਤਾ ਲਈ ਅਰਥਭਰਪੂਰ ਤੇ ਸਾਰਥਿਕ ਹਨ। 'ਬਾਣੀਕਾਰ ਦੀ ਵਿਚਾਰਧਾਰਾ ਦਾ ਮੂਲ ਆਧਾਰ ਬ੍ਰਹਿਮੰਡੀ ਚੇਤਨਾ (Cosmic consciousness ) ਦੇ ਉਸ ਪਾਰਗਾਮੀ ਦਿਸ਼ਟੀ-ਬਿੰਦੂ ਉੱਤੇ ਟਿੱਕਿਆ ਹੋਇਆ ਹੈ, ਜਿੱਥੇ ਖਲੋ ਕੇ ਭਿੰਨਤਾਵਾਂ ਅਤੇ ਵਿਤਕਰੇ ਮਹੱਤਵਹੀਣ ਹੋ ਜਾਦੇ ਹਨ। ਇਸ ਤਰ੍ਹਾਂ ਇਹ ਗ੍ਰੰਥ ਸਮੁੱਚੀ ਮਾਨਵ ਜਾਤੀ ਨੂੰ ਸਾਂਝੀਵਾਲਤਾ ਦੇ ਸੂਤਰ ਵਿਚ ਪ੍ਰੋਣ ਵਾਲੀ ਇਕ ਸਰਵ-ਸਾਂਝੀ ਆਧਾਰ ਧਰਾਤਲ ਹੋ ਨਿਬੜਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਭ ਤੋਂ ਵੱਡੀ ਦੇਣ ਇਕ ਅਜਿਹੇ ਮਾਨਵ ਅਤੇ ਸਮਾਜ ਦੀ ਸਿਰਜਨਾ ਕਰਨ ਵਿਚ ਨਿਹਤ ਹੈ ਜੋ ਜਾਤ ਬਰਾਦਰੀਆਂ, ਧਾਰਮਿਕ ਵੰਡੀਆਂ ਅਤੇ ਸੌੜੀ ਫ਼ਿਰਕੂ ਸਿਆਸਤ ਦੇ ਵੰਡੇ ਹੋਏ ਮਨੁੱਖੀ ਭਾਈਚਾਰਿਆਂ ਨੂੰ ਪਰਸਪਰ ਪ੍ਰੇਮ-ਪਿਆਰ ਨਾਲ ਜਿਊਣਾ ਸਿਖਾਉਂਦਾ ਹੈ।'[44]

ਵਿਦਵਾਨ ਚਿੰਤਕਾਂ ਦੁਆਰਾ ਨਿਰਧਾਰਿਤ ਬਹੁਲਤਾਵਾਦ ਦੀਆਂ ਤਿੰਨੇ ਕਿਸਮਾਂ ਨੂੰ ਵੇਖਿਆ ਜਾ ਸਕਦਾ ਹੈ। ਇਸ ਸੰਬੰਧੀ ਬਹੁਲਤਾਵਾਦ ਦਾ ਪਹਿਲਾ ਰੂਪ 'ਸਮੂਹਿਕ ਬਹੁਲਤਾਵਾਦ' Unitary Pluralism ਹੈ, ਜਿਸਦਾ ਮੁੱਖ ਆਧਾਰ ਹੈ ਕਿ ਕੇਵਲ ਇਕ ਰੱਬ ਹੀ ਵਿਸ਼ਵ-ਵਿਆਪੀ ਧਰਮਾਂ ਦਾ ਕੇਂਦਰ ਹੈ।'ਸਮੂਹਿਕ' ਸ਼ਬਦ ਵਿਭਿੰਨ ਧਾਰਮਿਕ ਪਾਸਾਰੇ ਦੇ ਪਿਛੋਕੜ ਵਿਚ ਕਾਰਜਸ਼ੀਲ ਇਕ ਦੈਵੀ ਹਸਤੀ ਦੀ ਮੌਜੂਦਗੀ ਵਲ ਸੰਕੇਤ ਕਰਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ  ਦਾ ਮੂਲ ਤੱਤ ਤੇ ਸਾਰ ਵਿਸ਼ਵ ਤੇ ਬ੍ਰਹਮ ਦੀ ਏਕਤਾ ਦਾ ਲਖਾਇਕ ਹੈ। ਇਸੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ  ਦੇ ਆਰੰਭ ਵਿਚ ਹੀ 'ਜਪੁ ਜੀ ਸਾਹਿਬ' ਦੇ ਮੂਲ ਮੰਤਰ ਵਿਚ ਬ੍ਰਹਮ ਦੇ ਰੂਪ ਨੂੰ ਸਥਾਪਿਤ ਕੀਤਾ ਗਿਆ ਹੈ:

'ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ'[45]

ਅਰਥਾਤ ਪਰਮਾਤਮਾ ਇੱਕ ਹੈ, ਉਸ ਦੇ ਮੁਕਾਬਲੇ ਵਿਚ ਦੂਜਾ ਕੋਈ ਨਹੀਂ, ਉਸ ਦਾ ਨਾਂ ਹੀ ਸੱਚਾ ਹੈ, ਸਦਾ ਕਾਇਮ ਹੈ, ਸਾਰੀ ਸ੍ਰਿਸ਼ਟੀ ਦਾ ਸਿਰਜਨਹਾਰ ਹੈ, ਉਸ ਨੂੰ ਕਿਸੇ ਦਾ ਡਰ ਨਹੀਂ ਅਤੇ ਕਿਸੇ ਨਾਲ ਕੋਈ ਵੈਰ ਨਹੀਂ, ਉਹ ਕਾਲ ਦੇ ਚੱਕਰ ਤੋਂ ਮੁਕਤ ਹੈ। ਭਾਵ ਜਨਮ-ਮਰਨ ਦੇ ਬੰਧਨਾਂ ਵਿਚ ਨਹੀਂ ਆਉਂਦਾ, ਵੱਖ-ਵੱਖ ਜੂਨੀਆਂ ਵਿਚ ਨਹੀਂ ਪੈਂਦਾ।ਆਪਣੇ ਆਪ ਤੋਂ ਹੀ ਹੋਂਦ ਵਿਚ ਆਇਆ ਹੈ, ਗੁਰੂ ਦੀ ਕਿਰਪਾ ਨਾਲ ਪਰਮਾਤਮਾ ਦੀ ਕ੍ਰਿਪਾ ਸੰਭਵ ਹੈ। ਸਮੁੱਚਾ ਗ੍ਰੰਥ ਪਰਮਾਤਮਾ ਦੀ ਇਸ ਸਮੂਹਿਕਤਾ  Unity/Accord ਨੂੰ ਦਿਸ਼ਟਮਾਨ ਕਰਦਾ ਹੈ। ਗੁਰੂ ਨਾਨਕ ਦੇਵ ਜੀ ੴ ਦੇ ਸੰਕਲਪ ਵਿਚ ਇਕ ਦੀ ਏਕਤਾ ਦੀ ਗੱਲ ਕਰਨ ਦੇ ਨਾਲ ਹੀ ਸੰਸਾਰ ਦੀ ਬਹੁ ਵਿਧਤਾ ਤੇ ਬਹੁ ਭਾਂਤੀ ਸਰੂਪ ਨੂੰ ਵੀ ਪਰਿਭਾਸ਼ਿਤ ਕਰਦੇ ਹਨ, ਜੋ ਉਸ ਇਕ ਦਾਤੇ ਦੇ ਅੰਦਰ ਹਨ। ਸਭਿਆਚਾਰਾਂ, ਸਮਾਜਾਂ, ਵਿਚਾਰਾਂ ਦਾ ਬਹੁਪੱਖੀ ਪਾਸਾਰ ਅੱਜ ਸਵੀਕਾਰਿਆ ਜਾ ਰਿਹਾ ਹੈ; ਇਹ  ੴ ਦਾ ਹੀ ਪਾਸਾਰ ਹੈ:[46]

ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ॥
ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ॥
ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥
ਗੁਰਾ ਇਕ ਦੇਹਿ ਬੁਝਾਈ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨਾ ਜਾਈ॥[47]

ਸਿੱਖ ਧਰਮ ਦੀ ਬੁਨਿਆਦ ਹੀ ਭਗਤ ਕਬੀਰ ਦੀਆਂ ਇਨ੍ਹਾਂ ਸਤਰਾਂ ਤੇ ਖੜੀ ਹੈ:

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ
ਓਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥[48]

'ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ'[49] ਦੇ ਗੁਰੁ-ਵਾਕ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਤਾਂ ਉਪਦੇਸ ਸਰਬ-ਸਾਂਝਾ ਹੈ ਕਿਉਂ ਜੁ ਸਭ ਮਨੁੱਖ ਇਕੋ ਨੂਰ ਤੋਂ ਪੈਦਾ ਹੋਣ ਕਰਕੇ ਇੱਕ ਸਮਾਨ ਹਨ । 'ਸਭੇ ਸਾਂਝੀਵਾਲ ਸਦਾਇਨ ਤੂੰ ਕਿਸੇ ਨ ਦਿਸੈ ਬਾਹਰਾ ਜੀਓ'[50] ਦਾ ਸਿਧਾਂਤ ਮਨੁੱਖੀ ਏਕਤਾ ਦੀ ਸਥਾਪਤੀ ਦੀ ਮਿਸਾਲ ਹੈ। ਹੇਠ ਲਿਖੇ ਗੁਰੂ ਵਾਕ ਬ੍ਰਹਮ ਦੀ ਸਮੂਹਿਕਤਾ ਨੂੰ ਦ੍ਰਿੜ ਕਰਵਾਉਂਦੇ ਹਨ:

ਏਕ ਪਿਤਾ ਏਕਸ ਕੇ ਹਮ ਬਾਰਿਕ ਤੂੰ ਮੇਰਾ ਗੁਰ ਹਾਈ॥
ਸੁਣਿ ਮੀਤਾ ਜੀਉ ਹਮਾਰਾ ਬਲਿ ਬਲਿ ਜਾਸੀ ਹਰਿ ਦਰਸਨੁ ਦੇਹੁ ਦਿਖਾਈ॥ [51]

ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥ [52]

ਪਰਮਾਤਮਾ ਦੀ ਸਮੂਹਿਕਤਾ ਦੇ ਇਸ ਪਾਸਾਰੇ ਵਿਚ ਕਿਸੇ ਪ੍ਰਤੀ ਮੰਦ ਭਾਵਨਾ ਦਾ ਸੰਚਾਰ ਹੀ ਨਹੀਂ ਹੁੰਦਾ। 'ਸਭਨਾ ਕਾ ਮਾਪਿਉ ਆਪੁ ਹੈ' ਸਾਰੇ ਮੇਰ-ਤੇਰ ਖ਼ਤਮ ਕਰ ਦਿੰਦਾ ਹੈ।ਅੱਜ ਵਿਸ਼ਵ ਭਰ ਵਿਚ ਨਫ਼ਰਤਾਂ ਦਾ ਪਾਸਾਰਾ ਹੈ।ਵਿਭਿਨ ਜਾਤਾਂ-ਧਰਮਾਂ ਦੇ ਆਪੋ ਆਪਣੇ ਅਸੂਲਾਂ, ਧਾਰਨਾਵਾਂ ਤੇ ਮਾਨਤਾਵਾਂ ਦੀ ਨਿੱਜੀ ਹੈਂਕੜਬਾਜ਼ੀ ਤੇ ਹਉਮੇਗ੍ਰਸਤ ਮਾਨਸਿਕਤਾ ਨਾਲ ਵੈਰ-ਵਿਰੋਧ ਵੱਧ ਰਹੇ ਹਨ। ਦੁਸ਼ਮਣੀਆਂ ਦੇ ਸਿਰ ਤੇ ਗੁੱਟਬੰਦੀਆਂ ਪੱਲ ਰਹੀਆਂ ਹਨ ਜਿਸ ਨਾਲ ਸਮੁੱਚਾ ਜਗਤ ਵਿਨਾਸ਼ ਤੇ ਬਰਬਾਦੀ ਦੇ ਰਾਹ ਤੇ ਹੈ। ਸਾਰਾ ਵਿਸ਼ਵ ਬਾਰੂਦ ਦੇ ਇਕ ਢੇਰ ਤੇ ਬੈਠਾ ਹੈ ਸਿਰਫ ਚੰਗਿਆੜੀ ਦੀ ਲੋੜ ਹੈ। ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ 'ਸਮੂਹਿਕ ਬਹੁਲਤਾਵਾਦ' Unitary Pluralism ਵਿਸ਼ਵ ਵਿਚ ਪਸਰੀ ਸਾਰੀ ਨਫ਼ਰਤ, ਕਦੂਰਤ, ਬਖ਼ੀਲੀ, ਅਹਿੰਸਾ ਅਤੇ ਮਾਰੋਧਾਪੀ ਖ਼ਤਮ ਕਰਕੇ 'ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ' ਵਾਕ ਅਨੁਸਾਰ ਪਰਸਪਰ ਪ੍ਰੇਮ, ਸਦਭਾਵਨਾ, ਇਕਸਾਰਤਾ ਉਤਪੰਨ ਕਰਨ ਕੇ 'ਮਾਨਸ ਕੀ ਜਾਤਿ ਸਭੈ ਏਕੋ ਪਹਿਚਾਨਬੋ' ਦੀ ਅੰਤਰਦਿਸ਼ਟੀ ਦਾ ਪ੍ਰਵਚਨ ਉਸਾਰਦੀ ਹੈ।

ਅਨੇਕ ਤੱਤ ਬਹੁਲਤਾਵਾਦ Pluriform Pluralism ਦੇ ਸੰਕਲਪ ਅਨੁਸਾਰ ਸਾਰੇ ਧਰਮ ਵਿਭਿੰਨ ਅੰਤਿਮ ਸਚਾਈਆਂ ਵੱਲ ਜਾਣ ਦੇ ਵੱਖੋ-ਵੱਖਰੇ ਪ੍ਰਮਾਣਿਕ ਮਾਰਗ ਹਨ।ਹਰੇਕ ਧਰਮ ਨਾਲ ਸੰਬੰਧਿਤ ਅੰਤਿਮ ਸੱਤਾ ਦੀ ਅਲੱਗ ਹੋਂਦ ਹੋ ਸਕਦੀ ਹੈ। ਅਰਥਾਤ ਬਹੁਤ ਸਾਰੇ ਧਰਮ ਅਤੇ ਬਹੁਤ ਸਾਰੇ ਅੰਤਿਮ ਸੱਚ। ਇਸ ਸੰਬੰਧ ਵਿਚ ਬਾਬਾ ਫ਼ਰੀਦ ਦੀ ਰਚਨਾ ਨੂੰ ਵਿਚਾਰਿਆ ਜਾ ਸਕਦਾ ਹੈ। ਉਹ ਕੱਟੜ ਸ਼ੱਰਈ ਮੁਸਲਮਾਨ ਸਨ। ਪਰ ਆਪ ਦੀ ਰਚਨਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕੀਤਾ ਗਿਆ। ਕੱਟੜ ਮੁਸਲਮਾਨ ਭਾਈਆਂ ਲਈ ਉਨ੍ਹਾਂ ਦਾ ਇਹ ਸਲੋਕ ਇਸਲਾਮ ਧਰਮ ਦੀ ਪ੍ਰਮਾਣਿਤਾ ਤੇ ਪਰਿਪੱਕਤਾ ਨੂੰ ਦ੍ਰਿੜ ਕਰਦਾ ਹੈ:

ਫ਼ਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ॥
ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ ॥ [53]

ਉਨ੍ਹਾਂ ਨੂੰ ਇਸਲਾਮ, ਹਿੰਦੂ, ਜੋਗ, ਬੁੱਧ, ਜੈਨ ਧਰਮਾਂ ਦੀ ਵੀ ਵਾਕਫ਼ੀ ਸੀ ਤੇ ਇਨ੍ਹਾਂ ਨਾਲ ਸੰਬੰਧਿਤ ਚਿੰਨ੍ਹ ਆਪ ਦੀ ਕਵਿਤਾ ਵਿਚੋਂ ਮਿਲਦੇ ਹਨ। ਇੰਦ੍ਰੇਦਮਨ ਤੇ ਮਾਇਆ ਦੇ ਰਸਾਂ ਦੇ ਤਿਆਗ ਦੇ ਸਿਧਾਂਤ ਜੋਗ ਤੇ ਹਿੰਦੂ ਮਤ ਵਿਚੋਂ ਗ੍ਰਹਿਣ ਕੀਤੇ। ਸੂਫ਼ੀ ਫ਼ਕੀਰ ਆਪ ਵੀ ਸੰਜਮ ਦੇ ਧਾਰਨੀ ਹੁੰਦੇ ਹਨ। ਈਸਾਈ ਮਤ ਇਸਲਾਮ ਦੇ ਬੜੇ ਨੇੜੇ ਹੈ। 'ਫਰੀਦਾ ਜੋ ਤੈ ਮਾਰਨ ਮੁਕੀਆ ਤਿਨਾ ਨ ਮਾਰੈ ਘੁੰਮਿ' ਤੇ 'ਸਾਈ ਦੇ ਦਰਿ ਵਾੜੀਅਹਿ' ਈਸਾਈ ਪ੍ਰਭਾਵ ਤੋਂ ਉਪਜੇ ਵਿਚਾਰ ਪ੍ਰਤੀਤ ਹੁੰਦੇ ਹਨ।

ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ॥
ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ॥
ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ॥ [54]
ਨਿਰੋਲ ਕੁਰਾਨ ਦੇ ਵਿਚਾਰਾਂ ਤੇ ਭਾਵਨਾ ਅਨੁਕੂਲ ਉਘੜਿਆ ਸਲੋਕ ਹੈ। [55]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤਾਂ ਤੇ ਭੱਟਾਂ ਦੀ ਬਾਣੀ ਸ਼ਾਮਿਲ ਹੈ ਜਿਨ੍ਹਾਂ ਵਿਚ ਅਨੇਕ ਤੱਤ ਬਹੁਲਤਾਵਾਦ ਦੀ ਹੋਂਦ ਦੇਖੀ ਜਾ ਸਕਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਸੇ ਵੀ ਧਰਮ ਦੀ ਨਿਖੇਧੀ ਨਹੀਂ ਕੀਤੀ ਗਈ। ਇਹ ਗ੍ਰੰਥ ਵਿਭਿੰਨ ਧਰਮਾਂ ਦੀ ਮੌਜੂਦਗੀ ਅਤੇ ਅਸਤਿਤਵ ਨੂੰ ਸਵੀਕਾਰਦਾ ਹੈ।ਬਾਣੀਕਾਰਾਂ ਦੀ ਬਾਣੀ ਕਿਸੇ ਧਰਮ ਨੂੰ ਨਹੀਂ ਨਕਾਰਦੀ, ਕੇਵਲ ਧਰਮ ਦੇ ਪੈਰੋਕਾਰਾਂ ਤੇ ਠੇਕੇਦਾਰਾਂ ਦੇ ਬਾਹਰਲੇ ਭੇਖਾਂ, ਮਕਾਰੀਆਂ ਤੇ ਪਾਖੰਡਾਂ ਵਿਰੁੱਧ ਪ੍ਰਵਚਨ ਰਚਾਉਂਦੀ ਹੈ। ਗੁਰਬਾਣੀ ਧਰਮ ਦੇ ਨਾਮ ਉਤੇ ਪਾਈ ਫਿਕ ਨੂੰ ਮਿਟਾਉਂਦੀ ਹੈ। ਵੱਖ-ਵੱਖ ਧਰਮਾਂ ਦੀ ਇਕਸੁਰਤਾ ਦਾ ਸਾਂਝਾ ਪਲੇਟਫਾਰਮ ਉਸਾਰਦੀ ਹੈ। ਬਾਬਾ ਨਾਨਕ ਲਈ ਇਸੇ ਲਈ ਹੀ ਤਾਂ ਇਹ ਸ਼ਬਦ ਪ੍ਰਚੱਲਿਤ ਹੋਏ:

ਬਾਬਾ ਨਾਨਕ ਸ਼ਾਹ ਫ਼ਕੀਰ
ਹਿੰਦੂਆਂ ਦਾ ਗੁਰੂ ਮੁਸਲਮਾਨਾਂ ਦਾ ਪੀਰ[56]

ਗੁਰੂ ਅਰਜਨ ਦੇਵ ਜੀ ਨੇ ਜਿੱਥੇ ਵੱਖ-ਵੱਖ ਧਰਮਾਂ ਨੂੰ ਮੰਨਣ ਵਾਲੇ ਮਹਾਂਪੁਰਖਾਂ ਦੀ ਬਾਣੀ ਦਾ ਸੰਕਲਨ ਕੀਤਾ ਉੱਥੇ ਨਾਲ ਹੀ ਵੱਖ-ਵੱਖ ਧਰਮਾਂ ਦੀ ਹੋਂਦ ਅਤੇ ਉਨ੍ਹਾਂ ਦੀ ਜੀਵਨ-ਜਾਚ ਨੂੰ ਵੀ ਪ੍ਰਗਟਾਇਆ:

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥
ਕੋਈ ਸੇਵੈ ਗੁਸਈਆ ਕੋਈ ਅਲਾਹਿ॥
ਕਾਰਣ ਕਰਨ ਕਰੀਮ॥ ਕਿਰਪਾ ਧਾਰਿ ਰਹੀਮ॥
ਕੋਈ ਨਾਵੈ ਤੀਰਥਿ ਕੋਈ ਹਜ ਜਾਇ॥
ਕੋਈ ਕਰੇ ਪੂਜਾ ਕੋਈ ਸਿਰ ਨਿਵਾਇ॥
ਕੋਈ ਪੜੇ ਬੇਦ ਕੋਈ ਕਤੇਬ॥
ਕੋਈ ਓਢੈ ਨੀਲ ਕੋਈ ਸੁਪੇਦ॥
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ॥
ਕੋਈ ਬਾਛੈ ਭਿਸਤੁ ਕੋਈ ਸੁਰਗਿੰਦ॥
ਕਹੁ ਨਾਨਕ ਜਿਨਿ ਹੁਕਮੁ ਪਛਾਤਾ॥
ਪ੍ਰਭੂ ਸਾਹਿਬ ਕਾ ਤਿਨਿ ਭੇਦ ਜਾਤਾ॥ [57]

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਦਾ ਵਿਸ਼ਵਾਸ ਤਾਂ ਇਸ ਗੱਲ ਵਿਚ ਹੈ ਕਿ ਹਰੇਕ ਧਰਮ ਦੇ ਮਨੁੱਖ ਨੂੰ ਉਸ ਦੁਆਰਾ ਧਾਰਨ ਕੀਤੇ ਅਕੀਦੇ ਤੇ ਯਕੀਨ ਹੋਣਾ ਚਾਹੀਦਾ ਹੈ ਤੇ ਉਸ ਦੀ ਆਸਥਾ ਵਿਚੋਂ ਧਰਮ ਦੀ ਉਹ ਭਲਾਈ ਤੇ ਸੱਚਾਈ ਦ੍ਰਿੜ ਹੁੰਦੀ ਹੋਵੇ। ਜਿਵੇਂ ਮੁਸਲਮਾਨ ਧਰਮ ਦੇ ਪੈਰੋਕਾਰਾਂ ਨੂੰ ਨਿਸਚਿਤਤਾ ਪ੍ਰਦਾਨ ਕਰਦੇ ਗੁਰੂ ਨਾਨਕ ਸਾਹਿਬ ਉਚਾਰਦੇ ਹਨ:

ਮੁਸਲਮਾਨ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ॥
ਅਵਲਿ ਅਉਲਿ ਦੀਨੁ ਕਰਿ ਮਿਠਾ ਮੁਸਕਲ ਮਾਨਾ ਮਾਲੁ ਮੁਸਾਵੈ॥
ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਨ ਕਾ ਭਰਮੁ ਚੁਕਾਵੈ॥
ਰਬ ਕੀ ਰਜਾਇ ਮੰਨੇ ਸਿਰ ਊਪਰਿ ਕਰਤਾ ਮੰਨੈ ਆਪ ਗਵਾਵੈ॥
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ॥ [58]

ਬਾਬਾ ਫ਼ਰੀਦ ਦਾ ਇਹ ਸਲੋਕ ਪਰਿਪੱਕ ਸੂਫ਼ੀ ਦੀ ਹੋਂਦ ਤੇ ਜ਼ੋਰ ਦਿੰਦਾ ਹੈ।ਸੂਫ਼ੀ ਜਿਸ ਵਿਚ ਮਨ, ਬਚਨ ਤੇ ਕਰਮ ਦੀ ਏਕਤਾ ਹੋਵੇ:

ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ॥
ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ॥ [59]

ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ॥
ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ॥ [60]

ਇਸੇ ਤਰ੍ਹਾਂ ਇਕ ਸੱਚੇ ਜੋਗੀ ਦੇ ਚਰਿੱਤਰ ਦੀ ਘਾੜਤ ਕਰਦੇ ਗੁਰੂ ਸਾਹਿਬ ਕਹਿੰਦੇ ਹਨ:

ਗਲੀ ਜੋਗੁ ਨਾ ਹੋਈ॥
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ॥ [61]

ਨੈਤਿਕ ਬਹੁਲਤਾਵਾਦ **Ethical pluralism** ਧਾਰਮਿਕ ਬਹੁਲਤਾਵਾਦ ਦਾ ਉਹ ਰੂਪ ਹੈ ਜੋ ਵਿਸ਼ਵ-ਵਿਆਪੀ ਸਾਂਝੀਆਂ ਕਦਰਾਂ-ਕੀਮਤਾਂ ਦੀ ਹਮਾਇਤ ਕਰਦਾ ਹੈ।ਸਾਰੇ ਵਿਸ਼ਵ-ਵਿਆਪੀ ਧਰਮਾਂ ਵਿਚ ਕੁਝ-ਕੁ ਆਧਾਰਭੂਤ ਕਦਰਾਂ-ਕੀਮਤਾਂ ਜਿਵੇਂ ਪਿਆਰ, ਮਿਠਾਸ, ਨਿਮਰਤਾ ਹਮਦਰਦੀ, ਸਮਾਨਤਾ, ਸੇਵਾ, ਪਰਉਪਕਾਰ, ਸਤਿਕਾਰ, ਸੰਜਮ, ਤਿਆਗ, ਧੀਰਜ, ਖ਼ਿਮਾ ਆਦਿ ਸਾਂਝੀਆਂ ਹਨ।

ਬਚਨਾਂ ਦੀ ਮਿਠਾਸ ਮਨੁੱਖੀ ਕਿਰਦਾਰ ਦਾ ਸਭ ਤੋਂ ਉੱਤਮ ਸ਼ਖ਼ਸੀ ਗੁਣ ਹੈ ਜੋ ਸਭ ਵੰਡੀਆਂ, ਦੁਸ਼ਮਣੀਆਂ ਤੇ ਵਖਰੇਵਿਆਂ ਦਾ ਅੰਤ ਕਰ ਦਿੰਦਾ ਹੈ।'ਇਕ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ' ਅਤੇ 'ਨਾਨਕ ਫਿਕਾ ਬੋਲੀਐ

ਤਨੁ ਮਨੁ ਫਿਕਾ ਹੋਇ ’ਦਾ ਪ੍ਰਵਚਨ ਬੇਮਿਸਾਲ ਹੈ।ਫਿੱਕਾ ਬੋਲਣ ਅਤੇ ਕਠੋਰਤਾ ਵਰਤਣ ਦੇ ਉਲਟ ਗੁਰੂ ਗ੍ਰੰਥ ਸਾਹਿਬ ਮਨੁੱਖਤਾ ਨੂੰ ਭਲਾਈ ਤੇ ਪ੍ਰੇਮ ਦੇ ਬੋਲਾਂ ਲਈ ਤਤਪਰ ਕਰਦਾ ਹੈ। ਜੋ ਖੁਸ਼ਗਵਾਰ ਅਤੇ ਆਨੰਦ ਦਾ ਮਾਹੌਲ ਸਿਰਜਦਾ ਹੈ। ‘ਫਰੀਦਾ ਥੀਉ ਪਵਾਹੀ ਦਭੁ।ਜੇ ਸਾਈ ਲੋੜਹਿ ਸਭੁ’ ਦਾ ਸੰਚਾਰ ਨਿਰਮਾਣਤਾ ਦੇ ਗੁਣ ਨੂੰ ਉਤਸ਼ਾਹਿਤ ਕਰਦਾ ਹੈ।ਅਸਲ ਵਿਚ ‘ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤ’ ਦੀ ਵਿਚਾਰਧਾਰਾ ਜ਼ਿੰਦਗੀ ਦੇ ਗੁਣਾਂ ਦੀ ਖਾਣ ਹੈ। ਨਿਮਰਤਾ ਅਜਿਹੀ ਜੀਵਨ-ਜੁਗਤ ਹੈ ਜੋ ਮਨੁੱਖ ਦੀ ਹੋਂਦ ਨੂੰ ਹਰਦਿਲ ਅਜ਼ੀਜ਼ ਬਣਾ ਕੇ ਸਭ ਦਰਵਾਜੇ ਖੋਹਲ ਦਿੰਦੀ ਹੈ ਅਤੇ ਪਿਆਰ ਦੇ ਪਾਸਾਰੇ ਨੂੰ ਮਜਬੂਤ ਕਰਦੀ ਹੈ। ਇਸੇ ਲਈ ਗੁਰਬਾਣੀ ‘ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ’ ਦਾ ਪ੍ਰਵਚਨ ਪੇਸ਼ ਕਰਦੀ ਹੈ।

ਲੋਭ-ਲਾਲਚ ਵਿਚ ਗ੍ਰਸਿਆ ਵਿਅਕਤੀ ਖੁਦਗਰਜ਼ ਤੇ ਬੇ ਜ਼ਮੀਰਾ ਹੋ ਜਾਂਦਾ ਹੈ। ਬਾਬਾ ਫ਼ਰੀਦ ਦਾ ਕਲਾਮ ਸਵਾਰਥ-ਰਹਿਤ ਜੀਵਨ ਦੀ ਜਾਚ ਸਿਖਾਉਂਦਾ ਦੱਸਦਾ ਹੈ ‘ਫਰੀਦਾ ਜਾ ਲਬੁ ਤਾ ਨੇਹ ਕਿਆ ਲਬੁ ਤ ਕੂੜਾ ਨੇਹੁ’। ਲੋਭ ਲਾਲਚ ਲਈ ਉਕਸਾਉਂਦਾ ਹੈ।ਇਸੇ ਲਈ ਗੁਰੂ ਸਾਹਿਬ ਲੋਭ ਨੂੰ ਦੁਰਕਾਰਦੇ ਹੋਏ ਮਨੁੱਖ ਨੂੰ ਸ਼ਾਂਤ ਰਹਿ ਕੇ ਜੀਵਨ ਲਕਸ਼ਾਂ ਵਲ ਪ੍ਰੇਰਿਤ ਕਰਦੇ ਹਨ।

ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ॥
ਪਰ ਨਿੰਦਾ ਪਰ ਮਲੁ ਮੁਖਿ ਸੁਧੀ ਅਗਨਿ ਕ੍ਰੋਧੁ ਚੰਡਾਲੁ॥ [62]

ਸੰਤੋਖ ਮਨ ਨੂੰ ਠਹਿਰਾਉ ਅਤੇ ਆਤਮਿਕ ਬੱਲ ਬਖਸ਼ਦਾ ਹੈ।ਸੰਤੋਖ ਦੇ ਇਸ ਖਜਾਨੇ ਅੱਗੇ ਸਾਰੇ ਧਨ ਅਰਥਹੀਨ ਹਨ। ਸੰਤੋਖ ਬੇਈਮਾਨੀਆਂ ਤੋਂ ਦੂਰ ਰਹਿ ਕੇ ਇਮਾਨਦਾਰੀ ਨਾਲ ਵਿਚਰਨਾ ਸਿਖਾਉਂਦਾ ਹੈ। ‘ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ।ਜਿਨਾ ਖਾਧੀ ਚੋਪੜੀ ਘਣੇ ਸਹਿਨਗੇ ਦੁਖ’ ਸਲੋਕ ਸੰਜਮ ਤੇ ਮਰਿਆਦਾ ਵਿਚ ਰਹਿਣ ਦੀ ਕਲਾ ਨੂੰ ਹੀ ਸਪਸ਼ਟ ਨਹੀਂ ਕਰਦਾ ਬਲਕਿ ਬੇਈਮਾਨੀ ਤੇ ਭ੍ਰਿਸ਼ਟਾਚਾਰੀ ਦੇ ਦੁਰਪ੍ਰਭਾਵਾਂ ਦਾ ਵੀ ਜ਼ਿਕਰ ਕਰਦਾ ਹੈ।

ਸਬਰ ਮੰਝਿ ਕਮਾਣ ਏ ਸਬਰੁ ਕਾ ਨੀਹਣੋ॥
ਸਬਰ ਸੰਦਾ ਬਾਣੁ ਖਾਲਕੁ ਖਤਾ ਨ ਕਰੀ॥ [63]

ਸਲੋਕ ਸਬਰ ਤੇ ਸੰਤੋਖ ਦੀ ਮਹਿਮਾ ਦਾ ਗੁਣਗਾਨ ਹੈ। ਬਾਬਾ ਫਰੀਦ ‘ਫਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੈ ਵਿਸਾਰਿ॥ ਮਤੁ ਸਰਮਿੰਦਾ ਥੀਵਹੀ ਸਾਂਈ ਦੇ ਦਰਬਾਰਿ॥’[64] ਦਾ ਸੁਰ ਅਲਾਪਦੇ ਧਰਮ ਦੀ ਯਥਾਰਥਕ ਪ੍ਰਕਿਰਤੀ ਨੂੰ ਪੇਸ਼ ਕਰਦੇ ਹਨ। ਧਰਮ ਕਦੇ ਕਿਸੇ ਦਾ ਹੱਕ ਮਾਰਨਾ ਨਹੀਂ ਸਿਖਾਉਂਦਾ। ਇਮਾਨਦਾਰੀ ਲਈ ਪ੍ਰੇਰਿਤ ਕਰਦੇ ਗੁਰੂ ਸਾਹਿਬ ਫਰਮਾਉਂਦੇ ਹਨ:

ਹਕੁ ਪਰਾਇਆ ਨਾਨਕਾ ਉਸੁ ਸੂਅਰੁ ਉਸੁ ਗਾਇ॥ [65]

ਇਸ ਤਰ੍ਹਾਂ ਗੁਰਬਾਣੀ 'ਕਰਿ ਆਚਾਰੁ ਸਚੁ ਸੁਖੁ ਹੋਈ', 'ਮਨ ਮੈਦਾਨੁ' ਕਰਨ ਦੀ ਕਵਿਤਾ ਹੈ, ਬੁਰੇ ਦਾ ਭਲਾ ਕਰਨ ਦਾ ਸੰਦੇਸ਼ ਹੈ 'ਗੁੱਸਾ ਮਨ ਨ ਹਢਾਇ' ਦਾ ਸੰਚਾਰ ਹੈ। ਗੁਰਬਾਣੀ ਫੁਰਮਾਣ ਹੈ:

ਕਾਮ ਕ੍ਰੋਧ ਕਾਇਆ ਕਉ ਗਾਲੈ॥
ਜਿਉ ਕੰਚਨ ਸੋਹਾਗਾ ਢਾਲੈ॥ [66]

ਦਇਆ ਕਿਸੇ ਵੀ ਧਰਮ ਦੀ ਬੁਨਿਆਦ ਹੈ। ਦਇਆ ਤੋਂ ਹੀ ਸਬਰ, ਸੰਤੋਖ, ਧੀਰਜ, ਹਮਦਰਦੀ, ਖਿਮਾ, ਤਿਆਗ, ਮਿਲਵਰਤਨ, ਪਰਉਪਕਾਰਤਾ ਵਰਗੇ ਗੁਣ ਵਿਕਸਤ ਹੁੰਦੇ ਹਨ। ਇਸੇ ਲਈ ਗੁਰਬਾਣੀ ਵਿਚ ਦਇਆ ਦੀ ਭਾਵਨਾ ਜ਼ੋਰਾਂ ਤੇ ਹੈ। ਇਹ ਗੁਣ ਅਠਾਠ ਤੀਰਥਾਂ ਦੇ ਦਰਸ਼ਨਾਂ ਦੇ ਬਰਾਬਰ ਹੈ:

ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥
ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ॥ [67]

ਅੱਜ-ਕਲ੍ਹ ਦੇ ਮਾਇਆਧਾਰੀ ਪਾਸਾਰੇ ਵਿਚ ਪਰਉਪਕਾਰੀ ਮਨੁੱਖਾਂ ਦੀ ਬੜੀ ਕਮੀ ਹੈ।ਪਰਉਪਕਾਰ ਦੀ ਓੜ ਵਿਚ ਮਾੜੇ ਕੰਮ ਅੰਜ਼ਾਮ ਲੈ ਰਹੇ ਹਨ। ਗੁਰਬਾਣੀ ਨਿਰ-ਸੁਆਰਥ ਹੋ ਕੇ ਦੂਜਿਆਂ ਦਾ ਭਲਾ ਕਰਨਾ ਲੋਚਦੀ ਹੈ।ਸੇਵਾ ਨਾਲ ਹੀ ਸਰਬੱਤ ਦੇ ਭਲੇ ਦੇ ਸਿਧਾਂਤ ਨੂੰ ਅਮਲੀ ਜਾਮਾ ਪਵਾਇਆ ਜਾ ਸਕਦਾ ਹੈ। ਗੁਰਬਾਣੀ ਵਿਚ ਸੇਵਾ ਤੇ ਬਹੁਤ ਜ਼ੋਰ ਹੈ।

'ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣ ਪਾਈਐ॥ [68]

ਸੇਵਾ ਬਹੁਤ ਵੱਡਾ ਜੀਵਨ ਸੰਤਭ ਹੈ। ਸੇਵਾ ਨਾਲ ਸਬਰ, ਸੰਤੋਖ, ਹਮਦਰਦੀ, ਸਦਭਾਵਨਾ, ਤਿਆਗ, ਹਲੀਮੀ ਤੇ ਪਿਆਰ ਵਰਗੇ ਭਾਵ ਪੈਦਾ ਹੁੰਦੇ ਹਨ।

ਅੱਜ ਵਿਸ਼ਵ-ਭਾਈਚਾਰੇ ਨੂੰ ਮਜਬੂਤ ਕਰਨ ਵਿਚ ਲੋੜਵੰਦਾਂ ਦੀ ਮਦਦ ਤੇ ਪਰਉਪਕਾਰ ਦੀ ਭਾਵਨਾ ਦੇ ਪ੍ਰਫੁਲਿਤ ਹੋਣ ਦੀ ਬਹੁਤ ਅਹਿਮ ਲੋੜ ਹੈ।ਬਾਬਾ ਫ਼ਰੀਦ ਦੇ ਬਚਨ ਲੋੜਵੰਦਾਂ ਦੀ ਮਦਦ ਕਰਨ ਦੀ ਪਾਲਨਾ ਨਾ ਕਰਨ ਵਾਲਿਆਂ ਵਾਸਤੇ ਸਖ਼ਤ ਹਦਾਇਤ ਕਰਦੇ 'ਹੇੜਾ ਜਲੈ ਮਜੀਠ ਜਿਉ ਉਪਰਿ ਅੰਗਾਰਾ' ਦੀ ਸਜ਼ਾ ਮੁਕੱਰਰ ਕਰਦੇ ਹਨ। ਸ਼ੇਖ਼ ਫ਼ਰੀਦ ਜੀ ਰੁੱਖਾਂ ਵਰਗੀ ਧੀਰਜ ਬਿਰਤੀ ਧਾਰਨ ਕਰਨ ਦੀ ਪ੍ਰੇਰਨਾ ਦਿੰਦੇ ਕਹਿੰਦੇ ਹਨ-'ਦਰਵੇਸ਼ਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ'।'ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨ ਨ ਹੰਢਾਇ' ਦੀ ਭਾਵਨਾ ਸਹਿਣਸ਼ੀਲਤਾ ਤੇ ਧੀਰਜ ਦੀ ਸੀਮਾ ਸਮਝੀ ਜਾ ਸਕਦੀ ਹੈ।ਬਦੀ ਦਾ ਜੁਆਬ ਨੇਕੀ ਵਿਚ ਹੈ। ਬਦ ਨਾਲ ਨੇਕ ਹੋ ਕੇ ਵਰਤਣ ਵਾਲਾ ਆਪਣੇ ਵਿਰੋਧੀ ਉੱਤੇ ਨੈਤਿਕ ਜਿੱਤ ਪ੍ਰਾਪਤ ਕਰ ਲੈਂਦਾ ਹੈ ਅਤੇ ਇਉਂ ਆਪਣੀ ਸ਼ਕਤੀ ਨੂੰ ਬੇਲੋੜੇ ਉਲਝੇਵਿਆਂ ਵਿਚ ਪੈ ਕੇ ਖੀਣ ਹੋਣ ਤੋਂ ਬਚਾ ਲੈਂਦਾ

ਹੈ। ਇਹ ਦੋਵੇਂ ਨੈਤਿਕ ਗੁਣ, ਧੀਰਜ ਅਤੇ ਸਹਿਨਸ਼ੀਲਤਾ; ਅਹਿੰਸਾ ਦੀ ਬਿਰਤੀ ਨੂੰ ਜਨਮ ਦਿੰਦੇ ਹਨ।[69] ਡਾ. ਜਸਬੀਰ ਸਿੰਘ ਸਾਬਰ ਦੇ ਸ਼ਬਦਾਂ ਵਿਚ 'ਅਹਿਜੇ ਸਦਾਚਾਰ ਗੁਣਾਂ ਨਾਲ ਸੰਪੰਨ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਦਰਸ਼ਤ ਹੁੰਦਾ ਸਦਾਚਾਰ-ਸ਼ਾਸਤਰ, ਮਾਨਵ-ਸੰਸਾਰ ਵਿਚ ਵਿਚਰਦੇ ਮਨੁੱਖ ਦੇ ਵਿਅਕਤੀਗਤ ਅਤੇ ਭਾਈਚਾਰਕ ਜੀਵਨ ਦੀ ਉਚ-ਸੁਚ ਦੀ ਉੱਤਮਤਾ ਦੇ ਨਿਰੋਏ ਤੇ ਨਿਗਰ ਆਧਾਰ ਸਿਰਜਦਾ ਹੈ।'[70]

ਡਾ.ਧਰਮ ਸਿੰਘ ਅਨੁਸਾਰ-

The sikh scripture stands for respect for all religions, tolerance for religious pluralism, and understanding and cooperation among different faith communities. It is Quite explicit in its statement that revelation cannot be religion-specific, region specific or caste specific and claim to truth cannot be a monopoly of any particular religion, caste, class or region. Since each expression of revelation is an attempt at looking at and understanding the Real One in a particular localized context, we must respect other religions notwithstanding our disagreements and differentiations in regard to outward symbols and rituals. The Sikh scripture is a concrete example to support this view.[71]

'ਧਾਰਮਿਕ ਬਹੁਲਤਾਵਾਦ' ਦੇ ਪ੍ਰਕਰਣ ਵਿਚ ਗੁਰੂ ਗ੍ਰੰਥ ਸਾਹਿਬ ਦੇ ਕੀਤੇ ਅਧਿਐਨ ਉਪਰੰਤ ਇਸ ਸਿੱਟੇ ਤੇ ਪੁੱਜਿਆ ਗਿਆ ਹੈ ਕਿ ਸ੍ਰੀ ਗੁਰੂ ਗੰਥ ਸਾਹਿਬ ਵਿਚ ਪੇਸ਼ ਧਾਰਮਿਕ ਬਹੁਲਤਾਵਾਦ ਵਿਭਿੰਨ ਧਰਮਾਂ ਵੱਲੋਂ ਸਥਾਪਿਤ ਕੀਤੀਆਂ ਸੌੜੀਆਂ ਵਲਗਣਾਂ ਤੋਂ ਮੁਕਤ ਕਰਦਾ 'ਸਰਬ ਧਰਮੁ ਮਹਿ ਸ੍ਰੇਸਟ ਧਰਮ' ਅਤੇ 'ਨਾ ਕੋ ਬੈਰੀ ਨਾਹਿ ਬਿਗਾਨਾ' ਦੀ ਅੰਤਰਦ੍ਰਿਸ਼ਟੀ ਨੂੰ ਸਥਾਪਤ ਕਰਦਾ ਹੈ। ਪ੍ਰੋ.ਪੂਰਨ ਸਿੰਘ ਇਸੇ ਵਿਚਾਰ ਦੀ ਪ੍ਰੋੜਤਾ ਕਰਦੇ ਲਿਖਦੇ ਹਨ:

'ਇਸ ਥਾਂ ਉੱਤੇ ਪੂਰਬ ਪੂਰਬ ਨਹੀਂ ਰਹਿੰਦਾ, ਪੱਛਮ ਪੱਛਮ ਨਹੀਂ ਰਹਿੰਦਾ, ਦੋਵੇਂ ਇਕ ਨਿਰਵੈਰ ਮਨੁੱਖਤਾ ਵਿਚ ਇਕਮਿਕ ਹੋ ਜਾਂਦੇ ਹਨ।-----ਇਹ ਸੁਪਨਾ ਇੱਥੇ ਦੱਬਿਆ ਪਿਆ ਹੈ ਤੇ ਮਨੁੱਖਾਂ ਦੀ ਇਹ ਅਵਸਥਾ ਭੱਵਿਖ ਵਿਚ ਪਈ ਜਾਗਦੀ ਹੈ।....ਇਹੀ ਥਾਂ ਹੈ ਜਿੱਥੇ ਗੁਰੂ ਨਾਨਕ ਦੀ ਦੇਵ ਭਾ, ਬੁੱਧ ਦੀ ਮਹਾਨ ਮਨੁੱਖਤਾ ਨਾਲ ਰਲ ਮਿਲੇਗੀ ਤੇ ਇੱਥੇ ਸਵਰਗ ਜੁੜੇਗਾ।.....ਇਹ ਵਿਸ਼ਵਵਾਦ ਦਾ ਸੱਭਿਆਚਾਰ ਹੋਵੇਗਾ, ਜਿਸਦਾ ਸੁਪਨਾ ਪੰਜਾਬ ਦੇ ਗੁਰੂਆਂ ਨੇ ਲਿਆ।ਇੱਥੇ ਕੌਮਾਂ ਦੇ ਮਨੁੱਖ ਸੰਗਤ ਵਿਚ ਜੁੜਨਗੇ।'[72]

ਪ੍ਰਸਿੱਧ ਅਮਰੀਕੀ ਸਮਾਜ ਸ਼ਾਸਤਰੀ ਅਤੇ ਇਤਿਹਾਸਕਾਰ ਸ੍ਰੀ ਆਰਨਲਡ ਤਿਆਨਬੀ ਦਾ ਮੱਤ ਹੈ 'ਸ੍ਰੀ ਗੁਰੂ ਗ੍ਰੰਥ ਸਾਹਿਬ ਮਨੁੱਖੀ ਭਾਈਚਾਰੇ ਦਾ ਸਾਂਝਾ ਆਤਮਿਕ ਖ਼ਜ਼ਾਨਾ ਹੈ। ਮਨੁੱਖਤਾ ਦਾ ਧਾਰਮਿਕ ਭਵਿੱਖ ਧੁੰਦਲਾ ਹੈ ਪਰ ਫਿਰ ਵੀ ਇਸਦੇ ਬਾਵਜੂਦ ਇਹ ਦੇਖਿਆ ਜਾ ਰਿਹਾ ਹੈ ਕਿ ਜੀਵਤ ਉਚੇਰੇ ਧਰਮ ਪਹਿਲੇ ਦੀ ਨਿਸਬਤ ਹੁਣ ਇਕ ਦੇ ਵਧੇਰੇ ਨੇੜੇ ਹੋ ਰਹੇ ਹਨ-ਭਵਿੱਖ ਵਿਚ ਹੋਣ ਵਾਲੀ ਧਰਮਾਂ ਬਾਰੇ ਚਰਚਾ ਵਿਚ ਸਿੱਖ ਧਰਮ ਅਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪਾਸ ਕੁਝ ਐਸੀ ਵਿਸ਼ੇਸ਼ ਤੇ ਕੀਮਤੀ ਗੱਲ ਜ਼ਰੂਰ ਹੈ ਜੋ ਬਾਕੀ ਸਾਰੀ ਦੁਨੀਆ ਨੂੰ ਦੱਸੀ ਜਾ ਸਕਦੀ ਹੈ।'[73]

ਉਪਰੋਕਤ ਵਿਦਵਾਨਾਂ ਦੇ ਸ਼ਬਦਾਂ ਤੋਂ ਇਹ ਭਲੀ-ਭਾਂਤ ਵਿਅਕਤ ਹੁੰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬ੍ਰਹਿਮੰਡੀ ਅੰਤਰ-ਦ੍ਰਿਸ਼ਟੀ ਸਮੂਹ ਵਿਸ਼ਵ-ਵਿਆਪੀ ਧਰਮਾਂ ਨੂੰ ਆਪਸੀ ਭਿਨਤਾਵਾਂ ਤੇ ਵਿਵਾਦਾਂ ਤੋਂ ਉੱਪਰ ਉੱਠ ਕੇ ਸਮੁੱਚੀ ਲੋਕਾਈ ਦੇ ਭਲੇ ਲਈ ਇਕ ਸਰਵ ਸਾਂਝਾ ਪੈਟਰਨ ਪ੍ਰਦਾਨ ਕਰਦੀ ਹੈ। 'ਇਹ ਇੱਕ ਬਹੁ-ਦਿਸ਼ਾਵੀ ਤੇ ਬਹੁ-ਕੋਣੀ, ਅਨੇਕ-ਦਰਸ਼ਨੀ ਤੇ ਅਨੇਕ-ਪਰਤੀ ਬ੍ਰਹਮ ਵੀਚਾਰ ਹੈ। ਸੰਯੋਗਮੁਖਤਾ ਅਤੇ ਸੰਵਾਦਮੁਖਤਾ ਇਸਦੇ ਵਿਸ਼ੇਸ਼ ਲੱਛਣ ਹਨ। ਇਹ ਬ੍ਰਹਮ ਵਿਚਾਰ ਵਿਸ਼ਵ ਵਿਆਪੀ ਹੁੰਦੇ ਹੋਏ ਵੀ ਸਥਾਨਕ ਅਤੇ ਇਕਾਂਗੀ ਪਰਿਪੇਖਾਂ ਨੂੰ ਇਕ ਪ੍ਰਾਮਣੀਕ, ਮੌਲਿਕ ਤੇ ਵਿਲੱਖਣ ਸਥਾਨ ਪ੍ਰਦਾਨ ਕਰਦਾ ਹੈ। ਵਿਲੱਖਣ ਕੌਮਾਂ ਤੇ ਸਭਿਆਚਾਰ ਆਪਣੇ ਇਲਹਾਮ/ਅਨੁਭਵ ਅਨੁਸਾਰ ਇਸ ਇਕ ਪਰ ਅਨੇਕ-ਪਰਤੀ ਬ੍ਰਹਮ ਵੀਚਾਰ/ਮਹਾਂ ਪ੍ਰਬੰਧ ਵਿਚ ਯੋਗ ਸਵੀਕ੍ਰਿਤੀ, ਸਤਿਕਾਰ ਪ੍ਰਾਪਤ ਕਰਦੇ ਹਨ।'[74]

## 4.3 ਅੰਤਰ-ਧਰਮ ਸੰਵਾਦ:

ਮਨੁੱਖਤਾ ਦੇ ਇਤਿਹਾਸ ਦੇ ਆਰੰਭ ਤੋਂ ਹੀ ਧਰਮ ਨੇ ਰਾਜਨੀਤੀ ਅਤੇ ਅੰਤਰ-ਰਾਸ਼ਟਰੀ ਸੰਬੰਧਾਂ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। 1893 ਵਿਚ ਸ਼ਿਕਾਗੋ ਵਿਚ ਵਿਸ਼ਵ ਪੱਧਰ ਤੇ ਹੋਈ ਧਾਰਮਿਕ ਕਾਨਫਰੰਸ ਵਿਚ ਅੰਤਰ-ਧਰਮ ਸੰਵਾਦ interreligious dialogue ਦਾ ਜਨਮ ਹੋਇਆ। ਇਹ ਕਾਨਫਰੰਸ ਇਕ ਅਜਿਹਾ ਪਲੇਟਫਾਰਮ ਸੀ ਜਿਸ ਵਿਚ ਵਿਭਿੰਨ ਧਰਮਾਂ ਦੇ ਧਰਮ-ਸ਼ਾਸਤਰੀਆਂ ਨੇ ਵਿਸ਼ਵ ਪੱਧਰ ਤੇ ਅੰਤਰ-ਧਰਮ ਸੰਵਾਦ ਦਾ ਆਰੰਭ ਕੀਤਾ। ਵਿਸ਼ਵ ਦੇ ਧਰਮਾਂ ਦੀ ਇਸ ਪਹਿਲੀ ਪਾਰਲੀਮੈਂਟ ਵਿਚ ਵਿਭਿੰਨ ਧਾਰਮਿਕ ਨਸਲਾਂ ਤੇ ਕੌਮਾਂ ਵਿਚ ਆਪਸੀ ਸਹਿਯੋਗ ਤੇ ਸਹਿਹੋਂਦ ਨੂੰ ਸਥਾਪਿਤ ਕਰਨ ਲਈ ਉਪਰਾਲਾ ਹੋਇਆ ਜੋ ਅਜੋਕੇ ਸਮਿਆਂ ਵਿਚ ਇਕ ਵੱਡੀ ਜ਼ਰੂਰਤ ਹੋ ਗਈ ਹੈ ਤਾਂ ਕਿ ਸੰਵਾਦ ਰਾਹੀਂ ਸਮੁੱਚੇ ਭੇਦ-ਭਾਵ ਮਿਟਾ ਕੇ ਸ਼ਾਂਤੀ ਦੀ ਸਥਾਪਨਾ ਹੋ ਜਾਏ ਤੇ ਵਿਸ਼ਵੀ ਪੱਧਰ ਤੇ 9/11 ਦੀਆਂ ਘਟਨਾਵਾਂ ਨਾ ਵਾਪਰਨ।

ਹੰਸ ਕੁੰਗ ਦਾ ਇਹ ਕਥਨ ਬੜਾ ਵਿਚਾਰਨਯੋਗ ਹੈ -

"for the first time in world history it is impossible for any one religion to exist in splendid isolation and ignore the others….discussion with the other religions is actually essential to survival, necessary for the sake of peace in the world."[75]

ਵਿਸ਼ਵ ਦੇ ਇਤਿਹਾਸ ਵਿਚ ਪਹਿਲੀ ਵਾਰ ਕਿਸੇ ਵੀ ਧਰਮ ਦੇ ਵਾਸਤੇ ਇਹ ਅੰਸਭਵ ਹੋ ਗਿਆ ਹੈ ਕਿ ਉਹ ਆਪਣੇ ਗੌਰਵਮਈ ਵਖਰੇਵੇਂ ਨੂੰ ਬਰਕਰਾਰ ਰੱਖਦੇ ਹੋਏ ਦੂਸਰਿਆਂ ਧਰਮਾਂ ਨੂੰ ਨਜ਼ਰਅੰਦਾਜ਼ ਕਰਨ, ਬਲਕਿ ਵਿਸ਼ਵ ਦੇ ਵਿਚ ਸੁਰੱਖਿਆ ਤੇ ਸ਼ਾਂਤੀ ਕਇਮ ਕਰਨ ਲਈ ਧਰਮਾਂ ਵਿਚ ਆਪਸੀ ਸੰਵਾਦ ਬਹੁਤ ਜ਼ਰੂਰੀ ਹੋ ਗਿਆ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਵਿਸ਼ਵ ਵਿਚ ਧਰਮ ਦੇ ਖੇਤਰ ਵਿਚ ਦੋ ਧਰਮਾਂ ਦੀ ਬਹੁਤ ਇਜਾਰੇਦਾਰੀ Monopoly ਹੈ। ਇਹ ਧਰਮ ਹਨ ਕ੍ਰਿਸਚਨ ਅਤੇ ਇਸਲਾਮ। ਤਵਾਰੀਖ ਗਵਾਹ ਹੈ ਕਿ ਇਨ੍ਹਾਂ ਧਰਮਾਂ ਵਿਚ ਇੱਕ ਸੀਤ ਯੁੱਧ Cold War ਚੱਲਦੀ ਰਹਿੰਦੀ ਹੈ।ਇਨ੍ਹਾਂ ਧਰਮਾਂ ਨੇ ਪ੍ਰਤੱਖ ਰੂਪ ਵਿਚ ਧਰਮ-ਯੁੱਧ ਵੀ ਐਲਾਨੇ ਹਨ ਤੇ ਗਰੀਬ ਜਨਤਾ ਨੇ ਬਰਬਾਦੀਆਂ ਦਾ

ਸੰਤਾਪ ਵੀ ਭੋਗਿਆ ਹੈ। ਮੁਸਲਿਮ ਅਤੇ ਕ੍ਰਿਸਚਨ ਧਰਮ ਨੂੰ ਮੰਨਣ ਵਾਲਿਆਂ ਦੀ ਗਿਣਤੀ ਤਕਰੀਬਨ ਸੰਸਾਰ ਦਾ ਅੱਧ ਹੈ; ਜੱਦ ਤੱਕ ਇਨ੍ਹਾਂ ਦੋਨਾਂ ਧਾਰਮਿਕ ਸੰਪਰਦਾਵਾਂ ਵਿਚ ਸ਼ਾਂਤੀ ਅਤੇ ਨਿਆਂ ਦੀ ਸਥਾਪਨਾ ਨਹੀਂ ਹੁੰਦੀ, ਉਦੋਂ ਤੱਕ ਵਿਸ਼ਵ ਵਿਚ ਸ਼ਾਂਤੀ ਅਤੇ ਨਿਆਂ ਦੀ ਸਥਾਪਨਾ ਨਹੀਂ ਹੋ ਸਕਦੀ; ਵਿਸ਼ਵ ਦਾ ਭਵਿੱਖ ਇਸਲਾਮ ਅਤੇ ਕਿਸ੍ਰਚਨ ਧਰਮਾਂ ਦੇ ਮੇਲ-ਮਿਲਾਪ ਅਤੇ ਸਥਿਰਤਾ ਤੇ ਨਿਰਭਰ ਕਰਦਾ ਹੈ।

'Inter-religious and inter-culture dialogue between Christians and Muslims cannot be reduced to an optional extra. It is, in fact, a vital necessity, on which in large measure our future depends.' [76]

ਕ੍ਰਿਸਚਨ ਅਤੇ ਮੁਸਲਿਮ ਧਰਮਾਂ ਵਿਚ ਅੰਤਰ ਧਰਮ ਸੰਵਾਦ ਅਤੇ ਅੰਤਰ-ਸਭਿਆਚਾਰ ਸੰਵਾਦ ਦੀ ਬਹੁਤ ਲੋੜ ਹੈ ਕਿਉਂਕਿ ਇਸ ਉੱਪਰ ਸਾਡਾ ਬਹੁਤ ਭਵਿੱਖ ਨਿਰਭਰ ਕਰਦਾ ਹੈ।ਮੁੰਹਮਦ ਫਤਿਹਉਲ੍ਹਾ ਗੁਲੇਨ ਦਾ ਇਹ ਕਥਨ ਨਵ-ਇਸਲਾਮਿਕ ਸੋਚ ਦਾ ਲਖਾਇਕ ਹੈ:

'I believe that interfaith dialogue is a must today and that the first step in establishing it is forgetting the past, ignoring polemical arguments and giving precedence to common points, which far outnumber polemical ones.'[77]( The Necessity of Interfaith Dialogue: A Muslim Perspective)

ਉਹਨਾਂ ਅਨੁਸਾਰ ਮੇਰਾ ਇਹ ਮੰਨਣਾ ਹੈ ਕਿ ਅੰਤਰ-ਧਰਮ ਸੰਵਾਦ ਅਜੋਕੇ ਸਮਿਆਂ ਲਈ ਬਹੁਤ ਜਰੂਰੀ ਹੋ ਗਿਆ ਹੈ ਅਤੇ ਇਸ ਲਈ ਪਹਿਲੀ ਜਰੂਰੀ ਸ਼ਰਤ ਹੈ ਕਿ ਅਸੀ ਅਤੀਤ ਨੂੰ ਭੁਲਾ ਦੇਈਏ, ਵਾਦ-ਵਿਵਾਦ ਦੇ ਕਾਰਨਾਂ ਨੂੰ ਨਜ਼ਰ-ਅੰਦਾਜ਼ ਕਰੀਏ ਅਤੇ ਆਮ ਮੁੱਦਿਆ ਨੂੰ ਤਰਜੀਹ ਦੇਈਏ। ਆਪਸੀ ਸੂਝ ਤੇ ਸਮਝ ਅਤੇ ਉਸਾਰੂ ਸੰਬੰਧਾਂ ਨੂੰ ਸਿਰਜਨ ਲਈ ਯਤਨ ਕਰੀਏ।

ਪੋਪ ਜੋਹਨ ਪਾਲ IIਨੇ 1985, ਵਿਚ ਕੇਸੇਬਲਾਸਾਂ ਵਿਖੇ 80000 ਮੁਸਲਮਾਨਾਂ ਨੂੰ ਸੰਬੋਧਨ ਕਰਦੇ ਹੋਏ ਇਕ ਭਾਸ਼ਣ ਵਿਚ ਕਿਹਾ ਕਿ :

We believe in the same God, the one God, the Living God who created the World….In a World which desires unity and peace, but experiences a thousand tensions and conflicts, should not believers favour friendship between the men and the peoples who form one single community on earth? Dialouge between Christians and Muslims is today more urgent than ever. It flows from fidelity to God. Sometimes, in the past, we have opposed and even exhausted each other in

polemics and in wars------I believe that today God invites us to change old practices.we must respect each other and we must stimulate each other in good works on the path to righteousness. [78]

ਅਰਥਾਤ ਅਸੀਂ ਇਕ ਸਮਾਨ ਪਰਮਾਤਮਾ ਵਿਚ ਯਕੀਨ ਰੱਖਦੇ ਹਾਂ, ਸਜੀਵ ਪਰਮਾਤਮਾ ਜਿਸ ਨੇ ਸਾਰੀ ਸ੍ਰਿਸਟੀ ਦੀ ਰਚਨਾ ਕੀਤੀ.....ਇਸ ਸ੍ਰਿਸ਼ਟੀ ਵਿਚ ਏਕਤਾ ਅਤੇ ਸ਼ਾਂਤੀ ਦੀ ਖਾਹਸ਼ ਕਰਦਾ ਹੈ, ਪਰ ਇਸ ਦੇ ਉਲਟ ਹਜਾਰਾਂ ਤਣਾਉ ਅਤੇ ਝਗੜੇ ਹਨ, ਕੀ ਰੱਬ ਵਿਚ ਯਕੀਨ ਰੱਖਣ ਵਾਲੇ ਇਹ ਨਹੀਂ ਚਾਹੁੰਦੇ ਕਿ ਸਾਰੀ ਮਨੁੱਖਤਾ ਵਿਚ ਦੋਸਤੀ ਹੋਵੇ ਅਤੇ ਸ੍ਰਿਸ਼ਟੀ ਤੇ ਵਿਸ਼ਵੀ ਭਾਈਚਾਰਾ ਹੋਵੇ। ਕ੍ਰਿਸਚਨ ਅਤੇ ਮੁਸਲਿਮ ਧਰਮਾਂ ਵਿਚ ਅੰਤਰ ਧਰਮ ਸੰਵਾਦ ਦੀ ਅੱਜ ਲੋੜ ਪਹਿਲਾਂ ਨਾਲੋਂ ਵੱਧ ਹੈ। ਨਿਸ਼ਠਾ ਦੀ ਇਹ ਵਾਸਤਵਿਕਤਾ ਹੀ ਪਰਮਾਤਮਾ ਦਾ ਰਾਹ ਹੈ। ਅਤੀਤ ਵਿਚ ਅਸੀਂ ਕਈ ਵਾਰ ਇਕ ਦੂਜੇ ਦਾ ਵਿਰੋਧ ਕੀਤਾ ਹੈ ਅਤੇ ਵਾਦ-ਵਿਵਾਦ ਅਤੇ ਲੜਾਈਆਂ ਵਿਚ ਵਕਤ ਜਾਇਆ ਕੀਤਾ ਹੈ। ਮੇਰਾ ਇਹ ਮੰਨਣਾ ਹੈ ਕਿ ਅੱਜ ਪਰਮਾਤਮਾ ਸਾਨੂੰ ਇਕ ਹੋਰ ਸੱਦਾ ਦੇ ਰਿਹਾ ਹੈ ਕਿ ਅਸੀਂ ਆਪਣੀਆਂ ਪੁਰਾਣੀਆਂ ਰੀਤਾਂ ਅਤੇ ਦਸਤੂਰ ਬਦਲੀਏ। ਸੱਚ ਦੇ ਰਾਹ ਤੇ ਚਲਦੇ ਹੋਏ ਸ਼ੁਭ ਕੰਮਾਂ ਵਿਚ ਇਕ ਦੂਸਰੇ ਦਾ ਸਤਿਕਾਰ ਕਰੀਏ ਅਤੇ ਇਕ ਦੂਜੇ ਨੂੰ ਉਤਸ਼ਾਹਿਤ ਕਰੀਏ।

ਅਸਲ ਵਿਚ ਅਜੋਕੇ ਸਮਿਆਂ ਵਿਚ ਹੁਣ ਇੰਨਾ ਆਸਾਨ ਨਹੀਂ ਹੈ ਕਿ ਧਾਰਮਿਕ ਅਸਹਿਣਸ਼ੀਲਤਾ ਦੇ ਵਿਵਹਾਰ ਦੁਆਰਾ ਕਿਸੇ ਵੀ ਧਾਰਮਿਕ ਫਿਰਕੇ ਨੂੰ ਆਪਣੇ ਕੰਟਰੋਲ ਵਿਚ ਕਰ ਲਿਆ ਜਾਵੇ। ਅਰਥਾਤ ਬਹੁ-ਗਿਣਤੀ ਧਾਰਮਿਕ ਭਾਈਚਾਰਾ ਕਿਸੇ ਘੱਟ ਗਿਣਤੀ ਧਾਰਮਿਕ ਭਾਈਚਾਰੇ ਤੇ ਕਾਬਜ਼ ਹੋ ਸਕੇ। ਇਹ ਗੱਲ ਨਿਸਚਿਤ ਹੈ ਕਿ ਜੇ ਅੱਜ ਅਸੀਂ ਆਪਣੀ ਧਾਰਮਿਕ ਜ਼ਿੰਦਗੀ ਨੂੰ ਬਿਹਤਰ ਜਿਉਣਾ ਚਾਹੁੰਦੇ ਹਾਂ ਤਾਂ ਦੂਸਰੇ ਧਰਮਾਂ ਦੀ ਹੋਂਦ ਨੂੰ ਸਵੀਕਾਰ ਤੇ ਮਾਣ ਸਨਮਾਨ ਕਰਨਾ ਪਵੇਗਾ। ਇੱਥੇ ਪਾਲ ਨਿੱਟਰ ਦੇ ਸ਼ਬਦ ਬੜੇ ਢੁਕਵੇਂ ਪ੍ਰਤੀਤ ਹੋ ਰਹੇ ਹਨ:

'ਵਰਤਮਾਨ ਸਮੇਂ ਦੀ ਪ੍ਰਮੁੱਖ ਜ਼ਰੂਰਤ ਅੰਤਰ-ਧਰਮ ਸੰਵਾਦ ਲਈ ਸਰਵ-ਸਾਂਝੀ ਆਧਾਰ ਧਰਾਤਲ ਅਤੇ ਸਰਵ-ਸਾਂਝੇ ਯਤਨਾਂ ਦੀ ਪਛਾਣ ਕਰਨਾ ਹੈ।'[79]

ਗਲੋਬਲ ਐਥਿਕ ਫਾਊਂਡੇਸ਼ਨ ਦੇ ਪ੍ਰਧਾਨ ਡਾ. ਹੰਸ ਕੁੰਗ ਦਾ ਇਹ ਵਿਚਾਰ ਬੜਾ ਸਲਾਹੁਣਯੋਗ ਹੈ-

"There will be no peace among the nations without peace among the religions. There will be no peace among the religions without dialogue among the religions''[80]

ਅਸਲ ਵਿਚ ਵਿਭਿੰਨ ਕੌਮਾਂ ਜਾਂ ਰਾਸ਼ਟਰਾਂ ਵਿਚ ਤੱਦ ਤੱਕ ਸ਼ਾਤੀ ਸਥਾਪਿਤ ਨਹੀਂ ਹੋ ਸਕਦੀ ਜਦੋਂ ਤੱਕ ਵਿਭਿੰਨ ਧਰਮਾਂ ਵਿਚ ਸ਼ਾਤੀ ਸਥਾਪਿਤ ਨਹੀਂ ਹੋ ਜਾਂਦੀ ਅਤੇ ਵਿਭਿੰਨ ਧਰਮਾਂ ਵਿਚ ਤਦੋਂ ਤੱਕ ਸ਼ਾਤੀ ਸਥਾਪਿਤ ਨਹੀਂ ਹੋ ਸਕਦੀ ਜਦੋਂ ਤੱਕ ਉਨ੍ਹਾਂ ਵਿਚ ਸੰਵਾਦ ਸਥਾਪਿਤ ਨਹੀਂ ਹੁੰਦਾ। ਮੌਜੂਦਾ ਹਾਲਾਤਾਂ ਵਿਚ ਅੰਤਰ-ਰਾਸ਼ਟਰੀ ਪੱਧਰ ਉੱਪਰ ਵਿਭਿੰਨ ਧਰਮਾਂ ਵਿਚ ਆਪਸੀ ਸੰਵਾਦ ਬਹੁਤ ਵੱਡੀ ਲੋੜ ਬਣ ਗਿਆ ਹੈ ਤੇ ਇਹ ਯਤਨ ਨਿਰੰਤਰ ਚੱਲਦੇ ਰਹਿਣੇ ਚਾਹੀਦੇ ਹਨ।

ਦੂਸਰੇ ਧਰਮਾਂ ਨੂੰ ਸੁਣਨਾ ਤੇ ਕਹਿਣਾ ਅਤੇ ਸਿੱਖਣਾ ਤੇ ਸਿਖਾਉਣਾ ਦੀ ਪ੍ਰਵਿਰਤੀ ਨੂੰ ਪ੍ਰਫੁਲਤ ਕਰਨਾ ਚਾਹੀਦਾ ਹੈ। ਅਜਿਹਾ ਸੰਵਾਦ ਜੋ ਦੂਜਿਆਂ ਧਰਮਾਂ ਨੂੰ ਨਿੰਦ ਕੇ ਦੂਜੇ ਦਰਜੇ ਦਾ ਸਾਬਤ ਨਾ ਕਰੇ। ਉਨ੍ਹਾਂ ਨੂੰ ਆਪਣੇ ਧਰਮ ਵਿਚ ਪਰਿਵਰਤਨ ਲਈ ਨਾ ਉਕਸਾਏ ਅਤੇ ਦੂਸਰੇ ਧਰਮਾਂ ਦੇ ਸੱਚ ਨੂੰ ਉਨ੍ਹਾਂ ਦੇ ਦ੍ਰਿਸ਼ਟੀਕੋਣ ਹੀ ਸਮਝਣ ਦਾ ਉਪਰਾਲਾ ਕਰੇ।

ਕੁੱਝ ਚਿੰਤਕਾਂ ਦਾ ਮੱਤ ਹੈ ਕਿ ਗਲੋਬਲਾਈਜੇਸ਼ਨ ਦੇ ਵਰਤਾਰੇ ਵਿਚ ਸੰਚਾਰ ਦੇ ਸਾਧਨਾਂ, ਪਰਵਾਸ ਅਤੇ ਗਿਆਨ ਦੇ ਵੱਧਦੇ ਪਾਸਾਰ ਕਰਕੇ ਵਿਸ਼ਵ ਅਸਲ ਵਿਚ ਛੋਟਾ ਨਹੀਂ, ਬਲਕਿ ਵਿਸ਼ਵ ਘੱਟਣ ਦੀ ਬਜਾਇ ਵੱਧ ਰਿਹਾ ਹੈ। ਬਹੁਤੇ ਵਿਦਵਾਨਾਂ ਦੀ ਸੋਚ ਇਹ ਹੈ ਕਿ ਵਿਸ਼ਵੀਕਰਨ ਦੇ ਪ੍ਰਭਾਵ ਸਦਕਾ ਵਿਸ਼ਵ ਬੜੀ ਤੇਜ਼ੀ ਨਾਲ ਅੰਤਰ-ਸੰਬੰਧਿਤ ਹੋ ਰਿਹਾ ਹੈ, ਸਮੁੱਚਾ ਵਿਸ਼ਵ ਸੁੰਘੜ ਕੇ ਗਲੋਬਲ ਪਿੰਡ ਵਿਚ ਤਬਦੀਲ ਹੋ ਗਿਆ ਹੈ। ਸੰਚਾਰੀ ਸਾਧਨਾਂ, ਆਵਾਜਾਈ ਦੇ ਸਾਧਨਾਂ ਦੇ ਪਾਸਾਰ, ਵੱਧ ਰਹੇ ਪਰਵਾਸ ਅਤੇ ਵੱਧ ਰਹੇ ਗਿਆਨ ਦੇ ਸ੍ਰੋਤਾਂ ਨੇ ਵਿਭਿੰਨ ਧਰਮਾਂ, ਸੰਸਕ੍ਰਿਤੀਆਂ ਤੇ ਪਰਪੰਰਾਵਾਂ ਨਾਲ ਸੰਬੰਧਿਤ ਲੋਕਾਂ ਨੂੰ ਇੱਕ ਦੂਜੇ ਦੇ ਸਾਹਮਣੇ ਖੜਾ ਕਰ ਦਿੱਤਾ ਹੈ। ਇੱਕ ਪਾਸੇ ਵਿਭਿੰਨ ਧਰਮਾਂ, ਨਸਲਾਂ, ਕੌਮਾਂ, ਦੇਸ਼ਾਂ, ਸਭਿਆਚਾਰਾਂ ਦਾ ਆਪਸ ਵਿਚ ਸੰਪਰਕ ਵੱਧ ਰਿਹਾ ਹੈ ਜਿੱਥੇ ਇਹ ਸੰਬੰਧ ਇਕ ਦੂਸਰੇ ਲਈ ਵਿਕਾਸ ਜਾਂ ਪ੍ਰਗਤੀ ਦਾ ਕਾਰਨ ਬਣ ਰਹੇ ਹਨ, ਉੱਥੇ ਨਾਲ ਹੀ ਹਉਮੇ ਗ੍ਰਸਤ ਅਤੇ ਸਵਾਰਥੀ-ਨਿੱਜੀ ਹਿੱਤਾਂ ਦੇ ਲਈ ਆਪਸੀ ਟਕਰਾਉ ਤੇ ਤਣਾਉ ਵਾਲੀ ਸਥਿਤੀ ਵੀ ਬਣੀ ਹੋਈ ਹੈ।ਵਿਭਿੰਨ ਸੰਸਕ੍ਰਿਤੀਆਂ ਅਤੇ ਉਨ੍ਹਾਂ ਦੇ ਵਿਸਵਾਸ਼ਾਂ ਵਿਚ ਪਰਸਪਰ ਪ੍ਰਭਾਵ ਅਤੇ ਆਪਸੀ ਟਕਰਾਉ ਨੂੰ ਗਹਿਰਾ ਹੋਇਆ ਹੈ। ਸੈਮੂਅਲ ਹਨਟੀਗਟਨ ਨੇ clash of civilizations ਰਾਹੀਂ ਇਸ ਸਿਧਾਂਤ ਨੂੰ ਪੇਸ਼ ਕੀਤਾ ਹੈ। ਗਲੋਬਲ ਪਿੰਡ ਵਿਚ ਇਕਸੁਰਤਾ, ਸ਼ਾਂਤੀ ਪੈਦਾ ਕਰਨ ਅਤੇ ਵਿਭਿੰਨ ਭਾਈਚਾਰਿਆਂ ਵਿਚ ਸਹਿਯੋਗ ਤੇ ਮਿਤੱਰਤਾ ਪੈਦਾ ਕਰਨ ਲਈ ਸਾਕਾਰਾਤਮਕ ਅੰਤਰ ਧਰਮ ਸੰਵਾਦ ਦੀ ਬਹੁਤ ਲੋੜ ਹੈ। ਅੰਤਰ-ਧਰਮ ਸੰਬੰਧ ਕੁੱਝ ਇਸ ਤਰ੍ਹਾਂ ਪਰਿਭਾਸ਼ਤ ਕੀਤਾ ਜਾ ਸਕਦਾ ਹੈ:

‘Interreligious Dialogue is defined as All positive and constructive interreligious relations with individuals and Communities of faith which are directed at mutual understanding and enrichment, in obedience to truth and respect for freedom.’[81]

ਅੰਤਰ-ਧਰਮ ਸੰਵਾਦ ਰਾਹੀਂ ਵਿਸ਼ਵ ਸ਼ਾਤੀ ਅਤੇ ਸਦਭਾਵਨਾ ਵਿਸ਼ੇ ਤੇ ਸ੍ਰੀ ਗੁਰੂ ਗੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਿਹਗੜ੍ਹ ਵਿਖੇ, 2016 ਵਿਚ ਧਰਮ ਅਧਿਐਨ ਵਿਭਾਗ ਵਲੋਂ ਇਕ ਦੋ ਰੋਜ਼ਾ ਅੰਤਰਰਾਸ਼ਟਰੀ ਕਾਨਫਰੰਸ ਦਾ ਆਯੋਜਨ ਕੀਤਾ ਗਿਆ। ਡਾ. ਜਗਬੀਰ ਸਿੰਘ ਨੇ ਇਸ ਕਾਨਫਰੰਸ ਵਿਚ ਅੰਤਰ-ਧਰਮ ਸੰਬੰਧ ਬਾਰੇ ਦੱਸਿਆ ਕਿ ਅੰਤਰ-ਧਰਮ ਸੰਬੰਧ ਉਦਾਰਵਾਦੀ, ਮਾਨਵ ਦ੍ਰਿਸ਼ਟੀ ਰਾਹੀਂ ਵਿਸ਼ਵ ਦਿਸ਼ਟੀ ਤੱਕ ਫੈਲਾਅ ਕਰਦਾ ਹੈ। ਵਿਸ਼ਵ ਦੀਆਂ ਸੱਭਿਆਤਾਵਾਂ ਜਿਹੜੀਆਂ ਕਿ ਆਪਸ ਵਿਚ ਟਕਰਾਅ ਰਹੀਆਂ ਹਨ ਉਨ੍ਹਾਂ ਨੂੰ ਇਸ ਟਕਰਾਅ ਵਿਚੋਂ ਬਾਹਰ ਕੱਢਣ ਅਤੇ ਨਿਸ਼ਚਿਤ ਹੱਲ ਵੱਲ ਤੋਰਨ ਵਿਚ ਇਹ ਅੰਤਰ-ਧਰਮ ਸੰਬੰਧ ਮਹੱਤਵਪੂਰਨ ਰੋਲ ਅਦਾ ਕਰੇਗਾ। ਇਸ ਕਾਨਫਰੰਸ ਵਿਚ ਡਾ. ਸਰਬਜਿੰਦਰ ਸਿੰਘ ਹੋਰਾਂ ਨੇ ਆਪਣੇ ਕੁੰਜੀਵਤ ਭਾਸ਼ਣ ਵਿਚ ਸਪੱਸ਼ਟ ਕੀਤਾ ਕਿ ਜਦੋਂ ਤੱਕ ਵਿਸ਼ਵ ਸ਼ਾਂਤੀ ਅਤੇ ਸਦਭਾਵਨਾ ਦਾ ਸੰਦੇਸ਼ ਅਮਲੀ ਪੱਧਰ'ਤੇ ਕਾਰਜ ਨਹੀਂ ਕਰਦਾ ਉਦੋਂ ਤੱਕ ਧਰਮਾਂ ਵਿਚ ਸਵਾਲ ਖੜੇ ਹੁੰਦੇ ਰਹਿਣਗੇ। ਧਰਮ ਇਕ ਵਚਨੀ

ਸੰਕਲਪ ਹੈ ਨਾ ਕਿ ਬਹੁ ਵਚਨੀ। ਵਿਸ਼ਵ ਸ਼ਾਂਤੀ ਅਤੇ ਸਦਭਾਵਨਾ ਦੇ ਅਮਲ ਲਈ ਚਿੰਨ੍ਹਾਂ ਅਤੇ ਪ੍ਰਤੀਕਾਂ ਰਾਹੀਂ ਧਰਮ ਗ੍ਰੰਥਾਂ ਦੀ ਸਮਝ ਹਾਸਲ ਕਰਨੀ ਚਾਹੀਦੀ ਹੈ। ਡਾ. ਅਖ਼ਤਾਰੁਲ ਵਾਸੇ ਨੇ ਧਰਮ ਦੇ ਗਿਆਨਮਈ ਰੂਪ ਨੂੰ ਵਿਸ਼ਵ ਅੰਦਰ ਫੈਲਾਉਣ ਉਪਰ ਜ਼ੋਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਧਰਮ ਗ੍ਰੰਥਾਂ ਦੇ ਵਿਵਹਾਰਕ ਰੂਪ ਨੂੰ ਉਸ ਦੇ ਸੰਚਾਰ ਪਾਸਾਰ ਵਿਚੋਂ ਅਧਿਐਨ ਕਰਨ ਨਾਲ ਹੀ ਇਸ ਦੇ ਵਿਸ਼ਵ ਵਿਆਪੀ ਰੂਪਾਂ ਦੀ ਸਮਝ ਆ ਸਕਦੀ ਹੈ। ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਨੇ ਇਸ ਵਿਸ਼ੇ ਤੇ ਬੋਲਦਿਆਂ ਕਿਹਾ ਕਿ ਆਧੁਨਿਕ ਸਮੇਂ ਵਿਚ ਹੋਂਦ ਦੀ ਲੜਾਈ ਦਾ ਸੰਕਲਪ ਵਿਸ਼ੇਸ਼ ਸਮਝ ਵਜੋਂ ਸਾਹਮਣੇ ਆ ਰਿਹਾ ਹੈ। ਇਸ ਹਵਾਲੇ ਨਾਲ ਅੰਤਰ ਧਰਮ ਸੰਵਾਦ ਰਾਹੀਂ ਹੀ ਬਹੁਵਾਦ ਦੀ ਪ੍ਰਕਿਰਿਆ ਸ਼ੁਰੂ ਹੋ ਸਕਦੀ ਹੈ। ਸੰਵਾਦ ਗੁਰਬਾਣੀ ਵਿਚ ਹਰ ਜਗ੍ਹਾ ਮੌਜੂਦ ਹੈ। ਇਹ ਸੰਵਾਦ ਹੀ ਦੂਜੇ ਦੀ ਹੋਂਦ ਨੂੰ ਸਵੀਕਾਰ ਕਰਨਾ ਸਿਖਾਉਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਸਲੋਕ ਇਸ ਸੰਵਾਦੀ ਪ੍ਰਕਿਰਿਆ ਨੂੰ ਅਭਿਆਸ ਪੱਧਰ ਉਪਰ ਪੇਸ਼ ਕਰਦੇ ਹਨ।[82]

ਅਜੋਕੇ ਸਮਿਆਂ ਵਿਚ ਭਾਈਚਾਰਿਆਂ ਨੂੰ ਇਕ ਦੂਜੇ ਦੇ ਸਨਮੁੱਖ ਹੋਣਾ ਪੈਣਾ ਹੈ। ਦੋ ਧਾਰਮਿਕ ਅਦਾਰਿਆਂ ਵਿਚ ਆਪਸੀ ਦੂਰੀ, ਅਵਿਸ਼ਵਾਸ, ਮੱਤ-ਭੇਦ, ਪੱਖ-ਪਾਤ, ਕੱਟੜਤਾ ਤੇ ਸਤਿਕਾਰ ਦੀ ਕਮੀ ਕਿਸੇ ਵੀ ਲੋਕ-ਸਮੂਹ ਲਈ ਸੁਖਦਾਈ ਜਾਂ ਲਾਭ ਵਾਲੀ ਦਸ਼ਾ ਨਹੀਂ ਹੈ, ਇਹ ਤਾਂ ਬਰਬਾਦੀ ਤੇ ਵਿਨਾਸ਼ ਦਾ ਕਾਰਨ ਬਣਦੇ ਹਨ ਤੇ ਸਮੂਹ ਢਾਂਚਿਆਂ ਦੀ ਹੋਂਦ ਲਈ ਖਤਰਾ ਖੜ੍ਹਾ ਕਰਨ ਵਾਲੀ ਅਵੱਸਥਾ ਹੈ। ਅਜੋਕੀਆਂ ਸਮੱਸਿਆਵਾਂ ਦੇ ਹੱਲ ਲਈ ਲੋੜ ਵਿਭਿੰਨਤਾ ਨੂੰ ਖਤਮ ਕਰਨ ਅਤੇ ਇਕਰੂਪਤਾ ਦੀ ਸਥਾਪਤੀ ਦੀ ਨਹੀਂ ਹੈ; ਇਹ ਕਾਰਜ ਤਾਂ ਧਾਰਮਿਕ ਅਸਹਿਣਸ਼ੀਲਤਾ ਦੇ ਹੱਕ ਵਿਚ ਜਾਂਦੇ ਹਨ; ਬਲਕਿ ਵਿਸ਼ਵ-ਭਾਈਚਾਰੇ ਦੇ ਸਨਮੁੱਖ ਚੁਣੌਤੀਆਂ ਨੂੰ ਵਿਭਿੰਨਤਾ ਦੀ ਸਮਝ ਤੇ ਸਤਿਕਾਰ ਅਤੇ ਪਰਸਪਰ ਸੰਵਾਦ ਦੀ ਸੂਝ ਪੈਦਾ ਕਰਕੇ ਹੀ ਘਟਾਇਆ ਜਾ ਸਕਦਾ ਹੈ। ਇਸ ਦਾ ਅਰਥ ਕਦਾਚਿਤ ਇਹ ਨਹੀਂ ਹੈ ਕਿ ਆਪਣੀਆਂ ਧਾਰਮਿਕ ਪਰੰਪਰਾਵਾਂ ਅਤੇ ਵਿਸ਼ਵਾਸਾਂ ਦੀ ਵਿਲੱਖਣਤਾ ਨੂੰ ਭੁਲਾ ਕੇ ਹੋਰਨਾਂ ਵਿਸ਼ਵਾਸਾਂ ਦੀ ਹੋਂਦ ਨੂੰ ਸਵੀਕਾਰਨਾ ਹੈ; ਬਲਕਿ ਆਪਣੀ ਵਿਲੱਖਣਤਾ ਨੂੰ ਕਾਇਮ ਰੱਖਦੇ ਹੋਏ ਤੇ ਦੂਸਰੇ ਧਰਮ ਦੀ ਵਿਲੱਖਣਤਾ ਦਾ ਮਾਣ ਕਰਕੇ ਮਨੁੱਖਤਾ ਦੀ ਇਕਸੁਰਤਾ ਨੂੰ ਸਥਾਪਿਤ ਕਰਨਾ ਹੈ ਤਾਂ ਜੋ ਵਿਸ਼ਵ-ਪੱਧਰ ਤੇ ਸਰਵ-ਸਾਂਝੀ ਆਧਾਰ ਧਰਾਤਲ ਦੀ ਸਥਾਪਨਾ ਹੋ ਜਾਏ। ਕਿਉਂਕਿ ਇਸ ਤਰ੍ਹਾਂ ਦੀ ਸਰਵ-ਸਾਂਝੀ ਆਧਾਰ ਧਰਾਤਲ ਉੱਪਰ ਕੀਤੇ ਸੰਵਾਦ ਵਿਚ ਕੋਈ ਧਰਮ ਘਟੀਆ ਜਾਂ ਛੋਟਾ ਜਾਂ ਦੂਜਿਆਂ ਧਰਮਾਂ ਵਲੋਂ ਜਜ਼ਬ ਹੋਣ ਦਾ ਅਹਿਸਾਸ ਨਹੀਂ ਦੇਵੇਗਾ। ਸਗੋਂ ਇਹ ਮਨੁੱਖਤਾ ਦੇ ਭਲੇ ਲਈ ਦੂਸਰੇ ਦੇ ਧਰਮਾਂ ਪ੍ਰਤੀ ਇੱਜ਼ਤ ਤੇ ਸਦਭਾਵਨਾ ਨੂੰ ਵਧਾਉਂਦਾ ਹੈ। ਵਰਤਮਾਨ ਸਮੇਂ ਦੀ ਜ਼ਰੂਰਤ ਇਕ ਧਰਮ ਨਹੀਂ ਸਗੋਂ ਵਿਭਿੰਨ ਧਰਮਾਂ ਦੀ ਸਵੀਕ੍ਰਿਤੀ, ਸਤਿਕਾਰ, ਸਹਿਯੋਗ ਅਤੇ ਸਹਿਹੋਂਦ ਨੂੰ ਮਾਨਣਾ ਹੈ।

ਮਨੁੱਖੀ ਸੰਬੰਧਾਂ ਦੇ ਪਰਿਪੇਖ ਵਿਚ ਇਕਸਾਰਤਾ, ਇਕਸੁਰਤਾ, ਭਾਈਚਾਰਾ, ਸੰਤੁਲਨ, ਆਪਸੀ ਤਾਲਮੇਲ ਅਤੇ ਸਦੀਵੀਂ ਸ਼ਾਂਤੀ ਨੂੰ ਬਰਕਰਾਰ ਰੱਖਣ ਲਈ ਅੰਤਰ-ਧਰਮ ਸੰਵਾਦ ਅਤੇ ਅੰਤਰ-ਧਰਮ ਸੰਬੰਧਾਂ ਨੂੰ ਨਿਰਧਾਰਿਤ ਕਰਨ ਲਈ ਧਰਮ ਦੀ ਭੂਮਿਕਾ ਦਾ ਵਿਸ਼ਲੇਸ਼ਣ ਬਹੁਤ ਪ੍ਰਾਸੰਗਿਕ ਹੋ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਵਿਰਸੇ ਦਾ ਮਹੱਤਵਪੂਰਨ ਪ੍ਰੇਰਨਾ ਸਰੋਤ ਧਰਮ-ਗ੍ਰੰਥ ਹੋਣ ਦੇ ਨਾਲ-ਨਾਲ ਮੱਧਕਾਲੀਨ ਭਾਰਤੀ ਸਮਾਜ ਅਤੇ ਸਭਿਆਚਾਰ ਦੀ

ਰਹਿਨੁਮਾਈ ਕਰਨ ਵਾਲਾ ਅਨੁਪਮ ਗਿਆਨ-ਪਾਠ Knowledge text ਦਾ ਪਾਠ-ਪ੍ਰਬੰਧ ਹੈ ਜੋ ਮਨੁੱਖੀ ਜੀਵਨ ਦੇ ਸਦੀਵੀ ਸਰੋਕਾਰਾਂ ਨੂੰ ਸਮਕਾਲੀਨ ਸਥਿਤੀਆਂ ਦੇ ਸੰਦਰਭ ਵਿਚ ਵਿਚਾਰਦਾ ਹੈ। ਖੋਜ-ਕਾਰਜ ਦੇ ਇਸ ਭਾਗ ਵਿਚ ਉਪਰੋਕਤ ਵਿਸ਼ੇ ਦੀ ਸਮੱਸਿਆ ਦੇ ਸਮਾਧਾਨ ਲਈ ਅਸੀਂ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰਨ ਦਾ ਉਪਰਾਲਾ ਕਰਦੇ ਹਾਂ ਕਿ ਇਹ ਗਿਆਨ ਮੂਲਕ ਤੇ ਵਿਵੇਕਸ਼ੀਲ ਟੈਕਸਟ ਮਨੁੱਖ ਦੀ ਕਿਸ ਪ੍ਰਕਾਰ ਅਗਵਾਈ ਕਰ ਸਕਦੀ ਹੈ।

ਅਜੋਕੇ ਯੁੱਗ ਵਿਚ ਵਿਸ਼ਵ-ਪੱਧਰ ਉੱਪਰ ਧਾਰਮਿਕ ਅਸਹਿਣਸ਼ੀਲਤਾ ਕਰਕੇ ਆਤੰਕਵਾਦ (ਆਤਮਘਾਤੀ ਦਸਤਿਆਂ) ਦੀਆਂ ਦਹਿਸ਼ਤਗਰਦ ਕਾਰਵਾਈਆਂ ਦੇ ਕਹਿਰ ਰੂਪੀ ਬੱਦਲ ਛਾਏ ਹੋਏ ਹਨ ਤੇ ਜਿੱਥੇ ਕਿਤੇ ਆਤੰਕ ਦੀ ਇਹ ਭਿਆਨਕ ਬਿਜਲੀ ਗਿਰਦੀ ਹੈ ਉੱਥੇ ਬਰਬਾਦੀ ਤੇ ਵਿਨਾਸ਼ ਦਾ ਕਾਲ ਉਤਪੰਨ ਹੋ ਜਾਂਦਾ ਹੈ। ਸਿੱਖ ਧਰਮ ਸਮੁੱਚੇ ਮਨੁੱਖੀ-ਜਗਤ ਨੂੰ ਇਕਸੂਤਰ ਤੇ ਇਕਸਾਰਤਾ ਵਿਚ ਰੱਖਣ ਲਈ ਪੁਰਜ਼ੋਰ ਯਤਨਸ਼ੀਲ ਹੈ ਜੋ ਵਿਭਿੰਨ ਧਰਮਾਂ ਅਤੇ ਫਿਰਕਿਆਂ ਵਿੱਚਲੇ ਟਕਰਾਉ ਅਤੇ ਤਣਾਉ ਨੂੰ ਖ਼ਤਮ ਕਰ ਕੇ ਪੀੜਤ ਮਨੁੱਖਤਾ ਲਈ ਮੁਕਤੀ ਤੇ ਸੁਤੰਤਰਤਾ ਦਾ ਅਰਥਾਤ ਧਰਮ-ਯੁੱਧ ਦੇ ਬਦਲ ਲਈ ਅੰਤਰ-ਧਰਮ ਸੰਵਾਦ ਤੱਕ ਦਾ ਪ੍ਰਵਚਨ ਰਚਾਉਂਦਾ ਹੈ।

ਗੁਰਮਤਿ ਵਿਚ ਅੰਤਰ-ਧਰਮ ਸੰਵਾਦ ਮਾਡਲ ਦੀ ਸਰਵੋਤਮ ਵਿਲੱਖਣਤਾ ਇਸ ਤੱਥ ਵਿਚ ਕਾਰਜਸ਼ੀਲ ਹੈ ਕਿ ਗੁਰਮਤਿ ਹੋਰਨਾਂ ਧਰਮਾਂ ਤੇ ਧਾਰਮਿਕ ਫਲਸਫ਼ਿਆਂ ਦੀ ਹੋਂਦ ਨੂੰ ਪ੍ਰਵਾਨ ਕਰਦਾ ਹੈ। 'ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ' [83] ਦੀ ਭਾਵਨਾ ਦੂਜੇ ਧਾਰਮਿਕ ਅਦਾਰਿਆਂ ਅਤੇ ਅਨੁਯਾਈਆਂ ਨੂੰ ਆਪਣਾ ਮੱਤ ਤੇ ਵਿਚਾਰਧਾਰਾ ਨੂੰ ਪ੍ਰਗਟਾਉਣ ਦਾ ਖੁੱਲ੍ਹੇ ਸੱਦੇ ਦਾ ਹੋਕਾ ਹੈ। ਇਹ ਬਿਰਤੀ 'ਖੋਜੀ ਉਪਜੈ ਬਾਦੀ ਬਿਨਸੈ' [84] ਦੇ ਪ੍ਰਵਚਨ ਰਾਹੀਂ ਅਗਿਆਨਤਾ ਨੂੰ ਮਿਟਾ ਕੇ ਗਿਆਨ ਦਾ ਪਾਸਾਰ ਕਰਨਾ ਹੈ ਤਾਂਕਿ 'ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ' [85] ਦੀ ਭਾਵਨਾ ਤੇ ਆਧਾਰਿਤ ਸ਼ੁਭ ਅਮਲਾਂ ਤੇ ਕਰਮਾਂ ਨੂੰ ਗ੍ਰਹਿਣ ਕਰਨ ਲਈ ਯਤਨਸ਼ੀਲ ਤੇ ਵਚਨਬੱਧ ਹੋ ਸਕੀਏ। ਵਰਤਮਾਨ ਸਮਿਆਂ ਵਿਚ ਵਿਚਾਰ-ਵਟਾਂਦਰੇ ਦੇ ਜਿਸ ਸੰਕਲਪ ਨੂੰ ਅੰਤਰ-ਰਾਸ਼ਟਰੀ ਪੱਧਰ ਤੇ ਤਰਜੀਹ ਦਿੱਤੀ ਜਾ ਰਹੀ ਹੈ, ਉਸ ਦਿਸ਼ਟੀਕੋਣ ਨੂੰ ਗੁਰੂ ਸਾਹਿਬਾਨ ਦੇ ਸਦੀਆਂ ਪਹਿਲਾ ਮਹਿਸੂਸ ਕੀਤਾ ਤੇ ਆਪਣੀ ਰਚਨਾ ਵਿਚ ਸੰਵਾਦ ਦੀ ਉਸਾਰੀ ਕੀਤੀ। ਇਹ ਸੰਵਾਦ ਤੱਤਕਾਲੀਨ ਸਮਾਜ ਦੇ ਧਾਰਮਿਕ ਪੈਰੋਕਾਰਾਂ ਅਤੇ ਅਲੰਬਰਦਾਰਾਂ ਨਾਲ ਉਚਾਰਿਆ ਗਿਆ। ਸੱਚੇ ਧਰਮ ਦੀ ਇਹ ਪਹਿਲੀ ਨਿਸ਼ਾਨਦੇਹੀ ਹੈ ਕਿ ਉਹ ਨਾ ਕੇਵਲ ਆਪਣੇ ਤੱਕ ਸਕੁੰਚਿਤ ਹੋ ਕੇ ਕੇਵਲ ਆਪਣੇ ਫਲਸਫ਼ੇ ਤੇ ਮਾਣ ਕਰੇ, ਬਲਕਿ ਅਜਿਹੀ ਤੰਗਦਿਲੀ ਤੇ ਸੰਕੀਰਣਤਾ ਨੂੰ ਤਿਆਗਦੇ ਹੋਏ ਗਿਆਨ ਦੀਆਂ ਨਵੀਆਂ ਰਮਜ਼ਾਂ ਨੂੰ ਗ੍ਰਹਿਣ ਕਰਨ ਲਈ ਤੱਤਪਰ ਤੇ ਉਤੇਜਿਤ ਹੋਵੇ।

ਗੁਰਮਤਿ ਵਿਚ ਅੰਤਰ-ਧਰਮ ਸੰਵਾਦ ਦਾ ਆਗਾਜ਼ ਗੁਰੂ ਨਾਨਕ ਸਾਹਿਬ ਨਾਲ ਆਰੰਭ ਹੋ ਜਾਂਦਾ ਹੈ। ਆਪ ਦੇ ਜੀਵਨ ਦੀਆਂ ਚਾਰ ਉਦਾਸੀਆਂ ਦਾ ਪ੍ਰਯੋਜਨ ਧਰਮ ਦੇ ਵਾਸਤਵਿਕ ਸਰੂਪ ਦੇ ਗਿਆਨ ਨਾਲ ਜੁੜਿਆ ਹੋਇਆ ਸੀ। ਆਪ ਆਪਣੀਆਂ ਉਦਾਸੀਆਂ ਸਮੇਂ ਵਿਭਿੰਨ ਧਾਰਮਿਕ ਕੇਂਦਰਾਂ ਤੇ ਗਏ ਅਤੇ ਉੱਥੋਂ ਦੇ ਸ਼ਰਧਾਲੂਆਂ ਨਾਲ ਸੱਚ ਤੇ ਸੁੱਚ ਦੀ ਚਰਚਾ ਕਰਦੇ 'ਸੁਚਿ ਹੋਵੈ ਤਾ ਸਚੁ ਪਾਈਐ'[86] ਦੀ ਚੇਤਨਾ ਪ੍ਰਦਾਨ ਕੀਤੀ ਅਤੇ ਆਪ ਵੀ ਵੱਖ-ਵੱਖ ਸਥਾਨਾਂ ਤੋਂ ਧਾਰਮਿਕ ਬਾਣੀ ਇੱਕਠੀ ਕਰਦੇ ਰਹੇ ਤੇ ਫੇਰ ਇਹ ਸਿਲਸਿਲਾ ਉਦੋਂ ਸਿਖਰਾਂ ਤੇ ਪਹੁੰਚ ਗਿਆ ਜਦੋਂ ਗੁਰੂ ਅਰਜਨ ਦੇਵ ਜੀ ਨੇ ਵਿਭਿੰਨ ਧਰਮਾਂ ਦੇ ਪੈਰੋਕਾਰਾਂ ਦੀ ਰਚਨਾ ਨੂੰ ਗੁਰਬਾਣੀ ਵਿਚ ਸ਼ਾਮਿਲ ਕਰ ਲਿਆ ਤੇ 'ਗੁਰੂ ਗ੍ਰੰਥ ਸਾਹਿਬ' ਨੂੰ

ਸਮੁੱਚੀ ਮਾਨਵਤਾ ਤੇ ਮਨੁੱਖਤਾ ਨਾਲ ਸੰਬੰਧਿਤ ਕਰ ਦਿੱਤਾ। ਅੱਜ ਜਿਸ ਵਿਸ਼ਵ-ਭਾਈਚਾਰੇ, ਵਿਸ਼ਵ-ਸ਼ਾਂਤੀ, ਵਿਸ਼ਵ-ਬਹੁ ਸਭਿਆਚਾਰਕ ਸਮਾਜ ਦਾ ਨਾਅਰਾ ਦਿੱਤਾ ਜਾ ਰਿਹਾ ਹੈ; ਉਹ ਤੱਦ ਤੱਕ ਮੁਕੰਮਲ ਨਹੀਂ ਹੋ ਸਕਦਾ, ਜਦੋਂ ਤੱਕ ਧਾਰਮਿਕ ਏਕਤਾ ਨਹੀਂ ਸਥਾਪਿਤ ਹੋ ਜਾਂਦੀ ਤੇ ਧਾਰਮਿਕ ਏਕਤਾ ਲਈ ਸੰਵਾਦ ਤੇ ਵਿਚਾਰ-ਵਟਾਂਦਰਾ ਬਹੁਤ ਜਰੂਰੀ ਹਨ ਜਿਸਦਾ ਆਰੰਭ ਗੁਰੂ ਸਾਹਿਬਾਨ ਨੇ ਸਦੀਆਂ ਪਹਿਲਾ ਕਰ ਦਿੱਤਾ ਸੀ।

ਅੰਤਰ-ਧਰਮ ਸੰਵਾਦ ਦੇ ਮੌਲਿਕ ਸਰੂਪ, ਚਿੰਤਨ, ਪ੍ਰਪੱਕ ਗਿਆਨ ਅਤੇ ਅੰਤਰਸੋਝੀ ਦੀ ਮਿਸਾਲ ਗੁਰੂ ਨਾਨਕ ਸਾਹਿਬ ਜੀ ਦੁਆਰਾ ਰਚਿਤ ਰਚਨਾ 'ਸਿਧ ਗੋਸਟਿ' ਹੈ। ਇਸ ਦੇ 73 ਪੰਨਿਆਂ ਵਿਚ ਗੁਰੂ ਨਾਨਕ ਸਾਹਿਬ ਅਤੇ ਸਿਧਾਂ ਦੇ ਵਿਚਕਾਰ, ਗੁਰਮਤਿ ਅਤੇ ਜੋਗਮਤਿ ਵਿਚਾਲੇ ਪ੍ਰਸ਼ਨੋਤਰੀ ਹੈ; ਅਸਲ ਵਿਚ ਪ੍ਰਭੂ ਨੂੰ ਪ੍ਰਾਪਤ ਕਰਨ ਦੀਆਂ ਵਿਭਿੰਨ ਵਿਧੀਆਂ ਦਾ ਸੰਵਾਦ ਹੈ।

ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ॥
ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ॥
ਆਪੇ ਆਖੈ ਆਪੈ ਸਮਝੈ ਤਿਸੁ ਕੀਆ ਉਤਰੁ ਦੀਜੈ॥
ਸਾਚ ਕਹਹੁ ਤੁਮ ਪਾਰਗਰਾਮੀ ਤੁਝੁ ਕਿਆ ਬੈਸਣੁ ਦੀਜੈ॥
ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੈ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥[87]

ਭਾਰਤ ਦੇ ਧਰਮਾਂ ਦੇ ਇਤਿਹਾਸ ਨੂੰ ਵਾਚਿਆ ਇਕ ਗੱਲ ਯਕੀਨੀ ਹੋ ਜਾਂਦੀ ਹੈ ਕਿ ਬੁੱਧ ਮੱਤ ਅਤੇ ਸ਼ੈਵ-ਮੱਤ ਦੇ ਮੇਲ ਤੋਂ ਇਕ ਇਕ ਹੋਰ ਮੱਤ ਪੈਦਾ ਹੋਇਆ; ਜਿਸ ਨੂੰ ਜੋਗ-ਮੱਤ ਕਿਹਾ ਜਾਂਦਾ ਹੈ।'ਧਾਰਮਿਕ ਪਰੰਪਰਾ ਵਿਚ ਭਾਵੇਂ ਨੌਂ ਨਾਥ ਅਤੇ ਚੌਰਾਸੀ ਸਿੱਧ ਵੱਖਰੇ-ਵੱਖਰੇ ਜਾਣੇ ਜਾਂਦੇ ਹਨ ਪਰ ਨਾਥ-ਸਿਧਾਂ ਦੇ ਸਾਹਿਤ ਨੂੰ ਪੜ੍ਹਨ ਤੇ ਇਹ ਆਸਾਨੀ ਨਾਲ ਕਿਹਾ ਜਾ ਸਕਦਾ ਹੈ ਕਿ ਨਾਥ ਅਤੇ ਸਿੱਧ ਸ਼ਬਦ ਸਮਾਨਾਰਥਕ ਹੀ ਹਨ। ਗੋਰਖਨਾਥ ਦੀ ਰਚਨਾ 'ਸਿੱਧ ਸਿਧਾਂਤ ਪੱਧਤੀ' ਸਪਸ਼ਟ ਰੂਪ ਵਿਚ ਸੰਕੇਤ ਦਿੰਦੀ ਹੈ ਕਿ ਕਿਸੇ ਨਾਥ ਦੀ ਕਿਰਤ ਸਿੱਧ ਸਿਧਾਂਤ ਨਾਲ ਵੀ ਸੰਬੰਧਿਤ ਹੋ ਸਕਦੀ ਹੈ ਕਿਉਂਕਿ ਉਹ ਦਰਅਸਲ ਨਾਥ-ਸਿਧਾਂਤਾਂ ਦਾ ਹੀ ਪ੍ਰਗਟਾਵਾ ਹੈ। ਇਹ ਇਸ ਲਈ ਵੀ ਸੱਚ ਹੈ ਕਿਉਂਕਿ ਨਾਥ ਸਿੱਧਾਂ ਦੀ ਅਤਿ ਕਾਮੁਕਤਾ ਦੇ ਵਿਰੋਧ ਵਿਚ ਆਵਾਜ਼ ਉੱਚੀ ਕਰਨ ਦੇ ਕਾਰਨ ਹੋਂਦ ਵਿਚ ਆਏ ਸਨ।...ਇਨ੍ਹਾਂ ਨਾਥਾਂ ਅਤੇ ਸਿੱਧਾਂ ਵਾਸਤੇ ਢੁਕਵਾਂ ਨਾਂ ਯੋਗੀ ਸੀ ਕਿਉਂਕਿ ਇਹ ਭਾਵੇਂ ਵਜਰਯਾਨੀ ਸਿੱਧ ਜਾਂ ਗੋਰਖਨਾਥੀ ਸਾਧਕ, ਇਹ ਸਾਰੇ ਹੀ ਯੋਗ ਅਭਿਆਸ ਅਵੱਸ਼ ਕਰਦੇ ਸਨ।'[88]

ਗੁਰੂ ਨਾਨਕ ਦੇਵ ਜੀ ਇੰਨ੍ਹਾਂ ਸਾਰਿਆਂ ਨੂੰ 'ਜੋਗੀ' ਸ਼ਬਦ ਨਾਲ ਸੰਬੋਧਨ ਕਰਦੇ ਹਨ। ਸਿੱਧ ਗੋਸ਼ਟਿ ਵਿਚ ਗੁਰੂ ਨਾਨਕ ਦੇਵ ਜੀ ਨੇ ਯੋਗੀਆਂ ਦੇ ਬਾਰਾਂ ਫਿਰਕਿਆਂ ਅਤੇ ਸੰਨਿਆਸੀਆਂ ਦੇ ਦੱਸ ਸੰਪਰਦਾਵਾਂ ਦੀ ਗੱਲ ਕੀਤੀ ਹੈ-
ਬਾਰਹ ਮਹਿ ਜੋਗੀ ਭਰਮਾਏ ਸੰਨਿਆਸੀ ਛਿਅ ਚਾਰਿ॥[89]

ਪੰਡਤ ਤਾਰਾ ਸਿੰਘ ਨਰੋਤਮ ਨੇ ਸਿਧ-ਗੋਸ਼ਟਿ ਦੇ ਟੀਕੇ ਵਿਚ ਇਹ ਬਾਰਾਂ ਫਿਰਕੇ ਦੱਸੇ ਹਨ: ਹੇਤ, ਪਾਵ, ਆਈ, ਗਮਯ, ਮੈਗਲ, ਗੋਪਾਲ, ਕੰਥੜੀ, ਬਨ, ਧਵਜ, ਚੋਲੀ, ਰਾਵਲ ਅਤੇ ਦਾਸ।

ਗੁਰਬਾਣੀ ਵਿਚ ਜੋਗੀਆਂ ਨੂੰ ਸੰਬੋਧਿਤ ਬਹੁਤ ਸ਼ਬਦ ਮਿਲਦੇ ਹਨ। ਜਿਨ੍ਹਾਂ ਵਿਚ ਜੋਗੀਆਂ ਦੇ ਫੋਕੇ ਕਰਮਾਂ-ਕਾਂਡਾਂ, ਨਿਗੂਣੇ ਰਸਮਾਂ-ਰਿਵਾਜ਼ਾਂ ਅਤੇ ਧਾਰਨ ਕੀਤੇ ਪ੍ਰਤੀਕਾਂ ਦੇ ਪਿਛੋਕੜ ਵਿਚ ਛੁਪੇ ਅਸਲ ਧਰਮ ਦੀ ਭਾਵਨਾ ਬਾਰੇ ਚੇਤਨਾ ਉਤਪੰਨ ਕਰਨ ਦਾ ਉਪਰਾਲਾ ਹੈ-

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗ ਨ ਸਿੰਙੀ ਵਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥
ਗਲੀ ਜੋਗੁ ਨ ਹੋਈ॥
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ॥ [90]

ਜੋਗੁ ਨ ਭਗਵੀ ਕਪੜੀ, ਜੋਗੁ ਨ ਮੈਲੇ ਵੇਸਿ॥
ਨਾਨਕ ਘਰਿ ਬੈਠਿਆ ਜੋਗੁ ਪਾਈਐ, ਸਤਿਗੁਰ ਕੈ ਉਪਦੇਸਿ॥ [91]

ਸਰਮੈ ਦੀਆ ਮੁੰਦਾ ਕੰਨੀ ਪਾਇ ਜੋਗੀ, ਖਿੰਥਾ ਕਰਿ ਤੂੰ ਦਇਆ॥
ਆਵਣੁ ਜਾਣੁ ਬਿਭੂਤਿ ਲਾਇ ਜੋਗੀ, ਤਾ ਤੀਨਿ ਭਵਣ ਜਿਣਿ ਲਇਆ॥
ਐਸੀ ਕਿੰਗੁਰੀ ਵਜਾਇ ਜੋਗੀ॥
ਜਿਤੁ ਕਿਗੁੰਰੀ ਅਨਹਦੁ ਵਾਜੈ, ਹਰਿ ਸਿਉ ਰਹੈ ਲਿਵ ਲਾਇ॥ [92]

ਚਾਰਿ ਪੁਕਾਰਹਿ ਨਾ ਤੂ ਮਾਨਹਿ॥
ਖਟੁ ਭੀ ਏਕਾ ਬਾਤ ਵਖਾਨਹਿ॥
ਦਸ ਅਸਟੀ ਮਿਲਿ ਏਕੋ ਕਹਿਆ॥
ਤਾ ਭੀ ਜੋਗੀ ਭੇਦੁ ਨ ਲਹਿਆ॥
ਕਿੰਕੁਰੀ ਅਨੂਪ ਵਾਜੈ॥
ਜੋਗੀਆ ਮਤਵਾਰੋ ਰੇ॥ [93]

ਮੁੰਦ੍ਰਾ ਮੋਨਿ ਦਇਆ ਕਰਿ ਝੋਲੀ, ਪਤ੍ਰ ਕਾ ਕਰਹੁ ਬੀਚਾਰੁ ਰੇ॥
ਖਿੰਥਾ ਇਹੁ ਤਨੁ ਸੀਅਉ ਅਪਨਾ ਨਾਮੁ ਕਰਉ ਆਧਾਰੁ ਰੇ॥
ਐਸਾ ਜੋਗੁ ਕਮਾਵਹੁ ਜੋਗੀ॥ ਜਪ ਤਪ ਸੰਜਮੁ ਗੁਰਮੁਖਿ ਭੋਗੀ॥ ਰਹਾਉ॥

ਬੁਧਿ ਬਿਭੂਤਿ ਚਢਾਵਉ ਅਪੁਨੀ, ਸਿੰਗੀ ਸੁਰਤਿ ਮਿਲਾਈ॥
ਕਰਿ ਬੈਰਾਗੁ ਫਿਰਉ ਤਨਿ ਨਗਰੀ, ਮਨ ਕੀ ਕਿਗੁੰਰੀ ਬਜਾਈ॥
ਪੰਚ ਤਤੁ ਲੈ ਹਿਰਦੈ ਰਾਖਹੁ, ਰਹੈ ਨਿਰਾਲਮ ਤਾੜੀ॥
ਕਹਤੁ ਕਬੀਰੁ ਸੁਨਹੁ ਰੇ ਸੰਤਹੁ ਧਰਮ ਦਇਆ ਕਰਿ ਬਾੜੀ॥ [94]

ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ॥
ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ॥
ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ॥
ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ॥
ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥ [95]

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ॥
ਖਿੰਥਾ ਕਾਲੁ ਕੁਆਰੀ ਕਾਇਆ ਜੁਗਿਤ ਡੰਡਾ ਪਰਤੀਤਿ॥ [96]

ਤਿਸ ਜੋਗੀ ਕਉ ਜੁਗਤਿ ਨ ਜਾਨਉ॥
ਲੋਭ ਮੋਹ ਮਾਇਆ ਮਮਤਾ ਫੁਨਿ ਜਿਹ ਘਟ ਮਾਹਿ ਪਛਾਨਉ॥ [97]

ਸੰਨਿਆਸੀਆਂ ਦੀਆਂ ਦੱਸ ਸ਼ਾਖਾਵਾਂ ਦੀ ਗਿਣਤੀ ਇਸ ਪ੍ਰਕਾਰ ਹੈ-ਤੀਰਥ, ਆਸ਼ਰਮ, ਬਨ, ਅਰੱਣਯ, ਗਿਰ, ਪਰਬਤ, ਸਾਗਰ, ਸਰਸਵਤੀ, ਭਾਰਤੀ ਅਤੇ ਪੁਰੀ। 'ਭਾਈ ਗੁਰਦਾਸ ਜੀ ਦਾ 'ਦਸ ਨਾਮ ਸੰਨਿਆਸੀਆਂ' ਤੋਂ ਭਾਵ ਇਹੀ ਦਸ ਨਾਮ ਹਨ ਜੋ ਸ਼ੰਕਰਾਚਾਰਿਯ ਦੇ ਚਾਰ ਚੇਲਿਆਂ (ਵਿਸ਼ਵਰੂਪ, ਪਦਮਪਾਦ, ਤ੍ਰੋਟਕ ਅਤੇ ਪ੍ਰਿਥਵੀ ਧਰ) ਤੋਂ ਚੱਲੇ, ਜਿਨ੍ਹਾਂ ਦੇ ਵੱਖ ਵੱਖ ਦਿਸ਼ਟੀਕੋਣ ਹੋਣ ਕਰਕੇ ਇਹ ਸ਼ਾਖਾਂ ਕਾਇਮ ਹੋਈਆਂ, ਇਨ੍ਹਾਂ ਦੇ ਅੱਗੋਂ ਭੁਖੜ, ਕੁਕੜ, ਧੁਕੜ ਆਦਿ ਕਈ ਸੰਪ੍ਰਦਾਵਾਂ ਅਤੇ ਊਘੜ ਕੇ, ਸੂਘੜ ਕੇ ਤੇ ਲੂਘੜ ਕੇ ਅਦਿ ਧੂੰਏ ਕਾਇਮ ਹੋਏ।'[98] ਗੁਰਬਾਣੀ ਵਿਚ ਆਈ ਅਤੇ ਰਾਵਲ ਪੰਥੀਆਂ ਯੋਗੀਆਂ ਨਾਲ ਗੁਰੂ ਨਾਨਕ ਸਾਹਿਬ ਦੀਆਂ ਮੁਲਾਕਾਤਾਂ ਦਰਜ ਹਨ। ਜਿਨ੍ਹਾਂ ਨੂੰ ਨਾਥਾਂ ਦੇ ਨਾਂ ਨਾਲ ਜਾਣਿਆ ਜਾਦਾ ਸੀ।

ਇਹ ਸੰਨਿਆਸੀ ਅੱਗੋਂ ਕਈ ਟੋਲਿਆਂ ਵਿਚ ਵੰਡੇ ਹੋਏ ਸਨ ਜਿਵੇਂ ਕਰਮੰਡਲੀਏ, ਕਾਪੜੀਏ, ਨਾਂਗੇ, ਦੰਭੀ, ਅਲੱਖੀਏ, ਭਸਮੀਏ, ਕਪੀਨੀਏ, ਚਰਮੀਏ ਆਦਿ। ਇਨ੍ਹਾਂ ਵਿਚੋਂ ਬਹੁਤੇ ਵਾਲਾਂ ਨੂੰ ਜੜਾਂ ਤੋਂ ਕੱਟ ਕੇ ਘੋਨ ਮੋਨ ਅਤੇ ਕਈ ਜਟਾਂ ਵੀ ਰੱਖਦੇ ਸਨ। ਬਾਹਰਮੁਖੀ ਲਿਬਾਸ ਅਤੇ ਅੰਤਰੀਵ ਕਪਟ ਬਾਰੇ ਭਗਤ ਤ੍ਰਿਲੋਚਨ ਜੀ ਨੇ ਪ੍ਰਵਚਨ ਰਚਾਇਆ-

ਅੰਤਰੁ ਮਲਿ ਨਿਰਮਲੁ ਨਹੀ ਕੀਨਾ ਬਾਹਰ ਭੇਖ ਉਦਾਸੀ॥
ਹਿਰਦੈ ਕਮਲੁ ਘਟਿ ਬ੍ਰਹਮ ਨਾ ਚੀਨਾ ਕਾਹੇ ਭਇਆ ਸੰਨਿਆਸੀ॥
ਭਰਮੈ ਭੂਲੀ ਰੇ ਜੈ ਚੰਦਾ॥ ਨਹੀ ਨਹੀ ਚੀਨਿਆ ਪਰਮਾ ਨੰਦਾ॥
ਘਰਿ ਘਰਿ ਖਾਇਆ ਪਿੰਡੁ ਬਧਾਇਆ ਖਿੰਥਾ ਮੁੰਦਾ ਮਾਇਆ॥
ਭੂਮ ਮਸਾਣ ਕੀ ਭਸਮ ਲਗਾਈ ਗੁਰ ਬਿਨੁ ਤਤੁ ਨ ਪਾਇਆ॥ [99]

ਭਗਤ ਕਬੀਰ ਜੀ ਨੇ ਬੜੇ ਤਰਕ ਤੇ ਦਲੀਲ ਨਾਲ ਸੰਵਾਦ ਰਚਾਉਂਦੇ ਦ੍ਰਿੜ ਕਰਵਾਇਆ-

ਨਗਨ ਫਿਰਤ ਜੌ ਪਾਈਐ ਜੋਗੁ॥
ਬਨ ਕਾ ਮਿਰਗੁ ਮੁਕਤਿ ਸਭੁ ਹੋਗ॥
ਕਿਆ ਨਾਗੇ ਕਿਆ ਬਾਧੇ ਚਾਮ॥
ਜਬ ਨਹੀ ਚੀਨਸਿ ਆਤਮ ਰਾਮ॥ ਰਹਾਉ॥
ਮੂੰਡ ਮੁੰਡਾਏ ਜੋ ਸਿਧਿ ਪਾਈ॥
ਮੁਕਤੀ ਭੇਡ ਨ ਗਈਆ ਕਾਈ॥
ਬਿੰਦੁ ਰਾਖਿ ਜੌ ਤਰੀਐ ਭਾਈ॥
ਖੁਸਰੈ ਕਿਉ ਨ ਪਰਮ ਗਤਿ ਪਾਈ॥
ਕਹੁ ਕਬੀਰ ਸੁਨਹੁ ਨਰ ਭਾਈ॥
ਰਾਮ ਨਾਮ ਬਿਨੁ ਕਿਨਿ ਗਤਿ ਪਾਈ॥ [100]

ਸੰਨਿਆਸੀਆਂ ਨੂੰ ਉਨ੍ਹਾਂ ਦੀਆਂ ਆਦਤਾਂ ਤੇ ਸੁਭਾਅ ਨੂੰ ਵਿਚਾਰਦਿਆਂ, ਸ਼ੁਭ ਕਰਮਾਂ ਨੂੰ ਵਿਚਾਰਨ ਦਾ ਸੰਵਾਦ ਗੁਰੂ ਅਮਰਦਾਸ ਜੀ ਨੇ ਇਸ ਤਰ੍ਹਾਂ ਫੁਰਮਾਇਆ-:

ਇਕਿ ਵਣ ਖੰਡਿ ਬੈਸਹਿ ਜਾਇ ਸਦੁ ਨ ਦੇਵ ਹੀ।
ਇਕਿ ਪਾਲਾ ਕਕਰੁ ਭੰਨਿ ਸੀਤਲ ਜਲ ਹੇਵ ਹੀ।
ਇਕਿ ਭਸਮ ਚੜਾਵਹਿ ਅੰਗਿ ਮੈਲੁ ਨ ਧੋਵਈ।
ਇਕਿ ਜਟਾ ਬਿਕਟ ਬਿਕਰਾਲ ਕੁਲੁ ਘਰ ਖੋਵਹੀ।
ਇਕਿ ਨਗਨ ਫਿਰਹਿ ਦਿਨ ਰਾਤਿ ਨੀਦ ਨਾ ਸੋਵਹੀ।
ਇਕਿ ਅਗਨ ਜਲਾਵਹਿ ਅੰਗ ਆਪ ਵਿਗੋਵਹੀ।
ਵਿਣ ਨਾਵੈ ਤਨੁ ਛਾਰੁ ਕਿਆ ਕਿਆ ਰੋਵਈ।
ਸੋਹਨਿ ਖਸਮ ਦੁਆਰਿ ਜਿ ਸਤਿ ਗੁਰੂ ਸੇਵਹੀ। [101]

ਇਸੇ ਸੰਵਾਦ ਨੂੰ ਅੱਗੇ ਵਧਾਉਂਦਿਆ ਗੁਰੂ ਗੋਬਿੰਦ ਸਿੰਘ ਜੀ ਵੀ ਸੰਨਿਆਸ ਦੀ ਸਹੀ ਪਰਿਭਾਸ਼ਾ ਨਿਸਚਿਤ ਕਰਦੇ ਸਪੱਸ਼ਟ ਕਰਦੇ ਹਨ ਕਿ ਮਨ ਦੇ ਅੰਦਰ ਵਿਸ਼ੇ ਵਿਕਾਰਾਂ ਦਾ ਸੰਨਿਆਸ ਜਾਂ ਤਿਆਗ ਕਰਕੇ ਆਤਮਾ ਨੂੰ ਨਾਮ ਨਾਲ ਜੋੜਨਾ ਚਾਹੀਦਾ ਹੈ। ਨਾਮ ਮਾਰਗ ਦਾ ਨਿਸ਼ਾਨਾ ਸੁੱਚਜੀ-ਜੀਵਨ ਜਾਚ ਹੈ। ਸੁਚਾਰੂ ਆਚਰਣ ਦੀ ਘਾੜਤ ਹੈ।

ਰੇ ਮਨ ਐਸੋ ਕਰ ਸੰਨਿਆਸਾ॥ ਬਨ ਸੇ ਸਦਨ ਸਭੈ ਕਰ ਸਮਝਹੁ, ਮਨ ਹੀ ਮਾਹਿ ਉਦਾਸਾ॥ ਰਹਾਉ॥
ਜਤ ਕੀ ਜਟਾ ਜੋਗ ਕੋ ਮੰਜਨੁ ਨੇਮ ਕੇ ਨਖਨ ਬਢਾਓ॥
ਗਿਆਨ ਗੁਰੂ ਆਤਮ ਉਪਦੇਸਹੁ, ਨਾਮ ਬਿਭੂਤ ਲਗਾਓ॥ [102]

ਜੋਗੀ ਆਪਣੇ ਨੰਗੇ ਸਰੀਰ ਉੱਤੇ ਭਸਮ ਜਾਂ ਵਿਭੂਤੀ ਮਲ ਕੇ ਅਲਖ ਜਗਾਉਂਦੇ ਸਨ। ਵਿਭਿੰਨ ਜੋਗ-ਸਾਧਨਾਂ ਰਾਹੀਂ ਪਭੂ ਪ੍ਰਾਪਤੀ ਲਈ ਯਤਨਸ਼ੀਲ ਸਨ।ਪਰ ਗੁਰੂ ਸਾਹਿਬਾਨ ਦੀ ਬਾਣੀ ਨੇ ਸੰਵਾਦ ਰਚਾਉਂਦਿਆਂ ਸਪੱਸ਼ਟ ਕੀਤਾ ਕਿ ਜੋਗ ਦੀ ਪ੍ਰਾਪਤੀ ਖਫਣੀ ਜਾਂ ਗੋਦੜੀ ਪਾਉਣ ਨਾਲ ਨਹੀਂ ਹੋਣੀ। ਨਾ ਹੀ ਡੰਡੇ ਨੇ ਕੰਮ ਆਉਣਾ ਹੈ। ਕੰਨਾਂ ਵਿਚ ਪਾਈਆਂ ਮੁੰਦਰਾਂ ਤੇ ਸਿਰ ਮੁੰਡਵਾ ਲੈਣਾ ਵੀ ਵਿਅਰਥ ਹੈ। ਸਿੰਗੀ ਵਜਾ ਕੇ ਤੇ ਦਰ-ਦਰ ਦੀ ਭਿੱਖਿਆ ਗ੍ਰਹਿਣ ਕਰਨ ਨਾਲ ਵੀ ਪ੍ਰਭੂ ਦੇ ਦਰ ਤੇ ਨਹੀਂ ਪਹੁੰਚਿਆ ਜਾ ਸਕਦਾ। ਇਹ ਭੇਖ ਭਰੀ ਜ਼ਿੰਦਗੀ ਇਕ ਕਪਟ ਤੇ ਧੋਖਾ ਹੈ। ਗੁਰਬਾਣੀ ਦ੍ਰਿੜ ਕਰਵਾਉਂਦੀ ਹੈ ਕਿ ਸੰਸਾਰ ਵਿਚ ਰਹਿੰਦਿਆਂ ਹੋਇਆਂ ਸੰਸਾਰ ਦੀ ਸੰਸਾਰਿਕਤਾ ਤੋਂ ਨਿਰਲੇਪ ਹੋ ਕੇ ਵਿਚਰਨਾ ਹੀ ਉੱਤਮ ਜੀਵਨ ਜਾਚ ਹੈ। ਜਿਵੇਂ ਕਮਲ ਜਲ ਵਿਚ ਰਹਿੰਦਾ ਹੋਇਆ ਵੀ ਉਸਤੋਂ ਨਿਰਾਲਮ ਰਹਿੰਦਾ ਹੈ; ਮੁਰਗਾਬੀ ਨਦੀ ਵਿਚ ਡੁਬਕੀ ਲਾਉਂਦੀ ਹੋਈ ਵੀ ਪਰਾਂ ਨੂੰ ਜਲ ਦੇ ਪ੍ਰਭਾਵ ਤੋਂ ਮੁਕਤ ਰੱਖਦੀ ਹੈ। ਸੰਸਾਰ ਵਿਚ ਰਹਿ ਕੇ ਸੰਸਾਰ ਦੀ ਮੋਹ ਮਾਇਆ ਤੋਂ ਉੱਪਰ ਉੱਠ ਕੇ ਜੀਣਾ 'ਅੰਜਨ ਮਾਹਿ ਨਿਰੰਜਨਿ ਰਹੀਐ' ਹੀ ਅਸਲੀ ਜਿਉਣਾ ਹੈ। ਅਰਥਾਤ ਮਾਇਆ ਰੂਪੀ ਸੰਸਾਰ ਵਿਚ ਗ੍ਰਹਿਸਥੀ ਵਾਂਗ ਵਿਚਰ ਕੇ ਇਸ ਸੰਸਾਰ ਦੇ ਦੁੱਖਾਂ-ਸੁੱਖਾਂ ਨੂੰ ਹੰਢਾਉਣਾ ਅਤੇ ਮਾਇਆ ਤੋਂ ਨਿਰਲੇਪ ਰਹਿ ਕੇ ਨੇਕੀ ਉਤੇ ਇਮਾਨ ਦੇ ਰਸਤੇ ਚਲਣਾ ਹੀ ਅਸਲ ਜੋਗ ਹੈ। ਸਿਰਫ ਗੱਲਾਂ ਨਾਲ ਜੋਗ ਦੀ ਕਮਾਈ ਨਹੀਂ ਹੋ ਸਕਦੀ। ਜੋਗੀਆਂ ਲਈ ਮੁੰਦਰਾਂ, ਝੋਲੀ, ਬਿਭੂਤੀ, ਗੋਦੜੀ, ਡੰਡਾ ਆਦਿ ਮੁਕਤੀ ਪ੍ਰਾਪਤੀ ਦਾ ਪ੍ਰਮੁੱਖ ਚਿੰਨ੍ਹ ਹਨ। ਪਰ ਜੋਗੀਆਂ ਨੂੰ ਸੰਤੋਖ ਦੀਆਂ ਮੁੰਦਰਾਂ, ਮਿਹਨਤ ਨੂੰ ਖੱਪਰ ਤੇ ਝੋਲੀ, ਪਰਮਾਤਮਾ ਦੇ ਧਿਆਨ ਤੇ ਸੁਰਤ ਦੀ ਸੁਆਹ/ਵਿਭੂਤੀ ਅਤੇ ਵਿਕਾਰ-ਰਹਿਤ ਹੋ ਕੇ ਜੀਵਨ ਨੂੰ ਗੁਜਾਰਨਾ ਚਾਹੀਦਾ ਹੈ। ਪਰ ਉਹ ਕਠਨ ਤੱਪ, ਸਾਧਨ, ਸਰੀਰਿਕ ਕਸ਼ਟ ਆਦਿ ਨਿਰਾਰਥਕ ਯਤਨਾਂ ਵਿਚ ਗਲਤਾਨ ਸਨ ਜਿਨ੍ਹਾਂ ਦਾ ਉਨ੍ਹਾਂ ਨੂੰ, ਦੇਸ਼ ਨੂੰ ਜਾਂ ਮਨੁੱਖ ਜਾਤੀ ਨੂੰ ਰਤੀ ਭਰ ਵੀ ਲਾਭ ਨਹੀਂ ਸੀ। ਆਸਰਾ ਨਾ ਹੋਣ ਕਰ ਕੇ ਲੋਕੀ ਵਰ ਸ੍ਰਾਪ ਦੇ ਡਰ ਤੋਂ ਇਸ ਮੱਤ ਦੇ ਜੁੱਲੇ ਹੇਠਾਂ ਦਬੇ ਪਏ ਸਨ। ਇਸ ਤਰ੍ਹਾਂ ਗੁਰਬਾਣੀ ਜੋਗੀਆਂ ਨੂੰ ਗੁਰੂ ਦੇ ਲੜ ਲੱਗ ਕੇ ਤੁਰਨ ਦਾ ਜੱਪ ਤੇ ਤੱਪ ਸਿਖਾਉਂਦੀ ਹੈ। ਇਹ ਹੀ ਅਸਲੀ ਜੋਗ ਹੈ। ਵਿਸ਼ੇ ਵਿਕਾਰਾਂ ਵੱਲੋਂ ਤਿਆਗ ਕੇ ਧਰਮ ਤੇ ਦਇਆ ਦੇ ਰਸਤੇ ਤੇ ਚੱਲਣਾ ਹੀ ਅਸਲੀ ਧਰਮ ਹੈ।ਉਹ ਜੀਵਨ ਜੋ ਦੂਜਿਆਂ ਦੀ ਸੇਵਾ ਤੇ ਪਰਉਪਕਾਰ ਕਰ ਸਕੇ।

ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚਲਾ ਜੋਗੀਆਂ-ਨਾਥਾਂ-ਸਿਧਾਂ ਨਾਲ ਕੀਤਾ ਸੰਵਾਦ ਸਿਧ-ਨਾਥ-ਸੰਤ ਬਾਣੀ ਪਰੰਪਰਾ ਦੇ ਦੇ ਅੰਤਰਗਤ ਪੈਦਾ ਹੋਏ ਵਾਦ-ਪ੍ਰਤੀਵਾਦ-ਸੰਵਾਦ ਦੀ ਸਭਿਆਚਾਰਕ ਪ੍ਰਕਿਰਿਆ ਵਿਚ ਸ਼ਾਮਿਲ ਹੋ ਕੇ

ਆਪਣੀ ਵਿਲੱਖਣ ਜੀਵਨ-ਜੁਗਤ ਦਾ ਨਿਰਮਾਣ ਕਰਨ ਵਲ ਰੁਚਿਤ ਹੁੰਦਾ ਹੈ। ਜੋ ਭਾਰਤ ਦੇ ਸਰਬ ਸਾਂਝੇ ਸਭਿਆਚਾਰ ਨੂੰ ਵਿਕਸਿਤ ਕਰਨ ਵਿਚ ਮਹੱਤਵਪੂਰਨ ਰੋਲ ਅਦਾ ਕਰਦਾ ਹੈ।

ਭਾਰਤ ਵਿੱਚ ਪ੍ਰਚਲਿਤ ਚਾਰ ਵਰਣਾਂ ਵਿਚੋਂ 'ਬ੍ਰਾਹਮਣ' ਨੂੰ ਸਰਵੋਤਮ ਮੰਨਿਆ ਗਿਆ ਹੈ। ਧਰਮ-ਕਰਮ ਦੇ ਕੰਮਾਂ ਨਾਲ ਜੁੜਿਆ ਹੋਣ ਕਰਕੇ ਬ੍ਰਾਹਮਣਾਂ ਦੀ ਸਥਿਤੀ ਬੜੀ ਮਾਣਯੋਗ ਮੰਨੀ ਗਈ। ਪਰ ਇਸ ਸ਼੍ਰੇਣੀ ਵਿਚ ਆਏ ਗੁਮਾਨ ਤੇ ਰੋਹਬ ਨਾਲ ਬਾਕੀ ਜਾਤੀਆਂ, ਖਾਸ ਕਰਕੇ ਸ਼ੂਦਰਾਂ ਨਾਲ ਬਹੁਤ ਮਾੜਾ ਵਤੀਰਾ ਰੱਖਿਆ ਗਿਆ। ਫਲਸਰੂਪ ਉਨ੍ਹਾਂ ਦੀ ਸਥਿਤੀ ਬੜੀ ਤਰਸਣਯੋਗ ਹੋ ਗਈ। ਗੁਰਬਾਣੀ ਸਰਬਸਾਂਝੀਵਾਲਤਾ ਦਾ ਪੈਗ਼ਾਮ ਹੈ। ਸਰਬੱਤ ਦੇ ਭਲੇ ਦਾ ਸੰਦੇਸ਼ ਦਾ ਸੂਚਕ ਹੈ।ਉਹ ਕਿਸੇ ਇਕ ਜਾਤਿ ਦੀ Dominence ਸਰੇਸ਼ਠਤਾ ਅਤੇ ਸੱਤਾਬਰਦਾਸ਼ਤ ਨਹੀਂ ਕਰਦੀ। ਅਜ ਸਦੀਆਂ ਬੀਤ ਗਈਆਂ ਹਨ ਪਰ ਜਾਤਿ-ਪਾਤਿ ਦੀਆਂ ਉਲਝਣਾਂ ਉਵੇਂ ਹੀ ਬਰਕਰਾਰ ਹਨ। ਵਿਸ਼ਵ ਵਿਚ ਸਦੀਵੀ ਸ਼ਾਂਤੀ ਬਹਾਲ ਕਰਨ ਲਈ ਮਨੁੱਖ ਨੂੰ ਮਨੁੱਖ ਦੀ ਨਜ਼ਰ ਨਾਲ ਦੇਖਣਾ ਚਾਹੀਦਾ ਹੈ। ਇਸ ਲਈ ਜਿਹੜਾ ਪਹਿਲਾ ਭਾਈਚਾਰਕ ਅਸੂਲ ਗੁਰਮਤਿ ਨੇ ਦ੍ਰਿੜ ਕਰਵਾਇਆ, ਉਹਦਾ ਪ੍ਰਯੋਜਨ ਜਾਤ-ਪਾਤ ਦੀਆਂ ਸੰਕੀਰਣ ਤੇ ਤੰਗ-ਦਿਲ ਵੰਡੀਆ ਨੂੰ ਮੇਟ ਕੇ ਭਾਈਚਾਰਕ ਏਕਤਾ ਪੈਦਾ ਕਰਨਾ ਸੀ। ਬ੍ਰਾਹਮਣਾਂ ਨਾਲ ਸੰਵਾਦ ਰਚਾਉਂਦੇ ਹੋਏ ਗੁਰੂ ਅਮਰਦਾਸ ਜੀ ਫਰਮਾਉਂਦੇ ਹਨ :

ਜਾਤਿ ਕਾ ਗਰੁਬ ਨ ਕਰੀਅਹੁ ਕੋਈ॥
ਬ੍ਰਹਮ ਬਿੰਦੈ ਸੋ ਬ੍ਰਾਹਮਣ ਹੋਈ॥
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥
ਇਸ ਗਰਬੁ ਤੇ ਚਲਹਿ ਬਹੁਤ ਵਿਕਾਰਾ॥ਰਹਾਉ॥
ਚਾਰੈ ਵਰਨ ਆਖੈ ਸਭੁ ਕੋਈ। ਬ੍ਰਹਮ ਬਿੰਦ ਤੇ ਸਭ ਓਪਤਿ ਹੋਈ॥
ਮਾਟੀ ਏਕ ਸਗਲ ਸੰਸਾਰਾ॥ਬਹੁ ਬਿਧਿ ਭਾਂਡੇ ਘੜੇ ਕੁਮ੍ਹਾਰਾ॥ [103]

ਸ਼ੁਭ ਅਮਲਾਂ ਤੇ ਜ਼ੋਰ ਦਿੰਦੇ ਹੋਏ ਗੁਰੂ ਨਾਨਕ ਸਾਹਿਬ ਫਰਮਾਉਂਦੇ ਹਨ:

ਅਗੈ ਜਾਤਿ ਨ ਜੋਰਿ ਹੈ ਅਗੈ ਜੀਉ ਨਵੇ।
ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ॥ [104]

ਸੋ ਬ੍ਰਹਮਣ ਜੋ ਬਿੰਦੈ ਬ੍ਰਹਮ।ਜਪੁ ਤਪੁ ਸੰਜਮੁ ਕਮਾਵੈ ਕਰਮੁ॥
ਸੀਲ ਸੰਤੋਖ ਕਾ ਰਖੈ ਧਰਮੁ। ਬੰਧਨ ਤੋੜੈ ਹੋਵੈ ਮੁਕਤ॥
ਸੋਈ ਬ੍ਰਹਮਣੁ ਪੂਜਣ ਜਗਤੁ॥ [105]

ਭਗਤ ਕਬੀਰ ਬੜੇ ਵਿਅੰਗ ਤੇ ਤਰਕ ਭਰਪੂਰ ਢੰਗ ਨਾਲ ਇਸ ਸੰਵਾਦ ਨੂੰ ਤਿੱਖਾ ਕਰਦੇ ਹਨ:

ਜੌ ਤੂੰ ਬ੍ਰਾਹਮਣ ਬ੍ਰਹਮਣੀ ਜਾਇਆ॥
ਤਉ ਆਨ ਬਾਟ ਕਾਹੇ ਨਹੀ ਆਇਆ॥ [106]

ਗੁਰਬਾਣੀ ਇਨ੍ਹਾਂ ਜਾਤਾਂ ਪਾਤਾਂ ਦਾ ਖੰਡਨ ਕਰਦੀ ਫੁਰਮਾਨ ਕਰਦੀ ਹੈ ਕਿ ਸਾਡੇ ਸਰੀਰਾਂ ਵਿਚ ਵੀ ਉਨ੍ਹਾਂ ਵਾਂਗ ਖ਼ੂਨ ਗਰਦਸ਼ ਕਰਦਾ ਹੈ, ਉਸ ਅੰਦਰ ਕੋਈ ਦੁੱਧ ਜਾਂ ਅੰਮ੍ਰਿਤ ਦਾ ਪ੍ਰਵਾਹ ਨਹੀਂ:

ਤੁਮ ਕਤ ਬ੍ਰਾਹਮਣ ਹਮ ਕਤ ਸੂਦ॥
ਹਮ ਕਤ ਲਹੂ ਤੁਮ ਕਤ ਦੂਧ॥ [107]

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਬ੍ਰਾਹਮਣਾਂ ਵੱਲੋ ਫਿਲਾਏ ਕਰਮਾਂ-ਕਾਂਡਾਂ ਤੇ ਆਡੰਬਰਾਂ ਦੇ ਖਿਲਾਫ਼ ਡੱਟ ਕੇ ਖਲੋਂਦੀ ਹੀ ਨਹੀਂ, ਬਲਕਿ ਇਕ ਚੈਲੰਜ ਵੀ ਕਰਦੀ ਹੈ। ਧਰਮ ਦੇ ਅਸਲੀ ਭਰਾਤਰੀ ਭਾਵਾਂ ਨੂੰ ਸਥਾਪਿਤ ਕਰਨ ਲਈ ਇਨ੍ਹਾਂ ਕਰਮਾਂ ਦੇ ਪਿੱਛੇ ਛੁਪੇ ਭਾਵਾਂ ਦੇ ਪਾਜ ਖੋਲਦੀ ਹੈ।

ਨੌ ਸਾਲ ਦੀ ਆਯੂ ਵਿਚ ਜਦੋਂ ਪੰਡਤ ਨੇ ਗੁਰੂ ਨਾਨਕ ਸਾਹਿਬ ਨੂੰ ਜਨੇਊ ਪਾਉਣ ਦੀ ਰਸਮ ਆਰੰਭ ਕੀਤੀ ਤਾਂ ਗੁਰੂ ਨਾਨਕ ਸਾਹਿਬ ਨੇ ਪੰਡਿਤ ਨਾਲ ਇਹ ਸੰਵਾਦ ਰਚਾਇਆ ਜੋ ਨੇਕ-ਕਾਰ ਵਿਹਾਰ ਤੇ ਨੀਤੀ ਦਾ ਪ੍ਰਚਾਰ ਸੀ:

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥ [108]

ਬ੍ਰਾਹਮਣਾਂ ਦੇ ਧਾਰਮਿਕ ਦਿਖਾਵੇ ਬਾਰੇ ਟਿੱਪਣੀ ਕਰਦੇ ਹੋਏ ਗੁਰੂ ਸਾਹਿਬ ਉਸ ਨੂੰ ਧਰਮ ਦੀ ਸਹੀ ਭਾਵਨਾ ਨਾਲ ਜੋੜਦੇ ਕਹਿੰਦੇ ਹਨ:

ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ॥
ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ॥ [109]

ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ॥
ਛੋਡੀਲੇ ਪਾਖੰਡਾ॥ ਨਾਮਿ ਲਇਐ ਜਾਹਿ ਤਰੰਦਾ॥ [110]

ਸੂਤਕ ਦੇ ਵਹਿਮੀਆਂ ਨੂੰ ਸਮਝਾਉਂਦੇ ਹਨ:

ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ॥
ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ॥
ਪਹਿਲਾ ਪਾਣੀ ਜੀਉ ਹੈ ਜਿਤ ਹਰਿਆ ਸਭੁ ਕੋਇ॥ [111]

ਇਸ ਤਰ੍ਹਾਂ ਗੁਰੂ ਸਾਹਿਬ ਨੇ ਬਹੁਤ ਵਿਚਾਰਾਂ ਆਰੰਭ ਕੀਤੀਆਂ ਤਾਂ ਜੋ ਆਪਣੀ ਹੋਂਦ ਅਤੇ ਵਿਅਕਤਿਤੱਵ ਨੂੰ ਸਹੀ ਅਰਥਾਂ ਵਿਚ ਪਛਾਣਿਆ ਜਾ ਸਕੇ ਅਤੇ ਆਪਣੀ ਜ਼ਿੰਦਗੀ ਨੂੰ ਸੁਖਾਲਾ ਬਣਾਇਆ ਜਾ ਸਕੇ:
ਮਨ ਮਹਿ ਕ੍ਰੋਧ ਮਹਾ ਅੰਹਕਾਰਾ ॥
ਪੂਜਾ ਕਰਹਿ ਬਹੁਤ ਵਿਸਥਾਰਾ॥
ਕਰਿ ਇਸਨਾਨੁ ਤਨਿ ਚਕ੍ਰ ਬਣਾਏ॥
ਅੰਤਰ ਕੀ ਮਲੁ ਕਬ ਹੀ ਨ ਜਾਏ॥ [112]

ਭਗਤ ਬੇਣੀ ਜੀ ਦੀ ਇਹ ਰਚਨਾ ਬੜੀ ਵਿਚਾਰਣਯੋਗ ਹੈ:
ਤਨਿ ਚੰਦਨੁ ਮਸਤਕਿ ਪਾਤੀ॥
ਰਿਦ ਅੰਦਰਿ ਕਰ ਤਲ ਕਾਤੀ॥
ਠਗ ਦਿਸਿਟ ਬਗਾ ਲਿਵ ਲਾਗਾ॥
ਦੇਖਿ ਬੈਸਨੋ ਪ੍ਰਾਨ ਮੁਖ ਭਾਗਾ॥ [113]

ਗੁਰੂ ਸਾਹਿਬਾਨ ਜਾਂ ਭਗਤ ਕਿਸੇ ਧਰਮ ਦੇ ਖਿਲਾਫ਼ ਜਾਂ ਵਿਰੋਧੀ ਨਹੀਂ, ਉਹ ਤਾਂ ਪਾਖੰਡ ਦੇ ਵਿਰੋਧੀ ਹਨ, ਭੇਖ ਦੇ ਖਿਲਾਫ਼ ਹਨ। ਭਾਵ ਗੁਰੂ ਗ੍ਰੰਥ ਸਾਹਿਬ ਦਾ ਪ੍ਰਵਚਨ ਕਿਸੇ ਧਰਮ ਦੀ ਨਿੰਦਾ ਜਾਂ ਹੇਠੀ ਨਹੀਂ ਕਰਦਾ, ਸਗੋਂ ਸੱਚੇ ਧਰਮ ਦੇ ਫਲਸਫੇ ਤੇ ਸਰੂਪ ਨੂੰ ਬਿਆਨ ਕਰਦਾ ਧਰਮ ਦੀ ਸਹੀ ਦਸ਼ਾ ਅਤੇ ਦਿਸ਼ਾ ਨੂੰ ਰੂਪਮਾਨ ਕਰਦਾ ਹੈ।ਭਗਤ ਕਬੀਰ ਨੇ ਬਹੁਤ ਖੂਬ ਸਮਝਾਇਆ ਹੈ:

ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ
ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ॥ [114]

ਭਗਤ ਕਬੀਰ ਦਾ ਸੰਵਾਦ ਕਿਤੇ ਕਿਤੇ ਬਹੁਤ ਖਰਾ ਤੇ ਕ੍ਰਾਂਤੀਕਾਰੀ ਹੋ ਜਾਂਦਾ ਹੈ;

ਪਡੀਆ ਕਵਨ ਕੁਮਤਿ ਤੁਮ ਲਾਗੇ॥
ਬੂਡਹੁਗੇ ਪਰਵਾਰ ਸਕਲ ਸਿਉ ਰਾਮੁ ਨ ਜਪਹੁ ਅਭਾਗੇ॥
ਬੇਦ ਪੁਰਾਣ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ॥
ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ॥
ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ॥
ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ॥ [115]

ਬੈਸਨੋ ਨਾਮੁ ਕਰਮ ਹਉ ਜੁਗਤਾ ਤੁਹ ਕੁਟੇ ਕਿਆ ਫਲ ਪਾਵੈ॥
ਹੰਸਾ ਵਿਚਿ ਬੈਠਾ ਬਗੁ ਨ ਬਣਈ ਨਿਤ ਬੈਠਾ ਮਛੀ ਨੋ ਤਾਰ ਲਾਵੈ॥ [116]

ਜਗਨਨਾਥ ਪੁਰੀ ਵਿਚ ਗੁਰੂ ਨਾਨਕ ਸਾਹਿਬ ਦੇ ਆਰਤੀ ਵਿਚ ਸ਼ਾਮਿਲ ਨਾ ਹੋਣ ਤੇ ਪੰਡਤਾਂ ਦੇ ਪੁੱਛਣ ਤੇ ਗੁਰੂ ਜੀ ਨੇ ਜੋ ਉੱਤਰ ਦਿੱਤਾ, ਉਹ ਉਨਾਂ ਦੀ ਦੀਰਘ ਸੋਚ, ਵਿਸ਼ਾਲ ਸੂਝ ਤੇ ਅਸੀਮ ਸਾਧਨਾ ਦਾ ਪ੍ਰਤੀਕ ਸੀ :

ਗਗਨ ਮੈ ਥਾਲ ਰਵਿ ਚੰਦ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲ ਆਨਲੋ ਪਵਣ_ਚਵਰ ਕਰੇ ਸਗਲ ਬਨਰਾਇ ਫੂਲੰਤ ਜੋਤੀ॥
ਕੈਸੀ ਆਰਤੀ ਹੋਇ ਭਵਖੰਡਨਾ ਤੇਰੀ ਆਰਤੀ॥
ਅਨਹਤਾ ਸ਼ਬਦ ਵਾਜੰਤ ਭੇਰੀ॥
ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ॥
ਸਹਸ ਮੂਰਤਿ ਨਨਾ ਏਕ ਤੋਹੀ॥
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨ
ਸਹਸ ਤਵ ਗੰਧ ਇਵ ਚਲਤ_ਮੋਹੀ॥
ਸਭਿ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥
ਗੁਰਸਾਖੀ ਜੋਤਿ ਪਰਗਟੁ ਹੋਇ॥
ਜੋ ਤਿਸ ਭਾਵੈ ਆਰਤੀ ਹੋਇ ॥
ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ॥
ਕ੍ਰਿਪਾ ਜਲ ਦੇਹਿ ਨਾਨਕ ਸਾਰਿੰਗ ਕਉ ਹੋਇ ਜਾਤੇ ਤੇਰੇ ਨਾਮ ਵਾਸਾ॥ [117]

ਸ੍ਰੀ ਗੁਰੂ ਗੰਥ ਸਾਹਿਬ ਦੀਆਂ ਕੁੱਝ ਤੁੱਕਾਂ ਵਿਚ ਜੈਨੀਆਂ ਵੱਲ ਵੀ ਇਸ਼ਾਰੇ ਹਨ। ਜੈਨ ਸ਼ਬਦ ਦੇ ਅੱਖਰੀ ਅਰਥ ਹਨ-ਜਿੱਤਣਾ। ਜੈਨ ਧਰਮ ਅਹਿੰਸਾ, ਸਤਿ, ਬ੍ਰਹਮਚਾਰੀ ਅਤੇ ਤਿਆਗ ਦੇ ਗੁਣਾਂ ਤੇ ਉਸਰਿਆ। 'ਰਿਖਵ ਦੇਵ' ਇਸ ਮੱਤ ਦਾ ਬਾਨੀ ਸੀ। ਇਸ ਮੱਤ ਦੇ 24 ਤੀਰਥਾਂਕਰ (ਅਵਤਾਰ) ਮੰਨੇ ਜਾਂਦੇ ਹਨ।24ਵੇਂ ਤੀਰਥਾਂਕਰ ਦਾ ਨਾਮ ਮਹਾਂਬੀਰ ਸੀ।ਇਹ ਧਰਮ ਈਸਵਰ ਵਿਚ ਵਿਸ਼ਵਾਸ਼ ਨਹੀਂ ਰੱਖਦਾ। ਤੀਰਥਾਂਕਰਾਂ ਨੂੰ ਹੀ ਈਸ਼ਵਰ ਦਾ ਸਰੂਪ ਮੰਨਿਆ ਜਾਂਦਾ ਹੈ। ਇਸ ਧਰਮ ਦੀਆਂ ਦੀ ਸ਼ਾਖਾਵਾਂ ਹਨ-ਸਵੈਤਾਂਬਰ (ਸਫੈਦ ਕਪੜੇ ਪਾਉਣ ਵਾਲੇ) ਅਤੇ ਦਿੰਗਬਰ (ਨੰਗੇ ਰਹਿਣ ਵਾਲੇ)।

ਗੁਰੂ ਨਾਨਕ ਸਾਹਿਬ ਆਪਣੀਆਂ ਉਦਾਸੀਆਂ ਦੇ ਦੋਰਾਨ ਕਈ ਜੈਨੀ ਸਾਧੂਆਂ ਨੂੰ ਮਿਲੇ ਅਤੇ ਉਨ੍ਹਾਂ ਦੀ ਰਹਿਣੀ-ਬਹਿਣੀ ਬਾਰੇ ਸੰਵਾਦ ਕੀਤਾ। 'ਅਮਲੀ ਜੀਵਨ ਵਿਚ ਜੈਨੀਆਂ ਦੀ ਅਤਿ ਕਰੜਾਈ ਵਾਲੇ ਜੀਵਨ ਅਤੇ ਅਤਿ ਵਹਿਮ ਭਰੀ ਅਹਿੰਸਾ ਨੂੰ ਗੁਰੂ-ਸਾਹਿਬਾਨ ਨੇ ਚੰਗਾ ਨਹੀਂ ਸੀ ਜਾਣਿਆ। ਜੈਨ ਮੱਤ ਅਨੁਸਾਰ ਕਰਮਾਂ ਦੀ ਨੀਂਹ ਪ੍ਰਮਾਣੂ ਹਨ। ਜਿਵੇਂ ਰੇਤ ਬੋਰੀ ਨੂੰ ਭਰ ਦੇਂਦੀ ਹੈ, ਉਸੇ ਤਰ੍ਹਾਂ ਕਰਮਾਂ ਦੇ ਪ੍ਰਮਾਣੂ ਆਤਮਾ ਨੂੰ ਭਰ ਦੇਂਦੇ ਹਨ।ਆਤਮਾ ਆਪਣੇ ਕੁਦਰਤੀ ਸੁਭਾਵ ਅਨੁਸਾਰ ਉੱਪਰ ਆਕਾਸ਼ ਅਥਾਵਾ ਸੱਚ-ਖੰਡ ਵੱਲ ਜਾਣ ਨੂੰ ਉੱਠਦੀ ਹੈ: ਪਰੰਤੂ, ਕਰਮ ਜਿਹੜੇ ਜੜ੍ਹ ਪ੍ਰਮਾਣੂਆਂ ਤੋਂ ਬਣੇ ਹਨ।ਆਤਮਾ ਨੂੰ ਹੇਠਾਂ ਖਿੱਚਦੇ ਹਨ ਤੇ ਧਰਤੀ ਤੇ ਟਿਕਾਈ ਰੱਖਦੇ ਹਨ। ਜਦੋਂ ਕਰਮਾਂ ਦਾ ਅੰਤ ਹੋ ਜਾਵੇਗਾ, ਭਾਵ ਕਰਮਾਂ ਨੂੰ ਜੀਵ ਆਪਣੇ ਧਾਰਮਿਕ ਯਤਨਾਂ ਨਾਲ ਨਾਸ ਕਰ ਦੇਵੇਗਾ ਤਾਂ ਆਤਮਾ ਸਿੱਧੀ ਉੱਪਰ ਨੂੰ ਉੱਠੇਗੀ ਤੇ ਬ੍ਰਹਿਮੰਡ ਦੀ ਚੋਟੀ 'ਤੇ ਪਹੁੰਚ ਕੇ ਉੱਥੇ ਨਿਵਾਸ ਰੱਖੇਗੀ, ਜਿੱਥੇ ਕਿ ਸਾਰੀਆਂ ਮੁਕਤ ਰੂਹਾਂ ਸਦਾ ਲਈ ਨਿਵਾਸ ਰੱਖਦੀਆਂ ਹਨ। ਮੁਕਤੀ ਪ੍ਰਾਪਤ ਕਰਨ ਵਾਸਤੇ ਇਹ ਜ਼ਰੂਰੀ ਹੈ ਕਿ ਕੋਈ ਨਵਾਂ ਕਰਮ, ਜੀਵ ਆਤਮਾ ਵਿਚ ਦਾਖਲ ਨਾ ਹੋਵੇ ਤੇ ਪੁਰਾਣੇ ਦਾਖਲ ਹੋਏ ਕਰਮਾਂ ਦਾ ਅਭਾਚ ਕੀਤਾ ਜਾਵੇ।'[118] ਮੁਕਤੀ ਦੇ ਇਸ ਸਰੂਪ ਨੂੰ ਮੰਨਦਿਆਂ ਜੈਨ-ਧਰਮ ਵਿਚ ਬਹੁਤ ਕਰੜੇ ਪਰਹੇਜ਼ ਤੋਂ ਕੰਮ ਲਿਆ ਜਾਂਦਾ ਹੈ। ਜੈਨੀ ਜੀਵਨ ਬਹੁਤ ਕਰੜੀ ਰਿਆਜ਼ਤ ਦਾ ਜੀਵਨ ਹੋ ਜਾਂਦਾ ਹੈ। ਗੁਰਬਾਣੀ ਵਿਚ ਇਕ ਜੈਨੀ ਜਿਸਨੂੰ ਦਿਗੰਬਰ ਵੀ ਕਿਹਾ ਜਾਂਦਾ ਹੈ, ਬਾਰੇ ਇਸ ਤਰ੍ਹਾਂ ਉਪਦੇਸ਼ ਹੈ:

ਆਸ ਨਿਰਾਸੀ ਤਉ ਸੰਨਿਆਸੀ ॥ ਜਾਂ ਜਤੁ ਜੋਗੀ ਤਾਂ ਕਾਇਆ ਭੋਗੀ॥
ਦਇਆ ਦਿਗੰਬਰੁ ਦੇਹ ਬੀਚਾਰੀ॥ ਆਪਿ ਮਰੈ ਅਵਰਾ ਨਹ ਮਾਰੀ॥
ਏਕੁ ਤੂ ਹੋਰਿ ਵੇਸ ਬਹੁਤੇਰੇ॥ ਨਾਨਕੁ ਜਾਣੈ ਚੋਜ ਨ ਤੇਰੇ॥[119]

ਵਾਰ ਮਲਾਰ ਦੀ 16ਵੀ ਪਉੜੀ ਵਿਚ ਦਰਜ ਹੈ:

ਇਕਿ ਜੈਨੀ ਉਝੜ ਪਾਇ ਧੁਰਹੁ ਖੁਆਇਆ॥
ਤਿਨ ਮੁਖਿ ਨਾਹੀ ਨਾਮੁ ਨ ਤੀਰਥਿ ਨਾਇਆ॥
ਹਥੀ ਸਿਰ ਖੋਹਾਇ ਨ ਭਦੁ ਕਰਾਇਆ॥

ਕੁਚਿਲ ਰਹਹਿ ਦਿਨ ਰਾਤਿ ਸਬਦੁ ਨ ਭਾਇਆ॥
ਤਿਨ ਜਾਤਿ ਨ ਪਤਿ ਨ ਕਰਮੁ ਜਨਮ ਗਵਾਇਆ॥
ਮਨਿ ਜੂਠੈ ਵੇਜਾਤਿ ਜੂਠਾ ਖਾਇਆ॥
ਬਿਨੁ ਸਬਦੈ ਆਚਾਰੁ ਨ ਕਿਨ ਹੀ ਪਾਇਆ॥ [120]

ਗ੍ਰਹਿਸਥ ਮਾਰਗ ਤੋਂ ਘਿਰਣਾ ਕਰ ਕੇ ਭੇਖ ਵਜੋਂ ਇਨ੍ਹਾਂ ਲੋਕਾਂ ਨੇ ਨੰਗੇ ਰਹਿਣ ਦੀ ਪ੍ਰਥਾ ਦਾ ਆਰੰਭ ਕੀਤਾ। ਮਨ ਵਿਚ ਦੁਨੀਆਦਾਰੀ ਤੋਂ ਨਫ਼ਰਤ ਹੋਣ ਤੇ ਨਾਂਗਾ ਸਾਧੂ ਵਸਤ੍ਰਾਂ ਦਾ ਸਾਧੂ ਤਾਂ ਬਣ ਗਿਆ ਪਰ ਮਨ ਦਸੋ ਦਿਸ਼ਾਂ ਵਲ ਭਟਕਦਾ ਹੀ ਰਿਹਾ। ਗੁਰੂ ਰਾਮਦਾਸ ਜੀ ਅਜਿਹੀ ਅਵੱਸਥਾ ਨੂੰ ਇੰਞ ਬਿਆਨ ਕਰਦੇ ਹਨ:

ਉਪਜੀ ਤਰਕ ਦਿਗੰਬਰ ਹੋਆ ਮਨ
ਦਹ ਦਿਸ ਚਲਿ ਚਲਿ ਗਵਨੁ ਕਰਈਆ।
ਆਸਾ ਆਸ ਕਰੈ ਨਹੀ ਬੂਝੈ ਗੁਰ ਕੈ,
ਸ਼ਬਦਿ ਨਿਰਾਸ ਸੁਖ ਲਹੀਆ। [121]

ਗੁਰੂ ਨਾਨਕ ਸਾਹਿਬ ਨੇ ਮਾਝ ਰਾਗ ਵਿਚ ਜੈਨੀਆਂ ਦੀ ਜੀਵਨ ਕਿਰਿਆ ਨੂੰ ਇਸ ਤਰ੍ਹਾਂ ਪੇਸ਼ ਕੀਤਾ ਹੈ;

ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ॥
ਫੋਲਿ ਫਦੀਹਤਿ ਮੋਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ॥
ਭੇਡਾਂ ਵਾਗੀ ਸਿਰੁ ਖੋਹਾਇਨ ਭਰੀਅਨਿ ਹਥ ਸੁਆਹੀ॥
ਮਾਊ ਪੀਊ ਕਿਰਤੁ ਗਵਾਇਨ ਟਬਰ ਰੋਵਨਿ ਧਾਹੀ॥
ਓਨਾ ਪਿੰਡ ਨ ਪਤਲਿ ਕਿਰਿਆ ਨ ਦੀਵਾ ਮੁਏ ਕਿਥਾਊ ਪਾਹੀ॥ [122]

ਗੁਰੂ ਸਾਹਿਬਾਨ ਸੁੱਚਜੀ ਜੀਵਨ ਸ਼ੈਲੀ ਤੇ ਸੁੱਚਜੀ ਜੀਵਨ ਘਾੜਤ ਉੱਤੇ ਜ਼ੋਰ ਦਿੰਦੇ ਹਨ। ਉਹ ਜੀਵਨ ਜੋ ਆਪ ਵੀ ਸਿਹਤਮੰਦ ਹੋਵੇ ਤੇ ਸਿਹਤਮੰਦ ਵਾਤਾਵਰਣ ਵੀ ਉਸਾਰੇ ਜਿਸ ਵਿਚ ਹੱਕ ਨਾਲ ਰਿਹਾ ਜਾ ਸਕੇ।

ਗੁਰਬਾਣੀ ਦੀ ਧਾਰਮਿਕ ਨੀਤੀ ਮਨੁੱਖਤਾ ਦੀ ਭਲਾਈ ਲਈ ਵਚਨਬੱਧ ਹੈ। ਇਸ ਲਈ ਗੁਰਬਾਣੀ ਨੇ ਜਿਸ ਧਰਮ ਦੇ ਲੋਕਾਂ ਵਿਚ ਪ੍ਰਚਲਿਤ ਧਾਰਮਿਕ ਭਾਵਨਾਵਾਂ ਤੋਂ ਉਲਟ ਕੋਈ ਫੇਰ ਦੇਖਿਆ ਤਾਂ ਉਸਨੂੰ ਦਰੁਸਤ ਕਰਨ ਦਾ ਵਲ ਵੀ ਪੇਸ਼ ਕੀਤਾ। ਇਸਲਾਮ ਪੈਗੰਬਰੀ ਧਰਮ ਹੈ ਤੇ ਹਜ਼ਰਤ ਮੁਹੰਮਦ ਸਾਹਿਬ ਇਸ ਦੇ ਬਾਨੀ ਹੋਏ ਹਨ। ਭਾਰਤ ਦੇ ਵਿਚ ਇਕ ਲੰਮਾ ਸਮਾਂ ਮੁਸਲਮਾਨ ਸ਼ਾਸ਼ਕਾਂ ਦਾ ਰਾਜ ਰਿਹਾ। ਗੁਰੂ ਸਾਹਿਬਾਨ ਦਾ ਮੁਗਲ ਸ਼ਾਸ਼ਕਾਂ ਨਾਲ ਸੰਬੰਧ ਦੋ ਪੱਖੀ ਸੀ। ਅਕਬਰ ਵਰਗੇ ਬਾਦਸ਼ਾਹ ਗੁਰੂ ਘਰ ਦੀ ਇੱਜ਼ਤ ਕਰਦੇ ਹਨ ਤੇ ਆਪਣੇ ਧਰਮ ਦੀ ਮਰਿਆਦਾ ਦਾ ਪਾਲਣ ਕਰਦੇ ਹਨ। ਦੂਜੇ ਪਾਸੇ ਗੁਰੂ ਅਰਜਨੁ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਮੁਗਲ ਸ਼ਾਸ਼ਕਾਂ ਜਹਾਂਗੀਰ ਅਤੇ ਔਰੰਗਜ਼ੇਬ ਦੀਆਂ

ਧਾਰਮਿਕ ਅਸਹਿਣਸ਼ੀਲਤਾ ਦਾ ਸ਼ਿਕਾਰ ਹੁੰਦੇ ਹੋਏ ਸ਼ਹੀਦ ਹੋ ਗਏ। ਗੁਰੂ ਸਾਹਿਬਾਨ ਨੇ ਬੜੀ ਬੇਬਾਕੀ ਨਾਲ ਇਕ ਚੰਗੇ ਮੁਸਲਮਾਨ ਦੀ ਹੋਂਦ ਤੇ ਸੰਵਾਦ ਰਚਾਇਆ। ਇਕ ਅਸਲੀ ਮੁਸਲਮਾਨ ਦਾ ਵਜੂਦ ਉਹੀ ਹੈ ਜੋ ਅੱਲਹ ਦੇ ਭਗਤਾਂ ਦੇ ਧਰਮ ਨੂੰ ਮਿੱਠੜਾ ਕਰ ਕੇ ਮੰਨੇ ਤੇ ਆਪਣੇ ਅਭਿਮਾਨ ਨੂੰ ਮਿਟਾ ਦੇਵੇ। ਮੌਤ ਓਤੇ ਜ਼ਿੰਦਗੀ ਦੇ ਵਹਿਮਾਂ ਤੋਂ ਬੇਨਿਆਜ਼ ਹੋ ਕੇ, ਰੱਬ ਦੇ ਭਾਣੇ ਨੂੰ ਮੰਨਦਾ ਹੋਏ ਸਮੁੱਚੇ ਵਿਸ਼ਵ ਲਈ ਮਿਹਰਵਾਨ ਹੋਵੇ, ਹਮਦਰਦ ਅਤੇ ਦਇਆਵਾਨ ਹੋਣ ਦਾ ਫਰਜ਼ ਨਿਭਾਏ-

ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ॥
ਅਵਲਿ ਅਉਲਿ ਦੀਨੁ ਕਰਿ ਮਿਠਾ ਮੁਸਕਲ ਮਾਨਾ ਮਾਲੁ ਮੁਸਾਵੈ॥
ਹੋਇ ਮੁਸਲਿਮ ਦੀਨ ਮੁਹਾਣੈ ਮਰਣ ਜੀਣ ਕਾ ਭਰਮੁ ਚੁਕਾਵੈ॥
ਰਬ ਕੀ ਰਜਾਇ ਮੰਨੇ ਸਿਰ ਊਪਰਿ ਕਰਤਾ ਮੰਨੇ ਆਪੁ ਗਵਾਵੈ॥
ਤਉ ਨਾਨਕ ਸਰਬ ਜੀਆ ਮਿਹਰੰਮਤਿ
ਹਇ ਤ ਮੁਸਲਮਾਨ ਕਹਾਵੈ॥ [123]

ਮੁਸਲਮਾਨਾਂ ਨੂੰ ਚੰਗਾ ਮੁਸਲਿਮ ਬਣਨ ਅਤੇ ਮੁਸਲਿਮ ਰਹੁ-ਰੀਤੀ ਅਨੁਸਾਰ ਅਮਲ ਕਰਨ ਦੇ ਗੁਰਬਾਣੀ ਵਿਚ ਬੜੇ ਪ੍ਰਵਚਨ ਮਿਲਦੇ ਹਨ:

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਨ॥ [124]

ਇਕ ਸੱਚੇ ਮੁਸਲਮਾਨ ਦੀ ਮਸਜਿਦ ਉਸਦੀ ਦਇਆ ਵਿਚ ਝਲਕਣੀ ਚਾਹੀਦੀ ਹੈ ਓਤੇ ਉਦਾ ਅਟੱਲ ਨਿਸਚਾ ਹੀ ਉਸਦਾ ਮੁਸੱਲਾ ਹੋਣਾ ਚਾਹੀਦਾ ਹੈ ਜਿਸ ਤੇ ਬੈਠ ਕੇ ਉਹ ਆਪਣੀ ਨਮਾਜ਼ ਅਦਾ ਕਰੇ।ਹੱਕ ਇਨਸਾਫ਼ ਅਤੇ ਨੇਕ ਨੀਤੀ ਕਰਨੀ ਉਸਦਾ ਪਵਿੱਤਰ ਕੁਰਾਨ ਹੋਵੇ। ਸ਼ਰਾਫਤ ਅਤੇ ਨੇਕ ਨੀਤੀ ਉਸਦੀ ਸੁਨੰਤ ਹੋਵੇ। ਸੱਚਾਈ ਭਰਪੂਰ ਵਿਹਾਰ ਉਸਦਾ ਰੋਜ਼ਾ ਹੋਵੇ।

ਮੁਲਾਂ ਮੁਲਾਣਿਆਂ ਦੇ ਬਾਹਰਲੇ ਭੇਖ, ਉਨ੍ਹਾਂ ਦੀਆਂ ਮੱਕਾਰੀਆਂ ਤੇ ਪਾਖੰਡਾਂ ਗੁਰੂ ਸਾਹਿਬਾਨ ਨੇ ਮੁਸਲਿਮ ਲੋਕਾਂ ਨੂੰ ਚਿਤਾਰਿਆ ਅਤੇ ਸੱਚੇ ਰਾਹ ਤੇ ਚੱਲਣ ਲਈ ਪ੍ਰੇਰਿਤ ਕੀਤਾ-

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥
ਜੋ ਰਤੁ ਪੀਵਹਿ ਮਾਣਸਾ ਤਿਨ ਕਉ ਨਿਰਮਲੁ ਚੀਤੁ॥

ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ॥
ਅਵਰਿ ਦਿਵਾਜੈ ਦੁਨੀ ਕੇ ਝੂਠੇ ਅਮਲ ਕਰੇਹਿ॥[125]

ਮੁਸਲਮਾਣੁ ਮੋਮ ਦਿਲਿ ਹੋਵੈ॥ ਅੰਤਰ ਕੀ ਮਲੁ ਦਿਲ ਤੇ ਧੋਵੈ॥
ਦੁਨੀਆ ਰੰਗ ਨ ਆਵੈ ਨੇੜੇ ਜਿਉ ਕੁਸਮ ਪਾਟੁ ਘਿਉ ਪਾਕ ਹਰਾ॥
ਜਾ ਕਉ ਮਿਹਰ ਮਿਹਰ ਮਿਹਰਵਾਨਾ॥ ਸੋਈ ਮਰਦੁ ਮਰਦੁ ਮਰਦਾਨਾ॥
ਸੋਈ ਸੇਖੁ ਮਸਾਇਕੁ ਹਾਜੀ, ਸੋ ਬੰਦਾ ਜਿਸੁ ਨਜਰਿ ਨਰਾ॥[126]

ਮੁਸਲਮਾਨਾ ਸਿਫਤਿ ਸ਼ਰੀਅਤਿ ਪੜਿ ਪੜਿ ਕਰਹਿ ਬੀਚਾਰੁ॥
ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ॥[127]

ਭਗਤ ਕਬੀਰ ਦੀਆਂ ਇਹ ਤੁਕਾਂ ਅੰਤਰ-ਆਤਮਾ ਨੂੰ ਹਲੂਣਦੀਆਂ ਹਨ:

ਰੋਜਾ ਧਰੈ ਮਨਾਵੈ ਅਲਹੁ ਸੁਆਦਤਿ ਜੀਅ ਸੰਘਾਰੈ॥
ਆਪਾ ਦੇਖਿ ਅਵਰ ਨਹੀ ਦੇਖੈ ਕਾਹੇ ਕਉ ਝਖ ਮਾਰੈ॥
ਕਾਜੀ ਸਾਹਿਬੁ ਏਕੁ ਤੋਹੀ ਮਹਿ ਤੇਰਾ ਸੋਚਿ ਬਿਚਾਰਿ ਨ ਦੇਖੈ॥
ਖਬਰਿ ਨ ਕਰਹਿ ਦੀਨ ਕੇ ਬਉਰੇ ਤਾ ਤੇ ਜਨਮੁ ਅਲੇਖੈ॥ਰਹਾਉ॥
ਸਾਚੁ ਕਤੇਬ ਬਖਾਨੈ ਅਲਹੁ ਨਾਰਿ ਪੁਰਖੁ ਨਹੀ ਕੋਈ॥
ਪਢੈ ਗੁਨੇ ਨਾਹੀ ਕਛੁ ਬਉਰੇ ਜਉ ਦਿਲ ਮਹਿ ਖਬਰਿ ਨ ਹੋਈ॥
ਅਲਹੁ ਗੈਬੁ ਸਗਲ ਘਟ ਭੀਤਿਰ ਹਿਰਦੈ ਲੇਹੁ ਬਿਚਾਰੀ॥
ਹਿੰਦੂ ਤੁਰਕ ਦੁਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ॥[128]

ਇਨ੍ਹਾਂ ਪ੍ਰਮਾਣਾਂ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਸਾਹਿਬਾਨ ਅੰਦਰਲੇ ਗੁਣਾਂ ਨੂੰ ਤਰਜੀਹ ਦਿੰਦੇ ਸਨ ਤਾਂ ਕਿ ਇਕ ਅਜਿਹਾ ਸਮਾਜ ਸਿਰਜਿਆ ਜਾ ਸਕੇ ਜੋ ਆਪਸੀ ਸਾਂਝ ਤੇ ਭਾਈਚਾਰੇ ਦਾ ਪ੍ਰਤੀਕ ਹੋ ਜਾਵੇ।

ਅੰਤਰ-ਧਰਮ ਸੰਵਾਦ ਰਾਹੀ ਪੇਸ਼ ਹੋਇਆ ਪ੍ਰਵਚਨ, ਆਲੋਚਨਾ ਅਤੇ ਸਵੈ-ਆਲੋਚਨਾ, ਵਿਸ਼ਵ-ਵਿਆਪੀ ਧਰਮਾਂ ਨਾਲ ਸੰਬੰਧਿਤ ਹਰੇਕ ਮਨੁੱਖ ਦੇ ਸੰਪੂਰਨ ਵਿਕਾਸ ਲਈ ਆਪਸੀ ਵਖਰੇਵਿਆਂ ਦੀ ਬਜਾਏ ਵਿਭਿੰਨ ਧਰਮਾਂ ਦੇ ਸਤਿਕਾਰ ਤੇ ਸਮਾਨ ਅਧਿਕਾਰਾਂ ਦੀ ਪ੍ਰੋੜਤਾ ਕਰਦਾ ਹੋਇਆ ਵਿਭਿੰਨ ਧਰਮਾਂ ਨੂੰ ਜੋੜਨ ਵਾਲਾ ਹੋਣਾ ਚਾਹੀਦਾ ਹੈ।ਬਾਬਾ ਫ਼ਰੀਦ ਦੀ

ਬਾਣੀ ਦੀ ਬੇਬਾਕੀ ਦਾ ਆਲਮ ਇਹ ਹੈ ਕਿ ਆਪ ਨੇ ਜਿੱਥੇ ਧਰਮ ਦੇ ਦੇ ਲੋਕਾਂ ਵਿਚ ਉਨ੍ਹਾਂ ਦੀਆਂ ਪ੍ਰਚਲਿਤ ਧਾਰਮਿਕ ਧਾਰਨਾਵਾਂ ਤੋਂ ਉਲਟ ਕੋਈ ਫੇਰ ਬਦਲ ਦੇਖਿਆ, ਉੱਥੇ ਹੀ ਉਸਨੂੰ ਦਰੁਸਤ ਕਰਨ ਦਾ ਤਰੀਕਾ ਦਰਸਾ ਦਿੱਤਾ। ਸ਼ਰਈ ਮੁਸਲਮਾਨਾਂ ਨੂੰ ਮੁਸਲਮਾਨੀ ਰਹੁ-ਰੀਤੀ ਅਨੁਸਾਰ ਅਮਲ ਕਰਨ ਲਈ ਸਖ਼ਤ ਉਪਦੇਸ ਮਿਲਦੇ ਹਨ-

ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ॥
ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ॥[129]
ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ॥
ਜੋ ਸਿਰ ਸਾਈ ਨ ਨਿਵੈ ਸੋ ਸਿਰ ਕਪਿ ਉਤਾਰ॥[130]

ਬਾਬਾ ਫ਼ਰੀਦ ਜੀ ਸੂਫ਼ੀ ਦਰਵੇਸ਼ ਸਨ ਤੇ ਉਨ੍ਹਾਂ ਨੇ ਹਿੰਮਤ ਤੇ ਦਲੇਰੀ ਨਾਲ ਸੂਫ਼ੀ ਸਾਧਕਾਂ ਨੂੰ ਵੰਗਾਰਿਆ, ਆਤਮ-ਪਛਾਣ ਤੇ ਆਤਮ-ਨਿਰੀਖਣ ਦਾ ਸੰਵਾਦ ਰਚਾਇਆ। ਸਵੈ-ਆਲੋਚਨਾ ਦਾ ਇਹ ਪੱਖ ਧਰਮ ਦੇ ਸਹੀ ਮਾਰਗ ਨੂੰ ਉਚਿਆਉਣਾ ਹੈ, ਧਰਮ ਦੀ ਸਹੀ ਪਛਾਣ ਨੂੰ ਸਥਾਪਿਤ ਕਰਨਾ ਹੈ। ਮਨ, ਬਚਨ ਤੇ ਕਰਮ ਦੀ ਏਕਤਾ ਦਾ ਇਹ ਪ੍ਰਵਚਨ ਕ੍ਰਾਂਤੀਕਾਰੀ ਹੋ ਨਿਬੜਿਆ ਹੈ-

ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸ ॥
ਗੁਨਹੀ ਭਰਿਆ ਮੈ ਫਿਰਾ ਲੋਕ ਕਹੈ ਦਰਵੇਸੁ॥[131]

ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ॥
ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ॥[132]

ਜੰਗਲਾਂ ਵਿਚ ਜਾ ਕੇ ਰਹਿਣ ਵਾਲੇ ਸੰਨਿਆਸੀਆਂ ਤੇ ਤਿਆਗੀਆਂ ਨੂੰ ਇਹੀ ਸੰਦੇਸ਼ ਹੈ ਕਿ ਸੰਸਾਰ ਵਿਚ ਵਿਚਰਦਿਆਂ ਹੋਇਆ, ਨੇਕ ਕਾਰ ਵਿਹਾਰ ਕਰਦਿਆਂ ਜੀਵਨ ਦਾ ਨਿਰਬਾਹ ਕਰਨਾ ਚਾਹੀਦਾ ਹੈ-

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥
ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥[133]

ਅੰਤਰ ਧਰਮ-ਸੰਵਾਦ ਤੋਂ ਇਹ ਭਾਵ ਬਿਲਕੁਲ ਨਹੀਂ ਕਿ ਸੰਵਾਦ ਵਿਚ ਹਿੱਸਾ ਲੈ ਰਿਹਾ ਵਿਅਕਤੀ ਤੁਹਾਡੇ ਨਾਲ ਸਹਿਮਤ ਹੋ ਜਾਵੇ। ਬਾਬਾ ਫ਼ਰੀਦ ਦੀ ਅੰਤਰ-ਧਰਮ ਸੰਵਾਦ ਦੀ ਪ੍ਰਕਿਰਿਆ, ਉਨ੍ਹਾਂ ਦੀ ਸ਼ਾਨਦਾਰ ਤੇ ਦੂਰ-ਦ੍ਰਿਸ਼ਟਤਾ ਭਰੀ ਸੋਚ ਦਾ ਪ੍ਰਦਰਸ਼ਨ ਹੈ ਜਿਸ ਅਨੁਸਾਰ ਹਰ ਕਿਸੇ ਨੂੰ ਸਹੀ ਮਾਰਗ ਤੇ ਚੱਲਣ ਦੀ ਸਪਸ਼ਟ ਪ੍ਰੇਰਨਾ ਪ੍ਰਾਪਤ ਹੁੰਦੀ ਹੈ। ਮਨੁੱਖਤਾ

ਦਾ ਮਕਸਦ ਤਾਂ ਜੀਵਨ ਨੂੰ ਨਿਖਾਰਨਾ ਹੈ, ਨੇਕ ਲਕਸ਼ਾਂ ਦੀ ਪ੍ਰਾਪਤੀ ਲਈ ਕਰਮਸ਼ੀਲ ਰਹਿਣਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਦੇ ਅਠਾਰਾਂ ਸਲੋਕ ਅਜਿਹੇ ਹਨ ਜੋ ਬਾਬਾ ਫਰੀਦ ਦੇ ਕਲਾਮ ਦਾ ਸਪੱਸ਼ਟੀਕਰਨ ਹਨ। ਜਿਵੇ:

ਫਰੀਦਾ ਰਤੀ ਰਤੁ ਨ ਨਿਕਲੈ ਜੇ ਤਨੁ ਚੀਰੈ ਕੋਇ॥
ਜੋ ਤਨ ਰਤੇ ਰਬ ਸਿਉ ਤਿਨ ਤਨਿ ਰਤੁ ਨ ਹੋਇ॥[134]

ਇਸ ਦਾ ਉੱਤਰ ਗੁਰੂ ਅਮਰਦਾਸ ਜੀ ਦੇ ਮੁਖਵਾਕ ਤੋਂ ਇੰਝ ਹੈ:

ਇਹੁ ਤਨੁ ਸਭੋ ਰਤੁ ਹੈ ਰਤੁ ਬਿਨੁ ਤਨੁ ਨ ਹੋਇ॥
ਜੋ ਸਹ ਰਤੇ ਆਪਣੇ ਤਿਤੁ ਤਨਿ ਲੋਭੁ ਰਤੁ ਨ ਹੋਇ॥[135]

'ਅੰਤਰ ਧਰਮ ਸੰਵਾਦ' ਦੇ ਸੰਬੰਧ ਵਿਚ ਗੁਰੂ ਗ੍ਰੰਥ ਸਾਹਿਬ ਦੇ ਕੀਤੇ ਅਧਿਐਨ ਉਪਰੰਤ ਇਸ ਸਿੱਟੇ ਤੇ ਪੁੱਜਿਆ ਗਿਆ ਹੈ ਕਿ ਇਸ ਵਿਚੋਂ ਪੇਸ਼ ਹੁੰਦਾ ਸੰਵਾਦ ਵਿਤਕਰੇ ਤੇ ਸੰਕੀਰਣਤਾ ਦੀਆਂ ਹੱਦਾਂ ਨੂੰ ਮੇਟ ਕੇ ਸਰਬ ਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਦਾ ਪ੍ਰਵਚਨ ਸਥਾਪਿਤ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ 'ਨਾ ਕੋਈ ਹਿੰਦੂ ਨਾ ਮੁਸਲਮਾਨ' ਅਤੇ 'ਸਭੇ ਸਾਝੀਵਾਲ ਸਦਾਇਨਿ' ਦੇ ਸੰਵਾਦਾਂ ਵਿਚ ਨਿਸਚਾ ਰੱਖਦੀ ਇਕ ਮਨੁੱਖ ਤੋਂ ਮਨੁੱਖਤਾ ਤੱਕ ਦਾ ਪਾਸਾਰ ਕਰਦੀ ਹੈ। ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ ਸਮੂਹ ਧਰਮਾਂ ਦੀ ਇੱਜ਼ਤ ਅਤੇ ਸਮੂਹ ਧਰਮਾਂ ਪ੍ਰਤੀ ਸਤਿਕਾਰ ਪ੍ਰਗਟ ਕਰਦੇ ਹਨ ਜੋ ਮਨੁੱਖਤਾ ਦੀ ਸੇਵਾ ਨਾਲ ਜੁੜੇ, ਸੱਚੇ ਤੇ ਸੁੱਚੇ ਆਚਰਣ ਦੀ ਉਸਾਰੀ ਲਈ ਪ੍ਰਯਤਨਸ਼ੀਲ ਅਤੇ ਵਚਨਬੱਧ ਹਨ। 'ਸ਼ੁਭ ਅਮਲਾਂ ਬਾਝੋ ਦੋਨੋ ਰੋਈ' ਦੇ ਸਿਧਾਂਤ ਅਨੁਸਾਰ ਗੁਰਬਾਣੀ ਦਾ ਮੁੱਖ ਫਰਜ਼ ਉਸਾਰੂ ਤੇ ਯੋਗ ਕਰਮਾਂ ਦੀ ਅਗਵਾਈ ਕਰਨਾ ਹੈ ਤਾਂ ਜੋ ਵਿਸ਼ਵ ਵਿਚ ਪਰਸਪਰ ਪਿਆਰ ਅਤੇ ਸ਼ਾਂਤੀ ਵਿਕਸਿਤ ਹੋ ਸਕੇ। ਬੜੀ ਧਿਆਨਦੇਣ ਯੋਗ ਗਲ ਹੈ ਕਿ ਗੁਰਬਾਣੀ ਸਮੁੱਚੇ ਧਾਰਮਿਕ ਵਾਤਾਵਰਣ ਦੀ ਉਸਾਰੀ ਦੇ ਪ੍ਰਬੰਧ ਹੇਠ ਰਚੀ ਗਈ ਹੈ। ਗੁਰੂ ਸਾਹਿਬ ਹੋਰਨਾਂ ਧਰਮਾਂ ਤੇ ਯਕੀਨ ਤੇ ਨਿਸਚਾ ਕਰਦੇ ਹਨ ਤਾਂ ਹੀ ਉਨ੍ਹਾਂ ਦੀ ਰਚਨਾ ਵਿਚ ਸਭ ਪ੍ਰਕਾਰ ਦੇ ਰੱਬ, ਦੇਵੀ ਦੇਵਤੇ, ਅਵਤਾਰ, ਧਾਰਮਿਕ-ਮਿਥਿਹਾਸਕ ਚਿੰਨ੍ਹਾਂ ਅਤੇ ਰਸਮਾਂ ਦਾ ਵਿਵਰਣ ਹੈ। ਆਪ ਤਾਂ ਧਰਮ ਦੀ ਸਹੀ ਤੇ ਵਾਸਤਵਿਕ ਭਾਵਨਾ ਦਾ ਸੰਚਾਰ ਕਰਨਾ ਲੋਚਦੇ ਹਨ।

## 3.4 ਬਹੁ-ਸਭਿਆਚਾਰਕ ਸਮਾਜ ਦੀ ਸਥਾਪਨਾ

ਸਭਿਆਚਾਰ ਕਿਸੇ ਲੋਕ-ਖਿੱਤੇ ਦੁਆਰਾ ਸਿਰਜੀ ਵਿਸ਼ੇਸ਼ ਜੀਵਨ-ਜਾਚ ਦਾ ਨਾਂ ਹੈ।'ਵਾਸਤਵ ਵਿਚ ਸਭਿਆਚਾਰ ਸੱਚੀ ਅਤੇ ਸੁੱਚੀ, ਵਡੇਰੀ ਅਤੇ ਸੂਝ ਭਰੀ ਸ਼ਖ਼ਸੀਅਤ ਸਿਰਜਣ ਲਈ ਮਨੁੱਖਾਂ ਵੱਲੋਂ ਉਸਾਰਿਆ ਗਿਆ ਇੱਕ ਸਾਂਝਾ ਪ੍ਰਬੰਧ ਹੈ। ਇਸੇ ਲੋੜ ਹਿਤ ਘਰ, ਪਰਿਵਾਰ, ਭਾਈਚਾਰਾ, ਰਿਸ਼ਤਾ-ਨਾਤਾ ਪ੍ਰਬੰਧ, ਵਿਆਹ-ਪ੍ਰਬੰਧ, ਰੀਤੀ-ਰਿਵਾਜ, ਵਿਸ਼ਵਾਸ, ਕੀਮਤਾਂ, ਪ੍ਰਤਿਮਾਨ, ਕਲਾਵਾਂ, ਪਹਿਰਾਵਾ, ਹਾਰ-ਸ਼ਿੰਗਾਰ, ਲੋਕਧਾਰਾ ਅਤੇ ਅਜਿਹੀਆਂ ਹੋਰ ਵੰਨਗੀਆਂ ਦੀ ਸਿਰਜਣਾ

ਹੁੰਦੀ ਆਈ ਹੈ। ਇਹ ਸਭ ਸਿਰਜਣਾਵਾਂ ਮਨੁੱਖ ਨੂੰ ਪਸੂਪੁਣੇ ਤੋਂ ਉੱਪਰ ਉਠਾ ਕੇ ਉਸਾਰੂ ਅਤੇ ਸੁਚਾਰੂ ਮਨੁੱਖ ਬਣਨ-ਬਣਾਉਣ ਲਈ ਸਿਰਜੇ ਗਏ ਵਸੀਲੇ ਹਨ।'[136] ਗਿਆਨ-ਸ਼ਾਸਤਰ ਦੇ ਵਰਤਮਾਨ ਪਰਿਪੇਖ ਨੇ ਸਭਿਆਚਾਰ ਨੂੰ ਮਨੱਖ ਦੀ ਵਿੱਲਖਣ ਪ੍ਰਾਪਤੀ ਦੇ ਤੋਰ ਤੇ ਸਵੀਕਾਰ ਕੀਤਾ ਹੈ ਕਿਉਂਕਿ ਇਸ ਵਿਚ ਉਹ ਪਸ਼ੂ ਜੀਵਨ ਤੋਂ ਅਗਾਂਹ ਲੰਘ ਕੇ ਆਪਣੀਆਂ ਲੋੜਾਂ ਨੂੰ ਪੂਰਾ ਕਰਨ ਦੇ ਨਾਲ-ਨਾਲ ਨਿੱਜੀ ਅਤੇ ਸਮੂਹਿਕ ਸੰਭਾਵਨਾਵਾਂ ਨੂੰ ਵੀ ਪ੍ਰਫੁਲਿਤ ਕਰਦਾ ਹੈ।'ਇਉਂ ਸਭਿਆਚਾਰ ਮਨੁੱਖ ਦੀ ਸੰਪੂਰਨ ਜੀਵਨ ਵਿਧੀ ਦਾ ਲਖਾਇਕ ਹੋ ਨਿਬੜਦਾ ਹੈ ਅਤੇ ਇਸਨੂੰ ਮਨੁੱਖ ਅਤੇ ਮਨੁੱਖਤਾ ਦਾ ਪਛਾਣ-ਚਿੰਨ੍ਹ ਵੀ ਆਖਿਆ ਜਾ ਸਕਦਾ ਹੈ। ਇਹ ਕਲਾ, ਧਰਮ, ਦਰਸ਼ਨ, ਨੈਤਿਕਤਾ ਆਦਿ ਅਨੇਕ ਰੂਪਾਂ ਵਿਧੀਆਂ ਦੇ ਮਾਧਿਅਮ ਰਾਹੀ ਮੂਰਤੀਮਾਨ ਹੁੰਦਾ ਹੈ। ਪਰ ਮਨੁੱਖੀ ਸਭਿਆਚਾਰ ਦਾ ਇਹ ਸਿਰਜਿਤ ਸੰਸਾਰ ਖਲਾਅ ਵਿਚੋਂ ਜਨਮ ਨਹੀਂ ਲੈਂਦਾ ਸਗੋਂ ਇਸ ਦੀ ਬੁਨਿਆਦ ਸਮਾਜਕ-ਆਰਥਿਕ ਬਣਤਰ ਦੇ ਸਮੁੱਚੇ ਸੰਗਠਨ ਉਪਰ ਟਿਕੀ ਹੁੰਦੀ ਹੈ ਜੋ ਇਤਿਹਾਸਕ ਵਿਕਾਸ ਦੀ ਗਤੀ ਥਾਣੀਂ ਲੰਘਦਾ ਹੋਇਆ ਨਿਰੰਤਰ ਤਬਦੀਲ ਹੁੰਦਾ ਰਹਿੰਦਾ ਹੈ।'[137] ਆਰਥਿਕ, ਰਾਜਸੀ ਜਾਂ ਤਕਨੀਕੀ ਕ੍ਰਾਂਤੀ ਦੁਆਰਾ ਆਈਆਂ ਤਬਦੀਲੀਆਂ ਨਾਲ ਸਭਿਆਚਾਰ ਦੀ ਰੂਪ-ਰੇਖਾ ਵਿਚ ਪਰਿਵਰਤਨ ਆਉਂਦਾ ਰਹਿੰਦਾ ਹੈ। ਜਦੋਂ ਕੋਈ ਸਮਾਜ ਪਰਿਵਰਤਨਾਂ ਨੂੰ ਰੱਦ ਕਰਕੇ ਜੀਉਣਾ ਚਾਹੁੰਦਾ ਹੈ ਤਾਂ ਉਹ ਖੜੋਤ ਦਾ ਸ਼ਿਕਾਰ ਹੋ ਜਾਂਦਾ ਹੈ। ਪੰਜਾਬੀ ਸਭਿਆਚਾਰ ਵਿੱਚ ਪਿਛਲੀ ਇਕ ਸਦੀ ਤੋਂ ਬਹੁਤ ਤੇਜ਼ੀ ਨਾਲ ਪਰਿਵਰਤਨ ਵਾਪਰੇ ਹਨ। ਇਸ ਤਰ੍ਹਾਂ ਪੰਜਾਬੀ ਸਭਿਆਚਾਰ ਦੀ ਗਤੀਸ਼ੀਲਤਾ ਤੇ ਲਚਕੀਲੇਪਨ ਤੋਂ ਨਿਰੰਤਰ ਵਿਭਿੰਨਤਾ ਤੇ ਵਨਸੁਵੰਨਤਾ ਪੈਦਾ ਹੋ ਰਹੀ ਹੈ ਜੋ ਕਿਸੇ ਵੀ ਸਭਿਆਚਾਰ ਦੇ ਵਿਕਾਸ ਅਤੇ ਅਮੀਰੀ ਦਾ ਸਬੂਤ ਹੈ। ਇਸ ਵਨਸੁਵੰਨਤਾ ਰਾਹੀਂ ਵਿਭਿੰਨ ਇਕਾਈਆਂ ਵਿਚ ਬਣ ਰਹੇ ਸੰਬੰਧ ਤੇ ਸੰਵਾਦ ਨਾਲ ਸੰਸਕ੍ਰਿਤਕ ਵਿਕਾਸ ਦਾ ਆਰੰਭ ਹੁੰਦਾ ਹੈ। ਬਹੁ-ਸਭਿਆਚਾਰਕ ਸਮਾਜ ਦੀ ਸਥਾਪਨਾ ਇਸੇ ਸੰਸਕ੍ਰਿਤਕ ਵਿਕਾਸ ਦਾ ਪੜਾਅ ਹੈ। ਬਹੁ-ਸਭਿਆਚਾਰਕ ਸਮਾਜ ਅੰਗਰੇਜੀ ਭਾਸ਼ਾ ਦੇ ਸ਼ਬਦ Multiculturalism ਦਾ ਸਮਾਨਅਰਥੀ ਹੈ। ਹੇਠ ਲਿਖੇ ਕਥਨ ਤੋਂ ਬਹੁ-ਸਭਿਆਚਾਰਕ ਸਮਾਜ ਦੇ ਸਰੂਪ ਅਤੇ ਵਿਸ਼ੇਸ਼ਤਾਵਾਂ ਦਾ ਸਪੱਸ਼ਟੀਕਰਨ ਹੁੰਦਾ ਹੈ:

Multiculturalism is a system of socio-religious values and behavior patterns which duly recognize and respect thepresence of all dissimilar ethoses in a society. It envisages such socio-political order which promote the cultural diversity and protects the rights and liberties of cultural minorities. Multiculturalism is characterized as a feel-good celebration of ethno cultural diversity, encouraging citizens to acknowledge and embrace the panoply of customs, traditions, music and cuisine thatexist in a multiethnic society.[138]

ਅਰਥਾਤ ਬਹੁ ਸਭਿਆਚਾਰਕ ਸਮਾਜ ਇਕ ਅਜਿਹਾ ਪ੍ਰਬੰਧ ਹੈ ਜਿਸ ਵਿਚ ਕਿਸੇ ਸਮਾਜ ਦੇ ਵਿਭਿੰਨ ਜਾਤੀ-ਸਮੂਹਾਂ ਦੀਆਂ ਸਮਾਜਕ-ਧਾਰਮਿਕ ਕੀਮਤਾਂ ਅਤੇ ਵਿਹਾਰ-ਸ਼ੈਲੀਆਂ ਦੀ ਪਹਿਚਾਣ ਅਤੇ ਸਤਿਕਾਰ ਸਥਾਪਿਤ ਕੀਤਾ ਜਾਂਦਾ ਹੈ। ਇਹ ਇਕ ਅਜਿਹਾ ਸਮਾਜਕ-ਰਾਜਨੀਤਿਕ ਪ੍ਰਣਾਲੀ ਨੂੰ ਪੇਸ਼ ਕਰਦਾ ਹੈ ਜੋ ਸੰਸਕ੍ਰਿਤਕ ਵਿਭਿੰਨਤਾ ਦਾ ਸਮਰਥਨ ਅਤੇ ਘੱਟ-ਗਿਣਤੀ ਸਮੂਹਾਂ ਦੇ ਅਧਿਕਾਰਾਂ ਅਤੇ ਆਜ਼ਾਦੀ ਨੂੰ ਸੁਰੱਖਿਅਤ ਕਰਦਾ ਹੈ। ਬਹੁ ਸਭਿਆਚਾਰਕ ਸਮਾਜ ਜਿੱਥੇ

ਵਿਭਿੰਨ ਨਸਲੀ ਜਾਂ ਜਾਤੀਆਂ ਦੀ ਸੰਸਕ੍ਰਿਤਕ ਵਿਭਿੰਨਤਾ ਨੂੰ ਮਾਣਦਾ ਹੈ ਉੱਥੇ ਨਾਲ ਹੀ ਸਾਰੇ ਨਾਗਰਿਕਾਂ ਇਕ ਬਹੁ-ਨਸਲੀ ਸਮਾਜ ਵਿਚ ਪਾਏ ਜਾਣ ਵਾਲੇ ਰੀਤੀ-ਰਿਵਾਜਾਂ, ਪਰੰਪਰਾਵਾਂ, ਸੰਗੀਤ, ਪਹਿਰਾਵੇ ਅਤੇ ਵਿਭਿੰਨ ਭਾਂਤ ਦੇ ਭੋਜਨਾਂ ਅਨੁਪਮਤਾ ਨੂੰ ਮਾਣਤਾ ਦੇਣ ਅਤੇ ਧਾਰਨ ਕਰਨ ਲਈ ਉਤਸ਼ਾਹਿਤ ਕਰਦਾ ਹੈ।

ਇਸ ਪ੍ਰਕਾਰ ਬਹੁ-ਸਭਿਆਚਾਰਕ ਸਮਾਜ ਇਕ ਅਧਿਕਾਰ-ਖੇਤਰ ਵਿਚ ਆਉਣ ਵਾਲੇ ਬਹੁ-ਸੰਸਕ੍ਰਿਤਕ ਮਾਨਤਾਵਾਂ ਤੇ ਪਰੰਪਰਾਵਾਂ ਦੀ ਹੋਂਦ ਨੂੰ ਪਰਵਾਨਗੀ ਅਤੇ ਸਮਰਥਨ ਲਈ ਉਤਸ਼ਾਹਿਤ ਕਰਦਾ ਹੈ। ਵਿਸ਼ੇਸ਼ ਰੂਪ ਵਿਚ ਇਸ ਪ੍ਰਬੰਧ ਵਿਚ ਆਦਿ-ਵਾਸੀ/ਜੰਗਲੀ/ਪ੍ਰਾਚੀਨ ਨਸਲਾਂ ਅਤੇ ਵਿਦੇਸ਼ੀ ਨਸਲੀ-ਸਮੂਹਾਂ ਦੀ ਸੰਸਕ੍ਰਿਤੀ ਨੂੰ ਭਾਈਵਾਲ ਬਣਾਉਣ ਦਾ ਯਤਨ ਕੀਤਾ ਜਾਂਦਾ ਹੈ। ਇਹ ਪ੍ਰਬੰਧ ਉਦੋਂ ਹੀ ਸਫਲ ਰੂਪ ਵਿਚ ਕਾਰਜਸ਼ੀਲ ਹੋ ਸਕਦਾ ਹੈ ਜਦੋਂ ਕਿਸੇ ਅਧਿਕਾਰ ਖੇਤਰ ਦੀਆਂ ਸੀਮਾਵਾਂ ਨੂੰ ਖੋਲ੍ਹ ਦਿੱਤਾ ਜਾਵੇ। ਅਸਲ ਵਿਚ ਇਹ ਵਿਚਾਰਧਾਰਾ ਅਤੇ ਨੀਤੀ ਸਮਾਜਕ ਏਕੀਕਰਣ (Social integration) ਜਾਂ ਸੰਸਕ੍ਰਿਤਕ ਇਕਮਿਕਤਾ (cultural assimilation) ਨਾ ਹੋ ਕੇ ਸਭਿਆਚਾਰਕ-ਵਿਭਿੰਨਤਾਵਾਂ ਦੇ ਨਿਵੇਕਲੇਪਨ ਅਤੇ ਵਿਲੱਖਣਤਾ ਨੂੰ ਦੀ ਸੁਰੱਖਿਅਤ ਕਰਨ ਦਾ ਉਪਰਾਲਾ ਹੈ। ਬਹੁ-ਸਭਿਆਚਾਰਕ ਸਮਾਜ ਕਿਸੇ ਰਾਸ਼ਟਰ ਅਧੀਨ ਪਾਏ ਜਾਣ ਵਾਲੇ ਵਿਭਿੰਨ ਜਾਤਾਂ ਜਾਂ ਨਸਲਾਂ ਦੀ ਹੋਂਦ (Identity politics), ਜਾਤੀ-ਭੇਦਤਾ ਦੀ ਰਾਜਨੀਤੀ (The politics of difference) ਅਤੇ ਜਾਤੀ-ਪਛਾਣ ਦੀ ਰਾਜਨੀਤੀ (The politics of recognition) ਨਾਲ ਜੁੜੀ ਹੋਈ ਰਾਜਸੀ ਵਿਚਾਰਧਾਰਾ ਅਤੇ ਇਸ ਦੇ ਨਾਲ ਇਨ੍ਹਾਂ ਨਸਲਾਂ ਦੇ ਆਰਥਿਕ ਹਿੱਤਾਂ ਤੇ ਰਾਜਨੀਤਕ ਤਾਕਤਾਂ ਦੀ ਅਗਵਾਈ ਕਰਦਾ ਹੈ। ਸਮਾਜ ਸ਼ਾਸਤਰੀ ਜੈਨੀਫਰ ਐਲ. ਈਗੇਨ ਦਾ ਮੰਨਣਾ ਹੈ :

Multiculturalism, the view that cultures, races, and athnicities particularly those of minority groups, deserve special acknowledgement of their differences within a dominant political culture.[139]

ਭਾਵ ਬਹੁ-ਸਭਿਆਚਾਰਕ ਸਮਾਜ ਇਕ ਐਸਾ ਦਿਸ਼ਟੀਕੋਣ ਹੈ ਜੋ ਇਕ ਪ੍ਰਭੁਤਾਸ਼ਾਲੀ ਰਾਜਨੀਤਿਕ ਸਭਿਆਚਾਰ ਵਿਚ ਵਿਭਿੰਨ ਸੰਸਕ੍ਰਿਤੀਆਂ, ਸ਼੍ਰੇਣੀਆਂ, ਨਸਲਾਂ ਤੇ ਉਚੇਚੇ ਤੌਰ ਤੇ ਅਲਪ-ਸੰਖਿਅਕ ਸਮੂਹਾਂ ਦੀਆਂ ਜਾਤੀਗਤ-ਵਿਸੇਸ਼ਤਾਵਾਂ ਪ੍ਰਤੀ ਆਭਾਰ ਪ੍ਰਗੱਟ ਕਰਦਾ ਹੈ।

ਉਪਰੋਕਤ ਵਿਸ਼ੇ ਦੇ ਪ੍ਰਕਰਣ ਵਿਚ ਅਸੀਂ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰਨ ਦਾ ਉਪਰਾਲਾ ਕਰਦੇ ਹਾਂ ਕਿ ਇਹ ਗਿਆਨ ਮੂਲਕ ਪਾਠ ਤੇ ਵਿਵਹਾਰਕ ਗ੍ਰੰਥ ਬਹੁ ਸਭਿਆਚਾਰ ਦੀਆਂ ਕਿਹੜੀਆਂ ਪਰਤਾਂ ਦੀ ਨਿਸ਼ਾਨਦੇਹੀ ਕਰਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਦੁਨੀਆ ਵਿਚ ਪਹਿਲੀ ਵਾਰੀ ਅਨੇਕਤਾ ਵਿਚ ਏਕਤਾ ਅਤੇ ਵਿਲੱਖਣਤਾ ਵਿਚ ਸਾਂਝ ਨੂੰ ਸੰਸਕ੍ਰਿਤਕ ਵਿਕਾਸ ਦੇ ਪ੍ਰਮੁੱਖ ਸਾਧਨ ਵਜੋਂ ਰੂਪਮਾਨ ਕੀਤਾ। 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਧਰਮਾਂ ਦੇ ਨਾਲ ਨਾਲ ਭਾਸ਼ਾ, ਖਿੱਤੇ, ਨਸਲ, ਲਿੰਗ, ਕੌਮ, ਜਾਤੀ, ਜਮਾਤ, ਬਰਾਦਰੀ, ਸਦਾਚਾਰ, ਵਿਹਾਰ ਅਤੇ ਵਿਚਾਰਧਾਰਾ ਦੀ ਕੱਟੜਤਾ ਨੂੰ ਵੀ ਚੈਲਿੰਜ ਕੀਤਾ ਹੈ। ਵਿਭਿੰਨ ਸੂਬਿਆਂ, ਸੰਸਕ੍ਰਿਤੀਆਂ, ਭਾਸ਼ਾਵਾਂ, ਜਾਤਾਂ, ਜਮਾਤਾਂ, ਸਿਧਾਂਤਾਂ, ਸਦਾਚਾਰਾਂ ਅਤੇ ਫਿਰਕਿਆਂ ਦੇ ਭਗਤ ਕਵੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਾਣਯੋਗ ਸਥਾਨ ਦੇ ਕੇ ਇਸ ਦੇ ਪਾਰ-ਸੰਸਕ੍ਰਿਤਿਕ, ਪਾਰ-

ਵਿਚਾਰਧਾਰਕ, ਪਾਰ-ਰਾਸ਼ਟਰੀ ਅਤੇ ਪਾਰ-ਭਾਸ਼ਾਈ ਰੂਪ ਨੂੰ ਵੀ ਪੱਕਿਆ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਹਰ ਕਿਸਮ ਦੀ ਕੱਟੜਤਾ, ਸੰਰਦਾਇਕਤਾ ਅਤੇ ਸੀਮਾ ਤੋਂ ਪਰੇ ਹੈ।'[140] ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਅਜਿਹਾ ਸਿਧਾਂਤਕ ਮਾਡਲ ਪੇਸ਼ ਕਰਦਾ ਹੈ ਜੋ ਵਿਭਿੰਨ ਸੰਪਰਦਾਇਕ ਇਕਾਈਆਂ ਵਿਚ ਸਹਿਯੋਗ ਅਤੇ ਸਹਿਹੋਂਦ ਦੀ ਸਥਾਪਨਾ ਲਈ ਸੰਵਾਦ ਨੂੰ ਉਤਸ਼ਾਹਿਤ ਕਰਦਾ ਹੈ। ਜਿਸ ਦੇ ਫਲਸਰੂਪ ਇਹ ਇਕਾਈਆਂ ਇਕ ਸਗੰਠਨ ਵਿਚ ਰੂਪਾਂਤਰਿਤ ਹੋ ਕੇ ਮਾਨਵਤਾ ਦੇ ਕਲਿਆਣ ਦਾ ਰਾਹ ਖੋਲ੍ਹਦੀਆਂ ਹਨ। ਨਿਰਸੰਦੇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਮਾਡਲ ਸਭਿਆਚਾਰਕ ਪਹਿਚਾਣ, ਸਭਿਆਚਾਰਕ ਆਦਾਨ-ਪ੍ਰਦਾਨ, ਸਭਿਆਚਾਰਕ ਸੰਵਾਦ ਅਤੇ ਸਭਿਆਚਾਰਕ ਏਕਤਾ ਨੂੰ ਮੂਰਤੀਮਾਨ ਕਰਦਾ ਆਪਣੀ ਵਿਲੱਖਣਤਾ ਦਾ ਸਬੂਤ ਹੋ ਜਾਂਦਾ ਹੈ।ਇਸ ਬਾਰੇ ਡਾ. ਜਸਪਾਲ ਸਿੰਘ ਦੇ ਵਿਚਾਰ ਇਸ ਪ੍ਰਕਾਰ ਹਨ:

"ਗਰੂ ਗ੍ਰੰਥ ਸਾਹਿਬ ਦੀ ਸਿਰਜਣਾ ਉਦੋਂ ਹੋਈ ਜਦੋਂ ਇਕ ਪਾਸੇ ਕੱਟੜ ਸਭਿਆਚਾਰ ਆਪਣੇ ਪੈਰ ਪਾਸਾਰ ਰਿਹਾ ਸੀ ਓਤੇ ਦੂਜੇ ਪਾਸੇ ਹਿੰਦੂ-ਕਰਮਕਾਂਡੀ  ਆਪਣੀ ਪਕੜ ਮਜਬੂਤ ਕਰਨ ਦੀ ਕੋਸ਼ਿਸ ਕਰ ਰਿਹਾ ਸੀ।ਇਕ ਪਾਸੇ ਵਿਤਕਰੇ ਤੇ ਵਧੀਕੀਆਂ ਸਨ ਓਤੇ ਦੂਜੇ ਪਾਸੇ ਵਹਿਮ ਤੇ ਅੰਧ-ਵਿਸ਼ਵਾਸ। ਹੁਕਮਰਾਨ ਤਬਕਾ ਇਸਲਾਮ ਦੇ ਨਾ ਤੇ ਲੋਕਾਂ ਦੇ ਬੁਨਿਆਦੀਅਧਿਕਾਰਾਂ ਦਾ ਹਨਨ ਕਰ ਰਿਹਾ ਸੀ ਅਤੇ ਬ੍ਰਾਹਮਣ-ਵਰਗ ਸਮਾਜ ਨੂੰ ਵੰਡ ਕੇ ਆਪਣੀ  ਸਰਦਾਰੀ ਪੱਕੀ ਕਰ ਰਿਹਾ ਸੀ। ਇਸ ਸਾਰੇ ਪਰਿਪੇਖ ਵਿਚ ਗੁਰੂ ਸਾਹਿਬਾਨ ਨੇ ਇਕ ਨਵੇਂ ਸਭਿਆਚਾਰ ਦੀ ਸਿਰਜਨਾ ਦੀ ਬੁਨਿਆਦ ਮਨੁੱਖੀ ਆਜ਼ਾਦੀ  ਤੇ ਬਰਾਬਰੀ ਉਪਰ ਰੱਖੀ ਸੀ।"[141]

ਬਹੁ-ਸਭਿਆਚਾਰਕ ਸਮਾਜ ਦੇ ਸੰਦਰਭ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਵਿਸ਼ੇਸ਼ਤਾ ਇਸ ਦੀ ਸੰਪਾਦਨਾ ਅਤੇ ਸਿਰਜਨਾ ਵਿਚੋਂ ਰੂਪਮਾਨ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 36 ਬਾਣੀਕਾਰ ਹਨ ਜਿਨ੍ਹਾਂ ਵਿਚ ਗੁਰੂ ਸਾਹਿਬਾਨ, ਭਗਤ ਕਵੀ, ਭੱਟ ਕਵੀ ਅਤੇ ਗੁਰੂ-ਘਰ ਦੇ ਗੁਰਸਿੱਖ ਪਿਆਰੇ ਹਨ। ਇਨ੍ਹਾਂ 36 ਬਾਣੀਕਾਰਾਂ ਵਿਚ ਤਕਰੀਬਨ ਹਰ ਵਰਗ ਦੇ ਲੋਕ ਸ਼ਾਮਿਲ ਹਨ। ਧਰਮ ਦੇ ਪੱਖ ਤੋਂ ਇਸ ਵਿਚ ਸਿੱਖ ਵੀ ਸ਼ਾਮਿਲ ਹਨ, ਹਿੰਦੂ ਅਤੇ ਮੁਸਲਮਾਨ ਵੀ।ਗੁਰੂ ਸਾਹਿਬਾਨ ਸਿੱਖ ਧਰਮ ਨਾਲ, ਭਗਤ ਕਵੀ ਜਿਵੇਂ ਰਾਮਾਨੰਦ, ਸੂਰਦਾਸ, ਜੈਦੇਵ ਹਿੰਦੂ ਧਰਮ ਨਾਲ ਅਤੇ ਬਾਬਾ ਫ਼ਰੀਦ ਅਤੇ ਭੀਖਣ ਜੀ ਇਸਲਾਮਿਕ ਪਰਪੰਰਾ ਨਾਲ ਸੰਬੰਧਿਤ ਸਨ। ਵਰਗਾਂ ਦੇ ਪੱਖ ਤੋਂ ਇਸ ਵਿਚ ਬ੍ਰਾਹਮਣ, ਖਤਰੀ, ਵੈਸ਼ ਅਤੇ ਸ਼ੂਦਰ ਸਾਰੇ ਵਰਗਾਂ ਦੀ ਸ਼ਮੂਲੀਅਤ ਹੈ। ਬਾਣੀਕਾਰ ਆਪ ਆਪਣੀ ਸਥਿਤੀ ਪੇਸ਼ ਕਰਦੇ ਹਨ। ਜਿਵੇਂ ਭਗਤ ਰਵੀਦਾਸ ਜੀ ਦੇ ਇਹ ਬਚਨ ਹਨ:

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ॥
ਅਬ ਬ੍ਰਿਪ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥[142]

ਰਵਿਦਾਸੁ ਚਮਾਰੁ ਉਸਤਤਿ ਕਰੇ
ਹਰਿ ਕੀਰਤਿ ਨਿਮਖ ਇਕ ਗਾਇ॥
ਪਤਿਤ ਜਾਤਿ ਉਤਮੁ ਭਇਆ
ਚਾਰ ਵਰਨ ਪਏ ਪਗਿ ਆਇ॥[143]

ਭਗਤ ਨਾਮਦੇਵ ਜੀ ਨਿਮਨ-ਅੰਕਿਤ ਪੰਗਤੀਆਂ ਵਿਚ ਆਪਣੀ ਸਥਿਤੀ ਨੂੰ ਇਸ ਤਰ੍ਹਾਂ ਪ੍ਰਗਟਾਉਂਦੇ ਹਨ:

ਹਸਤ ਖੇਲਤ ਤੇਰੇ ਦੇਹੁਰੇ ਆਇਆ॥
ਭਗਤਿ ਕਰਤ ਨਾਮਾ ਪਕਰਿ ਉਠਾਇਆ॥
ਹੀਨੜੀ ਜਾਤਿ ਮੇਰੀ ਜਾਦਿਮ ਰਾਇਆ॥
ਛੀਪੇ ਕੇ ਜਨਮਿ ਕਾਹੇ ਕਉ ਆਇਆ॥
ਲੈ ਕਮਲੀ ਚਲਿਓ ਪਲਟਾਇ॥
ਦੇਹੁਰੈ ਪਾਛੈ ਬੈਠਾ ਜਾਇ॥ [144]

ਭਗਤ ਕਬੀਰ ਜੀ ਆਪਣੀ ਸਥਿਤੀ ਇਸ ਤਰ੍ਹਾਂ ਬਿਆਨ ਕਰਦੇ ਹਨ:

ਕਬੀਰ ਮੇਰੀ ਜਾਤਿ ਕਉ ਸਭ ਕੋ ਹਸਨੇਹਾਰੁ॥
ਬਲਿਹਾਰੀ ਇਸ ਜਾਤਿ ਕਉ ਜਿਹ ਜਪਿਓ ਸਿਰਜਨਹਾਰੁ॥ [145]

ਕਬੀਰ ਜਾਤਿ ਜੁਲਾਹਾ ਕਿਆ ਕਰੈ ਹਿਰਦੈ ਬਸੇ ਗੁਪਾਲ॥
ਕਬੀਰ ਰਮਈਆ ਕੰਠਿ ਮਿਲੁ ਚੂਕਹਿ ਸਰਬ ਜੰਜਾਲ॥ [146]

ਖੇਤਰ ਦੇ ਪੱਖ ਤੋਂ ਹਿੰਦੋਸਤਾਨ ਦੇ ਬਹੁਤੇ ਇਲਾਕਿਆਂ ਨੂੰ ਇਸ ਵਿਚ ਪ੍ਰਤੀਨਿਧਤਾ ਕਰਨ ਦਾ ਮੌਕਾ ਮਿਲਿਆ ਹੈ। ਹਿੰਦੋਸਤਾਨ ਦੇ ਵੱਖ-ਵੱਖ ਸਭਿਆਚਾਰਕ ਸਿਧਾਂਤ, ਭਾਸ਼ਾਵਾਂ ਅਤੇ ਜੀਵਨ ਵਿਹਾਰ ਇਸ ਵਿਚ ਸ਼ਾਮਿਲ ਹਨ। ਇਸ ਪ੍ਰਕਾਰ ਸਮੁੱਚੇ ਹਿੰਦੋਸਤਾਨ ਦੇ ਸਮੁੱਚੇ ਪਹਿਲੂਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਬਰਾਬਰੀ ਨਾਲ ਨਿਵਾਜਿਆ ਗਿਆ ਹੈ।'ਸਾਂਝੀ ਹਿੱਸੇਦਾਰੀ, ਸਾਂਝੀ ਮਲਕੀਅਤ, ਸਾਂਝੀ ਵਿਰਾਸਤ ਅਤੇ ਇਕ ਐਸਾ ਸਾਂਝਾ ਕੇਂਦਰ ਬਿੰਦੂ ਜਿਸ ਨਾਲ ਸਾਰਿਆਂ ਦੀ ਭਾਵਨਾ ਇਕੋ ਤਰ੍ਹਾਂ ਨਾਲ ਜੁੜ ਸਕੇ।......ਇਸ ਰਾਹੀਂ ਪਰਸਪਰ ਧਰਮਾਂ ਦੇ ਝਗੜਿਆਂ ਦੇ ਲੰਬੇ ਇਤਿਹਾਸ ਨੂੰ ਖ਼ਤਮ ਕੀਤਾ ਗਿਆ ਹੈ।ਹਿੰਦੂ ਤੇ ਮੁਸਲਮਾਨ ਦਾ ਤਣਾਉ, ਹਿੰਦੂ ਅਤੇ ਸ਼ੂਦ ਦਾ ਤਣਾਉ, ਇਸਤਰੀ ਅਤੇ ਪੁਰਸ਼ ਦਾ ਤਣਾਉ ਪਹਿਲੀ ਵਾਰੀ ਸਮਾਧਾਨ ਵਲ ਵਧਿਆ।...ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਭਾਰਤੀ ਵਸੋਂ ਦੇ ਸਿਰਫ਼ ਤਣਾਉ ਨੂੰ ਖ਼ਤਮ ਨਹੀਂ ਕੀਤਾ ਬਲਕਿ ਜ਼ਿੰਦਗੀ ਦੇ ਹਰ ਪਹਿਲੂ ਵਿਚ ਪਰਸਪਰ ਫੁੱਟ ਅਤੇ ਇਸ ਤੋਂ ਪੈਦਾ ਹੋਈ ਕਮਜ਼ੋਰੀ ਨੂੰ ਦੂਰ ਕਰਨ ਦੇ ਸਾਧਨ ਜੁਟਾਏ ਹਨ।'[147] ਅਸਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਧਾਰਮਿਕ ਵਸਤੂ ਹੀ ਨਹੀਂ ਸਗੋਂ ਅਜਿਹੀ ਸਭਿਆਚਾਰਕ ਟੈਕਸਟ ਹੈ ਜੋ ਕੇਵਲ ਸਿੱਖਾਂ ਲਈ ਨਹੀਂ ਬਲਕਿ ਸਮੁੱਚੀ ਮਨੁੱਖਤਾ ਲਈ ਆਦਰਸ਼ਾਂ ਦੀ ਸਥਾਪਤੀ ਕਰਦੀ ਹੈ। ਇਸ ਵਿਚ 12ਵੀਂ ਸਦੀ ਤੋਂ 17 ਵੀਂ ਸਦੀ ਅਰਥਾਤ 1170 ਈ: ਤੋਂ 1675 ਈ: ਤੱਕ ਦੇ ਪ੍ਰਮੁੱਖ ਸੰਤਾਂ, ਭਗਤਾਂ ਅਤੇ ਗੁਰੂ ਪਿਆਰਿਆਂ ਦੀ ਬਾਣੀ ਸ਼ਾਮਿਲ ਹੈ। ਇਸ ਵਿਚ ਜਾਤ, ਮਜ਼ਹਬ, ਧਰਮ, ਕੌਮ, ਫਿਰਕੇ, ਭਾਸ਼ਾ ਜਾਂ ਖਿੱਤੇ ਤੇ ਆਧਾਰਿਤ

ਕੋਈ ਵਿਤਕਰਾ ਨਹੀਂ ਕੀਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਮੁੱਖ ਯੋਗਦਾਨ ਹੀ ਵਿਭਿੰਨ ਜਾਤਾਂ ਅਤੇ ਭਾਈਚਾਰਿਆਂ ਵਿਚ ਧਾਰਮਿਕ-ਸਮਾਜਿਕ ਉਲਝਣਾਂ ਅਤੇ ਤਣਾਉ ਨੂੰ ਦੂਰ ਕਰਕੇ ਪਰਸਪਰ ਪਿਆਰ ਅਤੇ ਸਹਿਯੋਗ ਨੂੰ ਪ੍ਰਫੁਲਤ ਕਰਨਾ ਹੈ। ਭਗਤ ਸਾਹਿਬਾਨ ਰਚਿਤ ਬਾਣੀ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ-

| ਭਗਤ ਸਾਹਿਬਾਨ | ਜਨਮ ਪਛਾਣ | ਖੇਤਰ |
|---|---|---|
| 1. ਕਬੀਰ ਜੀ | ਹਿੰਦੂ ਜੁਲਾਹਾ | ਉੱਤਰ ਪ੍ਰਦੇਸ਼ |
| 2. ਨਾਮਦੇਵ ਜੀ | ਹਿੰਦੂ ਛੀਂਬਾ | ਮਹਾਰਾਸ਼ਟਰ |
| 3. ਰਵੀਦਾਸ ਜੀ | ਹਿੰਦੂ ਚਮਾਰ | ਉੱਤਰ ਪ੍ਰਦੇਸ਼ |
| 4. ਤ੍ਰਿਲੋਚਨ ਜੀ | ਹਿੰਦੂ ਵੈਸ਼ | ਮਹਾਰਾਸ਼ਟਰ |
| 5. ਧੰਨਾ ਜੀ | ਹਿੰਦੂ ਜੱਟ | ਰਾਜਸਥਾਨ |
| 6. ਬੇਣੀ ਜੀ | ਹਿੰਦੂ ਫਕੀਰ | ਰਾਜਸਥਾਨ |
| 7. ਜੈਦੇਵ ਜੀ | ਹਿੰਦੂ ਬ੍ਰਾਹਮਣ | ਬੰਗਾਲ |
| 8. ਭੀਖਣ ਜੀ | ਹਿੰਦੂ ਬ੍ਰਾਹਮਣ | ਉੱਤਰ ਪ੍ਰਦੇਸ਼ |
| 9. ਸੂਰਦਾਸ ਜੀ | ਹਿੰਦੂ ਬ੍ਰਾਹਮਣ | ਉੱਤਰ ਪ੍ਰਦੇਸ਼ |
| 10. ਪਰਮਾਨੰਦ ਜੀ | ਹਿੰਦੂ ਬ੍ਰਾਹਮਣ | ਰਾਜਸਥਾਨ |
| 11. ਸੈਣ ਜੀ | ਹਿੰਦੂ ਨਾਈ | ਮੱਧ ਪ੍ਰਦੇਸ਼ |
| 12. ਪੀਪਾ ਜੀ | ਹਿੰਦੂ ਰਾਜਾ | ਰਾਜਸਥਾਨ |
| 13. ਸਧਨਾ ਜੀ | ਹਿੰਦੂ ਕਸਾਈ | ਸਿੰਧ |
| 14. ਰਾਮਾਨੰਦ ਜੀ | ਹਿੰਦੂ ਬ੍ਰਾਹਮਣ | ਉੱਤਰ ਪ੍ਰਦੇਸ਼ |
| 15. ਬਾਬਾ ਫ਼ਰੀਦ | ਸੂਫ਼ੀ (ਇਸਲਾਮ) | ਪਾਕਪਟਨ/ਮੁਲਤਾਨ |

ਇਸ ਪ੍ਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਸਭਿਆਚਾਰ ਕਿਸੇ ਇਕ ਫਿਰਕੇ ਦਾ ਕੱਟੜਵਾਦੀ ਧਰਮ ਨਹੀਂ ਹੈ। ਇਸ ਵਿਚ ਤਾਂ ਵਿਭਿੰਨ ਪ੍ਰਾਂਤਾਂ, ਕੌਮਾਂ, ਮਜ਼ਹਬਾਂ ਦੇ ਲੋਕ ਸ਼ਾਮਿਲ ਹਨ ਜੋ ਬ੍ਰਹਿਮੰਡੀ ਕਾਇਨਾਤ ਨਾਲ ਇਕਸੁਰ ਹਨ। ਅਸਲ ਵਿਚ ਇਹ ਇਕ ਭਵਿੱਖਮੁਖੀ ਸੰਵਾਦ ਦੇ ਰੂਪ ਵਿਚ ਦ੍ਰਿਸ਼ਟਮਾਨ ਹੁੰਦਾ ਹੈ ਜਿਸ ਵਿਚ ਪੂਰਬ ਤੇ ਪੱਛਮ, ਸਾਮੀ ਤੇ ਭਾਰਤੀ ਧਰਮ ਆਪਣੀਆਂ ਸੌੜੀਆਂ ਵਲਗਣਾਂ ਤੋਂ ਪਾਰ ਆਪਣੇ ਆਪਣੇ ਨਿੱਜੀ ਧਰਮਾਂ, ਸਭਿਆਚਾਰਾਂ ਅਤੇ ਸੰਸਕ੍ਰਿਤੀਆਂ ਸਮੇਤ ਇਕਸੁਰ ਹੁੰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਬਹੁ-ਸਭਿਆਚਾਰਕ ਸਮਾਜ ਦਾ ਮਾਡਲ 'ਇਕ ਪਰਤੀ' ਜਾਂ 'ਇਕ ਪਾਸਾਰੀ' ਨਹੀਂ ਹੈ ਬਲਕਿ ਸਰਬ ਸਾਂਝੀਵਾਲਤਾ ਤੇ ਆਧਾਰਿਤ 'ਅਨੇਕ ਪਾਸਾਰੀ' ਹੈ ਜੋ ਦੂਸਰਿਆਂ ਨੂੰ ਆਪਣਿਆਂ ਦੇ ਬਰਾਬਰ ਮਾਣ-ਸਤਿਕਾਰ ਦਿੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਸ ਸਿਧਾਂਤ ਦਾ ਅਮਲੀ ਪ੍ਰਭਾਵ ਸਲਾਹੁਣਯੋਗ ਹੈ। ਜਿਸ ਦਰਬਾਰ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੁਭਾਇਮਾਨ ਕੀਤਾ ਗਿਆ, ਉਹਦਾ ਨੀਂਹ

ਪੱਥਰ ਇਕ ਸੂਫ਼ੀ ਦਰਵੇਸ਼ ਸਾਂਈ ਮੀਆਂ ਮੀਰ ਪਾਸੋਂ ਰਖਵਾਇਆ ਗਿਆ ਅਤੇ ਉਸ ਦਰਬਾਰ ਦੇ ਵਿਚ ਰੱਖੇ ਚਾਰ ਦਰਵਾਜੇ ਇਸ ਗੱਲ ਦਾ ਪ੍ਰਤੀਕ ਸਨ ਕਿ ਇਹ ਉਸ ਸਮੇਂ ਦੇ ਹਿੰਦੂ ਧਰਮ ਦੇ ਚਾਰੇ ਵਰਗਾਂ ਲਈ ਖੁੱਲ੍ਹਾ ਹੈ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਥਾਪਿਤ ਖਾਲਸਾ ਪੰਥ ਦੀ ਸਥਾਪਨਾ ਇਸ ਸੰਬੰਧ ਵਿਚ ਇਕ ਹੋਰ ਉਦਾਹਰਨ ਹੈ। ਖਾਲਸਾ ਪੰਥ ਵਿਸ਼ਵ ਦੀ ਇਕ ਨਿਆਰੀ ਸੰਸਥਾ ਦਾ ਮਾਡਲ ਹੈ। ਇਸ ਵਿਚ ਸਾਜੇ ਗਏ ਪੰਜ ਪਿਆਰੇ ਭਾਰਤ ਦੇ ਵੱਖ-ਵੱਖ ਭਾਗਾਂ ਨਾਲ ਸੰਬੰਧਿਤ ਹਨ।ਵੱਖ-ਵੱਖ ਜਾਤਾਂ ਨਾਲ ਜੁੜੇ ਹੋਏ ਹਨ। ਦਇਆ ਰਾਮ ਖਤਰੀ ਉੱਤਰ ਵਿਚ ਲਾਹੌਰ, ਧਰਮ ਦਾਸ ਜੱਟ ਦਿੱਲੀ, ਮੋਹਕਮ ਚੰਦ ਧੋਬੀ ਪੱਛਮ ਵਿਚਲੇ ਦਵਾਰਕਾ ਨਾਲ, ਹਿੰਮਤ ਰਾਏ ਰਸੋਈਆਂ ਪੂਰਬ ਵਿਚਲੇ ਜਗਨਨਾਥ ਅਤੇ ਸਾਹਿਬ ਚੰਦ ਨਾਈ ਦੱਖਣ ਦੇ ਬੀਦਰ ਨਾਲ ਸੰਬੰਧਿਤ ਸੀ। ਗੁਰਬਾਣੀ ਵਿਚ 'ਏਕ ਪਿਤਾ ਏਕਸੁ ਕੇ ਹਮ ਬਾਰਿਕੁ' ਦਾ ਸੰਵਾਦ 'ਵਿਚਿ ਦੁਨੀਆ ਸੇਵ ਕਮਾਈਐ' ਦਾ ਸੰਕਲਪ ਉਘਾੜਦਾ ਹੈ ਜਿਸ ਅਨੁਸਾਰ ਗੁਰਬਾਣੀ ਭਾਈਚਾਰਕ ਅਤੇ ਸਮਾਜਕ ਨੇੜਤਾ ਦਾ ਮੰਡਨ ਕਰਦੀ 'ਲੰਗਰ' ਦੀ ਸੰਸਥਾ ਤੇ ਬੱਲ ਦਿੰਦੀ ਹੈ। ਲੰਗਰ ਜਿੱਥੇ ਜਾਤ-ਪਾਤ, ਛੂਤ-ਛਾਤ, ਕੰਮ-ਕਿੱਤੇ ਜਾਂ ਰੂਪ-ਰੰਗ ਦਾ ਕੋਈ ਵਿਤਕਰਾ ਨਹੀਂ ਹੁੰਦਾ। ਸਾਰਾ ਸਮਾਜ ਇਕੋਂ ਕਤਾਰ ਵਿਚ ਰੱਲ ਕੇ ਭੋਜਨ ਛੱਕਦਾ ਹੈ। ਲੰਗਰ ਜਾਤਿ-ਪਾਤਿ ਦੇ ਵਿਤਕਰੇ ਵਿਰੁੱਧ ਇਕ ਜ਼ਬਰਦਸਤ ਬਗ਼ਾਵਤ ਸੀ। ਗੁਰੂ ਨਾਨਕ ਸਾਹਿਬ ਨੇ ਉੱਚੀਆਂ ਜਾਤਾਂ ਵੱਲੋਂ ਨੀਵੀਆਂ ਜਾਤਾਂ ਤੇ ਕੀਤੇ ਵਿਤਕਰੇ ਅਤੇ ਜ਼ੁਲਮਾਂ ਖਿਲਾਫ ਅੰਦੋਲਨ ਆਰੰਭਿਆ ਅਤੇ ਲੰਗਰ ਦੀ ਸੰਸਥਾ ਰਾਹੀਂ ਏਕਤਾ, ਸਮਾਨਤਾ ਦੀ ਬੁਨਿਆਦ ਰੱਖੀ ਗਈ। ਇਕ ਅਨੋਖੇ ਕਿਸਮ ਦਾ ਸਾਂਝਾ ਭਾਈਚਾਰਾ ਪੈਦਾ ਹੋਇਆ। ਧਰਮ ਤੇ ਮਿਲਵਰਤਨ ਦੀ ਸਾਂਝ ਵਿਚੋਂ 'ਸੰਗਤ' ਨਾਮੀ ਸੰਸਥਾ ਜਨਮ ਲੈਂਦੀ ਹੈ। ਗੁਰੂ ਦੀ ਓਟ ਵਿਚ ਬਿਨਾਂ ਕਿਸੇ ਭੇਦ-ਭਾਵ ਦੇ ਸਾਰੇ ਮਿੱਲ ਕੇ ਸਾਂਝੀ ਉਪਾਸਨਾ ਕਰ ਸਕਣ। ਗੁਰਭਗਤ ਸਿੰਘ ਰੰਧਾਵਾ ਇਸ ਸੰਬੰਧੀ ਇਸ ਤਰ੍ਹਾਂ ਬਿਆਨ ਕਰਦੇ ਹਨ:

"Sikh architecture, institutions and values are designed with a motive to carry out the Divine mission of Sikh Gurus. For example, the vision and structure of the Darbar Sahib are conscious of a multi mediated semosis. It indeed is a radical intervention against the Islamic and Brahminical ways of seeing and practicing totality. This multi semiotic interactionis accentuated by its four open doors and the tradition of Langar(free kitchen) signifying equality and co-existenc of all cultures, genders and people. The design continues tolocate the Sikh people in a multi-componential way of remembering past traumas and distress.[148]

ਗੁਰਬਾਣੀ ਵਿਚ ਪੇਸ਼ 'ਬਹੁ-ਸਭਿਆਚਾਰਕ ਸਮਾਜ ਦਾ ਸੰਕਲਪ' ਮੱਧਕਾਲੀਨ ਭਾਰਤੀ ਸਭਿਆਚਾਰ ਦੇ ਸਮਾਜਿਕ-ਧਾਰਮਿਕ-ਰਾਜਸੀ ਯਥਾਰਥ ਨਾਲ ਟੱਕਰ ਲੈਂਦਾ ਮੂਲ ਮਾਨਵੀ ਸਰੋਕਾਰਾਂ ਨੂੰ ਨਵੇਂ ਸਿਰਿਓ ਪਰਿਭਾਸ਼ਤ ਕਰਨ ਦਾ ਕ੍ਰਾਂਤੀਕਾਰੀ ਪ੍ਰਵਚਨ ਰਚਾਉਂਦਾ ਹੈ ਅਤੇ ਇਹ ਪ੍ਰਵਚਨ ਨਿੱਜ-ਕੇਂਦ੍ਰਿਤ ਅਤੇ ਹਉਮੇਗ੍ਰਸਤ ਜੀਵਨ-ਜਾਚ ਤੋਂ ਉੱਪਰ ਉੱਠ ਕੇ ਹਰ ਕਿਸਮ ਦੇ ਵਿਤਕਰਿਆਂ ਤੋਂ ਬਿਨਾਂ ਭਾਈਚਾਰੇ ਅਤੇ ਏਕਤਾ ਲਈ ਯਤਨਸ਼ੀਲ ਹੁੰਦਾ ਨਜ਼ਰ ਆਉਂਦਾ ਹੈ।ਕਿਉਂਕਿ 'ਬਹੁ-ਸਭਿਆਚਾਰਕ ਸਮਾਜ' ਦੀ ਉਸਾਰੀ ਉਦੋਂ ਤੱਕ ਸੰਭਵ ਨਹੀਂ ਜਦੋਂ ਤੀਕ ਉਸ ਸ੍ਰਿਸ਼ਟੀ ਤੇ ਸਥਿਤ

ਜਾਤੀਆਂ ਖੁਲ੍ਹੀ ਫ਼ਿਜ਼ਾ ਵਿਚ ਸਾਹ ਨਹੀਂ ਲੈਂਦੀਆਂ। ਗੁਰਬਾਣੀ ਦੇ ਪ੍ਰਵਚਨ ਵਿਚ ਨੀਵੀਂ ਜਾਤੀਆਂ ਨੂੰ ਸਨਮਾਨ ਤੇ ਇੱਜ਼ਤ ਦੀ ਬਖਸ਼ਿਸ਼ ਕਰਦਿਆਂ ਕਈ ਸੰਵਾਦ ਰਚਾਏ ਗਏ ਹਨ ਜੋ ਜਾਤਿ ਪਾਤਿ ਦੇ ਕੱਟੜ-ਪ੍ਰਬੰਧ ਵਿਚੋਂ ਪੀੜਤ ਲੋਕਾਈ ਦੇ ਦਰਦ ਨੂੰ ਬਿਆਨ ਕਰਦੇ ਹਨ ਅਤੇ ਜਾਤ-ਪਾਤ ਦੇ ਦਮਨਕਾਰੀ ਤੰਤਰ ਨੂੰ ਵਿਸਥਾਪਿਤ ਕਰਨ ਦਾ ਜ਼ੋਰਦਾਰ ਉਪਰਾਲਾ ਕਰਦੇ ਹਨ।

ਗੁਰਬਾਣੀ ਦਾ ਕ੍ਰਾਂਤੀਕਾਰੀ ਸੰਵਾਦ ਜਾਤੀ-ਪ੍ਰਥਾ ਜਾਂ ਵਰਣ-ਵਿਵਸਥਾ ਦੇ ਪਰੰਪਰਾਗਤ ਮਾਡਲ ਨੂੰ ਰੱਦ ਕਰ ਦਿੰਦਾ ਹੈ ਅਤੇ ਮਨੁੱਖਤਾ ਦੀ ਭਲਾਈ ਦਾ ਸੰਕਲਪ ਸਥਾਪਿਤ ਕਰਦਾ ਹੈ। ਇਸ ਵਿਵਸੱਥਾ ਵਿਚ ਜਾਤਿ ਦੀ ਥਾਂ ਜੋਤਿ ਦਾ ਮਹੱਤਵ ਉੱਭਰ ਕੇ ਸਾਹਮਣੇ ਆਉਂਦਾ ਹੈ। ਜਿਵੇਂ ਇਹ ਪੰਕਤੀਆਂ ਤੋਂ ਸਪਸ਼ਟ ਹੁੰਦਾ ਹੈ:

ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥[149]
ਗਰਭ ਵਾਸ ਮਹਿ ਕੁਲੁ ਨਹੀ ਜਾਤੀ॥
ਬ੍ਰਹਮ ਬਿੰਦੁ ਤੇ ਸਭ ਉਤਪਾਤੀ॥
ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ॥
ਬਾਮਨ ਕਹਿ ਕਹਿ ਜਨਮੁ ਮਤ ਖੋਏ॥[150]

ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਇਕ ਅਜਿਹੇ ਆਦਰਸ਼ ਮਈ ਸਮਾਜ ਦੀ ਸਿਰਜਨਾ ਦਾ ਮਾਡਲ ਪੇਸ਼ ਕੀਤਾ ਜੋ ਮਾਨਵ-ਮੁਕਤੀ ਦੇ ਉਦੇਸ਼ ਤੋਂ ਪ੍ਰੇਰਿਤ ਸੀ ਤੇ ਇਸੇ ਸੰਦਰਭ ਵਿਚ ਦਲਿਤ ਚੇਤਨਾ ਅਤੇ ਜਾਤਿ ਖੰਡਨ ਦਾ ਸੰਵਾਦ ਸਿਰਜਿਆ ਗਿਆ। ਇਹ ਸਤਰਾਂ ਬੜੀਆਂ ਵਿਚਾਰਨ ਯੋਗ ਹਨ:

ਐਸੀ ਲਾਲ ਤੁਝ ਬਿਨ ਕਉਨੁ ਕਰੈ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥ਰਹਾਉ॥
ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ॥
ਨੀਚਹੁ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥[151]

ਗੁਰਬਾਣੀ ਦਲਿਤ/ਦਮਿਤ, ਦੱਬੇ-ਕੁਚਲੇ, ਲਤਾੜੇ ਲੋਕਾਂ ਦੇ ਹੱਕ, ਨਿਆਂ ਅਤੇ ਸੱਚ ਦੀ ਖਾਤਿਰ ਉਨ੍ਹਾਂ ਦਾ ਪੱਖ ਪੂਰਦਾ ਜ਼ੋਰਦਾਰ ਸ਼ਬਦਾਂ ਵਿਚ ਆਵਾਜ਼ ਉਠਾਉਂਦਾ ਹੈ:

ਨੀਚਾ ਅੰਦਿਰ ਨੀਚ ਜਾਤਿ ਨੀਚੀ ਹੂ ਅਤਿ ਨੀਚ॥
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥[152]

ਇਸ ਤਰ੍ਹਾਂ ਗੁਰਬਾਣੀ 'ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ' [153] ਦਾ ਅਹਿਸਾਸ ਦ੍ਰਿੜ ਕਰਦੀ ਹੈ ਜੋ ਅੱਗੇ ਜਾ ਕੇ 'ਮਾਨਸਿ ਕੀ ਜਾਤ ਸਬੈ ਏਕੈ ਪਹਿਚਾਨਬੋ' ਦੀ ਅੰਤਰਦ੍ਰਿਸ਼ਟੀ ਦੁਆਰਾ ਸੰਪੂਰਨਤਾ ਗ੍ਰਹਿਣ ਕਰਦਾ ਹੈ। ਅਜਿਹੀ ਭਾਵਨਾ ਤੇ ਅਮਲ ਕਰਨ ਵਾਲਾ ਮਨੁੱਖ ਬਰਾਬਰਤਾ, ਭਾਈਵਾਲਤਾ, ਸਾਂਝੀਵਾਲਤਾ ਤੇ ਏਕਤਾ ਦੇ ਫਲਸਫ਼ੇ ਤੋਂ ਜਾਣੂ ਹੋ ਜਾਂਦਾ ਹੈ ਅਤੇ ਉਸ ਦੇ ਮਨ ਵਿਚ ਸੁਤੇ-ਸਿਧ ਇਹ ਅਹਿਸਾਸ ਜਾਗ ਜਾਂਦਾ ਹੈ:

ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ॥
ਇਕਨੈ ਭਾਂਡੈ ਸਾਜਿਐ ਇਕੁ ਚਾਨਣੁ ਤਿਹੁ ਲੋਇ॥[154]

ਡਾ. ਰੌਣਕੀ ਰਾਮ ਸਿੱਖ ਧਰਮ ਅਤੇ ਸਿੱਖ ਸਾਹਿਤ ਦੇ ਇਸ ਪਰਿਪੇਖ ਸੰਬੰਧੀ ਟਿੱਪਣੀ ਕਰਦੇ ਲਿਖਦੇ ਹਨ:
"ਸਿੱਖ ਧਰਮ ਦੀ ਮਹੱਤਤਾ ਹੋਰ ਵੀ ਪ੍ਰਸੰਗਕ ਹੋ ਜਾਂਦੀ ਹੈ ਕਿ ਬਾਕੀ ਧਰਮਾਂ ਦੇ ਮੁਕਾਬਲਤਨ ਇਸ ਦੀ ਹੋਂਦ ਸੱਚ ਅਤੇ ਸਮਾਜਿਕ ਬਰਾਬਰਤਾ ਦੇ ਸੰਕਲਪ ਤੋਂ ਪ੍ਰੇਰਿਤ ਸੀ। ਅਸਲ ਵਿਚ ਸਿੱਖ ਧਰਮ ਦੀ ਉਤਪਤੀ ਹੀ ਸਾਮਾਜਿਕ ਬੁਰਾਈਆਂ ਨੂੰ ਦੂਰ ਕਰਨ ਵਾਸਤੇ ਹੋਈ ਸੀ। ਇਸ ਉਤਪਤੀ ਦਾ ਮਾਣ ਵੀ ਪੰਜਾਬ ਦੀ ਧਰਤੀ ਨੂੰ ਹਾਸਲ ਹੋਇਆ, ਜਿਸ ਉੱਤੇ ਇਕ ਵਾਰ ਫੇਰ ਵੇਦਾਂ ਦੇ ਰਚਣ ਤੋਂ ਬਾਅਦ ਦੁਨੀਆਂ ਦੀ ਸਰਵੋਤਮ ਟੈਕਸਟ, ਗੁਰਬਾਣੀ, ਜਿਸ ਵਿਚ ਸਮਾਜਕ ਬਰਾਬਰਤਾ ਦਾ ਵਿਸ਼ਾਲ ਸੰਦੇਸ਼ ਸੀ, ਰਚੀ ਗਈ।"[155]

ਡਾ. ਗੁਰਪ੍ਰੀਤ ਸਿੰਘ ਗੁਰੂ ਗ੍ਰੰਥ ਸਾਹਿਬ ਦੀ ਵਿਚ ਬਹੁ ਸਭਿਆਚਾਰਕ ਸਮਾਜ ਦੀ ਸਿਰਜਨਾ ਸੰਬੰਧੀ ਬਾਰੇ ਇਸ ਪ੍ਰਕਾਰ ਟਿੱਪਣੀ ਕਰਦੇ ਹਨ:
The Gurus wanted to create a classless, casteless society, where each individual enjoyed freedom of expression; observance and adherence to religion, religious tolerance and social equality, where duties and rights were accorded equal importance. In such a multi-culture society, adherence to one's religion and faith is no crime but disrespect and intolerance to other religious faiths was certainly a sin.[156]

ਅਸਲ ਵਿਚ ਗੁਰੂ ਸਾਹਿਬਾਨ ਇਕ ਵਰਗ-ਰਹਿਤ ਅਤੇ ਸ਼੍ਰੇਣੀ-ਰਹਿਤ ਸਮਾਜ ਦੀ ਸਿਰਜਣਾ ਕਰਨਾ ਚਾਹੁੰਦੇ ਸਨ ਜਿਸ ਵਿਚ ਹਰ ਮਨੁੱਖ ਆਪਣੀ ਸੁਤੰਤਰਤਾ ਨੂੰ ਮਾਣ ਸਕੇ; ਹਰ ਧਰਮ ਦਾ ਸਤਿਕਾਰ ਅਤੇ ਸਮਰਥਨ ਹੋਵੇ, ਅਤੇ ਸਮਾਜਕ ਬਰਾਬਰਤਾ ਜਿਸ ਵਿਚ ਅਧਿਕਾਰਾਂ ਅਤੇ ਫਰਜ਼ਾਂ ਦਾ ਸੁਮੇਲ ਹੋਵੇ। ਇਕ ਬਹੁ-ਸਭਿਆਚਾਰਕ ਸਮਾਜ ਵਿਚ ਆਪਣੇ ਧਰਮ ਪ੍ਰਤੀ ਨਿਸ਼ਠਾ ਅਤੇ ਵਿਸ਼ਵਾਸ ਅਪਰਾਧ ਨਹੀਂ ਹੈ ਪਰ ਦੂਸਰਿਆਂ ਦੇ ਧਰਮ ਪ੍ਰਤੀ ਅਸਹਿਣਸ਼ੀਲਤਾ ਅਤੇ ਅਨਾਦਰ ਕਰਨਾ ਅਧਰਮ ਹੈ। ਡਾ. ਜਸਪਾਲ ਕੌਰ ਇਸ ਵਿਸ਼ੇਸ਼ਤਾ ਨੂੰ ਇਸ ਤਰ੍ਹਾਂ ਬਿਆਨ ਕਰਦੇ ਹਨ:

The message of the Gurbani providing equal recognition and respect to all cultures is relevant and significant. While discouraging hatred, discrimination and violence, it encourages social and ethnic harmony and cross-culture understanding which are vital ingredients for multiculturalism. It teaches us to accept and value the other in his or her otherness.[157]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖ ਦੀ ਜਨਮ ਮੂਲਕ ਬਰਾਬਰੀ ਦਾ ਸੰਵਾਦ ਰਚਾਇਆ ਗਿਆ ਹੈ। 'ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ'[158], 'ਮਨ ਤੂ ਜੋਤਿ ਸਰੂਪ ਹੈ ਆਪਣਾ ਮੂਲਿ ਪਛਾਣ' [159] ' ਸਭ ਮਹਿ ਜੋਤਿ ਜੋਤਿ ਹੈ ਸੋਇ'[160] ਆਦਿ ਗੁਰੂ ਵਾਕ ਸਪਸ਼ਟ ਕਰਦੇ ਹਨ ਕਿ ਮਨੁੱਖ ਜਾਤੀ, ਜਨਮ ਜਾਂ ਇਸਤਰੀ ਜਾਂ ਪੁਰਸ਼ ਹੋਣ ਕਰਕੇ ਛੋਟਾ ਜਾਂ ਵੱਡਾ ਨਹੀਂ। ਇਸ ਤਰ੍ਹਾਂ ਗੁਰਬਾਣੀ ਲਿੰਗ-ਆਧਾਰਤ ਵੰਡ ਵਿਚੋਂ ਪੈਦਾ ਹੋਈਆਂ ਸ਼ੋਸ਼ਣੀਆਂ-ਜੁਗਤਾਂ ਅਤੇ ਬੇਇਨਸਾਫੀਆਂ ਦੇ ਖਿਲਾਫ਼ ਹੈ। ਇਸ ਤਰ੍ਹਾਂ ਨਾਰੀ ਅਬਲਾ ਪਰਿਪੇਖ ਦੀ ਦੁਰਲਬਤਾ ਵਿਚੋਂ ਨਿਕਲਕੇ ਸਵੈ-ਸੰਪੰਨ ਮਾਨਵੀ-ਮੰਡਲ ਦੀ ਸਮਰਥਤਾ ਦੀ ਧਾਰਨੀ ਸਾਬਤ ਹੋ ਜਾਂਦੀ ਹੈ। ਗੁਰੂ ਨਾਨਕ ਸਾਹਿਬ ਨੇ ਪਹਿਲੀ ਵਾਰੀ ਨਾਰੀ ਨਾਲ ਹੁੰਦੇ ਅਨਿਆਂ ਦੇ ਖਿਲਾਫ ਆਵਾਜ਼ ਬੁਲੰਦ ਕੀਤੀ। ਉਨ੍ਹਾਂ ਨੇ ਨਾਰੀ ਨਾਲ ਹੁੰਦੇ ਵਤੀਰੇ ਨੂੰ ਬੜੀ ਤੀਖਣਤਾ ਨਾਲ ਮਹਿਸੂਸ ਕਰਦੇ ਹੋਏ ਉਸਨੂੰ ਮਾਣਯੋਗ ਸਥਾਨ ਦਿਵਾਉਂਦਿਆਂ ਕਿਹਾ:

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨੁ॥[161]

ਗੁਰਮਤਿ ਵਿਚ ਗ੍ਰਹਿਸਥੀਆਂ ਦੇ ਸਭਿਆਚਾਰ ਦੀਆਂ ਬਣਤਰਾਂ ਦੇ ਚਿੰਨ੍ਹ ਹਨ ਤੇ ਗ੍ਰਹਿਸਥੀ ਧਰਮ ਔਰਤ ਜਾਂ ਇਸਤਰੀ ਤੋਂ ਬਿਨਾ ਕਲਪਿਆ ਵੀ ਨਹੀਂ ਜਾ ਸਕਦਾ। ਗੁਰੂ ਨਾਨਕ ਸਾਹਿਬ ਨੇ 'ਸਿੱਧ ਗੋਸ਼ਟਿ' ਵਿਚ ਗ੍ਰਹਿਸਥ ਜੀਵਨ ਅਪਣਾਉਨ ਤੇ ਜ਼ੋਰ ਦਿੱਤਾ ਹੈ। ਇਸ ਵਿਚ ਆਪ ਜੀ ਦੀ ਨਾਥਾਂ-ਜੋਗੀਆਂ ਨਾਲ ਹੋਈ ਵਾਰਤਾ ਸ਼ਾਮਿਲ ਹੈ। ਨਾਥ-ਜੋਗੀਆਂ ਵਿਚ ਗੋਰਖਨਾਥ, ਚੌਰੰਗੀ ਨਾਥ, ਬਾਲ ਨਾਥ ਤੇ ਭਰਥਰੀ ਹਰੀ ਆਦਿ ਸਭ ਜੋਗੀਆਂ ਨੇ ਇਸਤਰੀ ਨੂੰ ਨਿੰਦਿਆ।ਉਨ੍ਹਾਂ ਨੇ ਇਸਤਰੀ ਨੂੰ ਬਾਘਨਿ, ਨਾਗਿਨ ਤੱਕ ਕਹਿ ਕੇ ਅਪਮਾਨਿਤ ਕੀਤਾ ਹੈ। ਉਨ੍ਹਾਂ ਦੀ ਸੋਚ ਸੀ ਕਿ ਗ੍ਰਹਿਸਥ ਵਿਚ ਰਹਿ ਕੇ ਦੁਨੀਆਂ ਨੂੰ ਕਿਵੇਂ ਤਾਰਿਆ ਜਾ ਸਕਦਾ ਹੈ ? ਚਰਪਟ ਗੁਰੂ ਜੀ ਤੋਂ ਪੁੱਛਦਾ ਹੈ:

ਦੁਨੀਆ ਸਾਗਰ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ॥
ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ॥[162]

ਗੁਰੂ ਸਾਹਿਬ ਜਵਾਬ ਦਿੰਦੇ ਹਨ:

ਜੈਸੇ ਜਲ ਮਹਿ ਕਮਲੁ ਨਿਰਾਲਮ ਮੁਰਗਾਈ ਨੈਸਾਣੇ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੈ॥[163]

ਜੋ ਧਰਮ ਗ੍ਰਹਿਸਥ ਦੇ ਮਾਡਲ ਨੂੰ ਇਨ੍ਹਾਂ ਜ਼ੋਰ ਨਾਲ ਅਪਣਾਉਣ ਦੀ ਸਿਖਿਆ ਦਿੰਦੇ ਹੈ; ਉਹ ਇਸਤਰੀ ਦੀ ਕਿੰਨੀ ਇਜ਼ਤ ਕਰਦਾ ਹੋ ਸਕਦਾ ਹੈ, ਇਹ ਅੰਦਾਜ਼ਾ ਸਹਿਜੇ ਹੀ ਹੋ ਜਾਂਦਾ ਹੈ। ਗੁਰਸਿੱਖ ਕਵੀਆਂ ਦੀ ਨਜ਼ਰ ਵਿਚ ਇਸਤਰੀ ਮੋਖ-ਦੁਆਰੀ ਜਾਂ ਅਰਧਾਂਗਨੀ ਹੈ। ਗੁਰੂ ਗ੍ਰੰਥ ਸਾਹਿਬ ਦੇ ਵਿਆਖਿਆਕਾਰ ਭਾਈ ਗੁਰਦਾਸ ਜੀ ਫਰਮਾਉਂਦੇ ਹਨ:

ਲੋਕ ਦੇਵ ਗੁਣ ਗੁਣੁ ਗਿਆਨ ਵਿਚ ਅਰਧ ਸਰੀਰੀ ਮੋਖ ਦੁਆਰੀ
ਗੁਰਮੁਖਿ ਸੁਖ ਫਲ ਨਿਹਚਉ ਨਾਰੀ॥[164]

ਗੁਰਬਾਣੀ ਵਿਚ ਬਹੁ ਸਭਿਆਚਾਰ ਸਮਾਜ ਦੀ ਪਛਾਣ ਦਾ ਇਕ ਹੋਰ ਪਹਿਲੂ ਜਾ ਤੱਤ ਉਨ੍ਹਾਂ ਦੀ ਭਾਸ਼ਾ ਨੀਤੀ ਵਿਚੋਂ ਪ੍ਰਗੱਟ ਹੁੰਦਾ ਹੈ। 'ਉਹਨਾਂ ਨੇ ਹੋਰਨਾਂ ਸਮਕਾਲੀ ਸੰਤਾਂ, ਭਗਤਾਂ ਅਤੇ ਸੂਫ਼ੀਆਂ ਵਾਂਗ ਹੀ ਲੋਕ ਜੀਵਨ ਦੀ ਨਿਤ ਵਰਤੋਂ ਵਿਚ ਆਉਣ ਵਾਲੀ ਭਾਸ਼ਾ ਨੂੰ ਆਪਣਾ ਮਾਧਿਅਮ ਬਣਾਇਆ। ਉਨ੍ਹਾਂ ਦੀ ਭਾਸ਼ਾ ਸਮੁੱਚੇ ਭਾਰਤ ਵਿਚ ਸਮਝੀ ਸਕਣ ਵਾਲੀ ਸਾਧ ਭਾਸ਼ਾ ਹੈ।'[165] ਇਸ ਪਾਵਨ-ਗ੍ਰੰਥ ਵਿਚ ਭਾਸ਼ਾ ਦਾ ਸੰਗਮ ਹੈ। ਭਾਰਤ ਦੀਆਂ ਚਾਰੇ ਦਿਸ਼ਾਵਾਂ ਨਾਲ ਸੰਬੰਧਿਤ ਬੋਲ ਇਸ ਵਿਚੋਂ ਪ੍ਰਾਪਤ ਹੁੰਦੇ ਹਨ।'ਇਸ ਤੋਂ ਪਹਿਲਾ ਭਾਰਤੀ ਧਰਮ-ਗ੍ਰੰਥ, ਕੇਵਲ ਸੰਸਕ੍ਰਿਤ ਅਤੇ ਫ਼ਾਰਸੀ ਭਾਸ਼ਾ ਵਿਚ ਪ੍ਰਾਪਤ ਹੁੰਦੇ ਸਨ, ਜਿਨ੍ਹਾਂ ਨੂੰ ਪੜ੍ਹਨਾ ਤੇ ਸਮਝਣਾ ਜਨ-ਸਾਧਾਰਨ ਦੇ ਵਸ ਦਾ ਰੋਗ ਨਹੀਂ ਸੀ। ਇਨ੍ਹਾਂ ਗ੍ਰੰਥਾਂ ਦੀ ਵਿਆਖਿਆ ਮੌਲਵੀ ਤੇ ਪੰਡਿਤ ਇਸ ਢੰਗ ਨਾਲ ਕਰਦੇ ਸਨ, ਜੋ ਉਨ੍ਹਾਂ ਦਾ ਆਪਣਾ ਅਤੇ ਵਿਸ਼ੇਸ਼ ਵਰਗ ਦਾ ਹਿੱਤ ਪਾਲਦੀ ਸੀ, ਪਰ ਜਨ-ਸਾਧਾਰਨ ਦਾ ਸ਼ੋਸ਼ਣ ਹੀ ਕਰਦੀ ਸੀ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਤੀ ਭਾਸ਼ਾ ਅਜਿਹੀ ਕਿਸਮ ਦੀ ਹੈ, ਜੋ ਜਨ-ਸਾਧਾਰਨ ਥੋੜ੍ਹੀ ਜਿਹੀ ਮਿਹਨਤ ਕਰਨ ਉਪਰੰਤ ਸੌਖੀ ਤਰ੍ਹਾਂ ਸਮਝ ਸਕਦਾ ਹੈ। ਇਸ ਦਾ ਇਹ ਮਤਲਬ ਬਿਲਕੁਲ ਨਹੀਂ ਕਿ ਸਾਹਿਤਿਕ ਪੱਧਰ ਤੇ ਇਹ ਭਾਸ਼ਾਗੌਣ ਰੂਪ ਵਾਲੀ ਹੈ। ਬਲਕਿ ਇਸ ਬਾਣੀ ਵਿਚ ਫ਼ਾਰਸੀ, ਅਰਬੀ, ਸੰਸਕ੍ਰਿਤ, ਭੋਜਪੁਰੀ, ਰਾਜਸਥਾਨੀ, ਹਿੰਦੀ ਆਦਿ ਭਾਸ਼ਾਵਾਂ ਦੀ ਸ਼ਬਦਾਵਲੀ ਆਮ ਮਿਲ ਜਾਂਦੀ ਹੈ, ਪਰ ਇਹ ਸ਼ਬਦਾਵਲੀ ਅਜਿਹੀ ਹੈ, ਜੋ ਲੋਕ-ਮਾਨਸ ਜੀਵਨ ਵਿਚ ਰਚੀ-ਮਿਚੀ ਸੀ ਓਤੇ ਨਿੱਤ-ਵਿਵਹਾਰ ਦੀ ਬੋਲ-ਚਾਲ ਦਾ ਹਿੱਸਾ ਬਣ ਚੁੱਕੀ ਸੀ। ਸੰਖੇਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਲੋਕ-ਭਾਸ਼ਾ ਦਾ ਵਡਮੁੱਲਾ ਖ਼ਜ਼ਾਨਾ ਆਖਿਆ ਜਾ ਸਕਦਾ ਹੈ।'[166] ਗੁਰਬਾਣੀ ਦੀ ਭਾਸ਼ਾ ਦੀ ਬਹੁ-ਸਭਿਆਚਾਰਕ ਸਾਰਥਕਤਾ ਬਾਰੇ ਡਾ. ਸਰੂਪ ਸਿੰਘ ਅਲੱਗ ਦੇ ਇਹ ਕਥਨ ਬਹੁਤ ਵਿਚਾਰਨਯੋਗ ਹਨ :

'ਗੁਰੂ ਗ੍ਰੰਥ ਸਾਹਿਬ, ਅਭਿਲਾਸ਼ੀ ਦੇ ਮਨ ਵਿਚ ਆਪਣੇ ਅਧਿਕਾਰਾਂ ਅਤੇ ਕਰਤਵਾਂ ਦੀ ਚੇਤਨਾ ਜਗਾਉਂਦਾ ਹੈ, ਲੋਕ-ਚੇਤਨਾ ਨਾਲ ਇਹ ਗ੍ਰੰਥ ਸਰਸ਼ਾਰ ਹੈ। ਇਸ ਵਿਚ ਲੋਕ ਜੀਵਨ ਦੀ ਭਰਪੂਰ ਪ੍ਰਤੀਨਿੱਧਤਾ ਹੈ ਜੋ ਲੋਕ-ਭਾਸ਼ਾ ਅਤੇ ਲੋਕ-ਮੁਹਾਵਰਿਆਂ ਵਿਚੱ ਸੁਸੱਜਤ ਹੈ। ਇਸ ਲਈ ਇਹ ਸਮੁੱਚੀ ਮਾਨਵਤਾ ਦਾ ਗ੍ਰੰਥ ਹੈ ਜਿਸ ਦੀ ਉਸ ਵੇਲੇ ਵੀ ਸਖ਼ਤ ਅਵੱਸ਼ਕਤਾ ਸੀ, ਅੱਜ ਵੀ ਹੈ ਅਤੇ ਹਮੇਸ਼ਾ ਬਣੀ ਵੀ ਰਹੇਗੀ।'[167]

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਕੇਵਲ ਸਮਾਜਕ ਅਤੇ ਸਭਿਆਚਾਰਕ ਚੇਤਨਾ ਦਾ ਸੰਵਾਦ ਹੀ ਨਹੀਂ ਸਿਰਜਦੀ ਬਲਕਿ ਵਕਤ ਦੇ ਸਮਾਜ ਦੇ ਲੋਟੂ, ਭ੍ਰਸ਼ਟ, ਖੁਦਗਰਜ਼, ਜ਼ਾਲਮ, ਝੂਠੇ ਅਤੇ ਲੋਭੀ ਹਾਕਮਾਂ ਦੇ ਕਿਰਦਾਰ ਉੱਤੇ ਵੀ ਲਾਹਨਤਾਂ ਪਾਈਆਂ ਗਈਆਂ ਹਨ।

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀਂ ਕਹ ਚੜਿਆ॥
ਹਉ ਭਾਲਿ ਵਿਕੁੰਨੀ ਹੋਈ॥ਆਧੇਰੈ ਰਾਹੁ ਨ ਕੋਈ॥
ਵਿਚਿ ਹਉਮੈ ਕਰਿ ਦੁਖੁ ਰੋਈ॥
ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥[168]

ਰਾਜੇ ਸ਼ੀਹ ਮੁਕਦਮ ਕੁਤੇ॥ਜਾਇ ਜਗਾਇਨਿ ਬੈਠੇ ਸੁਤੇ॥
ਚਾਕਰ ਨਹਦਾ ਪਾਇਨਿ ਘਾਉ॥ਰਤੁ ਪਿਤੁ ਕੁਤਿਹੋ ਚਟਿ ਜਾਹੁ॥[169]

'ਬਹੁ ਸਭਿਆਚਾਰਕ ਸਮਾਜ ਦੀ ਸਥਾਪਨਾ' ਦੇ ਵਿਚਾਰ ਵਿਚ ਗੁਰੂ ਗ੍ਰੰਥ ਸਾਹਿਬ ਦੇ ਕੀਤੇ ਅਧਿਐਨ ਉਪਰੰਤ ਇਸ ਸਿੱਟੇ ਤੇ ਪੁੱਜਿਆ ਗਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਦੱਬੇ ਕੁਚਲੇ ਵਰਗਾਂ ਅਤੇ ਲੋਕਾਂ ਦੀ ਜ਼ੁਬਾਨ ਬਣ ਕੇ ਹਾਕਮ ਸ਼੍ਰੇਣੀ ਅਤੇ ਕੁਲੀਨ ਵਰਗਾਂ ਦੇ ਦਮਨਕਾਰੀ ਅਤੇ ਜ਼ਾਲਮਾਨਾ ਆਚਰਣ ਨੂੰ ਵੰਗਾਰਦਾ ਸਮੂਹ ਸੰਸਕ੍ਰਿਤੀ ਦੇ ਮਨੋਬਲ ਨੂੰ ਇਕ ਨਵੀਂ ਦ੍ਰਿਸ਼ਟੀ ਪ੍ਰਦਾਨ ਕਰਦਾ ਹੈ ਜੋ ਹਿੰਮਤ ਅਤੇ ਸ਼ਕਤੀ ਦਾ ਪ੍ਰਤੀਕ ਹੈ। ਗੁਰਬਾਣੀ ਵਿਚ ਪੇਸ਼ ਸਮਾਜ ਦੇ ਇਸ ਵਿਕਾਸਸ਼ੀਲ ਪਰਿਪੇਖ ਬਾਰੇ ਡਾ. ਜਗਬੀਰ ਸਿੰਘ ਦਾ ਵਿਚਾਰ ਹੈ ਕਿ 'ਆਦਿ-ਗ੍ਰੰਥ ਵਿਚ ਪੇਸ਼ ਹੋਏ ਇਸ ਸਭਿਆਚਾਰ ਕ੍ਰਾਂਤੀ ਦੇ ਸੰਕਲਪ ਦੀ ਚੇਤਨਾ ਵਿਚ ਆਖਿਆ ਜਾ ਸਕਦਾ ਹੈ ਕਿ ਇਸ ਬਾਣੀ ਦਾ ਪ੍ਰਵਚਨ-ਵਿਧਾਨ ਮਨੁੱਖ ਨੂੰ ਆਪਣੀ ਹੋਂਦ ਦਾ ਹਕੀਕੀ ਗੌਰਵ ਪਛਾਣਨ ਦਾ ਸੰਦੇਸ਼ ਦਿੰਦਾ ਹੈ।ਇਹ ਹਾਕਮ ਸ਼੍ਰੇਣੀ ਦੇ ਅਤਿਆਚਾਰ ਅਤੇ ਅਨਿਆਂ ਦਾ ਪਰਦਾਫਾਸ਼ ਕਰਕੇ ਆਤੰਕਿਤ ਅਤੇ ਸ਼ੋਸ਼ਿਤ ਵਰਗ ਨੂੰ ਮਜਬੂਤ ਕਰਦਾ ਹੈ।"[170] ਸਮੁੱਚੇ ਰੂਪ ਵਿਚ ਇਹ ਆਖਿਆ ਜਾ ਸਕਦਾ ਹੈ ਕਿ ਗੁਰਬਾਣੀ ਸਾਡੇ ਸਾਹਿਤ ਅਤੇ ਸਭਿਆਚਾਰ ਦੀ ਅਮੋਲਕ ਵਿਰਾਸਤ ਹੈ। ਜੋ ਮਨੁੱਖਤਾ ਲਈ ਕਲਿਆਣਕਾਰੀ ਅਤੇ ਮਾਨਵ-ਹਿਤਕਾਰੀ ਵਿਸ਼ਵ-ਦ੍ਰਿਸ਼ਟੀ ਪ੍ਰਦਾਨ ਕਰਦੀ ਬਹੁ-ਸਭਿਆਚਾਰਕ ਸਮਾਜ ਦਾ ਅਜਿਹਾ ਮਾਡਲ ਪੇਸ਼ ਕਰਦੀ ਹੈ ਜੋ ਸਮੂਹ ਵਿਸ਼ਵ ਲਈ ਸਾਰਥਕ ਅਤੇ ਪ੍ਰਾਸੰਗਿਕ ਹੈ।

### 4.5 ਵਿਸ਼ਵ-ਭਾਈਚਾਰਾ ਅਤੇ ਵਿਸ਼ਵ-ਸ਼ਾਂਤੀ ਦੇ ਮਾਡਲ:

ਅੱਜ ਇਕੀਵੀਂ ਸਦੀ ਦੇ ਵਿਸ਼ਵੀਕਰਨ ਦੇ ਯੁੱਗ ਵਿਚ ਅਸੀਂ ਰਹਿ ਰਹੇ ਹਾਂ। ਸਾਰਾ ਵਿਸ਼ਵ ਇਕ ਗਲੋਬਲ ਪਿੰਡ ਵਿਚ ਪਰਿਵਰਤਤ ਹੋ ਗਿਆ ਹੈ ਅਤੇ ਵਰਤਮਾਨ ਸਮਾਜ ਵਿਸ਼ਵ-ਵਿਆਪੀ ਸਮਾਜ ਦੇ ਰੂਪ ਵਿਚ ਉੱਭਰ ਰਿਹਾ ਹੈ। ਸਿੱਟੇ ਵੱਜੋਂ ਵਿਭਿੰਨ ਨਸਲਾਂ, ਜਾਤਾਂ, ਕਬੀਲਿਆਂ, ਧਰਮਾਂ, ਭਾਸ਼ਾ, ਅਦਾਰਿਆਂ, ਖੇਤਰਾਂ ਦੇ ਲੋਕਾਂ ਦਾ ਆਹਮੋ-ਸਾਹਮਣਾ ਹੋ ਗਿਆ ਹੈ। ਸੰਚਾਰ ਦੇ ਸਾਧਨਾਂ, ਤਕਨੀਕੀ ਕ੍ਰਾਂਤੀ ਦੇ ਵਿਕਾਸ, ਆਵਾਜਾਈ ਦੇ ਸਾਧਨਾਂ ਦੇ ਪਾਸਾਰ, ਪਰਵਾਸ ਦੇ ਰੁਝਾਨ, ਸਹਿਚਾਰ ਦੀਆਂ ਲੋੜਾਂ ਨੇ ਮਨੁੱਖ ਨੂੰ ਬਹੁਤ ਨੇੜੇ ਲੈ ਆਉਂਦਾ ਹੈ। ਜਿਸ ਨਾਲ ਵਿਸ਼ਵ-ਵਿਆਪੀ ਸਮਾਜ ਵਿਚ ਪਰੰਪਰਾਗਤ ਸੰਸਕ੍ਰਿਤਕ, ਧਾਰਮਿਕ, ਖੇਤਰੀ, ਨਸਲੀ, ਭਾਸ਼ਾਈ, ਭੂਗੋਲਿਕ ਸੀਮਾਵਾਂ ਖ਼ਤਮ ਹੋ ਰਹੀਆਂ ਹਨ ਤੇ ਇਕ ਬਹੁ-ਰੰਗੀ, ਬਹੁ-ਨਸਲੀ ਅਤੇ ਬਹੁ-ਸਭਿਆਚਾਰਕ ਸਮਾਜ ਹੋਂਦ ਵਿਚ ਆਇਆ ਹੈ। ਵਿਭਿੰਨਤਾਵਾਂ ਦੇ ਇਸ ਸਮਾਜ ਵਿਚ ਅਨੇਕਤਾ ਨੇ ਬਹੁਤ ਤਣਾਉ, ਅਸੰਤੁਲਨ ਅਤੇ ਅਰਾਜਕਤਾ ਉਤਪੰਨ ਕਰ ਦਿੱਤੀ ਹੈ।

ਪਿੱਛਲੇ ਦਹਾਕਿਆਂ ਤੋਂ ਅਕਾਦਮਿਕ ਅਤੇ ਸੰਸਕ੍ਰਿਤਕ-ਰਾਜਸੀ ਗਲਿਆਰਿਆਂ ਵਿਚ ਵਿਸ਼ਵੀ-ਭਾਈਚਾਰੇ ਨੂੰ ਸਥਾਪਿਤ ਕਰਨ ਦੇ ਅਨੇਕਾਂ ਉਪਰਾਲੇ ਹੋਏ ਹਨ। ਇਸ ਨਾਮ ਦੇ ਨਾਲ ਬਹੁਤ ਸਾਰੀਆਂ ਸੰਸਥਾਵਾਂ ਕਾਰਜਸ਼ੀਲ ਹਨ। ਜਿਨ੍ਹਾਂ ਦਾ ਸਰੂਪ ਸਰਬ-ਹਿਤਕਾਰੀ ਅਤੇ ਮਾਨਵ-ਕਲਿਆਣਕਾਰੀ ਹੈ। ਵਿਸ਼ਵ-ਵਿਆਪੀ ਸਮਾਜ ਦੇ ਵੱਖ-ਵੱਖ ਵਰਗਾਂ ਦੇ ਵੱਖ-ਵੱਖ ਲੋਕ ਸਮਾਜ ਵਿਚ ਸਾਂਤੀ ਲਿਆਉਣਾ ਲੋਚਦੇ ਹਨ। ਇਹ ਸ਼ਾਂਤੀ ਤਾਂ ਹੀ ਹੋ ਸਕਦੀ ਹੈ ਜਦੋਂ ਲੋਕ ਭਾਈਚਾਰਕ ਤੋਰ ਤੇ ਸੰਗਠਿਤ ਹੋ ਜਾਣਗੇ ਅਤੇ ਭਾਈਚਾਰਕ ਸਦਭਾਵਨਾ ਉਦੋਂ ਹੀ ਪਰਿਵੇਸ਼ ਹੋ ਸਕਦੀ ਹੈ ਜਦੋਂ ਲੋਕ ਨਿੱਜ-ਹਿੱਤਾਂ ਤੋਂ ਉੱਪਰ ਉੱਠ ਕੇ ਸਮੂਹਿਕ ਭਾਵਨਾ ਸਹਿਤ ਜ਼ਿੰਦਗੀ ਜਿਉਣ ਦਾ ਯਤਨ ਕਰਨਗੇ। ਤੰਗ ਸੋੜੀਆਂ ਵਲਗਣਾਂ ਤੇ ਸੰਕੀਰਣ ਸੋਚਾਂ ਨੂੰ ਤਿਆਗ ਕੇ ਮਨੁੱਖ ਨੂੰ ਮਨੁੱਖ ਦੀ ਨਜ਼ਰ ਨਾਲ ਦੇਖਣ ਦਾ ਵੱਲ ਸਿੱਖ ਲੈਣ। ਵਿਸ਼ਵ-ਭਾਈਚਾਰੇ ਅਤੇ ਵਿਸ਼ਵ-ਸ਼ਾਂਤੀ ਦੇ ਬਾਰੇ ਵਿਭਿੰਨ ਲੋਕਾਂ ਦੀ ਸੋਚ ਕੁਝ ਇਸ ਪ੍ਰਕਾਰ ਹੈ:

ਕੌਫੀ ਅੱਨਾਨ ਦਾ ਮੰਨਣਾ ਹੈ:

"We may have different religions, different languages, different colored skin, but we all belong to one human race."[171]

ਅਸੀਂ ਬੇਸ਼ਕ ਵਿਭਿੰਨ ਧਰਮਾਂ, ਵਿਭਿੰਨ ਭਾਸ਼ਾਵਾਂ, ਵਿਭਿੰਨ ਰੰਗਾਂ ਨਾਲ ਸੰਬੰਧ ਰੱਖਦੇ ਹਾਂ ਪਰ ਅਸੀਂ ਸਾਰੇ ਇਕੋ ਮਨੁੱਖਾਂ ਜੂਨ ਨਾਲ ਸੰਬੰਧਿਤ ਹਾਂ।

ਇੱਸਾਕ ਅਸੀਮੋ ਦੇ ਅਨੁਸਾਰ:

"There are no nations! There is only humanity. And if we don't come to understand that right soon, there will be no nations, because there will be no humanity."[172]

ਇੱਥੇ ਕੋਈ ਕੌਮ ਜਾਂ ਰਾਸ਼ਟਰ ਨਹੀਂ, ਕੇਵਲ ਮਨੁੱਖਤਾ ਹੀ ਪ੍ਰਧਾਨ ਹੈ ਤੇ ਜੇ ਅਸੀਂ ਇਹ ਗੱਲ ਜਲਦੀ ਨਾ ਸਮਝੇ ਤਾਂ ਇੱਥੇ ਕੋਈ ਰਾਸ਼ਟਰ ਨਹੀਂ ਹੋਵੇਗਾ ਕਿਉਂਕਿ ਇੱਥੇ ਕੋਈ ਮਨੁੱਖਤਾ ਨਹੀਂ ਸੀ।

Ruth Fulton Benedict ਦਾ ਕਹਿਣਾ ਹੈ:

"In world history, those who have helped to build the same culture are not necessarily of one race, and those of the same race have not all participated in one culture. The peoples of the earth are one family."[173]

ਵਿਸ਼ਵ ਦੇ ਇਤਿਹਾਸ ਵਿਚ ਉਹ ਲੋਕ ਜੋ ਵਿਸ਼ਵ-ਭਾਈਚਾਰੇ ਦੀ ਸਥਾਪਨਾ ਕਰਨੀ ਚਾਹੁੰਦੇ ਸਨ, ਜ਼ਰੂਰੀ ਨਹੀਂ ਕਿ ਉਹ ਇਕੋਂ ਨਸਲ ਜਾਂ ਮੁਲਕ ਦੇ ਸਨ ਅਤੇ ਜੋ ਇਕੋ ਨਸਲ ਨਾਲ ਸੰਬੰਧ ਰੱਖਦੇ ਹਨ ਉਹ ਇਕੋ ਸੰਸਕ੍ਰਿਤੀ ਨਾਲ ਵੀ ਵਾਬਸਤਾ ਨਹੀਂ ਹੁੰਦੇ। ਇਸ ਧਰਤੀ ਤੇ ਰਹਿਣ ਵਾਲੇ ਇਕ ਪਰਿਵਾਰ ਹਨ।

ਪਾਬਲੋ ਕੈਸਲਸ ਦਾ ਵਿਚਾਰ ਹੈ:

"We ought to think that we are one of the leaves of a tree, and the tree is all humanity. We cannot live without the others, without the tree. The love of one's country is a splendid thing. But why should love stop at the border?"[174]

ਸਾਡਾ ਇਹ ਮੰਨਣਾ ਹੈ ਕਿ ਅਸੀ ਦਰਖ਼ਤ ਦੇ ਇਕ ਪੱਤੇ ਦੀ ਤਰ੍ਹਾਂ ਹਾਂ ਤੇ ਇਹ ਦਰਖ਼ਤ ਸਾਰੀ ਮਨੁੱਖਤਾ ਜਾਂ ਮਾਨਵਤਾ ਹੈ। ਅਸੀਂ ਮਨੁੱਖਤਾ ਤੋਂ ਬਗੈਰ, ਦੂਸਰਿਆਂ ਤੋਂ ਬਗੈਰ ਨਹੀਂ ਜੀਅ ਸਕਦੇ।ਦੇਸ਼ ਨੂੰ ਪਿਆਰ ਕਰਨਾ ਬਹੁਤ ਸ਼ਾਨਦਾਰ ਤੇ ਮਾਣ ਵਾਲੀ ਗੱਲ ਹੈ ਪਰ ਇਹ ਪਿਆਰ ਸਰਹੱਦਾਂ ਤੇ ਆ ਕੇ ਕਿਉਂ ਮੁੱਕ ਜਾਂਦਾ ਹੈ?

ਜੈਕੀ ਚਨਸਮਰਥਨ ਕਰਦਾ ਹੈ:

"We live now in a global village and we are in one single family. It's our responsibility to bring friendship and love from all different placesaround the World and to live together in peace."[175]

ਅੱਜ ਅਸੀਂ ਇਕ ਗਲੋਬਲ ਪਿੰਡ ਵਿਚ ਰਹਿੰਦੇ ਹਾਂ ਅਸੀਂ ਇਕ ਪਰਿਵਾਰ ਦੀ ਭਾਂਤੀ ਹਾਂ। ਇਹ ਸਾਡਾ ਫ਼ਰਜ਼ ਬਣਦਾ ਹੈ ਕਿ ਅਸੀਂ ਸਾਰੇ ਵਿਸ਼ਵ ਦੇ ਵਿਭਿੰਨ ਹਿੱਸਿਆਂ ਵਿਚ ਦੋਸਤੀ ਅਤੇ ਪਿਆਰ ਦੀ ਭਾਵਨਾ ਪੈਦਾ ਕਰੀਏ ਅਤੇ ਇੱਕਠੇ ਹੋ ਕੇ ਸ਼ਾਂਤੀ ਵਿਚ ਜੀਵੀਏ।

ਧਰਮ ਗੁਰੂ ਦਾਲਾਈ ਲਾਮਾ ਫ਼ਰਮਾਉਂਦੇ ਹਨ:

"Internal peace is an essential first step to achieving peace in the world. How do you cultivate it? It's very simple. In the first place by realizing clearly that all mankind is one, that human beings in every country are members of one and the same family."[176]

ਵਿਸ਼ਵ ਸ਼ਾਂਤੀ ਨੂੰ ਬਹਾਲ ਕਰਨ ਲਈ ਅੰਦਰੂਨੀ ਸ਼ਾਂਤੀ ਨੂੰ ਬਣਾਏ ਰੱਖਣਾ ਬਹੁਤ ਜਰੂਰੀ ਹੈ। ਇਹ ਕਿਸ ਤਰ੍ਹਾਂ ਪ੍ਰਾਪਤ ਕੀਤੀ ਜਾ ਸਕਦੀ ਹੈ? ਇਹ ਬਹੁਤ ਆਸਾਨ ਹੈ। ਸੱਭ ਤੋਂ ਪਹਿਲਾ ਇਹ ਸਮਝਣਾ ਪਏਗਾ ਕਿ ਸਾਰੀ ਮਨੁੱਖਤਾ ਇੱਕ ਹੈ, ਸਾਰੇ ਦੇਸ਼ਾਂ ਦੇ ਮਨੁੱਖ ਇਕ ਅਤੇ ਇਕੋ ਪਰਿਵਾਰ ਦੇ ਮੈਂਬਰ ਹਨ।

ਮੋਹਨਦਾਸ ਕਰਮਚੰਦ ਗਾਂਧੀ ਦਾ ਦ੍ਰਿਸ਼ਟੀਕੋਣ ਹੈ:

"It is easy enough to be friendly to one's friends. But to befriend the one who regards himself as your enemy is the quintessence of true religion. The other is mere business."[177]

ਆਪਣੇ ਦੋਸਤਾਂ ਨਾਲ ਦੋਸਤੀ ਨਿਭਾਉਣਾ ਬਹੁਤ ਆਸਾਨ ਹੈ ਪਰ ਉਨ੍ਹਾਂ ਨਾਲ ਦੋਸਤੀ ਰੱਖਣਾ ਜੋ ਤੁਹਾਨੂੰ ਆਪਣਾ ਦੁਸ਼ਮਣ ਮੰਨਦੇ ਹਨ ਹੀ ਅਸਲੀ ਧਰਮ ਦਾ ਸਾਰਾਂਸ ਹੈ।ਬਾਕੀ ਸਭ ਤਾਂ ਕੇਵਲ ਗਰਜ ਹੈ।

ਮਿਖਾਇਲ ਗੋਰਬਾਚੋਵ ਦੇ ਵਿਚਾਰ ਹਨ:

Peace is not unity in similarity but unity in diversity, in the comparison and conciliation of differences.[178]

ਸ਼ਾਂਤੀ ਵਿਭਿੰਨਤਾ ਦੀ ਇਕਰੂਪਤਾ ਵਿਚ ਨਹੀਂ ਸਗੋਂ ਵਿਭਿੰਨਤਾ ਦੀ ਏਕਤਾ ਵਿਚ ਹੈ, ਵਿਭਿੰਨਤਾਵਾਂ ਅਤੇ ਤੁਲਨਾਵਾਂ ਦੇ ਮੇਲ ਵਿਚ ਹੈ ।

ਉਪਰੋਕਤ ਵਿਸ਼ੇ ਦੇ ਪ੍ਰਕਰਣ ਵਿਚ ਅਸੀਂ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰਨ ਦਾ ਉਪਰਾਲਾ ਕਰਦੇ ਹਾਂ ਕਿ ਇਹ ਗਿਆਨ ਮੂਲਕ ਪਾਠ ਤੇ ਮਾਨਵਵਾਦੀ ਗ੍ਰੰਥ ਵਿਸ਼ਵੀ ਏਕਤਾ ਦੀ ਸਥਾਪਤੀ ਵਿਚ ਮਨੁੱਖ ਦੀ ਕਿਸ ਪ੍ਰਕਾਰ ਅਗਵਾਈ ਕਰ ਸਕਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਬ੍ਰਹਮ ਦਾ ਸਰੂਪ ੴ ਤੋਂ ਆਰੰਭ ਹੋ ਕੇ ਸਰਬਤ ਦੇ ਭਲੇ ਤੱਕ ਦੀਆਂ ਅੰਤਰਦਿਰਸ਼ਟੀਆਂ ਦਾ ਲਖਾਇਕ ਹੈ। ਗੁਰਮਤਿ ਦੀ ਬੁਨਿਆਦ ਇਕ ਪ੍ਰਭੂ ਦੀ ਹੋਂਦ ਤੇ ਕੇਂਦ੍ਰਿਤ ਹੈ ਤੇ ਸਮੁੱਚੇ ਬਾਣੀਕਾਰਾਂ ਨੇ ਬੜੇ ਜ਼ੋਰਦਾਰ ਅਤੇ ਸ਼ਕਤੀਸ਼ਾਲੀ ਢੰਗ ਨਾਲ 'ਏਕਮ' ਦੀ ਪ੍ਰਕਿਰਤੀ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ। ਪਰਮਾਤਮਾ ਦੀ ਏਕਤਾ ਸਮਾਜ ਦੀ ਏਕਤਾ ਅਤੇ ਭਾਈਚਾਰੇ ਦੀ ਸੂਚਕ ਹੈ। ਕਿਉਂਕਿ ਜਦੋਂ ਜਨ-ਸਾਧਾਰਨ ਨੂੰ ਇਸ ਤੱਥ ਦੀ ਸੋਝੀ ਹੋ ਜਾਂਦੀ ਹੈ ਕਿ ਇਕ ਪਰਮਾਤਮਾ ਹੀ ਸਾਰੀ ਸ਼੍ਰਿਸ਼ਟੀ ਦਾ ਰਚਣਹਾਰ ਹੈ; ਸਾਰੀ ਸ਼੍ਰਿਸ਼ਟੀ ਦੇ ਕਣ-ਕਣ ਵਿਚ ਮੌਜੂਦ ਹੈ; ਸਾਰੀ ਸ਼੍ਰਿਸ਼ਟੀ ਪਰਮਾਤਮਾ ਦੇ ਹੁਕਮ ਵਿਚ ਹੈ ਤਾਂ ਮਨੁੱਖ ਦੀ ਸਾਰੀ ਹਉਮੈ ਤੇ ਵਿਤਕਰੇ ਮਹੱਤਵਹੀਣ ਹੋ ਜਾਦੇ ਹਨ ਤੇ ਫਿਰ ਭਾਈਚਾਰੇ ਦੀ ਉਸਾਰੀ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਅਕਾਲਪੁਰਖ ਦੇ ਬੇਸ਼ੁਮਾਰ ਗੁਣਾਂ ਦਾ ਵੱਖ-ਵੱਖ ਢੰਗਾਂ ਨਾਲ ਵਖਿਆਨ ਕਰਦੀ ਹੈ ਜਿਸ ਨਾਲ ਅਭਿਲਾਸ਼ੀ ਇਸ ਨਤੀਜੇ ਤੇ ਪਹੁੰਚਦਾ ਹੈ ਕਿ ਪਰਮਾਤਮਾ ਹਰ ਕਾਲ ਵਿਚ ਸੱਚ ਹੈ ਅਤੇ ਸਰਵ-ਕਲਾ ਸੰਪੂਰਨ ਹੈ ਅਤੇ ਉਸਦੀ ਅਜਿਹੀ ਹੋਂਦ ਆਤਮਿਕ ਆਨੰਦ ਪ੍ਰਦਾਨ ਕਰਦੀ ਮਨੁੱਖ ਨੂੰ ਸਮਾਜ ਪ੍ਰਤੀ ਇਕ ਨਵ-ਦ੍ਰਿਸ਼ਟੀ ਪ੍ਰਦਾਨ ਕਰਦੀ ਹੈ। ਇੱਕ ਪਰਮਾਤਮਾ ਦੀ ਅਸਤਿਤਵ ਨੂੰ ਬਾਣੀਕਾਰ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਬਿਆਨ ਕਰਦੇ ਸਪਸ਼ਟ ਕਰਦੇ ਹਨ ਕਿ ਜਿਹੜੀ ਹਸਤੀ ਸਾਰੇ ਦਿਸਦੇ ਤੇ ਅਣ ਦਿਸਦੇ ਵਿਸ਼ਵ ਨੂੰ ਹੋਂਦ ਵਿਚ ਲਿਆਉਂਦੀ ਹੈ, ਉਹ ਕੇਵਲ ਇਕ ਅਕਾਲ ਪੁਰਖ ਹੀ ਹੈ। ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ ਆਉਂਦਾ ਮੂਲ-ਮੰਤਰ ਪਰਮਾਤਮਾ ਦੇ ਸਰੂਪ ਨੂੰ ਬਿਆਨ ਕਰਦਾ ਹੈ :

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥[179]

ਸਮੁੱਚਾ ਗੁਰੂ ਗ੍ਰੰਥ ਸਾਹਿਬ ਇਸ ਮੂਲ ਮੰਤਰ ਦੀ ਵਿਆਖਿਆ ਕਰਦਾ ਪ੍ਰਤੀਤ ਹੁੰਦਾ ਹੈ ਤੇ ਸਾਰਾ ਗਿਆਨ ਇਸੇ ਅੰਤਰਦ੍ਰਿਸ਼ਟੀ ਦੇ ਪਿਛੋਕੜ ਵਿਚ ਰਚਿਆ ਗਿਆ ਹੈ। ਗੁਰੂ ਸਾਹਿਬਾਨ ਦ੍ਰਿੜ ਕਰਵਾਉਂਦੇ ਹਨ ਕਿ ਕੇਵਕ ਇਕੋ ਅਕਾਲ-ਪੁਰਖ ਅਜਿਹੀ ਹਸਤੀ ਹੈ ਜਿਸ ਨੇ ਸਾਰੇ ਬ੍ਰਹਿਮੰਡ ਦੀ ਉਤਪਤੀ ਕੀਤੀ ਹੈ:

ਏਕਮ ਏਕੰਕਾਰੁ ਨਿਰਾਲਾ॥
ਅਮਰੁ ਅਜੋਨੀ ਜਾਤਿ ਨ ਜਾਲਾ॥
ਅਗਮ ਅਗੋਚਰੁ ਰੂਪੁ ਨਾ ਰੇਖਿਆ॥
ਖੋਜਤ ਖੋਜਤ ਘਟਿ ਘਟਿ ਦੇਖਿਆ॥ [180]

ਇਸੇ ਹੀ ਵਿਚਾਰਧਾਰਾ ਨੂੰ ਵਿਸਥਾਰਦੇ ਹੋਏ ਗੁਰੂ ਨਾਨਕ ਸਾਹਿਬ ਫਰਮਾਉਂਦੇ ਹਨ:

ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂ॥
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥
ਤੂੰ ਆਪੇ ਆਪਿ ਵਰਤਦਾ ਆਪਿ ਬਣਤ ਬਣਾਈ॥ [181]

ਤੁਧੁ ਬਿਨੁ ਦੂਜਾ ਕੋ ਨਹੀਂ ਤੂ ਰਹਿਆ ਸਮਾਈ॥
ਤੇਰੀ ਗਤਿ ਮਿਤਿ ਤੂਹੈ ਜਾਣਦਾ ਤੁਧੁ ਕੀਮਤਿ ਪਾਈ॥
ਤੂ ਅਲਖ ਅਗੋਚਰੁ ਅਗਮੁ ਹੈ ਗੁਰਮਤਿ ਦਿਖਾਈ॥ [182]

ਗੁਰੂ ਸਾਹਿਬ ਬੜੀ ਬੁਲੰਦ ਆਵਾਜ਼ ਵਿਚ 'ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ ॥'[183] ਦਾ ਸੁਰ ਉਚਾਰਦੇ ਕਹਿੰਦੇ ਹਨ:

ਜੇਤਾ ਸਬਦੁ ਸੁਰਤਿ ਧੁਨਿ ਤੇਤੀ ਜੇਤਾ ਰੂਪੁ ਕਾਇਆ ਤੇਰੀ॥
ਤੂੰ ਆਪੇ ਰਸਨਾ ਆਪੇ ਬਸਨਾ ਅਵਰੁ ਨ ਦੂਜਾ ਕਹਉ ਮਾਈ॥ [184]

'ਸਿਵ ਸਕਤਿ ਆਪਿ ਉਪਾਇਕੈ ਕਰਤਾ ਆਪੇ ਹੁਕਮ ਵਰਤਾਏ'[185], 'ਨਿਰੰਕਾਰ ਆਕਾਰੁ ਉਪਾਇਆ॥ਮਾਇਆ ਮੋਹੁ ਹੁਕਮਿ ਬਣਾਇਆ'[186], 'ਤ੍ਰੈ ਗੁਣ ਆਪਿ ਸਿਰਜਿਅਨੁ ਮਾਇਆ ਮੋਹ ਵਧਾਇਆ'[187] 'ਪੰਚ ਭੂ ਨਾਇਕੋ ਆਪਿ ਸਿਰੰਦਾ ਜਿਨਿ ਸਚ ਕਾ ਪਿੰਡ ਸਵਾਰਿਆ'[188] ਆਦਿ ਗੁਰੂ ਵਾਕ ਸਪਸ਼ਟ ਕਰਦੇ ਹਨ ਕਿ 'ਪੁਰਸ਼', 'ਪ੍ਰਕ੍ਰਿਤੀ', 'ਮਾਇਆ', 'ਮੋਹ', 'ਤ੍ਰੈ ਗੁਣ' 'ਪੰਜ ਤੱਤ' ਆਦਿ ਸਭ ਪਰਮਾਤਮਾ ਦੇ ਹੀ ਸਾਜੇ ਹੋਏ ਹਨ। ਬਹੁਤ ਸਾਰੇ ਧਰਮ ਗ੍ਰੰਥਾਂ ਦੀ ਫ਼ਿਲਾਸਫ਼ੀ ਇਹ ਦ੍ਰਿੜ ਕਰਦੀ ਹੈ ਕਿ ਬ੍ਰਹਮਾ ਆਦਿ ਦੇਵਤਿਆਂ ਤੋਂ ਸ਼੍ਰਿਸ਼ਟੀ ਦੀ ਰਚਨਾ ਹੋਈ ਹੈ, ਪਰ ਗੁਰਬਾਣੀ ਦੀ ਵਿਚਾਰਧਾਰਾ ਹੈ ਕਿ ਸੱਭ ਦੇਵਤੇ ਤੇ ਅਵਤਾਰ ਪਰਮਾਤਮਾ ਦੀ ਹੀ ਉਪਜ ਹਨ:

ਬ੍ਰਹਮਾ ਬਿਸਨੁ ਮਹੇਸੁ ਦੇਵ ਉਪਾਇਆ॥
ਬ੍ਰਹਮੇ ਦਿਤੇ ਬੇਦ ਪੂਜਾ ਲਾਇਆ॥
ਦਸ ਅਵਤਾਰੀ ਰਾਮੁ ਰਾਜਾ ਆਇਆ॥
ਦੈਤਾ ਮਾਰੇ ਧਾਇ ਹੁਕਮਿ ਸਬਾਇਆ॥
ਈਸ ਮਹੇਸਰੁ ਸੇਵ ਤਿਨੀ ਅੰਤੁ ਨ ਪਾਇਆ॥
ਸਚੀ ਕੀਮਤਿ ਪਾਇ ਤਖਤੁ ਰਚਾਇਆ॥
ਦੁਨੀਆ ਧੰਧੈ ਲਾਇ ਆਪੁ ਛਪਾਇਆ॥
ਧਰਮ ਕਰਾਏ ਕਰਮ ਧੁਰਹ ਫੁਰਮਾਇਆ॥ [189]

ਪਰਮਾਤਮਾ ਸਭ ਤੋਂ ਉੱਚਾ ਹੈ ਤੇ ਕੋਈ ਉਸਦਾ ਅੰਤ ਨਹੀਂ ਪਾ ਸਕਦਾ। ਅਸਲ ਵਿਚ ਸਾਰੀ ਸ੍ਰਿਸ਼ਟੀ ਇਕ ਪਰਮਾਤਮਾ ਤੋਂ ਹੀ ਹੋਂਦ ਵਿਚ ਆਈ ਹੈ:

ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰਿ ਨਾਹੀ ਕੋਇ॥
ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ॥ [190]

ਅਸਲ ਵਿਚ ਜੋ ਕੁਝ ਵੀ ਵਾਪਰਦਾ ਹੈ ਉਹ ਪਰਮਾਤਮਾ ਦਾ ਹੀ ਹੁਕਮ ਹੈ। ਉਸ ਦੀਆਂ ਬਖਸ਼ਿਸ਼ਾਂ ਦਾ ਅੰਤ ਪਾਇਆ ਹੀ ਨਹੀਂ ਜਾ ਸਕਦਾ। ਉਹ ਆਪਣੀ ਸ੍ਰਿਸ਼ਟੀ ਦੇ ਜ਼ਰੇ ਜ਼ਰੇ ਵਿਚ ਮੌਜੂਦ ਹੈ। ਸਾਰਾ ਬ੍ਰਹਿਮੰਡ ਉਸਦਾ ਸਰੀਰ ਹੈ। 'ਤੂ ਮੇਰਾ ਪਿਤਾ ਤੂਹੈ ਮੇਰਾ ਮਾਤਾ'[191], 'ਸਭਨਾ ਕਾ ਮਾਪਿਉ ਆਪੁ ਹੈ'[192], 'ਸਭੇ ਸਾਝੀਵਾਲ ਸਦਾਇਨ ਤੂੰ ਕਿਸੇ ਨ ਦਿਸਹਿ ਬਾਹਰਾ ਜੀਉ'[193], 'ਕਰਨ ਕਰਾਵਨਹਾਰ ਸੁਆਮੀ ਸਗਲ ਘਟਾ ਕੇ ਅੰਤਰਜਾਮੀ'[194] ਆਦਿ ਦੇ ਭਾਂਤੀ ਸੈਂਕੜੇ ਗੁਰੂ ਵਾਕ ਇਕ ਪਰਮਾਤਮਾ ਦੀ ਹੋਂਦ ਨੂੰ ਦ੍ਰਿੜ ਕਰਦੇ ਸਮਝਾਉਂਦੇ ਹਨ ਕਿ ਪਰਮਾਤਮਾ ਸਮੇਂ ਤੇ ਸਥਾਨ ਦੀ ਸੀਮਾ ਤੋਂ ਪਰੇ ਹੈ। ਜੇ ਸਾਰੀ ਕਾਇਨਾਤ ਉਸ ਦੀ ਸਾਜੀ ਹੈ ਤਾਂ ਭਿੰਨ-ਭੇਦਤਾ ਦਾ ਜਾਂ ਵਿਭਿੰਨ ਵਿਤਕਰਿਆਂ ਦਾ ਕੋਈ ਪ੍ਰਸ਼ਨ ਹੀ ਨਹੀਂ ਰਹਿ ਜਾਂਦਾ। 'ਸਭ ਮਹਿ ਜੋਤਿ ਜੋਤਿ ਹੈ ਸੋਇ'[195], 'ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ'[196] ਗੁਰੂ-ਵਾਕ ਇਕ ਨਵਾਂ-ਭਾਈਚਾਰਾ ਉਸਾਰਦੇ ਪ੍ਰਤੀਤ ਹੁੰਦੇ ਹਨ। ਪਰਵਦਗਾਰ, ਅਪਾਰ, ਅਗਮ, ਬੇਅੰਤ ਪਰਮਾਤਮਾ ਦੀਆਂ ਬੇਅੰਤ ਸ਼ਕਤੀਆਂ ਅਤੇ ਬਖਸ਼ਿਸ਼ਾਂ ਅੱਗੇ ਮਨੁੱਖ ਦੀ ਹਉਮੇ ਟੁੱਟਦੀ ਹੈ; ਅਭਿਮਾਨ ਚਕਨਾਚੂਰ ਹੋ ਜਾਂਦਾ ਹੈ; ਨਿਮਰਤਾ ਸੰਚਾਰ ਕਰਦੀ ਹੈ ਤੇ ਮਨੁੱਖ ਨੂੰ ਰਜਾ ਵਿਚ ਰਹਿਣ ਦਾ ਬੱਲ ਮਿਲਦਾ ਹੈ। ਇਕ ਐਸਾ ਵਾਤਾਵਰਣ ਤਿਆਰ ਹੋ ਜਾਂਦਾ ਹੈ ਜਿਸ ਵਿਚ ਮਨੁੱਖ ਮਨੁੱਖ ਨੂੰ ਮਨੁੱਖ ਦੀ ਨਜ਼ਰ ਨਾਲ ਪਹਿਚਾਨਦਾ ਹੈ। ਇੱਥੇ ਆ ਕੇ ਕੋਈ ਵੈਰੀ ਨਹੀਂ ਰਹਿ ਜਾਂਦਾ, ਕੋਈ ਬੇਗਾਨਾ ਨਹੀਂ ਪ੍ਰਤੀਤ ਹੁੰਦਾ। ਸਾਰਾ ਬ੍ਰਹਿਮੰਡ ਇਕਸੂਤਰਤਾ ਵਿਚ ਪਰੋਇਆ ਦਿਖਾਈ ਦਿੰਦਾ ਹੈ, ਜਿੱਥੇ ਆ ਕੇ ਵੰਡੀਆਂ ਨਿਰਾਰਥਕ ਤੇ ਅਰਥਹੀਣ ਜਾਪਣ ਲਗਦੀਆਂ ਹਨ।

ਜਦੋਂ ਇਹ ਅਹਿਸਾਸ ਤੇ ਵਿਚਾਰ ਸਥਾਪਿਤ ਹੋ ਜਾਂਦਾ ਹੈ ਕਿ 'ਕੁਦਰਤਿ ਕੇ ਸਭ ਬੰਦੇ' ਹਨ ਤਾਂ ਮਨੁੱਖਤਾ /ਮਾਨਵਤਾ ਦੀ ਪ੍ਰਵਿਰਤੀ ਉਗਮਦੀ ਹੈ। ਜਿਸ ਵਿਚ ਕੁਦਰਤਿ ਦੀ ਸਾਜੀ ਨਿਆਜੀ ਕਾਇਨਾਤ ਦੀ ਸੇਵਾ ਅਤੇ ਪਰਉਪਕਾਰ ਦੀ ਭਾਵਨਾ ਬੱਲ ਲੈਂਦੀ ਹੈ।

ਵਿਚਿ ਦੁਨੀਆ ਸੇਵ ਕਮਾਈਐ ॥
ਤਾ ਦਰਗਹਿ ਬੈਸਣਿ ਪਾਈਐ॥ [197]

ਸੇਵਾ ਮਨੁੱਖ ਦੇ ਜੀਵਨ ਵਿਚ ਸਹਿਜ ਤੇ ਨਿਮਰਤਾ ਦਾ ਸੰਚਾਰ ਕਰਦੀ ਹੈ। ਮਨੁੱਖ ਦਾ ਅਸਲ ਜਿਉਣਾ ਹੀ ਉਹ ਹੈ ਜਦੋਂ ਉਹ ਸੇਵਾ ਦੇ ਲੜ ਲੱਗਾ ਹੋਵੇ। 'ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ'[198] ਅਤੇ 'ਵਿਣੁ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਨੀ'[199] ਸ਼ਬਦ ਸੇਵਾ ਦੀ ਭਾਵਨਾ ਨੂੰ ਉਤਸ਼ਾਹਿਤ ਕਰਦੇ ਹਨ। ਇਸ ਪ੍ਰਕਾਰ ਗੁਰਬਾਣੀ ਮਨੁੱਖ ਅੰਦਰ ਗੁਣਾਂ ਦਾ ਸੰਚਾਰ ਕਰਕੇ ਸਮਾਜ ਵਿਚ ਪ੍ਰੇਮ ਅਤੇ ਭਾਈਚਾਰੇ ਨੂੰ ਮਜਬੂਤ ਕਰਦੀ ਹੈ। ਗੁਰਬਾਣੀ ਨਿਰ ਸੁਆਰਥ-ਮਤਲਬਹੀਣ ਹੋ ਕੇ ਦੂਸਰਿਆਂ ਦੇ ਭਲੇ ਦੇ ਕਾਰਜ ਨਾਲ ਜੋੜਦੀ ਇਕ ਅਜਿਹਾ ਭਾਈਚਾਰਾ ਸਿਰਜਣਾ ਚਾਹੁੰਦੀ ਹੈ ਜਿਸ ਵਿਚ ਕੋਈ ਵੈਰ-ਵਿਰੋਧ ਜਾਂ ਅਰਾਜਕਤਾ ਨਾ ਹੋਵੇ ਅਤੇ ਜਿਸ ਵਿਚ ਸਰੀਰਿਕ ਸ਼ਾਂਤੀ ਵੀ ਹੋਵੇ ਅਤੇ ਮਾਨਸਿਕ ਸਕੂਨ ਵੀ ਹੋਵੇ। ਗੁਰੂ ਗ੍ਰੰਥ ਸਾਹਿਬ ਦੀ ਰਚਨਾ ਵੈਰ-ਵਿਰੋਧ ਤੋਂ ਉੱਪਰ ਉੱਠ ਕੇ ਜੀਣ ਦਾ ਆਚਾਰ ਨਿਸਚਿਤ ਕਰਦੀ ਦ੍ਰਿੜ ਕਰਦੀ ਹੈ:

ਏਕ ਨੂਰ ਤੇ ਸਭੁ ਜਗੁ ਉਪਜਿਆ
ਕਉਨ ਭਲੇ ਕੋ ਮੰਦੇ॥ [200]

ਗੁਰਬਾਣੀ ਵਿਚ ਸ਼ੁਭ ਅਮਲਾਂ ਤੇ ਜ਼ੋਰ ਹੈ ਜਿਸਦਾ ਆਧਾਰ ਨਿਮਰਤਾ ਦਾ ਧਾਰਨੀ ਹੋਣਾ ਹੈ:

ਹਮ ਨਹੀ ਚੰਗੇ ਬੁਰਾ ਨਹੀ ਕੋਇ॥
ਪ੍ਰਣਵਤਿ ਨਾਨਕੁ ਤਾਰੇ ਸੋਇ॥ [201]

ਜਦੋਂ ਇਕ ਅਕਾਲ ਪੁਰਖ ਦੀ ਹੀ ਸਾਜੀ ਨਿਵਾਜੀ ਕੁਦਰਤਿ ਦਾ ਵਿਚਾਰ ਦ੍ਰਿੜ ਹੁੰਦਾ ਹੈ ਤਾਂ ਇਹ ਭਾਵ ਆਪੇ ਬੱਲ ਪਕੜਦਾ ਹੈ:

ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥
ਰਾਮ ਬਿਨਾ ਕੋ ਬੋਲੈ ਰੇ॥ [202]

ਇਸੇ ਲਈ ਬਾਬਾ ਫ਼ਰੀਦ ਹੀ ਵਿਚਾਰਦੇ ਹਨ ਕਿ ਸਾਨੂੰ ਕਦਾਚਿਤ ਕਿਸੇ ਨਾਲ ਘਿਰਣਾ ਜਾਂ ਨਿੰਦਾ ਜਾਂ ਬੁਰਾ ਨਹੀਂ ਚਿਤਵਨਾ ਚਾਹੀਦਾ ਕਿਉਂਕਿ ਸਾਰਿਆਂ ਦੇ ਹਿਰਦੇ ਵਿਚ ਪਰਮਾਤਮਾ ਆਪ ਹੈ।

ਇਕ ਫਿਕਾ ਨਾ ਗਾਲਾਇ ਸਭਨਾ ਮੈ ਸਚਾ ਧਣੀ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥[203]

ਇਸੇ ਪ੍ਰਕਾਰ ਬਾਬਾ ਫ਼ਰੀਦ ਦੀ ਬਾਣੀ 'ਬੁਰੇ ਦਾ ਭਲਾ ਕਰਿ, ਗੁਸਾ ਮਨ ਨ ਹੰਢਾਇ'[204] ਅਤੇ 'ਜੋ ਤੈ ਮਾਰਨਿ ਮੁਕੀਆਂ ਤਿਨਾ ਨਾ ਮਾਰੇ ਘੁਮਿ'[205] ਦਾ ਪ੍ਰਵਚਨ ਰਚਾਉਂਦੀ ਸ਼ਾਂਤੀ ਦੀ ਅਭਿਲਾਸ਼ਾ ਕਰਦੀ ਹੈ। ਸਾਰੀਆਂ ਦੁਸ਼ਮਣੀਆਂ ਤੇ ਲੜਾਈਆਂ ਦਾ ਕਾਰਨ ਮਨੁੱਖ ਦੀ ਹਉਮੈ ਹੈ। ਵੈਰ ਵਿਰੋਧ ਪਿੱਛੇ ਬਹੁਤ ਵਾਰੀ ਮਨੁੱਖ ਦੀ ਆਪਣੀ ਧੌਂਸ, ਹੈਂਕੜਬਾਜ਼ੀ ਜਾਂ ਅਭਿਮਾਨ ਦੀ ਭਾਵਨਾ ਲੁਕੀ ਹੁੰਦੀ ਹੈ। ਜੋ ਦੂਸਰਿਆਂ ਵਿਚ ਹਮੇਸ਼ਾ ਨੁਕਸ ਕੱਢ ਕੇ ਆਪਣੇ ਆਪ ਨੂੰ ਵਡਿਆਉਂਦਾ ਹੈ। ਇੱਥੋ ਹੀ ਤਣਾਵ ਪੈਦਾ ਹੁੰਦਾ ਹੈ ਜੋ ਬਾਅਦ ਵਿਚ ਜੰਗਾਂ ਵਿਚ ਪਰਵਰਤਿਤ ਹੋ ਜਾਂਦਾ ਹੈ। ਇਸੇ ਲਈ ਬਾਬਾ ਫ਼ਰੀਦ ਇਹ ਸਲੋਕ ਬੜਾ ਵਿਚਾਰਨਯੋਗ ਹੈ:

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾ ਕਰਿ ਦੇਖਿ॥[206]

ਵੈਰ-ਵਿਰੋਧ ਨਾਲ ਮਨੁੱਖ ਦੀਆਂ ਸਾਰੀਆਂ ਹੀ ਉਸਾਰੂ ਅਤੇ ਸਿਰਜਨਾਤਮਕ ਰੁਚੀਆਂ ਦਾ ਵਿਨਾਸ਼ ਹੋ ਜਾਂਦਾ ਹੈ। ਅਸ਼ਾਂਤ ਮਨ ਦੀਆਂ ਅਸ਼ਾਂਤ ਸਮੱਸਿਆਵਾਂ ਨਾਲ ਜੀਵਨ ਜਿਉਣਾ ਦੁਭਰ ਹੋ ਜਾਂਦਾ ਹੈ। ਗੁਰਬਾਣੀ ਵੈਰ ਨੂੰ ਅਪਰਵਾਨ ਕਰਦੀ ਹੋਈ ਦੋਸਤੀ ਅਤੇ ਆਪਸੀ ਸਦਭਾਵਨਾ ਦਾ ਸੰਦੇਸ਼ ਦਿੰਦੀ ਹੈ। ਗੁਰਬਾਣੀ 'ਸਭੁ ਕੋ ਮੀਤੁ ਹਮ ਆਪਨ ਕੀਨਾ'[207] ਦਾ ਪ੍ਰਚਾਰ ਕਰਕੇ ਵੈਰ-ਵਿਰੋਧ ਨੂੰ ਗੁਰੇਜ਼ ਕਰਨ ਤੇ ਜ਼ੋਰ ਦਿੰਦੀ ਹੈ:

ਵਵਾ ਵੈਰ ਨ ਕਰੀਐ ਕਾਹੂ॥
ਘਟ ਘਟ ਅੰਤਰਿ ਬ੍ਰਹਮ ਸਮਾਹੂ॥[208]

ਨਾ ਕੋ ਦੂਤੁ ਨਹੀ ਬੈਰਾਈ॥
ਗਲਿ ਮਿਲਿ ਚਾਲੈ ਏਕੈ ਭਾਈ॥[209]

ਇਹ ਅਵੱਸਥਾ ਮੇਰ-ਤੇਰ, ਵੈਰ-ਵਿਰੋਧ, ਨਿੰਦਿਆ ਬਖੀਲੀ ਦੀਆਂ ਭੈੜੀਆਂ ਰੁਚੀਆਂ ਨੂੰ ਵਿਕਸਿਤ ਨਹੀਂ ਹੋਣ ਦਿੰਦੀ। ਗੁਰੂ ਗ੍ਰੰਥ ਸਾਹਿਬ ਸਿਰਫ਼ ਸਿਧਾਂਤਕ ਤੋਰ ਤੇ ਵਿਸ਼ਵੀ-ਭਾਈਚਾਰੇ ਨੂੰ ਨਹੀਂ ਉਲੀਕਦਾ ਬਲਕਿ 'ਸੰਗਤ' ਤੇ 'ਪੰਗਤ' ਪ੍ਰਥਾ ਨੂੰ ਅਮਲੀ ਤੋਰ ਤੇ ਵੀ ਜਾਮਾ ਪਹਿਨਾਉਂਦਾ ਹੈ। 'ਸੰਗਤ' ਬਿਨ੍ਹਾਂ ਕਿਸੇ ਭੇਦ-ਭਾਵ, ਊਚ-ਨੀਚ, ਛੂਤ-ਛਾਤ ਦੇ ਵਿਤਕਰੇ ਦੇ, ਇਕ ਗੁਰੂ ਦੀ ਓਟ ਵਿਚ ਵਿਚਰ ਕੇ ਰੂਹਾਨੀ ਤੇ ਦੁਨਿਆਵੀਂ ਗਿਆਨ ਹਾਸਲ ਕਰਨ ਦੀ ਸੰਸਥਾ ਹੈ। ਜਿਸ ਵਿਚ ਵਿਚਰ ਕੇ ਸਾਧਕ ਜਾਂ ਅਭਿਲਾਸ਼ੀ ਦੀ ਇਹ ਅਵੱਸਥਾ ਬਣ ਜਾਂਦੀ ਹੈ:

ਬਿਸਰਿ ਗਈ ਸਭ ਤਾਤਿ ਪਰਾਈ॥
ਜਬ ਤੇ ਸਾਧ ਸੰਗਤਿ ਮੋਹਿ ਪਾਈ॥
ਨਾ ਕੋ ਬੈਰੀ ਨਹੀ ਬਿਗਾਨਾ
ਸਗਲਿ ਸੰਗਿ ਹਮ ਕਉ ਬਨਿ ਆਈ॥ [210]

'ਪੰਗਤ' ਬਿਨ੍ਹਾਂ ਕਿਸੇ ਧਾਰਮਿਕ ਵਲਗਣ ਜਾਂ ਤੰਗਦਿਲੀ ਜਾਂ ਸੋੜੀ ਸੋਚ ਦੇ ਸਾਰੇ ਲੋਕਾਂ ਦਾ ਇਕ ਕਤਾਰ ਵਿਚ ਬੈਠ ਕੇ ਭੋਜਨ ਛਕਣ ਵਾਲੀ ਸੰਸਥਾ ਦਾ ਨਾਂ ਹੈ। ਗੁਰੂ ਸਾਹਿਬਾਨ ਨੇ 'ਪਹਿਲਾ ਪੰਗਤ ਫਿਰ ਸੰਗਤ' ਦਾ ਨਾਅਰਾ ਦਿੱਤਾ। ਸਾਂਝੀਵਾਲਤਾ ਦੀ ਇਸ ਤੋਂ ਵੱਡੀ ਹੋਰ ਕੋਈ ਉਦਾਹਰਨ ਨਹੀਂ ਹੋ ਸਕਦੀ।

'ਬਾਬਰਬਾਣੀ' ਗੁਰੂ ਨਾਨਕ ਦੇਵ ਜੀ ਦਾ ਜੰਗ ਅਤੇ ਹਿੰਸਾ ਦੇ ਖਿਲਾਫ਼ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਹੈ। ਕਿਸੇ ਵੀ ਕੌਮ ਜਾਂ ਮੁਲਕ ਦੇ ਰਾਜ-ਖੇਤਰੀ ਅਧਿਕਾਰ ਨਹੀਂ ਕਿ ਉਹ ਦੂਜੇ ਰਾਜਾਂ ਤੇ ਧੋਖੇ ਜਾਂ ਛੱਲ ਨਾਲ ਹਮਲਾ ਕਰਕੇ ਕਬਜਾ ਕਰ ਲਏ। ਸਿੱਖ ਗੁਰੂ ਇਸ ਗੱਲ ਵਿਚ ਬੜੇ ਸਪਸ਼ਟ ਸਨ ਕਿ ਹਮਲਾਵਰਾਂ ਦਾ ਡੱਟ ਕੇ ਵਿਰੋਧ ਕਰਨਾ ਚਾਹੀਦਾ ਹੈ ਤੇ ਰਾਜ ਦਾ ਫਰਜ਼ ਬਣਦਾ ਹੈ ਕਿ ਉਹ ਆਪਣੀ ਜਨਤਾ ਦੀ ਸੁਰੱਖਿਆ ਲਈ ਵਚਨਬੱਧ ਰਹੇ। ਨਾਗਰਿਕ ਚਾਹੇ ਕਿਸੇ ਵੀ ਧਰਮ, ਜਾਤ, ਨਸਲ , ਵਰਗ ਜਾਂ ਸ਼੍ਰੇਣੀ ਦਾ ਹੋਵੇ ਉਸਦੀ ਜਾਨ-ਮਾਲ ਦੀ ਰੱਖਿਆ ਹੋਣੀ ਚਾਹੀਦੀ ਹੈ। ਗੁਰੂ ਨਾਨਕ ਸਾਹਿਬ ਇਸ ਸੰਬੰਧ ਵਿਚ ਵਿਚ ਫ਼ਰਮਾਉਂਦੇ ਹਨ:

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨ ਵੇ ਲਾਲੋ॥
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸ਼ੈਤਾਨ ਵੇ ਲਾਲੋ॥ [211]

ਔਰਤ ਦਾ ਮਾਣ ਹਮੇਸ਼ਾ ਬਣਿਆ ਰਹਿਣਾ ਚਾਹੀਦਾ ਹੈ।ਔਰਤ ਨਾਲ ਹੋਏ ਧੱਕੇ ਨੂੰ ਬਰਦਾਸ਼ਤ ਨਹੀਂ ਕਰ ਪਾਏ ਅਤੇ ਉਨ੍ਹਾਂ ਦੀ ਅਵੱਸਥਾ ਨੂੰ ਇੰਞ ਬਿਆਨ ਕੀਤਾ ਹੈ:

ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਏ ਸੰਧੂਰ
ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ॥[212]

ਜੰਗ ਦੇ ਭਿਆਨਕ ਤੇ ਖੂੰਖਾਰ ਵਿਨਾਸ਼ ਤੋਂ ਬਾਅਦ ਗੁਰੂ ਜੀ ਬੜੇ ਕਰੁਣਾਮਈ ਸੁਰ ਵਿਚ ਪਰਮਾਤਮਾ ਨੂੰ ਵੀ ਵੰਗਾਰਦੇ ਹਨ:

ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ॥[213]

'ਵਿਸ਼ਵ-ਭਾਈਚਾਰਾ ਅਤੇ ਵਿਸ਼ਵ-ਸ਼ਾਂਤੀ ਦੇ ਮਾਡਲ' ਵਿਸ਼ੇ ਦੇ ਅੰਤਰਗਤ ਗੁਰੂ ਗ੍ਰੰਥ ਸਾਹਿਬ ਦੇ ਕੀਤੇ ਅਧਿਐਨ ਉਪਰੰਤ ਇਸ ਸਿੱਟੇ ਤੇ ਪੁੱਜਿਆ ਗਿਆ ਹੈ ਕਿ ਜਿਸ ਵਿਸ਼ਵ-ਭਾਈਚਾਰੇ ਅਤੇ ਵਿਸ਼ਵ-ਸ਼ਾਂਤੀ ਨੂੰ ਬਣਾਉਣ ਦੀ ਅੱਜ ਚਰਚਾ ਚੱਲ ਰਹੀ ਹੈ, ਗੁਰੂ ਗ੍ਰੰਥ ਸਾਹਿਬ ਵਿਚ ਉਸਦਾ ਇਕ ਵਿਸ਼ਾਲ ਨਕਸ਼ਾ Paradigm ਹੈ। ਇਹ ਗ੍ਰੰਥ ਵਿਭਿੰਨਤਾ, ਵਿਭਿੰਨਤਾ ਦੀ ਸਵੀਕ੍ਰਿਤੀ, ਵਿਭਿੰਨਤਾ ਨੂੰ ਮਾਣਨਾ ਅਤੇ ਵਿਭਿੰਨਤਾ ਨੂੰ ਆਦਰ ਕਰਨ ਦੇ ਸਰੋਕਾਰਾਂ ਨਾਲ ਜੁੜਿਆ ਹੋਇਆ, ਵਿਸ਼ਵ-ਭਾਈਚਾਰਾ ਤੇ ਵਿਸ਼ਵ-ਸ਼ਾਂਤੀ ਨੂੰ ਪੈਦਾ ਕਰਨ ਦਾ ਪ੍ਰਗਟਾਵਾ ਹੋ ਨਿਬੜਦਾ ਹੈ।

ਮੁੱਢਲੇ ਸਮਿਆਂ ਤੋਂ ਹੀ ਸਮੁੱਚੇ ਵਿਸ਼ਵ ਦੇ ਸਮੂਹ ਸਭਿਆਚਾਰਾਂ ਨੇ ਧਰਮ ਦੀ ਲੋੜ ਅਤੇ ਅਹਿਮੀਅਤ ਤੇ ਜ਼ੋਰ ਦਿੱਤਾ ਹੈ। ਹਰ ਧਰਮ ਆਪਣੇ ਢੰਗ ਨਾਲ ਮਨੁੱਖਤਾ ਦੇ ਕਲਿਆਣ ਅਤੇ ਹਿੱਤ ਲਈ ਪ੍ਰਵਚਨ ਰਚਾਉਂਦਾ ਰਿਹਾ ਹੈ। ਹਰ ਧਰਮ ਦੇ ਧਾਰਮਿਕ ਗੰਥ ਇਸ ਤੱਥ ਦੀ ਭਰਪੂਰ ਗਵਾਹੀ ਭਰਦੇ ਹਨ ਤੇ ਸਤਿਕਾਰ ਦੇ ਧਾਰਨੀ ਹਨ। ਪਰ ਇਕ ਗੱਲ ਸਵੈ-ਸਿੱਧ ਪ੍ਰਮਾਣਿਤ ਹੋ ਗਈ ਹੈ ਕਿ ਜੋ ਸਰਵ-ਸ੍ਰੇਸ਼ਟਤਾ, ਸਰਬ-ਸਤਿਕਾਰ, ਸਰਬ-ਸਾਂਝੀਵਾਲਤਾ ਅਤੇ ਵਿਸ਼ਵ-ਭਾਈਚਾਰੇ ਲਈ ਸਰਬ-ਸਾਂਝਾ ਗਿਆਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਉਹ ਹੋਰ ਕਿਤੇ ਨਹੀਂ ਲੱਭਦਾ।

ਗੁਰਬਾਣੀ ਸਾਨੂੰ 'ਸਭੁ ਕੋ ਮੀਤ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ'[214] ਦਾ ਸਿਧਾਂਤ ਦੇ ਕੇ ਵਿਸ਼ਵ-ਭਾਈਚਾਰੇ ਦੇ ਬਹੁ-ਪੱਖੀ ਕਲਿਆਣ ਲਈ 'ਸਰਬਤ ਦਾ ਭਲੇ' ਦਾ ਸੰਵਾਦ ਦ੍ਰਿੜ ਕਰਵਾਉਂਦਾ ਹੈ। ਅਜੋਕੇ ਸੰਸਾਰ ਵਿਚ ਫੈਲੀ ਬੇਚੈਨੀ, ਅਸਥਿਰਤਾ, ਅਰਾਜਕਤਾ, ਅਸ਼ਾਂਤੀ ਨੇ ਸਾਰੇ ਵਾਤਾਵਰਣ ਨੂੰ ਦੂਸ਼ਿਤ ਕਰ ਦਿੱਤਾ ਹੈ। ਹਰ ਵਕਤ ਮਨੁੱਖ ਅਸੁਰਖ਼ਿਅਤ ਮਹਿਸੂਸ ਕਰਦਾ ਹੈ। ਜਿਸ ਨਾਲ ਹਰ ਕਾਸੇ ਦਾ ਵਿਕਾਸ ਰੁੱਕ ਜਾਂਦਾ ਹੈ। ਅੱਜ ਸਮੂਹ ਵਿਸ਼ਵ ਨੂੰ ਵਿਸ਼ਵ-ਭਾਈਚਾਰੇ ਦੀ ਪ੍ਰੇਰਣਾ ਲੈ ਕੇ ਪਰਸਪਰ ਪ੍ਰੇਮ-ਭਾਵਨਾ ਅਤੇ ਸਹਿਯੋਗ ਨਾਲ ਵਿਸ਼ਵੀ ਭਾਈਚਾਰੇ ਦੀ ਸਿਰਜਣਾ ਨੂੰ ਵਿਉਂਤਣਾ ਪਏਗਾ ਤਾਂ ਕਿ ਸਮੁੱਚੇ ਵਿਸ਼ਵ ਨੂੰ ਸ਼ਾਂਤੀ ਵਿਚ ਪਰੋ ਦਿੱਤਾ ਜਾਵੇ।'ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਅਜਿਹਾ ਚਾਨਣ ਮੁਨਾਰਾ ਹੈ ਜਿਸਦੀ ਵਿਸ਼ਾਲ ਜੋਤ ਆਦਿ ਕਾਲ ਤੋਂ ਛੁਪੇ ਘੁੱਪ ਹਨੇਰੇ ਨੂੰ ਸਦਾ ਲਈ ਖ਼ਤਮ ਕਰਕੇ ਹਰ ਤਰਫ਼ ਨੂਰੋ ਨੂਰ ਕਰ ਦਿੰਦੀ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਭਾਰਤੀ ਧਾਰਮਿਕ ਪਰੰਪਰਾ ਦੀ ਉਹ ਹਰਮਨ ਪਿਆਰੀ ਆਵਾਜ਼ ਹੈ ਜਿਸ ਵਿਚ ਦੈਵੀ ਗਿਆਨ, ਭਗਤੀ ਤੇ ਕਰਮ ਦੀ ਸਾਂਝੀ ਛੋਹ ਹੈ, ਜਿਸ ਦੀ ਧੁਨ ਸੰਗੀਤ ਦੀਆਂ ਸੁਰ-ਲਹਿਰਾਂ ਰਾਹੀਂ ਲੋਕ ਜੀਵਨ ਦੀ ਸਿਤਾਰ ਤੇ ਟੁਣਕਦੀ ਹੈ। ਜੀਵਨ-ਜਾਚ ਨੂੰ ਇਕ ਸੁਹਜਮਈ ਅਤੇ ਸੇਧ ਦਿੰਦੀ ਹੈ। ਮਨੁੱਖੀ ਸ਼ਖ਼ਸੀਅਤ ਨੂੰ

ਸਚਿਆਰਤਾ ਦਾ ਮਾਣ ਬਖਸ਼ਦੀ ਹੈ ਅਤੇ ਸਮੁੱਚੇ ਮਨੁੱਖੀ ਭਾਈਚਾਰੇ ਨੂੰ ਵੀ ਸਦਾਚਾਰਤਾ ਦੇ ਮਾਰਗ ਤੇ ਚੱਲਣ ਦੀ ਪ੍ਰੇਰਣਾ ਦਿੰਦੀ ਹੈ।'[215]

ਡਾ.ਐਸ.ਪੀ. ਸਿੰਘ ਹੋਰਾਂ ਦਾ ਵਿਚਾਰ ਹੈ:

The teaching of Guru Granth Sahib, the sacred scripture of the Sikhs, have universal appeal and validity. Its message is so modernistic, open-minded, altruistic, egalitarian and cosmopolitan that it can show the path of ethicial living, enlightended spiritualism, universal brotherhood and peaceful existence to the whole humanity. As such, the Sikhs and their religious shrines are now known world over despite their small number. Sikhism finds the place of honour amongst the world religions.[216]

ਖੋਜ-ਕਾਰਜ ਦੇ ਇਸ ਅਧਿਆਇ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਮਾਨਵੀ ਆਦਰਸ਼:ਵਿਸ਼ਵੀ ਏਕਤਾ ਦੇ ਪ੍ਰਸੰਗ ਵਿਚ' ਦੇ ਮੂਲ ਵਿਸ਼ੇ ਦੀ ਰੋਸ਼ਨੀ ਵਿਚ ਗੁਰੂ ਗ੍ਰੰਥ ਸਾਹਿਬ ਦੇ ਕੀਤੇ ਅਧਿਐਨ ਉਪਰੰਤ ਅਸੀਂ ਇਸ ਸਿੱਟੇ ਤੇ ਪੁੱਜੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਧਾਰਮਿਕ ਸਹਿਨਸ਼ੀਲਤਾ ਦਾ ਪ੍ਰਵਚਨ ਅਨੇਕਤਾ ਨੂੰ ਏਕਰੂਪਤਾ ਵਿਚ ਸਮੇਟਣ ਦੀ ਥਾਂ ਤੇ ਅਨੇਕਤਾ ਵਿਚ ਏਕਤਾ ਨੂੰ ਵਿਕਸਿਤ ਕਰਨਾ ਲੋਚਦਾ ਹੈ। ਇਸ ਤਰ੍ਹਾਂ ਧਾਰਮਿਕ ਸਹਿਣਸ਼ੀਲਤਾ ਦਾ ਪ੍ਰਯੋਜਨ ਨਾ ਤਾਂ ਦੂਜਿਆਂ ਦੇ ਧਾਰਮਿਕ ਅਕੀਦਿਆਂ, ਸਰਗਰਮੀਆਂ ਅਤੇ ਵਿਸ਼ਵਾਸਾਂ ਨੂੰ ਪ੍ਰਵਾਨ ਕਰ ਕੇ ਧਾਰਨ ਕਰਨਾ ਹੈ ਅਤੇ ਨਾ ਹੀ ਉਨ੍ਹਾਂ ਨੂੰ ਆਪਣੇ ਧਰਮ ਵਲ ਰੂਪਾਂਤਰਰਿਤ ਕਰਨਾ ਹੈ। ਇਸ ਦਾ ਮੰਤਵ ਤਾਂ ਕੇਵਲ ਤੇ ਕੇਵਲ ਦੂਜਿਆਂ ਦੇ ਧਾਰਮਿਕ ਇਮਾਨ ਤੇ ਨਿਸਚੇ ਨੂੰ ਬਿਨ੍ਹਾਂ ਕਿਸੇ ਨੁਕਸਾਨ ਪੰਹਚਾਏ ਮਾਣ ਦੇਣਾ ਹੈ ਤਾਂ ਕਿ ਸ਼ਾਤੀ ਤੇ ਸਦਭਾਵਨਾ ਦਾ ਮਾਹੌਲ ਬਰਕਰਾਰ ਰਹੇ। ਗੁਰਬਾਣੀ ਵਿਚ ਪੇਸ਼ ਧਾਰਮਿਕ ਬਹੁਤਲਤਾਵਾਦ ਅਤੇ ਅੰਤਰ ਧਰਮ-ਸੰਵਾਦ ਦੇ ਵਿਭਿੰਨ ਪਾਸਾਰ ਦੇ ਸਾਰੇ ਪਰਮਾਣ ਇਹ ਸਿਧ ਕਰਦੇ ਹਨ ਕਿ ਗੁਰਬਾਣੀ ਕਿਸੇ ਇਕ ਧਰਮ, ਇਕ ਫਿਰਕੇ ਦੇ ਲੋਕਾਂ ਲਈ ਨਹੀਂ ਸਗੋਂ ਇਹ ਸਾਰੇ ਧਰਮਾਂ, ਅਕੀਦਿਆਂ ਦੇ ਹੱਦ ਬੰਨ੍ਹੇ ਟੱਪ ਕੇ ਸਮੁੱਚੇ ਮਨੁੱਖ ਨੂੰ ਸੱਚ, ਨੇਕੀ, ਭਰਾਤਰੀ ਭਾਵ, ਬਰਾਬਰੀ ਅਤੇ ਸੁਤੰਤਰਤਾ ਦੇ ਪ੍ਰਭਾਵਾਂ ਨਾਲ ਸਰਸ਼ਾਰ ਕਰਦੀ ਹੈ। ਨਿਰਸੰਦੇਹ ਧਾਰਮਿਕ ਬਹੁਤਲਤਾਵਾਦ ਤੇ ਆਧਾਰਿਤ ਇਹ ਰਚਨਾ ਅੰਤਰ-ਸਭਿਆਚਾਰਕ ਅਤੇ ਅੰਤਰ-ਧਾਰਮਿਕ ਸੰਵਾਦ ਦਾ ਅਜਿਹਾ ਢੁਕਵਾਂ ਮਾਡਲ ਹੈ, ਜੋ ਵਿਸ਼ਵ ਵਿਆਪੀ ਪੱਧਰ ਤੇ ਸਾਰਥਕ ਹੈ ਕਿਉਂਕਿ ਵਰਤਮਾਨ ਸਮੇਂ ਦੀ ਜ਼ਰੂਰਤ ਇਕ ਧਰਮ ਨਹੀਂ ਸਗੋਂ ਵਿਭਿੰਨ ਧਰਮਾਂ ਦੀ ਸਵੀਕ੍ਰਿਤੀ, ਸਤਿਕਾਰ, ਸਹਿਯੋਗ ਅਤੇ ਸਹਿਹੋਂਦ ਨੂੰ ਮਾਨਣਾ ਹੈ। ਗੁਰਬਾਣੀ ਦਾ ਮੁੱਖ ਸੰਦੇਸ਼ ਹਰ ਸਭਿਆਚਾਰ ਤੇ ਸੰਸਕ੍ਰਿਤੀ ਦੀ ਪਹਿਚਾਣ ਅਤੇ ਸਨਮਾਨ ਨੂੰ ਬਰਾਬਰਤਾ ਪ੍ਰਦਾਨ ਕਰਦੇ ਹੋਏ ਇਸਨੂੰ ਪ੍ਰਭਾਵਸ਼ਾਲੀ ਅਤੇ ਭਾਵਪੂਰਨ ਸਥਾਪਿਤ ਕਰਨਾ ਹੈ। ਗੁਰਬਾਣੀ ਵੈਰ-ਵਿਰੋਧ, ਪੱਖਪਾਤ ਅਤੇ ਹਿੰਸਾ ਨੂੰ ਨਿਰਉਤਸ਼ਾਹਿਤ ਕਰਦੇ ਹੋਏ, ਸਮਾਜਕ ਤੇ ਨਸਲੀ ਇਕਸੁਰਤਾ ਅਤੇ ਅੰਤਰ-ਸਭਿਆਚਾਰ ਨੂੰ ਵਧਾਵਾ ਦਿੰਦੀ ਹੈ ਜੋ ਬਹੁ-ਸਭਿਆਚਾਰਕ ਸਮਾਜ ਦੇ ਜਰੂਰੀ ਅੰਸ਼ ਹਨ। ਗੁਰੂ ਗ੍ਰੰਥ ਸਾਹਿਬ ਸਾਨੂੰ ਦੂਸਰਿਆਂ ਦੇ ਮੁੱਲਾਂ ਨੂੰ ਸਵੀਕਾਰ ਕਰਨ ਅਤੇ ਸਤਿਕਾਰ ਕਰਨ ਦੀ ਸਿੱਖਿਆ ਦਿੰਦਾ ਹੈ। ਨਿਰਸੰਦੇਹ ਸਿੱਖਾਂ ਦੇ ਪਾਵਨ ਗ੍ਰੰਥ ਸ੍ਰੀ ਗੁਰੂ ਗ੍ਰੰਥ

ਸਾਹਿਬ ਦੀਆਂ ਸਿਖਿਆਵਾਂ ਦੀ ਵਿਸ਼ਵੀ-ਪੱਧਰ ਤੇ ਪਹੁੰਚ ਅਤੇ ਪ੍ਰਮਾਣਿਤਾ ਸਥਾਪਿਤ ਹੋਈ ਹੈ। ਇਸਦਾ ਸੰਦੇਸ਼ ਬਹੁਤ ਨਵੀਨਤਮ, ਨਿਰਪੱਖ, ਪਰਸੁਆਰਥੀ ਅਤੇ ਵਿਸ਼ਵ-ਵਿਆਪੀ ਹੈ ਜੋ ਸਾਰੀ ਮਨੁੱਖਤਾ ਨੂੰ ਸਦਾਚਾਰਕ-ਗੁਣਾਂ, ਅਧਿਆਤਮਕ ਗਿਆਨ, ਵਿਸ਼ਵ-ਭਾਈਚਾਰੇ ਅਤੇ ਵਿਸ਼ਵ-ਸ਼ਾਂਤੀ ਦੀ ਭਾਵਨਾ ਨਾਲ ਜੋੜਦਾ ਹੈ।ਇਸ ਕਰਕੇ ਸਿੱਖ ਅਤੇ ਸਿੱਖ ਯਾਦਗਾਰਾਂ ਘੱਟ ਗਿਣਤੀ ਵਿਚ ਹੋਣ ਦੇ ਬਾਵਜੂਦ ਵੀ ਵਿਸ਼ਵ ਭਰ ਵਿਚ ਜਾਣੀਆਂ ਜਾਂਦੀਆਂ ਹਨ। ਵਿਸ਼ਵ ਦੇ ਧਰਮਾਂ ਵਿਚ ਸਿੱਖ ਧਰਮ ਦਾ ਬੜਾ ਮਾਣਯੋਗ ਤੇ ਸਤਿਕਾਰ ਭਰਿਆ ਸਥਾਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਦੇ ਵਿਭਿੰਨ ਧਰਮਾਂ ਦੇ ਇਤਿਹਾਸ ਵਿਚ ਵਿਸ਼ਵੀ ਭਾਈਚਾਰਾ ਦਾ ਵਾਤਾਵਰਣ ਤਿਆਰ ਕਰਨ ਦੀ ਚੇਤਨਾ ਪ੍ਰਦਾਨ ਕਰਨ ਕਰਕੇ ਆਪਣਾ ਅਨੁਪਮ ਤੇ ਵਿਲੱਖਣ ਸਥਾਨ ਰੱਖਦਾ ਹੈ ਅਸਲ ਵਿਚ ਇਹ ਵਿਸ਼ਵ-ਸ਼ਾਂਤੀ ਪੈਦਾ ਕਰਨ ਲਈ ਵਿਭਿੰਨ ਧਰਮਾਂ ਵਿਚ ਕੜੀ ਦਾ ਕੰਮ ਕਰਦਾ ਹੈ। ਅੱਜ ਦੇ ਵਿਸ਼ਵ-ਵਿਆਪੀ ਸਮਾਜ ਨੂੰ ਜਿਸ ਸੰਤੁਲਿਤ ਭਾਈਚਾਰੇ, ਇਕਸਾਰਤਾ, ਇਕਸੁਰਤਾ ਅਤੇ ਸਦਭਾਵਨਾ ਦੀ ਲੋੜ ਹੈ-ਉਹ ਗਿਆਨ ਮੂਲਕ ਗ੍ਰੰਥ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚੋਂ ਪ੍ਰਗੱਟ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਸਦੀਆਂ ਪਹਿਲਾ ਵਿਸ਼ਵ-ਭਾਈਚਾਰੇ ਦਾ ਮਾਡਲ ਪੇਸ਼ ਕੀਤਾ ਹੈ ਜਿਸ ਦੀ ਗੂੰਜ ਅਜੋਕੇ ਸਮਿਆਂ ਵਿਚ Universal Brotherhood ਦੇ ਨਾਮ ਹੇਠ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਾ ਕੇਵਲ ਵਿਸ਼ਵ-ਭਾਈਚਾਰੇ ਨੂੰ ਸਥਾਪਿਤ ਕਰਨ ਦਾ ਉਪਰਾਲਾ ਹੈ ਬਲਕਿ ਵਿਸ਼ਵ ਵਿਚ ਸਦੀਵੀ ਸ਼ਾਂਤੀ ਨੂੰ ਬਹਾਲ ਕਰਨ ਦੇ ਵੀ ਅਨੇਕਾਂ ਮਾਡਲ ਦਰਜ ਹਨ। ਇਸ ਤਰ੍ਹਾਂ ਇਹ ਗ੍ਰੰਥ ਬੇਸ਼ਕ ਸਦੀਆਂ ਪਹਿਲਾ ਰਚਿਆ ਗਿਆ ਪਰ ਇਸ ਦੀ ਪ੍ਰਾਸੰਗਕਿਤਾ ਅਤੇ ਸਾਰਥਕਤਾ ਉਵੇਂ ਹੀ ਬਰਕਰਾਰ ਹੈ।

## ਹਵਾਲੇ ਅਤੇ ਟਿੱਪਣੀਆਂ:


1. ਬੇਅੰਤ ਕੌਰ (ਡਾ.), ਧਰਮ ਅਤੇ ਧਰਮ-ਸ਼ਾਸਤਰ ਦੀ ਪ੍ਰਕਿਰਤੀ, ਸਿੱਖ ਧਰਮ ਦਾ ਤੱਤ ਸਾਰ (ਉੱਤਰ ਆਧੁਨਿਕ ਪਰਿਪੇਖ), ਚੇਤਨਾ ਪ੍ਰਕਾਸ਼ਨ, ਲੁਧਿਆਣਾ, 2010, ਪੰਨਾ:25
2. http://www.religioustolerance.org/
3. http://www.religioustolerance.org/
4. Vide his article entitled."The Spirit of Man",Contemporary Indian Philosophy, edited by Sh. Radhakrishan & J.H. Muirhead, London, George Allen & Unwin Ltd:1936), p.258
5. ਜਗਬੀਰ ਸਿੰਘ(ਡਾ.), ਗਿਆਨ-ਸ਼ਾਸਤਰ ਦਾ ਸਮਕਾਲੀਨ ਸੰਦਰਭ, ਸ੍ਰੀ ਗੁਰੁ ਗ੍ਰੰਥ ਸਾਹਿਬ ਦੀ ਸਮਕਾਲੀਨ ਪ੍ਰਾਸੰਗਿਕਤਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ 2012, ਪੰਨਾ-73
6. https://en.wikipedia.org/wiki/Toleration
7. http://www.apologeticsindex.org/2821-religious-freedom-tolerance-and-intolerance
8. http://www.apologeticsindex.org/2821-religious-freedom-tolerance-and-intolerance
9. Webster's Encyclopedic Unabridged Dictionary of the English Language, p.1290.
10. V.K. Sinha (Ed.) ,Secularism in India, P. 127
11. http://www.religioustolerance.org/
12. ਸ੍ਰੀ ਗੁਰੂ ਗੰਥ ਸਾਹਿਬ, ਰਾਗ ਪ੍ਰਭਾਤੀ, ਮ.1,ਪੰਨਾ-1330
13. ਉਹੀ, ਰਾਗ ਆਸਾ, ਮ.1, ਪੰਨਾ-358
14. ਵੇਦ ਅਗਨੀਹੋਤਰੀ, ਸ੍ਰੀ ਗੁਰੂ ਗੰਥ ਸਾਹਿਬ ਦੀਆਂ ਭਾਸ਼ਾਈ ਵਿਧੀਆਂ, ਵਿਸਮਾਦੁ ਨਾਦ (ਸ੍ਰੀ ਗੁਰੂ ਗੰਥ ਸਾਹਿਬ ਦੀ ਮਨੁੱਖਤਾ ਨੂੰ ਦੇਣ), ਇੰਟਰਨੈਸ਼ਨਲ ਇਨਸਟੀਚਿਊਟ ਆਫ ਗੁਰਮਤਿ ਸਟੱਡੀਜ਼, ਲੁਧਿਆਣਾ, 1994, ਪੰਨਾ-222
15. http://www.religioustolerance.org/
16. ਸ੍ਰੀ ਗੁਰੂ ਗੰਥ ਸਾਹਿਬ, ਸਲੋਕ ਸੇਖ ਫਰੀਦ ਕੇ, ਪੰਨਾ-1384
17. ਉਹੀ, ਪੰਨਾ-1384
18. ਉਹੀ, ਰਾਗ ਧਨਾਸਰੀ, ਮ.1, ਪੰਨਾ-13
19. ਉਹੀ, ਰਾਗ ਆਸਾ, ਮ.3, ਪੰਨਾ-441
20. ਉਹੀ, ਰਾਗ ਆਸਾ, ਮ.1, ਪੰਨਾ-350
21. ਉਹੀ, ਸਲੋਕ ਸੇਖ ਫਰੀਦ ਕੇ, ਪੰਨਾ-1381
22. ਉਹੀ, ਰਾਗ ਬਿਲਾਵਲ, ਮ.3, ਪੰਨਾ-853

23. http://www.religioustolerance.org/
24. ਸ੍ਰੀ ਗੁਰੂ ਗੰਥ ਸਾਹਿਬ, ਰਾਗ ਤਿਲੰਗ, ਮ.1,ਪੰਨਾ-722
25. ਉਹੀ, ਰਾਗ ਆਸਾ, ਮ.1, ਪੰਨਾ-471
26. ਵਾਰਾਂ ਭਾਈ ਗੁਰਦਾਸ, ਵਾਰ-1, ਪਉੜੀ- 21
27. ਜਗਬੀਰ ਸਿੰਘ (ਡਾ.), ਸ੍ਰੀ ਗੁਰੁ ਗ੍ਰੰਥ ਸਾਹਿਬ: ਸਮਕਾਲੀਨ ਪ੍ਰਸੰਗਕਿਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਇੱਕੀਵੀਂ ਸਦੀ, ਸਰਬਜਿੰਦਰ ਸਿੰਘ(ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005, ਪੰਨਾ-45
28. ਸੁਖਦੇਵ ਸਿੰਘ (ਡਾ.), ਵਿਸ਼ਵੀਕਰਨ ਅਤੇ ਪੰਜਾਬੀ ਕਵਿਤਾ, ਭੀਮ ਇੰਦਰ ਸਿੰਘ (ਡਾ.), (ਸੰ), ਵਿਸ਼ਵੀਕਰਨ ਵਿਸ਼ਲੇਸ਼ਣ ਅਤੇ ਵਿਵੇਚਨ, ਕੁਕਨਸ ਪ੍ਰਕਾਸ਼ਨ, ਜਲੰਧਰ, 2006
29. ਕੇ. ਐਮ. ਪਾਣਿਕਰ, ਡਾ.ਭੀਮ ਇੰਦਰ ਸਿੰਘ (ਸੰ), ਵਿਸ਼ਵੀਕਰਨ ਵਿਸ਼ਲੇਸ਼ਣ ਅਤੇ ਵਿਵੇਚਨ, ਕੁਕਨਸ ਪ੍ਰਕਾਸ਼ਨ, ਜਲੰਧਰ, 2006
30. P.F. Knitter, Jesus and the other name: Christian Mission and Global Resposibility,p. 26-39
31. https://en.wikipedia.org/wiki/Religious_pluralism
32. Wildfred Cantwell smith, The Faith of Other Men( New York: Harper and row, 1962) p.11
33. http://www.existence-of-god.com/pluralism-tolerance.html
34. Paul Knitter, Myth of Religious Superiority, New York, Orbis Books, 2005
35. Diana,L., Eck,What is pluralism? http:// www.pluralism,org
36. D'Costa, G., Christianity and World Religions: Disputed Questions in the theology of Religions, England: Wiley Blackwell,2009,p,10.
37. ਸਮਕਾਲੀ ਧਰਮ ਚਿੰਤਨ ਅਤੇ ਸ੍ਰੀ ਗੁਰੁ ਗ੍ਰੰਥ ਸਾਹਿਬ---ਜਗਬੀਰ ਸਿੰਘ , ਪੰਜਾਬੀ ਪੀਡੀਆ
38. ਸਰਬਜਿੰਦਰ ਸਿੰਘ, ਡਾ., ਵਿਸ਼ਵ ਧਰਮ ਬਾਨੀ, ਗ੍ਰੰਥ, ਸੰਪਰਦਾਇ ਅਤੇ ਚਿੰਤਕ, ਭਾਗ-2,ਪਟਿਆਲਾ, ਪੰਜਾਬੀ ਯੂਨੀਵਰਸਿਟੀ,2011,ਪੰਨਾ-VIII
39. Macauliffe, M.A., The Sikh Religion: The Gurus, sacred Writing and Author, Vol.1-2, New Delhi: s.Chand and Co. Ltd., 1975,p.III, introduction
40. ਗੁਰੂ ਗ੍ਰੰਥ ਸਾਹਿਬ, ਜਪੁ, ਮ.1, ਪੰਨਾ-3
41. ਉਹੀ, ਸਲੋਕ ਸੇਖ ਫਰੀਦ ਕੇ, ਪੰਨਾ-1377
42. ਉਹੀ, ਰਾਗ ਧਨਾਸਰੀ, ਭਗਤ ਪੀਪਾ ਜੀ, ਪੰਨਾ-695

43. ਉਹੀ, ਰਾਗ ਧਨਾਸਰੀ, ਭਗਤ ਨਾਮਦੇਵ ਜੀ,ਪੰਨਾ-693
44. ਜਗਬੀਰ ਸਿੰਘ (ਡਾ.), ਭਾਰਤੀ ਸਭਿਆਚਾਰਕ ਵਿਰਸੇ ਦਾ ਪ੍ਰਤੀਕ: ਗੁਰੂ ਗ੍ਰੰਥ ਸਾਹਿਬ, ਗੁਰਮਤਿ ਕਾਵਿ ਸਿਧਾਂਤ ਤੇ ਵਿਹਾਰ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2011, ਪੰਨਾ-81
45. ਗੁਰੂ ਗ੍ਰੰਥ ਸਾਹਿਬ, ਜਪੁ, ਮ.1,ਪੰਨਾ-1
46. ਦਾ ਸੰਕਲਪ, ਸੁਤਿੰਦਰ ਸਿੰਘ ਨੂਰ, ਡਾ., ਜਸਬੀਰ ਕੌਰ, ਡਾ., (ਸੰਪਾ), ਸ੍ਰੀ ਗੁਰੁ ਗ੍ਰੰਥ ਸਾਹਿਬ ਵਿਭਿੰਨ ਪਰਿਪੇਖ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005, ਪੰਨਾ-33
47. ਗੁਰੂ ਗ੍ਰੰਥ ਸਾਹਿਬ,ਜਪੁ, ਮ.1, ਪੰਨਾ-2
48. ਉਹੀ, ਰਾਗ ਪ੍ਰਭਾਤੀ, ਭਗਤ ਕਬੀਰ ਜੀ, ਪੰਨਾ-1352
49. ਉਹੀ, ਰਾਗ ਸੂਹੀ, ਮ.5,ਪੰਨਾ-747
50. ਉਹੀ, ਰਾਗ ਮਾਝ,ਮ.5, ਪੰਨਾ-97
51. ਉਹੀ, ਰਾਗ ਸੋਰਠਿ, ਮ.5. ਪੰਨਾ-611
52. ਉਹੀ, ਸਲੋਕ ਸੇਖ ਫਰੀਦ ਕੇ, ਪੰਨਾ-1384
53. ਉਹੀ, ਸਲੋਕ ਸੇਖ ਫਰੀਦ ਕੇ, ਪੰਨਾ-1381
54. ਉਹੀ, ਸਲੋਕ ਸੇਖ ਫਰੀਦ ਕੇ, ਪੰਨਾ-1380
55. ਤਾਰਨ ਸਿੰਘ (ਡਾ.), ਬਲਬੀਰ ਕੌਰ, ਸ਼ੇਖ਼ ਫ਼ਰੀਦ: ਜੀਵਨ ਤੇ ਰਚਨਾ, ਪੰਨਾ-7
56. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਤਰ ਧਰਮ ਸੰਵਾਦ, ਡਾ. ਪਰਮਵੀਰ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਚਿੰਤਨ ਅਤੇ ਵਿਚਾਰਧਾਰਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010, ਪੰਨਾ-97
57. ਗੁਰੂ ਗ੍ਰੰਥ ਸਾਹਿਬ, ਰਾਗ ਰਾਮਕਲੀ, ਮ.5, ਪੰਨਾ-885
58. ਉਹੀ, ਰਾਗ ਮਾਝ,ਮ.1,ਪੰਨਾ-141
59. ਉਹੀ, ਸਲੋਕ ਸੇਖ ਫਰੀਦ ਕੇ, ਪੰਨਾ-1380
60. ਉਹੀ, ਸਲੋਕ ਸੇਖ ਫਰੀਦ ਕੇ, ਪੰਨਾ-1385
61. ਉਹੀ, ਰਾਗ ਸੂਹੀ, ਮ.1, ਪੰਨਾ-730
62. ਉਹੀ,ਸਿਰੀਰਾਗੁ, ਮ.1, ਪੰਨਾ-15
63. ਉਹੀ, ਸਲੋਕ ਸੇਖ ਫਰੀਦ ਕੇ, ਪੰਨਾ-1384
64. ਉਹੀ, ਸਲੋਕ ਸੇਖ ਫਰੀਦ ਕੇ, ਪੰਨਾ-1381
65. ਉਹੀ, ਰਾਗ ਮਾਝ, ਮ.1, ਪੰਨਾ-141
66. ਉਹੀ, ਰਾਗ ਰਾਮਕਲੀ, ਮ.1, ਪੰਨਾ-932
67. ਉਹੀ, ਰਾਗ ਮਾਝ, ਮ.5, ਪੰਨਾ-136

68. ਉਹੀ, ਸਿਰੀਰਾਗੁ, ਮ.1, ਪੰਨਾ-26
69. ਸ਼ੇਖ਼ ਫ਼ਰੀਦ ਦੀ ਨੈਤਿਕ ਚੇਤਨਾ, ਜਗਬੀਰ ਸਿੰਘ, ਡਾ.,ਪੰਜਾਬੀ ਸੂਫ਼ੀ ਕਾਵਿ ਪ੍ਰਵਚਨ, ਡਾ., ਜਗਜੀਤ ਸਿੰਘ( ਸੰਪਾ), ਪੰਨਾ155
70. ਸ੍ਰੀ ਗੁਰੁ ਗ੍ਰੰਥ ਸਾਹਿਬ ਦਾ ਸਦਾਚਾਰ ਸ਼ਾਸਤਰ, ਜਸਬੀਰ ਸਿੰਘ ਸਾਬਰ, ਡਾ., ਜਸਬੀਰ ਕੌਰ, ਡਾ., (ਸੰਪਾ), ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਿੰਨ ਪਰਿਪੇਖ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005, ਪੰਨਾ-139
71. Dharam Singh, Dr.,Sikh Attitude towards Religious Pluralism, Balwant Singh Dhillon, Dr., Interfaith Study of Guru Granth Sahib, Press and Publication Department, Guru Nanak Dev University, Amritsar, 2005
72. ਪੂਰਨ ਸਿੰਘ, ਪ੍ਰੋ., ਜ਼ਿੰਦਗੀ ਦੇ ਰਾਹਾਂ'ਤੇ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1968, ਪੰਨਾ-6
73. The Sacred Writing of The Sikhs, UNESCO, P.10
74. ਗੁਰਭਗਤ ਸਿੰਘ, ਡਾ., ਵਿਸਮਾਦੀ ਪੂੰਜੀ, ਅੰਮ੍ਰਿਤਸਰ: ਸਿੰਘ ਬ੍ਰਦਰਜ਼, 2010, ਪੰਨਾ-100
75. "The Morning Buzz," *Public Religion Research Institute*, July 10, 2014. Retrieved July 10, 2014
76. + http://www.coistine.ie/what-is-interreligious-dialogue
77. "The Morning Buzz," *Public Religion Research Institute*, July 10, 2014. Retrieved July 10, 2014.
78. http://www.coistine.ie/what-is-interreligious-dialogue
79. Knitter, P.F., No Other Name:A critical survey of Christian Attitudes towards The World Religions, New York: Orbis Books , 2002, p.209
80. https://en.wikipedia.org/wiki/Interfaith_dialogue
81. http://www.coistine.ie/what-is-interreligious-dialogue
82. http://www.sikhsiyasat.info/Jj
83. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਧਨਾਸਰੀ, ਮ.1, ਪੰਨਾ-661
84. ਉਹੀ,ਰਾਗ ਮਲਾਰ, ਮ.1, ਪੰਨਾ-1255
85. ਉਹੀ, ਰਾਗ ਸੂਹੀ, ਮ.1, ਪੰਨਾ-766
86. ਉਹੀ, ਰਾਗ ਆਸਾ, ਮ.1, ਪੰਨਾ-472
87. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਰਾਮਕਲੀ, ਮ.1, ਪੰਨਾ-938-939

88. ਜੋਧ ਸਿੰਘ (ਡਾ.), ਨਾਥ-ਸਿੱਧ ਪਰੰਪਰਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ, ਵਿਸਮਾਦ ਨਾਦ, ਵਿਸ਼ੇਸ਼ ਅੰਕ, 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾ ਨੂੰ ਦੇਣ', ਇੰਟਰਨੈਸ਼ਨਲ ਇਨਸਟੀਚਿਊਟ ਆਫ ਗੁਰਮਤਿ ਸਟੱਡੀਜ਼, ਲੁਧਿਆਣਾ, 1994, ਪੰਨਾ-153

89. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਰਾਮਕਲੀ, ਮ.1, ਪੰਨਾ-941

90. ਉਹੀ, ਰਾਗ ਸੂਹੀ, ਮ.1, ਪੰਨਾ-730

91. ਉਹੀ, ਸਲੋਕ,ਵਾਰਾਂ ਤੇ ਵਧੀਕ, ਮ.3, ਪੰਨਾ-1420

92. ਉਹੀ, ਰਾਗ ਰਾਮਕਲੀ,ਮ.3, ਪੰਨਾ-908-909

93. ਉਹੀ, ਰਾਗ ਰਾਮਕਲੀ, ਮ.5,ਪੰਨਾ-886

94. ਉਹੀ, ਰਾਗ ਰਾਮਕਲੀ, ਭਗਤ ਕਬੀਰ, ਪੰਨਾ-970

95. ਉਹੀ, ਰਾਗ ਸੋਰਠਿ, ਮ.5, ਪੰਨਾ-642

96. ਉਹੀ,ਜਪੁ, ਮ.1, ਪੰਨਾ-6

97. ਉਹੀ, ਰਾਗ ਧਨਾਸਰੀ, ਮ.9, ਪੰਨਾ-685

98. ਗਿ.ਊਧਮ ਸਿੰਘ, ਗੁਰੂ ਨਾਨਕ ਜੀਵਨ-ਇਕ ਨਵੀਂ ਖੋਜ, ਸੁਰਜੀਤ ਪ੍ਰਕਾਸ਼ਨ, ਨਵੀਂ ਦਿੱਲੀ, 1972, ਪੰਨਾ-74

99. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਗੁਜਰੀ, ਭਗਤ ਤ੍ਰਿਲੋਚਨ ਜੀ, ਪੰਨਾ-525

100. ਉਹੀ, ਰਾਗ ਗਉੜੀ, ਭਗਤ ਕਬੀਰ, ਪੰਨਾ-324

101. ਉਹੀ, ਰਾਗ ਮਲਾਰ, ਮ.3, ਪੰਨਾ-1285

102. ਹਜਾਰੇ, ਸ਼ਬਦ ਪਾਤਸ਼ਾਹੀ ਦਸਵੀਂ

103. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਭੈਰਉ, ਮ.3, ਪੰਨਾ-1127

104. ਉਹੀ, ਰਾਗ ਆਸਾ, ਮ.1,ਪੰਨਾ-469

105. ਉਹੀ, ਸਲੋਕ,ਵਾਰਾਂ ਤੇ ਵਧੀਕ, ਮ.1, ਪੰਨਾ-1411

106. ਉਹੀ, ਰਾਗ ਗਉੜੀ, ਭਗਤ ਕਬੀਰ,ਪੰਨਾ-324

107. ਉਹੀ, ਪੰਨਾ-324

108. ਉਹੀ, ਰਾਗ ਆਸਾ, ਮ.1,ਪੰਨਾ-471

109. ਉਹੀ, ਪੰਨਾ-471

110. ਉਹੀ, ਪੰਨਾ-471

111. ਉਹੀ, ਪੰਨਾ-472

112. ਉਹੀ, ਰਾਗ ਪ੍ਰਭਾਤੀ,ਮ.5, ਪੰਨਾ-1347-48

113. ਉਹੀ, ਰਾਗ ਪ੍ਰਭਾਤੀ, ਭਗਤ ਬੇਣੀ ਜੀ,ਪੰਨਾ-1351

114. ਉਹੀ, ਰਾਗ ਪ੍ਰਭਾਤੀ, ਭਗਤ ਕਬੀਰ ਜੀ,ਪੰਨਾ-1350

115. ਉਹੀ, ਰਾਗ ਮਾਰੂ, ਭਗਤ ਕਬੀਰ ਜੀ,ਪੰਨਾ-1102

116. ਉਹੀ, ਰਾਗ ਰਾਮਕਲੀ, ਮ.5,ਪੰਨਾ-960

117. ਉਹੀ, ਰਾਗ ਧਨਾਸਰੀ, ਮ.1, ਪੰਨਾ-13

118. ਉਦਰਿਤ

119. ਉਹੀ, ਰਾਗ ਆਸਾ, ਮ.1, ਪੰਨਾ-356

120. ਉਹੀ, ਰਾਗ ਮਲਾਰ, ਮ.3, ਪੰਨਾ-1285

121. ਉਹੀ, ਰਾਗ ਬਿਲਾਵਲ, ਮ.4, ਪੰਨਾ-835

122. ਉਹੀ, ਰਾਗ ਮਾਝ, ਮ.1, ਪੰਨਾ-149

123. ਉਹੀ, ਰਾਗ ਮਾਝ, ਮ.1,ਪੰਨਾ-141

124. ਉਹੀ, ਰਾਗ ਮਾਝ, ਮ.1, ਪੰਨਾ-140

125. ਉਹੀ, ਰਾਗ ਮਾਝ, ਮ.1,ਪੰਨਾ-140

126. ਉਹੀ, ਰਾਗ ਮਾਰੂ, ਮ.5, ਪੰਨਾ-1084

127. ਉਹੀ, ਰਾਗ ਆਸਾ, ਮ.1,ਪੰਨਾ-465

128. ਉਹੀ, ਰਾਗ ਆਸਾ, ਭਗਤ ਕਬੀਰ ਜੀ, ਪੰਨਾ-483

129. ਉਹੀ,ਸਲੋਕ ਸੇਖ ਫਰੀਦ ਕੇ, ਪੰਨਾ-1381

130. ਉਹੀ, ਸਲੋਕ ਸੇਖ ਫਰੀਦ ਕੇ, ਪੰਨਾ-1381

131. ਉਹੀ, ਸਲੋਕ ਸੇਖ ਫਰੀਦ ਕੇ, ਪੰਨਾ-1381

132. ਉਹੀ, ਸਲੋਕ ਸੇਖ ਫਰੀਦ ਕੇ, ਪੰਨਾ-1380

133. ਉਹੀ, ਸਲੋਕ ਸੇਖ ਫਰੀਦ ਕੇ, ਪੰਨਾ-1378

134. ਉਹੀ, ਸਲੋਕ ਸੇਖ ਫਰੀਦ ਕੇ, ਪੰਨਾ-1380

135. ਉਹੀ, ਸਲੋਕ ਸੇਖ ਫਰੀਦ ਕੇ, ਪੰਨਾ-1380

136. ਜਸਵਿੰਦਰ ਸਿੰਘ (ਡਾ.), ਪੰਜਾਬੀ ਸਭਿਆਚਾਰ, ਪੰਜਾਬੀ ਸਭਿਆਚਾਰ:ਪਛਾਣ-ਚਿੰਨ੍ਹ

137. ਜਗਬੀਰ ਸਿੰਘ(ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਭਾਰਤੀ ਸਭਿਆਚਾਰ, ਵਿਸਮਾਦ ਨਾਦ,ਇੰਟਰਨੈਸਨਲ ਇਨਸਟੀਚਿਊਟ ਆਫ ਗੁਰਮਤਿ ਸਟੱਡੀਜ਼, ਲੁਧਿਆਣਾ, 1994, ਪੰਨਾ-124

138. Kymlicka,Will.2012. Multiculturalism: Success, Failure and the Future. Washingnton, DC: Migration Policy Institute. P.4

139. https://en.wikipedia.org/wiki/Multiculturalism

140. ਅਮਰਜੀਤ ਸਿੰਘ ਗਰੇਵਾਲ, ਇਕੀਵੀਂ ਸਦੀ ਦੇ ਮਾਨਵ ਅਤੇ ਸਮਾਜ ਦੀ ਸਿਰਜਣਾ ਲਈ ਗੁਰੂ ਗ੍ਰੰਥ ਸਾਹਿਬ ਦੀ ਪ੍ਰਾਸੰਗਿਕਤਾ: ਇਕ ਦ੍ਰਿਸ਼ਟੀਕੋਣ, ਵਿਸਮਾਦ ਨਾਦ, ਵਿਸ਼ੇਸ਼ ਅੰਕ, 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾ ਨੂੰ ਦੇਣ', ਇੰਟਰਨੈਸ਼ਨਲ ਇਨਸਟੀਚਿਊਟ ਆਫ ਗੁਰਮਤਿ ਸਟੱਡੀਜ਼, ਲੁਧਿਆਣਾ, 1994, ਪੰਨਾ-20

141. ਜਸਪਾਲ ਸਿੰਘ(ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ, ਸਦੀਵੀਂ ਪ੍ਰੇਰਣਾ ਸ੍ਰੋਤ, ਪੰਨਾ 6

142. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਮਲਾਰ, ਭਗਤ ਰਵਿਦਾਸ, ਪੰਨਾ-1293

143. ਉਹੀ, ਰਾਗ ਸੂਹੀ, ਮ.4, ਪੰਨਾ-733

144. ਉਹੀ, ਰਾਗ ਭੈਰਉ, ਭਗਤ ਨਾਮਦੇਵ ਜੀ, ਪੰਨਾ-1164

145. ਉਹੀ, ਸਲੋਕ ਭਗਤ ਕਬੀਰ ਜੀ, ਪੰਨਾ-1364

146. ਉਹੀ, ਸਲੋਕ ਭਗਤ ਕਬੀਰ ਜੀ, ਪੰਨਾ-1368

147. ਦਰਸ਼ਨ ਸਿੰਘ, ਗੁਰੂ ਗ੍ਰੰਥ ਸਾਹਿਬ ਰਾਸ਼ਟਰੀ ਏਕਤਾ ਦੇ ਮਾਡਲ ਵਜੋਂ, ਵਿਸਮਾਦ ਨਾਦ, ਵਿਸ਼ੇਸ਼ ਅੰਕ, 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾ ਨੂੰ ਦੇਣ', ਇੰਟਰਨੈਸ਼ਨਲ ਇਨਸਟੀਚਿਊਟ ਆਫ ਗੁਰਮਤਿ ਸਟੱਡੀਜ਼, ਲੁਧਿਆਣਾ, 1994, ਪੰਨਾ-466

148. Gurbhagat Singh Randhawa, and Deepinder Jeet., 2009. The Sikh Memory. Amritsar: Singh Brothers.p. 136

149. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਆਸਾ, ਮ.1, ਪੰਨਾ-349

150. ਉਹੀ, ਰਾਗ ਗਉੜੀ, ਭਗਤ ਕਬੀਰ ਜੀ,ਪੰਨਾ-324

151. ਉਹੀ, ਰਾਗ ਮਾਰੂ, ਭਗਤ ਰਵਿਦਾਸ ਜੀ, ਪੰਨਾ-1106

152. ਉਹੀ,ਸਿਰੀਰਾਗੁ, ਮ.1, ਪੰਨਾ-15

153. ਉਹੀ, ਰਾਗ ਪ੍ਰਭਾਤੀ, ਭਗਤ ਕਬੀਰ ਜੀ, ਪੰਨਾ-1349

154. ਉਹੀ,ਸਿਰੀਰਾਗੁ, ਮ.1 ਪੰਨਾ-62

155. ਰੌਣਕੀ ਰਾਮ(ਡਾ.), ਦਲਿਤ ਪਛਾਣ, ਮੁਕਤੀ ਅਤੇ ਸ਼ਸ਼ਕਤੀਕਰਨ, ਪੰਨਾ-102

156. Singh, Gurpreet. 2005. *Soul of Sikhism.* New Delhi:Fusion Books. p. 26

157. Kaur, Jaspal. 2006. Multiculturalism: Rediscovering the Other from Gurbani. Pakistan Journal of History and Culture , Vol. 27. No. 2. p. 29

158. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਰਾਮਕਲੀ, ਮ.3, ਪੰਨਾ-921

159. ਉਹੀ, ਰਾਗ ਆਸਾ, ਮ.3, ਪੰਨਾ-441

160. ਉਹੀ, ਰਾਗ ਧਨਾਸਰੀ, ਮ.1, ਪੰਨਾ-13

161. ਉਹੀ, ਰਾਗ ਆਸਾ, ਮ.1,ਪੰਨਾ-473

162. ਉਹੀ, ਰਾਗ ਰਾਮਕਲੀ, ਮ.1, ਪੰਨਾ-938

163. ਉਹੀ, ਪੰਨਾ-938

164. ਵਾਰਾਂ ਭਾਈ ਗੁਰਦਾਸ,ਪਉੜੀ

165. ਜਗਬੀਰ ਸਿੰਘ(ਡਾ.), ਗੁਰੂ ਨਾਨਕ ਬਾਣੀ ਵਿਚ ਸਭਿਆਚਾਰਕ ਕ੍ਰਾਂਤੀ, ਵਿਸਮਾਦ ਨਾਦ, ਵਿਸ਼ੇਸ਼ ਅੰਕ, 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾ ਨੂੰ ਦੇਣ', ਇੰਟਰਨੈਸ਼ਨਲ ਇਨਸਟੀਚਿਊਟ ਆਫ ਗੁਰਮਤਿ ਸਟੱਡੀਜ਼, ਲੁਧਿਆਣਾ, 1994, ਪੰਨਾ-363

166. ਜਸਬੀਰ ਸਿੰਘ ਸਾਬਰ(ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਾਰਜ-ਉਦੇਸ਼:ਭਗਤ ਰਵੀਦਾਸ ਬਾਣੀ ਦਾ ਪ੍ਰਸੰਗ, ਪ੍ਰੋ. ਅੰਮ੍ਰਿਤਪਾਲ ਕੌਰ,(ਸੰਪਾਦਕ), ਖੋਜ-ਪਤ੍ਰਿਕਾ, ਅੰਕ-59, ਮਾਰਚ 2004, ਪੰਨਾ-66.

167. ਸਰੂਪ ਸਿੰਘ ਅਲੱਗ(ਡਾ.), ਸਰਬ-ਨਿਧਾਨ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-7

168. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਮਾਝ, ਮ.1,ਪੰਨਾ-145

169. ਉਹੀ, ਰਾਗ ਮਲਾਰ,ਮ.1, ਪੰਨਾ-1288

170. ਜਗਬੀਰ ਸਿੰਘ(ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ: ਸਭਿਆਚਾਰਕ ਕ੍ਰਾਂਤੀ ਅਤੇ ਮੁਕਤੀ ਦਾ ਪ੍ਰਵਚਨ, ਜਸਪਾਲ ਸਿੰਘ,(ਡਾ.), (ਸੰਪਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਸਦੀਵੀਂ ਪ੍ਰੇਰਣਾ ਸ੍ਰੋਤ, ਪੰਨਾ-17

171. Internet Resources

172. ਉਹੀ

173. ਉਹੀ

174. ਉਹੀ

175. ਉਹੀ

176. ਉਹੀ

177. ਉਹੀ

178. ਉਹੀ

179. ਸ੍ਰੀ ਗੁਰੂ ਗ੍ਰੰਥ ਸਾਹਿਬ, ਜਪੁ, ਮ.1,ਪੰਨਾ-1

180. ਉਹੀ, ਰਾਗ ਬਿਲਾਵਲ, ਮ.1, ਪੰਨਾ-838

181. ਉਹੀ, ਰਾਗ ਮਲਾਰ,ਮ.1, ਪੰਨਾ-1291

182. ਉਹੀ, ਰਾਗ ਮਲਾਰ, ਮ.1, ਪੰਨਾ-1291

183. ਉਹੀ, ਰਾਗ ਆਸਾ, ਮ.1, ਪੰਨਾ-350

184. ਉਹੀ, ਰਾਗ ਆਸਾ, ਮ.1,ਪੰਨਾ-350

185. ਉਹੀ, ਰਾਗ ਰਾਮਕਲੀ, ਮ.3, ਪੰਨਾ-920

186. ਉਹੀ, ਰਾਗ ਮਾਰੂ, ਮ.3, ਪੰਨਾ-1066

187. ਉਹੀ, ਰਾਗ ਸੋਰਠਿ, ਮ.3, ਪੰਨਾ-1237

188. ਉਹੀ, ਰਾਗ ਸੂਹੀ, ਮ.1, ਪੰਨਾ-766

189. ਉਹੀ, ਰਾਗ ਮਲਾਰ, ਮ.2, ਪੰਨਾ-1279

190. ਉਹੀ, ਰਾਗ ਗਉੜੀ, ਮ.5, ਪੰਨਾ-276

191. ਉਹੀ, ਰਾਗ ਮਾਝ, ਮ.5, ਪੰਨਾ-103

192. ਉਹੀ, ਪੰਨਾ-653

193. ਉਹੀ, ਪੰਨਾ-97

194. ਉਹੀ, ਰਾਗ ਗਉੜੀ ਗੁਆਰੇਰੀ, ਮ.5, ਪੰਨਾ-178

195. ਉਹੀ, ਰਾਗ ਧਨਾਸਰੀ ਮ.1, ਪੰਨਾ-13

196. ਉਹੀ, ਰਾਗ ਆਸਾ, ਮ.1, ਪੰਨਾ-469

197. ਉਹੀ, ਸਿਰੀਰਾਗੁ, ਮ.1, ਪੰਨਾ-26

198. ਉਹੀ, ਰਾਗ ਆਸਾ, ਮ.2, ਪੰਨਾ-474

199. ਭਾਈ ਗੁਰਦਾਸ ਜੀ

200. ਉਹੀ, ਰਾਗ ਪ੍ਰਭਾਤੀ, ਭਗਤ ਕਬੀਰ ਜੀ, ਪੰਨਾ-1349

201. ਉਹੀ, ਰਾਗ ਸੂਹੀ, ਮ.1, ਪੰਨਾ-728

202. ਉਹੀ, ਰਾਗ ਮਾਲੀ ਗਉੜਾ, ਭਗਤ ਨਾਮਦੇਵ ਜੀ, ਪੰਨਾ-988

203. ਉਹੀ, ਸਲੋਕ ਸੇਖ ਫਰੀਦ ਜੀ, ਪੰਨਾ-1384

204. ਉਹੀ, ਸਲੋਕ ਸੇਖ ਫਰੀਦ ਜੀ, ਪੰਨਾ-1381

205. ਉਹੀ, ਸਲੋਕ ਸੇਖ ਫਰੀਦ ਜੀ, ਪੰਨਾ-1378

206. ਉਹੀ, ਸਲੋਕ ਸੇਖ ਫਰੀਦ ਜੀ, ਪੰਨਾ-1378

207. ਉਹੀ, ਰਾਗ ਧਨਾਸਰੀ, ਮ.5, ਪੰਨਾ-671

208. ਉਹੀ, ਰਾਗ ਗਉੜੀ, ਮ.5, ਪੰਨਾ-259

209. ਉਹੀ, ਰਾਗ ਰਾਮਕਲੀ, ਮ.5, ਪੰਨਾ-887

210. ਉਹੀ, ਰਾਗ ਕਾਨੜਾ, ਮ.1, ਪੰਨਾ-1299

211. ਉਹੀ, ਰਾਗ ਤਿਲੰਗ,ਮ.1, ਪੰਨਾ-722-23

212. ਉਹੀ, ਰਾਗ ਆਸਾ, ਮ.1,ਪੰਨਾ-417-18

213. ਉਹੀ, ਰਾਗ ਆਸਾ, ਮ.1,ਪੰਨਾ-360

214. ਉਹੀ, ਰਾਗ ਧਨਾਸਰੀ, ਮ.5, ਪੰਨਾ-671

215. ਅਮਨਜੋਤ ਕੌਰ (ਡਾ.), ਵਿਸ਼ਵ ਸ਼ਾਂਤੀ ਦਾ ਪ੍ਰਤੀਕ: ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਗੁਰੂ ਗ੍ਰੰਥ ਸਾਹਿਬ: ਮਾਨਵੀ ਸਰੋਕਾਰ, ਪੰਨਾ-147

216. S. P. Singh (Dr.), Dr. Balwant Singh Dhillon ( Editor), Interfaith Study of Guru Granth Sahib, press and Publication Department, Guru Nanak Dev University, Amritsar, 2005

**ਅਧਿਆਇ- ਪੰਜਵਾਂ**

## 5.0 ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਾਨਵੀ ਆਦਰਸ਼: ਵਿਸ਼ਵ-ਵਿਆਪੀ ਸੰਗਠਨਾਂ ਦੇ ਸੰਦਰਭ ਵਿਚ

5.1 ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਮਾਨਵੀ ਅਧਿਕਾਰਾਂ ਦੇ ਸੰਗਠਨ

5.2 ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬੰਧਨ ਮੁਕਤ ਸਮਾਜ ਦੀ ਸਥਾਪਨਾ ਅਤੇ ਦਲਿਤ ਚੇਤਨਾ ਨਾਲ ਜੁੜੇ ਸੰਗਠਨ

5.3 ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿੰਗ ਬਰਾਬਰਤਾ ਤੇ ਨਾਰੀ ਚੇਤਨਾ ਨਾਲ ਜੁੜੇ ਸੰਗਠਨ

5.4 ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਮਾਜਿਕ ਨਿਆਂ ਨਾਲ ਜੁੜੇ ਸੰਗਠਨ

## ਅਧਿਆਇ- ਪੰਜਵਾਂ

# 5.0 ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਾਨਵੀ ਆਦਰਸ਼: ਵਿਸ਼ਵ-ਵਿਆਪੀ ਸੰਗਠਨਾਂ ਦੇ ਸੰਦਰਭ ਵਿਚ

ਵਿਸ਼ਵੀਕਰਨ ਦੇ ਯੁੱਗ ਵਿਚ ਵਿਭਿੰਨ ਧਰਮ ਆਪਣੇ ਧਰਮ ਗ੍ਰੰਥਾਂ ਦੀ ਵਿਲੱਖਣਤਾ ਤੇ ਵਿਸ਼ਿਸ਼ਟਤਾ ਕਰਕੇ ਆਪਣੀ ਸਦੀਵਤਾ, ਸਰਬ-ਵਿਆਪਕਤਾ ਤੇ ਸਰਬਕਾਲਤਾ ਨੂੰ ਨਿਸ਼ਚਿਤ ਕਰਦੇ ਹਨ। ਆਪਣੇ ਪਿੱਛਲੇ ਅਧਿਆਵਾਂ ਦੇ ਅਧਿਐਨ ਵਿਚ ਅਸੀਂ ਇਹ ਵਿਚਾਰਿਆ ਹੈ ਕਿ ਮਨੁੱਖੀ ਸਮਾਜ ਵਿਚ ਧਰਮ ਦੀ ਅਹਿਮ ਭੂਮਿਕਾ ਰਹੀ ਹੈ ਕਿਉਂਜੁ ਧਰਮ ਕੇਵਲ ਨਿੱਜਤਵ ਵਿਚ ਮਾਣੀ ਜਾ ਸਕਣ ਵਾਲੀ ਕਿਰਿਆ ਨਹੀਂ ਹੈ ਸਗੋਂ ਮਨੁੱਖੀ ਅਨੁਭਵ, ਗਿਆਨ ਅਤੇ ਵਿਹਾਰ ਨਾਲ ਜੁੜੀ ਚੇਤਨਾ ਨੂੰ ਵੀ ਨਿਸ਼ਚਿਤ ਕਰਦੀ ਹੈ। ਜਿਸ ਵਜੋਂ ਬਹੁ-ਅਨੁਸ਼ਾਸਨੀ ਵਿਧੀਆਂ ਦੇ ਅੰਤਰਗਤ ਧਰਮ ਗ੍ਰੰਥਾਂ ਵਿਚ ਵਿਆਪਤ ਸੱਚ ਤੇ ਸਦੀਵਤਾ ਨਾਲ ਜੁੜੇ ਧਾਰਮਕ ਵਿਹਾਰਾਂ, ਮਿੱਥਕ ਪੈਟਰਨਾਂ ਤੇ ਪਰਾਭੌਤਿਕ ਸੱਚ ਨਾਲ ਜੁੜੇ ਪ੍ਰਤੀਕ ਪ੍ਰਬੰਧਾਂ ਦਾ ਵਿਸ਼ਲੇਸ਼ਣ ਅਤੇ ਧਰਮਾਂ ਦੇ ਇਤਿਹਾਸਿਕ ਵਿਕਾਸ ਦਾ ਨਿਰੰਤਰ ਖੋਜ ਅਧਿਐਨ ਅਕਾਦਮਿਕ ਖੇਤਰਾਂ ਵਿਚ ਹੰਦਾ ਆ ਰਿਹਾ ਹੈ। ਹੱਥਲੇ ਖੋਜ-ਕਾਰਜ ਦਾ ਮੂਲ ਸਰੋਕਾਰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਦਰਸ਼ਨ ਨੂੰ ਨਵੇਂ ਬੋਧ ਤੇ ਨਵੀਆਂ ਅੰਤਰ ਦ੍ਰਿਸ਼ਟੀਆਂ ਰਾਹੀਂ ਸਮਝਣਾ ਹੈ ਤਾਂ ਜੋ ਸਮਕਾਲ ਵਿਚ ਇਸਦੇ ਗਿਆਨ ਦੀ ਪ੍ਰਾਸੰਗਿਕਤਾ ਦਿਸ਼ਟੀਗੋਚਰ ਹੋ ਸਕੇ। ਅਸੀਂ ਆਪਣੇ ਪਿੱਛਲੇ ਅਧਿਐਨ ਵਿਚ ਇਸ ਤੱਥ ਨੂੰ ਵਿਚਾਰਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਜਿਹੀ ਟੈਕਸਟ ਦੇ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ, ਜਿਸ ਵਿਚ ਅਧਿਆਤਮਕਤਾ ਤੇ ਸਭਿਆਚਾਰਕ ਨਿਰਮਾਣ ਦੀ ਦੋਨੋਂ ਪ੍ਰਕਿਰਿਆਵਾਂ ਸਮਾਨਾਂਤਰ ਰੂਪ ਵਿਚ ਚੱਲਦੀਆਂ ਹਨ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਪ੍ਰਵਚਨ ਵਿਸ਼ਵ ਵਿਚ ਮਾਨਵੀ ਏਕਤਾ ਦਾ ਉਹ ਦਸਤਾਵੇਜ ਬਣਿਆ ਹੈ ਜੋ ਵਿਭਿੰਨ ਧਰਮਾਂ, ਫਿਰਕਿਆਂ, ਨਸਲਾਂ, ਜਾਤਾਂ-ਬਰਾਦਰੀਆਂ ਦੇ ਆਪਸੀ ਵੈਰ-ਵਿਰੋਧ ਅਤੇ ਟਕਰਾਓ ਨੂੰ ਛੱਡ ਕੇ ਪਰਸਪਰ ਪ੍ਰੇਮ, ਮਿੱਤਰਤਾ, ਪਰਸਪਰ-ਪ੍ਰੇਮ, ਸਦਭਾਵਨਾ, ਸਹਿਯੋਗ ਅਤੇ ਸਹਿਣਸ਼ੀਲਤਾ ਦਾ ਸੰਦੇਸ਼ ਸੰਚਾਰਿਤ ਕਰਦਾ ਹੋਇਆ ਵਿਸ਼ਵੀ ਤੌਰ ਤੇ ਮਨੁੱਖੀ ਹੱਕਾਂ ਦੀ ਰਾਖੀ ਦੀ ਪੈਰਵੀ ਵੀ ਕਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਮਾਨਵੀ ਆਦਰਸ਼ਾਂ ਦੀ ਸੁਰ ਵਿਭਿੰਨ ਸਭਿਆਚਾਰਕ ਪੰਰਪਰਾਵਾਂ ਵਿਚਕਾਰ ਸਹਿਹੋਂਦ ਨੂੰ ਸਥਾਪਿਤ ਕਰਦਿਆਂ ਵਿਸ਼ਵੀ ਏਕਤਾ ਵਾਲੇ ਸੰਜੁਕਤ ਸਭਿਆਚਾਰ ਦੀਆਂ ਸੰਭਾਵਨਾਵਾਂ ਨੂੰ ਪ੍ਰਫੁੱਲਤ ਕਰਦੀ ਹੈ। ਇਸ ਗ੍ਰੰਥ ਵਿਚ ਪੇਸ਼ ਹੋਏ ਮਾਨਵੀ ਆਦਰਸ਼ਾਂ ਦੇ ਹੱਥਲੇ ਖੋਜ ਅਧਿਐਨ ਦਾ ਮੁੱਖ ਮਨੋਰਥ ਅੰਤਰ-ਰਾਸ਼ਟਰੀ ਸੰਵਾਦ ਨਾਲ ਰੂ-ਬ-ਰੂ ਹੋਣਾ ਹੈ। ਵਰਤਮਾਨ ਚਿੰਤਨ ਤੇ ਚੇਤਨਾ ਦੀ ਧਾਰਾ ਨੇ ਵਿਸ਼ਵੀਕਰਨ ਦਾ ਜੋ ਨਵਾਂ ਯੁੱਗ ਸਿਰਜਿਆ ਹੈ ਉਹ ਸਮੁੱਚੇ ਵਿਸ਼ਵ ਦੇ ਅੰਤਰਗਤ ਬਹੁ-ਰਾਸ਼ਟਰੀ ਸਰਮਾਏ ਦੇ ਪ੍ਰਤੀਕਰਮ ਵੱਜੋਂ ਪੈਦਾ ਹੋਇਆ ਗਲੋਬਲ ਪਿੰਡ ਹੈ ਜੋ ਨਵੀਂ ਅਰਥ ਵਿਵਸਥਾ ਵੱਜੋਂ ਆਪਣੀ ਹੋਂਦ ਨਿਸ਼ਚਿਤ ਕਰਦਾ ਹੈ। ਇਸ ਯੁੱਗ ਵਿਚ ਵਿਗਿਆਨਕ ਟੈਕਨਾਲੋਜੀ ਰਾਹੀਂ ਸਿਰਜੇ ਗਏ ਸੰਚਾਰ ਮਾਧਿਅਮ ਨਾਲ ਬਹੁਤ ਤਬਦੀਲੀ ਆਈ ਹੈ।ਇਸ ਯੁੱਗ ਵਿਚ ਜਿਸ ਪ੍ਰਕਾਰ ਦਾ ਪ੍ਰਬੰਧ ਸਿਰਜਿਆ ਗਿਆ ਹੈ, ਉਹਨੇ ਸਾਨੂੰ ਤਾਨਾਸ਼ਾਹੀ, ਜ਼ਬਰ, ਜ਼ੁਲਮ, ਸ਼ੋਸ਼ਣ, ਅਸੁਰੱਖਿਆ ਜਾਂ ਹਉਮੈ ਹੀ ਪ੍ਰਦਾਨ ਕੀਤੀ ਹੈ। ਅੱਜ ਵਿਸ਼ਵ ਪੱਧਰ ਤੇ ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਮਨਾਇਆ ਜਾਂਦਾ ਹੈ, ਮਨੁੱਖੀ ਅਧਿਕਾਰਾਂ ਦੇ ਆਮ ਐਲਾਨਨਾਮੇ ਵਿਚ ਸਪਸ਼ਟ ਹੈ ਕਿ ਸਭ

ਮਨੁੱਖ ਜਨਮ ਤੋਂ ਆਜ਼ਾਦ ਤੇ ਅਧਿਕਾਰਾਂ 'ਚ ਬਰਾਬਰ ਹਨ। ਇਸ ਲਈ ਸਮਸਤ ਮਾਨਵ ਲਈ ਮਾਨਵੀ ਅਧਿਕਾਰਾਂ ਦੀ ਸਥਾਪਨਾ ਦਾ ਮਸਲਾ ਅੱਜ ਬਹੁਤ ਗੰਭੀਰ ਰੂਪ ਵਿਚ ਚਰਚਿਤ ਹੈ ਕਿਉਂਕਿ ਲੋਕਤੰਤਰ ਦਾ ਕਿਹਾ ਜਾਂਦਾ ਇਹ ਯੁੱਗ ਅਸਲ ਵਿਚ ਤਾਨਾਸ਼ਾਹੀ ਦਾ ਹੀ ਰਾਜ ਹੈ ਜਿਸ ਵਿਚ ਮਾਨਵੀ ਅਧਿਕਾਰਾਂ ਦੀ ਹੋਂਦ ਸਿਰਫ਼ ਦਿਖਾਉਣ ਮਾਤਰ ਹੈ। ਦਲਿਤ, ਹਾਸ਼ੀਆਗਤ ਸਮੂਹ Marginalized Group ਜਾਂ ਸਬਾਲਟਰਨ Subaltern ਵਰਗ ਅੱਜ ਵੀ ਸਮਾਜਕ ਸੰਤਾਪ ਤੇ ਪੀੜਾ ਭੋਗ ਰਹੇ ਹਨ; ਇਸੇ ਸੰਦਰਭ ਵਿਚ ਦਲਿਤ ਚੇਤਨਾ ਮੂਲ ਰੂਪ ਵਿਚ ਜਾਤੀ-ਦਵੇਸ਼ ਨੂੰ ਮਿਟਾ ਕੇ ਸਮਾਜਕ ਬਰਾਬਰੀ ਨੂੰ ਉਲੀਕਦਾ ਹੈ। ਦਲਿਤ ਚਿੰਤਨ ਇਕ ਅਜਿਹੇ ਸੰਘਰਸ਼ ਦਾ ਸੂਚਕ ਬਣ ਜਾਂਦਾ ਹੈ ਜਿਸ ਵਿਚ ਦਲਿਤ ਹਾਰ ਸਵੀਕਾਰ ਕਰਕੇ ਜ਼ੁਲਮ ਜਾਂ ਪੀੜਾ ਨੂੰ ਬਰਦਾਸ਼ਤ ਨਹੀਂ ਕਰਦਾ ਬਲਕਿ ਇਸ ਅਣਮਨੁੱਖੀ ਵਤੀਰੇ ਪ੍ਰਤੀ ਸੰਘਰਸ਼ ਦੀ ਦਿਸ਼ਾ ਨਿਰਧਾਰਤ ਕਰਦਾ ਹੈ। ਇਸ ਤਰ੍ਹਾਂ ਦਲਿਤ-ਚੇਤਨਾ ਜੀਵਨ ਦੇ ਹਰ ਖੇਤਰ ਵਿਚ ਦੱਬੇ, ਡਰੇ, ਦੁਰਕਾਰੇ ਤੇ ਫਿਟਕਾਰੇ ਮਨੁੱਖ ਦੇ ਸ਼ੋਸ਼ਣ ਖਿਲਾਫ਼ ਕੀਤੇ ਉਪਰਾਲਿਆਂ ਦਾ ਪ੍ਰਬੰਧ ਹੈ। ਜਦੋਂ ਗੱਲ ਦੱਬੇ ਕੁਚਲਿਆਂ ਜਾਂ ਲਤਾੜੇ ਜਾ ਰਹੇ ਮਨੁੱਖਾਂ ਦੀ ਹੁੰਦੀ ਹੈ ਤਾਂ ਨਾਰੀ ਚੇਤਨਾ ਜਾਂ ਨਾਰੀ ਸਸ਼ਕਤੀਕਰਨ ਦੇ ਮੁੱਦੇ ਬੜੇ ਜ਼ੋਰਦਾਰ ਰੂਪ ਵਿਚ ਸਾਹਮਣੇ ਆਉਂਦੇ ਹਨ ਕਿਉਂਕਿ ਲਿੰਗ-ਨਾਬਰਾਬਰੀ ਨੇ ਸਮਾਜ ਦੇ ਵਿਕਾਸ ਵਿਚ ਵੱਡੀਆਂ ਰੁਕਾਵਟਾਂ ਖੜੀਆਂ ਕੀਤੀਆਂ ਹਨ। ਸਮਾਜਕ-ਰਾਜਸੀ ਕੁਪ੍ਰਬੰਧ ਨੇ ਸਮਾਜਿਕ ਅਨਿਆਂ ਨੂੰ ਜਨਮ ਦਿੱਤਾ ਹੈ। ਅੱਜ ਵਿਸ਼ਵ ਜਾਂ ਗਲੋਬਲ ਪਿੰਡ ਵਿਚ ਅਨੇਕਾਂ ਰਾਜਸੀ, ਸਮਾਜਿਕ-ਸਭਿਆਚਾਰਕ, ਆਰਥਿਕ ਸੰਸਥਾਵਾਂ ਅਤੇ ਵਿਦਿਅਕ ਅਦਾਰੇ ਮਾਨਵੀ ਅਧਿਕਾਰ, ਦਲਿਤ ਚੇਤਨਾ, ਲਿੰਗ-ਬਰਾਬਰਤਾ, ਨਾਰੀ ਚੇਤਨਾ, ਨਾਰੀ ਸਸ਼ਕਤੀਕਰਨ ਜਾਂ ਸਮਾਜਕ ਨਿਆਂ ਨਾਲ ਜੁੜੀਆਂ ਸਮੱਸਿਆਵਾਂ ਦੇ ਸਮਾਧਾਨ ਲਈ ਸੁਚੇਤ ਰੂਪ ਵਿਚ ਕਾਰਜਸ਼ੀਲ ਦਿਖਾਈ ਦੇਂਦੇ ਹਨ।

ਖੋਜ ਕਾਰਜ ਦੇ ਇਸ ਅਧਿਆਇ ਵਿਚ ਉਪਰੋਕਤ ਚਰਚਿਤ ਹੋਏ ਮਸਲਿਆਂ ਦੇ ਸਮਾਧਾਨ ਲਈ ਵਿਸ਼ਵ ਵਿਆਪੀ ਸੰਗਠਨਾਂ ਦੇ ਸੰਦਰਭ ਵਿਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਪ੍ਰਸਤੁਤ ਸੂਝ ਮਾਡਲ ਤੇ ਅੰਤਰ-ਦ੍ਰਿਸ਼ਟੀਆਂ ਦਾ ਅਧਿਐਨ ਕੀਤਾ ਜਾਵੇਗਾ ਕਿ ਇਹ ਆਦਰਸ਼ ਵਿਸ਼ਵ-ਵਿਆਪੀ ਪੱਧਰ ਤੇ ਇਨ੍ਹਾਂ ਸਮਸਿਆਵਾਂ ਦਾ ਸਮਾਧਾਨ ਜੁਟਾਉਣ ਲਈ ਕਿੰਨੇ ਕੁ ਪ੍ਰਾਸੰਗਿਕ ਹਨ ਅਤੇ ਸਾਰਥਕ ਹਨ।

## 5.1 ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਮਾਨਵੀ ਅਧਿਕਾਰਾਂ ਦੇ ਸੰਗਠਨ :

ਵਰਤਮਾਨ ਚਿੰਤਨ ਤੇ ਚੇਤਨਾ ਦੀ ਧਾਰਾ ਨੇ ਵਿਸ਼ਵੀਕਰਨ ਦਾ ਨਵਾਂ ਯੁੱਗ ਸਿਰਜਿਆ ਹੈ। ਸਮੁੱਚੇ ਵਿਸ਼ਵ ਜਾਂ ਭੂ-ਮੰਡਲ ਦੇ ਅੰਤਰਗਤ ਬਹੁ ਰਾਸ਼ਟਰੀ ਸਰਮਾਏ ਦੇ ਪ੍ਰਤੀਕਰਮ ਵੱਜੋਂ ਪੈਦਾ ਹੋਇਆ ਵਿਸ਼ਵੀਕਰਨ ਨਵੀਂ ਅਰਥ ਵਿਵਸਥਾ ਵੱਜੋਂ ਆਪਣੀ ਹੋਂਦ ਨਿਸ਼ਚਿਤ ਕਰਦਾ ਹੈ। ਨਿਰਸੰਦੇਹ ਇਸ ਯੁੱਗ ਵਿਚ ਵਿਗਿਆਨ ਟੈਕਨਾਲੋਜੀ ਸੰਚਾਰ ਮਾਧਿਅਮ ਨਾਲ ਕ੍ਰਾਂਤੀਕਾਰੀ ਤਬਦੀਲੀ ਆਈ ਹੈ ਤੇ ਮਨੁੱਖ ਨੇ ਪਦਾਰਥਕ ਤੌਰ ਤੇ ਬੜੀ ਉਨਤੀ ਵੀ ਕੀਤੀ ਹੈ ਪਰ ਜ਼ਹਿਨੀ ਅਤੇ ਮਾਨਸਿਕ ਤੌਰ ਉਸ ਵਿਚ ਨਿਘਾਰ ਵੀ ਆਇਆ ਹੈ। ਇਸ ਯੁੱਗ ਵਿਚ ਜਿਸ ਪ੍ਰਕਾਰ ਦਾ ਪ੍ਰਬੰਧ ਸਿਰਜਿਆ ਗਿਆ ਹੈ, ਉਹਨੇ ਸਾਨੂੰ ਜ਼ਬਰ, ਜ਼ੁਲਮ, ਸ਼ੋਸ਼ਣ, ਅਸੁਰੱਖਿਆ ਤੇ ਹਉਮੈ ਅਤੇ ਮਾਨਵੀ ਰਿਸ਼ਤਿਆਂ ਵਿਚਲਾ ਵਿਘਟਨ ਵੀ ਦਿੱਤਾ ਹੈ ਜਿਸਦਾ ਦਾ ਕਾਰਨ ਮਨੁੱਖੀ ਅਧਿਕਾਰਾਂ ਦਾ ਅਸਾਂਵਾਪਨ ਹੈ। ਕਹਿਣ ਨੂੰ ਤਾਂ ਲੋਕਤੰਤਰ ਹੈ ਪਰ ਮੁੱਠੀ ਭਰ ਲੋਕਾਂ ਦੁਆਰਾ ਕੀਤਾ ਜਾ ਰਿਹਾ ਤਾਨਾਸ਼ਾਹੀ ਰਾਜ ਹੈ ਜਿਸ ਵਿਚ ਮੁਨੱਖੀ ਅਧਿਕਾਰ ਨਾਮ ਦੇ ਹੀ ਹਨ।

ਅੱਜ ਵਿਸ਼ਵ ਪੱਧਰ ਤੇ ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਮਨਾਇਆ ਜਾਂਦਾ ਹੈ, ਜਿਹੜਾ ਇਸ ਧਰਤੀ ਤੇ ਪੈਦਾ ਹੋਏ ਮਨੁੱਖ ਨੂੰ ਜਨਮ ਤੋਂ ਹੀ ਅਜ਼ਾਦ ਹੋਣ ਦੇ ਹੱਕ ਦਿਵਾਉਣ ਦੀ ਜ਼ਾਮਨੀ ਭਰਦਾ ਹੈ। ਵਿਸ਼ਵ ਦੀ ਸਭ ਤੋਂ ਵੱਡੀ ਸੰਸਥਾ ਯੂ.ਓ.ਐਨ. ਨੇ 10 ਦਸੰਬਰ 1948 ਨੂੰ ਪਾਸ ਕੀਤੇ ਮਨੁੱਖੀ ਅਧਿਕਾਰਾਂ ਦੇ ਆਮ ਐਲਾਨਨਾਮੇ ਵਿਚ ਸਪਸ਼ਟ ਕੀਤਾ ਹੈ ਕਿ ਸਭ ਮਨੁੱਖ ਜਨਮ ਤੋਂ ਆਜ਼ਾਦ ਤੇ ਅਧਿਕਾਰਾਂ ’ਚ ਬਰਾਬਰ ਹਨ। ਉਨ੍ਹਾਂ ਕੋਲ ਜ਼ਮੀਰ ਤੇ ਦਲੀਲ ਦੀ ਲਿਆਕਤ ਹੈ ਅਤੇ ਉਨ੍ਹਾਂ ਨੂੰ ਇਕ ਦੂਸਰੇ ਵੱਲ ਭਰਾਤਰੀ ਭਾਵ ਨਾਲ ਪੇਸ਼ ਆਉਣਾ ਚਾਹੀਦਾ ਹੈ ਅਤੇ ਮਨੁੱਖ ਦੀ ਆਜ਼ਾਦੀ ਨੂੰ ਨਸਲ, ਰੰਗ, ਲਿੰਗ, ਭਾਸ਼ਾ, ਧਰਮ, ਸਿਆਸੀ ਜਾਂ ਹੋਰ ਵਿਚਾਰਾਂ, ਕੌਮੀ ਜਾਂ ਸਮਾਜਿਕ ਪਿਛੌਕੜ, ਜਾਇਦਾਦ, ਜਨਮ ਜਾਂ ਕਿਸੇ ਹੋਰ ਹੈਸੀਅਤ ਕਾਰਣ ਕੋਈ ਫ਼ਰਕ ਨਹੀਂ ਕਰਨਾ ਚਾਹੀਦਾ। ਅਜਿਹਾ ਨਹੀਂ ਕਿ ਮਨੁੱਖੀ ਅਧਿਕਾਰਾਂ ਦੇ ਆਮ ਐਲਾਨਨਾਮੇ ਦਾ ਕੋਈ ਮਹੱਤਵ ਜਾਂ ਪ੍ਰਭਾਵ ਨਹੀਂ, ਇਸ ਐਲਾਨਨਾਮੇ ਨੇ ਜਿਹੜੀ ਚੇਤਨਤਾ ਪੈਦਾ ਕੀਤੀ, ਉਸਨੇ ਵਿਸ਼ਵ ਦੀਆਂ ਧੱਕੜ ਤਾਕਤਾਂ ਨੂੰ ਕੰਬਣੀ ਜ਼ਰੂਰ ਛੇੜੀ, ਪ੍ਰੰਤੂ ਉਨ੍ਹਾਂ ਦੇ ਜ਼ਾਲਮ ਹੱਥਾਂ ਨੂੰ ਹੱਥਕੜੀਆਂ ਤੇ ਜਾਬਰ ਸੋਚ ਨੂੰ ਬੇੜੀਆਂ ਨਹੀਂ ਪੈ ਸਕੀਆਂ ਕਿਉਂਕਿ ਅੱਜ ਵੀ ਜਾਤ, ਧਰਮ ਤੇ ਨਸਲ ਆਧਾਰਿਤ ਵਿਤਕਰੇ ਕਾਇਮ ਹਨ। ਅੱਜ ਵੀ ‘ਤਕੜੇ ਦਾ ਸੱਤੀ ਵੀਹੀ ਸੌ’ ਵਾਲੀ ਸਥਿਤੀ ਬਰਕਰਾਰ ਹੈ। ਕਮਜ਼ੋਰ ਤੇ ਨਿਤਾਣੀਆਂ ਧਿਰਾਂ ਹਰ ਸ਼ਕਤੀਸ਼ਾਲੀ ਧਿਰ ਤੋਂ ਜੁਆਬ ਮੰਗਦੀਆਂ ਹਨ, ਪ੍ਰਤੂੰ ਤਕੜੀਆਂ ਧਿਰਾਂ ਅੱਜ ਵੀ ਹਰ ਥਾਂ ‘ਠਾਣੇਦਾਰੀ’ ਕਰਦੀਆਂ ਹਨ। ਉਨਾਂ ਲਈ ਨਾ ਮਨੁੱਖਾਂ ਦੀ ਅਤੇ ਨਾ ਹੀ ਮਨੁੱਖੀ ਅਧਿਕਾਰਾਂ ਦੀ ਕੋਈ ਕਦਰ ਸੀ ਤੇ ਨਾ ਹੈ। ਆਮ ਗਰੀਬ ਤੇ ਘੱਟ ਗਿਣਤੀ ਕੌਮਾਂ ਨਾਲ ਅੱਜ ਵੀ ਵਿਤਕਰਾ ਤੇ ਜ਼ਬਰ ਜਾਰੀ ਹੈ। ਜਦੋਂ ਸਮੇਂ ਦੀਆਂ ਸਰਕਾਰਾਂ ਜਿਨਾਂ ਨੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨੀ ਹੁੰਦੀ ਹੈ, ਉਹ ਹੀ ਮਨੁੱਖੀ ਅਧਿਕਾਰਾਂ ਤੇ ਕਾਬਜ ਹੋ ਜਾਣ, ਫਿਰ ਸਿਵਾਏ ‘ਅਧਿਕਾਰਾਂ’ ਦਾ ਰੌਲਾ ਪਾਉਣ ਤੋਂ ਬਿਨਾਂ ਕੋਈ ਹੱਲ ਨਹੀਂ ਰਹਿੰਦਾ । ਅੱਜ ਸਾਰੀਆਂ ਪੀੜਤ ਧਿਰਾਂ ਨੂੰ ਇਕੱਠਾ ਹੋ ਕੇ ਹੰਭਲਾ ਮਾਰਨ ਅਤੇ ਵਿਸ਼ਵ-ਪੱਧਰ ਤੇ ਅਜਿਹੀਆਂ ਧੱਕੜ ਸ਼ਕਤੀਆਂ ਦੀ ਪਹਿਚਾਣ ਕਰਨ ਦੀ ਵੱਡੀ ਲੋੜ ਹੈ।

ਭਾਰਤ ਦੇ ਮਹਾਨ ਕਾਨੂੰਨ ਸ਼ਾਸਤਰੀ ਨਾਨੀ ਪਾਲਕੀਵਾਲਾ ਦੇ ਸ਼ਬਦ ‘ਮਨੁੱਖੀ ਅਧਿਕਾਰਾਂ ਦੀ ਸਾਰਥਿਕਤਾ: ਸਮੇਂ ਦੀ ਲੋੜ’ ਇੱਕ ਦੇਸ਼ ਦੇ ਕਾਨੂੰਨੀ ਅਤੇ ਸੰਵਿਧਾਨਿਕ ਢਾਂਚੇ ਦੀ ਕਾਰਗੁਜ਼ਾਰੀ ਦੀ ਸਾਰਥਿਕਤਾ ਦੀ ਜਾਂਚ ਦੇ ਮੁੱਢਲੇ ਸਿਧਾਂਤ ਵੱਲ ਇਸ਼ਾਰਾ ਕਰਦੇ ਹਨ। ਸੰਯੁਕਤ ਰਾਸ਼ਟਰ ਸੰਘ ਦੇ ਮਨੁੱਖੀ ਅਧਿਕਾਰ ਵਿੰਗ ਦੁਆਰਾ ਇਸ ਵਿਸ਼ੇ ਤੇ ਕੰਮ ਕੀਤਾ ਜਾ ਰਿਹਾ ਹੈ, ਜਿਸਦਾ ਉਦੇਸ਼ ਵਿਸ਼ਵ ਦੇ ਵੱਖ-ਵੱਖ ਹਿੱਸਿਆਂ ਵਿਚ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਦੀਆਂ ਮੌਜੂਦਾ ਅਤੇ ਭਵਿੱਖ ਵਿਚ ਪੈਦਾ ਹੋਣ ਵਾਲੀਆਂ ਚੁਣੌਤੀਆਂ ਦੀ ਸ਼ਨਾਖਤ ਕਰਨਾ ਅਤੇ ਉਨ੍ਹਾਂ ਦੇ ਹੱਲ ਲੱਭਣਾ ਹੈ। ਵਿਸ਼ਵ ਅਤੇ ਭਾਰਤ ਵਿਚ ਮਾਨਵੀ ਅਧਿਕਾਰਾਂ ਨਾਲ ਸੰਬੰਧਿਤ ਅਨੇਕਾਂ ਸੰਸਥਾਵਾਂ ਸਰਗਰਮ ਰੂਪ ਵਿਚ ਕਾਰਜਸ਼ੀਲ ਹਨ। ਜਿਨ੍ਹਾਂ ਵਿਚੋਂ ਕੁੱਝ ਕੁ ਦਾ ਵੇਰਵਾ ਇਸ ਪ੍ਰਕਾਰ ਹੈ-

## ਅੰਤਰਰਾਸ਼ਟਰੀ ਗੈਰ-ਸਰਕਾਰੀ ਸੰਸਥਾਵਾਂ

1. Amazon Watch
2. Amnesty International
3. Anti-Slavery International
4. Article 19
5. Avocates Sans Frontiers
6. Breakthrough (Human Rights)
7. Carter Centre
8. CCJO Rene Cassin
9. Center For Economic and Social Rights
10. Center for Human Rights and Humanitarian Law
11. Centre on Housing Rights and Evictions (COHRE)
12. Coalition for the International Criminal Court
13. Committee of Concerned Scientists
14. Committee to Project Journalists
15. Comman wealth Human Rights Initiative
16. Crypto Rights Foundation
17. Cultural Survival
18. Disabled People's International
19. Enough Project
20. Equality Now
21. Euro-Mediterranean Human Rights Monitor
22. Mediterranean Human Rights Monitor
23. Every Human Has Rights
24. FIAN International
25. Forum 18
26. Free the Slaves
27. Freedom from Torture
28. Freedom House
29. Friends of People Close to Nature
30. Front Line Defenders

31. Society for Threatened Peoples
32. GIRCA
33. Global Centre for the Responsibility to Protect
34. Global Rights
35. Habitat International Coalition
36. Helsinki Committee for Human Rights
37. Helsinki Watch
38. Hindu American Foundation
39. Hindu Human Rights
40. Hirschfeld Eddy Foundation
41. Human Life International
42. Human Rights Internet
43. Human Rights Foundation
44. Human Rights Watch
45. Human Rights First
46. Human Rights Without Frontiers
47. Human Rights
48. Institute For War and Peace Reporting
49. Interamerican Association for Environment Defence
50. International Alliance of Women
51. International Association of Jewish Lawyers And Jurists
52. International for Transitional Justice
53. International Centre for Human Rights and Democratic Development
54. International Centre for Human Rights Research
55. International Coalition against Enforced Disappearances
56. International Commitoion of Justice
57. International Disability Alliance
58. International Red Cross and Red Crescent Movement
59. International Federation of Red Cross and Red Crescent Societies
60. International Committee of the Red Cross
61. International Crisis Group

62. International Federation for Human Rights
63. International Foundation for Human Rights
64. International Foundation for Human Rights and Tolerance
65. International Freedom of Expression Exchange
66. International Humanist and Ethical Union
67. International Human Rights Commission IHRC
68. International Institute of Human Rights
69. International League of Human Rights
70. International Partnership for Human Rights IPHR
71. International Property Rights Index
72. International Progress Organization
73. International Rehabilitation Council for Torture Victims
74. International Rescue Committee
75. International Tibet Support Network
76. International Service for Human Rights
77. International Work Group for Indigenous Affairs
78. Islamic Human Rights Commission
79. JUSTICE
80. Mind Freedom International
81. Minority Rights Group International
82. National Labor Committee in Support of Human and Worker Rights

INTERNATIONAL ORGANIZATIONS of HUMAN RIGHTS (IOHR)

1. Network for Education and Academic Rights
2. No Peace Without Justice
3. Norwegian Refugee Council
4. Peace Brigades International
5. People & Planet
6. Physicians for Human Rights
7. Point of Peace Foundation

8. Protection of International
9. Refugee International
10. Release International
11. Reporters Without Borders
12. Reprieve
13. Redress Trust
14. Robert F. Kennedy Center for Justice and Human Rights
15. Scholars at Risk
16. Scholar Rescue Fund
17. Shiya Rights Watch
18. Society for Threatened People
19. Survival International
20. Tahirih Justice Center
21. The Advocacy Project
22. The Sentinel Project for Genocide Prevention
23. Tostan
24. Transparency International
25. U N Watch
26. UNITED for Intercultural Action
27. Universal Tolerance Organization
28. World Council of Churches
29. World Organization Against Torture
30. Witness (human rights group)
31. Womenkind Worldwide
32. Women's Learning Partnership for Rights, Development and Peace
33. World Future Council
34. World Organization Against Torture
35. Youth for Human Rights International
36. Gulshan-e-John

ਖੇਤਰੀ ਗੈਰ-ਸਰਕਾਰੀ ਸੰਸਥਾਵਾਂ

1. African Movement of Working Children and Youth (Africa)
2. AIRE Centre (Europe)
3. Arabic Network for Human Rights Information (Arab World)
4. Arab Commission for Human Rights (Arab World)
5. Asian Human Rights Commission (Asia)
6. Asian Forum for Human Rights and Development (Asia)
7. Asian Centre for Human Rights (Asia)
8. Commonwealth Human Rights Inititative ( Commonwealth nations)
9. Council on Hemispheric Affairs( Americas)
10. Ecumenical Center for Human Rights (Americas)
11. Euro-Mediterranean Human Rights Network ( Euro Mediterranean region)
12. European Roma Rights Centre(Europe)
13. Federal Union of European Nationalities (Europe)
14. Helsinki Citizens Assembly (Europe)
15. Human Rights Foundation (Americas)
16. Human Rights Trust of Southern Africa (Southern Africa)
17. Incomindios Switzerland (Americas)
18. International Association of Independent Journalists Inc.( Canada, England & elsewhere)
19. Journalists for Human Rights( Africa)
20. Kurdish Human Rights Project ( Iraq, Turkey, Syria, Iran & elsewhere)
21. Memorial (Ex-USSR)
22. Unimondo ( Southeastern Europe)
23. Washington Office on Latin America ( Latin America)

## ਰਾਸ਼ਟਰੀ ਕੇਂਦਰਬਿੰਦੂ ਆਧਾਰਿਤ ਭਾਰਤ ਵਿਚ ਗੈਰ-ਸਰਕਾਰੀ ਸੰਸਥਾਵਾਂ:

1. Honour for Women National Campaign
2. Middle Finger Protests
3. Manab Adhikar Sangram Samiti
4. Confederation of Human Rights Samiti
5. Confederation of Human Rights Organizations
6. Forum For Fact-Finding Documentation and Advocacy
7. Human Rights Documentation Centre
8. National Campaign on Dalit Human Rights
9. Vigil India Movement
10. Kashmir Human Rights Commission
11. Youth for Human Rights International
12. Human rights-related lists

ਉਪਰੋਕਤ ਸੰਸਥਾਵਾਂ[1] ਦੀ ਹੋਂਦ ਤੋਂ ਇਹ ਗਲ ਸਪਸ਼ਟ ਹੋ ਜਾਂਦੀ ਹੈ ਕਿ ਕਿਸੇ ਵੀ ਮੁਲਕ ਦੀ ਪ੍ਰਸ਼ਾਸ਼ਕੀ ਕਾਰਗੁਜ਼ਾਰੀ ਤਾਂ ਹੀ ਸਫ਼ਲ ਮੰਨੀ ਜਾ ਸਕਦੀ ਹੈ ਜੇ ਉੱਥੇ ਮਨੁੱਖੀ ਅਧਿਕਾਰਾਂ ਦੀ ਸਹੀ ਰੂਪ ਵਿਚ ਪਾਲਣਾ ਹੁੰਦੀ ਹੋਵੇ। ਖੋਜ-ਕਾਰਜ ਦੇ ਇਸ ਅਧਿਆਇ ਵਿਚ ਉਪਰੋਕਤ ਵਿਸ਼ੇ ਉੱਤੇ ਖੋਜ ਅਧਿਐਨ ਪ੍ਰਸਤੁਤ ਕਰਦਿਆਂ ਅਸੀਂ ਮਨੁੱਖੀ ਅਧਿਕਾਰਾਂ ਦੀ ਰੱਖਿਆ, ਮਨੁੱਖ ਦੀ ਸੁਤੰਤਰ ਹੋਂਦ ਤੇ ਸੋਚ ਦੀ ਪੈਰਵੀ ਕੀਤੀ ਹੈ ਤਾਂ ਜੁ ਰੰਗ-ਰੂਪ, ਨਸਲ, ਲਿੰਗ-ਰੂਪ, ਜਾਤ-ਪਾਤ ਦੇ ਵਿਤਕਰੇ ਤੋਂ ਬਿਨਾਂ ਮਨੁੱਖ ਸਮਾਜ ਵਿਚ ਵਿਚਰ ਸਕਣ। ਕਿਸੇ ਤਰਾਂ ਦੀਆਂ ਭੂਗੋਲਿਕ ਹੱਦਬੰਨੀਆਂ ਤੇ ਨਸਲੀ ਵਿਤਕਰੇ ਉਹਨਾਂ ਦੇ ਰਾਹ ਦੇ ਰੋੜੇ ਨਾ ਬਣਨ। ਆਪਣੇ ਆਪਣੇ ਧਾਰਮਿਕ ਵਿਸ਼ਵਾਸਾਂ ਨਾਲ ਉਹ ਆਪਣੇ ਅਕੀਦੇ ਤੇ ਈਮਾਨ ਦੀ ਪਾਲਣਾ ਕਰ ਸਕਣ ਤੇ ਇਨ੍ਹਾਂ ਦੀ ਸੁਰੱਖਿਆ ਲਈ ਰਾਜ ਉਹਨਾਂ ਨੂੰ ਸੰਪੂਰਨ ਹੱਕ ਮੁਹੱਈਆ ਕਰਵਾਉਣ ਲਈ ਵਚਨਬੱਧ ਹੋਵੇ। ਨਿਮਾਣਿਆਂ ਤੇ ਨਿਤਾਣਿਆਂ ਦਾ ਕੋਈ ਸ਼ੋਸ਼ਣ ਨਾ ਕਰ ਸਕੇ। ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਵਿਚਾਰਧਾਰਾ ਮਨੁੱਖ ਏਕਤਾ ਲਈ 'ਸਰਬਤ ਦਾ ਭਲਾ' ਦਾ ਪੈਗ਼ਾਮ ਸੰਚਾਰਿਤ ਕਰਦੀ ਹੈ। ਸੱਭ ਮਨੁੱਖ ਬਰਾਬਰ ਹਨ ਕਿਉਂਕਿ ਉਹ ਇਕ ਪਰਮਾਤਮਾ ਦੀ ਉਪਜ ਹਨ ਅਤੇ ਸਾਰਿਆਂ ਦਾ ਕਰਤਾ ਤੇ ਦਾਤਾ ਇੱਕੋ ਪਰਮਾਤਮਾ ਹੈ। ਮਨੁੱਖ ਦੀ ਵੰਡੀਆਂ ਤੇ ਵਰਗਾਂ ਦੀ ਵੰਡ ਦਾ ਕੋਈ ਅਰਥ ਨਹੀਂ ਹੈ।ਗੁਰਬਾਣੀ ਇਸ ਸੰਦੇਸ਼ ਨੂੰ ਬਾਰ ਬਾਰ ਦ੍ਰਿੜ ਕਰਵਾਉਂਦੀ ਹੈ:

ਅਵਲਿ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥[2]

ਮਾਟੀ ਏਕ ਸਕਲ ਸੰਸਾਰਾ॥
ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ॥[3]

ਜਦ ਸਾਰੇ ਜੀਵਾਂ ਵਿਚ ਪਰਮਾਤਮਾ ਦੀ ਜੋਤਿ ਹੈ, 'ਸਭੈ ਘਟ ਰਾਮੁ ਬੋਲੈ, ਰਾਮਾ ਬੋਲੈ, ਰਾਮ ਬਿਨਾ ਕੋ ਬੋਲੈ ਰੇ' ਵਾਲੀ ਸਥਿਤੀ ਹੈ ਤਾਂ ਫਿਰ ਕੋਈ ਚੰਗਾ ਜਾਂ ਕੋਈ ਮਾੜਾ ਨਹੀਂ ਹੋ ਸਕਦਾ। ਗੁਰਬਾਣੀ ਅਨੁਸਾਰ ਕੋਈ ਵੀ ਮਨੁੱਖ ਵੈਰੀ ਜਾਂ ਬਿਗਾਨਾ ਨਹੀਂ ਹੈ। ਜੇ ਇਸ ਵਿਚਾਰ ਨੂੰ ਸਮਝ ਲਿਆ ਜਾਵੇ ਤਾਂ ਨਫ਼ਰਤ, ਬਖ਼ੀਲੀ ਜਾਂ ਮੰਦ ਭਾਵਨਾ ਵਰਗੀਆਂ ਮਨੁੱਖੀ ਭਾਵਨਾਵਾਂ ਤੋਂ ਮੁਕਤੀ ਹੋ ਸਕਦੀ ਹੈ ਅਤੇ ਇਸਦੀ ਜਗ੍ਹਾ ਤੇ ਪ੍ਰੇਮ, ਹਮਦਰਦੀ, ਸੁਹਿਰਦਤਾ, ਸਹਿਨਸ਼ੀਲਤਾ, ਪਰਉਪਕਾਰਤਾ ਵਰਗੇ ਗੁਣਾਂ ਨਾਲ ਮਨੁੱਖੀ ਅਧਿਕਾਰਾਂ ਦੀ ਮਜ਼ਬੂਤੀ ਦਾ ਸੁਖਾਵਾਂ ਮਾਹੌਲ ਸਿਰਜਿਆ ਜਾ ਸਕਦਾ ਹੈ।

ਭਾਰਤੀ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇੱਥੋਂ ਦੇ ਸਮਾਜਿਕ ਸਭਿਆਚਾਰਕ ਵਰਤਾਰੇ ਵਿਚ ਜਾਤ-ਪਾਤ ਦੀ ਵਿਵਸਥਾ ਇਕ ਕਰੜੀ ਪ੍ਰਣਾਲੀ ਭਾਂਤੀ ਕਾਰਜਸ਼ੀਲ ਹੈ। ਇਹ ਵਿਲੱਖਣ ਤਾਣਾ-ਬਾਣਾ ਸਮਾਜਿਕ ਵਿਵਸਥਾ ਦਾ ਅਟੁੱਟ ਅੰਗ ਹੈ ਪਰ ਇਹ ਇਕ ਗੈਰ-ਮਨੁੱਖੀ, ਗੈਰ-ਜਮਹੂਰੀ ਵਿਵਸਥਾ ਹੈ ਜਿਸ ਵਿਚ ਨੀਵੀਂਆਂ ਜਾਤਾਂ ਵਾਲਿਆਂ ਦੀ ਹੋਂਦ ਅਤੇ ਹੱਕਾਂ ਦਾ ਸਿਫ਼ਰੀਕਰਨ ਕੀਤਾ ਗਿਆ ਹੈ। ਮੈਕਸ ਵੈਬਰ ਦਾ ਕਥਨ ਹੈ-

"ਜਾਤਾਂ ਦੀ ਦਰਜੇਬੰਦੀ ਤੇ ਰੁਤਬਾ ਉਸੇ ਤਰ੍ਹਾਂ ਅਟੱਲ ਹੈ ਜਿਵੇਂ ਸਿਤਾਰਿਆਂ ਦਾ ਗ੍ਰਹਿ-ਪੰਧ ਅਤੇ ਜਿਵੇਂ ਪਸ਼ੂਆਂ ਦੀਆਂ ਨਸਲਾਂ ਅਤੇ ਮਨੁੱਖੀ ਨਸਲ ਦਰਮਿਆਨ ਵਖਰੇਵਾਂ।"[4]

ਗੁਰਬਾਣੀ ਸਮਾਜਿਕ-ਸਭਿਆਚਾਰਕ ਅਜ਼ਾਦੀ ਦੀ ਸਾਰਥਿਕਤਾ ਨੂੰ ਮਹਿਸੂਸ ਕਰਦਿਆਂ ਜਾਤ-ਪਾਤ ਅਤੇ ਊਚ-ਨੀਚ ਦੀਆਂ ਵੰਡੀਆਂ ਤੋਂ ਪਾਰ ਜਾ ਕੇ, ਸਮੁੱਚੀ ਮਾਨਵਤਾ ਨੂੰ ਮੁਖਾਤਿਬ ਹੁੰਦੀ ਹੋਈ 'ਸਭੈ ਸਾਂਝੀਵਾਲ ਸਦਾਇਣ' ਦਾ ਸੁਨੇਹਾ ਲੈ ਕੇ ਜੀਵਨ ਕਰਮ ਵਿਚ ਤਬਦੀਲੀ ਦੇ ਮਕਸਦ ਨਾਲ ਸਾਹਮਣੇ ਆਉਂਦੀ ਹੈ। ਗੁਰਬਾਣੀ ਜਾਤ-ਪਾਤ ਦੇ ਖੰਡਨ ਸੰਬੰਧੀ ਕ੍ਰਾਂਤੀਕਾਰੀ ਸੁਰ ਅਲਾਪਦੀ ਹੈ-

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥[5]

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਕਬੀਰ ਬੜੇ ਕਟਾਖਸ਼ ਪੂਰਵਕ ਢੰਗ ਨਾਲ ਜਾਤ-ਪਾਤ ਅਤੇ ਜਨਮ ਕਰਕੇ ਉੱਚੇ ਨੀਵੇਂ ਹੋਣ ਦੀ ਗੱਲ ਨੂੰ ਨਕਾਰਦੇ ਹਨ-

ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥
ਤਉ ਆਨ ਬਾਟ ਕਾਹੇ ਨਹੀ ਆਇਆ॥[6]

ਤਰਕ ਤੇ ਦਲੀਲ ਨਾਲ ਭਗਤ ਕਬੀਰ ਜੀ ਸਪਸ਼ਟ ਕਰਦੇ ਹਨ ਕਿ ਸਾਰੇ ਮਨੁੱਖ ਸਮਾਨ ਹਨ:
ਤੁਮ ਕਤ ਬ੍ਰਾਹਮਣ ਹਮ ਕਤ ਸੂਦ॥
ਹਮ ਕਤ ਲੋਹੂ ਤੁਮ ਕਤ ਧੁਦ॥[7]

ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਜਨ-ਮਾਨਸ ਨੂੰ ਜਾਤੀ ਵਿਤਕਰੇ ਕਰਕੇ ਆਪਣੀ ਓੱਚਤਾ ਉੱਪਰ ਕੀਤੇ ਜਾਣ ਵਾਲੇ ਹੰਕਾਰ ਤੋਂ ਸੁਚੇਤ ਕਰਦੀ ਹੈ-

ਜਾਤਿ ਕਾ ਗਰੁਬ ਨ ਕਰਿ ਮੂਰਖ ਗਵਾਰਾ॥
ਇਸ ਗਰੁਬ ਤੇ ਚਲਹਿ ਬਹੁਤ ਵਿਕਾਰਾ॥[8]

ਪਰਮਾਤਮਾ ਵਖਰੇਵਾਂ ਨਹੀਂ ਜਾਣਦਾ, ਦੂਰੀ ਨਹੀਂ ਜਾਣਦਾ। ਕੇਵਲ ਪਿਆਰ ਹੀ ਜਾਣਦਾ ਹੈ ਅਤੇ ਸੇਵਾ ਨੂੰ ਪਹਿਚਾਣਦਾ ਹੈ। ਕੋਈ ਵੀ ਨੀਚ ਜਾਤ ਵਾਲਾ ਉਸ ਪਰਮਾਤਮਾ ਨੂੰ ਧਿਆ ਕੇ ਉੱਤਮ ਪਦਵੀ ਪ੍ਰਾਪਤ ਕਰ ਸਕਦਾ ਹੈ;

ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ॥[9]

ਜਾਤਿ ਕਾ ਗਰੁਬ ਨ ਕਰੀਅਹੁ ਕੋਈ॥
ਬ੍ਰਹਮ ਬਿੰਦੈ ਸੋ ਬ੍ਰਾਹਮਣ ਹੋਈ॥[10]

'ਫਕੜ ਜਾਤੀ ਫਕੜ ਨਾਉ ਸਭਨਾ ਜੀਆ ਇਕਾ ਛਾਉ' ਤੋਂ ਆਰੰਭ ਹਇਆ ਪੈਗਾਮ 'ਸਰਬਤ ਦੇ ਭਲੇ' ਤੱਕ ਅਪੜਦਾ ਹੈ। ਇਹ ਪੈਗਾਮ ਨਿਰਾ ਐਲਾਨ ਨਹੀਂ ਬਲਕਿ ਅਮਲੀ ਰੂਪ ਵਿਚ ਦਿਸ਼ਟੀਗੋਚਰ ਹੁੰਦਾ ਹੈ। ਗੁਰੁ ਨਾਨਕ ਸਾਹਿਬ ਦਾ ਭਾਈ ਮਰਦਾਨੇ ਨਾਲ ਸਾਥ, ਸੰਗਤ ਤੇ ਪੰਗਤ ਪ੍ਰਥਾ, ਹਰਿਮੰਦਰ ਸਾਹਿਬ ਦੀ ਸਥਾਪਨਾ ਵਿਚ ਚਾਰ ਦਰਵਾਜੇ, ਗੁਰੂ ਗ੍ਰੰਥ ਸਾਹਿਬ ਦੀ ਸਿਰਜਣਾ ਆਦਿ ਅਜਿਹੀਆਂ ਸੰਸਥਾਵਾਂ ਹਨ ਜੋ ਸਰਬਸਾਂਝੀਵਾਲਤਾ ਤੇ ਭਾਈਚਾਰੇ ਦਾ ਸੂਚਕ ਹਨ।

ਸਦੀਆਂ ਤੋਂ ਲਤਾੜੀ ਤੇ ਦੁਰਕਾਰੀ ਜਾਂਦੀ ਔਰਤ ਦੇ ਹੱਕ ਵਿਚ ਸੱਭ ਤੋਂ ਪਹਿਲਾ ਆਵਾਜ ਗੁਰਮਤਿ ਦੇ ਸੰਸਥਾਪਕ ਗੁਰੂ ਨਾਨਕ ਸਾਹਿਬ ਨੇ ਲਗਾਈ। ਜਾਤ-ਪਾਤ ਤੇ ਹੋਰ ਸਮਾਜਿਕ ਕੁਰੀਤੀਆਂ ਕਾਰਣ ਭਾਰਤੀ ਸਮਾਜ ਵਿਚ ਔਰਤ ਨੂੰ ਕੋਈ ਬਰਾਬਰੀ ਦਾ ਅਧਿਕਾਰ ਨਹੀਂ ਸੀ। ਸਤੀ ਪ੍ਰਥਾ, ਪਰਦਾ ਪ੍ਰਥਾ ਤੇ ਹੋਰ ਵਧੀਕੀਆਂ ਨੂੰ ਸਹਿੰਦੀ ਔਰਤ ਲਈ ਗੁਰੂਆਂ ਨੇ ਇੱਕ ਅਹਿਮ ਪ੍ਰਵਚਨ ਛੇੜਿਆ। ਔਰਤ ਦਾ ਵੱਧ ਤੋਂ ਵੱਧ ਸਤਿਕਾਰ ਜ਼ਰੂਰੀ ਹੈ ਕਿਉਂਕਿ-

ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ॥
ਨਾਨਕ ਭੰਡੈ ਬਾਹਰਾ ਏਕੋ ਸੱਚਾ ਸੋਇ॥[11]

ਅਜਿਹੀ ਔਰਤ ਪ੍ਰਤੀ ਭੇਦ-ਭਾਵ ਪੁਰਸ਼ ਦੀ ਅਕਿਰਤਘਣਤਾ ਹੈ । ਔਰਤ ਲਈ ਹਮੇਸ਼ਾ ਸਤਿਕਾਰ ਹੋਣਾ ਚਾਹੀਦਾ ਹੈ। ਔਰਤ ਨਾਲ ਹੁੰਦੀਆਂ ਬੇਇਨਸਾਫ਼ੀਆਂ, ਅੱਤਿਆਚਾਰਾਂ ਤੇ ਨਿੰਦਿਆ ਤੋਂ ਵੰਗਾਰਦੇ ਗੁਰੂ ਸਾਹਿਬ ਵਚਨ ਕਰਦੇ ਹਨ-

ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ॥[12]

ਗੁਰਬਾਣੀ ਔਰਤ ਨਾਲ ਹੁੰਦੀਆਂ ਵਧੀਕੀਆਂ ਦਾ ਵਿਰੋਧ ਕਰਦੀ ਬੁੱਧੀ ਨੂੰ ਹਲੂਣਾ ਦਿੰਦੀ ਹੈ ਔਰਤ ਪ੍ਰਤਿ ਸਹੀ ਪਹੁੰਚ ਨੂੰ ਸਥਾਪਿਤ ਕਰਦੀ ਹੈ-

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ॥

ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ॥

ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖ ਰਹੰਨਿ॥

ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਾਲੰਨਿ॥ [13]

ਔਰਤ ਦੀ ਹੋਂਦ ਦੀ ਪਛਾਣ ਤੇ ਮਾਣ ਨੂੰ ਸਥਾਪਿਤ ਕਰਨ ਲਈ ਕੇਵਲ ਨਾਮ ਦੇ ਮਨੁੱਖੀ ਅਧਿਕਾਰ ਹੀ ਕਾਫੀ ਨਹੀਂ, ਬਲਕਿ ਔਰਤ ਪ੍ਰਤੀ ਇਕ ਨਵੇਂ ਦ੍ਰਿਸ਼ਟੀਕੋਣ ਤੋਂ ਸਮਝਣਾ ਪਏਗਾ ਤੇ ਇਹ ਸਮਝ ਲਈ ਗੁਰੂ ਗੰਥ ਸਾਹਿਬ ਦਾ ਚਿੰਤਨ ਜ਼ਰੂਰੀ ਹੈ। ਇਸ ਤਰ੍ਹਾਂ ਗੁਰਬਾਣੀ ਵਿਚ ਪ੍ਰਸਤੁਤ ਮਾਨਵੀ ਅਧਿਕਾਰਾਂ ਦੇ ਪ੍ਰਕਰਣ ਵਿੱਚ ਹਰ ਵਿਅਕਤੀ ਬਿਨਾਂ ਕਿਸੇ ਜਾਤਿ-ਪਾਤਿ, ਊਚ-ਨੀਚ ਅਤੇ ਲਿੰਗ-ਭੇਦ ਦੇ ਸਮਾਜ ਅਤੇ ਕੁਦਰਤ ਦੇ ਹਰ ਸੋਮੇ ਦੀ ਪ੍ਰਾਪਤੀ ਲਈ ਬਰਾਬਰ ਦਾ ਭਾਈਵਾਲ ਹੋਣ ਦੀ ਸਮਰੱਥਾ ਰੱਖਦਾ ਹੈ।

ਕਿਸੇ ਵੀ ਰਾਜ ਦੇ ਧਾਰਮਿਕ ਅਧਿਕਾਰਾਂ ਤੋਂ ਭਾਵ ਹੈ ਕਿ ਮਨੁੱਖ ਕੋਈ ਵੀ ਧਰਮ ਦੀ ਪਾਲਣਾ ਕਰੇ । ਸਭ ਧਰਮ ਸਮਾਨ ਹਨ। ਧਰਮ ਦੇ ਨਾਮ ਤੇ ਕੋਈ ਵਿਤਕਰਾ ਨਹੀਂ ਹੈ। ਇਸ ਦੀ ਸਭ ਤੋਂ ਵੱਡੀ ਉਦਾਹਰਨ ਗੁਰੂ ਗ੍ਰੰਥ ਸਾਹਿਬ ਆਪ ਹੈ; ਇਸ ਤੋਂ ਵੱਡਾ ਹੋਰ ਕੋਈ ਧਰਮ-ਨਿਰਪੱਖ ਸਾਹਿਤ ਹੋ ਹੀ ਨਹੀਂ ਸਕਦਾ। ਗੁਰੂ ਗ੍ਰੰਥ ਸਾਹਿਬ ਸਰਬ ਮਾਨਵਤਾ ਦੇ ਰਹਿਬਰ ਹਨ। ਇਸ ਵਿਚ ਜਿੱਥੇ ਛੇ ਗੁਰੂ ਸਾਹਿਬਾਨ ਦੀ ਬਾਣੀ ਸ਼ਾਮਿਲ ਹੈ ਉੱਥੇ ਇਸ ਵਿਚ 15 ਭਗਤ, 4 ਗੁਰੂ ਘਰ ਦੇ ਸੇਵਕ ਅਤੇ 11 ਭੱਟ ਵੀ ਸ਼ਾਮਿਲ ਹਨ। ਇਨ੍ਹਾਂ ਭਗਤਾਂ ਵਿਚੋਂ ਕਈ ਹਿੰਦੂ, ਕਈ ਮੁਸਲਮਾਨ ਤੇ ਕਈ ਹੋਰ ਕਥਿਤ ਊਚ-ਨੀਚ ਜਾਤਾਂ ਵਾਲੇ ਮਹਾਂਪੁਰਸ਼ਾਂ ਦੀ ਬਾਣੀਆਂ ਹਨ ਜੋ ਭਾਰਤ ਦੇ ਵੱਖ ਵੱਖ ਇਲਾਕਿਆਂ ਵਿਚ ਰਹਿੰਦੇ ਆਪਣੀ ਲੋਕ-ਬੋਲੀ ਦਾ ਪ੍ਰਯੋਗ ਕਰਦੇ ਹਨ। ਅਨੇਕਤਾ ਵਿਚ ਏਕਤਾ ਹੈ। ਜਦੋਂ ਅਕਾਲ ਪੁਰਖ ਇਕ ਹੈ, ਸਾਰੇ ਜੀਅ ਉਸ ਦੀ ਜੋਤਿ ਜਾਂ ਨੂਰ ਹਨ ਤਾਂ ਫਿਰ ਉਨ੍ਹਾਂ ਦੁਆਰਾ ਸਿਰਜਿਆ ਕੋਈ ਧਰਮ ਜਾਂ ਧਰਮ-ਸਿਧਾਂਤ ਘਟੀਆ ਜਾਂ ਮਾੜਾ ਨਹੀਂ ਹੋ ਸਕਦਾ। ਹੋਰਨਾਂ ਧਰਮਾਂ ਦੇ ਮਹਾਂਪੁਰਖਾਂ ਦੀ ਬਾਣੀ ਦਾ ਸੰਕਲਨ ਕਰਨਾ ਜਿੱਥੇ ਦੂਜੇ ਧਰਮਾਂ ਪ੍ਰਤੀ ਇੱਜ਼ਤ , ਨਿਸ਼ਠਾ ਤੇ ਮਾਣ ਦਾ ਪ੍ਰਤੀਕ ਹੈ ਉੱਥੇ ਇਸ ਗੱਲ ਦਾ ਵੀ ਸੂਚਕ ਹੈ ਕਿ ਧਰਮ ਕੋਈ ਛੋਟਾ ਵੱਡਾ ਨਹੀਂ ਹੁੰਦਾ। ਹਰ ਧਰਮ ਦਾ ਉਪਦੇਸ਼ ਜਾਂ ਸੰਦੇਸ਼ ਸਾਂਝਾ ਹੈ। ਗੁਰਬਾਣੀ ਫੁਰਮਾਂਦੀ ਹੈ-

ਬੇਦ ਕਤੇਬ ਕਹੁਹ ਮਤ ਝੂਠੇ

ਝੂਠੇ ਜੋ ਨ ਬਿਚਾਰੈ॥ [14]

ਧਰਮਾਂ ਵਿਚਲੇ ਵਿਤਕਰੇ ਨੂੰ ਖੰਡਿਤ ਕਰਦੇ ਹੋਏ ਗੁਰੂ ਸਾਹਿਬ ਦਾ ਵਿਚਾਰ ਹੈ-

ਸਰਬ ਧਰਮ ਮਹਿ ਸ੍ਰੇਸਟ ਧਰਮ॥

ਹਰਿ ਕੋ ਨਾਮੁ ਜਪਿ ਨਿਰਮਲ ਕਰਮ॥[15]

ਗੁਰੂ ਗ੍ਰੰਥ ਸਾਹਿਬ ਦੀ ਅੰਤਰ-ਧਰਮ-ਸੰਦੇਸ਼ (Inter-faith-Message) ਦੇਣ ਦੀ ਸ਼ਾਨਦਾਰ ਤੇ ਦੂਰ-ਦ੍ਰਿਸ਼ਟਤਾ ਭਰੀ ਸੋਚ ਹੈ ਜਿਸ ਅਨੁਸਾਰ ਹਰ ਕਿਸੇ ਨੂੰ ਸਹੀ ਮਾਰਗ ਤੇ ਚੱਲਣ ਦੀ ਸਪੱਸ਼ਟ ਪ੍ਰੇਰਨਾ ਪ੍ਰਾਪਤ ਹੁੰਦੀ ਹੈ।[16] ਅਜੋਕੇ ਸਮੇਂ ਇਸ ਦ੍ਰਿਸ਼ਟੀ ਦੀ ਬੜੀ ਲੋੜ ਹੈ ਤਾਂ ਜੋ ਧਰਮ ਦੇ ਸਹੀ ਸਰੂਪ ਨੂੰ ਸਮਝਿਆ ਜਾ ਸਕੇ ਅਤੇ ਧਰਮਾਂ ਪ੍ਰਤੀ ਹੁੰਦੀਆਂ ਲੜਾਈਆਂ ਤੋਂ ਬੱਚਿਆ ਜਾ ਸਕੇ। ਗੁਰੂ ਨਾਨਕ ਸਾਹਿਬ ਦੁਆਰਾ ਸਿਰਜਿਆ 'ਸ਼ੁਭ ਅਮਲਾਂ ਬਾਝੋ ਦੋਨੋਂ ਰੋਈ' ਦਾ ਸੰਵਾਦ ਸੁਚਾਰੂ ਕਰਮਾਂ ਤੇ ਅਮਲ ਕਰਨ ਦੀ ਤਾਕੀਦ ਕਰਦਾ ਧਰਮ ਦੀ ਸਹੀ ਪ੍ਰਕ੍ਰਿਤੀ ਨੂੰ ਸਪਸ਼ਟ ਕਰਦਾ ਹੈ ਅਤੇ ਹਰੇਕ ਧਰਮ ਦੀ ਪੈਰਵੀ ਕਰਦਾ ਧਾਰਮਿਕ ਸੁਤੰਤਰਤਾ ਪ੍ਰਦਾਨ ਕਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਧਾਰਮਿਕ ਅਧਿਕਾਰਾਂ ਦੇ ਮਾਡਲ ਦੇ ਅੰਤਰਗਤ ਹਰ ਵਿਅਕਤੀ ਧਾਰਮਿਕ ਸੁਤੰਤਰਤਾ ਨੂੰ ਮਾਣਦਾ ਹੋਇਆ ਉਨ੍ਹਾਂ ਮੁਤਾਬਕ ਧਾਰਮਿਕ ਕਰਮਾਂ ਨੂੰ ਅਮਲੀ ਰੂਪ ਦੇਣ ਲਈ ਅਜ਼ਾਦ ਹੋਏਗਾ।

ਗੁਰਬਾਣੀ ਸਮਕਾਲੀਨ ਇਤਿਹਾਸ-ਤੱਥ ਨਾਲੋਂ ਸਰਬ ਕਾਲੀਨ ਸੱਚ ਪ੍ਰਤੀ ਵਧੇਰੇ ਵਫ਼ਾਦਾਰ ਹੈ। ਇਸ ਸਾਹਿਤ ਦਾ ਝੁਕਾਉ ਮਾਨਵ ਪੱਖੀ ਹੈ। ਇਹ ਗੱਲ ਵਖਰੀ ਹੈ ਕਿ ਬਾਣੀਕਾਰਾਂ ਦਾ ਸਿਰਜਨ ਬਿੰਦੂ ਅਰੂਪ ਬ੍ਰਹਮ ਹੀ ਹੈ। ਜਿੱਥੇ ਕਾਵਿ ਦੇ ਯੋਗਦਾਨ ਨੇ ਗੁਰਬਾਣੀ ਸਾਹਿਤ ਦੀ ਨੁਹਾਰ ਮਨੁੱਖਤਾ ਹੀ ਬਣਾਈ ਰੱਖੀ ਹੈ, ਉੱਥੇ ਦਰਸ਼ਨ ਨੇ ਇਸ ਸਾਹਿਤ ਨੂੰ ਗਹਿਰਾਈ ਬਖਸ਼ੀ ਹੈ।[17] ਗੁਰੂ ਗ੍ਰੰਥ ਸਾਹਿਬ ਜਿਸ ਮਨੁੱਖ ਦੀ ਕਲਪਨਾ ਕਰਦਾ ਹੈ ਉਹ ਜਿੱਥੇ ਸਮਾਜਕ-ਸਭਿਆਚਾਰਕ, ਨੈਤਿਕ-ਸਦਾਚਾਰਕ ਤੌਰ ਤੇ ਬਲਵਾਨ ਹੈ ਉੱਥੇ ਉਹ ਰਾਜਨੀਤਿਕ ਤੌਰ ਵੀ ਦਲੇਰ ਤੇ ਚੇਤੰਨ ਹੈ। ਹਰ ਮਨੁੱਖ ਨੂੰ ਪੂਰਨ ਅਧਿਕਾਰ ਹੈ ਕਿ ਉਹ ਸੁਤੰਤਰ ਹੋ ਕੇ ਸੱਤਾ ਦੀ ਸਿਆਸਤ ਨੂੰ  ਨਾਂ ਕੇਵਲ ਸਮਝੇ ਸਗੋਂ ਆਪਣੇ ਆਪ ਨੂੰ ਵਿਅਕਤ ਭੀ ਕਰੇ। ਭਗਤ ਕਬੀਰ ਜੀ ਦਾ ਵਿਚਾਰ ਹੈ:

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤ॥[18]

ਗੁਰੂ ਗ੍ਰੰਥ ਸਾਹਿਬ ਵਿਚਲਾ ਇਕ ਪ੍ਰਵਚਨ ਵਕਤ ਦੀਆਂ ਸਰਕਾਰਾਂ ਦੇ ਜ਼ੁਲਮ, ਅਨਿਆਂ ਤੇ ਕੁਪ੍ਰਬੰਧ ਲਈ ਚੁਣੌਤੀ ਬਣ ਜਾਂਦਾ ਹੈ :

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜ ਅਮਾਵਸ ਸਚ ਚੰਦ੍ਰਮਾ ਦੀਸੈ ਨਾਹੀ ਚੜਿਆ॥[19]

ਗੁਰਬਾਣੀ ਅਜਿਹੇ ਸ਼ਾਸਕਾਂ ਤੇ ਹਾਕਮਾਂ ਨੂੰ 'ਰਾਜੇ ਸ਼ੀਹ ਮੁਕਦਮ ਕੁੱਤੇ'  ਕਹਿ ਕੇ ਨਿੰਦਦੀ ਹੀ ਨਹੀਂ ਸਗੋਂ 'ਤਖਤਿ ਬਹੈ ਤਖਤੈ ਕੀ ਲਾਇਕ' ਅਤੇ 'ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨ' ਕਹਿ ਕੇ ਰਾਜਿਆਂ ਨੂੰ ਉਨਾਂ ਦੇ ਸਹੀ

ਕਰਤਵਾਂ ਅਤੇ ਨਿਆਂ ਕਰਨ ਲਈ ਉਨ੍ਹਾਂ ਦੀ ਜ਼ਮੀਰ ਨੂੰ ਹਲੂਣਦੀ ਵੀ ਹੈ। ਡਾ. ਰੌਸ਼ਨ ਲਾਲ ਆਹੂਜਾ ਗੁਰੂ ਗ੍ਰੰਥ ਸਾਹਿਬ ਬਾਰੇ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਵਿਚ ਸਪੱਸ਼ਟ ਕਰਦਾ ਹੈ ਕਿ ਸਾਂਝੀਵਾਲਤਾ ਅਤੇ ਸਮਾਜਵਾਦ ਦਾ ਬੀਜ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਫੁੱਟਦਾ ਨਜ਼ਰ ਆਉਂਦਾ ਹੈ। ਧਰਮ, ਰਾਸ਼ਟਰ, ਸਦਾਚਾਰ ਅਤੇ ਮਾਨਵਤਾ ਦੇ ਧਰੋਹੀਆਂ ਨੂੰ ਧਰੋਹੀ ਆਖਣ ਦੀ ਇਸ ਵਿਚ ਜੁਰਅਤ ਹੈ, ਵੰਗਾਰ  ਤੇ ਨਿਡਰਤਾ ਹੈ ਜਿਵੇਂ-

ਪਾਪ ਕੀ ਜੰਞ ਲੈ ਕਾਬਲਹੁ ਧਾਇਆ
ਜੋਰੀ ਮੰਗੈ ਦਾਨੁ ਵੇ ਲਾਲੋ॥[20]

ਇਹ ਜੁਰਅਤ, ਵੰਗਾਰ ਤੇ ਨਿਡਰਤਾ ਮਨੁੱਖ ਦਾ ਹੱਕ ਹੋਣਾ ਚਾਹੀਦਾ ਹੈ ਤਾਂ ਕਿ ਸਹੀ ਨੂੰ ਸਹੀ ਤੇ ਗਲਤ ਨੂੰ ਗਲਤ ਕਹਿਣ ਦੀ ਹਿੰਮਤ ਜੁਟਾਈ ਜਾ ਸਕੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿੱਖਿਆ ਦੇ ਅਧਿਕਾਰ ਤੇ ਬੱਲ ਦਿੱਤਾ ਗਿਆ ਹੈ। ਗੁਰਬਾਣੀ ਗਿਆਨ ਦੇ ਚਾਨਣ ਦਾ ਪਾਸਾਰਾ ਕਰ ਕੇ ਅਗਿਆਨਤਾ ਦੇ ਹਨੇਰੇ ਨੂੰ ਖਤਮ ਕਰਨ ਦੀਆਂ ਜੁਗਤਾਂ ਦਾ ਉਪਦੇਸ਼ ਦ੍ਰਿੜ ਕਰਦੀ ਹੈ:

ਮਨਮੁਖ ਅਗਿਆਨਿ ਕੁਮਾਰਗਿ ਪਾਏ॥[21]

ਕਬੀਰਾ ਜਹਾ ਗਿਆਨ ਤਹ ਧਰਮ ਹੈ ਜਹਾ ਝੂਠੁ ਤਹ ਪਾਪੁ॥[22]

ਦੀਵਾ ਬਲੈ ਅੰਧੇਰਾ ਜਾਇ॥ ਬੇਦ ਪਾਠ ਮਤਿ ਪਾਪਾ ਖਾਇ॥
ਉਗਵੈ ਸੂਰੁ ਨ ਜਾਪੈ ਚੰਦੁ॥ ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ॥[23]

ਆਰਥਿਕ ਅਧਿਕਾਰਾਂ ਦੇ ਅੰਤਰਗਤ ਗੁਰੂ ਗ੍ਰੰਥ ਸਾਹਿਬ ਵਿਚ ਕਿਰਤ ਕਰਨ, ਵੰਡ ਕੇ ਛਕਣ ਦਾ ਮਾਡਲ ਪ੍ਰਸਤੁਤ ਹੈ। ਜੋ ਸਾਰੇ ਜਨ ਤੇ ਲੋਕਾਈ ਨੂੰ ਮਿਹਨਤ ਨਾਲ ਕੰਮ ਕਰਨ ਅਤੇ ਮਿਹਨਤਾਨਾ ਹਾਸਲ ਕਰਨ ਦਾ ਸਬਕ ਸਿਖਾਉਂਦਾ ਹੈ। ਆਲਸ, ਕੰਮਚੋਰੀ ਤੇ ਹਰਾਮ ਦੀ ਕਮਾਈ ਛੱਡ ਕੇ ਮਿਹਨਤ, ਹੱਕ ਦੀ ਕਮਾਈ ਲਈ ਜ਼ੋਰ ਦਿੰਦਾ ਹੈ। ਉੱਦਮ ਤੇ ਹਿੰਮਤ ਦਾ ਰਾਹ ਦਿਖਾ ਕੇ ਸਫਲ ਜੀਵਨ ਦੀ ਜਾਚ ਸਿਖਾਉਂਦਾ ਹੈ।

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥[24]

ਖਾਵਹਿ ਖਰਚਹਿ ਰਲਿ ਮਿਲਿ ਭਾਈ॥
ਤੋਟਿ ਨ ਆਵੈ ਵਧਦੋ ਜਾਈ॥[25]

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥[26]

ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥ [27]

ਆਪਨੇ ਕਾਜ ਕਉ ਕਿਉ ਅਲਕਾਈਐ॥[28]

ਵਸਤੁ ਪਰਾਈ ਆਪਿ ਗਰਬੁ ਕਰੇ ਮੂਰਖੁ ਆਪੁ ਗਣਾਏ॥[29]

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥[30]

ਇਨ੍ਹਾਂ ਰਾਹਾਂ ਤੇ ਚਲਦਿਆਂ ਮਨੁੱਖ ਸਬਰ-ਸੰਤੋਖੀ, ਸੱਚ, ਸੰਜਮੀ ਬਣ ਜਾਂਦਾ ਹੈ। ਕਿਰਤ ਕਰਦਿਆਂ, ਵੰਡ ਕੇ ਛਕਦਿਆਂ, ਉੱਦਮ, ਮਿਹਨਤ ਤੇ ਇਮਾਨਦਾਰੀ ਨਾਲ, ਪਰਉਪਕਾਰ ਦੀ ਭਾਵਨਾ ਨਾਲ ਲਬਰੇਜ਼, ਰੱਬ ਦੇ ਹੁਕਮ ਵਿਚ ਰਹਿੰਦਿਆਂ, ਜਦੋਂ ਨਿੱਜ ਅਤੇ ਕੂੜ ਤੋਂ ਉੱਪਰ ਉੱਠ ਕੇ ਜੀਂਦਾ ਹੈ ਤਾਂ ਅਸਲੀ ਜਿਊਂਦਾ ਹੈ ਕਿਉਂਜੁ ਇਹ ਹੀ ਅਸਲ ਜੀਵਨ ਜਾਚ ਦੇ ਉਹ ਗੁਣ ਤੇ ਆਦਰਸ਼ ਹਨ ਜੋ ਜੀਵਨ-ਸ਼ੈਲੀ ਨੂੰ ਪ੍ਰਭਾਵਿਤ ਕਰਦੇ ਹਨ।

ਉਪਰੋਕਤ ਅਧਿਐਨ ਦੇ ਸੰਦਰਭ ਵਿਚ ਇਸ ਸਿੱਟੇ ਤੇ ਪੁੱਜਿਆ ਗਿਆ ਹੈ ਕਿ ਵਰਤਮਾਨ ਦੌਰ ਦੀ ਵਿਨਾਸ਼ਕਾਰੀ ਗਿਰਾਵਟ ਭਰੀ ਜੀਵਨ ਸ਼ੈਲੀ ਦੇ ਸੰਦਰਭ ਵਿਚ ਗੁਰਬਾਣੀ ਦੇ ਆਦਰਸ਼ਾਂ ਦੀ ਪ੍ਰਾਸੰਗਿਕਤਾ ਬੜੀ ਮਹੱਤਵਪੂਰਨ ਹੈ।ਇਹ ਠੀਕ ਹੈ ਕਿ ਇਹ ਰਚਨਾ ਮੱਧਕਾਲ ਦੀ ਹੈ ਪਰ ਇਸ ਵਿਚ ਪੇਸ਼ ਪ੍ਰਵਚਨ ਅਜੋਕੇ ਮਨੁੱਖ ਦੀ ਰਹਿਬਰੀ ਲਈ ਉਨਾ ਹੀ ਪ੍ਰਾਸੰਗਿਕ ਤੇ ਸਾਰਥਕ ਹੈ ਜਿੰਨਾ ਮੱਧਕਾਲ ਵਿਚ ਸੀ ਕਿਉਂਕਿ ਇਹ ਚਿੰਤਨ ਆਤਮਿਕ ਤੇ ਸੰਸਾਰਿਕ ਮਸਲਿਆਂ ਦੀ ਪਛਾਣ ਦੇ ਨਾਲ ਉਨ੍ਹਾਂ ਦੇ ਵਿਵਹਾਰਕ ਹੱਲ ਨੂੰ ਵੀ ਸੁਝਾਉਂਦਾ ਹੈ। ਆਤਮਿਕ ਪ੍ਰਵਚਨ ਦਾ ਸੰਬੰਧ ਮਾਨਸਿਕਤਾ, ਸਦਾਚਾਰਕਤਾ, ਬੌਧਿਕਤਾ ਦੁਆਲੇ ਘਿਰਿਆ ਹੈ ਜਦੋਂ ਕਿ ਸੰਸਾਰਿਕ ਸੰਵਾਦ ਵਿਚ ਰਾਜਨੀਤੀ, ਸਮਾਜਿਕਤਾ ਤੇ ਆਰਥਿਕਤਾ ਦੇ ਪਹਿਲੂ ਵਿਚਾਰੇ ਜਾਂਦੇ ਹਨ। ਦੋਹਾਂ ਦੇ ਬਰਾਬਰ ਸੰਤੁਲਿਤ ਵਿਕਾਸ ਨਾਲ ਹੀ ਖੁਸ਼ਹਾਲ ਜੀਵਨ ਦੀ ਬੁਨਿਆਦ ਰੱਖੀ ਜਾ ਸਕਦੀ ਹੈ।

ਗੁਰਮਤਿ ਸਿਧਾਂਤ ਨਿਜ ਤੋਂ ਸਮੂਹ ਵਲ, ਅੰਦਰ ਤੋਂ ਬਾਹਰ ਵਲ, ਮਨ ਤੋਂ ਜਗਤ ਵਲ, ਪਿੰਡ ਤੋਂ ਬ੍ਰਹਿਮੰਡ ਵਲ, ਆਤਮਾ ਤੋਂ ਪਰਮਾਤਮਾ ਵਲ ਅਤੇ ਅਦ੍ਰਿਸ਼ਟ ਤੋਂ ਦ੍ਰਿਸ਼ਟ ਵਲ ਦੇ ਇਕ ਅਦੁੱਤੀ ਅਧਿਆਤਮਕ ਸਫ਼ਰ ਦਾ ਰਾਹ ਜੁਟਾਉਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਕਿਸੇ ਇੱਕ ਫਿਰਕੇ ਜਾਂ ਸੰਪਰਦਾਇ ਲਈ ਨਹੀਂ ਸਗੋਂ ਸਮੁੱਚੀ ਮਨੁੱਖਤਾ ਜਾਂ ਮਾਨਵਤਾ ਲਈ ਹੈ। ਆਪਸੀ ਭਾਈਚਾਰੇ, ਪਰਸਪਰ ਮਿਲਵਰਤਨ, ਪ੍ਰੇਮ ਭਾਵਨਾ, ਸਹਿਹੋਂਦ, ਸਹਿਣਸ਼ੀਲਤਾ ਤੇ ਸਾਂਝੀਵਾਲਤਾ ਨਾਲ ਵਿਚਰਨ ਦਾ ਸੰਚਾਰ ਹੈ ਤੇ ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਸਭ ਮਨੁੱਖਾਂ ਨੂੰ ਬਰਾਬਰ ਮਨੁੱਖੀ ਅਧਿਕਾਰ ਹੋਣ। ਗੁਰੂ ਗ੍ਰੰਥ ਸਾਹਿਬ ਵਿਚ ਸਮਾਜਿਕ, ਧਾਰਮਿਕ, ਆਰਥਿਕ, ਰਾਜਨੀਤਿਕ ਅਤੇ ਹੋਰ ਮਨੁੱਖੀ ਅਧਿਕਾਰਾਂ ਨੂੰ ਬੜੀਆਂ ਜੁਗਤਾਂ ਨਾਲ ਸਾਰਥਿਕ ਕਰਨ ਦਾ ਉਪਰਾਲਾ ਹੈ। ਮਨੁੱਖੀ ਅਧਿਕਾਰਾਂ ਦੇ ਪ੍ਰਸੰਗ ਵਿਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਰੋਲ ਇਸ ਪ੍ਰਕਾਰ ਹੈ:

Sri Guru Granth Sahib is a remarkable storehouse of knowledge and teachings. The greatness of Sri Guru Granth Sahib lies not only in its being the holy spiritual scripture but its

association with the social, economic, political, and religious aspects of human life. All the aspects are discussed in such a elaborate way that one can even entitled Guru Granth Sahib as an encyclopedia for human race. One of such subject is Human Rights, which is manifestly present in Guru Granth Sahib, whether recognized by or not by this world. Guru Granth sahib seeks universal peace and the good of all mankind. Sri Guru Granth Sahib provides to the whole mankind a universal spiritual code. This priceless holy treasure, which sri Guru Granth Sahib is, holds the glorious universal message of unity in diversity, unity of religions, and unity of man and binds the whole global community in an unbreakable bond of divine and universal love, It shines with prisitine purity in its originality, authenticity and the love of all irrespective of their religion, caste, colour, creed and status. It is totally secular, non-sectarian and free from any bias Scripture having Universal Harmony and Love as its Eternal qualities. The inherent message of Guru Granth Sahib is reflected in Preamble to the Universal Declaration of Human Rights, which says "…recognition of the inherent dignity and of the equal and inalienable rights of all members of the human family is the foundation of freedom, justice and peace in the world."[31]

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਪ੍ਰਵਚਨ ਸਭਿਆਚਾਰਕ ਕ੍ਰਾਂਤੀ ਦਾ ਦਸਤਾਵੇਜ ਹੈ। ਜਿਸ ਵਿਚ ਵਿਭਿੰਨ ਧਰਮਾਂ, ਫਿਰਕਿਆਂ, ਨਸਲਾਂ, ਜਾਤਾਂ-ਬਰਾਦਰੀਆਂ ਨੂੰ ਪਰਸਪਰ ਵੈਰ-ਵਿਰੋਧ ਅਤੇ ਟਕਰਾਓ ਨੂੰ ਛੱਡ ਕੇ ਮਿੱਤਰਤਾ, ਪਰਸਪਰ-ਪ੍ਰੇਮ, ਸਦਭਾਵਨਾ, ਸਹਿਯੋਗ ਅਤੇ ਸਹਿਣਸ਼ੀਲਤਾ ਦਾ ਸੰਦੇਸ਼ ਸੰਚਾਰਿਤ ਕਰਦੀ ਹੋਈ ਮਾਨਵੀ ਜ਼ਮੀਰ ਨੂੰ ਸ਼ਕਤੀ ਬਖਸ਼ਦੀ ਹੈ ਅਤੇ ਮਨੁੱਖੀ ਹੱਕਾਂ ਦੀ ਰਾਖੀ ਕਰਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਆਦਰਸ਼ਾਂ ਦਾ ਸੁਰ ਵਿਭਿੰਨ ਸਭਿਆਚਾਰਕ ਪੰਰਪਰਾਵਾਂ ਵਿਚਕਾਰ ਸਹਿ ਹੋਂਦ ਨੂੰ ਸਥਾਪਿਤ ਕਰਦਿਆਂ ਸਜੁੰਕਤ ਸਭਿਆਚਾਰ ਦੀ ਸੰਭਾਵਨਾਵਾਂ ਨੂੰ ਸਾਕਾਰ ਕਰਦਾ ਹੈ। ਡਾ. ਸਰੂਪ ਸਿੰਘ ਅੱਲਗ ਅਨੁਸਾਰ ਗੁਰੂ ਗ੍ਰੰਥ ਸਾਹਿਬ ਵਿਚਲੇ ਆਦਰਸ਼ਾਂ ਦੀ ਸਮੁੱਚੀ ਸੋਚ ਅਤੇ ਚਿੰਤਨ ਮਾਨਵ ਦੀ ਆਤਮਿਕ, ਭਾਈਚਾਰਕ, ਸਮਾਜਕ, ਮੌਲਿਕ ਆਦਰਸ਼ਕ ਅਤੇ ਸੁਤੰਤਰ ਪਰ ਜ਼ਾਬਤਾਬੱਧ ਉਸਾਰੀ ਦੀ ਤਰਜਮਾਨੀ ਕਰਦੀ ਹੈ।

ਹਰ ਧਰਮ ਦੇ ਧਾਰਮਿਕ ਗ੍ਰੰਥ ਆਪੋ-ਆਪਣੀ ਥਾਂ ਤੇ ਸਤਿਕਾਰਯੋਗ ਹਨ ਪਰ ਜੋ ਸਰਬ-ਸ੍ਰੇਸ਼ਟਤਾ, ਸਰਬ-ਸਤਿਕਾਰ, ਸਰਬ-ਸਾਂਝੀਵਾਲਤਾ, ਪ੍ਰਮਾਣਿਕਤਾ ਅਤੇ ਵਿਸ਼ਵ-ਭਾਈਚਾਰੇ ਲਈ ਸਰਬ ਸਾਂਝਾ ਉਪਦੇਸ਼ ਗੁਰੂ ਗ੍ਰੰਥ ਸਾਹਿਬ ਵਿਚ ਹੈ, ਉਹ ਹੋਰ ਕਿਤੇ ਨਹੀਂ ਲੱਭਦਾ।[32] ਅੱਜ ਦਾ ਸਮਾਜ ਅਤੇ ਕਾਨੂੰਨ ਜਿਨ੍ਹਾਂ ਮਨੁੱਖੀ ਅਧਿਕਾਰਾਂ ਦੀ ਚਰਚਾ ਕਰਦਾ ਹੈ ਗੁਰੂ ਗ੍ਰੰਥ ਸਾਹਿਬ ਨੇ ਸਦੀਆਂ ਪਹਿਲਾਂ ਇਸ ਸੰਬੰਧੀ ਪ੍ਰਵਚਨ ਪੇਸ਼ ਕੀਤਾ। ਨਿਰਸੰਦੇਹ ਗੁਰੂ ਗ੍ਰੰਥ ਸਾਹਿਬ ਨਿਰਾ ਧਾਰਮਿਕ ਸਾਹਿਤ ਹੀ ਨਹੀਂ ਸਗੋਂ ਰਾਸ਼ਟਰ ਦੀਆਂ ਸਮਾਜਕ, ਆਰਥਿਕ, ਰਾਜਨੀਤਿਕ ਉਲਝਣਾਂ ਦੇ ਰੁਬਰੂ ਡੱਟ ਕੇ ਖੜਾ ਹੋਣ ਵਾਲਾ ਅਤੇ ਉਨ੍ਹਾਂ ਨੂੰ ਨਜਿੱਠਣ ਤੇ ਸੁਲਝਾਉਣ ਦਾ ਕਾਰਜ ਵੀ ਕਰਦਾ ਹੈ। ਅਜੋਕੇ ਸਮਾਜ ਵਿਚ ਫੈਲੀ ਆਪੋਧਾਪੀ,

ਅਰਾਜਕਤਾ, ਹਿੰਸਾ, ਅਸ਼ਾਂਤੀ, ਅਸੁਰੱਖਿਆ, ਅਸਹਿਯੋਗ ਦਾ ਇਕ ਵੱਡਾ ਕਾਰਨ ਮਾਨਵੀ ਅਧਿਕਾਰਾਂ ਦੀ ਉਲੰਘਣਾ ਹੈ। ਮਾਨਵੀ ਅਧਿਕਾਰਾਂ ਦੀ ਸਥਾਪਨਾ ਸਰਕਾਰੀ ਜਾਂ ਹਾਕਮੀ ਹੁਕਮਾਂ ਅਨੁਸਾਰ ਨਹੀਂ ਹੋ ਸਕਦੀ, ਇਸ ਲਈ ਜਿਸ ਸੁਖਾਵੇਂ ਮਾਹੌਲ ਤੇ ਚਿੰਤਨ ਦੀ ਲੋੜ ਹੈ ਉਹ ਬਿਨਾਂ ਕਿਸੇ ਸ਼ਕ ਅਸੀਂ ਗੁਰੂ ਗ੍ਰੰਥ ਸਾਹਿਬ ਤੋਂ ਪ੍ਰਾਪਤ ਕਰ ਸਕਦੇ ਹਾਂ। ਜਦੋਂ ਇਸ ਮਨੁੱਖਾ ਸਰੀਰ ਰੂਪੀ ਮਸ਼ੀਨਰੀ ਦੀ ਖੁਰਾਕ ਸਹੀ ਹੋਵੇਗੀ, ਤਾਂ ਸਮਾਜ ਤੇ ਸਮਾਜ ਨੂੰ ਨਿਰਧਾਰਿਤ ਕਰਨ ਵਾਲੀ ਮਸ਼ੀਨਰੀ ਵੀ ਕੁਸ਼ਲਤਾ ਨਾਲ ਕਾਰਜ ਕਰ ਸਕਣ ਦੇ ਸਮਰੱਥ ਹੋਵੇਗੀ।

## 5.2 ਗੁਰੂ ਗ੍ਰੰਥ ਸਾਹਿਬ ਵਿਚ ਬੰਧਨ ਮੁਕਤ ਸਮਾਜ ਦੀ ਸਥਾਪਨਾ ਅਤੇ ਦਲਿਤ ਚੇਤਨਾ ਨਾਲ ਜੁੜੇ ਸੰਗਠਨ :

ਦਲਿਤ ਚੇਤਨਾ ਦੇ ਸੰਦਰਭ ਵਿੱਚ 'ਬੰਧਨ ਮੁਕਤ ਸਮਾਜ ਦੀ ਸਥਾਪਨਾ' ਦਾ ਮਾਡਲ ਜਾਂ ਪ੍ਰਵਚਨ ਮਾਨਵ-ਮੁਕਤੀ ਦੇ ਸੰਦਰਭ ਵਿਚ ਜੁੜਿਆ ਵਿਸ਼ਵ-ਪੱਧਰ ਦਾ ਇਕ ਗੰਭੀਰ ਅਤੇ ਸੰਵੇਦਨਸ਼ੀਲ ਵਰਤਾਰਾ ਹੈ ਜਿਸਦਾ ਸਿੱਧਾ ਸੰਬੰਧ ਮਨੁੱਖੀ ਹੋਂਦ ਦੇ ਸਮੂਹ ਸਰੋਕਾਰਾਂ ਦੇ ਵਿਸ਼ਲੇਸ਼ਣ ਨਾਲ ਹੈ। ਵਿਸ਼ਵ-ਪ੍ਰਸਿੱਧ ਦਾਰਸ਼ਨਿਕ ਰੂਸੋ ਦਾ ਕਹਿਣਾ ਹੈ ਕਿ ਮਨੁੱਖ ਜੰਮਦਾ ਤਾਂ ਸੁਤੰਤਰ ਹੈ ਪਰ ਹਰ ਥਾਂ ਉਹ ਬੰਧਨਾਂ ਵਿਚ ਦਿਖਾਈ ਦਿੰਦਾ ਹੈ।(Man is born free but everywhere he is in chains.) ਬੰਧਨਾਂ ਤੋਂ ਮੁਕਤ ਹੋਣ ਦੀ ਚੇਤਨਾ ਮਨੁੱਖ ਦੇ ਅਵਚੇਤਨ ਵਿਚ ਸਦਾ ਵਿਦਮਾਨ ਰਹਿੰਦੀ ਹੈ। ਮਾਨਵ-ਮੁਕਤੀ ਦਾ ਮਸਲਾ ਮਨੁੱਖੀ-ਜਾਤੀ ਦਾ ਅਜਿਹਾ ਗੰਭੀਰ ਮੁੱਦਾ ਹੈ ਕਿ ਇਹ ਹਰ ਧਰਮ ਅਤੇ ਦਰਸ਼ਨ ਵਿਚ ਸਦੀਵੀਂ ਪਹਿਲੂ ਦੇ ਤੋਰ ਤੇ ਵਿਚਾਰਿਆ ਗਿਆ ਹੈ। ਦਲਿਤ-ਚੇਤਨਾ ਬੰਧਨ ਮੁਕਤ ਸਮਾਜ ਦੀ ਸਥਾਪਨਾ ਦਾ ਮੁੱਖ ਆਧਾਰ-ਬਿੰਦੂ ਹੈ। ਦਲਿਤ-ਚੇਤਨਾ ਦੇ ਪ੍ਰਵਚਨ ਅਤੇ ਸੰਵਾਦ ਵਿਚ ਉਸਰੀਆਂ ਸਥਿਤੀਆਂ ਅਤੇ ਸੰਭਾਵਨਾਵਾਂ ਹੀ ਬੰਧਨ-ਮੁਕਤ ਸਮਾਜ ਦੀ ਸਥਾਪਨਾ ਲਈ ਨੀਂਹ-ਪੱਥਰ ਬਣਦੀਆਂ ਹਨ। ਦਲਿਤ ਚੇਤਨਾ ਮੂਲ ਰੂਪ ਵਿਚ ਜਾਤੀ-ਦਵੇਸ਼ ਨੂੰ ਮਿਟਾ ਕੇ ਸਮਾਜਕ ਬਰਾਬਰੀ ਨੂੰ ਉਲੀਕਦਾ ਹੈ। ਦਲਿਤ ਚਿੰਤਨ ਇਕ ਅਜਿਹੇ ਸੰਘਰਸ਼ ਦਾ ਸੂਚਕ ਬਣ ਜਾਂਦਾ ਹੈ ਜਿਸ ਵਿਚ ਦਲਿਤ ਹਾਰ ਸਵੀਕਾਰ ਕਰਕੇ ਜ਼ੁਲਮ ਜਾਂ ਪੀੜਾ ਨੂੰ ਬਰਦਾਸ਼ਤ ਨਹੀਂ ਕਰਦਾ ਬਲਕਿ ਇਸ ਅਣਮਨੁੱਖੀ ਵਤੀਰੇ ਪ੍ਰਤੀ ਸੰਘਰਸ਼ ਦੀ ਦਿਸ਼ਾ ਨਿਰਧਾਰਤ ਕਰਦਾ ਹੈ। ਇਸ ਤਰ੍ਹਾਂ ਦਲਿਤ-ਚੇਤਨਾ ਜੀਵਨ ਦੇ ਹਰ ਖੇਤਰ ਵਿਚ ਦੱਬੇ, ਡਰੇ, ਦੁਰਕਾਰੇ ਤੇ ਫਿਟਕਾਰੇ ਮਨੁੱਖ ਦੇ ਸ਼ੋਸ਼ਣ ਖਿਲਾਫ਼ ਕੀਤੇ ਉਪਰਾਲਿਆਂ ਦਾ ਪ੍ਰਬੰਧ ਹੈ। 'ਦਲਿਤ ਚੇਤਨਾ-ਚਿੰਤਨ ਤੋਂ ਭਾਵ, ਨਿਰੋਲ ਜਾਤੀ ਉਤਪੀੜਨ ਅਤੇ ਕਾਰਨਾਂ ਪ੍ਰਤੀ ਆਕ੍ਰੋਸ਼ ਦੀ ਭਾਵਨਾ ਪੈਦਾ ਕਰਕੇ ਭਾਰਤੀ ਸਮਾਜ ਵਿਚ ਚੰਗੇ ਤੇ ਨਿਰਮਾਣਕਾਰੀ ਤੱਤ ਪੈਦਾ ਕਰਨਾ ਹੀ ਨਹੀਂ, ਸਗੋਂ ਭਾਰਤੀ ਸਮਾਜ ਵਿਚ ਜਾਤੀ ਗੌਰਵ ਚੋਂ ਪੈਦਾ ਹੋਈ ਖਤਰਨਾਕ ਵਿਚਾਰਧਾਰਾ ਪ੍ਰਤੀ ਮਨੁੱਖ ਨੂੰ ਸੁਚੇਤ ਕਰਨਾ ਵੀ ਹੈ। ਇਹ ਭਾਰਤੀ ਸਮਾਜ ਦਾ ਦੁਖਾਂਤ ਵੀ ਹੈ ਅਤੇ ਨਿਵੇਕਲਾਪਨ ਵੀ ਕਿ ਇੱਥੇ ਮਨੁੱਖ ਸਮਾਨਾਂਤਰ ਜੀਵਨ ਪ੍ਰਤੀਕਿਰਿਆ ਅਨੁਸਾਰ ਅਲੱਗ ਅਲੱਗ ਸਭਿਆਚਾਰਾਂ ਵਿਚ ਜਾਤੀ ਪਛਾਣ ਬਣਾ ਕੇ ਰਹਿ ਜਾਂਦਾ ਰਿਹਾ ਹੈ। ਇਹ ਅੱਲਗ-ਅੱਲਗ ਸਭਿਆਚਾਰ ਜਿੱਥੇ ਉਸ ਨੂੰ ਇਕ ਭਾਰਤੀ ਮੂਲ ਨਾਲ ਜੋੜਦੇ ਹਨ, ਉੱਥੇ ਮਨੁੱਖ ਦੀਆਂ ਵਿਭਿੰਨ ਜਾਤੀਆਂ ਤੇ ਉਪ-ਜਾਤੀਆਂ ਦੀ ਪਹਿਚਾਣ ਨਾਲ ਵੀ ਸੰਬੰਧਿਤ ਕਰਦੇ ਹਨ। ਦਲਿਤ-ਚੇਤਨਾ ਉਹਨਾਂ ਮੁੱਲਾਂ, ਨਿਯਮਾਂ, ਸੂਤਰਾਂ ਦੀਆਂ ਸਮਾਜਿਕ ਦਰਜਾਬੰਦੀਆਂ ਨੂੰ ਨਕਾਰਦੀ ਹੈ ਜਿਹੜੀਆਂ ਵਰਣ-ਵਿਵਸਥਾ ਨੂੰ ਬਣਾਈ ਰੱਖਣ ਤੇ ਜਾਤ-ਪਾਤੀ ਵਰਤਾਰੇ ਨੂੰ

ਸਥਾਪਤ ਕਰਨ ਲਈ ਪਰ੍ਰੇਕ ਬਣਦੀਆਂ ਹਨ। ਦਲਿਤ ਚੇਤਨਾ ਰੂੜ੍ਹੀਵਾਦੀ ਸਾਂਸਕ੍ਰਿਤਕ ਚੇਤਨਾ ਦੇ ਖਿਲਾਫ਼ ਇਕ ਵਿਵੇਕਸ਼ੀਲ ਤੇ ਮਾਨਵਵਾਦੀ ਸੰਘਰਸ਼ ਚੇਤਨਾ ਨੂੰ ਉਭਾਰਦੀ ਹੈ।'[33]

ਉਪਰੋਕਤ ਸਮੱਸਿਆਵਾਂ ਦੇ ਪ੍ਰਕਰਣ ਵਿਚ ਜੇ ਅਸੀਂ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰੀਏ ਤਾਂ ਇਸਦੀ ਸਿੱਖਿਆ ਵਿਵਹਾਰਕ ਤੇ ਨਿਆਂਇਕ ਅਗਵਾਈ ਕਰਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਬੰਧਨ ਮੁਕਤ ਸਮਾਜ ਦੀ ਸਥਾਪਨਾ ਲਈ, ਪ੍ਰਸਤੁਤ ਦਲਿਤ ਚੇਤਨਾ ਨਾਲ ਜੁੜੇ ਵਿਭਿੰਨ ਸਰੋਕਾਰਾਂ ਅਤੇ ਅਜੋਕੇ ਸਮਿਆਂ ਵਿਚ ਇਸ ਪ੍ਰਵਚਨ ਦੀ ਸਾਰਥਿਕਤਾ ਨੂੰ ਸਥਾਪਿਤ ਕਰਨ ਤੋਂ ਪਹਿਲਾ ਇਹ ਜਰੂਰੀ ਹੈ ਕਿ ਪਹਿਲਾਂ ਇਸਦੇ ਸਿਧਾਂਤਕ ਅਤੇ ਰੂੜੀਵਾਦੀ-ਸਾਂਸਕ੍ਰਿਤਕ ਰੂਪ ਨੂੰ ਸਮਝਿਆ ਜਾਵੇ। ਇਸ ਲਈ ਅਸੀਂ ਪ੍ਰਾਚੀਨ ਸਮਿਆਂ ਤੋਂ ਚਲੀਆਂ ਆ ਰਹੀਆਂ ਉਨ੍ਹਾਂ ਸਮਾਜਕ, ਆਰਥਕ, ਧਾਰਮਿਕ ਅਤੇ ਰਾਜਸੀ ਪ੍ਰਸਥਿਤੀਆਂ ਦਾ ਵਿਸ਼ਲੇਸ਼ਣ ਕਰਨ ਦਾ ਉਪਰਾਲਾ ਕਰਦੇ ਹਾਂ ਜੋ ਜਾਤੀ ਉਤਪੀੜਨ ਅਤੇ ਸਭਿਆਚਾਰਕ ਵਿਵਸਥਾ ਦੀ ਕਰੂਰਤਾ ਦਾ ਕਾਰਨ ਬਣਦੀਆਂ ਹਨ।

ਦਲਿਤ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ-ਦੱਬਿਆ, ਕੁਚਲਿਆ ਜਾਂ ਲਿਤਾੜਿਆ ਹੋਇਆ। ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿੱਚ ਦਲਿਤ ਸ਼ਬਦ ਦੇ ਅਰਥ 'ਦਲਿਆ ਹੋਇਆ, ਕੁਚਲਿਆ ਹੋਇਆ, ਹੀਣ ਜਾਤ ਵਾਲਾ, ਉਚੀਆਂ ਜਾਤਾਂ ਦੇ ਪੈਰਾਂ ਹੇਠ ਦਲਿਆ ਹੋਇਆ' ਦਰਸਾਏ ਹਨ।[34] ਅੰਗਰੇਜੀ ਵਿਚ ਇਸ ਲਈ the oppressed ਸ਼ਬਦ ਹੈ। ਨੈਸ਼ਨਲ ਪੰਜਾਬੀ ਕੋਸ਼ ਵਿੱਚ ਦਲਿਤ ਦੇ ਅਰਥ 'ਦਬਾਇਆ ਹੋਇਆ, ਨੀਵਾਂ, ਨੀਵੀਂ ਜਾਤ ਵਾਲਾ'ਹਨ। ਮਾਤਾ ਪ੍ਰਸਾਦਿ ਦੁਆਰਾ ਰਚਿਤ ਹਿੰਦੀ ਪੁਸਤਕ 'ਹਿੰਦੀ ਕਾਵਯ ਮੇਂ ਦਲਿਤ ਕਾਵਯਧਾਰਾ' ਵਿੱਚ ਦਲਿਤ ਸ਼ਬਦ ਦੇ ਵਿਭਿੰਨ ਅਰਥ ਦੱਸੇ ਹਨ ਜਿਵੇਂ 'ਚੰਡਾਲ, ਅਸਪਰਸ਼ੀ, ਅਛੂਤ' ਆਦਿ। ਫਰਹੰਗਿ-ਏ-ਅਨੰਦ ਰਾਜ ਵਿਚ ਅਰਬੀ ਦਾ ਇਕ ਸ਼ਬਦ 'ਦਲਾਲਤ' ਅੰਕਤ ਹੈ ਜਿਸ ਦਾ ਅਰਥ ਹੈ 'ਉਹ ਵਰਗ ਜੋ ਹੱਥਾਂ ਨਾਲ ਕਿਰਤ ਕਰਦਾ ਹੋਵੇ।[35] ਸੰਭਵ ਹੈ ਕਿ ਦਲਿਤ ਤੇ ਦਲਾਲਤ ਪ੍ਰਾਯਵਾਚੀ ਹੋਣ।

ਕਈ ਵਿਦਵਾਨ ਅਛੂਤਾਂ ਨੂੰ ਦਲਿਤ ਕਹਿੰਦੇ ਹਨ। ਉਹ ਅਨੁਸੂਚਿਤ ਜਾਤੀਆਂ ਦੇ ਨਾਲ-ਨਾਲ ਅਨੁਸੂਚਿਤ ਜਨ ਜਾਤੀਆਂ ਨੂੰ ਆਪਣੇ ਘੇਰੇ ਵਿੱਚ ਲੈਂਦੇ ਹਨ। ਅਗ੍ਰੇਜ਼ੀ ਹਕੂਮਤ ਨੇ ਦਲਿਤ ਜਾਤੀਆਂ ਨੂੰ ਡਿਪ੍ਰੈਸਡ ਕਲਾਸਿਜ਼ (Depressed Classes) ਆਖਣ ਦੀ ਰੀਤ ਤੋਰੀ। ਸ਼ੰਭੂ ਨਾਥ ਅਨੁਸਾਰ ਦਲਿਤ ਦਾ ਅਰਥ ਹੈ ਸ਼ੂਦਰ ਪਿੰਡੋਂ ਬਾਹਰ ਰਹਿਣ ਲਈ ਮਜਬੂਰ ਕੀਤੇ ਲੋਕ, ਦਬਾਈਆਂ ਹੋਈਆਂ ਜਾਤਾਂ, ਝੁੱਗੀਆਂ, ਝੋਪੜੀਆਂ ਵਿਚ ਰਹਿਣ ਵਾਲੇ ਲੋਕਾਂ ਨੂੰ ਦਲਿਤ ਅਤੇ ਅਛੂਤ ਕਿਹਾ ਗਿਆ ਹੈ। ਦਲਿਤ ਸ਼ਬਦ ਦਾ ਧਾਤੂ ਰੂਪ ਹਿਬਰੀ ਭਾਸ਼ਾ ਵਿਚ 'ਦਲ' ਭਾਵ ਕਮਜ਼ੋਰ, ਦੁਰਬਲ ਹੈ ਅਤੇ ਸੰਸਕ੍ਰਿਤ ਵਿਚ ਧਾਤੂ ਸ਼ਬਦ ਦਾ ਭਾਵ ਟੁੱਟਾ ਹੋਇਆ ਜਾਂ ਸ਼ੋਸ਼ਤ ਹੈ। ਦੋਹਾਂ ਦਾ ਇਕੋ ਅਰਥ ਅਤੇ ਸੰਦਰਭ ਹੈ। 'ਦਲਿਤ' ਸ਼ਬਦ ਨਾ ਕੇਵਲ ਸੰਸਕ੍ਰਿਤ ਅਤੇ ਉੱਤਰੀ ਭਾਰਤ ਦੀਆਂ ਸਭ ਭਾਸ਼ਾਵਾਂ ਵਿਚ ਮਿਲਦਾ ਹੈ, ਸਗੋਂ ਮੱਧ ਪੂਰਬੀ ਏਸ਼ੀਆ ਦੇ ਦੇਸ਼ਾਂ ਦੀਆਂ ਪੁਰਾਤਨ ਭਾਸ਼ਾਵਾਂ ਵਿਚ ਵੀ ਇਸ ਦੀ ਵਰਤੋਂ ਮਿਲਦੀ ਹੈ।[36] ਇਹ ਮੰਨਿਆ ਜਾਂਦਾ ਹੈ ਕਿ ਸੱਤਿਆਸ਼ੋਧਕ ਸਮਾਜ ਦੇ ਬਾਨੀ ਅਤੇ ਮਰਾਠੀ ਸਮਾਜ ਸੁਧਾਰਕ ਤੇ ਕ੍ਰਾਂਤੀਕਾਰੀ ਆਗੂ ਮਹਾਤਮਾ ਜੋਤੀਬਾ ਫੂਲੇ ਜੀ ਨੇ ਪਹਿਲੀ ਵਾਰ 'ਦਲਿਤ' ਸ਼ਬਦ ਦੀ ਵਰਤੋ ਪਛੱੜੀਆਂ ਜਾਤੀਆਂ ਦੇ ਸੁਧਾਰ ਸੰਬੰਧੀ ਕੀਤੀ। ਇਹ ਵੀ ਮੰਨਿਆ ਜਾਂਦਾ ਹੈ

ਕਿ 'ਦਲਿਤ' ਨਾਂ ਡਾ. ਅੰਬੇਦਕਰ ਨੇ ਸ਼ਡੂਲਕਾਸਟ ਵਰਗ ਦੇ ਲਈ ਸਭ ਤੋਂ ਪਹਿਲਾਂ ਵਰਤਿਆ। ਸਮਕਾਲੀ ਭਾਰਤੀ ਚਿੰਤਕ ਫਿਲਿਕਸ ਰਾਜ ਇਸ ਸੰਬੰਧੀ ਵਿਚਾਰ ਕਰਦੇ ਹੋਏ ਕਹਿੰਦੇ ਹਨ:

'The term Dalit in Sanskrit is derived from the root dal which means to split, break, crack and so on. When used as an adjective, it means split, broken, burst, destroyed, crushed. It said that Jotiba Phule (1827-1890), the founder of the Satyashodhak Samaj, a non Brahmin movement in Maharashtra, a social reformer and revolutionary, used this term to describe the outcastes and untouchables as the oppressed and broken victims of the Indian caste-ridden society. It is also believed that it was Dr. B.R. Ambedkar who coined the word first.'[37]

ਪਰ ਦਲਿਤ ਨਾਂ ਦੀ ਆਮ ਵਰਤੋ 1970 ਵਿਚ ਮਹਾਂਰਾਸ਼ਟਰਾ 'ਦਲਿਤ ਪੈਂਥਰ' ਲਹਿਰ ਦੇ ਮੈਂਬਰਾਂ ਨੇ ਕੀਤੀ ਅਤੇ ਉਨ੍ਹਾਂ ਇਸ ਦਾਇਰੇ ਵਿਚ ਸ਼ਡੂਲਕਾਸਟ ਵਰਗ ਦੇ ਲੋਕਾਂ ਦੇ ਨਾਲ-ਨਾਲ ਇਹਨਾਂ ਲੋਕਾਂ ਨੂੰ ਵੀ ਸ਼ਾਮਿਲ ਕੀਤਾ :- 'ਜੰਗਲਾਂ ਤੇ ਪਹਾੜਾਂ ਵਿਚ ਰਹਿ ਰਹੀਆਂ ਜਾਤੀਆਂ, ਹੇਠਲੀਆਂ ਜਾਤਾਂ ਤੋਂ ਬਣੇ ਬੋਧੀ, ਛੋਟੇ ਕਿਸਾਨ, ਔਰਤਾਂ ਉਤੇ ਉਹ ਸਭ ਲੋਕ ਜੋ ਧਰਮ ਦੇ ਨਾਂ ਤੇ ਸਮਾਜਿਕ ਅਤੇ ਆਰਥਿਕ ਤੌਰ ਤੇ ਕੁਚਲੇ ਗਏ ਲੋਕ ਹਨ।' [38]

ਇਕ ਮਰਾਠੀ ਲੇਖਕ ਨੇ ਦਲਿਤ ਸ਼ਬਦ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਹੈ: ਦਲਿਤ ਕੋਈ ਜਾਤ ਨਹੀਂ ਹੈ ਦਲਿਤ ਬਦਲਾਓ ਅਤੇ ਇਨਕਲਾਬ ਦਾ ਚਿੰਨ੍ਹ ਹੈ। ਦਲਿਤ ਮਨੁੱਖਤਾ ਵਿਚ ਵਿਸ਼ਵਾਸ ਰੱਖਦਾ ਹੈ। ਪਰ ਦਲਿਤ ਨਾਂ ਦੀ ਵਰਤੋ ਅੱਜ ਖ਼ਾਸ ਕਰਕੇ ਉਨ੍ਹਾਂ ਲੋਕਾਂ ਲਈ ਕੀਤੀ ਜਾਂਦੀ ਹੈ, ਜਿੰਨ੍ਹਾਂ ਨੂੰ ਸਮਾਜ ਵਿਚੋਂ ਬਾਹਰ ਸਮਝਿਆ ਜਾਂਦਾ ਹੈ, ਜਾਤ-ਪਾਤ ਵਿਚੋਂ ਬਾਹਰ ਸਮਝਿਆ ਜਾਦਾ ਹੈ। ਇਸੇ ਕਾਰਨ ਓਹਨਾਂ ਲੋਕਾਂ ਉਤੇ ਧਰਮ ਦੇ ਨਾਂ ਤੇ ਅਤਿਅੰਤ ਅਤਿਆਚਾਰ ਹੁੰਦਾ ਆ ਰਿਹਾ ਹੈ ਕਿ ਅੱਜ ਉਹ ਆਪਣੀ ਮਨੁੱਖਤਾ ਹੀ ਗੁਆ ਬੈਠੇ ਹਨ। ਪਰ ਇਹਨਾਂ ਲੋਕਾਂ ਕਾਰਨ ਹੀ ਅੱਜ 'ਦਲਿਤ' ਸ਼ਬਦ ਦੇ ਅਰਥ ਹੀ ਬਦਲ ਗਏ ਹਨ। ਅੱਜ ਇਹ ਸ਼ਬਦ ਇਸ ਵਰਗ ਦੇ ਲੋਕਾਂ ਦੇ ਛੁਟਕਾਰੇ ਅਤੇ ਮੁੜ ਮਨੁੱਖੀ ਹੋਂਦ ਦੀ ਪ੍ਰਾਪਤੀ ਦੀ ਆਸ ਬਣ ਚੁੱਕਾ ਹੈ।[39]

ਦਲਿਤ ਵਰਗ ਨਾਲ ਸਬੰਧ ਰੱਖਣ ਵਾਲੇ ਲੋਕ ਸਾਡੇ ਦੇਸ਼ ਵਿਚ ਕਈ ਨਾਵਾਂ ਨਾਲ ਜਾਣੇ ਜਾਂਦੇ ਹਨ: ਦਾਸ, ਦਾਸੂ, ਅਵਰਨ, ਪੰਚਮ, ਚੰਡਾਲ, ਅਛੂਤ, ਹਰਿਜਨ, ਖੇਤਰੀ ਬੋਲੀ ਵਿਚ ਵੱਖ-ਵੱਖ ਨਾਵਾਂ ਨਾਲ ਜਾਣੇ ਜਾਂਦੇ ਹਨ ਜਿਵੇਂ ਪੰਜਾਬੀ ਵਿਚ 'ਚੂੜਾ' ਹਿੰਦੀ ਵਿਚ 'ਭੰਗੀ' ਜਾਂ 'ਲਾਲ ਬੇਗੀ' ਮਰਾਠੀ ਵਿਚ 'ਮਾਹਰ', ਤੇਂਲਗੂ ਵਿਚ 'ਮਾਲਾ' ਤਾਮਿਲ ਵਿਚ 'ਪਾਰੀਆ'ਅਤੇ ਮਲਿਆਲਮ ਵਿਚ ਪੂਲਾਂਅ। ਵੇਦਾਂ ਵਿਚ ਆਉਦਾ ਹੈ ਕਿ ਦਸਯੁਆਂ ਨੂੰ ਮਾਰ ਕੇ ਇੰਦਰ ਨੇ ਆਰੀਆ ਦੀ ਰੱਖਿਆ ਕੀਤੀ। ਸੁਕਤੀਆਂ ਵਿਚ ਅਨੁਰੋਧ ਕੀਤਾ ਗਿਆ ਹੈ ਕਿ ਇੰਦਰ ਦਸੁਆ ਨਾਲ ਯੁੱਧ ਕਰੇ ਤਾਂ ਜੋ ਆਰੀਆ ਦੀ ਸ਼ਕਤੀ ਬਣੀ ਰਹੇ।[40]

ਸੁਨੀਤੀ ਕੁਮਾਰ ਚੈਟਰਜੀ ਦੀ ਅੰਗਰੇਜ਼ੀ ਵਿਚ ਲਿਖੀ ਪੁਸਤਕ "ਇੰਡੋ-ਆਰੀਆ ਐਡ ਹਿੰਦੀ" ਹੈ, ਜਿਸ ਵਿਚ ਉਸ ਨੇ ਆਰੀਆ ਤੋਂ ਪਹਿਲੇ ਲੋਕਾਂ, ਦਾਸਾ, ਦਾਸੂ ਤੇ ਨਿਸ਼ਾਦਾ ਦੀ ਹੋਂਦ ਸਵੀਕਾਰ ਕੀਤੀ ਅਤੇ ਉਨ੍ਹਾਂ ਨੂੰ ਭਾਰਤ ਦਾ ਮੂਲ

ਨਿਵਾਸੀ ਵੀ ਮਨੰਦਾ ਹੈ। ਇਸ ਤਰ੍ਹਾਂ ਦਲਿਤ ਸ਼ਬਦ ਦੇ ਕਈ ਅਰਥ ਹਨ। ਸਭ ਵਿਦਵਾਨਾਂ ਦੁਆਰਾ ਦਿੱਤੇ ਅਰਥਾਂ ਦਾ ਭਾਵ ਇਹੀ ਨਿਕਲਦਾ ਹੈ ਕਿ ਜਿਸ ਵਿਅਕਤੀ ਦਾ ਕਿਸੇ ਵੀ ਤਰ੍ਹਾਂ ਨਾਲ ਸ਼ੋਸ਼ਣ ਤੇ ਦਮਨ ਹੁੰਦਾ ਹੈ, ਉਹ ਦਲਿਤ ਹੈ। ਇਹ ਦਮਨ ਅੱਜ ਤੋਂ ਹੀ ਨਹੀਂ ਬਲਕਿ ਸਦੀਆਂ ਤੋਂ ਚਲਦਾ ਆ ਰਿਹਾ ਹੈ। ਉਪਰੋਕਤ ਅਧਿਐਨ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਅਜੋਕੇ ਵਿਦਵਾਨਾਂ ਨੇ 'ਦਲਿਤ' ਸ਼ਬਦ ਨੂੰ ਸਿਰਫ ਜਾਤ-ਪਾਤ ਤੱਕ ਹੀ ਸੀਮਤ ਕਰਕੇ ਰੱਖ ਦਿੱਤਾ ਹੈ। ਵਰਣ ਵਿਵਸਥਾ ਨੂੰ ਬ੍ਰਾਹਮਣਵਾਦ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਮਹਾਤਮਾ ਗਾਂਧੀ ਨੇ ਅਛੂਤਾਂ ਨੂੰ ਹਰੀਜਨ ਦਾ ਨਾਮ ਦਿੱਤਾ ਹੈ।

'Harijan was the polite form for untouchable coined by Mahatma Gandhi which means 'Children of God' (Hari is another name for Vishnu, a Hindu God.) Untouchables generally consider this term to be condescending and prefer the name Dalit (dilq),variously translated as 'crushed', 'stepped on' or 'oppressed'. The term is also used in the Indian legal system to refer to this group along with other non-caste tribes.'[41]

ਡਾ. ਅੰਬਦੇਕਰ ਨੇ ਨੇ 'ਹਰੀਜਨ' ਸ਼ਬਦ ਨੂੰ ਪ੍ਰਵਾਨ ਨਹੀਂ ਕੀਤਾ ਕਿਉਂਕਿ ਇਹ ਸ਼ਬਦ ਵੀ ਵੱਖਵਾਦੀ ਵਤੀਰੇ ਦਾ ਧਾਰਨੀ ਸੀ। 1935 ਵਿਚ ਅੰਗਰੇਜ਼ਾਂ ਨੇ ਦਲਿਤ ਜਾਤੀਆਂ ਦੀ ਸੂਚੀ ਤਿਆਰ ਕੀਤੀ ਤੇ ਇਸਨੂੰ ਪੱਟੀਦਰਜ਼ ਜਾਤੀਆਂ Scheduled Castes ਅਧੀਨ ਪ੍ਰਚਲਿਤ ਕੀਤਾ ਜੋ ਅੱਜ ਵੀ ਸੰਵਿਧਾਨਕ ਤੋਰ ਤੇ ਪ੍ਰਚਲਿਤ ਹੈ। ਕਾਨੂੰਨੀ ਤੌਰ ਤੇ ਬੇਸ਼ਕ ਇਹ ਨਾਮ ਮਾਨਤਾ ਪ੍ਰਾਪਤ ਹੈ ਪਰ 'ਦਲਿਤ' ਸ਼ਬਦ ਪੀੜਿਤ ਲੋਕਾਈ ਅਤੇ ਸ਼ੋਸ਼ਿਤ ਵਰਗਾਂ ਦੀ ਸਵੈ-ਚੇਤਨਾ ਅਤੇ ਸਮਾਜਕ ਪਛਾਣ ਦਾ ਪ੍ਰਤੀਕ ਬਣ ਕੇ ਉਭਰਿਆ। ਇਸ ਸੰਬੰਧੀ ਦਲਿਤ ਲਹਿਰ ਤੇ ਮਰਾਠੀ ਪਰਚੇ 'ਅਸਮਿਤਾ ਦਰਸ਼' Mirror of Identity ਦੇ ਬਾਨੀ ਗੰਗਾਧਰ ਪੰਤਵਾਨੇ ਦੀ ਇਹ ਲਿਖਤ ਬੜੀ ਢੁਕਵੀਂ ਹੈ:

'ਮੇਰੇ ਲਈ ਦਲਿਤ ਤੋਂ ਭਾਵ ਜਾਤੀ ਨਹੀਂ ਸਗੋਂ ਉਹ ਵਿਅਕਤੀ ਹੈ ਜਿਹੜਾ ਇਸ ਦੇਸ਼ ਦੀਆਂ ਸਮਾਜਿਕ ਅਤੇ ਆਰਥਿਕ ਰਵਾਇਤਾਂ ਦੇ ਸ਼ੋਸ਼ਣ ਦਾ ਸ਼ਿਕਾਰ ਹੈ।ਇਸ ਤਰ੍ਹਾਂ ਇਹ ਸ਼ਬਦ ਪਰਿਵਰਤਨ ਅਤੇ ਕ੍ਰਾਂਤੀ ਦਾ ਪ੍ਰਤੀਕ ਹੈ।' [42]

ਡਾ. ਮੈਨੇਜਰ ਪਾਂਡੇ ਅਨੁਸਾਰ 'ਅਗਰ ਦਲਿਤ ਦਾ ਅਰਥ ਗੁਲਾਮੀ ਦੀ ਸਥਿਤੀ ਵਿਚ ਰਹਿਣ ਵਾਲੇ ਲੋਕਾਂ ਤੋਂ ਹੈ ਤਾਂ ਉਸਦੇ ਅੰਦਰ ਗਾਂਧੀ ਦੇ ਹਰੀਜਨ, ਇਸ ਦੇਸ਼ ਦੇ ਆਦਿਵਾਸੀ ਅਤੇ ਇਸਤਰੀਆਂ ਸਭ ਸ਼ਾਮਿਲ ਹਨ । ਲੇਕਿਨ ਮੈਂ ਦਲਿਤ ਸ਼ਬਦ ਦਾ ਪ੍ਰਯੋਗ ਕਰ ਰਿਹਾ ਹਾਂ ਤਾਂ ਮੇਰੇ ਧਿਆਨ ਵਿਚ ਉਹ ਲੋਕ ਹਨ ਜਿਹਨਾਂ ਨੂੰ ਭਾਰਤੀ ਵਰਣ-ਵਿਵਸਥਾ ਵਿਚ ਦਲਿਤ ਕਿਹਾ ਜਾਂਦਾ ਹੈ, ਜਿਹਨਾਂ ਨੂੰ ਸਮਾਜ ਵਿਚ ਅਛੂਤ ਮੰਨਿਆ ਜਾਂਦਾ ਹੈ।'[43]

ਆਧੁਨਿਕ ਵਿਦਵਾਨਾਂ ਅਨੁਸਾਰ ਦਲਿਤ ਇਕ ਅਜਿਹਾ ਸ਼ਬਦ ਹੈ ਜੋ ਸਿਰਫ ਅਨੁਸੂਚਿਤ ਜਾਤੀ ਨਾਲ ਹੀ ਸਬੰਧਿਤ ਨਹੀਂ ਸਗੋਂ ਉਨ੍ਹਾਂ ਸਭ ਨਾਲ ਜੁੜਿਆ ਹੋਇਆ ਹੈ ਜੋ ਸਮੇਂ-ਸਮੇਂ ਕਥਿਤ ਉਚ ਜਾਤੀਆਂ ਦੇ ਕਈ ਪ੍ਰਕਾਰ ਦੇ ਸ਼ੋਸ਼ਣਾਂ ਦਾ ਸ਼ਿਕਾਰ ਹੁੰਦੇ ਆਏ ਹਨ। ਸੋ ਦਲਿਤ ਅਜਿਹਾ ਮਨੁੱਖ ਹੈ ਜੋ ਸਦੀਆਂ ਤੋਂ ਜਾਤ-ਪਾਤ ਜਾਂ ਵਰਣ ਦੇ ਕੱਟੜ

ਦਾਇਰਿਆਂ ਵਿਚ ਘਿਰਿਆ ਸ਼ੋਸ਼ਣ ਦਾ ਸ਼ਿਕਾਰ ਹੈ; ਜਿਸਦੀ ਹਸਤੀ ਪਸ਼ੂਆਂ ਤੋਂ ਵੀ ਨੀਚੇ ਹੈ; ਤੇ ਜੀਹਦੇ ਸਵੈ-ਮਾਨ ਤੇ ਭਰੋਸੇ ਨੂੰ ਹਮੇਸ਼ਾ ਦੁਰਕਾਰਿਆ ਤੇ ਲਤਾੜਿਆ ਜਾਂਦਾ ਰਿਹਾ ਹੈ; ਜੋ ਜੀਵਨ ਦੀ ਸਾਰੀਆਂ ਸਹੂਲਤਾਂ ਤੋਂ ਵਾਂਝਾ ਤੇ ਤ੍ਰਿਸਕਾਰਿਤ ਹੋ ਕੇ ਇਕ ਤਰ੍ਹਾਂ ਦੀ ਮਾਨਸਿਕ ਯਾਤਨਾ, ਗਲੀਜਤਾ, ਭਿਆਨਕਤਾ ਨਾਲ ਜਿਉਂਦਾ ਹੈ; ਅਕ੍ਰੋਸ਼ ਤੇ ਸਵੈ-ਗੌਰਵ ਦੀ ਭਾਵਨਾ ਦੇ ਬਾਵਜੂਦ ਉਹ ਬੇਬਸ ਤੇ ਨਿਆਸਰਾ ਹੈ। ਦਲਿਤ ਸ਼ਬਦ ਬਾਰੇ ਕੀਤੀ ਉਪਰੋਕਤ ਵਿਚਾਰ-ਚਰਚਾ ਤੋਂ ਇਹ ਸਹਿਜੇ ਹੀ ਆਖਿਆ ਜਾ ਸਕਦਾ ਹੈ ਕਿ ਜੀਵਨ ਦੇ ਹਰ ਖੇਤਰ ਵਿਚ ਦਬਾਏ, ਡਰਾਏ, ਦੁਰਕਾਰੇ, ਫਿਟਕਾਰੇ ਤੇ ਲਿਤਾੜੇ ਜਾਂਦੇ ਮਨੁਖ ਨਾਲ ਹੁੰਦੇ ਦੁਰਾਚਾਰ ਤੇ ਸ਼ੋਸ਼ਣ ਦੇ ਖਿਲਾਫ਼ ਕੀਤੇ ਜਾਂਦੇ ਜਤਨਾਂ ਦੇ ਪ੍ਰਬੰਧ ਨੂੰ ਦਲਿਤ ਚੇਤਨਾ ਕਿਹਾ ਹਾਂਦਾ ਹੈ। ਦਲਿਤ-ਚੇਤਨਾ ਜੋ ਸਮਾਜਕ ਬਰਾਬਰੀ ਨੂੰ ਪ੍ਰੋਤਸਾਹਿਤ ਕਰਦੀ ਜਾਤੀ ਦਵੇਸ਼ ਨੂੰ ਦੁਰਕਾਰਦੀ ਹੈ। ਦਲਿਤ ਚੇਤਨਾ ਦੇ ਅੰਤਰਗਤ ਮਨੁੱਖ ਸਿਸਟਮ ਦੇ ਅਣਮਨੁੱਖੀ ਵਤੀਰੇ ਤੋਂ ਹਾਰਿਆ ਹੋਇਆ ਨਹੀਂ ਸਗੋਂ ਸੰਘਰਸ਼ ਕਰਦਾ ਆਪਣੀ ਦਿਸ਼ਾ ਨਿਸਚਿਤ ਕਰਦਾ ਹੈ। ਜਿਵੇਂ ਕਿ ਪਹਿਲਾ ਉਲੇਖ ਕੀਤਾ ਗਿਆ ਹੈ ਕਿ ਸਭਿਆਚਾਰਕ ਪਰਿਵਰਤਨ ਦੀ ਦਿਸ਼ਾ ਵਿਚ ਦਲਿਤ ਦੇ ਸਮੁੱਚੇ ਪਰਿਪੇਖ ਨੂੰ ਇਤਿਹਾਸਕ ਪਿਛੋਕੜ ਵਿਚ ਰੱਖ ਕੇ ਵਾਚਨਾ ਅਤਿਅੰਤ ਜ਼ਰੂਰੀ ਹੈ ਤਾਂ ਜੋ ਇਸ ਦੇ ਕਾਰਨਾਂ ਦੀ ਸਹੀ ਪਹਿਚਾਣ ਹੋ ਸਕੇ ਤੇ ਗੁਰੂ ਗੰਥ ਸਾਹਿਬ ਵਿਚ ਇਸ ਸੰਬੰਧੀ ਉਭਰਦੀ ਚੇਤਨਾ ਨੂੰ ਸਥਾਪਿਤ ਕੀਤਾ ਜਾ ਸਕੇ।

ਇਤਿਹਾਸ ਗਵਾਹ ਹੈ ਕਿ ਭਾਰਤੀ ਵਿਵਸਥਾ ਸਦਾ ਜਾਤ-ਪਾਤ ਜਾਂ ਵਰਣ-ਵੰਡ ਦੇ ਪੈਟਰਨਾਂ ਤੇ ਆਧਾਰਿਤ ਰਹੀ ਹੈ। ਆਰੀਆ ਜਾਂ ਵੈਦਿਕ ਕਾਲ ਭਾਰਤੀ ਵਿਵਸਥਾ ਦਾ ਉਹ ਦੌਰ ਹੈ ਜਿਸ ਵਿਚ ਇਹ ਸਭਿਆਚਾਰਕ ਸੰਕਟ ਬੀਜ ਰੂਪ ਵਿਚ ਉਭਰਦਾ ਵਿਖਾਈ ਦਿੰਦਾ ਹੈ। ਵੇਦ ਇਸਦਾ ਪ੍ਰਮੁੱਖ ਸਰੋਤ ਹਨ; ਜੋ ਆਰੰਭ ਤੋਂ ਭਾਰਤੀ ਸੰਸਕ੍ਰਿਤੀ ਦੀ ਰਹਿਨੁਮਾਈ ਕਰਦੇ ਆ ਰਹੇ ਹਨ। 'ਰਿਗਵੇਦ' ਸਭ ਤੋਂ ਪ੍ਰਾਚੀਨ ਅਤੇ ਮਹੱਤਵਪੂਰਨ ਗ੍ਰੰਥ ਹੈ ਜਿਸ ਵਿਚ ਜਾਤੀ ਆਧਾਰਿਤ ਵਰਗ-ਵੰਡ ਦਾ ਜ਼ਿਕਰ ਆਉਂਦਾ ਹੈ।ਇਸ ਅਨੁਸਾਰ ਸਮਾਜ ਨੂੰ ਕਿੱਤਿਆਂ ਅਨੁਸਾਰ ਚਾਰ ਭਾਗਾਂ ਵਿੱਚ ਵੰਡਿਆ ਹੋਇਆ ਸੀ :

- ਬ੍ਰਾਹਮਣਾਂ ਦਾ ਕੰਮ ਵੇਦਾਂ ਨੂੰ ਘੋਖਣਾ, ਪੜ੍ਹਨਾ ਤੇ ਪੜ੍ਹਾਉਣਾ ਸੀ। ਇਸ ਸ਼੍ਰੇਣੀ ਵਿਚ ਪੁਜਾਰੀ ਤੇ ਵਿਦਵਾਨ ਆਉਂਦੇ ਸਨ।
- ਖੱਤਰੀਆਂ ਦਾ ਕੰਮ ਲੜਨਾ ਤੇ ਰੱਖਿਆ ਕਰਨਾ ਸੀ। ਇਹ ਰਾਜਿਆਂ ਤੇ ਹਾਕਮਾਂ ਦੀ ਸ਼੍ਰੇਣੀ ਸੀ।
- ਵੈਸ਼ਾਂ ਦਾ ਕੰਮ ਵਪਾਰ ਅਤੇ ਖੇਤੀਬਾੜੀ ਦਾ ਸੀ। ਇਸ ਵਿਚ ਕਿਸਾਨ ਅਤੇ ਵਪਾਰੀ ਲੋਕ ਸ਼ਾਮਿਲ ਸਨ।
- ਸ਼ੂਦਰਾਂ ਦਾ ਕੰਮ ਇਨਾਂ ਤਿੰਨ੍ਹਾਂ ਜਾਤੀਆਂ ਦੀ ਸੇਵਾ ਕਰਨਾ ਸੀ।

ਰਿਗਵੇਦ ਵਿਚ ਇਕ ਪਰੁਸਾਸੂਕਤਾ ਨਾਂ ਦੇ ਸਲੋਕ ਜਾਂ ਮੰਤਰ ਆਉਂਦਾ ਹੈ ਕਿ ਬ੍ਰਾਹਮਣ ਬ੍ਰਹਮਾ ਦੇ ਮੂੰਹ ਵਿਚੋਂ, ਕਸ਼ਤਰੀ ਬ੍ਰਹਮਾ ਦੇ ਬਾਹੂਆਂ ਵਿਚੋਂ, ਵੈਸ਼ ਬ੍ਰਹਮਾ ਦੇ ਪੇਟ ਵਿਚੋਂ ਅਤੇ ਸ਼ੂਦਰ ਬ੍ਰਹਮਾਂ ਦੇ ਚਰਨਾਂ ਵਿਚੋਂ ਪੈਦਾ ਹੋਇਆ ਹੈ।[44] ਇਸ-ਪ੍ਰਕਾਰ ਅੰਗਾਂ ਅਨੁਸਾਰ ਹੋਈ ਵੰਡ ਅਸਲ ਵਿਚ ਜਾਤੀਆਂ ਦੀ ਹੈਸੀਅਤ ਨੂੰ ਪ੍ਰਗਟਾਉਂਦੀ ਹੈ। ਇਸ ਤੋਂ ਬਾਅਦ ਰਚੇ ਗਏ ਮਹਾਂਕਾਵਿ ਅਤੇ ਧਰਮ-ਸ਼ਾਸ਼ਤਰਾਂ ਵਿਚ ਵੀ ਇਸੇ ਸਮਾਜਕ ਵੰਡ ਨੂੰ ਪ੍ਰਵਾਨ ਕੀਤਾ ਗਿਆ। ਧਰਮ ਸ਼ਾਸਤਰ ਵਿਚੋਂ ਮੰਨੂ

ਸਿਮਰੱਥੀ ਸਭ ਤੋਂ ਵਿਸ਼ੇਸ਼ ਸੀ। ਮੰਨੂ ਸਿਮਰੱਥੀ ਵਿਚ ਬ੍ਰਾਹਮਣ, ਕਸ਼ੱਤਰੀ ਅਤੇ ਵੈਸ਼ ਵਾਸਤੇ ਉਪਨਾਇਨ ਸੰਸਕਾਰ ਅਨੁਸਾਰ ਜਨੇਊ ਪਾਉਣ ਦਾ ਵਿਧਾਨ ਦੱਸਿਆ ਗਿਆ ਹੈ ਪਰ ਸ਼ੂਦਰ ਵਾਸਤੇ ਨਹੀਂ। ਇਹ ਧਾਰਮਿਕ ਰਸਮ ਦੋਹਰੇ ਜਨਮ ਦਾ ਪ੍ਰਤੀਕ ਮੰਨੀ ਗਈ ਹੈ। ਪਰ ਸ਼ੂਦਰ ਜਾਤੀ ਅਤੇ ਇਸਤਰੀ ਜਾਤੀ ਨੂੰ ਇਸ ਉਪਨਾਇਨ ਰਸਮ ਅਨੁਸਾਰ ਜਨੇਊ ਪਾਉਣ ਦੀ ਆਗਿਆ ਨਹੀਂ ਦਿੱਤੀ ਗਈ। ਮੰਨੂ ਸਿਮਰੱਥੀ ਵਿਚ ਜ਼ਿਕਰ ਆਉਂਦਾ ਹੈ ਕਿ ਬ੍ਰਾਹਮਣ ਬਾਲਕ ਦਾ ਗਰਭ ਦੇ ਅਠਵੇਂ ਵਰ੍ਹੇ ਵਿਚ, ਕਸ਼ਤਰੀ ਦਾ ਗਿਆਰਵੇਂ ਵਰ੍ਹੇ ਵਿਚ ਅਤੇ ਵੈਸ਼ ਬਾਲਕ ਦਾ ਗਰਭ ਦੇ ਬਾਰਵ੍ਹੇਂ ਵਰ੍ਹੇ ਵਿਚ ਉਪਨਾਇਨ ਸੰਸਕਾਰ ਕਰਨਾ ਚਾਹੀਦਾ ਹੈ।[45] ਮੰਨੂ ਸਿਮਰੱਥੀ ਨੇ ਚਾਰੇ ਵਰਣਾਂ ਦੇ ਅਧਿਕਾਰ ਅਤੇ ਕਰਮਾਂ ਦੀ ਵੰਡ ਨੂੰ ਧਰਮ-ਕਰਮ ਦੀਆਂ ਦਲੀਲਾਂ ਰਾਹੀਂ ਨਿਸਚਿਤਤਾ ਪ੍ਰਦਾਨ ਕਰਦੇ ਹੋਏ ਸਮਾਜਕ ਪਦਵੀ ਅਤੇ ਸਮਾਜਕ ਦਰਜਾਬੰਦੀ ਨੂੰ ਨੀਯਤ ਕਰਦਿਆਂ ਨਿਆਂਪੂਰਵਕ ਦਰਸਾਇਆ। ਇਸ ਧਰਮ-ਸ਼ਾਸਤਰ ਵਿਚ ਸਪਸ਼ਟ ਕੀਤਾ ਗਿਆ ਕਿ ਸੰਸਾਰ ਦੀ ਰਚਨਾ ਲਈ ਬ੍ਰਹਮਾ ਨੇ ਮੁੱਖ, ਬਾਹੂ, ਪੇਟ ਅਤੇ ਪੈਰਾਂ ਵਿਚੋਂ ਕ੍ਰਮਵਾਰ ਬ੍ਰਾਹਮਣ, ਕਸ਼ਤਰੀ, ਵੈਸ਼ ਅਤੇ ਸ਼ੂਦਰ ਦੀ ਸ੍ਰਿਸ਼ਟੀ ਕੀਤੀ ਅਤੇ ਸ੍ਰਿਸ਼ਟੀ ਦੀ ਰੱਖਿਆ ਲਈ ਇਨ੍ਹਾਂ ਦੇ ਅਲੱਗ ਅਲੱਗ ਕੰਮਾਂ ਨੂੰ ਨਿਰਧਾਰਿਤ ਕੀਤਾ। ਪੜ੍ਹਨਾ-ਪੜ੍ਹਾਉਣਾ, ਧਾਰਮਿਕ ਕਾਰਜਾਂ ਨੂੰ ਸਿਰੇ ਲਾਉਣ ਲਈ ਯੱਗ ਕਰਨਾ, ਦਾਨ ਦੇਣਾ ਅਤੇ ਲੈਣਾ ਆਦਿ ਕੰਮ ਬ੍ਰਾਹਮਣਾਂ ਵਾਸਤੇ ਬਣਾਏ। ਪਰਜਾ ਦੀ ਰੱਖਿਆ ਨਾਲ ਜੁੜੇ ਕਾਰਜ ਖਤਰੀਆਂ ਵਾਸਤੇ ਅਤੇ ਵਪਾਰ, ਵਿਆਜ, ਖੇਤੀ ਆਦਿ ਨਾਲ ਜੁੜੇ ਕੰਮ ਵੈਸ਼ ਵਾਸਤੇ ਬਣਾਏ ਗਏ।ਇਨ੍ਹਾਂ ਤਿੰਨਾਂ ਵਰਗਾਂ ਦੀ ਸੇਵਾ ਦਾ ਕੰਮ ਸ਼ੂਦਰਾਂ ਨੂੰ ਸੌਂਪਿਆਂ ਗਿਆ। [46] ਭਾਗਵਤ ਗੀਤਾ ਅਨੁਸਾਰ ਵੀ ਜਾਤੀ-ਵੰਡ ਨੂੰ ਮਨੁੱਖ ਦੇ ਕਰਮਾਂ ਜਾ ਗੁਣਾਂ ਅਨੁਸਾਰ ਠੀਕ ਮੰਨਿਆ ਗਿਆ ਹੈ। ਇਸ ਦੇ ਇਕ ਸੂਤਰ ਵਿਚ ਆਉਂਦਾ ਹੈ ਕਿ ਬ੍ਰਾਹਮਣ, ਕਸ਼ਤਰੀ, ਵੈਸ਼ ਅਤੇ ਸ਼ੂਦਰ-ਇਨ੍ਹਾਂ ਚਾਰਾਂ ਵਰਨਾਂ ਦਾ ਸਮੂਹ, ਗੁਣ ਅਤੇ ਕਰਮਾਂ ਅਨੁਸਾਰ ਰਚਿਆ ਗਿਆ ਹੈ।[47] ਸਮੇਂ ਨਾਲ ਭਾਰਤੀ ਰਹਿਣੀ-ਬਹਿਣੀ ਵਿਚ ਇਸ ਦਰਜਾਬੰਦੀ ਦਾ ਪ੍ਰਭਾਵ ਕਿਰਤ ਕਰਨ, ਖਾਣ-ਪੀਣ, ਰੀਤੀ-ਰਿਵਾਜ, ਪਹਿਰਾਵੇ ਅਤੇ ਬੋਲ-ਚਾਲ ਵਿਚ ਵੀ ਸਖ਼ਤ ਹੁੰਦਾ ਨਜ਼ਰ ਆਉਂਦਾ ਹੈ।'ਗਿਆਰਵੀਂ ਬਾਰ੍ਹਵੀ ਸਦੀ ਵਿਚ ਮਨੁਯਾਗਵਲਕਯਾ ਅਤੇ ਵਿਸ਼ਨੂੰ ਉਸ ਯੁੱਗ ਦੇ ਆਦਰਸ਼ਾਂ ਨੂੰ ਪੇਸ਼ ਕਰਨ ਵਾਲੇ ਪ੍ਰਤਿਨਿਧੀ ਹੋਏ ਜਿਨ੍ਹਾਂ ਨੇ ਸਮਾਜ ਵਿਚ ਬ੍ਰਾਹਮਣ ਦੀ ਹੈਸੀਅਤ ਨੂੰ ਵਧਾ ਦਿੱਤਾ। ਉਹਨਾਂ ਅਨੁਸਾਰ ਬ੍ਰਾਹਮਣ ਇਸ ਸ਼੍ਰਿਸ਼ਟੀ ਦਾ ਮਾਣ ਹਨ, ਦੇਵੀ ਦੇਵਤੇ, ਪੂਰਵਜ ਇਹਨਾਂ ਰਾਹੀਂ ਭੇਟਾਵਾਂ ਪ੍ਰਾਪਤ ਕਰਦੇ ਹਨ। ਬ੍ਰਾਹਮਣਾਂ ਨੂੰ ਰਾਜਸੀ, ਸਮਾਜਿਕ, ਧਾਰਮਿਕ, ਰੂਪ ਵਿਚ ਵਿਸ਼ੇਸ਼ ਅਧਿਕਾਰ ਦਿੱਤੇ ਗਏ। ਇੱਥੋਂ ਤੱਕ ਕਿ ਬ੍ਰਾਹਮਣ ਦੇ ਤੌਰ ਤੇ ਜਨਮ ਲੈਣ ਨਾਲ ਹੀ ਮਨੁੱਖ ਸਦੀਵੀ ਨਿਯਮ ਦੀ ਜਿਉਂਦੀ ਜਾਗਦੀ ਤਸਵੀਰ ਬਣ ਜਾਂਦਾ ਸੀ ਜਦੋਂਕਿ ਸਮਾਜਿਕ ਤੌਰ ਤੇ ਸ਼ੂਦਰ ਦੀ ਸਥਿਤੀ ਹੋਰ ਵੀ ਵਿਗੜ ਗਈ।' [48] ਇਸ ਤਰ੍ਹਾਂ ਇਹ ਜਾਤ ਵਿਵਸਥਾ ਜਨਮ ਆਧਾਰਿਤ ਸੀ। ਬ੍ਰਾਹਮਣ ਦੇ ਘਰ ਜਨਮ ਲੈਣ ਵਾਲਾ ਵਿਅਕਤੀ ਬ੍ਰਾਹਮਣ ਅਖਵਾਉਣ ਲੱਗਾ ਅਤੇ ਸ਼ੂਦਰ ਦੇ ਘਰ ਜਨਮ ਲੈਣ ਵਾਲਾ ਵਿਅਕਤੀ ਸ਼ੂਦਰ ਅਖਵਾਉਣ ਲੱਗ ਪਿਆ। ਜਨਮ ਲੈਣ ਤੋਂ ਬਾਦ ਵਿਅਕਤੀ ਸਾਰੀ ਉਮਰ ਆਪਣੀ ਜਾਤ ਨਹੀਂ ਬਦਲ ਸਕਦਾ ਸੀ। ਉਪਨਿਸ਼ਦਾਂ, ਵੇਦਾਂ, ਸ਼ਾਸਤਰਾਂ, ਆਦਿ ਵਿੱਚ ਸ਼ੂਦਰਾਂ ਭਾਵ ਨੀਚੀ ਜਾਤੀ ਦੇ ਲੋਕਾਂ ਦੀ ਸਥਿਤੀ ਬੜੀ ਤ੍ਰਿਸਕਾਰੀ, ਫਿਟਕਾਰੀ ਤੇ ਤਰਸ ਭਰੀ ਸੀ। ਚਾਰੇ ਵਰਗਾਂ ਲਈ ਚਾਰ ਰੰਗ ਨਿਸ਼ਚਿਤ ਹੋ ਗਏ। ਵੇਦਕ ਆਰੀਆ ਵਰਣ ਅਤੇ ਦਾਸ ਵਰਣ ਦਾ ਭੇਦ ਆਰੀਆ ਅਤੇ ਦਾਸ ਦੇ ਘਿਰਣਾਜਨਕ ਵਿਤਕਰਿਆਂ ਵਿਚ ਰੂਪਾਂਤਰਿਤ ਹੋ ਗਿਆ। ਉੱਤਰ-ਭਾਰਤ ਵਿਚ ਤਾਂ ਜੇ ਕਿਸੇ ਦੇ ਤਮਾਕੂ ਪੀਣ ਵਾਲੇ ਹੁੱਕੇ ਨੂੰ ਵੀ ਕੋਈ ਛੋਟੀ ਜਾਤ ਵਾਲੇ

ਦਾ ਹੱਥ ਲੱਗ ਜਾਂਦਾ ਤਾਂ ਉਹ ਭਿੱਟ ਗਿਆ ਸਮਝਿਆ ਜਾਂਦਾ। ਬ੍ਰਾਹਮਣ ਜਾਤੀ ਨੇ ਆਪਣੇ ਲਈ ਕੱਪੜੇ ਅਤੇ ਗਹਿਣੇ ਵੀ ਰਾਖਵੇਂ ਨੀਯਤ ਕਰ ਲਏ ਸਨ। ਸ਼ੂਦਰ ਜਾਤੀ ਲੱਕ ਤੋਂ ਉੱਪਰ ਤਨ ਨਹੀਂ ਢੱਕ ਸਕਦੇ ਸਨ। ਉਹ ਸੋਨੇ ਚਾਂਦੀ ਦੇ ਗਹਿਣੇ ਨਹੀਂ ਪਾ ਸਕਦੇ ਸਨ। ਜੁੱਤੀ ਤੇ ਛਤਰ ਦੀ ਵਰਤੋਂ ਦੀ ਵੀ ਉਨਾਂ ਨੂੰ ਆਗਿਆ ਨਹੀਂ ਸੀ। ਇੱਥੋਂ ਤੱਕ ਕੇ ਬ੍ਰਾਹਮਣਾਂ ਨੇ ਸ਼ੂਦਰ ਜਾਤੀ ਲਈ ਵੱਖਰੀ ਦੂਰੀ ਨੀਯਤ ਕੀਤੀ ਹੋਈ ਸੀ। ਸ਼ੂਦਰ ਬ੍ਰਾਹਮਣ ਤੋਂ 99 ਫੁੱਟ ਦੀ ਦੂਰੀ ਤੋਂ, ਖਤਰੀ ਤੋਂ 66 ਫੁੱਟ ਅਤੇ ਵੈਸ਼ ਤੋਂ 33 ਫੁੱਟ ਦੀ ਦੂਰੀ ਤੋਂ ਹੀ ਗੱਲ ਕਰ ਸਕਦਾ ਸੀ। ਸ਼ੁਦਰਾਂ ਨੂੰ ਅੰਨਤਿਆਜ਼ਾ, ਪਰੀਆਹਾ, ਅਛੂਤ ਆਦਿ ਨਾਵਾਂ ਨਾਲ ਜਾਣਿਆ ਜਾਂਦਾ ਸੀ। ਇਨ੍ਹਾਂ ਦਾ ਕੰਮ ਗਲੀਆਂ ਸਾਫ਼ ਕਰਨ, ਗੰਦਗੀ ਚੁੱਕਣ, ਜੁੱਤੀਆਂ ਬਣਾਉਣ ਅਤੇ ਚਮੜੇ ਰੰਗਣ ਦਾ ਸੀ। ਇਕ ਕੁੱਤਾ ਤਾਂ ਖੂਹ ’ਤੇ ਚੜ੍ਹ ਸਕਦਾ ਸੀ ਪਰ ਸ਼ੂਦਰ ਨੂੰ ਅਜਿਹਾ ਕਰਨ ਦੀ ਸਖ਼ਤ ਮਨਾਹੀ ਸੀ। ਜੇ ਉਹ ਗਲਤੀ ਨਾਲ ਚੜ੍ਹ ਵੀ ਜਾਂਦਾ ਤਾਂ ਬ੍ਰਾਹਮਣਾਂ ਵਲੋਂ ਜਾਂ ਤਾਂ ਉਸ ਨੂੰ ਮਾਰ ਦਿੱਤਾ ਜਾਂਦਾ ਜਾਂ ਦੇਸ਼ ਨਿਕਾਲਾ ਦੇ ਦਿੱਤਾ ਜਾਂਦਾ ਸੀ। ਹਨੇਰੀਆਂ ਰਾਤਾਂ ਵਿੱਚ ਉਸ ਨੂੰ ਗਲ ਵਿੱਚ ਟੱਲ ਪਾ ਕੇ ਲੰਘਣਾ ਪੈਂਦਾ ਸੀ ਤਾਂ ਦਿਨੇ ਆਪਣੇ ਆਪ ਨੂੰ ਉਚੀ-ਉਚੀ ਪੋਸ਼-ਪੋਸ਼ ਕਹਿਣਾ ਪੈਂਦਾ ਸੀ ਤਾਂ ਕਿ ਕਿਤੇ ਭੁੱਲ ਭੁਲੇਖੇ ਉਸ ਕੋਲੋ ਲੰਘ ਰਹੇ ਬ੍ਰਾਹਮਣ 'ਤੇ ਉਸ ਦਾ ਪਰਛਾਵਾਂ ਨਾ ਪੈ ਜਾਵੇ। ਸ਼ੂਦਰਾਂ ਦੀ ਜੀਵਨ ਸਥਿਤੀ ਅਜਿਹੀ ਸੀ ਕਿ ਉਹ ਆਪਣੇ ਤੋਂ ਉੱਚ ਜਾਤੀ ਵਾਲੇ ਵਿਅਕਤੀਆਂ ਦੇ ਲਾਹ ਕੇ ਸੁੱਟੇ ਹੋਏ ਕੱਪੜੇ, ਜੁੱਤੀਆਂ ਅਤੇ ਭੁੰਜੇ ਸੁੱਟੇ ਹੋਏ ਅੰਨ ਦਾ ਪ੍ਰਯੋਗ ਕਰਦੇ ਸਨ। ਮੰਦਰਾਂ ਵਿਚ ਉਹ ਪੂਜਾ ਲਈ ਨਹੀਂ ਜਾ ਸਕਦੇ ਸਨ। ਵੇਦ ਪੜ੍ਹਨ ਤੇ ਸੰਸਕ੍ਰਿਤ ਪੜ੍ਹਨ ਦੀ ਉਨ੍ਹਾਂ ਨੂੰ ਆਗਿਆ ਨਹੀਂ ਸੀ।ਵੇਦਕਾਲ ਤੋਂ ਸ਼ੂਦਰ ਅਤੇ ਅਛੂਤ ਜਾਤੀਆਂ ਨੂੰ ਬ੍ਰਹਮ-ਗਿਆਨ ਤੋਂ ਵਾਂਝਿਆਂ ਰੱਖਿਆ ਗਿਆ। ਗਿਆਰ੍ਹਵੀਂ ਸਦੀ ਈਸਵੀ ਵਿਚ ਇਕ ਸੈਲਾਨੀ ਅਲਬਰੂਨੀ ਭਾਰਤ ਵਿਚ ਆਇਆ। ਉਸ ਨੇ ਆਪਣੀ ਪੁਸਤਕ ‘Ktabul Hind Al-Berunis India. P-125, Vol-1 ਵਿਚ ਲਿਖਿਆ ਕਿ ਜੇ ਕੋਈ ਸ਼ੂਦਰ ਆਪਣੇ ਮੂੰਹ ਤੋਂ ਓਮ ਦਾ ਪਵਿੱਤਰ ਸ਼ਬਦ ਉਚਾਰਣ ਕਰਦਾ ਤਾਂ ਸ਼ੂਦਰ ਦੀ ਜੀਭ ਸਮੇਂ ਦੇ ਮੈਜਿਸਟ੍ਰੇਟ ਦੇ ਹੁਕਮ ਨਾਲ ਕੱਟ ਦਿੱਤੀ ਜਾਂਦੀ।[49] ਸਮੇਂ ਦੀਆਂ ਸਰਕਾਰਾਂ ਨੇ ਇਸ ਵਰਗ ਨਾਲ ਸਦਾ ਧੱਕਾ ਕੀਤਾ।‘ਦੇਸ਼ ਦਾ ਰਾਜਾ ਵੀ ਧਰਮ ਦੇ ਅਖੌਤੀ ਆਗੂਆਂ ਦੇ ਅਧੀਨ ਚੱਲਣ ਲਈ ਮਜ਼ਬੂਰ ਸੀ। ਧਾਰਮਿਕ ਇਤਿਹਾਸ ਦੇ ਅਤੀਤ ਵੱਲ ਝਾਤ ਮਾਰਦਿਆਂ ਉਸ ਵਿਚੋਂ ਵੱਖ-ਵੱਖ ਸਮੇਂ ਅਜਿਹੀਆਂ ਅਨੇਕਾਂ ਮਿਸਾਲਾਂ ਮਿਲਦੀਆਂ ਹਨ, ਜੋ ਪ੍ਰਮਾਣਤ ਕਰਦੀਆਂ ਹਨ ਕਿ ਵੇਦ ਮੰਤਰਾਂ ਜਾਂ ਕੁਰਾਨ ਦੀਆਂ ਆਇਤਾਂ ਦਾ ਨਾਂ ਲੈ ਕੇ ਅਤੇ ਫਤਵੇ ਦੇ ਕੇ ਕਿਸ ਕਿਸ ਨੂੰ ਮੌਤ ਦੇ ਘਾਟ ਨਹੀਂ ਉਤਾਰ ਦਿੱਤਾ ਗਿਆ। ਖੂੰਖਾਰ ਚੀਤੇ ਜਾਂ ਹਾਥੀ ਦੇ ਪੈਰਾਂ ਥੱਲੇ ਮਸਲ ਦਿੱਤਾ ਜਾਂਦਾ, ਹੱਥ ਪੈਰ ਬੰਨ੍ਹ ਕੇ ਕਿਸੇ ਨਦੀ ਨਾਲੇ ਵਿਚ ਸੁੱਟ ਦਿੱਤਾ ਜਾਂਦਾ, ਜਿੰਦਾ ਅੱਗ ਵਿਚ ਸੁਆਹ ਕਰ ਦਿੱਤਾ ਜਾਂਦਾ ਅਤੇ ਘਰ-ਘਾਟ ਸਾੜ ਕੇ ਭਸਮ ਕਰ ਦਿੱਤਾ ਜਾਂਦਾ ਸੀ।’[50]

ਦਲਿਤ ਗੁਲਾਮੀ ਵਾਲਾ ਜੀਵਨ ਜਿਊਣ ਦੇ ਆਦੀ ਬਣ ਚੁੱਕੇ ਸਨ। ਉਨ੍ਹਾਂ 'ਚ ਸਵੈ ਮਾਣ ਖਤਮ ਹੋ ਚੁੱਕਾ ਸੀ। ਹਮੇਸ਼ਾ ਹੀਣ ਭਾਵਨਾ ਮਹਿਸੂਸ ਕਰਦੇ ਹੋਏ ਨਿਮਨ ਪੱਧਰ ਦਾ ਜੀਵਨ ਜਿਊਣ ਦੇ ਉਹ ਆਦੀ ਹੋ ਗਏ ਸਨ। ਵਰਣ ਵੰਡ ਜਿਹੀ ਬੁਰਾਈ ਨੇ ਸਮਾਜ ਨੂੰ ਡੂੰਘੀ ਦਲਦਲ ਵਿੱਚ ਧੱਕ ਦਿੱਤਾ ਸੀ। ਇਸ ਜਾਤ ਵੰਡ ਨੇ ਵਿਅਕਤੀਆਂ ਨੂੰ ਆਪਸੀ ਵਿਚਾਰਾਂ ਤੋਂ, ਇਕ ਦੂਸਰੇ ਤੋਂ ਕੋਹਾਂ ਦੂਰ ਕਰ ਦਿੱਤਾ ਸੀ। ਵਰਣ ਆਸ਼ਰਮ ਆਧਾਰਿਤ ਵਿਵਸਥਾ ਉੱਤਰ ਭਾਰਤ ਵਿਚੋਂ ਪੈਦਾ ਹੋ ਕੇ ਦੱਖਣ ਭਾਰਤ ਵਿਚ ਵਧੇਰੇ ਪ੍ਰਫੁਲਤ ਹੋਈ। ਜਿੱਥੇ ਇਸ ਕੱਟੜ ਤੇ ਅਣਮਨੁੱਖੀ ਵਿਵਸਥਾ ਨੂੰ ਬ੍ਰਾਹਮਣ ਵਰਗ

ਨੇ ਫੈਲਾਇਆ ਉੱਥੇ ਇਸ ਵਿਵਸਥਾ ਨੂੰ ਵੰਗਾਰਨ ਤੇ ਚੁਣੌਤੀ ਦੇਣ ਵਾਲੇ ਵੀ ਬ੍ਰਾਹਮਣ ਆਦਿਆਰ (ਸ਼ਿਵ-ਭਗਤ) ਤੇ ਆਲਵਾਰ(ਵਿਸ਼ਨੂੰ-ਭਗਤ) ਸੰਤ ਸਨ। ਆਦਿਆਰ ਭਗਤਾਂ ਵਿਚ ਤੀਰਜੂਨਾਨਾ ਸੰਭਦਾਰ, ਸੁੰਦਰਾ ਮੂਰਤੀ, ਮਾਨੀਕਾ ਵਾਸਾਹਾਰ ਅਤੇ ਆਲਵਾਰ ਸੰਤਾਂ ਵਿਚ ਨਾਥ ਮੁਨੀ, ਨਾਬੀਆਂਦਰ ਅਤੇ ਉਮਾਪੱਤੀ ਬਾਹਮਣ ਸਨ। ਸ਼ੰਕਰ, ਰਾਮਾਨੁਜ, ਮਾਧਵ ਜਾਂ ਰਾਮਾਨੰਦ ਆਦਿ ਸੱਭ ਨੇ ਮਨੁੱਖ ਦੀ ਬਰਾਬਰੀ ਦੀ ਗੱਲ ਕੀਤੀ। ਅਜਿਹੀ ਗੁਲਾਮੀ ਤੋਂ ਦੱਬੇ ਕੁਚਲੇ, ਲਿਤਾੜੇ ਹੋਏ ਲੋਕਾਂ ਨੂੰ ਨਿਜ਼ਾਤ ਦਿਵਾਉਣ ਅਤੇ ਉਨ੍ਹਾਂ ਦਾ ਮਿਆਰ ਉੱਚਾ ਚੁੱਕਣ ਲਈ ਸਮੇਂ-ਸਮੇਂ 'ਤੇ ਪ੍ਰਚਾਰਕਾਂ, ਸੁਧਾਰਕ ਲਹਿਰਾਂ ਤੇ ਅੰਦੋਲਨਾਂ ਨੇ ਇਸ ਭਾਰਤ ਵਰਗੇ ਰੂੜੀਵਾਦੀ ਦੇਸ਼ ਵਿੱਚ ਜਨਮ ਲਿਆ ਜਿਨ੍ਹਾਂ ਵਿੱਚੋ ਭਗਤੀ ਲਹਿਰ ਪਹਿਲੀ ਸੀ। ਭਗਤੀ ਲਹਿਰ ਵਿੱਚ ਭਗਤ ਨਾਮਦੇਵ, ਭਗਤ ਰਵਿਦਾਸ, ਭਗਤ ਕਬੀਰ ਆਦਿ ਨੇ ਦਲਿਤਾਂ ਦੇ ਜੀਵਨ ਨੂੰ ਸੁਧਾਰਨ ਲਈ ਆਵਾਜ਼ ਉਠਾ ਕੇ ਮੱਹਤਵਪੂਰਨ ਯੋਗਦਾਨ ਪਾਇਆ। ਭਾਵੇਂ ਇਨ੍ਹਾਂ ਮਹਾਂਪੁਰਸ਼ਾਂ ਦਾ ਦਾਇਰਾ ਕੇਵਲ ਰੂਹਾਨੀਅਤ ਨਾਲ ਸਬੰਧਿਤ ਸੀ ਪਰ ਆਪਣੇ ਅਧਿਆਤਮਿਕ ਫ਼ਲਸਫ਼ੇ ਰਾਹੀਂ ਅਛੂਤ ਅਖਵਾਏ ਜਾਣ ਵਾਲੇ ਲੋਕਾਂ ਵਿਚ ਅਤੇ ਉਨ੍ਹਾਂ ਨਾਲ ਹੁੰਦੇ ਅਤਿਆਚਾਰਾਂ ਵਿਰੁਧ ਬਗਾਵਤ ਕਰਦਿਆਂ, ਇਨ੍ਹਾਂ ਨੇ ਉਚ ਤੇ ਨੀਵੇਂ ਦੇ ਪਾੜੇ ਦਾ ਵਿਰੋਧ ਕਰਦੇ ਹੋਏ ਦੱਬੀਆਂ ਕੁਚਲੀਆਂ ਜਾਤਾਂ ਵਿਚ ਆਤਮ ਵਿਸ਼ਵਾਸ ਪੈਦਾ ਕੀਤਾ। ਉਨ੍ਹਾਂ ਨੂੰ ਉਚ ਵਰਗ ਦੇ ਟਾਕਰੇ ਪ੍ਰਭੂ ਭਗਤੀ ਦਾ ਅਧਿਕਾਰ ਦਿੰਦਿਆ ਕਿਹਾ ਕਿ ਪ੍ਰਭੂ ਸਿਮਰਨ ਨਾਲ ਡੋਮ ਤੇ ਚੰਡਾਲ ਵੀ ਪਤਿਤ ਤੋਂ ਪੁਨੀਤ ਹੋ ਜਾਂਦੇ ਹਨ।

ਅੱਜ ਦਾ ਯੁੱਗ ਵਿਸ਼ਵੀ ਚੇਤਨਾ ਦਾ ਯੁੱਗ ਹੈ ਸਾਰਾ ਵਿਸ਼ਵ ਇਕ ਗਲੋਬਲ ਪਿੰਡ ਬਣ ਗਿਆ ਹੈ । ਸੂਚਨਾ ਅਤੇ ਤਕਨਾਲੋਜੀ ਨਾਲ ਅੱਜ ਅਸੀ ਸਾਰੇ ਸੰਸਾਰ ਨਾਲ ਜੁੜੇ ਹੋਏ ਹਾਂ ਅੱਜ ਅਸੀ ਮੀਡੀਆ ਰਾਹੀ ਸਾਰੇ ਸੰਸਾਰ ਦੀ ਖ਼ਬਰ ਰੱਖ ਸਕਦੇ ਹਾਂ ਤੇ ਆਪਣੀ ਖਬਰ ਸਾਰੇ ਸੰਸਾਰ ਤੱਕ ਪਹੁੰਚਾ ਸਕਦੇ ਹਾਂ ਪਰ ਪ੍ਰਸ਼ਨ ਇਹ ਹੈ ਕਿ ਅੱਜ ਦੇ ਡਿਜਿਟਲ ਯੁੱਗ ਵਿਚ ਪਹੁੰਚ ਕੇ ਅਸੀ ਸਾਰੇ ਇਕ ਦੂਜੇ ਨਾਲ ਸਹੀ ਅਰਥਾਂ ਵਿਚ ਕਿਸ ਪੱਧਰ ਤੇ ਜੁੜੇ ਹੋਏ ਹਾਂ ? ਇਕ ਦੂਜੇ ਦੀਆਂ ਸਮੱਸਿਆਵਾਂ ਨੂੰ ਸਮਝਦੇ ਲਈ ਅਸੀਂ ਕਿੰਨੇ ਕੁ ਜ਼ਿੰਮੇਵਾਰ ਹਾਂ? ਕੀ ਸਾਨੂੰ ਸਾਰਿਆਂ ਨੂੰ ਸਮਾਨ ਦ੍ਰਿਸ਼ਟੀ ਨਾਲ ਮਾਨ ਸਨਮਾਨ ਦੀ ਪ੍ਰਾਪਤੀ ਹੋ ਰਹੀ ਹੈ ਜੇਕਰ ਸੱਚ ਪੁਛਿਆ ਜਾਵੇ ਤਾਂ ਉੱਤਰ ਹੋਵੇਗਾ ਨਹੀਂ। ਅੱਜ ਭਾਰਤ ਹੀ ਨਹੀ ਵਿਸ਼ਵੀ ਪੱਧਰ ਤੇ ਭੇਦ-ਭਾਵ, ਨਸਲੀ-ਵਿਤਕਰੇ, ਨਸਲੀ-ਹਿੰਸਾ, ਊਚ-ਨੀਚ ਆਦਿ ਦੀਆਂ ਭਿਆਨਕ ਘਟਨਾਵਾਂ ਹਰ ਰੋਜ਼ ਵਾਪਰਦੀਆਂ ਹਨ। ਸਾਰਾ ਵਿਸ਼ਵ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਹੈ। ਇਕ ਸਮਾਜ ਦਾ ਸਪੰਨ ਵਰਗ ਅਤੇ ਇਕ ਸ਼ੋਸ਼ਿਤ ਅਤੇ ਦਲਿਤ ਵਰਗ। ਦਲਿਤ ਚੇਤਨਾ ਅੱਜ ਕੱਲ ਦਾ ਭੱਖਦਾ ਹੋਇਆ ਮੁੱਦਾ ਹੈ ਅੱਜ ਦਾ ਸਮਾਜ ਜਾਤ-ਪਾਤ ਅਤੇ ਭੇਦ ਭਾਵ ਦੀ ਅੱਗ ਵਿਚ ਜਲ ਰਿਹਾ ਹੈ ਦੇਸ਼ ਵਿਚ ਇਸ ਪ੍ਰਕਾਰ ਦੀ ਹਿੰਸਾ ਕਾਰਨ ਰੋਜ਼ ਕੋਈ ਨਾ ਕੋਈ ਆਪਣੀ ਜਾਨ ਤੋਂ ਹੱਥ ਧੋ ਬੈਠਦਾ ਹੈ। ਅੱਜ ਅਸੀਂ ਇਨ੍ਹੀ ਸੰਵੇਦਨਸ਼ੀਲ ਅਵਸਥਾ ਵਿਚ ਪੰਹੁਚ ਚੁੱਕੇ ਹਾਂ ਕਿ ਕਿਸੇ ਵੱਡੇ ਦੰਗੇ ਫ਼ਸਾਦ ਨੂੰ ਪੂਰੇ ਦੇਸ਼ ਵਿਚ ਫੈਲਾਉਣ ਨੂੰ ਜਿਆਦਾ ਸਮਾਂ ਨਹੀਂ ਲਗਦਾ ਜੋ ਸਾਡੀ ਸੋੜੀ ਸੋਚ ਦਾ ਨਤੀਜਾ ਹੈ ਪਰ ਵਿਚਾਰਯੋਗ ਹੈ ਕਿ ਗੁਰੂਆਂ-ਭਗਤਾਂ ਮਹਾਂਪੁਰਖਾਂ ਨੇ ਅੱਜ ਤੋਂ ਸੈਕੜੇ ਸਾਲ ਪਹਿਲਾਂ ਹੀ ਇਸ ਮਾੜੀ ਸੋਚ ਤੇ ਚੋਟ ਕੀਤੀ ਅਤੇ ਇਸਦਾ ਪੁਰਜੋਰ ਖੰਡਨ ਕੀਤਾ। ਗੁਰੂਆਂ ਤੇ ਭਗਤ ਮਹਾਂਪੁਰਖਾਂ ਨੇ ਕਟੱੜਤਾ ਅਤੇ ਬ੍ਰਾਹਮਣਵਾਦ ਦੇ ਭੇਦ ਭਾਵ ਵਾਲੀ ਪ੍ਰਵ੍ਰਿਤੀ ਦਾ ਖੰਡਨ ਕਰਕੇ ਮਾਨਵ ਸਮਾਜ ਨੂੰ ਏਕਤਾ ਦਾ ਪਾਠ ਪੜਾਇਆ। ਇਨ੍ਹਾਂ ਭਗਤਾਂ ਨੇ ਪ੍ਰੇਮ ਭਗਤੀ ਦੇ ਮਾਧਿਅਮ ਰਾਹੀਂ ਆਪਣੀ ਵਿਚਾਰਧਾਰਾ ਦਾ ਢਾਂਚਾ ਸਿਰਜਿਆ। ਜਦ ਕਿ ਅੱਜ ਤੋਂ ਸੈਕੜੇ ਸਾਲ਼ ਪਹਿਲਾਂ ਸਾਮੰਤੀ ਸ਼ੋਸ਼ਣ ਦੀ

ਵਿਵਸਥਾ ਅਤੇ ਅੰਧ-ਵਿਸ਼ਵਾਸਾਂ ਦੇ ਸੰਚਾਰ ਦੀ ਜੁਗਤ ਸੀ; ਮੱਹਤਵ ਦੀ ਗੱਲ ਇਹ ਹੈ ਕਿ ਭਗਤਾਂ ਨੇ ਭਗਤੀ ਦੇ ਨਵੇਂ ਸੰਕਲਪ ਅਤੇ ਪ੍ਰਯੋਜਨ ਨਾਲ, ਸਮਾਜ ਦੀ ਮੂਲਧਾਰਾ ਤੋਂ ਵੱਖਰੇ ਰੱਖੇ ਜਾਂਦੇ ਰਹੇ 'ਸ਼ੁਦਰ' ਰੂਪੀ ਕਿਰਤੀਆਂ ਦੀ ਵਿਆਪਕ ਸ਼ਮੂਲੀਅਤ ਅਤੇ ਗਤੀਸ਼ੀਲਤਾ ਲਈ ਰਾਹ ਪੱਧਰਾ ਕੀਤਾ।ਦਲਿਤ ਤੋਂ ਦਲਿਤ ਚੇਤਨਾ ਤੱਕ ਦਾ ਸਫ਼ਰ ਬਹੁਤ ਲੰਮੇ ਸਮੇਂ ਤੋਂ ਚੱਲਿਆ ਆ ਰਿਹਾ ਹੈ ਪਰ ਇਹ ਸੱਮਸਿਆ ਅਜੋਕੇ ਸਮਿਆਂ ਵਿਚ ਵੀ ਉਵੇਂ ਹੀ ਪ੍ਰਵਾਹਮਾਨ ਹੈ ।

ਭਾਰਤ ਦੇ ਬਹੁਤ ਸਾਰੇ ਹਿੱਸਿਆਂ, ਖਾਸ ਕਰਕੇ ਦੱਖਣੀ ਭਾਰਤ 'ਚ ਅਜਿਹੇ ਬਹੁਗਿਣਤੀ ਲੋਕ ਵਸਦੇ ਹਨ, ਜਿਨ੍ਹਾਂ ਨੂੰ ਅਸਾਵੀਂ ਸਮਾਜਿਕ ਵਿਵਸਥਾ ਵਿੱਚੋਂ ਉਭਰੇ ਕਥਿਤ ਉੱਚ ਵਰਗ ਨੇ ਲਗਾਤਾਰ ਨੀਵੇਂ ਪੱਧਰ ਦੇ ਕੰਮ ਲੈਂਦਿਆਂ ਅਤੇ ਆਪਣੇ ਨਾਲੋਂ ਦੂਰ ਰੱਖ ਕੇ, ਗੁਲਾਮਾਂ ਵਾਂਗ ਜਿਉਣ ਲਈ ਮਜ਼ਬੂਰ ਕਰੀ ਰੱਖਿਆ। ਅਜਿਹਾ ਜੀਵਨ ਜਿਉਣ ਵਾਲੇ ਲੋਕ ਕਈ ਜਾਤਾਂ 'ਤੇ ਆਧਾਰਿਤ ਹਨ। ਨੀਵੇਂ ਪੱਧਰ ਦਾ ਜੀਵਨ ਜਿਉਣ ਲਈ ਮਜ਼ਬੂਰ ਕੀਤੇ ਅਜਿਹੇ ਲੋਕਾਂ ਦੀਆਂ ਭਾਸ਼ਾਵਾਂ ਭਾਵੇਂ ਵੱਖ-ਵੱਖ ਹਨ ਪ੍ਰਤੂੰ ਜਿਉਣ ਦੇ ਢੰਗ ਵਿੱਚ ਕੋਈ ਫ਼ਰਕ ਨਹੀਂ।'ਭਾਰਤੀ ਪ੍ਰਸੰਗ ਵਿਚ ਦਲਿਤ ਦਾ ਸੰਕਲਪ ਭਾਵੇਂ ਅਜੋਕੇ ਸਮੇਂ ਹੀ ਹੋਂਦ ਵਿਚ ਆਇਆ ਹੈ ਪਰ ਇਸ ਦੀ ਨਿਸ਼ਾਨਦੇਹੀ ਮੁੱਖ ਤੌਰ ਤੇ ਪੁਰਾਤਨ ਕਾਲ ਤੋਂ ਪ੍ਰਚੱਲਤ ਬ੍ਰਾਹਮਣਵਾਦੀ ਜਾਤੀ-ਪ੍ਰਥਾ ਦੇ ਹਵਾਲੇ ਨਾਲ ਕੀਤੀ ਜਾਂਦੀ ਹੈ। ਇਸ ਪ੍ਰਥਾ ਦੇ ਅੰਤਰਗਤ ਮਨੁੱਖੀ ਸਮਾਜ ਨੂੰ ਜਾਤ ਦੇ ਆਧਾਰ ਉੱਤੇ ਉੱਤਮ/ਨੀਚ (ਕੁਲੀਨ/ਦਲਿਤ) ਦੀ ਦਰਜੇਬੰਦੀ ਅਨੁਸਾਰ ਵੰਡਿਆ ਜਾਂਦਾ ਰਿਹਾ ਹੈ। ਇਹ ਸਮਾਜਿਕ ਅਨਿਆਂ ਦੀ ਉਘੜਵੀਂ ਮਿਸਾਲ ਮੰਨੀ ਜਾ ਸਕਦੀ ਹੈ।ਪਰ ਦਲਿਤ ਜਾਂ ਦਮਿਤ ਮਨੁੱਖ ਦਾ ਇਹ ਸੰਕਲਪ ਅੱਜ ਸਿਰਫ਼ ਭਾਰਤੀ ਸਮਾਜ ਤਕ ਸੀਮਿਤ ਨਹੀਂ ਸਗੋਂ ਵਿਸ਼ਵ-ਵਿਆਪੀ ਅਰਥ ਗ੍ਰਹਿਣ ਕਰ ਗਿਆ ਹੈ। ਜਦੋਂ ਅਸੀਂ ਦੁਨੀਆਂ ਦੇ ਸਮਕਾਲੀ ਦ੍ਰਿਸ਼ ਉੱਤੇ ਨਜ਼ਰ ਮਾਰਦੇ ਹਾਂ ਤਾਂ ਮਨੁੱਖ ਦੀ ਦਲਿਤ ਸਥਿਤੀ ਦੇ ਇਸੇ ਕਿਸਮ ਦੇ ਅਨੇਕਾਂ ਪ੍ਰਮਾਣ ਮਿਲ ਜਾਂਦੇ ਹਨ। ਦੁਨੀਆਂ ਦੇ ਕੋਨੇ ਕੋਨੇ ਉੱਤੇ ਵਸੇ ਹੋਏ ਸਮੂਹ ਮਨੁੱਖੀ ਭਾਈਚਾਰੇ ਅੱਜ ਵਿਕਸਿਤ ਸਰਮਾਏਦਾਰੀ ਅਰਥ-ਵਿਵਸਥਾ ਤੋਂ ਪ੍ਰਭਾਵਿਤ ਹਨ। ਇਸ ਨਵ-ਵਿਕਸਿਤ ਵਿਸ਼ਵ-ਵਿਵਸਥਾ ਨੇ ਸ਼ੋਸਣ, ਦਮਨ, ਵਿਤਕਰੇ ਅਤੇ ਅਨਿਆਂ ਦੇ ਅਨੇਕਾਂ ਨਵੇਂ ਢੰਗ ਤਰੀਕੇ ਈਜਾਦ ਕਰ ਲਏ ਹਨ। ਗੁਰਬਾਣੀ ਦਾ ਪਾਠ-ਪ੍ਰਬੰਧ ਅਤੇ ਪ੍ਰਵਚਨ ਵੀ ਕੁਝ ਇਸੇ ਕਿਸਮ ਦੀਆਂ ਸਥਿਤੀਆਂ ਦੇ ਰੂ-ਬ-ਰੂ ਹੋ ਕੇ ਆਪਣਾ ਬੋਲ ਉਚਾਰਦਾ ਹੈ।'[51]

ਗੁਰਬਾਣੀ ਦਲਿਤ/ਦਮਿਤ, ਦੱਬੇ-ਕੁਚਲੇ, ਲਤਾੜੇ ਲੋਕਾਂ ਦੇ ਹੱਕ, ਨਿਆਂ ਅਤੇ ਸੱਚ ਦੀ ਖਾਤਿਰ ਕ੍ਰਾਂਤੀਕਾਰੀ ਸੰਵਾਦ ਸਿਰਜਦੀ ਹੈ:

ਨੀਚਾ ਅੰਦਿਰ ਨੀਚ ਜਾਤਿ ਨੀਚੀ ਹੂ ਅਤਿ ਨੀਚ॥
ਨਾਨਕ ਤਿਨ ਕੇ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥[52]

ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਦੀ ਪ੍ਰਤੀਬੱਧਤਾ ਤੇ ਨਿਸ਼ਠਾ ਇਸ ਨਿਮਾਣੇ ਤੇ ਨਿਆਸਰੇ ਵਰਗ ਦੇ ਨਾਲ ਹੈ। ਇਸੇ ਲਈ ਸਮੁੱਚੇ ਗੁਰਬਾਣੀ ਪ੍ਰਵਚਨ ਵਿਚ ਇਸ ਵਰਗ ਪ੍ਰਤੀ ਸੁਹਿਰਦ ਭਰੇ ਵਰਤਾਉ ਅਤੇ ਬਰਾਬਰਤਾ ਦੇ ਸੰਕਲਪ ਦੀ ਗੂੰਜ

ਸੁਣਾਈ ਦਿੰਦੀ ਹੈ। ਗੁਰਮਤਿ ਅਨੁਸਾਰ ਜਾਤਿ ਕੇਵਲ ਕਰਮਾਂ ਅਨੁਸਾਰ ਹੈ, ਜਨਮ ਨਾਲ ਇਸਦਾ ਕੋਈ ਸੰਬੰਧ ਨਹੀਂ। 'ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ'[53] ਦੇ ਗੁਰੁ-ਵਾਕ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਤਾਂ ਉਪਦੇਸ਼ ਸਰਬ-ਸਾਂਝਾ ਹੈ ਕਿਉਂ ਜੁ ਸਭ ਮਨੁੱਖ ਇਕੋ ਪਰਮਾਤਮਾ ਦੀ ਸਿਰਜਨਾ ਹਨ। ਸਭ ਸਮਾਨ ਹਨ।'ਸਭੇ ਸਾਂਝੀਵਾਲ ਸਦਾਇਨ ਤੂੰ ਕਿਸੇ ਨ ਦਿਸੈ ਬਾਹਰਾ ਜੀਉ'[54] ਗੁਰੂ-ਵਾਕ ਇਕ ਪਰਮਾਤਮਾ ਦੀ ਇਕੋ ਜਿਹੀ ਸੰਤਾਨ ਦਾ ਪ੍ਰਤੀਮਾਨ ਸਿਰਜ ਕੇ ਸਮੂਹ ਜਨ ਨੂੰ ਸਭ ਵੈਰ-ਵਿਰੋਧ ਮਿਟਾ ਕੇ ਇਕ ਇਨਸਾਨੀਅਤ ਨੂੰ ਧਾਰਨ ਕਰਨ ਦਾ ਸ਼ੰਦੇਸ ਦਿੰਦੀ ਹੈ। ਅਸਲ ਵਿਚ ਉਸ ਸਮੇਂ ਦੀ ਸਭ ਤੋਂ ਵੱਡੀ ਸਮੱਸਿਆ ਹੀ ਇਹ ਸੀ ਕਿ ਬ੍ਰਹਮ ਦੀਆਂ ਅਨੇਕਾਂ ਵੰਡੀਆਂ ਪਾਈਆਂ ਹੋਈਆਂ ਸਨ। ਨਿਰਸੰਦੇਹ ਮਾਨਵ-ਸਮਾਜ ਵੀ ਵੰਡੀਆਂ ਵਿਚ ਲੀਰੋ-ਲੀਰ ਹੋ ਗਿਆ। ਗੁਰਬਾਣੀ ਚਿੰਤਨ ਨੇ ਤਾਰਕਿਕ ਪੱਧਰ ਤੇ 'ਬ੍ਰਹਮ' ਦੀ ਏਕਤਾ ਨੂੰ ਸਥਾਪਿਤ ਕਰ ਦਿੱਤਾ। 'ਸਰਬੇ ਏਕ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ' [55] ਅਤੇ 'ਸਭਨਾ ਜੀਆ ਕਾ ਇਕ ਦਾਤਾ ਸੋ ਮੈ ਵਿਸਰ ਨਾ ਜਾਈ'[56] ਦੀ ਅੰਤਰਦ੍ਰਿਸ਼ਟੀ ਦੁਆਰਾ ਦਮਨ ਤੇ ਸ਼ੋਸ਼ਣ ਨੂੰ ਸਹਿੰਦੀ ਲੋਕਾਈ ਨੂੰ ਮਾਨਵੀ-ਏਕਤਾ ਦੇ ਸੂਤਰ ਵਿਚ ਬੱਝਣ ਦਾ ਉਪਰਾਲਾ ਕੀਤਾ। ਗੁਰੂ ਅਮਰਦਾਸ ਜੀ 'ਮਾਟੀ ਏਕ ਸਗਲ ਸੰਸਾਰਾ' ਤੇ 'ਬਹੁ ਬਿਧਿ ਭਾਂਡੇ ਘੜੇ ਕੁਮ੍ਹਾਰਾ' ਦਾ ਦ੍ਰਿਸ਼ਟਾਂਤ ਦੇ ਕੇ ਸਪਸ਼ਟ ਕਰਦੇ ਹਨ :

ਜਾਤਿ ਕਾ ਗਰੁਬ ਨ ਕਰੀਅਹੁ ਕੋਈ॥
ਬ੍ਰਹਮ ਬਿੰਦੇ ਸੋ ਬ੍ਰਾਹਮਣ ਹੋਈ॥
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥
ਇਸ ਗਰਬੁ ਤੇ ਚਲਹਿ ਬਹੁਤ ਵਿਕਾਰਾ॥ ਰਹਾਉ॥
ਚਾਰੇ ਵਰਨ ਆਖੈ ਸਭੁ ਕੋਈ। ਬ੍ਰਹਮ ਬਿੰਦ ਤੇ ਸਭ ਓਪਤਿ ਹੋਈ॥
ਮਾਟੀ ਏਕ ਸਗਲ ਸੰਸਾਰਾ॥ ਬਹੁ ਬਿਧਿ ਭਾਂਡੇ ਘੜੇ ਕੁਮ੍ਹਾਰਾ॥ [57]

ਗੁਰਬਾਣੀ ਦੇ ਰਚਨਹਾਰਿਆਂ ਨੇ ਆਪਣੀ ਉੱਚ ਆਤਮਿਕਤਾ ਅਵਸਥਾ ਕਾਰਨ ਇਕ ਆਮ ਮਨੁੱਖ ਨੂੰ ਵੀ ਉਸ ਉਚੇਰੀ ਅਵੱਸਥਾ ਤੇ ਲਿਆ ਕੇ ਖੜਾ ਦਿੱਤਾ ਜਿਸ ਦੇ ਦਰਵਾਜੇ ਹਿੰਦੂ ਬ੍ਰਾਹਮਣਵਾਦੀਆਂ ਲਈ ਹੀ ਖੁਲ੍ਹਦੇ ਸਨ। ਬਾਣੀਕਾਰਾਂ ਨੇ ਸਮਾਜ ਵਿਚ ਸ਼ੋਸ਼ਿਤ ਵਰਗ ਵਲ ਆਪਣਾ ਪ੍ਰੇਮ ਭਰਿਆ ਹੱਥ ਵਧਾਇਆ ਅਤੇ ਭੇਦ-ਭਾਵ ਨਾਲ ਚੀਰੇ ਦਿਲਾਂ ਤੇ ਭਗਤੀ ਰੂਪੀ ਪ੍ਰੇਮ ਦਾ ਮਲਹਮ ਲਗਾਇਆ। ਭਗਤ ਕਬੀਰ ਜੀ ਦਾ ਵੀ ਇਹ ਫੁਰਮਾਨ ਵਿਸ਼ਵ-ਏਕਤਾ ਤੇ ਵਿਸ਼ਵੀ ਭਾਈਚਾਰੇ ਦਾ ਪ੍ਰਤੀਕ ਬਣ ਕੇ ਬੰਧਨ-ਮੁਕਤ ਸਮਾਜ ਦੀ ਸਿਰਜਨਾ ਦਾ ਸੁਨੇਹਾ ਦਿੰਦਾ ਹੈ:

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥ [58]

ਭਗਤ ਨਾਮ ਦੇਵ ਜੀ ਸਾਰੀ ਮਾਨਵਤਾ ਨੂੰ ਇਕ ਪ੍ਰਭੂ ਪਰਮਾਤਮਾ ਦਾ ਅੰਸ਼ ਦਸਦੇ ਹਨ। ਭਗਤ ਬਾਣੀ ਮੱਧ-ਕਾਲ ਦੇ ਸਮੇਂ ਵਿਚ ਸੰਕਲਿਤ ਅਜੋਕੀ ਦਲਿਤ-ਚੇਤਨਾ ਦਾ ਅਨਮੋਲ ਵਿਰਸਾ ਹੈ। ਭਗਤ ਗੁਰੂਆਂ ਨੇ ਸਮੁੱਚੀ ਮਾਨਵਤਾ ਨੂੰ ਇਕੋ ਪਰਮਾਤਮਾ ਦੀ ਸੰਤਾਨ ਹੋਣ ਦੇ ਮਾਣ ਦਾ ਬੋਧ ਕਰਵਾਇਆ ਅਤੇ ਜਾਤ-ਪਾਤ, ਭੇਦ-ਭਾਵ ਅਤੇ ਵਰਣ ਵਿਵਸਥਾ ਦਾ ਪੁਰਜੋਰ ਖੰਡਨ ਕੀਤਾ। ਆਪ ਸਭ ਘਟਾ ਵਿਚ, ਜੜ-ਚੇਤਨ ਵਿਚ ਪਰਮਾਤਮਾ ਦੀ ਦਿਵਯ ਚੇਤਨਾ ਦੇ ਵਾਸ ਬਾਰੇ ਦਸਦੇ ਹਨ :

ਏਕਲ ਮਾਟੀ ਕੁੰਜਰ ਚੀਂਟੀ ਭਾਜਨ ਹੈ ਬਹੁ ਨਾਨਾ ਰੇ
ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ।[59]

ਇਨ੍ਹਾਂ ਭਗਤਾਂ ਨੇ ਏਕਸ਼ਵਰਵਾਦ ਸਿਧਾਂਤ ਦਾ ਪ੍ਰਚਾਰ ਕੀਤਾ। ਉਨ੍ਹਾਂ ਦੇ ਦ੍ਰਿਸ਼ਟੀਕੋਣ ਅਨੁਸਾਰ ਇਕ ਦੂਜੇ ਨਾਲ ਭੇਦ-ਭਾਵ ਕਰਨਾ ਸਭ ਵਿਅਰਥ ਹੈ। ਅਸਲੀ ਜੀਵਨ ਲਕਸ਼ ਤਾਂ ਜਾਤ-ਪਾਤ ਤੋਂ ਉਚੇਰਾ ਹੋ ਕੇ ਹਰੀ ਦੇ ਨਾਮ ਵਿਚ ਰੰਗੇ ਜਾਣ ਦਾ ਹੈ। ਭਗਤ ਨਾਮਦੇਵ ਜੀ ਲਿਖਦੇ ਹਨ :-

ਕਹਾ ਕਰਉ ਜਾਤੀ ਕਹਾ ਕਰਉ ਪਾਤੀ॥
ਰਾਮ ਕੋ ਨਾਮੁ ਜਪਉ ਦਿਨ ਰਾਤੀ॥[60]

ਗੁਰਬਾਣੀ ਦਾ ਕ੍ਰਾਂਤੀਕਾਰੀ ਸੰਵਾਦ ਜਾਤੀ-ਪ੍ਰਥਾ ਜਾਂ ਵਰਣ-ਵਿਵਸਥਾ ਦੇ ਪਰੰਪਰਾਗਤ ਮਾਡਲ ਨੂੰ ਰੱਦ ਕਰ ਦਿੰਦਾ ਹੈ ਅਤੇ ਮਨੁੱਖਤਾ ਦੀ ਭਲਾਈ ਦਾ ਸੰਕਲਪ ਸਥਾਪਿਤ ਕਰਦਾ ਹੈ। ਇਸ ਵਿਵੱਸਥਾ ਵਿਚ ਜਿੱਥੇ ਜਾਤਿ ਦੀ ਥਾਂ ਜੋਤਿ ਦਾ ਮਹੱਤਵ ਉੱਭਰ ਕੇ ਸਾਹਮਣੇ ਆਉਂਦਾ ਹੈ ਉੱਥੇ ਸ਼ੁਭ-ਅਮਲਾਂ ਤੇ ਕਰਮਾਂ ਨਾਲ ਬਣੇ ਸੁਹਿਰਦ ਮਾਨਵ ਨੂੰ ਸਰਵ-ਸ੍ਰੇਸ਼ਟ ਸਾਬਤ ਕੀਤਾ ਗਿਆ ਹੈ। ਜਿਵੇਂ ਇਹ ਪੰਕਤੀਆਂ ਤੋਂ ਸਪਸ਼ਟ ਹੁੰਦਾ ਹੈ:

ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥[61]

ਸ਼ੁਭ ਅਮਲਾਂ ਤੇ ਜ਼ੋਰ ਦਿੰਦੇ ਹੋਏ ਗੁਰੂ ਨਾਨਕ ਸਾਹਿਬ ਜੀ ਵਿਚਾਰਦੇ ਹਨ:

ਅਗੈ ਜਾਤਿ ਨ ਜੋਰਿ ਹੈ ਅਗੈ ਜੀਉ ਨਵੇ।
ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ॥[62]

'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਕਿਸੇ ਇਕ ਧਰਮ ਦੇ ਪੈਰੋਕਾਰ ਜਾਂ ਜਨ-ਸਮੂਹ ਦੀ ਜਾਤ ਨੂੰ ਵਡਿਆਇਆ ਨਹੀਂ ਗਿਆ। ਹਰ ਜਾਤ ਦੀ ਇੱਜ਼ਤ ਹੈ; ਹਰ ਧਰਮ ਦੀ ਮਾਣ ਹੈ ਜੋ ਨੇਕ ਕਰਮਾਂ ਤੇ ਸ਼ੁਭ ਅਮਲਾਂ ਦਾ ਪਾਲਣ ਕਰਦੇ ਹਨ।

ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ॥
ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥[63]

ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨੀ॥
ਤੂੰ ਸਾਹਿਬ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ॥[64]

ਗੁਰਬਾਣੀ ਅਨਸਾਰ ਨੀਚ ਜਾਂ ਕੁਜਾਤ ਉਹ ਹੈ ਜੋ ਪ੍ਰਭੂ ਨੂੰ ਭੁਲਾ ਦਿੰਦਾ ਹੈ। ਜੋ ਪ੍ਰਭੂ ਦੇ ਸਿਮਰਨ ਨੂੰ ਵਿਸਾਰ ਕੇ ਵਿਸ਼ੇ-ਵਿਕਾਰਾਂ ਵਿਚ ਗ੍ਰਸਤ ਜੋ ਜਾਂਦਾ ਹੈ। ਗੁਰੂ ਨਾਨਕ ਸਾਹਿਬ ਦੇ ਬਚਨ ਹਨ:

ਖਸਮ ਵਿਸਾਰਹਿ ਤੇ ਕਮਜਾਤਿ
ਨਾਨਕ ਨਾਵੈ ਬਾਝ ਸਨਾਤਿ॥[65]

ਗੁਰੂ ਅਮਰਦਾਸ ਜੀ ਵੀ ਇਸ ਮੱਤ ਦੀ ਪ੍ਰੋੜਤਾ ਕਰਦੇ ਹਨ:

ਭਗਤਿ ਰਤੇ ਸੇ ਊਤਮਾ ਜਤਿ ਪਤਿ ਸਬਦੈ ਹੋਇ
ਬਿਨ ਨਾਵੈ ਸਭ ਨੀਚ ਜਾਤਿ ਹੈ ਬਿਸਟਾ ਕਾ ਕੀੜਾ ਹੋਇ॥[66]

ਗੁਰੂ ਰਾਮਦਾਸ ਜੀ ਇਸ ਸੰਵਾਦ ਨੂੰ ਵਿਭਿੰਨ ਇਤਿਹਾਸਕ ਤੇ ਮਿਥਿਹਾਸਕ ਦ੍ਰਿਸ਼ਟਾਂਤਾਂ ਰਾਹੀਂ ਦ੍ਰਿੜ ਕਰਦੇ ਸਪਸ਼ਟ ਕਰਦੇ ਹਨ:

ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ॥
ਪੂਛਹੁ ਬਿਦਰੁ ਦਾਸੀ ਸੁਤੈ ਕਿਸਨੁ ਉਤਰਿਆ ਘਰ ਜਿਸ ਜਾਇ॥
ਰਵਿਦਾਸ ਚਮਾਰੁ ਉਸਤਤਿ ਕਰੈ ਹਰਿ ਕੀਰਤਿ ਨਿਮਖ ਇਕ ਗਾਇ॥
ਪਤਿਤ ਜਾਤਿ ਉਤਮੁ ਭਇਆ ਚਾਰ ਵਰਣ ਪਏ ਪਗਿ ਆਇ॥
ਨਾਮਦੇਅ ਪ੍ਰੀਤ ਲਗੀ ਹਰਿ ਸੇਤੀ ਲੋਕ ਛੀਪਾ ਕਹੈ ਬੁਲਾਇ॥
ਖਤ੍ਰੀ ਬ੍ਰਾਹਮਣ ਪਿਠਦੇ ਛੋਡੈ, ਹਰਿ ਨਾਮਦੇਉ ਲੀਆ ਮੁਖ ਲਾਇ॥
ਜਿਤਨੇ ਭਗਤ ਹਰਿ ਸੇਵਕਾ ਮੁਖ ਅਠਿ ਸਠਿ ਤੀਰਥ ਤਿਨ ਤਿਲਕ ਕਢਾਇ॥
ਜਨ ਨਾਨਕ ਤਿਨ ਕਉ ਅਨੁਦਿਨੁ ਪਰਸੇ ਜੇ ਕ੍ਰਿਪਾ ਕਰੈ ਹਰਿ ਰਾਇ॥[67]

ਇਸ ਤਰ੍ਹਾਂ ਗੁਰਬਾਣੀ 'ਸੋ ਬ੍ਰਾਹਮਣ ਬ੍ਰਹਮ ਜੋ ਬਿੰਦੈ ਹਰਿ ਸੇਤੀ ਰੰਗ ਰਾਤਾ'[68] ਦਾ ਪ੍ਰਵਚਨ ਪੇਸ਼ ਕਰਕੇ ਪ੍ਰਭੂ-ਪ੍ਰੀਤਮ ਨਾਲ ਜੋੜਦਾ ਹੈ। ਜਦੋਂ ਮਨੁੱਖ ਪ੍ਰਭੂ ਨਾਲ ਜੁੜ ਜਾਂਦਾ ਹੈ ਤਾਂ ਸੁਤੇ-ਸਿੱਧ ਉਸ ਦੀ ਸਿਰਜੀ ਕਾਇਨਾਤ ਤੇ ਹਸਤੀ

ਨਾਲ ਅਭੇਦ ਹੋ ਜਾਂਦਾ ਹੈ। ਸਭ ਵਿਤਕਰੇ ਮਿੱਟ ਜਾਂਦੇ ਹਨ। ਗੁਰਬਾਣੀ ਨੇ ਬ੍ਰਾਹਮਣ ਵਰਗ ਨੂੰ ਚੁਣੌਤੀ ਦੇ ਕੇ ਬ੍ਰਾਹਮਣ ਦੀ ਨਵੀਂ ਪਰਿਭਾਸ਼ਾ ਨਿਸਚਿਤ ਕੀਤੀ ਹੈ। ਸਮੁੱਚੇ ਵਰਗਾਂ ਨੂੰ ਬ੍ਰਾਹਮਣ ਬਣਨ ਦਾ ਰਾਹ ਦੱਸਿਆ ਹੈ:

ਸੋ ਬ੍ਰਹਮਣ ਜੋ ਬਿੰਦੈ ਬ੍ਰਹਮ।ਜਪੁ ਤਪੁ ਸੰਜਮੁ ਕਮਾਵੈ ਕਰਮੁ॥
ਸੀਲ ਸੰਤੋਖ ਕਾ ਰਖੈ ਧਰਮੁ। ਬੰਧਨ ਤੋੜੈ ਹੋਵੈ ਮੁਕਤ॥
ਸੋਈ ਬ੍ਰਹਮਣੁ ਪੂਜਣ ਜਗਤੁ॥[69]

ਭਗਤ ਕਬੀਰ ਬੜੇ ਵਿਅੰਗ ਤੇ ਤਰਕ ਭਰਪੂਰ ਢੰਗ ਨਾਲ ਇਸ ਸੰਵਾਦ ਨੂੰ ਤਿੱਖਾ ਕਰਦੇ ਹਨ। ਭਗਤ ਕਬੀਰ-ਬਾਣੀ ਇਨ੍ਹਾਂ ਜ਼ਾਤਾਂ ਪਾਤਾਂ ਦਾ ਖੰਡਨ ਕਰਦੀ ਫੁਰਮਾਨ ਕਰਦੀ ਹੈ ਕਿ ਸਾਡੇ ਸਰੀਰਾਂ ਵਿਚ ਵੀ ਉਨ੍ਹਾਂ ਵਾਂਗ ਖ਼ੂਨ ਗਰਦਸ਼ ਕਰਦਾ ਹੈ, ਉਨ੍ਹਾਂ ਅੰਦਰ ਕੋਈ ਦੁੱਧ ਜਾਂ ਅੰਮ੍ਰਿਤ ਦਾ ਪ੍ਰਵਾਹ ਨਹੀਂ। ਭਗਤ ਮਹਾਂਪੁਰਖਾਂ ਨੇ ਜਨਮ ਅਧਾਰਿਤ ਊਚ-ਨੀਚ ਦੇ ਭੇਦਭਾਵ ਦੀਆਂ ਜੜ੍ਹਾਂ ਤੇ ਸਿੱਧਾ ਪ੍ਰਹਾਰ ਕਰਦਿਆਂ ਤਰਕਯੁਕਤ-ਸਿਧਾਂਤਕ ਪੱਧਰ ਤੇ ਸੁਆਲ ਉਠਾਇਆ ਕਿ ਕੋਈ ਜਨਮ ਤੋ ਬ੍ਰਾਹਮਣ ਕਿਵੇਂ ਹੋ ਜਾਂਦਾ ਹੈ ਜਦ ਕਿ ਮਾਂ ਦੇ ਗਰਭ ਵਿਚ ਕਿਸੇ ਨੂੰ ਕੁਲ ਅਤੇ ਜਾਤ ਦਾ ਗਿਆਨ ਨਹੀਂ ਹੁੰਦਾ ਅਤੇ ਸਭ ਮਾਂ ਦੇ ਗਰਭ ਰਾਹੀਂ ਹੀ ਜਨਮ ਲੈਂਦੇ ਹਨ ਤਾਂ ਫਿਰ ਪੈਦਾ ਹੁੰਦਿਆ ਹੀ ਕੋਈ ਬ੍ਰਾਹਮਣ ਜਾਂ ਸ਼ੂਦਰ ਕਿਵੇਂ, ਇਕੋ ਜਿਹੀ ਜਨਮ-ਪ੍ਰਕਿਆ, ਇਕੋ ਜਿਹੀ ਸਰੀਰ ਸੰਰਚਨਾ ਤੇ ਫਿਰ ਬ੍ਰਾਹਮਣ, ਸ਼ੂਦਰ ਦਾ ਅੰਤਰ ਕਿਵੇਂ?

ਗਰਭ ਵਾਸ ਮਹਿ ਕੁਲ ਨਹੀ ਜਾਤੀ
ਬ੍ਰਹਮ ਬਿੰਦ ਤੇ ਸਭ ਉਤਪਾਤੀ
ਕਹੁ ਰੇ ਪੰਡਿਤ! ਬਾਮਨ ਕਬਕੇ ਹੋਏ॥
ਬਾਮਨ ਕਹਿ ਕਹਿ ਜਨਮ ਮਤ ਖੋਏ॥
ਜੌ ਤੂੰ ਬ੍ਰਾਹਮਣ ਬ੍ਰਹਮਣੀ ਜਾਇਆ॥
ਤਉ ਆਨ ਬਾਟ ਕਾਹੇ ਨਹੀ ਆਇਆ॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ॥
ਹਮ ਕਤ ਲਹੂ ਤੁਮ ਕਤ ਦੂਧ॥
ਕਹੁ ਕਬੀਰ ਜੋ ਬ੍ਰਹਮ ਬੀਚਾਰੈ
ਸੋ ਬ੍ਰਹਮਣ ਕਹੀਅਤ ਹੈ ਹਮਾਰੈ॥[70]

ਗੁਰਬਾਣੀ ਦਾ ਪ੍ਰਵਚਨ ਸ਼ੋਸ਼ਣ ਅਤੇ ਦਮਨ ਦੇ ਵਿਰੋਧ ਵਿਚ ਰੂਹਾਨੀ ਵਿਵੇਕ ਅਤੇ ਨੈਤਿਕ ਚੇਤੰਨਤਾ ਨੂੰ ਸਥਾਪਿਤ ਕਰਦਾ ਹੈ। ਜਦੋਂ ਸਮੂਹ ਜਨ-ਜਾਤੀ ਨੂੰ ਆਪਣੇ ਅੰਦਰ ਵਸੀ ਜੋਤਿ ਦਾ ਪ੍ਰਕਾਸ਼ ਹੋਵੇਗਾ ਤਾਂ ਪ੍ਰਚਲਿਤ ਰੰਗ-ਭੇਦ ਅਤੇ ਨਸਲੀ-

ਉਤਮਤਾ ਦੇ ਸਾਰੇ ਮਾਡਲ ਫੇਲ ਹੋ ਜਾਣਗੇ। ਵੰਡੀਆਂ ਤੇ ਨਾਬਰਾਬਰੀਆਂ ਦਾ ਮਾਹੌਲ ਖ਼ਤਮ ਹੋ ਜਾਵੇਗਾ ਤੇ ਮਨੁੱਖ ਨੂੰ ਮਨੁੱਖ ਵੱਲ ਵੇਖਣ ਦਾ ਵੱਲ ਆਵੇਗਾ।

'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਵਹਾਰਿਕ ਧਰਮ ਹੈ। ਜੋ ਮਨ, ਬਚਨ ਤੇ ਕਰਮ ਦੀ ਏਕਤਾ ਤੇ ਜ਼ੋਰ ਦਿੰਦਾ ਹੈ। ਇਸ ਵਿਚਲਾ ਉਪਦੇਸ਼ ਸਿਰਫ਼ ਉਪਦੇਸ਼ ਮਾਤਰ ਨਹੀਂ ਸਗੋਂ ਇਸਦੇ ਸਮੁਚੇ ਪ੍ਰਸੰਗਾਂ ਤੇ ਸੰਪਾਦਨਾ-ਪ੍ਰਬੰਧ ਵਿਚੋਂ ਜਨ-ਕਲਿਆਣ ਝਲਕਦਾ ਹੈ ਅਤੇ ਸਾਂਝੀਵਾਲਤਾ ਦ੍ਰਿਸ਼ਟੀਗੋਚਰ ਹੁੰਦੀ ਹੈ। ਭਾਈਚਾਰਕ-ਏਕਤਾ ਨੂੰ ਬੱਲ ਮਿਲਦਾ ਹੈ। ਗੁਰਬਾਣੀ ਜਾਤਿ-ਪਾਤਿ ਨੂੰ ਨਕਾਰਦੀ ਹੀ ਨਹੀਂ, ਸਗੋਂ ਆਪਣੇ ਸਮੁੱਚੇ-ਸਿਸਟਮ ਵਿਚ ਜਾਤਿ-ਪਾਤਿ ਨੂੰ ਸਰਵਉੱਚ ਸਥਾਨ ਬਖਸ਼ਦੀ ਹੈ।'ਇਸ ਪਾਵਨ-ਗ੍ਰੰਥ ਦਾ ਗਹਿਰ ਗੰਭੀਰ ਅਧਿਐਨ ਕਰਨ ਵਾਲੀ ਮਾਨਵ-ਸੋਚ, ਇਹ ਜਾਣ ਕੇ ਦੰਗ ਰਹਿ ਜਾਂਦੀ ਹੈ ਕਿ ਇਸ ਵਿਚ ਸਮਸਤ ਮਾਨਵ-ਸੰਸਾਰ ਦੀ ਸੰਸਕ੍ਰਿਤੀ ਭਾਰਤ ਦੀਆਂ ਚਹੁੰ-ਦਿਸ਼ਾਵਾਂ ਨਾਲ ਸੰਬੰਧਿਤ ਅਤੇ ਊਚ ਨੀਚ ਸਮਝੇ ਜਾਂਦੇ ਬਾਣੀਕਾਰਾਂ ਦੇ ਰੱਬੀ ਬੋਲ, ਵੱਖ-ਵੱਖ ਬੋਲੀਆਂ ਵਿਚ ਪ੍ਰਾਪਤ ਹੁੰਦੇ ਹਨ।'[71] ਮਹਾਂਪੁਰਖਾਂ ਵਿਚ 6 ਗੁਰੂ ਸਾਹਿਬਾਨ, 15 ਭਗਤ, 11 ਭੱਟ ਅਤੇ 4 ਗੁਰੂ ਘਰ ਦੇ ਸ਼ਰਧਾਲੂ ਹਨ। ਭਗਤਾਂ ਵਿਚ ਹਿੰਦੂ ਵੀ ਹਨ ਓਤੇ ਮੁਸਲਮਾਨ ਵੀ। ਉੱਚੀਆਂ ਜਾਤਾਂ ਵਾਲੇ ਪੁਰਖ ਅਤੇ ਨੀਵੀਆਂ ਜਾਤਾਂ ਵਾਲੇ ਪੁਰਖ ਵੀ ਸਾਮਲ ਹਨ। ਗ੍ਰੰਥ ਦੀ ਸੰਕਲਪਨਾ ਤੇ ਸੰਪਾਦਨਾ ਵਰਗਾਂ ਤੇ ਵੰਡਾਂ ਨੂੰ ਖ਼ਤਮ ਕਰਕੇ ਇਕ ਸਮਾਨਭਾਵੀ ਸਮਾਜ ਦੇ ਨਿਰਮਾਣ ਲਈ ਵਚਨਬੱਧ ਹੈ। ਅਰਥਾਤ ਗੁਰੂ ਸਾਹਿਬਾਨ ਵਰਗਾਂ, ਵਰਣਾਂ ਤੇ ਜਾਤਾਂ, ਬਰਾਦਰੀਆਂ ਵਿਚ ਵੰਡੇ ਹੋਏ ਮਨੁੱਖ ਨੂੰ ਉਸਦੀ ਅਸਲੀਅਤ ਤੋਂ ਜਾਣੂ ਕਰਵਾ ਕੇ ਅਸਲੀਅਤ ਨਾਲ ਜੋੜਨ ਦਾ ਕਰਮ ਨਿਭਾਉਂਦੇ ਹਨ। ਗੁਰੂ ਸਾਹਿਬਾਨ ਦੀ ਸੋਚ ਕਿਸੇ ਵੀ ਖੇਤਰੀ, ਰਾਸ਼ਟਰੀ ਜਾਂ ਅੰਤਰਰਾਸ਼ਟਰੀ ਸੀਮਾ ਜਾਂ ਸਰਹੱਦ ਨੂੰ ਸਵੀਕਾਰਦੀ ਨਹੀਂ ਬਲਿਕ ਉਹ ਤਾਂ ਭਾਈਵਾਲਤਾ ਜਾਂ ਸਾਂਝੀਵਾਲਤਾ ਦੇ ਸੰਦੇਸ਼ ਦਾ ਸੰਚਾਰ ਕਰਦੇ ਹਨ, ਜੋ ਹਰ ਸੀਮਾ ਨੂੰ ਉਲੰਘ ਸਕੇ। 'ਸ੍ਰੀ ਗੁਰੂ ਗ੍ਰੰਥ ਸਾਹਿਬ' ਨਾ ਕੇਵਲ ਹਰੇਕ ਧਰਮ ਜਾਂ ਉਸਦੇ ਸ਼ਰਧਾਲੂਆਂ ਦੀ ਜਾਤ ਪ੍ਰਤੀ ਸਹਿਣਸ਼ੀਲ ਹਨ ਸਗੋਂ ਉਨ੍ਹਾਂ ਦੇ ਖੇਤਰ ਤੇ ਉੱਥੋਂ ਦੀ ਭਾਸ਼ਾ ਪ੍ਰਤੀ ਵੀ ਸਹਿਣਸ਼ੀਲ ਹਨ। ਇਸ ਵਿਚ ਕੋਈ ਸ਼ਕ ਨਹੀਂ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਪ੍ਰਮੁੱਖ ਭਾਸ਼ਾ ਭਾਵੇਂ ਪੰਜਾਬੀ ਦੇ ਰੂਪ ਹਨ ਜੋ ਸੰਤ ਭਾਸ਼ਾ ਦੇ ਪ੍ਰਭਾਵ ਵਿਚ ਹੈ ਪਰ ਕਿਉਂਕਿ ਇਸ ਦੇ ਬਾਣੀਕਾਰ ਵਿਭਿੰਨ ਖੇਤਰਾਂ ਅਤੇ ਧੰਦਿਆਂ ਨਾਲ ਜੁੜੇ ਹਨ, ਇਸ ਲਈ ਇਸ ਵਿਚ ਸੰਸਕ੍ਰਿਤ, ਬ੍ਰਜ-ਭਾਸ਼ਾ, ਮਰਾਠੀ, ਬੰਗਾਲੀ, ਫਾਰਸੀ, ਅਰਬੀ ਆਦਿ ਭਾਸ਼ਾਵਾਂ ਦਾ ਪ੍ਰਤੱਖ ਪ੍ਰਭਾਵ ਹੈ। ਜਿਸ ਕਰਕੇ ਸਾਰੀ ਬਾਣੀ ਇਕ ਖ਼ੂਬਸੂਰਤ ਭਾਸ਼ਾਈ ਗੁਲਦੱਸਤੇ ਦੇ ਭਾਂਤੀ ਪ੍ਰਤੀਤ ਹੁੰਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤਾਂ ਦੀ ਬਾਣੀ ਨੂੰ ਸ਼ਾਮਿਲ ਕਰਨ ਦਾ ਮੂਲ ਉਦੇਸ਼ ਤਤਕਾਲੀਨ ਸਮਾਜ ਵਿਚ ਪ੍ਰਚਲਿਤ ਧਰਮ, ਵਰਣ, ਸ਼੍ਰੇਣੀ, ਭੂ-ਖੇਤਰ, ਭਾਸ਼ਾ, ਕਰਮ-ਕਾਂਡ ਆਧਾਰਿਤ ਪਰਸਪਰ ਵੰਡੀਆਂ, ਵਿਰੋਧੀ ਰੁਚੀਆਂ ਨੂੰ ਮੇਟ ਕੇ ਹਉਮੇਗ੍ਰਸਤ ਸ਼ਕਤੀਆਂ ਨੂੰ ਵੰਗਾਰਨਾ ਸੀ ਤਾਂ ਜੋ ਸਮੁੱਚ ਜੀਵਨ ਨੂੰ ਉਚੇਰਾ ਅਤੇ ਸੁਚੇਰਾ ਬਣਾਇਆ ਜਾ ਸਕੇ। ਗੁਰਬਾਣੀ ਵਿਚ ਵਿਭਿੰਨ ਵਰਗਾਂ ਨਾਲ ਜੁੜੇ ਭਗਤਾਂ ਦਾ ਵੱਖ-ਵੱਖ ਗੁਰੂਆਂ ਵੱਲੋਂ ਕੀਤਾ ਜਸ-ਗਾਇਨ ਗੁਰਮਤਿ ਆਸ਼ੇ ਨੂੰ ਭਲੀਭਾਂਤ ਪ੍ਰਗਟਾਉਂਦਾ ਹੈ।ਇਸ ਦੀਆਂ ਕੁਝ ਉਦਾਹਰਨਾਂ ਇਸ ਪ੍ਰਕਾਰ ਹਨ:

ਨਾਮਾ ਛੀਬਾ ਕਬੀਰੁ ਜੁਲਾਹਾ ਪੂਰੇ ਗੁਰ ਤੇ ਗਤਿ ਪਾਈ॥

ਬ੍ਰਹਮ ਕੇ ਬੇਤੇ ਸਬਦ ਪਛਾਣਹਿ ਹਉਮੈ ਜਾਤਿ ਗਵਾਈ॥
ਸੁਰਿ ਨਰ ਤਿਨਕੀ ਬਾਣੀ ਗਾਵਹਿ ਕੋਇ ਨ ਮੇਟੈ ਭਾਈ॥ [72]

ਨਾਮਾ ਜੈਦੇਉ ਕੰਬੀਰੁ ਤ੍ਰਿਲੋਚਨ ਅਜਾਤਿ
ਰਵਿਦਾਸੁ ਚਮਿਆਰ ਚਮਈਆ॥
ਜੋ ਜੋ ਮਿਲੈ ਸਾਧੂ ਜਨ ਸੰਗਤਿ
ਧਨ ਧੰਨਾ ਜਟੁ ਸੈਣੁ ਮਿਲਿਆ ਹਰਿ ਦਈਆ॥ [73]

ਕਲਜੁਗਿ ਨਾਮੁ ਪ੍ਰਧਾਨੁ ਪਦਾਰਥੁ ਭਗਤ ਜਨਾ ਉਧਰੇ॥
ਨਾਮਾ ਜੈਦੇਉ ਕਬੀਰੁ ਤ੍ਰਿਲੋਚਨ ਸਭਿ ਦੋਖ ਗਏ ਚਮਰੇ॥
ਗੁਰਮੁਖਿ ਨਾਮਿ ਲਗੇ ਸੇ ਉਧਰੇ ਸਭਿ ਕਿਲਬਿਖ ਪਾਪ ਟਰੇ॥
ਮੇਰੇ ਮਨ ਨਾਮੁ ਜਪਤ ਤਰਿਆ॥ [74]

ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥
ਆਢ ਦਾਮ ਕੋ ਛੀਬਰੋ ਹੋਇਓ ਲਾਖੀਣਾ॥ ਰਹਾਉ॥
ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ॥
ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ॥
ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨ੍ਹਿ ਤਿਆਗੀ ਮਾਇਆ॥
ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥
ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ॥
ਹਿਰਦੇ ਵਸਿਆ ਪਾਰਬ੍ਰਹਮ ਭਗਤਾ ਮਹਿ ਗਨਿਆ॥
ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥
ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥ [75]

ਸ਼੍ਰੇਣੀਆਂ ਦੇ ਪੱਖ ਤੋਂ ਇਸ ਵਿਚ ਬ੍ਰਾਹਮਣ, ਖਤਰੀ, ਵੈਸ਼ ਅਤੇ ਸ਼ੂਦਰ ਸਾਰੇ ਵਰਗਾਂ ਦੀ ਸ਼ਮੂਲੀਅਤ ਹੈ। ਬਾਣੀਕਾਰ ਆਪ ਆਪਣੀ ਸਥਿਤੀ ਪੇਸ਼ ਕਰਦੇ ਹਨ। ਜਿਵੇਂ ਭਗਤ ਰਵੀਦਾਸ ਜੀ ਦੇ ਇਹ ਬਚਨ ਹਨ:

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ॥

ਅਬ ਬ੍ਰਿਪ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥ [76]

ਰਵਿਦਾਸੁ ਚਮਾਰੁ ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ॥
ਪਤਿਤ ਜਾਤਿ ਉਤਮੁ ਭਇਆ ਚਾਰ ਵਰਨ ਪਏ ਪਗਿ ਆਇ॥ [77]

ਭਗਤ ਨਾਮਦੇਵ ਜੀ ਨਿਮਨ-ਅੰਕਿਤ ਪੰਗਤੀਆਂ ਵਿਚ ਆਪਣੀ ਸਥਿਤੀ ਨੂੰ ਇਸ ਤਰ੍ਹਾਂ ਪ੍ਰਗਟਾਉਂਦੇ ਹਨ:

ਹਸਤ ਖੇਲਤ ਤੇਰੇ ਦੇਹੁਰੇ ਆਇਆ॥
ਭਗਤਿ ਕਰਤ ਨਾਮਾ ਪਕਰਿ ਉਠਾਇਆ॥
ਹੀਨੜੀ ਜਾਤਿ ਮੇਰੀ ਜਾਦਿਮ ਰਾਇਆ॥
ਛੀਪੇ ਕੇ ਜਨਮਿ ਕਾਹੇ ਕਉ ਆਇਆ॥
ਲੈ ਕਮਲੀ ਚਲਿਓ ਪਲਟਾਇ॥ਦੇਹੁਰੈ ਪਾਛੈ ਬੈਠਾ ਜਾਇ॥ [78]

ਭਗਤ ਕਬੀਰ ਜੀ ਆਪਣੀ ਸਥਿਤੀ ਇਸ ਤਰ੍ਹਾਂ ਬਿਆਨ ਕਰਦੇ ਹਨ:

ਕਬੀਰ ਮੇਰੀ ਜਾਤਿ ਕਉ ਸਭ ਕੋ ਹਸਨੇਹਾਰੁ॥
ਬਲਿਹਾਰੀ ਇਸ ਜਾਤਿ ਕਉ ਜਿਹ ਜਪਿਓ ਸਿਰਜਨਹਾਰੁ॥ [79]

ਕਬੀਰ ਜਾਤਿ ਜੁਲਾਹਾ ਕਿਆ ਕਰੈ ਹਿਰਦੈ ਬਸੇ ਗੁਪਾਲ॥
ਕਬੀਰ ਰਮਈਆ ਕੰਠਿ ਮਿਲੁ ਚੂਕਹਿ ਸਰਬ ਜੰਜਾਲ॥ [80]

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਦੇਸ਼ ਦੇ ਵਿਭਿੰਨ ਖਿਤਿਆਂ, ਵਰਗਾਂ ਅਤੇ ਸੰਸਕ੍ਰਿਤੀਆਂ ਦੀ ਪ੍ਰਤੀਨਿੱਧਤਾ ਕਰਦੇ ਬਾਣੀਕਾਰਾਂ ਦੀ ਬਾਣੀ ਦੇ ਸ਼ਾਮਿਲ ਹੋਣ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਜਿਹਾ ਬਿੰਬ ਉਭਰਿਆ ਹੈ ਜਿਸ ਵਿਚੋਂ ਸਮੁੱਚੀ ਮਾਨਵ-ਜਾਤੀ ਦੀ ਸੰਸਕ੍ਰਿਤੀ ਹੀ ਨਹੀਂ ਝਲਕਦੀ ਸਗੋਂ ਸਮੁੱਚੇ ਰਾਸ਼ਟਰ ਅਤੇ ਭਾਈਚਾਰੇ ਨੂੰ ਇਕਸੁਰਤਾ ਤੇ ਇਕਸਮਤਾ ਪ੍ਰਦਾਨ ਕਰਦਿਆਂ ਉਨ੍ਹਾਂ ਦੇ ਦਰਦ ਤੇ ਪੀੜਾ ਨੂੰ ਖ਼ਤਮ ਕਰਨ ਲਈ ਸੱਚ ਦਾ ਮਾਰਗ ਨਜ਼ਰੀ ਆਉਂਦਾ ਹੈ। ਭਗਤਾਂ ਦੀ ਬਾਣੀ ਮਾਨਵ-ਵਿਕਾਸ ਲਈ ਪ੍ਰਤੀਬੱਧ ਭਾਵਨਾ ਵਾਲੇ ਮਾਡਲ ਨੂੰ ਸਿਰਜਦੀ ਹੈ ਜਿਸਦੇ ਮੂਲ ਸਰੋਕਾਰ ਮਾਨਵ-ਹਿਤਕਾਰੀ, ਸਦਾਚਾਰੀ, ਕਲਿਆਣਕਾਰੀ, ਪਰਉਪਕਾਰੀ ਅਤੇ ਸਾਂਝੀਵਾਲਤਾ ਤੇ ਆਧਾਰਿਤ ਹਨ।

ਭਗਤ ਰਵਿਦਾਸ ਨੇ ਵਰਣ ਆਸ਼ਰਮ ਅਤੇ ਬ੍ਰਾਹਮਣਵਾਦ ਵਿਰੁੱਧ ਜਹਾਦ ਖੜਾ ਕਰ ਦਿੱਤਾ ਅਤੇ ਸਮੁੱਚੀ ਲਤਾੜੀ ਜਾਂਦੀ ਸ਼੍ਰੇਣੀ ਨੂੰ ਇਕ ਨਵਾਂ ਉਤਸ਼ਾਹ ਤੇ ਪ੍ਰੇਰਣਾ ਪ੍ਰਦਾਨ ਕੀਤੀ।

ਬ੍ਰਹਮਣ ਬੈਸ ਸੂਦ ਅਰੁ ਖੜ੍ਰੀ ਡੋਮ ਚੰਡਾਰ ਮਲੇਛ ਮਨਿ ਸੋਇ॥
ਹੋਇ ਪੁਨੀਤ ਭਗਵੰਤ ਭਜਨ ਤੇ ਆਪ ਤਾਰਿ ਤਾਰੇ ਕੁਲ ਦੋਇ॥[81]

ਰਵਿਦਾਸ ਜੀ ਨੇ ਊਚ-ਨੀਚ ਦੀ ਭਾਵਨਾ ਨੂੰ ਖਤਮ ਕਰਕੇ ਵੱਖ-ਵੱਖ ਧਰਮਾਂ ਨੂੰ ਇਕੋ ਜਿਹਾ ਸਨਮਾਨ ਦਿੱਤਾ। ਜਨ-ਸਮੂਹ ਵਿਚ ਏਕਤਾ ਦੀ ਭਾਵਨਾ ਪੈਦਾ ਕਰਕੇ, ਸਮਾਜ ਵਿਚ ਫੈਲੇ ਅਨੈਤਿਕ ਗੁਣਾਂ ਨੂੰ ਤਿਆਗਦਿਆਂ ਨਵੀਆਂ ਕੀਮਤਾਂ ਨੂੰ ਸਥਾਪਿਤ ਕਰਕੇ ਇਕ ਐਸੇ ਸੁੰਦਰ ਤੇ ਖੁਸ਼ਹਾਲ ਸਮਾਜ ਦੀ ਕਲਪਨਾ ਕੀਤੀ ਜੋ ਕਿ ਯੂਟੋਪੀਆ ਦੇ ਸਿਧਾਂਤ ਵਰਗਾ 'ਬੇਗਮਪੁਰਾ' ਨਾਮ ਹੇਠ ਪ੍ਰਸਿੱਧ ਹੋਇਆ।'ਬੇਗਮਪੁਰਾ' ਜਿੱਥੇ ਕੋਈ ਗ਼ਮ ਨਹੀਂ, ਖਉਫ਼ ਨਹੀਂ, ਖਤਾ ਨਹੀਂ, ਰਵਿਦਾਸ ਜੀ ਦੇ ਸਮਾਜ ਚਿਤਰਣ ਨੂੰ ਸਮਾਜਵਾਦ ਦੀ ਟੀਸੀ ਕਿਹਾ ਜਾ ਸਕਦਾ ਹੈ। ਐਸੇ ਸਮਾਜ ਦੀ ਕਲਪਨਾ ਦਾ ਵਰਣਨ ਇਸ ਪ੍ਰਕਾਰ ਹੈ:

ਬੇਗਮ ਪੁਰਾ ਸਹਿਰ ਕੋ ਨਾਉ ਦੂਖ ਅੰਦੋਹ ਨਹੀ ਤਿਹ ਠਾਉ॥[82]

ਰਵਿਦਾਸ ਜੀ ਧਰਮ-ਵੰਡ, ਵਰਨ-ਵੰਡ, ਸ਼੍ਰੇਣੀ-ਵੰਡ, ਰੰਗ-ਨਸਲ ਭੇਦ-ਵੰਡ ਨੂੰ ਸਮਾਪਤ ਕਰਨ ਵਾਲੇ ਸਿਧਾਂਤ ਨੂੰ ਪੇਸ਼ ਕਰਦੇ ਕਹਿੰਦੇ ਹਨ:

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥
ਕਨਕ ਕਟਕ ਜਲ ਤਰੰਗ ਜੈਸਾ॥[83]

'ਨੀਚਹੁ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ' ਦਾ ਸੁਰ ਅਲਾਪਦੇ ਰਵੀਦਾਸ ਜੀ ਇਕ ਈਸ਼ਵਰ ਨਾਲ ਜੋੜਦੇ, ਮਾਨਵ-ਚੇਤਨਾ ਵਿਚ ਸਵੈ-ਵਿਸ਼ਵਾਸ ਤੇ ਆਤਮ-ਭਰੋਸੇ ਨੂੰ ਪੈਦਾ ਕਰਦੇ ਹਨ:

ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ॥
ਨੀਚ ਰੂਖ ਤੇ ਊਚ ਭਏ ਹੈਂ ਗੰਧ ਸੁਗੰਧ ਨਿਵਾਸਾ॥[84]

ਭਗਤ ਕਵੀਆਂ ਵਿਚ ਕਿਤੇ ਵੀ ਜਾਤੀ ਪਰਿਵਰਤਨ ਦੀ ਇੱਛਾ ਨਹੀਂ ਪ੍ਰਗਟਾਈ ਗਈ। ਕਿਉਂਜੋ ਇਹ ਸੰਕੇਤ ਵਰਣ-ਵਿਵਸਥਾ ਦੀ ਸਥਾਪਤੀ ਨਾਲ ਜੁੜਿਆ ਹੈ। ਭਗਤਾਂ ਦੀ ਬਾਣੀ ਤਾਂ ਇਸ ਵਿਵਸਥਾ ਦਾ ਅੰਤ ਚਾਹੁੰਦੀ ਹੋਈ ਸਮੁੱਚੇ ਮਨੁੱਖ ਨੂੰ ਮੁਕਤ ਤੇ ਸੁਤੰਤਰ ਜੀਉਣ ਦਾ ਰਾਹ ਪੱਕਾ ਕਰਦੀ ਹੈ।ਭਗਤ ਕਬੀਰ ਦਾ ਪ੍ਰਵਚਨ ਜਾਤ-ਪਾਤ ਤੇ ਊਚ ਨੀਚ ਦਾ ਖੰਡਨ ਕਰਦੀ ਕਈ ਵਿਅੰਗ ਤੇ ਕਟਾਖਸ਼ ਸਿਰਜਦੀ ਹੈ।

ਰੋਜਾ ਧਰੈ ਮਨਾਵੈ ਅਲਹੁ ਸੁਆਦਤਿ ਜੀਅ ਸੰਘਾਰੈ॥
ਆਪਾ ਦੇਖਿ ਅਵਰ ਨਹੀ ਦੇਖੈ ਕਾਹੇ ਕਉ ਝਖ ਮਾਰੈ॥
ਕਾਜੀ ਸਾਹਿਬੁ ਏਕੁ ਤੋਹੀ ਮਹਿ ਤੇਰਾ ਸੋਚਿ ਬਿਚਾਰਿ ਨ ਦੇਖੈ॥
ਖਬਰਿ ਨ ਕਰਹਿ ਦੀਨ ਕੇ ਬਉਰੇ ਤਾ ਤੇ ਜਨਮੁ ਅਲੇਖੈ॥ ਰਹਾਉ॥ [85]

ਸਪਸ਼ਟ ਹੈ ਕਿ ਕਬੀਰ ਜਾਤ-ਪਾਤ ਜਾਂ ਵਰਣ ਵੰਡ ਦਾ ਖੰਡਨ ਕਰਦਾ ਹੋਏ ਮਨੁੱਖੀ ਏਕਤਾ ਅਤੇ ਭਾਈਚਾਰਕ ਸਾਂਝ ਨੂੰ ਪਹਿਲ ਦਿੰਦੇ ਹਨ। ਇਸ ਗੱਲ ਦਾ ਬੜਾ ਸੁੰਦਰ ਪ੍ਰਮਾਣ ਪੇਸ਼ ਕਰਦੇ ਹੋਏ ਭਗਤ ਕਬੀਰ ਜੀ ਸਪਸ਼ਟ ਕਰਦੇ ਹਨ:

ਸਾਚੁ ਕਤੇਬ ਬਖਾਨੈ ਅਲਹੁ ਨਾਰਿ ਪੁਰਖੁ ਨਹੀ ਕੋਈ॥
ਪਢੈ ਗੁਨੇ ਨਾਹੀ ਕਛੁ ਬਉਰੇ ਜਉ ਦਿਲ ਮਹਿ ਖਬਰਿ ਨ ਹੋਈ॥
ਅਲਹੁ ਗੈਬੁ ਸਗਲ ਘਟ ਭੀਤਿਰ ਹਿਰਦੈ ਲੇਹੁ ਬਿਚਾਰੀ॥
ਹਿੰਦੂ ਤੁਰਕ ਦੁਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ॥ [86]

ਸੋ ਸਪਸ਼ਟ ਹੈ ਕਿ ਭਗਤ-ਬਾਣੀ ਨੇ ਦੈਵੀ ਝਰੋਖੇ ਵਿਚੋਂ ਇਕ ਆਦਰਸ਼ਕ ਸਮਾਜ ਦਾ ਆਦਰਸ਼ ਪੇਸ਼ ਕੀਤਾ ਹੈ। ਜਾਤ-ਪਾਤ, ਵਰਗ ਵੰਡ, ਸੰਪਰਦਾਇਕਤਾ ਸਭ ਨੂੰ ਰੱਦ ਕਰਕੇ ਪ੍ਰੇਮਾ-ਭਗਤੀ ਦਾ ਮਾਡਲ ਦਿੱਤਾ ਹੈ। 'ਭਗਤ ਬਾਣੀ ਦਾ ਸਭ ਤੋਂ ਵੱਡਾ ਸਮਾਜਿਕ ਸਰੋਕਾਰ ਇਕ ਆਦਰਸ਼ਕ ਮਨੁੱਖ ਦੀ ਸਿਰਜਣਾ ਕਰਨਾ ਸੀ ਜੋ ਸੰਪਰਦਾਇਕਤਾ, ਭੇਦਭਾਵ, ਨਫ਼ਰਤ, ਸੰਕੀਰਣਤਾ, ਵੈਰ-ਵਿਰੋਧ, ਕਰਮਕਾਂਡ, ਬਾਹਰੀ ਭੇਖ-ਪਾਖੰਡ ਆਦਿ ਤੋਂ ਮੁਕਤ ਇਕ ਰੱਬ ਦੀ ਹੋਂਦ ਵਿਚ ਵਿਸ਼ਵਾਸ ਰੱਖਣ ਵਾਲਾ ਹੈ। ਇਸ ਪ੍ਰਕਾਰ ਵਿਸ਼ਵ-ਵਿਆਪੀ ਵਰਤਾਰੇ ਦੇ ਸਮਕਾਲੀ ਦ੍ਰਿਸ਼ ਜਿਸ ਵਿਚ ਅੱਜ ਸਥਾਨਕ, ਰਾਸ਼ਟਰੀ ਤੇ ਅੰਤਰ ਰਾਸ਼ਟਰੀ ਪੱਧਰ ਉੱਤੇ ਜਟਿਲ ਸਿਆਸਤੀ ਪ੍ਰਬੰਧ ਕਾਰਨ ਵਿਭਿੰਨ ਧਰਮਾਂ, ਸਭਿਆਚਾਰਾਂ, ਦੇਸਾਂ, ਕੌਮਾਂ ਆਦਿ ਵਿਚਕਾਰ ਤਣਾਉ ਦੀ ਸਥਿਤੀ ਉਤਪੰਨ ਹੋ ਚੁੱਕੀ ਹੈ ਦੇ ਪ੍ਰਸੰਗ ਵਿਚ ਭਗਤ ਬਾਣੀ ਦਾ ਰਚਨਾਤਮਕ ਪ੍ਰਵਚਨ ਅਧਿਆਤਮਕ ਵਿਵੇਕ ਦਾ ਅਜਿਹਾ ਮਾਡਲ ਸਿਰਜਦਾ ਹੈ ਜੋ ਜਾਤਿ ਤੋਂ ਜੋਤਿ ਦੇ ਮਹੱਤਵ ਨੂੰ ਉਜਾਗਰ ਕਰਕੇ ਰੂਹਾਨੀ ਚੇਤਨਾ ਦਾ ਅਕਸ ਉਲੀਕਦਾ ਹੋਇਆ ਵਿਸ਼ਵ ਭਾਈਚਾਰੇ ਦਾ ਸੰਦੇਸ਼ ਦਿੰਦਾ ਹੈ।'[87]

ਇਸ ਪ੍ਰਕਾਰ ਬਾਣੀਕਾਰਾਂ ਨੇ ਆਪਣੀ ਬਾਣੀ ਵਿੱਚ ਇਕ ਪਰਮਾਤਮਾ ਦੀ ਹੋਂਦ ਨੂੰ ਦਰਸਾ ਕੇ ਲੋਕਾਂ ਨੂੰ ਆਪਸ ਵਿੱਚ ਸਾਂਝ ਪਾਉਣ, ਜਾਤ-ਪਾਤ, ਲਿੰਗ ਵਖਰੇਵਾਂ ਅਤੇ ਆਰਥਿਕ ਨਾ ਬਰਾਬਰੀ ਤੋਂ ਉੱਪਰ ਚੁੱਕ ਕੇ ਆਤਮਕ ਰੂਪ ਵਿਚ ਬਲਵਾਨਤਾ ਦਾ ਸਫ਼ਰ ਦਿਖਾਇਆ, ਨਿਰਬਲ ਤੋਂ ਸਬਲ ਬਣਾਇਆ ਤੇ ਸਬਲ ਉਹ ਹੈ, ਜਿਸ ਨੂੰ ਸ਼ਬਦ ਗੁਰੂ ਦਾ ਗਿਆਨ ਹੈ ਭਾਵ ਸ਼ਬਦ ਗਿਆਨ ਤੋਂ ਬਿਨਾਂ ਮਨੁੱਖ ਦਲਿਤ ਹੈ ਕਿਉਂਕਿ ਤ੍ਰਿਸ਼ਨਾਵਾਂ, ਵਿਸ਼ੇ ਵਿਕਾਰਾਂ, ਵਾਸ਼ਨਾਵਾਂ, ਮੋਹ ਮਾਇਆ ਆਦਿ ਤੋਂ ਮੁਕਤ ਹੋਣ ਦਾ ਸਾਧਨ ਹੀ ਸ਼ਬਦ ਦਾ ਗਿਆਨ ਹੈ।

ਬਾਣੀਕਾਰਾਂ ਨੇ ਜਿੱਥੇ ਵਰਣ-ਵਿਵਸਥਾ ਤੇ ਆਧਾਰਿਤ ਭੇਦ-ਭਾਵ ਅਤੇ ਧਰਮ ਆਧਾਰਿਤ ਸੰਕੀਰਣ ਵੰਡੀਆਂ ਨੂੰ ਅਸਵੀਕ੍ਰਿਤੀ ਦਿੱਤੀ, ਉੱਥੇ ਗੁਰੂ ਨਾਨਕ ਸਾਹਿਬ ਨੇ ਪਿਤਾ ਪੁਰਖੀ ਸਮਾਜ ਵਿਚ ਨਾਰੀ ਦੀ ਹੀਣ ਦਸ਼ਾ ਨੂੰ ਉੱਚਿਆ

ਉਠਾਉਣ ਲਈ ਵਕਾਲਤ ਕਰਦਿਆਂ 'ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨ' [88] ਦਾ ਸੰਵਾਦ ਬੁਲੰਦ ਕੀਤਾ। ਗੁਰੂ ਗ੍ਰੰਥ ਸਾਹਿਬ ਵਿਚ ਨਾਰੀ ਨੂੰ ਜੀਵਆਤਮਾ ਦੇ ਰੂਪ ਵਿਚ ਪੇਸ਼ ਕਰਕੇ ਮਹੱਤਵ ਦਿੱਤਾ ਗਿਆ ਹੈ। 'ਗੁਰੂ ਸਾਹਿਬਾਨ ਦਾ ਆਪਣੇ ਆਪ ਨੂੰ ਮਹਲਾ ਆਖ ਕੇ ਨਾਰੀ ਅਧਿਆਤਮ ਦੇ ਪੱਖ ਤੋਂ ਸਿਰਜਿਆ ਗ੍ਰੰਥ, ਨਾਰੀ ਸਨਮਾਨ ਦੇ ਨਾਲ ਨਾਲ ਇਸ ਗੱਲ ਦੀ ਵੀ ਪੁਖਤਗ਼ੀ ਕਰਦਾ ਹੈ ਕਿ ਨਾਰੀ ਆਪਣੀ ਨਾਰਿਤਾ (feminity) ਦਇਆ, ਸੰਤੋਖ, ਮਮਤਾ, ਤਿਆਗ ਆਗਿ ਵਿਸ਼ੇਸ਼ ਗੁਣਾਂ ਦੀ ਧਾਰਨੀ ਹੈ, ਇਸ ਕਰਕੇ ਨਾਰੀ ਵਾਤਸਲ ਨੂੰ ਨਿਰੰਕਾਰ ਵਿਚ ਅਭੇਦ ਹੋਣ ਦੀ ਉੱਤਮ ਜੁਗਤ ਮੰਨਿਆ ਗਿਆ ਹੈ।[89] ਬਾਣੀ ਕਥਨ ਕਰਦੀ ਹੈ:

ਪੂਤ ਪੇਖਿਆ ਜੀਉ ਜੀਵਤ ਮਾਤਾ॥
ਓਤਿ ਪੋਤਿ ਜਨ ਹਰਿ ਸਿਉ ਰਾਤਾ॥[90]

ਅਜੋਕੇ ਸਮੇਂ ਵਿਚ ਦਲਿਤ ਸਮਾਜ ਦੇ ਉਥਾਨ, ਵਿਕਾਸ ਅਤੇ ਪ੍ਰਫੁਲਤਾ ਲਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਬਹੁਤ ਸੰਸਥਾਵਾਂ ਕਾਰਜਸ਼ੀਲ ਹਨ। ਦਲਿਤ ਵਰਗ ਦੇ ਹੱਕਾਂ, ਅਧਿਕਾਰਾਂ ਤੇ ਮਾਣ ਨੂੰ ਕਾਇਮ ਰੱਖਣ ਲਈ ਵਿਭਿੰਨ ਸੰਸਥਾਵਾਂ ਆਪਣੀ ਭੂਮਿਕਾ ਨਿਭਾ ਰਹੀਆਂ ਹਨ। ਦਲਿਤ ਸ਼੍ਰੇਣੀ ਦੇ ਭੋਜਨ, ਸਿਹਤ, ਸਿੱਖਿਆ, ਟਰੇਨਿੰਗ, ਨਿਮਨਤਮ ਮਜ਼ਦੂਰੀ, ਸਵੱਛਤਾ ਨੂੰ ਮੱਦੇ-ਨਜ਼ਰ ਰਖਦਿਆਂ ਅਣਗਿਣਤ ਸਕੀਮਾਂ ਤੇ ਮੁਹਿੰਮਾਂ ਆਰੰਭ ਕੀਤੀਆਂ ਗਈਆਂ ਹਨ। ਜਿਨ੍ਹਾਂ ਵਿਚ ਕੁਝ ਖਾਸ ਦਾ ਵੇਰਵਾ ਇਸ ਪ੍ਰਕਾਰ ਹੈ:

ਸਤਿਅ ਸੋਧਕ ਸਮਾਜ : ਮਹਾਰਾਸ਼ਟਰਾਂ ਦੇ ਜਯੋਤਿਰਾਉ ਗੋਵਿੰਦਰਾਉ ਫੁਲੇ ਦਲਿਤ ਸਮਾਜ ਦੇ ਪਹਿਲੇ ਨੇਤਾ ਹੋਏ ਹਨ ਜਿਨ੍ਹਾਂ ਦਾ ਵਿਚ 19ਵੀ ਸਦੀ ਦੇ ਸਮਾਜ ਸੁਧਾਰਕਾਂ ਵਿਚ ਉੱਘਾ ਸਥਾਨ ਹੈ।ਉਨ੍ਹਾਂ ਦੁਆਰਾ ਸਦੀਆਂ ਤੋਂ ਅਨਿਆਂ ਸਹਿ ਰਹੇ ਦਲਿਤ ਲੋਕਾਂ ਲਈ ਸਤਿਅ ਸੋਧਕ ਸਮਾਜ ਦੀ ਸਥਾਪਨਾ ਕੀਤੀ।

SNDP ( Shree Narayan Dharama Paripalana Yogam)

ਕੇਰਲਾ ਦੇ ਨਾਰਾਇਣ ਗੁਰੂ ਨੇ ਕੇਰਲਾ ਵਿਚ ਦਲਿਤ ਸ਼੍ਰੇਣੀ ਦੀ ਉੱਚਤਾ ਲਈ ਸ੍ਰੀ ਨਾਰਾਇਣ ਧਰਮ ਪਾਰੀਪਲਾਨਾ ਯੋਗਮ ਨਾਮੀ ਸੰਸਥਾ ਦੀ ਸਥਾਪਨਾ ਕੀਤੀ।

Dravidian Movement :

ਰਾਮਾਸੁਆਮੀ ਨਾਇਕਰ ਨੇ ਸਮਾਜਿਕ ਇਕਸੁਰਤਾ ਅਤੇ ਛੂਤ-ਛਾਤ ਦੇ ਵਿਰੋਧ ਵਿਚ ਇਕ ਜੰਗ ਲੜੀ।ਆਪ ਦ੍ਰਾੜਵਰਿਨ ਮੂਮੈਂਟ ਦੇ ਉੱਘੇ ਨੇਤਾ ਸਨ। ਉਨਾਂ ਨੇ ਮੰਨੂ ਅਤੇ ਪੁਰਾਣ ਦੇ ਨਿਯਮਾਂ ਤੇ ਆਧਾਰਿਤ ਬ੍ਰਾਹਮਣਵਾਦ ਦਾ ਮੰਡਨ ਕੀਤਾ।

Dalit Varga Sanga :

ਭਾਰਤ ਵਿਚ ਦਲਿਤ ਸਮਾਜ ਦੇ ਵਿਕਾਸ ਵਿਚ ਦਲਿਤ ਵਰਨਸੰਘਾ ਸਭ ਤੋਂ ਵੱਡੀ ਤੇ ਅਹਿਮ ਸੰਸਥਾ ਹੈ। ਇਸ ਸੰਸਥਾ ਨੂੰ 1937 ਵਿਚ ਬਾਬੂ ਜਗਜੀਵਨ ਰਾਮ ਨੇ ਬਿਹਾਰ ਦੇ ਗੋਪਾਲ ਗੰਜ ਖੇਤਰ ਵਿਚ ਸਥਾਪਿਤ ਕੀਤਾ ਜਿਸ ਦਾ ਮੁਖ ਉਦੇਸ਼ ਖੇਤੀਬਾੜੀ ਨਾਲ ਸੰਬੰਧਿਤ ਕਿਰਤੀ-ਕਾਮਿਆਂ ਦੀ ਦਸ਼ਾ ਨੂੰ ਸੁਧਾਰਨਾ ਸੀ।

India Backward Classes Federation :

ਕੇਂਦਰੀ ਸਰਕਾਰ ਵਿਚ ਲੇਬਰ ਮਿਨਿਸਟਰ ਦੇ ਤੋਰ ਤੇ ਬਾਬੂ ਜਗਜੀਵਨ ਰਾਮ ਨੇ ਇਕ ਲੇਬਰ ਐਕਟ ਪਾਸ ਕਰਕੇ ਕਿਰਤੀ-ਕਾਮਿਆਂ ਦੀ ਘੱਟੋ-ਘੱਟ ਮਜ਼ਦੂਰੀ ਨਿਰਧਾਰਿਤ ਕੀਤੀ। ਉਨਾਂ ਨੇ ਪਛੜੀਆਂ ਸ਼੍ਰੇਯੀਆਂ ਲਈ India Backward Classes Federation ਦੀ ਸਥਾਪਨਾ ਕੀਤੀ।

**HarijaSevak Sang:**

ਗਾਂਧੀ ਜੀ ਨੇ ਜੇਲ ਵਿਚ ਦਲਿਤ ਸਮਾਜ ਦੇ ਸੁਧਾਰ ਲਈ ਇਸ ਸੰਸਥਾ ਦੀ ਨੀਂਹ ਰੱਖੀ।

**Indian Institute of Dalit Studies (IIDS)** - http://www.dalitstudies.org.in/----------------2002 ਵਿਚ ਸਥਾਪਿਤ ਹੋਈ।

**Dalit Foundation** – www.dalitfoundation.org/-----------2003

**Dalit Solidarity Network** – www.dsn-uk.orgਵਿਚ ਸਥਾਪਿਤ ਹੋਈ।ਇਸ ਅੰਤਰਰਾਸ਼ਟਰੀ ਸੰਸਥਾ ਦੀ ਸਥਾਪਨਾ 1998 ਵਿਚ ਇੰਗਲੈਂਡ ( ਯੂ.ਕੇ) ਵਿਖੇ ਹੋਈ।

**International Dalit Solidarity Network (IDSN)** - http://www.idsn.org/ਇਸ ਅੰਤਰਰਾਸ਼ਟਰੀ ਸੰਸਥਾ ਦੀ ਸਥਾਪਨਾ 2000 ਵਿਚ ਡੈਨਮਾਰਕ ਵਿਖੇ ਹੋਈ।

**FORUM-ASIA (Asian Forum for Human Rights & Development)** - http://www.forum-asia.org/

**Human Rights Watch** – www.hrw.org

ਸਾਊਥ ਏਸ਼ੀਆ ਵਿਚ ਦਲਿਤ ਦੇ ਸੁਧਾਰ ਲਈ ਇਸ ਅੰਤਰਰਾਸ਼ਟਰੀ ਸੰਸਥਾ ਦਾ ਰੋਲ ਬੜਾ ਮਹੱਤਵਪੂਰਨ ਹੈ।

**Social Watch India** - http://www.socialwatchindia.net/

ਹਾਸ਼ੀਆਗਤ ਲੋਕਾਂ ਦੇ ਸਮਾਜਕ ਵਿਕਾਸ ਅਤੇ ਮਾਣ-ਰੁਤਬੇ ਨੂੰ ਵਿਕਸਿਤ ਕਰਨ ਲਈ ਦਿੱਲੀ ਵਿਖੇ ਇਹ ਸੰਸਥਾ ਬੜੇ ਸਰਗਰਮ ਰੂਪ ਵਿਚ ਕਾਰਜਸ਼ੀਲ ਹੈ।

**Navsarjan** - http://www.navsarjan.org/home.asp

ਦਲਿਤ ਸਮਾਜ ਦੇ ਵਿਕਾਸ ਦੇ ਵਿਭਿੰਨ ਮੁੱਦਿਆਂ ਨੂੰ ਲੈ ਕੇ ਗੁਜਰਾਤ ਵਿਚ ਇਹ ਸੰਸਥਾ ਕਰਮਸ਼ੀਲ ਹੈ।

**Dalit NGO Federation (DNF) of Nepal** – http://www.dnfnepal.org/

ਨਿਪਾਲ ਦੀ ਇਸ ਸੰਸਥਾ ਦੀ ਸਥਾਪਨਾ 1996 ਵਿਚ ਹੋਈ। ਇਸ ਸੰਸਥਾ ਦਾ ਮੁਖ ਉਦੇਸ਼ ਦਲਿਤ ਕਮਿਊਨਟੀ ਦੇ ਅਧਿਕਾਰਾਂ, ਗੌਰਵ ਅਤੇ ਉਨਾਂ ਵਿਭਿੰਨ ਮੌਕਿਆਂ ਨੂੰ ਪੈਦਾ ਕਰਨਾ ਹੈ ਜਿਹੜੇ ਦਲਿਤ-ਸ਼੍ਰੇਣੀ ਨੂੰ ਸਥਾਪਿਤ ਕਰ ਸਕਣ।

**Ambedkar Center for Justice and Peace (ACJP)** - http://www.ambedkar.net/default.aspx

ਡਾ. ਅੰਬਦੇਕਰ ਦੇ ਦਲਿਤ ਸੁਧਾਰ ਮਿਸ਼ਨ ਨੂੰ ਲੈ ਕੇ ਯੂਨਾਈਟਡ ਸਟੇਟਸ ਵਲੋਂ ਇਹ ਸੰਸਥਾ ਚਲਾਈ ਗਈ। ਜਿਸਦਾ ਮੁੱਖ ਕੰਮ ਦਲਿਤ ਨਾਲ ਜੁੜੇ ਸਮਾਜਕ ਸੁਧਾਰ, ਅਧਿਕਾਰ ਅਤੇ ਸਿੱਖਿਆ ਨੂੰ ਪ੍ਰੋਤਸਾਹਨ ਦੇਣਾ ਹੈ। Tunkhannock, Pennslyvania, USA ਇਸਦੇ ਮੁੱਖ ਕੇਂਦਰ ਹਨ।

**Dalit Freedom SAKSHI Human Rights Watch** - http://www.sakshiap.org/

ਆਂਧਰਾ ਪ੍ਰਦੇਸ਼ ਵਿਚ ਦਲਿਤ ਮਨੁਖੀ ਅਧਿਕਾਰਾਂ ਨੂੰ ਲੈ ਕੇ ਇਹ ਸੰਸਥਾ ਕਾਰਜਸ਼ੀਲ ਹੈ।

**Network (DFN)** – http://www.dalitnetwork.org/United States (Colorado

ਇਹ ਸੰਸਥਾ 2003 ਵਿਚ ਸਥਾਪਿਤ ਹੋਈ। ਇਸ ਸੰਸਥਾ ਦੀ ਭਾਰਤ ਦੀਆਂ ਵਿਭਿੰਨ ਸੰਸਥਾਵਾਂ ਨਾਲ ਸਮਝੋਤਾ ਤੇ ਗਠਬੰਧਨ ਹੈ ਜੋ ਦਲਿਤ ਲਈ ਕੰਮ ਕਰਦੇ ਹਨ।

**OneWorld South Asia** - http://southasia.oneworld.net/ OneWorld South Asia

**Bihar Human Rights Commission** - http://bhrc.bih.nic.in/

DICCI • Dalit Indian Chamber of Commerce & Industry.html

## Dalit Panthers

ਇਹ ਸੰਸਥਾਵਾਂ[91] ਦਲਿਤ-ਲੋਕਾਂ ਦੇ ਮਾਣ-ਰੁਤਬੇ ਨੂੰ ਕਾਇਮ ਕਰਨ ਲਈ ਯਤਨਸ਼ੀਲ ਅਤੇ ਸੰਘਰਸ਼ਸ਼ੀਲ ਹਨ ਪਰ ਗੁਰਬਾਣੀ ਵਿਚ ਬੰਧਨ ਮੁਕਤ ਸਮਾਜ ਦੀ ਸਿਰਜਣਾ ਤੇ ਵਰਗ ਰਹਿਤ ਸਮਾਜ ਦੇ ਸਰੂਪ ਤੇ ਆਧਾਰਿਤ ਕੀਤੇ ਅਧਿਐਨ ਉਪਰੰਤ ਇਸ ਸਿੱਟੇ ਤੇ ਪੁੱਜਿਆ ਗਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਸਿਰਜਿਤ ਪ੍ਰਵਚਨ ਵਿਚ ਬੰਧਨ ਮੁਕਤ ਸਮਾਜ ਦੇ ਵਿਸ਼ਵ-ਵਿਆਪੀ ਮਾਡਲ ਦਾ ਅਹਿਮ ਅਤੇ ਵਿਲੱਖਣ ਸਥਾਨ ਹੈ। ਜਿੱਥੋਂ ਤੱਕ ਗੁਰੂ ਗ੍ਰੰਥ ਸਾਹਿਬ ਦਾ ਸੰਬੰਧ ਹੈ ਇਹ ਮਹੱਤਵਪੂਰਨ ਟੈਕਸਟ ਮੱਧਕਾਲੀ ਚਿੰਤਨ ਅਤੇ ਚੇਤਨਾ ਦਾ ਕ੍ਰਾਂਤੀਕਾਰੀ ਪਾਸਾਰ ਹੈ ਜੋ ਨਾ ਸਿਰਫ਼ ਅਲੌਕਿਕ ਜਾਂ ਪਰਾਭੌਤਿਕ ਮੁਕਤੀ ਦੀਆਂ ਸਥਿਤੀਆਂ ਦੇ ਵਿਸਤ੍ਰਿਤ ਰੂਪ ਵਜੋਂ ਉਜਾਗਰ ਹੁੰਦੀ ਹੈ ਬਲਕਿ ਲੌਕਿਕ ਜਾਂ ਦੁਨਿਆਵੀ ਪੱਧਰ ਤੇ ਮਾਨਵ-ਜਾਤੀ ਦੀਆਂ ਸਮੂਹ ਸੰਭਾਵਨਾਵਾਂ ਨੂੰ ਹੁਲਾਰਾ ਅਤੇ ਜਾਗ੍ਰਿਤ ਕਰਦੀ ਉਸਦੇ ਨਿੱਜ ਅਤੇ ਵਿਅਕਤਿਤੱਵ ਨੂੰ ਸਮੂਹ ਬੰਧਨਾਂ ਤੋਂ ਸੁਤੰਤਰ ਕਰਦੀ ਨਵ-ਜੀਵਨ ਦੀ ਚੇਤੰਨਤਾ ਬਖਸ਼ਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੇ ਸਦੀਆਂ ਪਹਿਲਾਂ ਦਲਿਤ ਲੋਕਾਈ ਦੇ ਭਲੇ ਦਾ ਪ੍ਰਵਚਨ ਰਚਾਉਂਦੇ ਹੋਏ ਵਰਣ-ਰਹਿਤ ਸਮਾਜ ਦਾ ਸੰਵਾਦ ਸਿਰਜਿਆ। ਗੁਰਬਾਣੀ ਸਰਬ-ਸਾਂਝੀਵਾਲਤਾ ਤੇ ਭਾਈਚਾਰਕ ਏਕਤਾ ਦਾ ਪੈਗ਼ਾਮ ਹੈ। ਅੱਜ ਸਦੀਆਂ ਬੀਤ ਗਈਆਂ ਹਨ ਪਰ ਜਾਤਿ-ਪਾਤਿ ਦੀਆਂ ਉਲਝਣਾਂ ਉਵੇਂ ਹੀ ਬਰਕਰਾਰ ਹਨ। ਵਿਸ਼ਵ ਵਿਚ ਸਦੀਵੀ ਸ਼ਾਂਤੀ ਬਹਾਲ ਕਰਨ ਲਈ ਮਨੁੱਖ ਨੂੰ ਮਨੁੱਖ ਦੀ ਨਜ਼ਰ ਨਾਲ ਦੇਖਣਾ ਚਾਹੀਦਾ ਹੈ। ਇਸ ਲਈ ਜਿਹੜਾ ਪਹਿਲਾ ਭਾਈਚਾਰਕ ਅਸੂਲ ਗੁਰਮਤਿ ਨੇ ਦ੍ਰਿੜ ਕਰਵਾਇਆ, ਉਹਦਾ ਪ੍ਰਯੋਜਨ ਜਾਤ-ਪਾਤ ਦੀਆਂ ਸੰਕੀਰਣ ਤੇ ਤੰਗ-ਦਿਲ ਵੰਡੀਆਂ ਨੂੰ ਮੇਟ ਕੇ ਭਾਈਚਾਰਕ ਏਕਤਾ ਪੈਦਾ ਕਰਨਾ ਸੀ। 'ਗੁਰੂ ਗ੍ਰੰਥ ਸਾਹਿਬ ਭਾਰਤੀ ਸੰਸਕ੍ਰਿਤੀ ਦਾ ਗੌਰਵ-ਗ੍ਰੰਥ ਹੈ। ਇਹ ਇਕ ਸਰਵ-ਸਾਂਝਾ ਗ੍ਰੰਥ ਹੈ ਜਿਸ ਵਿਚ ਕਿਸੇ ਇਕ ਹੀ ਫ਼ਿਰਕੇ ਧਰਮ, ਸੰਸਥਾ, ਜਾਂ ਸਾਧਨਾ ਸੰਬੰਧੀ ਸ਼ੁਭ ਬਚਨ ਦਰਜ ਨਹੀਂ ਹੋਏ, ਸਗੋਂ ਮਨੁੱਖਤਾ ਦੇ ਕਲਿਆਣ ਲਈ ਹਰ ਉਸ ਸਾਧਕ ਦੀ ਬਾਣੀ ਨੂੰ, ਬਿਨ੍ਹਾਂ ਮਜ੍ਹਬੋਮਿਲਤ, ਸੰਪ੍ਰਦਾਇਕ ਵਿਥ-ਵਿਤਕਰੇ ਦੇ ਸਥਾਨ ਦਿੱਤਾ ਗਿਆ ਹੈ ਜੋ ਸੰਸਾਰਿਕਤਾ ਵਿਚ ਗ੍ਰਸੇ ਮਨੁੱਖ ਨੂੰ ਮੰਗਲਮਈ ਸੰਦੇਸ਼ ਦੇ ਕੇ ਪਰਮ-ਆਨੰਦ ਦੀ ਪ੍ਰਾਪਤੀ ਲਈ ਪ੍ਰੇਰਣਾ ਅਤੇ ਉਤਸ਼ਾਹ ਦੇ ਸਕੇ।--- ਇਸ ਕਰਕੇ ਗੁਰੂ ਗ੍ਰੰਥ ਸਾਹਿਬ ਨੂੰ ਵਿਭਿੰਨ ਇਲਾਕਾਈ ਭਾਸ਼ਾਵਾਂ ਅਤੇ ਉਪਭਾਸ਼ਾਵਾਂ ਦਾ ਅਜਾਇਬ ਘਰ ਹੀ ਨਹੀਂ, ਸਮੁੱਚੇ ਭਾਰਤ ਦੀ ਧਾਰਮਿਕ ਅਤੇ ਸੰਸਕ੍ਰਿਤਕ ਸੋਚ ਅਤੇ ਉਸ ਤੋਂ ਪੈਦਾ ਹੋਈ ਚੇਤਨਾ ਦਾ ਮਾਨਸਰੋਵਰ ਵੀ ਕਿਹਾ ਜਾ ਸਕਦਾ ਹੈ।'[92] ਨਿਰਸੰਦੇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਰਬੱਤ ਦੇ ਭਲੇ ਦਾ ਸੰਦੇਸ਼ ਹੈ। ਇਸੇ ਲਈ ਇਹ ਪ੍ਰਵਚਨ ਕਿਸੇ

ਇਕ ਜਾਤਿ ਦੀ ਸਰੇਸ਼ਠਤਾ, ਪ੍ਰਤਿਸ਼ਠਤਾ ਅਤੇ ਸੱਤਾ ਨੂੰ ਚੈਲੰਜ ਕਰਦਾ ਹਕੂਮਤੀ ਤਸ਼ਦੱਦ, ਸਮਾਜਕ ਅਨਿਆਂ ਅਤੇ ਸ਼ੋਸ਼ਣ ਭੋਗਣ ਵਾਲੇ ਜਨ-ਸਮੂਹ ਨੂੰ ਸਵੈ-ਚੇਤਨਾ ਅਤੇ ਮੁਕਤੀ ਦਾ ਰਾਹ ਦਿਖਾਉਂਦਾ ਹੈ। 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾਵਾਦੀ ਅਤੇ ਸਰਬ-ਸਾਂਝੀ ਵਿਚਾਰਧਾਰਾ ਵਿਚ ਸਮਾਜਿਕ, ਧਾਰਮਿਕ, ਸੰਸਕ੍ਰਿਤਕ, ਰੰਗ-ਭੇਦ, ਨਸਲ-ਭੇਦ, ਆਰਥਿਕਤਾ ਅਤੇ ਰਾਸ਼ਟਰੀਅਤਾ ਆਧਾਰਿਤ ਦਰਜੇਬੰਦੀਆਂ ਲਈ ਕੋਈ ਸਥਾਨ ਨਹੀਂ। ਇੱਥੇ ਕੋਈ ਵਿਅਕਤੀ ਪਹਿਲੇ, ਦੂਜੇ, ਤੀਜੇ ਦਰਜੇ ਦਾ ਨਹੀਂ, ਸਗੋਂ ਇਸ ਵਿਚ ਅਜਿਹੇ ਗੁਰਮੁਖੀ ਸਮਾਜ ਦੀ ਪਰਿਕਲਪਨਾ ਹੈ, ਜਿਸ ਵਿਚ ਸਾਰੇ ਆਪਣੇ ਆਪ ਨੂੰ ਸ਼ਰਨਾਗਤ ਅਤੇ ਪਰਮੇਸ਼ਵਰ ਦੇ ਸੇਵਕ ਜਾਣ ਕੇ ਛੋਟਾ ਸਦਵਾਉਣ ਵਿਚ ਮਾਣ ਮਹਿਸੂਸ ਕਰਦੇ ਹਨ ਕੋਈ ਵੀ ਵੱਡਾ ਬਣਨ ਦਾ ਯਤਨ ਨਹੀਂ ਕਰਦਾ।'[93] ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਆਖਿਆਕਾਰ ਭਾਈ ਗੁਰਦਾਸ ਜੀ ਨੇ ਵਰਣ-ਵੰਡ ਦੇ ਖ਼ਿਲਾਫ਼ ਕੀਤੀ ਵਿਚਾਰਧਾਰਕ ਲੜਾਈ ਦਾ ਖੁਲਾਸਾ ਆਪਣੀ ਵਾਰ ਵਿਚ ਇਸ ਪ੍ਰਕਾਰ ਕੀਤਾ ਹੈ:

ਪਾਰਬ੍ਰਹਮ ਪੂਰਨ ਬ੍ਰਹਮ, ਕਲਿਯੁਗ ਅੰਦਰਿ ਇਕੁ ਦਿਖਾਇਆ॥
ਚਾਰੇ ਪੈਰ ਧਰਮ ਦੇ ਚਾਰਿ ਵਰਨਿ ਇਕੁ ਵਰਨਿ ਕਰਾਇਆ॥ [94]

ਨਿਸ਼ਚਯ ਹੀ ਗੁਰਬਾਣੀ 'ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ' ਦੀ ਭਾਵਨਾ ਦਾ ਅਹਿਸਾਸ ਦ੍ਰਿੜ ਕਰਵਾਉਂਦੀ ਹੈ ਜੋ ਅੱਗੇ ਜਾ ਕੇ 'ਮਾਨਸਿ ਕੀ ਜਾਤ ਸਭੈ ਏਕੈ ਪਹਿਚਾਨਬੋ' ਦੀ ਅੰਤਰਦ੍ਰਿਸ਼ਟੀ ਦੁਆਰਾ ਸੰਪੂਰਨਤਾ ਗ੍ਰਹਿਣ ਕਰਦਾ 'ਬੰਧਨ ਮੁਕਤ ਸਮਾਜ' ਦੀ ਸਿਰਜਨਾ ਕਰਦਾ ਹੈ। ਅਜਿਹੀ ਭਾਵਨਾ ਤੇ ਅਮਲ ਕਰਨ ਵਾਲਾ ਮਨੁੱਖ ਬਰਾਬਰਤਾ, ਭਾਈਵਾਲਤਾ, ਸਾਂਝੀਵਾਲਤਾ ਤੇ ਏਕਤਾ ਦੇ ਫਲਸਫੇ ਤੋਂ ਜਾਣੂ ਹੁੰਦਾ ਹੈ ਅਤੇ ਉਸ ਦੇ ਮਨ ਵਿਚ ਸੁਤੇ-ਸਿਧ 'ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ '[95] ਦਾ ਅਹਿਸਾਸ ਪੈਦਾ ਹੁੰਦਾ ਹੈ।

## 5.3 ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿੰਗ ਬਰਾਬਰਤਾ ਤੇ ਨਾਰੀ ਚੇਤਨਾ ਨਾਲ ਜੁੜੇ ਸੰਗਠਨ:

ਅਜੋਕੇ ਵਿਸ਼ਵੀਕਰਨ ਦੇ ਯੁੱਗ ਵਿਚ ਵਿਸ਼ਵ-ਵਿਦਿਆਲਿਆਂ ਤੇ ਹੋਰ ਸਮਾਜਿਕ-ਸਭਿਆਚਾਰਕ ਅਦਾਰਿਆਂ ਵਿਚ ਲਿੰਗ-ਬਰਾਬਰਤਾ, ਨਾਰੀ ਚੇਤਨਾ ਜਾਂ ਨਾਰੀ ਸਸ਼ਕਤੀਕਰਨ ਦੇ ਮੁੱਦੇ ਬੜੇ ਚਰਚਾ ਦਾ ਵਿਸ਼ਾ ਰਹੇ ਹਨ; ਅਣਗਿਣਤ ਸੰਸਥਾਵਾਂ ਤੇ ਵਿਭਿੰਨ ਰਚਨਾਵਾਂ ਨਾਰੀ ਏਕਤਾ ਦਾ ਪ੍ਰਚਾਰ ਕਰ ਰਹੀਆਂ ਹਨ। ਲਿੰਗ ਬਰਾਬਰਤਾ ਤੇ ਨਾਰੀ ਚੇਤਨਾ ਦੇ ਸੰਕਲਪ ਨੂੰ ਸਮਝਣ ਤੋਂ ਪਹਿਲਾ ਨਾਰੀ ਦੀ ਸਮਾਜਕ ਸਥਿਤੀ ਨੂੰ ਇਤਿਹਾਸਕ ਪਰਿਪੇਖ ਵਿਚ ਸਮਝਣਾ ਜਰੂਰੀ ਹੋ ਜਾਂਦਾ ਹੈ। ਇਸ ਉਦੇਸ਼ ਦੀ ਪੂਰਤੀ ਲਈ ਅਸੀਂ ਮਾਨਵੀ ਸਮਾਜ ਦੇ ਵਿਭਿੰਨ ਪੜਾਵਾਂ ਵਿਚ ਨਾਰੀ ਦੀ ਅਵੱਸਥਾ ਨੂੰ ਜਾਣਨ ਦਾ ਯਤਨ ਕਰਾਂਗੇ। ਏਗਲਜ਼ ਨੇ ਮਾਰਗਨ ਦੀ ਖੋਜ ਨੂੰ ਆਧਾਰ ਬਣਾਇਆ ਅਤੇ ਮਨੁੱਖੀ ਵਿਕਾਸ ਨੂੰ ਕ੍ਰਮਵਾਰ ਜੰਗਲੀ ਯੁੱਗ (Savagery), ਜਹਾਲਤ ਦਾ ਯੁੱਗ (Barbarism) ਅਤੇ ਸਭਿਅਤਾ ਦਾ ਯੁੱਗ(Civilization) ਵਿਚ ਵੰਡਿਆ ਹੈ।[96]

ਜੰਗਲੀ ਯੁੱਗ( Savagery) ਮਾਨਵੀ ਵਿਕਾਸ ਦਾ ਪਹਿਲਾ ਪੜਾਅ ਹੈ। ਇਸ ਪੜਾਅ ਨੂੰ ਏਂਗਲਜ਼ ਨੇ 'ਮਨੁੱਖੀ ਨਸਲ ਦਾ ਬਚਪਨ' (Infancy of human race) [97] ਕਿਹਾ ਹੈ। ਇਹ ਪੜਾਅ ਨਾਰੀ ਦੀ ਸੁਤੰਤਰਤਾ ਦਾ ਪੜਾਅ ਸੀ। ਜੰਗਲੀ ਸਮਾਜ ਵਿਚ ਨਾਰੀ-ਪੁਰਸ਼ ਨੂੰ ਲਿੰਗ ਸੰਬੰਧਾਂ ਦੀ ਖੁੱਲ੍ਹ ਸੀ। ਉਹਨਾਂ ਸਮਿਆਂ ਵਿਚ ਟੋਲੀ ਵਿਆਹ ਦੀ ਪਰੰਪਰਾ ਸੀ ਜਿਸ ਵਿਚ ਬੱਚੇ ਮਾਂ ਤੋਂ ਜਾਣੇ ਜਾਂਦੇ ਸਨ ਪਰ ਪਿਤਾ ਜਾਂ ਬਾਪ ਦਾ ਪਤਾ ਲਗਾਉਣਾ ਮੁਸ਼ਕਿਲ ਸੀ। ਪਰ ਇਸ ਯੁੱਗ ਵਿਚ ਵੀ ਨਾਰੀ ਮਰਦ ਨਾਲੋਂ ਕਮਜ਼ੋਰ ਸਾਬਿਤ ਹੋ ਗਈ ਕਿਉਂਕਿ ਬਹੁਤ ਸਥਿਤੀਆਂ ਵਿਚ ਨਾਰੀ ਨੂੰ ਮਰਦ ਦੀ ਸੁਰੱਖਿਆ ਦੀ ਲੋੜ ਸੀ। ਮਾਨਵੀ ਵਿਕਾਸ ਦੇ ਦੂਜੇ ਪੜਾਅ ਜਹਾਲਤ ਦੇ ਯੁੱਗ ਵਿਚ ਟੋਲੀ ਵਿਆਹ ਦੀ ਥਾਂ 'ਜੋੜਾ ਵਿਆਹ' ਪ੍ਰਚੱਲਿਤ ਹੋਇਆ।[98] ਇਸ ਪੜਾਅ ਤੇ ਬੱਚਾ ਬਾਪ ਦੇ ਨਾਂ ਤੋਂ ਜਾਣਿਆ ਅਤੇ ਪਹਿਚਾਣਿਆ ਜਾਣ ਲੱਗਾ। ਇਸ ਤਰ੍ਹਾਂ ਮਾਤਰੀ ਸੱਤਾ ਜਾਂ ਸੰਸਥਾ ਪਿੱਤਰੀ ਸੱਤਾ ਵਿਚ ਰੂਪਾਂਤਰਿਤ ਹੋ ਗਈ। ਮਰਦ ਘਰ ਤੋਂ ਬਾਹਰ ਘਰ ਦੇ ਪ੍ਰਬੰਧਾਂ ਲਈ ਅਤੇ ਨਾਰੀ ਘਰ ਦੇ ਕੰਮਾਂ ਤੱਕ ਸੀਮਿਤ ਹੋ ਗਈ। ਏਂਗਲਜ਼ ਇਸ ਸਥਿਤੀ ਨੂੰ World Historic defeat of the female sex ਕਹਿ ਕੇ ਪ੍ਰਗਟਾਉਂਦਾ ਹੈ। ਸਭਿਅਤਾ ਦਾ ਯੁੱਗ ਮਨੁੱਖੀ ਵਿਕਾਸ ਦਾ ਤੀਜਾ ਪੜਾਅ ਹੈ, ਜਿਸ ਵਿਚ ਇਸ ਨੂੰ ਅੱਗੋਂ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਗਿਆ ਹੈ ਜੋ ਗੁਲਾਮਦਾਰੀ, ਸਾਮੰਤਵਾਦੀ ਅਤੇ ਪੂੰਜੀਵਾਦੀ ਯੁੱਗ ਦੇ ਨਾਮ ਨਾਲ ਜਾਣੀਆਂ ਜਾਂਦੀਆਂ ਹਨ। ਇਸ ਪੜਾਅ ਤੇ ਨਾਰੀ ਦਾ ਸੱਭ ਤੋਂ ਵਧੀਕ ਸ਼ੋਸ਼ਣ ਹੋਇਆ। ਉਹ ਪੁਰਸ਼ ਦੀ ਗੁਲਾਮ ਜਾਂ ਦਾਸੀ ਬਣ ਕੇ ਰਹਿ ਗਈ। ਘਰ ਦੀ ਚਾਰ-ਦੀਵਾਰੀ ਅੰਦਰ ਕੈਦ ਹੋ ਗਈ। ਗੁਲਾਮਦਾਰੀ ਤੋਂ ਪੂੰਜੀਵਾਦੀ ਯੁੱਗ ਤੱਕ ਪਹੁੰਚ ਕੇ ਵੀ ਵਧੇਰੇ ਔਰਤਾਂ ਪਰੰਪਰਾਵਾਦੀ, ਅਨਪੜ੍ਹ ਅਤੇ ਆਰਥਿਕ ਪੱਖੋਂ ਗੁਲਾਮ ਸਨ। ਇਸ ਤੋਂ ਬਾਅਦ ਸਮਾਜਵਾਦੀ ਸਮਾਜਿਕ ਪ੍ਰਬੰਧ ਵਿਚ ਨਾਰੀ ਪੜ੍ਹ-ਲਿੱਖ ਕੇ ਅਗਾਂਹਵਧੂ ਕਦਰਾਂ-ਕੀਮਤਾਂ ਦੀ ਸਥਾਪਤੀ ਕਰਨਾ ਲੋਚਦੀ ਹੈ; ਇਸ ਅਜਿਹਾ ਸਮਾਜ ਸਿਰਜਣਾ ਚਾਹੁੰਦੀਆਂ ਹਨ ਜੋ ਉਨਾਂ ਨੂੰ ਸਨਮਾਨਯੋਗ ਮਾਣ ਦੇ ਸਕਣ। ਜਿੱਥੇ ਲਿੰਗ-ਬਰਾਬਰਤਾ ਹੋਵੇ। ਪੁਰਸ਼ ਦੇ ਸਮਾਨ ਹੱਕ ਅਤੇ ਅਧਿਕਾਰਾਂ ਨੂੰ ਸਮੂਹ ਨਾਰੀਆਂ ਮਾਨਣ।

ਸਾਡੇ ਸਮਾਜ ਵਿਚ ਨਾਰੀ ਨੂੰ ਹਮੇਸ਼ਾ ਤ੍ਰਿਸਕਾਰਿਤ ਨਜ਼ਰਾਂ ਨਾਲ ਹੀ ਦੇਖਿਆ ਗਿਆ। ਸਮੁੱਚਾ ਦ੍ਰਿਸਟੀਕੋਣ ਨਾਰੀ ਵਿਰੋਧੀ ਸੀ, ਜੋ ਹਰ ਖੇਤਰ ਵਿਚ ਮਰਦ ਦੀ ਸਰਦਾਰੀ ਨੂੰ ਮੰਨਦਾ ਹੈ ਅਤੇ ਨਾਰੀ ਨੂੰ ਨਿੰਦਦਾ ਹੈ। ਸੂਰਤ ਵਿਚ ਨਾਰੀ ਨੂੰ ਮਰਦ ਦੇ ਮੁਕਾਬਲੇ ਘਟੀਆ, ਤੁੱਛ ਜਾਂ ਨੀਚ ਸਾਬਤ ਕਰਦਾ ਹੈ। ਇਸੇ ਪੁਰਾਤਨ ਦ੍ਰਿਸਟੀਕੋਣ ਕਰਕੇ ਹੀ ਆਦਿ-ਕਾਲ ਤੋਂ ਹੀ ਨਾਰੀ ਦਾ ਜੀਵਨ ਤ੍ਰਾਸਦੀਆਂ ਭਰਿਆ ਰਿਹਾ ਹੈ। ਮਰਦ ਦੇ ਹੱਥਾਂ ਵਿਚ ਕਤਪੁਤਲੀ ਦੀ ਤਰ੍ਹਾਂ ਉਹ ਵਿਚਰਦੀ ਰਹੀ ਹੈ। ਨਾਰੀ ਨੂੰ ਮਰਦ ਨੇ ਕੇਵਲ ਆਪਣੇ ਐਸ਼-ਓ-ਇਸ਼ਰਤ ਦਾ ਸਾਜੋ-ਸਮਾਨ ਹੀ ਮੰਨਿਆ ਅਤੇ ਮਨ ਦੀ ਕਾਮਸ਼ ਤ੍ਰਿਪਤੀ ਤਕ ਹੀ ਸੀਮਿਤ ਰੱਖਿਆ ਹੈ।

ਪ੍ਰਾਚੀਨ ਧਰਮ-ਗ੍ਰੰਥਾਂ ਵਿਚ ਨਾਰੀ ਦੀ ਸਥਿਤੀ ਬੜੀ ਕਰੁਣਾਮਈ ਰਹੀ ਹੈ। ਧਰਮ-ਗ੍ਰੰਥ ਨਾਰੀ ਨੂੰ ਪਤੀ ਦੀ ਦਾਸੀ ਅਤੇ ਮਰੇ ਪਤੀ ਤੋਂ ਬਾਅਦ ਬਲਾਅ (ਹੋਣੀ) ਸਮਝ ਕੇ ਪਤੀ ਦੀ ਚਿਖਾ ਵਿਚ ਜਿਉਂਦੇ ਜ਼ਬਰੀ ਸਾੜ ਕੇ ਮਾਰ ਦੇਣ (ਸਤੀ ਦੀ ਰਸਮ) ਦੀ ਪ੍ਰਵਿਰਤੀ ਪ੍ਰਚੰਡ ਕਰ ਰੱਖੀ ਹੋਈ ਸੀ। ਮੰਨੂ ਸਿਮਰੱਥੀ ਵਿਚ ਆਉਂਦਾ ਹੈ ਕਿ ਇਸਤਰੀ ਸਦਾ ਹੀ ਮਰਦ ਦੀ ਸਪੁਰਦਗੀ ਵਿਚ ਰਹੇ। ਬਚਪਨ ਵਿਚ ਮਾਪੇ, ਜੁਆਨੀ ਵਿਚ ਪਤੀ ਅਤੇ ਬੁਢਾਪੇ ਵਿਚ ਪੁੱਤ-ਪੋਤਰੇ ਉਸ ਦੀ ਸੰਭਾਲ ਕਰਨ, ਇਸਤਰੀ ਆਜ਼ਾਦ ਨਾ ਵਿਚਰੇ।...ਇਸਤ੍ਰੀ ਪਤੀ ਨਾਲ ਸਤੀ ਹੋ ਜਾਵੇ। ਅੰਗਰਾ ਸਿਮਰੱਥੀ ਸਤੀ ਦੀ

ਰਸਮ ਦੀ ਪ੍ਰੋੜਤਾ ਕਰਦੀ ਦ੍ਰਿੜ ਕਰਵਾਉਂਦੀ ਹੈ ਕਿ ਸਤੀ ਹੋਣ ਵਾਲੀ ਇਸਤਰੀ ਨੂੰ ਸਾਢੇ ਤਿੰਨ ਕਰੋੜ ਵਰ੍ਹੇ ਸੁਰਗ ਵਿਚ ਰਹਿਣ ਦਾ ਅਨੰਦ ਮਿਲਦਾ ਹੈ। ਹੇਮ ਚੰਦਰ ਨੇ ਨਾਰੀ ਨੂੰ ਨਰਕਾਂ ਦੇ ਰਾਹ ਦਾ ਦੀਵਾ, ਗ਼ਮਾਂ ਦਾ ਸਿਖ਼ਰ, ਦੁੱਖਾਂ ਦੀ ਖਾਣ ਕਿਹਾ ਹੈ। ਇੱਥੋ ਤੱਕ ਕਿ ਤੁਲਸੀਦਾਸ ਨੇ ਪਸ਼ੂ, ਗਵਾਰ ਅਤੇ ਸ਼ੂਦਰਾਂ ਦੇ ਸਮਾਨ ਇਸਤਰੀ ਨੂੰ ਰੱਖਿਆ ਹੈ:

ਢੋਲ, ਗਵਾਰ, ਸੂਦ੍ਰ, ਪਸ਼ੂ ਨਾਰੀ॥
ਯਹਿ ਪਾਂਚੋਂ ਤਾੜਨ ਕੇ ਅਧਿਕਾਰੀ॥ [99]

ਭਗਤ ਛੱਜੂ ਨੇ ਕਿਹਾ ਕਿ ਜੇਕਰ ਇਸਤਰੀ ਕਾਗਜ਼ ਦੀ ਵੀ ਬਣੀ ਹੋਵੇ ਤਾਂ ਵੀ ਉਸ ਤੋਂ ਦੂਰ-ਦੂਰ ਹੀ ਰਹੋ। ਗੁਰੂ ਸਾਹਿਬਾਨ ਤੋਂ ਪਹਿਲਾਂ ਪੰਜਾਬ ਵਿਚ ਨਾਥਾਂ-ਜੋਗੀਆਂ ਦੀ ਪਰੰਪਰਾ ਸੀ। ਸਿੱਧ-ਮੱਤ ਵਿਚ ਔਰਤ ਦਾ ਕੋਈ ਹੈਸੀਅਤ ਜਾਂ ਦਰਜਾ Status ਨਹੀਂ ਸੀ। ਔਰਤਾਂ ਨੂੰ ਆਪਣੇ ਹਿੱਤਾਂ ਜਾਂ ਸਵਾਰਥਾਂ ਲਈ ਵਰਤਿਆ ਜਾਂਦਾ ਸੀ। ਨਾਥ ਮੱਤ ਵੈਰਾਗੀ ਧਰਮ ਸੀ। ਵੈਰਾਗ ਦੀ ਸਿੱਖਿਆ ਦਿੰਦਾ ਸੀ; ਇਸ ਲਈ ਔਰਤ ਨੂੰ ਨਾਥਾਂ-ਜੋਗੀਆਂ ਨੇ ਹਮੇਸ਼ਾਂ ਨਿੰਦਿਆ, ਕਿਉਂਕਿ ਇਹ ਉਨ੍ਹਾਂ ਦੀ ਮੰਜ਼ਿਲ ਲਈ ਬਾਧਾ ਜਾਂ ਰੁਕਾਵਟ ਬਣਦਾ ਸੀ। ਜੋਗੀਆਂ ਦਾ ਇਹ ਮੰਨਣਾ ਸੀ ਕਿ ਔਰਤਾਂ ਦੇ ਨਾਲ ਸੰਜਮ ਰੱਖ ਪਾਉਣਾ ਅਸੰਭਵ ਹੈ। ਉਹ ਔਰਤ ਦੀ ਤੁਲਨਾ 'ਬਘਿਆੜਨੀ' ਜਾਂ 'ਪੁਰਸ਼-ਭੱਖਣੀ' ਮੰਨਦੇ ਸਨ। ਗੋਰਖ ਬਾਣੀ ਵਿਚ ਆਉਂਦਾ ਹੈ:

ਬਾਘਨਿ ਜਿੰਦ ਲੇਇ, ਬਾਘਨਿ ਬਿੰਦ ਲੇਇ, ਬਾਘਨਿ ਹਮਾਰੀ ਕਾਇਆ।
ਇਹ ਬਾਘਨਿ ਤ੍ਰੈ ਲੋਈ ਖਾਈ, ਬਸਤਿ ਗੋਰਖਿ ਪਾਇਆ। [100]

ਪਾਸ ਬੈਠੇ ਸੋਭੇ ਨਾਹੀ ਸਾਥ ਰਮਾਈ ਭੰਡਿ।
ਗੋਰਖ ਨਾਥ ਕਹੈ ਅਸਤਰੀ ਸਲਹ ਕਰਾ ਮੁੰਡਿ। [101]

ਦਿਵਸੈ ਬਾਘਨਿ ਮਨ ਮੋਹੈ ਰਾਤਿ ਸਰੋਵਰ ਸੋਖੈ।
ਜਾਣਿ ਬੂਝ ਰੇ ਮੂਰਖਿ ਲੋਯਾ ਘਰਿ ਘਰਿ ਬਾਘਣੀ ਪੋਖੈ।
ਨਦੀ ਤੀਰੈ ਬਿਰਖਾ ਨਾਰੀ ਸੰਗੈ ਪੁਰਖਾ ਅਲਪ ਜੀਵਨ ਕੀ ਆਸਾ।
ਮਨਖੈ ਉਪਜ ਮੇਰ ਖਿਸਿ ਪੜਈ ਤਾਂਬੈ ਕੰਧ ਬਿਨਾਸਾ॥ [102]

ਦਾਮ ਕਾਢਿ ਬਾਘਨਿ ਲੈ ਆਇਆ, ਮਾਉ ਕਹੇ ਮੇਰਾ ਪੁਤ ਬੇਆਹਿਆ
ਗੀਲੀ ਲਕੜੀ ਕੋ ਘੁਣ ਲਾਇਆ, ਤਿਨ ਡਾਲ ਮੂਲ ਸਣਿ ਖਾਇਆ॥ [103]

ਵੱਖ-ਵੱਖ ਧਰਮਾਂ ਦੇ ਅਧਿਐਨ ਵਿਚ ਨਾਰੀ ਦੀ ਜੋ ਸਥਿਤੀ ਦਰਸਾਈ ਗਈ ਹੈ ਉਹ ਦੇਖਣ ਨੂੰ ਤਸੱਲੀਬਖਸ਼ ਪ੍ਰਤੀਤ ਹੁੰਦੀ ਹੈ; ਸਾਰੇ ਧਰਮਾਂ ਵਿਚ ਨਾਰੀ ਨੂੰ ਪੁਰਸ਼ ਦੇ ਬਰਾਬਰ ਸਵੀਕਾਰਿਆ ਗਿਆ ਹੈ। ਪਰ ਅਮਲੀ ਜਾਂ ਵਿਵਹਾਰਿਕ ਰੂਪ ਵਿਚ ਅਜਿਹਾ ਨਹੀਂ ਸੀ। ਵੈਦਿਕ ਕਾਲ ਵਿਚ ਨਾਰੀ ਦਾ ਸਮਾਜ ਵਿਚ ਦਰਜਾ ਬਹੁਤ ਸਨਮਾਨਯੋਗ ਅਤੇ ਆਦਰ ਭਰਿਆ ਸੀ। ਨਾਰੀ ਨੂੰ ਅਰਧਾਂਗਣੀ ਜਾਂ ਗ੍ਰਹਿਸਵਾਮਿਨੀ ਕਹਿ ਕੇ ਸਤਿਕਾਰਿਆ ਜਾਂਦਾ ਸੀ। ਕੋਈ ਵੀ ਧਾਰਮਿਕ ਰਸਮ ਨਾਰੀ ਦੇ ਪਰਿਵੇਸ਼ ਜਾਂ ਹਾਜ਼ਰੀ ਤੋਂ ਬਗੈਰ ਪੂਰੀ ਨਹੀਂ ਹੁੰਦੀ ਸੀ। ਰਿਗਵੇਦ ਦੇ ਕਈ ਮੰਤਰਾਂ ਦਾ ਉਚਾਰਣ ਨਾਰੀਆਂ ਦੁਆਰਾ ਹੋਇਆ ਹੈ। ਉੱਤਰ ਵੈਦਿਕ ਕਾਲ ਵਿਚ ਨਾਰੀ ਦਾ ਸਨਮਾਨ ਘੱਟ ਗਿਆ। ਨਹੀਂ ਤਾਂ ਮਹਾਂਭਾਰਤ ਵਿਚ ਦ੍ਰੋਪਦੀ ਨੂੰ ਕਦੇ ਵੀ ਜੂਏ ਵਿਚ ਹਾਰਿਆ ਨਾ ਜਾਂਦਾ। ਰਾਮਾਇਣ ਵਿਚ ਸੀਤਾ ਨੂੰ ਕਦੇ ਵੀ ਰਾਮ ਵੱਲੋਂ ਤ੍ਰਿਸਕਾਰਿਆ ਨਾ ਜਾਂਦਾ। ਸ਼ੰਕਰਾਚਾਰੀਆ ਨੂੰ ਹਿੰਦੂ-ਫਿਲਾਸਫੀ ਦਾ ਮਹਾਨ ਸੰਸਥਾਪਕ ਮੰਨਿਆ ਗਿਆ ਹੈ ਓਤੇ ਉਹ ਨਾਰੀ ਨੂੰ 'ਨਰਕ ਦਾ ਦੁਆਰ' (The Gateway to hell) ਕਹਿੰਦਾ ਹੈ। ਜੇਕਰ ਸਾਮੀ ਧਰਮ ਦੀ ਗੱਲ ਕਰੀਏ ਤਾਂ ਉਸ ਅਨੁਸਾਰ ਰੱਬ ਨੇ ਸ੍ਰਿਸ਼ਟੀ ਦੀ ਸਿਰਜਣਾ ਵੇਲੇ ਪਹਿਲਾਂ ਮਰਦ ਬਣਾਇਆ ਤੇ ਫੇਰ ਸੁੱਤੇ ਪਏ ਮਰਦ ਦੀ ਪੱਸਲੀ ਕੱਢ ਕੇ, ਤੀਵੀਂ ਹਵਾ ਬਣਾ ਦਿੱਤੀ। ਇਸਲਾਮ ਧਰਮ ਵਿਚ ਵੀ ਨਾਰੀ ਨੂੰ ਬਰਾਬਰ ਦੇ ਹੱਕ ਅਤੇ ਅਧਿਕਾਰ ਨਹੀਂ ਸਨ।

ਲਿੰਗ-ਨਾਬਰਾਬਰੀ ਦਾ ਇਹ ਮਸਲਾ ਕੇਵਲ ਇਸ ਦੇਸ਼ ਦਾ ਨਹੀਂ ਬਲਕਿ ਵਿਸ਼ਵ-ਪੱਧਰ ਤੇ ਇਸਦਾ ਬੋਲਬਾਲਾ ਹੈ। ਸਿਰਫ਼ ਪੂਰਬ ਵਿਚ ਹੀ ਨਹੀਂ ਪੱਛਮ ਵਿਚ ਵੀ ਨਾਰੀ ਦਸ਼ਾ ਦਯਨੀਯ ਅਤੇ ਚਿੰਤਾਜਨਕ ਰਹੀ ਹੈ। Simone De Beauvoir ਨੇ ਆਪਣੀ ਪੁਸਤਕ The Second Sex ਦੀ ਭੂਮਿਕਾ ਵਿਚ ਵਿਦਵਾਨਾਂ ਦੇ ਕਈ ਅਜਿਹੇ ਕਥਨ ਪੇਸ਼ ਕੀਤੇ ਹਨ ਜੋ ਨਾਰੀ ਨੂੰ ਪੁਰਸ਼ ਨਾਲੋਂ ਘਟੀਆ ਸਾਬਤ ਕਰਦੇ ਹਨ।ਜਿਵੇਂ ਅਰਸਤੂ ਦੀ ਧਾਰਨਾ ਹੈ ਕਿ 'ਨਾਰੀ ਕੁਝ ਗੁਣਾਂ ਦੀ ਘਾਟ ਕਰਕੇ ਨਾਰੀ ਹੈ' (The Female is a Female by virtue of a certain lack of qualities.) ਸੇਂਟ ਥਾਮਸ (St. Thomas ) ਨੇ ਨਾਰੀ ਨੂੰ Imperfect man ਸ਼ਬਦਾਂ ਨਾਲ ਸੰਬੋਧਨ ਕੀਤਾ ਹੈ। ਬੈਂਡਾ (Benda) ਦੀ ਸੋਚ ਅਨੁਸਾਰ ਮਰਦ ਤਾਂ ਨਾਰੀ ਬਿਨਾਂ ਆਪਣੇ ਬਾਰੇ ਸੋਚ ਸਕਦਾ ਹੈ ਪਰ ਨਾਰੀ ਮਰਦ ਤੋਂ ਬਿਨਾਂ ਆਪਣੇ ਬਾਰੇ ਨਹੀਂ ਸੋਚ ਸਕਦੀ।

ਨਾਰੀ ਸੰਬੰਧੀ ਅਪਣਾਇਆ ਗਿਆ ਆਧੁਨਿਕ ਦ੍ਰਿਸ਼ਟੀਕੋਣ ਨਾਰੀਵਾਦੀ ਚੇਤਨਾ ਨੂੰ ਪ੍ਰਗਟਾਉਣ ਵਾਲਾ ਨਵੀਨ ਦ੍ਰਿਸਟੀਕੋਣ ਹੈ। ਜਿਸ ਵਿਚ ਮਰਦ-ਪ੍ਰਧਾਨ ਸਮਾਜ ਵਿਚ ਨਾਰੀ ਨਾਲ ਹੋ ਰਹੀਆਂ ਵਧੀਕੀਆਂ ਤੇ ਜ਼ੁਲਮਾਂ ਵਿਰੁੱਧ ਡੱਟ ਕੇ ਖੜਾ ਹੋਣਾ ਹੈ। ਨਾਰੀ ਦੇ ਹੱਕਾਂ ਅਤੇ ਅਧਿਕਾਰਾਂ ਨੂੰ ਸਥਾਪਿਤ ਕਰਨਾ ਹੈ। ਇਸ ਪ੍ਰਕਾਰ ਨਾਰੀ ਦੇ ਬਰਾਬਰ ਹੱਕਾਂ ਨੂੰ ਲੈ ਕੇ ਹੋਏ ਯਤਨਾਂ ਨੇ ਜ਼ੋਰ ਫੜਿਆ ਤੇ ਫਿਰ ਇਹ ਲਹਿਰ ਨਾਰੀਵਾਦ ਦੇ ਰੂਪ ਵਿਚ ਸਥਾਪਿਤ ਹੋ ਗਈ ਤੇ ਵਿਸ਼ਵ ਪੱਧਰ ਤੱਕ ਇਸ ਦਾ ਪਾਸਾਰ ਹੋਇਆ। 'ਨਾਰੀਵਾਦ' ਵੀਹਵੀਂ ਸਦੀ ਦੇ ਸਿਧਾਂਤਕ ਅਤੇ ਸਮਾਜਿਕ-ਚਿੰਤਨ ਵਿਚ ਇਕ ਨਵੀਂ ਸਰਗਰਮ ਸਮਾਜਕ ਲਹਿਰ ਅਤੇ ਸਾਹਿਤ-ਸਿਧਾਂਤ ਵਜੋਂ ਤਕਰੀਬਨ ਅੱਜ ਤੋਂ ਸੱਠ-ਸੱਤਰ ਵਰ੍ਹੇ ਪਹਿਲਾਂ ਸਠਵਿਆਂ ਦੇ ਅੰਤ ਵਿਚ ਆਪਣੀ ਨਿਵੇਕਲੀ ਹੋਂਦ ਗ੍ਰਹਿਣ ਕਰਦਾ ਹੈ। ਅਸਲ ਵਿਚ ਇਹ ਲਹਿਰ ਬਹੁਤ ਪੁਰਾਣੀ ਹੈ ਪਰ ਪਹਿਲੀਆਂ ਸਰਗਰਮ ਹਸਤੀਆਂ ਨੇ 'ਨਾਰੀਵਾਦ' ਦਾ ਲਕਬ ਨਹੀਂ ਵਰਤਿਆ। ਉਨ੍ਹਾਂ ਨੂੰ ਕੇਵਲ ਨਾਰੀ ਦੇ ਹੱਕਾਂ ਦੀਆਂ ਸਮਰੱਥਕ Defenders ਜਾਂ ਔਰਤਾਂ ਦੇ ਵਕੀਲ ਕਿਹਾ ਗਿਆ। ਇਸ ਸੰਬੰਧ ਵਿਚ ਪਹਿਲੀ ਸਫ਼ਲਤਾ (1630-1650) ਇੰਗਲੈਂਡ ਦੀਆਂ ਔਰਤਾਂ ਨੂੰ ਧਾਰਮਿਕ ਖੇਤਰ ਵਿਚ ਬਰਾਬਰੀ ਦੀ ਮੰਗ ਉੱਪਰ ਮਿਲੀ ਹਮਦਰਦੀ ਅਤੇ ਸਹਾਇਤਾ ਸੀ। 'ਨਾਰੀਵਾਦ

ਦਾ ਮੂਲ ਅਰਥ ਉਹ ਸੰਕਲਪ ਜਾਂ ਲਹਿਰ ਜੋ ਕਿਸੇ ਵੀ ਢੰਗ ਨਾਲ ਔਰਤ ਦੀ ਬਰਾਬਰੀ ਦੇ ਹੱਕਾਂ ਦੀ ਹਮਾਇਤ ਕਰਦਾ ਹੋਵੇ ਅਤੇ ਲਿੰਗ-ਭੇਦ ਕਾਰਣ ਉਸ ਨਾਲ ਕੀਤੀ ਜਾਣ ਵਾਲੀ ਕਿਸੇ ਵੀ ਬੇਇਨਸਾਫ਼ੀ ਅਤੇ ਸਮਾਜਕ ਵਿਤਕਰੇ ਦੇ ਕੀਤੇ ਜਾਣ ਦੇ ਖਿਲਾਫ਼ ਹੋਵੇ। 1906 ਵਿਚ Dictionaire de Philosophie ਵਿਚ ਲਿਖਿਆ ਮਿਲਦਾ ਹੈ ਕਿ ਨਾਰੀਵਾਦ ਉਹ ਸਥਿਤੀ ਹੈ ਜਿਸ ਵਿਚ ਔਰਤਾਂ ਦੇ ਹੱਕਾਂ ਦੀ ਅਨੁਕੂਲਤਾ ਸ਼ਾਮਿਲ ਹੈ। ਜਿਹੜੀ ਔਰਤਾਂ ਦੇ ਹੱਕਾਂ ਲਈ ਸੁਖਾਵੀਂ ਹੈ। Ellen Du Bois ਜਿਸ ਨੇ ਵੋਟ-ਅਧਿਕਾਰ ਅਤੇ ਨਾਰੀਵਾਦ ਉੱਪਰ ਕਾਫੀ ਕੰਮ ਕੀਤਾ ਹੈ ਲਿਖਦੀ ਹੈ ਕਿ 'ਨਾਰੀਵਾਦ' ਸ਼ਬਦ ਫਰਾਂਸ ਵਿਚ ਪਹਿਲੀ ਵਾਰ ਵੋਟ-ਹੱਕ ਪ੍ਰਾਪਤ ਕਰਨ ਵਾਲੀਆਂ ਔਰਤਾਂ ਵੱਲੋਂ ਕੀਤੀ ਜੱਦੋ-ਜਹਿਦ ਅਤੇ ਲਹਿਰ ਲਈ ਵਰਤਿਆ ਗਿਆ। Linda Kealey ਜਿਸ ਨੇ ਅਮਰੀਕਨ ਅਤੇ ਕਨੇਡੀਅਨ ਔਰਤਾਂ ਵਿਚ ਕੰਮ ਕੀਤਾ, ਇਹ ਸੰਕਲਪ 1890 ਵਿਚ 'ਨਵੀਂ ਔਰਤ' (New Women) ਲਈ ਵਰਤਿਆ।Webster's Dictionary ਅਨੁਸਾਰ ਨਾਰੀਵਾਦ ਤੋਂ ਭਾਵ ਹੈ (1) ਕਿ ਔਰਤਾਂ ਨੂੰ ਮਰਦਾਂ ਦੇ ਬਰਾਬਰ ਰਾਜਨੀਤਕ ਅਧਿਕਾਰ ਹੋਣ, ਇਸ ਅਨੁਸਾਰ ਸ਼ਬਦ 'ਨਾਰੀਵਾਦ' ਇਕ ਤਰ੍ਹਾਂ ਦੇ ਰਾਜਨੀਤਕ ਲੇਬਲ ਹਨ ਜਿਸ ਦਾ ਅਰਥ ਹੈ ਕਿ ਇਹ ਲਹਿਰ ਨਵੀਂ ਔਰਤ ਦੇ ਮਨੋਰਥਾਂ ਦਾ ਸਮਰੱਥਨ ਕਰਦੀ ਹੈ, ਉਹ ਲਹਿਰ ਜੋ 1960 ਤੋਂ ਆਰੰਭ ਹੋਈ।'[104]

ਮੇਰੀ ਵੋਲਸਟੋਨਕਰਾਫਟ ( Marry Wollstonecraft) ਦੀ ਪੁਸਤਕ A Vindication of Rights of Women (1792), ਜਾਨ ਸਟੂਅਰਟ ਮਿਲ John Stuart Mill ਦੀ ਰਚਨਾ The Subjection of Women(1869) ਅਤੇ ਮਾਰਗਰੇਟ ਫਿਊਲਰ Margaret Fuller ਦੀ ਪੁਸਤਕ Women in the Nineteenth Century (1845) ਆਦਿ ਨਾਰੀ ਦੇ ਸਮਾਜਿਕ, ਆਰਥਿਕ, ਅਤੇ ਸਭਿਆਚਾਰਕ ਸੁਤੰਤਰਤਾ ਲਈ ਕੀਤੇ ਨਾਰੀ-ਸੰਘਰਸ਼ ਦਾ ਕਲਮਬੱਧ ਇਤਿਹਾਸ ਹਨ। ਵਰਜੀਨੀਆਂ ਵੁਲਫ਼ (Virginia Woolf) ਦੀ ਪਸਤਕ ( A Room of One's Own) 1929 ਅਤੇ ਫ਼ਰਾਂਸ ਦੀ ਸੀਮੋਨ ਦ ਬੋਇਆ ( Simone de Beauvoir) ਦੀ ਪੁਸਤਕ The Second Sex (1949), ਅਮਰੀਕਾ ਦੀ ਮੇਰੀ ਐਲਮਨ ( Mary Ellman) ਦੀ ਰਚਨਾ Thinking about Women, ਕੇਟ ਮਿੱਲੇਟ (Kate Millett) ਨੇ ਪੁਰਸ਼ ਪ੍ਰਧਾਨ ਸਮਾਜ ਦੀਆਂ ਮਾਨਤਾਵਾਂ ਨੂੰ ਚੁਣੌਤੀ ਦਿੱਤੀ ਅਤੇ ਨਾਰੀ ਦੀ ਸਭਿਆਚਾਰਕ ਸ਼ਨਾਖ਼ਤ ਦੇ ਪ੍ਰਸੰਗ ਵਿਚ ਤਿੱਖਾ ਸੰਵਾਦ ਪੈਦਾ ਕਰਦਿਆਂ ਪੁਰਸ਼-ਪ੍ਰਧਾਨ ਸਮਾਜ ਦੀਆਂ ਸਾਜਿਸ਼ਾਂ ਨੂੰ ਨੰਗਾ ਕੀਤਾ। ਇਨ੍ਹਾਂ ਨੇ ਨਾਰੀ ਦੇ ਪਰੰਪਰਾਗਤ ਅਤੇ ਅਪਮਾਨਜਨਕ ਮਾਡਲਾਂ ਬਾਰੇ ਇਕ ਜੀਵੰਤ ਸੰਵਾਦ ਰਚਾਉਂਦਿਆ ਉਨ੍ਹਾਂ ਵਿਧੀਆਂ ਦਾ ਪ੍ਰਗਟਾਵਾ ਕੀਤਾ ਜੋ ਪੁਰਸ਼ ਦੀ ਸਰਦਾਰੀ ਅਤੇ ਨਾਰੀ ਦੀ ਗ਼ੁਲਾਮੀ ਨੂੰ ਸਥਾਪਿਤ ਕਰਦੀਆਂ ਹਨ। ਸਮੇਂ ਦੇ ਨਾਲ-ਨਾਲ ਨਾਰੀ ਲੇਖਾਂ ਅਤੇ ਨਾਰੀਵਾਦ ਆਧਾਰਿਤ ਸੰਸਥਾਵਾਂ ਵਿਚ ਨਿਰੰਤਰ ਵਾਧਾ ਹੁੰਦਾ ਜਾ ਰਿਹਾ ਹੈ ਜਿਨ੍ਹਾਂ ਦਾ ਮੁੱਖ ਉਦੇਸ਼ ਲਿੰਗ-ਬਰਾਬਰਤਾ ਸੀ। ਵਿਸ਼ਵ-ਪੱਧਰ ਤੇ ਇਹ ਸੰਸਥਾਵਾਂ ਨਿਰੰਤਰ ਕਾਰਜਸ਼ੀਲ ਹਨ:

- Associations of junior Leagues International
- Christian Women in Media Association
- Council of Women World leaders

- Ellevate Network
- Equality Now
- International Alliance of Women
- International Alliance of Women  Police (1915)
- International Council of Women  (1888)
- International Federation of Business and professional Women (1930)
- International Federation of  University Women  (1919)
- International Inner Wheel  (1920)
- International Women's Suffrage Alliance
- Nobel Women's Initiative P.E.O. Sisterhood  (1869)
- Quota International  (1919)
- Relief charitable and educational organization of  LDSwomen (1842)
- St. Joan 's International Alliance
- Soroptimist International  (1921)
- Third World Organisation for Women in Science
- UNIFEM – United Nations Development Fund for Women (1976)
- UN WOMEN (2010)
- Woman's Christian Temperance Union – Anti-alcohol movement (1874)
- Women's Commission for Refugee Women and Children (1989)
- Women 's Environment & Development organisation – Advocates women's equality in global policy (1990)
- Women's International  DemocraticFedration\
- Women's International  League for peace and Freedom (WILPF) (created 1915)
- Women's International  Zionist Organisation ( 1929)
- Women's World Wide WEB( W4) (2010)
- World Association of Girl Guides and Girl Scouts (1928)
- Young Women's Christian Association  (1855)
- Zonta International   ( 1919)
- Amal Women's Training Center and Moroccan Restaurant
- Association Solidarite Feminine
- Women's Net

- WOUGNET
- Compulssion Health,Food Nutrition & Technology Centre
- Australian Women’s Health Network health advocacy organisation
- Country Women’s Association
- Emily’s List
- National Council of Women of Australia ( 1888)
- Women’s Electoral Lobby
- Canadian Women’s Suffrage Associatio
- Canadian Unitarian Universalist Women’s Association
- Junior League
- National Council of Women of Canada
- Servants Anonymous Society
- Landsforbundet for Kvinders Valgret
- All-China Women ‘s Federation (ACWF)
- Honour for Women National Campaign, India
- OYSS Women
- Na’amat, Israel-based women's organization
- National Alliance of Taiwan Women’s Associations (NATWA)
- WomensHub (Philippines support for women activists using technology)
- Gulabi Gang, India
- Egyptian Feminist Union
- European Feminist Forum
- European Women’s Lobby
- Terre des Femmes
- All India Women’s Conference
- Honour for Women National Campaign
- OYSS Women
- National Council of Women of New Zealand
- Kvinnestemmerettsforeningen
- Norwegian Association for Women ‘s Rights
- Fredrika Bremer Association active from 1884

- Married Women’s Property Rights Association active from 1873 to 1896
- Nationa; Association for Women’s Suffrage active from 1902–1921
- Valgorande fruntimmerssallskapet  active from 1819 to 1934
- British Women’s Institute
- Conservative Women’s Organisation
- Dublin Women’s Suffrage Association fought for women's suffrage
- Freedom Charity
- Engender, Edinburgh-based feminist organization
- HeForShe
- Irish Women’s Franchise League women's suffrage group ( 1908)
- Junior League
- Ladies Circle
- League of Jewish Women
- National Society for Women ‘s Suffrage
- National Society for Women ‘s Suffrage Societies  major woman's suffrage group
- National Women’s Register (NWR)
- Rape Crisis England and Wales Feminist charity and umbrella body for Rape Crisis Centres Socialist Women’s Network
- The Association of Loyal Orangewomen of Ireland
- Women’s Social and Political Union a major suffrage organization in the United Kingdom
- Fawcett Society
- Alpha Kappa Alpha sorority (1908)
- Amercian Association for Women Radiologists AAWR
- Amercian Association  OF University Women (1881)
- Amercian  Equal Rights Association
- Amercian Heritage Girls
- Amercian Women Suffrage Association
- Association for Women in Communications: http://www.womcom.org
- Association for Women in Science (AWIS)
- Big Sisters
- Business and Professional Women’s Foundation

- Catholic Daughters of the America (founded in 1903)
- Concernrd Women for America
- Commercial Real Estate Women
- Daughters of the Amercian Revolution  (1890)
- Daughters of Utah Pioneers  (1919)
- Degree of Pocahonts
- Delta Sigma Theta sorority (1913)
- Emily’s List
- Equal Rights Advocates
- Feminists for Life
- Feminist Majority Foundation
- General Federation of Women’s Clubs (1890)
- Girl Scouts of the United States of America
- Hadassah
- JC’s Girls
- Job’s Daughters International
- Junior League
- La Leche League
- Lambda Tau Omega (1988)
- League of Women Voters
- National Amercian Women Suffrage Association
- National Association of Professional  Women( NAPW)
- National Council of Jewish Women
- National Council of Negro Women
- National  Council of Women of the United States ( 1888)
- National Organisation for Women (NOW)
- National Women Suffrage Association
- National Women’s Party
- National Women’s Political Caucus
- Pythian Sisters
- Rebekah Degree

- Relief Society.
- Royal Neighbours of America
- Refugee Women 's Network
- Sigma Gamma Rho sorority (1922)
- U.S. Women's Chamber of Commerce
- Veteran Feminists of America
- Women's Christian Temperance Union
- Women's Missionary Union
- Women's Refugee Commission
- Younger Women's Task Force
- Zeta Phi Beta sorority

ਉਪਰੋਕਤ ਸੰਸਥਾਵਾਂ[105] ਦੇ ਸੰਦਰਭ ਵਿਚ ਅਸੀਂ ਵੇਖਦੇ ਹਾਂ ਕਿ ਵਿਸ਼ਵ-ਪੱਧਰ ਤੇ ਨਾਰੀ ਚੇਤਨਾ, ਨਾਰੀ ਉਥਾਨ, ਨਾਰੀ ਸਸ਼ਕਤੀਕਰਨ, ਲਿੰਗ-ਬਰਾਬਰਤਾ ਆਦਿ ਨਾਲ ਸੰਬੰਧਿਤ ਬਹੁਤ ਅਦਾਰੇ ਬੜੇ ਸਰਗਰਮ ਰੂਪ ਵਿਚ ਕਾਰਜਸ਼ੀਲ ਹਨ। ਇਹ ਸੰਸਥਾਵਾਂ ਹਰ ਸੂਰਤ ਵਿਚ ਨਾਰੀ ਦੀ ਸਮਾਜਕ, ਰਾਜਨੀਤਿਕ, ਆਰਥਿਕ ਅਤੇ ਕਾਨੂੰਨੀ ਅਧਿਕਾਰਾਂ ਨੂੰ ਮਜਬੂਤੀ ਨਾਲ ਸਥਾਪਿਤ ਕਰਨਾ ਲੋਚਦੀਆਂ ਹਨ। ਇਹ ਸੰਸਥਾਵਾਂ ਲਿੰਗ-ਬਰਾਬਰਤਾ ਨੂੰ ਪੂਰੀ ਤਰ੍ਹਾਂ ਲਾਗੂ ਕਰਦੀਆਂ ਹਨ। ਨਾਰੀ ਨੂੰ ਜੀਵਨ ਦੇ ਹਰ ਹੱਕ ਲੈਣ ਲਈ ਯੋਗ ਅਤੇ ਸਮਰੱਥ ਬਣਾਉਂਦੀਆਂ ਹਨ। ਇਨ੍ਹਾਂ ਸੰਸਥਾਵਾਂ ਦੇ ਮੁੱਖ ਉਦੇਸ਼ ਇਸ ਪ੍ਰਕਾਰ ਰਹੇ ਹਨ:

1. ਨਾਰੀ ਆਪਣੀ ਜ਼ਿੰਦਗੀ ਦੀ ਪੂਰਨ ਆਜ਼ਾਦੀ ਨੂੰ ਬੜੇ ਆਤਮ-ਮਾਣ, ਸਤਿਕਾਰ, ਸਨਮਾਨ, ਗੌਰਵ ਨਾਲ ਬਤੀਤ ਕਰੇ।
2. ਨਾਰੀ ਚਾਹੇ ਘਰ ਵਿਚ ਹੈ ਜਾਂ ਆਪਣੇ ਕੰਮ ਤੇ, ਉਸਦਾ ਆਪਣੇ ਜੀਵਨ ਤੇ ਸਵੈ-ਅਧਿਕਾਰ ਅਤੇ ਸਵੈ-ਨਿਯੰਤਰਣ ਹੋਵੇ।
3. ਨਾਰੀ ਨੂੰ ਆਪਣੀ ਪਸੰਦ ਜਾਂ ਫੈਸਲੇ ਲੈਣ ਦਾ ਅਧਿਕਾਰ ਹੋਵੇ।
4. ਨਾਰੀ ਨੂੰ ਸਮਾਜਕ, ਧਾਰਮਿਕ ਅਤੇ ਜਨ-ਗਤੀਵਿਧੀਆਂ ਵਿਚ ਹਿੱਸਾ ਲੈਣ ਦਾ ਬਰਾਬਰ ਅਧਿਕਾਰ ਹੋਵੇ।
5. ਨਾਰੀ ਦਾ ਸਮਾਜ ਵਿਚ ਬਰਾਬਰ ਦਾ ਦਰਜਾ ਜਾਂ ਸਥਿਤੀ ਹੋਵੇ।
6. ਸਮਾਜਕ ਅਤੇ ਆਰਥਿਕ ਨਿਆਂ ਦੀ ਖਾਤਰ ਉਹ ਬਰਾਬਰ ਦੀ ਅਧਿਕਾਰੀ ਹੋਵੇ।
7. ਨਾਰੀ ਵਿੱਤੀ ਅਤੇ ਆਰਥਿਕ ਫੈਸਲਿਆਂ ਦਾ ਨਿਰਣਾ ਕਰ ਸਕੇ।
8. ਨਾਰੀ ਨੂੰ ਵਿਦਿਆ ਦੇ ਬਰਾਬਰ ਮੌਕੇ ਪ੍ਰਦਾਨ ਕੀਤੇ ਜਾਣ।
9. ਬਿਨ੍ਹਾਂ ਕਿਸੇ ਲਿੰਗ-ਵਿਤਕਰੇ ਦੇ ਨਾਰੀ ਨੂੰ ਨੌਕਰੀ ਲੈਣ ਦੇ ਬਰਾਬਰ ਮੌਕੇ ਮਿਲਣ।

10. ਨਾਰੀ ਨੂੰ ਆਪਣੀ ਗੱਲ ਕਹਿਣ ਦੀ ਪੂਰਾ ਅਧਿਕਾਰ ਹੋਵੇ।

ਅਜੋਕੇ ਯੁੱਗ ਵਿਚ ਨਾਰੀ ਚੇਤਨਾ ਦੀ ਬਹੁਤ ਲੋੜ ਹੈ। ਔਰਤ ਨੂੰ ਸ਼ਸ਼ਕਤੀਕਰਨ ਕਰਕੇ ਅਸੀਂ ਆਪਣੇ ਮੁਲਕ, ਪ੍ਰਾਂਤ ਜਾਂ ਰਾਸ਼ਟਰ ਨੂੰ ਪ੍ਰਗਤੀ ਦੀਆਂ ਲੀਹਾਂ ਤੋਂ ਸਿਖ਼ਰਾਂ ਤੇ ਲਿਜਾ ਸਕਦੇ ਹਾਂ।

ਅਸੀਂ ਜਾਣਦੇ ਹਾਂ ਕਿ ਔਰਤਾਂ ਵਿਸ਼ਵ ਦੀ ਜਨ-ਸੰਖਿਆ ਦਾ 50% ਹਿੱਸਾ ਹਨ। ਵਿਸ਼ਵ ਦੀ ਬਹੁਤੀ ਨਾਰੀ-ਵਸੋਂ ਬੇਰੁਜ਼ਗਾਰ ਹੈ। ਜਿਸ ਨਾਲ ਵਿਸ਼ਵ-ਦੀ ਆਰਥਿਕਤਾ ਤੇ ਬਹੁਤ ਮਾੜਾ ਅਸਰ ਪਿਆ ਹੈ ਕਿਉਂਕਿ ਲਿੰਗ-ਨਾਬਰਾਬਰੀ ਕਰਕੇ ਔਰਤਾਂ ਨੂੰ ਰੁਜਗਾਰ ਮੁਹੱਈਆ ਨਹੀਂ ਕੀਤਾ ਜਾਂਦਾ। ਅੱਜ ਦੀ ਔਰਤ ਪੂਰੀ ਤਰ੍ਹਾਂ ਸਮਰੱਥ ਅਤੇ ਲਾਇਕ ਹੈ। ਇੱਥੋਂ ਤੱਕ ਕਿ ਔਰਤਾਂ ਨੇ ਬਹੁਤ ਸਾਰੀਆਂ ਸਮਾਜਕ-ਆਰਥਿਕ ਗਤੀਵਿਧੀਆਂ ਵਿਚ ਆਪਣੇ ਆਪ ਨੂੰ ਮਰਦ ਤੋਂ ਵੱਧ ਕਾਬਲ ਬਣ ਕੇ ਦਿਖਾਇਆ ਹੈ। ਔਰਤ ਮਰਦ ਜਿੰਨੀ ਹੀ ਪ੍ਰਤਿਭਾਸ਼ਾਲੀ ਅਤੇ ਗੁਣਵਾਨ ਹੈ। ਪਹਿਲਾਂ ਕਿਉਂਕਿ ਔਰਤ ਨੂੰ ਉਚੇਰੀ ਵਿਦਿਆ ਦੀ ਇਜਾਜ਼ਤ ਨਹੀਂ ਸੀ ਤੇ ਉਹਦੀ ਪ੍ਰਤਿਭਾ ਜਾਇਆ ਚਲੀ ਜਾਂਦੀ ਸੀ ਪਰ ਅੱਜ-ਕਲ੍ਹ ਔਰਤ ਨੂੰ ਪ੍ਰਤਿਭਾ ਦਿਖਾਉਣ ਦੇ ਮੌਕੇ ਮਿਲ ਰਹੇ ਹਨ ਤੇ ਚਾਹੀਦਾ ਇਹ ਹੈ ਕਿ ਵਿਸ਼ਵ-ਪੱਧਰ ਤੇ ਇਸ ਪ੍ਰਤਿਭਾ ਦਾ ਲਾਭ ਲਿਆ ਜਾ ਸਕੇ। ਔਰਤ ਦੇ ਸਸ਼ਕਤੀਕਰਨ ਕਰਨ ਨਾਲ ਲਿੰਗ-ਬਰਾਬਰਤਾ ਹੋਵੇਗੀ ਜੋ ਕਿਸੇ ਵੀ ਸਮਾਜ ਦੇ ਪੂਰਨ ਵਿਕਾਸ ਲਈ ਸਹਾਇਕ ਸਾਬਤ ਹੋਵੇਗੀ। ਉਸ ਦੁਆਰਾ ਕਮਾਇਆ ਧਨ ਕੇਵਲ ਉਸ ਦੇ ਜਾ ਉਸਦੇ ਪਰਿਵਾਰ ਦੇ ਕੰਮ ਨਹੀਂ ਆਵੇਗਾ ਬਲਕਿ ਇਹ ਸਮਾਜਕ ਵਿਕਾਸ ਵਿਚ ਬੜਾ ਸਹਾਈ ਹੋਵੇਗਾ। ਨਾਰੀ ਸਸ਼ਕਤੀਕਰਨ ਨਾਰੀ ਨੂੰ ਆਰਥਿਕ ਤੋਰ ਤੇ ਮਜ਼ਬੂਤ ਕਰੇਗਾ, ਉਹ ਸੁਤੰਤਰ ਹੋ ਕੇ ਜੀਅ ਸਕੇਗੀ। ਆਪਣਿਆਂ ਦਾ ਪਾਲਨ ਕਰ ਸਕੇਗੀ ਤੇ ਇਸ ਨਾਲ ਉਸਦੇ ਦੇਸ਼ ਦੀ ਅਰਥ-ਵਿਵਸਥਾ ਵਿਕਸਿਤ ਹੋਵੇਗੀ। ਲਿੰਗ-ਬਰਾਬਰਤਾ ਅਤੇ ਨਾਰੀ ਸਸ਼ਕਤੀ ਕਰਨ ਨਾਲ ਘਰੇਲੂ ਹਿੰਸਾ ਵਿਚ ਕਮੀ ਆਵੇਗੀ। ਪੜ੍ਹੀਆਂ-ਲਿਖੀਆਂ ਔਰਤਾਂ ਦੇ ਮੁਕਾਬਲੇ ਅਨਪੜ੍ਹ ਔਰਤਾਂ ਨੂੰ ਵਧੇਰੇ ਘਰੇਲੂ-ਹਿੰਸਾ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਨ੍ਹਾਂ ਸੰਸਥਾਵਾਂ ਦੇ ਯਤਨਾਂ ਨਾਲ ਨਾਰੀ ਦਾ ਸ਼ੋਸਣ ਨਹੀਂ ਹੋ ਸਕੇਗਾ। ਪੜ੍ਹੀ-ਲਿਖੀ ਨਾਰੀ ਨਾਂ-ਕੇਵਲ ਭ੍ਰਿਸ਼ਟਾਚਾਰੀ ਦਾ ਸ਼ਿਕਾਰ ਹੋਵੇਗੀ ਬਲਕਿ ਉਹ ਭ੍ਰਿਸ਼ਟਾਚਾਰ ਨੂੰ ਰੋਕਣ ਦੇ ਸਮਰੱਥ ਵੀ ਹੋ ਜਾਵੇਗੀ। ਨਾਰੀ ਚੇਤਨਾ ਕੇਵਲ ਨਾਰੀ ਦੀ ਹੋਂਦ ਨੂੰ ਨਿਖਾਰਦੀ ਨਹੀਂ ਸਗੋਂ ਗਰੀਬੀ ਨੂੰ ਦੂਰ ਕਰਨ ਵਿਚ ਵੀ ਭੂਮਿਕਾ ਅਦਾ ਕਰਦੀ ਹੈ। ਬਹੁਤੀ ਵਾਰ ਕੇਵਲ ਮਰਦ ਦੀ ਕਮਾਈ ਜ਼ਿੰਦਗੀ ਦੀਆਂ ਬਹੁਤੀਆਂ ਜ਼ਰੂਰਤਾਂ ਪੂਰੀਆਂ ਨਹੀਂ ਕਰ ਸਕਦੀਆਂ। ਉੱਥੇ ਨਾਰੀ ਦੁਆਰਾ ਦਿੱਤੀ ਵਿੱਤੀ-ਸਹਾਇਤਾ ਨਾਲ ਗਰੀਬੀ ਨੂੰ ਕਾਬੂ ਪਾਇਆ ਜਾ ਸਕਦਾ ਹੈ। ਨਾਰੀ ਦੁਆਰਾ ਰਾਸ਼ਟਰੀ ਗਤੀਵਿਧੀਆਂ ਵਿਚ ਭਾਗ ਲੈ ਕੇ ਅਤੇ ਰਾਸ਼ਟਰ ਪੱਧਰ ਤੇ ਪ੍ਰਾਪਤੀਆਂ ਕਰਕੇ ਰਾਸ਼ਟਰ ਦਾ ਰੁਤਬਾ ਉੱਚਾ ਕੀਤਾ ਜਾ ਸਕਦਾ ਹੈ। ਨਾਰੀਆਂ ਮੈਡੀਕਲ ਵਿਗਿਆਣ, ਸਮਾਜ-ਸੇਵਾ ਅਤੇ ਇੰਜੀਨੀਅਰਿੰਗ ਆਦਿ ਵਿਚ ਕਮਾਲ ਦੀ ਪੇਸ਼ਕਾਰੀ ਕਰਕੇ ਦੇਸ਼ ਦਾ ਮਾਣ ਵਧਾ ਸਕਦੀਆਂ ਹਨ। ਇਹ ਮੰਨਿਆ ਜਾਂਦਾ ਸੀ ਕਿ ਨਾਰੀਆਂ ਸਾਰੇ ਕੰਮਾਂ ਲਈ ਯੋਗ ਨਹੀਂ ਹਨ। ਪਰ ਨਾਰੀਆਂ ਨੇ ਆਪਣੇ ਆਪ ਨੂੰ ਹਰੇਕ ਖੇਤਰ ਵਿਚ ਕਾਮਯਾਬ ਹੋ ਕੇ ਦਿਖਾਇਆ ਹੈ।

ਉਪਰੋਕਤ ਵਿਚਾਰਾਂ ਦੇ ਪ੍ਰਕਰਣ ਵਿਚ ਅਸੀਂ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰਨ ਦਾ ਉਪਰਾਲਾ ਕਰਦੇ ਹਾਂ ਕਿ ਇਹ ਮਾਨਵਵਾਦੀ ਤੇ ਨਿਆਂਸ਼ੀਲ ਗ੍ਰੰਥ ਲਿੰਗ-ਬਰਾਬਰਤਾ, ਨਾਰੀ-ਚੇਤਨਾ ਜਾਂ ਨਾਰੀ ਸਸ਼ਕਤੀਕਰਨ ਦੀ ਸਥਾਪਨਾ ਲਈ ਅਜੋਕੇ ਮਨੁੱਖ ਦੀ ਕਿਸ ਪ੍ਰਕਾਰ ਅਗਵਾਈ ਕਰ ਸਕਦਾ ਹੈ।

ਤਤਕਾਲੀਨ ਸਮਾਜ ਵਿਚ ਜਦੋਂ ਕਿ ਬਾਕੀ ਧਰਮਾਂ ਦੇ ਸਭਿਆਚਾਰ ਵਿਚ ਨਾਰੀ ਨੂੰ ਤ੍ਰਿਸਕਾਰਿਆ ਜਾ ਰਿਹਾ ਸੀ; ਗੁਰੂ ਨਾਨਕ ਸਾਹਿਬ ਨੇ ਨਾਰੀ ਦੇ ਰੁਤਬੇ ਨੂੰ ਇੱਜ਼ਤ ਬਖਸ਼ਿਸ਼ ਕੀਤੀ ਤੇ ਮਾਣ ਬਖਸ਼ਿਆ। ਗੁਰਮਤਿ ਸਾਹਿਤ ਦੇ ਸੰਦਰਭ ਵਿਚ ਲਿੰਗ-ਬਰਾਬਰਤਾ ਦੇ ਕਈ ਪ੍ਰਮਾਣ ਮਿਲਦੇ ਹਨ। ਔਰਤ ਜਾਂ ਨਾਰੀ ਦੀ ਸਹੀ ਸਥਿਤੀ ਦਾ ਸਰਵੇਖਣ ਕਰਨਾ ਹੋਵੇ ਤਾਂ ਪਹਿਲਾਂ ਮੱਧਕਾਲੀਨ ਇਤਿਹਾਸਕ ਪਰਿਸਥਿਤੀਆਂ ਦਾ ਲੇਖਾ-ਜੋਖਾ ਕਰਨਾ ਪਏਗਾ। ਮੱਧਕਾਲ ਦਾ ਸਮਾਂ ਅੰਧਕਾਰ ਦਾ ਕਾਲ ਸੀ। ਗੁਰੂ ਸਾਹਿਬਾਨ ਦੇ ਸਮੇਂ ਸਮਾਜ ਵਿਚ ਜੀਵਨ ਦਾ ਹਰ ਖੇਤਰ ਅਸੁਰਖਿਅਤ ਸੀ। ਹਰ ਪਾਸੇ ਆਪੋ-ਧਾਪੀ ਦਾ ਮਾਹੌਲ ਸੀ। ਲੁੱਟ-ਖਸੁੱਟ ਦੀ ਪਰੰਪਰਾ ਜ਼ੋਰਾਂ ਤੇ ਸੀ। ਅਧਰਮ ਤੇ ਪਾਪ ਦਾ ਬੋਲਬਾਲਾ ਸੀ। ਅੰਧ-ਵਿਸ਼ਵਾਸਾਂ ਅਤੇ ਪਾਖੰਡਾਂ ਦੀ ਪ੍ਰਧਾਨਤਾ ਸੀ। ਗੁਰੂ ਨਾਨਕ ਸਾਹਿਬ ਤਤਕਾਲੀਨ ਅਵੱਸਥਾ ਨੂੰ ਇੰਝ ਬਿਆਨ ਕਰਦੇ ਹਨ:

ਲਬੁ ਪਾਪ ਦੁਇ ਰਾਜਾ ਮਹਤਾ, ਕੂੜ ਹੋਆ ਸਿਕਦਾਰੁ॥
ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰ॥ [106]

ਮਲਾਰ ਦੀ ਵਾਰ ਵਿਚ ਗੁਰੂ ਨਾਨਕ ਸਾਹਿਬ ਰਾਜਿਆਂ ਦੀ ਤੁਲਨਾ ਭਿਆਨਕ ਸ਼ੇਰਾਂ ਅਤੇ ਮੰਤਰੀਆਂ ਦੀ ਤੁਲਨਾ ਕੁਤਿਆਂ ਨਾਲ ਕਰਦੇ ਕਹਿੰਦੇ ਹਨ:

ਰਾਜੇ ਸ਼ੀਹ ਮੁਕਦਮ ਕੁਤੇ॥ ਜਾਇ ਜਗਾਇਨ ਬੈਠੇ ਸੁਤੇ॥
ਚਾਕਰ ਨਹਦਾ ਪਾਇਨਿ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥ [107]

ਬੜੀ ਸਪਸ਼ਟ ਜੀ ਗੱਲ ਹੈ ਕਿ ਅਜਿਹੇ ਦਿਸ਼ਾਹੀਨ ਅਤੇ ਪੁਰਸ਼ ਕੇਂਦ੍ਰਿਤ ਸਮਾਜ ਵਿਚ ਔਰਤ ਦੀ ਹਸਤੀ ਜਾਂ ਵਿਅਕਤਿਤੱਵ ਦੀ ਕੀ ਕਦਰ ਹੋਵੇਗੀ? ਅਜਿਹੇ ਸਮਿਆਂ ਵਿਚ ਔਰਤ ਦੀ ਤਰਸਯੋਗ ਸਥਿਤੀ ਤੇ ਪੁਰਸ਼ ਦੇ ਦਮਨਕਾਰੀ ਸੁਭਾਅ ਬਾਰੇ ਸਮਕਾਲੀਨ ਗ੍ਰੰਥਾਂ ਵਿਚ ਅਨੇਕਾਂ ਹਵਾਲੇ ਮਿਲਦੇ ਹਨ ਜਿਨ੍ਹਾਂ ਵਿਚੋਂ ਕੁਝ ਕੁ ਦਾ ਅਸੀਂ ਜ਼ਿਕਰ ਕੀਤਾ ਹੈ। 'ਗੁਰੂ ਨਾਨਕ ਦੇਵ ਜੀ ਦੇ ਸੰਸਾਰ ਆਗਮਨ ਤੋਂ ਪਹਿਲਾ ਹਿੰਦੂ ਇਸਤਰੀ ਨੂੰ 'ਪੈਰ ਦੀ ਜੁੱਤੀ', 'ਘਰ ਦੀ ਚਾਕਰ', 'ਅੱਧਾ ਜ਼ਹਿਰ', 'ਅੱਧਾ ਅੰਮ੍ਰਿਤ', 'ਕੁਦਰਤ ਦੀ ਇਕ ਮਜ਼ੇਦਾਰ ਗਲਤੀ' ( Aggreable Blunder), 'ਜਿੱਥੇ ਰੱਬ ਫੇਲ ਜੋ ਗਿਆ ਉਥੇ ਇਸਤਰੀ ਬਣਾ ਦਿੱਤੀ', ਇਸਤਰੀ ਵਿਚ ਆਤਮਾ ਨਹੀਂ ਹੁੰਦੀ', 'ਔਰਤ ਦੀ ਮੱਤ ਖੁਰੀ ਪਿੱਛੇ ਤੇ ਹੋਰ ਕਈ ਭੈੜੇ ਸ਼ਬਦਾਂ ਨਾਲ ਇਸ ਨੂੰ ਪੁਕਾਰਿਆ ਜਾਂਦਾ ਸੀ।'[108]

ਉਪਰੋਕਤ ਸਾਰੇ ਪੁਰਸ਼-ਕਥਨ ਨਾਰੀ ਦੀ ਨਿਮਾਣੀ, ਨਿਆਸਰੀ, ਨਿਤਾਣੀ, ਨਿਗੁਣੀ ਅਵੱਸਥਾ ਦਾ ਚਿਤਰਣ ਕਰਦੇ ਹਨ। ਇਹ ਵਚਨ ਨਾਰੀ ਤ੍ਰਿਸਕਾਰ ਅਤੇ ਨਾਰੀ ਦੀ ਵਸਤੂਮੂਲਕ (Object) ਹੋਂਦ ਦਾ ਸੂਚਕ ਹਨ। ਕਿਤੇ ਵੀ

ਨਾਰੀ ਦੇ ਆਤਮ (Subject) ਰੂਪ ਦਾ ਚਿਤਰਣ ਨਹੀਂ ਹੈ। ਨਾਰੀ ਦੇ ਉੱਚੇ ਗੁਣ ਜਿਵੇਂ ਸਬਰ, ਸੰਜਮ, ਸਹਿਣਸ਼ੀਲਤਾ, ਸੇਵਾ, ਪਿਆਰ, ਤਿਆਗ, ਪਰਉਪਕਾਰੀ, ਮਿਹਨਤੀ, ਰੱਬ ਦੇ ਭਾਣੇ ਨੂੰ ਮੰਨਣ ਵਾਲੀ ਨਾਰੀ ਵੱਲ ਕਿਸੇ ਦਾ ਵੀ ਧਿਆਨ ਨਹੀਂ ਗਿਆ। ਗੁਰਮਤਿ ਦੇ ਸੰਸਥਾਪਕ ਸ੍ਰੀ ਗੁਰੂ ਨਾਨਕ ਦੇਵ ਜੀ ਪਹਿਲੇ ਐਸੇ ਕ੍ਰਾਂਤੀਕਾਰੀ ਯੁੱਗ-ਪੁਰਸ਼ ਹੋਏ ਹਨ ਜਿਨ੍ਹਾਂ ਨੇ ਨਾਰੀ ਹੱਕ ਵਿਚ ਆਵਾਜ਼ ਬੁਲੰਦ ਕੀਤੀ ਤੇ ਪਰੰਪਰਾ ਤੋਂ ਚਲੀਆਂ ਆ ਰਹੀਆਂ ਸਥਾਪਿਤ ਪਰਿਭਾਸ਼ਾਵਾਂ ਨੂੰ ਬਦਲਿਆ ਹੈ। ਗੁਰਬਾਣੀ ਦੇ ਪਾਠ ਅਤੇ ਪ੍ਰਵਚਨ ਤੋਂ ਇਹ ਗੱਲ ਸਹਿਜੇ ਸਪਸ਼ਟ ਹੁੰਦੀ ਹੈ ਇਹ ਰਚਨਾ  ਹਰ ਕਿਸਮ ਦੇ ਜ਼ੁਲਮ, ਵਿਤਕਰੇ, ਤਸ਼ਦੱਦ ਤੇ ਸ਼ੋਸ਼ਣ ਦੇ ਵਰਤਾਰੇ ਦੇ ਵਿਰੋਧ ਵਿਚ ਖੜੀ ਹੁੰਦੀ ਹੈ। ਇਸੇ ਲਈ ਗੁਰਬਾਣੀ ਦਾ ਸੰਵਾਦ  ਜਿੱਥੇ ਲਿੰਗ-ਨਾਬਰਾਬਰੀ ਦੇ ਪਰਿਪੇਖ ਵਿਚ ਪ੍ਰਚਲਿੱਤ ਸਮਾਜ-ਸਭਿਆਚਾਰ ਵਿਚ ਨਾਰੀ ਦੀ ਦਯਨੀਯ ਸਥਿਤੀ ਨੂੰ ਪ੍ਰਗਟਾਉਂਦਾ ਹੈ ਉੱਥੇ ਨਾਲ ਹੀ ਨਾਰੀ-ਦੁਸ਼ਟਾਂ ਨੂੰ ਵੀ ਰਾਹੇ ਪਾਉਂਦਾ ਹੈ। ਗੁਰੂ ਜੀ ਨੇ ਨਿਰਭੈਤਾ ਨਾਲ ਸਮੇਂ ਦੇ ਸਮਾਜ ਨਾਲ ਟੱਕਰ ਲੈਂਦਿਆਂ ਤਤਕਾਲੀਨ ਰਾਜੇ ਮਹਾਰਾਜਿਆਂ, ਮੁਲਾਂ-ਮੁਲਾਣਿਆਂ, ਪੰਡਤਾਂ ਨੂੰ ਸੰਬੋਧਨ ਕਰਦਿਆਂ ਕਿਹਾ :

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡਿ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥
ਭੰਡਹੁ ਹੀ ਭੰਡੁ ਉਪਜੈ ਭੰਡੈ ਬਾਝੁ ਨ ਕੋਇ॥
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥ [109]

ਗੁਰੂ ਨਾਨਕ ਸਾਹਿਬ ਦਾ ਇਹ ਪ੍ਰਵਚਨ ਸਮਾਜ ਵਿਚਲੀ ਨਾਰੀ ਦੇ ਅਫ਼ਸੋਸਜਨਕ ਅਤੇ ਤਰਸ-ਭਰਪੂਰ ਸਥਿਤੀ ਦੇ ਵਿਦਰੋਹ ਵਿਚੋਂ ਉਪਜਿਆ ਸੰਵਾਦ ਹੈ ਜੋ ਨਾਰੀ ਦੀ ਸਮਾਜਕ ਪ੍ਰਤਿਸ਼ਠਤਾ ਤੇ ਸਨਮਾਨ ਨੂੰ ਸਥਾਪਤ ਕਰਨਾ ਲੋਚਦਾ ਹੈ। ਪੁਰਸ਼ ਸਮਾਜ ਨਾਰੀ ਤੋਂ ਬਿਨ੍ਹਾਂ ਅਧੂਰਾ ਹੈ। ਵਿਅਕਤੀਗਤ ਰੂਪ ਵਿਚ ਅਤੇ ਸਮਾਜਿਕ ਰੂਪ ਵਿਚ ਨਾਰੀ ਦੇ ਵਿਅਕਤਿਤੱਵ ਨਾਲ ਹੀ ਪੁਰਸ਼ ਜੀਵਨ ਦੀ ਸੰਪੂਰਨਤਾ ਨੂੰ ਗ੍ਰਹਿਣ ਕਰਦਾ ਹੈ। ਜਦੋਂ ਨਾਰੀ ਦੀ ਹੋਂਦ ਨਾਲ ਹੀ ਸਮਾਜ ਦੀ ਵਿਕਾਸਸ਼ੀਲਤਾ ਅਤੇ ਗਤੀਸ਼ੀਲਤਾ ਜੁੜੀ ਹੋਈ ਹੈ ਤਾਂ ਫਿਰ ਨਾਰੀ ਦੇ ਵਜੂਦ ਨੂੰ ਅਹਿਮੀਅਤ ਅਤੇ ਸਨਮਾਨ ਦੀਆਂ ਨਜ਼ਰਾਂ ਨਾਲ ਕਿਉਂ ਨਹੀਂ ਦੇਖਿਆ ਜਾਂਦਾ? ਮਰਦ-ਪ੍ਰਧਾਨ ਦੇ ਇਸ ਦੋਗਲੇਪਨ ਅਤੇ ਦੂਹਰੇ ਮਿਆਰਾਂ ਦੀ ਗੁਰਬਾਣੀ ਨੇ ਨਿੰਦਿਆ ਕੀਤੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਸਮੁੱਚੀ ਮਨੁੱਖਤਾ ਲਈ ਸਰਬ-ਸਾਂਝਾ ਅਤੇ ਜਨ-ਹਿਤਕਾਰੀ ਹੈ। ਇਸੇ ਕਾਰਨ ਗੁਰਬਾਣੀ ਵਿਚ 'ਸਭੇ ਸਾਝੀਵਾਲ ਸਦਾਇਨ ਤੂ ਕਿਸੈ ਨ ਦਿਸਹਿ ਬਾਹਰਾ ਜੀਉ'[110], 'ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ'[111], 'ਸਭ ਮਹਿ ਜੋਤਿ ਜੋਤਿ ਹੈ ਸੋਇ'[112] ਆਦਿ ਸੰਵਾਦ ਸਾਰੀ ਮਨੁੱਖਤਾ ਨੂੰ ਆਪਣੇ ਕਲੇਵਰ ਵਿਚ ਲੈਣ ਲਈ ਉਤਸੁਕ ਅਤੇ ਤਤਪਰ ਹਨ। ਗੁਰਬਾਣੀ ਅਨੁਸਾਰ ਸਾਰੇ ਜੀਵਾਂ ਵਿਚ ਇਕ ਅਕਾਲ ਪੁਰਖ ਦੀ ਹੋਂਦ ਹੈ। ਕੋਈ ਵੀ ਜੀਵ ਉਦੋਂ ਹੀ ਜਨਮ ਲੈਂਦਾ ਹੈ ਜਦੋਂ ਪਰਮਾਤਮਾ ਆਪ ਉਸ ਵਿਚ ਆਪਣੀ ਜੋਤਿ ਰੱਖਦਾ ਹੈ।'ਮਨ ਤੂ ਜੋਤਿ ਸਰੂਪ ਹੈ

ਆਪਣਾ ਮੂਲੁ ਪਛਾਣੁ'[113] ਇਸੇ ਭਾਵ ਅਧੀਨ ਉਚਾਰਿਆ ਸ਼ਬਦ ਹੈ। ਇਹ ਸ਼ਬਦ ਗੁਰਬਾਣੀ ਵਿਚ ਇਸ ਅੰਤਰ-ਦ੍ਰਿਸ਼ਟੀ ਦੇ ਲਖਾਇਕ ਹਨ ਕਿ ਕੋਈ ਮਨੁੱਖ ਜਾਤਿ, ਜਨਮ, ਪੁਰਸ਼ ਜਾਂ ਇਸਤਰੀ ਹੋਣ ਕਰਕੇ ਛੋਟਾ ਜਾਂ ਵੱਡਾ ਨਹੀਂ ਹੁੰਦਾ। ਸਾਰੇ ਜੀਵ ਬਰਾਬਰ ਹਨ। ਗੁਰਮਤਿ ਇਸਤਰੀਆਂ ਜਾਂ ਪੁਰਸ਼ਾਂ ਦੀ ਕੋਈ ਵੰਡ ਨਹੀਂ ਸਵੀਕਾਰਦਾ। ਗੁਰਮਤਿ ਸਿਰਫ਼ ਗੁਰਮੁਖਿ ਤੇ ਮਨਮੁਖਿ ਦੋ ਸ਼੍ਰੇਣੀਆਂ ਨਾਲ ਸੰਵਾਦ ਰਚਾਉਂਦਾ ਹੈ। ਗੁਰਮਤਿ ਸ਼੍ਰੇਣੀ ਜੋ ਗੁਰੂ ਦੀ ਮਤਿ ਤੇ ਚਲਦੀ ਸਦਾਚਾਰਕਤਾ ਦੇ ਆਦਰਸ਼ਾਂ ਨੂੰ ਅਪਣਾਉਂਦੀ ਹੈ ਅਤੇ ਮਨਮੁਖਿ ਉਹ ਸ਼੍ਰੇਣੀ ਜੋ ਆਪਣੀ ਮਨ-ਮਰਜੀਆਂ ਦੇ ਰਸਾਂ ਨੂੰ ਭੋਗਦੀ ਅਸ਼ੁਭ ਕਾਰਜਾਂ ਵਿਚ ਖਚਿਤ ਹੈ। ਇਸ ਤਰ੍ਹਾਂ ਗੁਰਮੁਖਿ ਚਾਹੇ ਪੁਰਸ਼ ਹੈ ਜਾਂ ਇਸਤਰੀ; ਮਨੁੱਖ ਦੀ ਪ੍ਰਵਾਣਿਤ ਸ਼੍ਰੇਣੀ ਹੈ ਅਤੇ ਮਨਮੁਖਿ ਭਾਵੇਂ ਪੁਰਸ਼ ਜਾਂ ਇਸਤਰੀ ਹੈ; ਗੈਰ-ਪ੍ਰਵਾਣਿਤ ਸ਼੍ਰੇਣੀ ਹੈ। ਗੁਰਮਤਿ ਅਨੁਸਾਰ ਕੋਈ ਵੀ ਇਸਤਰੀ ਜਾਂ ਪੁਰਸ਼ 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ'[114] ਅਤੇ 'ਜਿਨੀ ਨਾਮ ਧਿਆਇਆ ਗਏ ਮਸਕਤਿ ਘਾਲਿ'[115] ਜੁਗਤੀਆਂ ਰਾਹੀਂ ਪਰਮਾਤਮਾ ਦੇ ਦਰ ਤੇ ਕਬੂਲੇ ਜਾਂਦੇ ਹਨ। ਗੁਰਬਾਣੀ ਦੀ ਸਮੁੱਚੀ ਪ੍ਰਤੀਬੱਧਤਾ ਮਾਨਵਤਾ ਨਾਲ ਹੈ। ਗੁਰਬਾਣੀ ਦੱਬੇ-ਕੁਚਲਿਆਂ, ਨਿਮਾਣੇ ਤੇ ਨਿਤਾਣਿਆਂ, ਦਲਿਤ ਤੇ ਦਮਿਤ ਸ਼੍ਰੇਣੀਆਂ ਨਾਲ ਹੁੰਦੇ ਵਿਤਕਰੇ, ਸ਼ੋਸ਼ਣ, ਤਸ਼ਦੱਦ ਦੇ ਖ਼ਿਲਾਫ਼ ਕ੍ਰਾਂਤੀਕਾਰੀ ਪ੍ਰਵਚਨ ਉਸਾਰਦਾ ਹੈ। ਇਨ੍ਹਾਂ ਹੀ ਲਤਾੜੀਆਂ ਹਈਆਂ ਸ਼੍ਰੇਣੀਆਂ ਦੇ ਵਿਚ ਨਾਰੀ ਵੀ ਸ਼ਾਮਿਲ ਸੀ ਜੋ ਸਦੀਆਂ ਤੋਂ ਮਰਦ ਦੇ ਜ਼ੁਲਮਾਂ ਨੂੰ ਬਰਦਾਸ਼ਤ ਕਰ ਰਹੀ ਸੀ।

'ਗੁਰੂ ਗ੍ਰੰਥ ਸਾਹਿਬ' ਦੀ ਸਮੁੱਚੀ ਬਾਣੀ ਵੈਰਾਗ ਅਤੇ ਸੰਨਿਆਸ ਦਾ ਖੰਡਨ ਕਰਦੀ ਹੈ। ਗੁਰਬਾਣੀ ਵਿਚ ਗ੍ਰਹਿਸਥ ਜੀਵਨ ਤੇ ਜ਼ੋਰ ਦਿੱਤਾ ਗਿਆ ਹੈ। ਇਹ ਧਰਮ ਗ੍ਰਹਿਸਥੀਆਂ ਦਾ ਧਰਮ (A Religion of householders) ਹੈ। ਗ੍ਰਹਿਸਥ ਦੀ ਅਹਿਮੀਅਤ ਨੂੰ ਗੁਰੂ ਨਾਨਕ ਸਾਹਿਬ ਦੀ ਸਿਧਾਂ ਨਾਲ ਹੋਈ ਵਾਰਤਾਲਾਪ ਤੋਂ ਸਮਝਿਆ ਜਾ ਸਕਦਾ ਹੈ। ਸਿੱਧ ਗੁਰੂ ਨਾਨਕ ਸਾਹਿਬ ਤੋਂ ਪ੍ਰਸ਼ਨ ਕਰਦੇ ਹਨ:

ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ॥
ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ॥
ਆਪੇ ਆਖੈ ਆਪੈ ਸਮਝੈ ਤਿਸੁ ਕੀਆ ਉਤਰੁ ਦੀਜੈ॥
ਸਾਚ ਕਹਹੁ ਤੁਮ ਪਾਰਗਰਾਮੀ ਤੁਝੁ ਕਿਆ ਬੈਸਣੁ ਦੀਜੈ॥ [116]

ਗੁਰੂ ਨਾਨਕ ਸਾਹਿਬ ਉੱਤਰ ਦਿੰਦੇ ਹਨ:

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੈ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥ [117]
ਗੁਰੂ ਅਮਰਦਾਸ ਜੀ ਗ੍ਰਹਿਸਥ ਦੀ ਮਹਾਨਤਾ ਨੂੰ ਪਰਗਟਾਉਂਦੇ ਹੋਏ ਕਹਿੰਦੇ ਹਨ:

ਮਨ ਰੇ, ਗ੍ਰਿਹ ਹੀ ਮਾਹਿ ਉਦਾਸ॥
ਸਚ ਸੰਜਮ ਕਰਣੀ ਸੋ ਕਰੇ ਗੁਰਮੁਖ ਹੋਇ ਪਰਗਾਸ॥
ਗੁਰੁ ਕੈ ਸਬਦ ਮਨ ਜੀਤਿਆ ਗਤਿ ਮੁਕਤਿ ਘਰੈ ਮਹਿ ਪਾਇ॥ [118]

ਗੁਰੂ ਅਰਜਨ ਦੇਵ ਜੀ ਦੇ ਬਚਨ ਹਨ:

ਨਾਨਕ, ਨਾਮੁ ਵਸਿਆ ਜਿਸੁ ਅੰਤਰਿ ਪਰਵਾਣੁ ਗਿਰਸਤ ਉਦਾਸਾ ਜੀਉ॥ [119]

ਸੁਖਮਨੀ ਸਾਹਿਬ ਵਿਚ ਵੀ ਜ਼ਿਕਰ ਆਉਂਦਾ ਹੈ:

ਅਨੁਦਿਨ ਕੀਰਤਨ ਕੇਵਲ ਬਖਿਆਨ
ਗ੍ਰਿਹਸਤ ਮਹਿ ਸੋਈ ਨਿਰਬਾਨ॥ [120]

ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਵਿਚ ਗ੍ਰਹਿਸਥ ਨੂੰ ਪ੍ਰਧਾਨਤਾ ਦਿੱਤੀ ਗਈ ਹੈ।ਆਪ ਦੇ ਸ਼ਬਦ ਹਨ:

ਜੈਸੇ ਸਰ ਸਰਿਤਾ ਸਕਲ ਮੇਂ ਸਮੁੰਦ ਬਡੋ ਮੇਰੁ ਮੇਂ ਸੁਮੇਰ ਬਡੋ ਜਗਤ ਬਖਾਨ ਹੈ।
ਤਰੁਵਰ ਵਿਖੇ ਜੈਸੇ ਚੰਦਨ ਬਿਰਖ ਬਡੋ ਧਾਤੁ ਮੇਂ ਕਨਿਕ ਅਤਿ ਉਤਮ ਕੈ ਮਾਨ ਹੈ।
ਪੰਖਨਿ ਮੇ ਹੰਸ ਮ੍ਰਿਗਰਾਜਨ ਮੇਂ ਸ਼ਾਰਦੂਲ ਰਾਗਨ ਮੇਂ ਸਿਰੀ ਰਾਗ, ਪਾਰਸ ਪਖਾਨ ਹੈ।
ਗਯਾਨਨ ਮੇਂ ਗਯਾਨ ਅਰ ਧਯਾਨਨ ਮੇਂ ਧਯਾਨ ਗੁਰ
ਸਕਲ ਧਰਮ ਮੇਂ ਗ੍ਰਹਿਸਥ ਪ੍ਰਧਾਨ ਹੈ। [121]

ਗੁਰਬਾਣੀ ਦ੍ਰਿੜ ਕਰਵਾਉਂਦੀ ਹੈ ਕਿ ਸੰਸਾਰ ਵਿਚ ਰਹਿੰਦਿਆਂ ਹੋਇਆਂ ਸੰਸਾਰ ਦੀ ਸੰਸਾਰਿਕਤਾ ਤੋਂ ਨਿਰਲੇਪ ਹੋ ਕੇ ਵਿਚਰਨਾ ਹੀ ਉੱਤਮ ਜੀਵਨ ਜਾਚ ਹੈ। ਜਿਵੇਂ ਕਮਲ ਜਲ ਵਿਚ ਰਹਿੰਦਾ ਹੋਇਆ ਵੀ ਉਸਤੋਂ ਨਿਰਾਲਮ ਰਹਿੰਦਾ ਹੈ; ਮੁਰਗਾਬੀ ਨਦੀ ਵਿਚ ਡੁਬਕੀ ਲਾਉਂਦੀ ਹੋਈ ਵੀ ਪਰਾਂ ਨੂੰ ਜਲ ਦੇ ਪ੍ਰਭਾਵ ਤੋਂ ਮੁਕਤ ਰੱਖਦੀ ਹੈ। ਸੰਸਾਰ ਵਿਚ ਰਹਿ ਕੇ ਸੰਸਾਰ ਦੀ ਮੋਹ ਮਾਇਆ ਤੋਂ ਉੱਪਰ ਉੱਠ ਕੇ ਜੀਣਾ 'ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ'[122] ਹੀ ਅਸਲੀ ਜਿਉਣਾ ਹੈ।ਅਰਥਾਤ ਮਾਇਆ ਰੂਪੀ ਸੰਸਾਰ ਵਿਚ ਗ੍ਰਹਿਸਥੀ ਵਾਂਗ ਵਿਚਰ ਕੇ ਇਸ ਸੰਸਾਰ ਦੇ ਦੁੱਖਾਂ-ਸੁੱਖਾਂ ਨੂੰ ਹੰਢਾਉਣਾ ਅਤੇ ਮਾਇਆ ਤੋਂ ਨਿਰਲੇਪ ਰਹਿ ਕੇ ਨੇਕੀ ਉਤੇ ਇਮਾਨ ਦੇ ਰਸਤੇ ਚਲਣਾ ਹੀ ਅਸਲ ਜੋਗ ਹੈ।'ਇਹ ਗੱਲ ਜੋਗੀਆਂ, ਬਿਰਕਤ-ਪੰਥੀਆਂ ਤੇ ਪੰਡਤਾਂ ਦੇ ਵਰਣ ਆਸ਼ਰਮ ਮਰਯਾਦਾ ਤੋਂ ਬਿਲਕੁਲ ਨਿਆਰੀ ਸੀ। ਕਰਮਯੋਗ,

ਗ੍ਰਹਿਸਥ ਪਾਲਣ ਤੇ ਨਾਰੀ ਦੀ ਸਮਾਨਤਾ ਦਾ ਪੱਖ ਇਸ ਵਿਚ ਵਿਸ਼ੇਸ਼ ਤੌਰ ਤੇ ਸ਼ਾਮਲ ਸੀ। ਗੁਰੂਆਂ ਅਨੁਸਾਰ 'ਕਾਇਆ ਕਿਰਦਾਰ ਔਰਤ ਯਕੀਨਾ' ਸੀ। ਗੁਰੂ ਹਰਿਗੋਬਿੰਦ ਜੀ ਜਦੋਂ ਕਸ਼ਮੀਰ ਤੋਂ ਮੁੜਦੇ ਹੋਏ ਸਣੇ ਪਰਿਵਾਰ ਗੁਜਰਤਾ ਪੁੱਜੇ ਤਾਂ ਦੋਲੇਸ਼ਾਹ ਦੇ ਚੇਲੇ ਜਹਾਂਗੀਰ ਨਾਮੀ ਫ਼ਕੀਰ ਨੇ ਗੁਰੂ ਸਾਹਿਬ ਨੂੰ ਪ੍ਰਸ਼ਨ ਕੀਤਾ:

ਔਰਤ  ਕਿਆ ਔਰ ਫਕੀਰੀ ਕਿਆ, ਹਿੰਦੂ ਕਿਆ ਔਰ ਪੀਰੀ ਕਿਆ?
ਪੁੱਤਰ ਕਿਆ ਵੈਰਾਗ ਕਿਆ, ਦੌਲਤ ਕਿਆ ਔਰ ਤਿਆਗ ਕਿਆ?

ਇਸ ਦੇ ਜੁਆਬ ਵਿਚ ਗੁਰੂ ਸਾਹਿਬ ਨੇ ਕਿਹਾ ਕਿ ਜਿਸ ਨੂੰ ਨਖਿੱਧ ਕਹਿੰਦੇ ਹੋ, ਉਹੋ ਹੀ ਮਨੁੱਖ ਦੇ ਆਚਾਰ ਤੇ ਇਖ਼ਲਾਕ ਨੂੰ ਕਾਇਮ ਰੱਖਦੀ ਹੈ:

ਔਰਤ ਈਮਾਨੁ, ਦੌਲਤ ਗੁਜ਼ਰਾਨ, ਪੁੱਤਰ ਨੀਸ਼ਾਨ
ਫਕੀਰ ਨ ਹਿੰਦੂ ਨ ਮੁਸਲਮਾਨ।'[123]

ਗ੍ਰਹਿਸਥ ਦੀ ਬੁਨਿਆਦ ਪੁਰਸ਼ ਅਤੇ ਨਾਰੀ ਦੋਹਾਂ ਦੇ ਆਪਸੀ ਸੰਬੰਧਾਂ ਤੇ ਆਧਾਰਿਤ ਹੁੰਦੀ ਹੈ। ਗ੍ਰਹਿਸਥ ਦਾ ਵਿਕਾਸ ਹੀ ਸਮਾਜ ਦੇ ਵਿਕਾਸ ਦੀ ਬੁਨਿਆਦ ਬਣਦਾ ਹੈ। ਸਰਵਪੱਖੀ ਤੇ ਬਹੁਪੱਖੀ-ਵਿਕਾਸ ਲਈ ਮਰਦ ਤੇ ਔਰਤ ਦੇ ਸੰਬੰਧਾਂ ਵਿਚ ਇਕਸਾਰਤਾ ਹੋਣੀ ਬਹੁਤ ਜਰੂਰੀ ਹੈ। ਸੰਬੰਧਾਂ ਵਿਚ ਇਕਸੁਰਤਾ ਉਦੋਂ ਹੀ ਆ ਸਕਦੀ ਹੈ ਜਦੋਂ ਦੋਹਾਂ ਧਿਰਾਂ ਦਾ ਇਕ ਸਮਾਨ ਸਤਿਕਾਰ ਅਤੇ ਮਾਣ ਹੋਵੇ। ਗੁਰਬਾਣੀ ਦਾ ਆਧਾਰਬਿੰਦੂ ਗ੍ਰਹਿਸਥ ਹੈ। ਗ੍ਰਹਿਸਥ ਵਿਚ ਵਿਚਰ ਕੇ ਸੱਚ ਤੇ ਸੰਜਮ  ਦੇ ਰਾਹ ਤੇ ਚਲਦੇ ਹੋਏ, ਸਿਮਰਨ ਵਿਚ ਜੁੜਨਾ ਹੀ ਗੁਰਸਿੱਖ ਦਾ ਪਰਮ ਕਰਤਵ ਹੈ। ਗੁਰਬਾਣੀ ਪਤੀ-ਪਤਨੀ ਦੇ ਸੱਚੇ ਰਿਸ਼ਤੇ ਦੀ ਪੈਰਵਾਈ ਕਰਦਾ ਹੈ। ਪਤੀ ਨੂੰ ਆਪਣੀ ਪਤਨੀ ਨੂੰ ਤਹਿ-ਦਿਲੋਂ ਸਵੀਕਾਰ ਕਰਨ ਤੇ ਇੱਜ਼ਤ ਦੇਣ ਦਾ ਸੰਵਾਦ ਰਚਾਉਂਦਾ ਹੈ। ਗੁਰਬਾਣੀ ਵਿਆਹ ਬਾਹਰੇ ਸੰਬੰਧਾਂ (Extra marital affairs) ਜਾਂ ਪਰਨਾਰੀ ਰਿਸਤਿਆਂ ਦਾ ਭਰਪੂਰ ਰੂਪ ਵਿਚ ਖੰਡਨ ਕਰਦੀ ਹੈ। ਇਹ ਸਮੱਸਿਆ ਅਜੋਕੇ ਸਮਿਆਂ ਵਿਚ ਬੜੀ ਵਿਕਰਾਲ ਰੂਪ ਲੈ ਰਹੀ ਹੈ। ਵਰਤਮਾਨ ਦੇ ਵਿਸ਼ਵੀਕਰਨ ਤੇ ਉੱਤਰ-ਆਧੁਨਿਕ ਕਾਲ ਵਿਚ ਰਿਸ਼ਤਿਆਂ ਵਿਚ ਬਹੁਤ ਨਿਘਾਰ ਆ ਗਿਆ ਹੈ। ਵਸੇ-ਵਸਾਏ ਘਰ ਟੁੱਟ ਰਹੇ ਹਨ। ਗੁਰੂ ਸਾਹਿਬਾਨ ਨੇ ਸਦੀਆਂ ਪਹਿਲਾ ਔਰਤ ਪ੍ਰਤੀ ਵਫ਼ਾਦਾਰੀ ਤੇ ਪਿਆਰ ਦੀ ਭਾਵਨਾ ਨੂੰ ਪੇਸ਼ ਕੀਤਾ ਹੈ; ਜੋ ਕਿਸੇ ਵੀ ਸਮਾਜ ਦੀ ਔਰਤ ਲਈ ਮਾਣ ਵਾਲੀ ਗੱਲ ਹੋ ਸਕਦੀ ਹੈ। ਗੁਰਬਾਣੀ ਵਿਚ ਆਉਂਦਾ ਹੈ:

ਪਰ ਧਨ ਪਰ ਦਾਰਾ ਪਰਹਰੀ
ਤਾ ਕੈ ਨਿਕਟਿ ਬਸੈ ਨਰਹਰੀ॥ [124]

ਵਿਭਚਾਰੀ ਵਿਅਕਤੀ ਨੂੰ ਆਪਣੇ ਕੁਕਰਮਾਂ ਕਰਕੇ ਹਮੇਸ਼ਾ ਪਛਤਾਵੇ ਦੀ ਅੱਗ ਵਿਚ ਸੜਨਾ ਪੈਂਦਾ ਹੈ। ਗੁਰਬਾਣੀ ਵਿਚ ਮਨੁੱਖ ਨੂੰ ਸੁਚੇਤ ਕੀਤਾ ਹੈ:

ਨਿਮਖ ਕਾਮ ਸੁਆਦ ਕਾਰਣਿ ਕੋਟ ਦਿਨਸੁ ਦੁਖੁ ਪਾਵਹਿ॥
ਘਰੀ ਮੁਹਤਿ ਰੰਗ ਮਾਣਹਿ
ਫਿਰਿ ਬਹੁਰਿ ਬਹੁਰਿ ਪਛੁਤਾਵਹਿ॥ [125]

ਗੁਰੂ ਗੋਬਿੰਦ ਸਿੰਘ ਜੀ ਨੇ ਵੀ ਆਪਣੀ ਬਾਣੀ ਵਿਚ ਇਸ ਭਾਵਨਾ ਨੂੰ ਪ੍ਰਗਟਾਇਆ ਹੈ:

ਨਿਜ ਨਾਰੀ ਕੇ ਸਾਥ ਨੇਹ ਤੁਮ ਨਿਤਿ ਬਢੈਯਹੁ॥
ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ॥ [126]

ਆਦਮੀ ਜਾਂ ਔਰਤ ਕੋਈ ਵੀ ਆਪਸੀ ਪਿਆਰ ਭੁਲਾ ਕੇ ਜੇ ਬਾਹਰ ਵਿਚਰਦਾ ਹੈ ਤਾਂ ਜੀਵਨ ਨਰਕ ਬਣ ਜਾਂਦਾ ਹੈ।'ਜੈਸਾ ਸੰਗੁ ਬਿਸੀਅਰ ਸਿਉਂ ਹੈ ਰੈ ਤੈਸੇ ਹੀ ਇਹੁ ਪਰ ਗ੍ਰਿਹੁ'[127] ਦਾ ਫੁਰਮਾਣ ਕੁਕਰਮਾਂ ਅਤੇ ਵਿਭਚਾਰ ਤੋਂ ਪੂਰੀ ਤਰ੍ਹਾਂ ਗੁਰੇਜ਼ ਕਰਨਾ ਹੈ। ਇੱਜ਼ਤ ਅਤੇ ਸਿਹਤਮੰਦੀ ਵੀ ਇਸੇ ਵਿਚ ਹੈ। ਗੁਰਬਾਣੀ 'ਦੇਖਿ ਪਰਾਈਆ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ' 'ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਵਖਾਣੈ' ਦਾ ਸ਼ਕਤੀਸ਼ਾਲੀ ਪ੍ਰਵਚਨ ਉਸਾਰਦੀ ਨਾਰੀ ਨੂੰ ਮਾਣ ਬਖਸ਼ਦੀ ਹੈ। ਗੁਰਬਾਣੀ ਵਿਚ ਨਾਂ ਕੇਵਲ ਗ੍ਰਹਿਸਥ ਤੇ ਜ਼ੋਰ ਦਿੱਤਾ ਗਿਆ ਹੈ ਬਲਕਿ ਮਰਦ ਤੇ ਔਰਤ ਦੇ ਰਿਸ਼ਤੇ ਦੀ ਗਰਿਮਾ ਨੂੰ ਬਰਕਰਾਰ ਰੱਖਣ ਦਾ ਵੀ ਭਰਪੂਰ ਯਤਨ ਕੀਤਾ ਗਿਆ ਹੈ। ਗ੍ਰਹਿਸਥ ਦੀ ਅਹਿਮੀਅਤ ਦੇ ਸੰਵਾਦ ਨਾਲ ਇਹ ਗੱਲ ਸਹਿਜੇ ਹੀ ਸਪਸ਼ਟ ਹੋ ਜਾਂਦੀ ਹੈ ਕਿ ਸਿੱਖ ਧਰਮ ਵਿਚ ਨਾਰੀ ਦਾ ਬਹੁਤ ਗੌਰਵਸ਼ਾਲੀ ਸਥਾਨ ਹੈ। ਲਿੰਗ-ਬਰਾਬਰਤਾ, ਪਤੀ-ਪਤਨੀ ਦਾ ਏਕਾ ਜਾਂ ਭਾਈਚਾਰਾ ਸਿਰਫ਼ ਸ਼ਬਦਾਂ ਦਾ ਜਾਲ ਬਣ ਕੇ ਭੁਲਾਵਾ ਜਾਂ ਭੁਲੇਖੇ ਉਤਪੰਨ ਨਹੀਂ ਕਰਦਾ, ਬਲਕਿ ਦ੍ਰਿੜ ਰੂਪ ਵਿਚ ਪੁਰਸ਼ ਤੇ ਨਾਰੀ ਨੂੰ ਜੋੜਦਾ ਹੈ:

ਧਨ ਪਿਰੁ ਏਹਿ ਨ ਆਖੀਅਨਿ ਬਹਿਨ ਇਕਠੇ ਹੋਇ॥
ਏਕ ਜੋਤਿ ਦੋਇ ਮੂਰਤੀ ਧਨ ਪਿਰੁ ਕਹੀਐ ਸੋਇ॥ [128]

ਗੁਰਬਾਣੀ ਦਾ ਇਹ ਸੰਵਾਦ ਲਿੰਗ-ਬਰਾਬਰਤਾ ਨੂੰ ਮੂਰਤੀਮਾਨ ਕਰਦਾ ਹੈ। ਲਿੰਗ-ਬਰਾਬਰਤਾ ਉਦੋਂ ਹੀ ਹੋਵੇਗੀ ਜਦੋਂ ਅਮਲੀ ਰੂਪ ਵਿਚ ਨਾਰੀ ਨੂੰ ਪੁਰਸ਼ ਦੇ ਸਮਾਨ ਦਰਜਾ ਮਿਲੇਗਾ। ਇਸ ਪ੍ਰਕਾਰ ਗੁਰਬਾਣੀ ਨਾਰੀ ਅਤੇ ਪੁਰਸ਼ ਵਿਚ ਕੋਈ ਫ਼ਰਕ ਨਹੀਂ ਰੱਖਦੀ। ਉਨ੍ਹਾਂ ਦੇ ਬੁਨਿਆਦੀ ਅਧਿਕਾਰ ਬਰਾਬਰ ਹਨ ਅਤੇ ਦੋਵੇਂ ਮਰਦ ਜਾਂ ਨਾਰੀ ਬਾਅਦ ਵਿਚ ਹਨ, ਪਹਿਲਾ ਇਨਸਾਨ ਹਨ। ਨਾਰੀ ਕਿਸੇ ਵੀ ਪੱਖ ਤੋਂ ਪਿੱਛੇ ਨਹੀਂ। ਇਸੇ ਲਈ ਉਸ ਨੂੰ ਸਮਾਜਕ, ਆਰਥਿਕ ਅਤੇ ਰਾਜਸੀ ਖੇਤਰ ਵਿਚ ਮਰਦਾਂ ਦੇ ਬਰਾਬਰ ਹੱਕ ਹੋਣੇ ਚਾਹੀਦੇ ਹਨ। ਨਿੱਜੀ ਜੀਵਨ ਅਤੇ ਸਮਾਜਿਕ ਜੀਵਨ ਦੀ ਗੱਡੀ ਨੂੰ ਸੰਤੁਲਨ ਰੱਖਣ ਵਿਚ ਨਾਰੀ ਮਰਦ ਵਾਂਗ ਹੀ ਸਮਰੱਥਾਵਾਨ ਹੈ। ਗੁਰੂ ਗ੍ਰੰਥ ਸਾਹਿਬ ਦੇ ਵਿਆਖਿਆਕਾਰ ਅਤੇ ਸਿੱਖ ਧਰਮ ਦੇ ਮਹਾਨ ਚਿੰਤਕ ਭਾਈ ਗੁਰਦਾਸ ਜੀ ਇਸਤਰੀ ਦੇ ਸਤਿਕਾਰ ਵਿਚ ਕਹਿੰਦੇ ਹਨ:

ਲੋਕ ਵੇਦ ਗੁਣੁ ਗਿਆਨ ਵਿਚ, ਅਰਧ ਸਰੀਰੀ ਮੋਖ ਦੁਆਰੀ [129]

ਗ੍ਰਹਿਸਥ ਜੀਵਨ ਦਾ ਮੁੱਢਲਾ ਆਧਾਰ ਵਿਆਹ ਹੈ। ਗੁਰਮਤਿ ਵਿਚ 'ਆਨੰਦ ਕਾਰਜ' ਅਤੇ 'ਲਾਵਾਂ' ਦੀ ਰਚਨਾ ਇਸੇ ਸੰਸਥਾ ਦਾ ਸੰਪੂਰਨ ਪ੍ਰਗਟਾਅ ਹੈ। ਆਨੰਦ ਕਾਰਜ ਵਿਚ ਚਾਰ ਲਾਵਾਂ ਦੀ ਮਰਿਆਦਾ ਹੈ। ਜੋ ਪੁਰਸ਼ ਤੇ ਔਰਤ ਦੇ ਸੰਬੰਧਾਂ ਦਾ ਸੰਗਠਨਾਤਮਕ ਪ੍ਰਵਚਨ ਸਿਰਜਦੇ ਹਨ। ਜਿਵੇਂ ਪਹਿਲੀ ਲਾਵਾਂ ਵਿਚ ਜ਼ਿਕਰ ਆਉਂਦਾ ਹੈ:

ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿਰਾਮ ਜੀਓ॥ [130]

ਪਹਿਲੀ ਲਾਵਾਂ ਵਿਚ ਪੇਸ਼ ਪਰਵਿਰਤੀ ਕਰਮ ਇਸਤਰੀ-ਪੁਰਸ਼ ਦੇ ਪਰਸਪਰ ਸੰਜੋਗ ਦੀ ਧਾਰਮਿਕ ਸਵੀਕ੍ਰਿਤੀ ਹੈ। ਇਹ ਸੰਜੋਗ ਹੀ ਸੰਸਾਰਿਕ ਵਿਕਾਸ ਦਾ ਸਾਧਨ ਹੈ। ਗੁਰੂ ਗ੍ਰੰਥ ਸਾਹਿਬ ਵਿਚ ਨਾਰੀ ਦੇ 'ਮਾਂ' ਰੂਪ ਨੂੰ ਬਹੁਤ ਸਨਮਾਨਿਆ ਗਿਆ ਹੈ। ਸਾਰੀ ਕਾਇਨਾਤ ਵਿਚ ਮਾਂ ਤੋਂ ਵਧੀਕ ਕੋਈ ਕਰਾਮਾਤੀ ਜਾਂ ਸਿਰਜਣਾਤਮਕ ਸ਼ਕਤੀ ਨਹੀਂ ਹੈ। ਔਰਤ ਦੇ ਇਸ ਜਨਨੀ ਰੂਪ ਨੂੰ ਗੁਰੂ ਸਾਹਿਬ ਨੇ 'ਧਨ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ'[131] ਕਹਿ ਕੇ ਵਡਿਆਇਆ ਹੈ। ਗੁਰਬਾਣੀ ਸਿਰਫ ਜਨਨੀ ਦੇ ਰੂਪ ਵਿਚ ਹੀ ਨਾਰੀ ਦੀ ਵਡਿਆਈ ਨਹੀਂ ਗਾਉਂਦੀ ਬਲਿਕ ਨਾਰੀ ਦੀ ਮਮਤਾ ਅਤੇ ਨਾਰੀਤੱਵ ਜਾਂ ਨਾਰਿਤਾ femininity ਦੀ ਪਛਾਣ ਵੀ ਕਰਦੀ ਹੈ:

ਸੁਤ ਅਪਰਾਧ ਕਰਤ ਹੈ ਜੇਤੇ॥ਜਨਨੀ ਚੀਤਿ ਨ ਰਾਖਸਿ ਤੇਤੇ॥
ਰਾਮਈਆ ਹਉ ਬਾਰਿਕ ਤੇਰਾ॥ ਕਾਹੇ ਨ ਖੰਡਸੁ ਅਵਗੁਨ ਮੇਰਾ॥
ਜੇ ਅਤਿ ਕ੍ਰੋਪਿ ਕਰੇ ਕਰਿ ਧਾਇਆ॥
ਤਾ ਭੀ ਚੀਤਿ ਰਾਖਸਿ ਮਾਇਆ॥ [132]

ਪੂਤ ਪੇਖਿ ਜੀਉ ਜੀਵਤ ਮਾਤਾ॥
ਓਤਿ ਪੋਤਿ ਜਨ ਹਰਿ ਸਿਉ ਰਾਤਾ॥ [133]

ਗੁਰੂ ਗ੍ਰੰਥ ਸਾਹਿਬ ਵਿਚ ਕੇਵਲ ਔਰਤ ਨੂੰ ਜਨਨੀ ਦੇ ਰੂਪ ਵਿਚ ਪ੍ਰਗਟਾ ਕੇ ਹੀ ਨਾਰੀਮੁਖਤਾ ਬਿਰਤਾਂਤ ਨਹੀਂ ਸਿਰਜਿਆ ਬਲਕਿ ਪਿਤਰਕੀ ਵਿਧਾਨ ਨੂੰ ਸਥਾਪਿਤ ਕਰਦਿਆ ਇਹ ਸਪਸ਼ਟ ਕੀਤਾ ਹੈ ਕਿ ਮਰਦ ਅਤੇ ਨਾਰੀ ਇਕ ਦੂਜੇ ਦੇ ਪੂਰਕ ਹਨ।

ਕਤ ਕੀ ਮਾਈ ਬਾਪ ਕਤ ਕੇਰਾ ਕਿੰਦੂ ਥਾਵਹੁ ਹਮ ਆਏ॥
ਅਗਨ ਬਿੰਬ ਜਲ ਭੀਤਰਿ ਨਿਪਜੈ ਕਾਹੇ ਕੰਮ ਉਪਾਏ॥ [134]

ਭਾਰਤੀ ਪਰੰਪਰਾ ਵਿਚ ਇਕ 'ਅਰਧਨਾਰੀਸ਼ਵਰ' ਦਾ ਮਾਡਲ ਆਉਂਦਾ ਹੈ ਜੋ ਨਰ-ਨਾਰੀ ਦੀ ਪੂਰਕਤਾ ਦਾ ਪ੍ਰਗਟਾਵਾ ਕਰਦਿਆਂ ਇਹ ਮੂਰਤੀਮਾਨ ਕਰਦਾ ਹੈ ਕਿ ਦੋਹਾਂ ਦੀ ਹੋਂਦ ਇਕ ਦੂਜੇ ਤੋਂ ਬਗੈਰ ਅਧੂਰੀ ਹੈ।ਗੁਰਬਾਣੀ ਵਿਚ ਵੀ ਇਸੇ ਭਾਵ ਦਾ ਹਵਾਲਾ ਮਿਲਦਾ ਹੈ:

ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ॥
ਧੁਨਿ ਮਹਿ ਧਿਆਨੁ ਧਿਆਨ ॥
ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ॥ [135]

'ਅਰਧਨਾਰੀਸ਼ਵਰ' ਦੀ ਅਜਿਹੀ ਸਥਿਤੀ ਦੇ ਅੰਤਰਗਤ ਨਰ-ਨਾਰੀ ਦੀ ਏਕਤਾ ਅਤੇ ਸਮਾਨਤਾ ਦੀ ਭਾਵਨਾ ਪ੍ਰਗਟ ਹੁੰਦੀ ਹੈ ਜੋ ਸਾਰੇ ਵਿਤਕਰੇ ਤੇ ਦਵੈਸ਼ਾਂ ਨੂੰ ਖ਼ਤਮ ਕਰ ਦਿੰਦੀ ਹੈ। ਇਸ ਅੰਤਰਦ੍ਰਿਸ਼ਟੀ ਤੋਂ ਨਰ-ਨਾਰੀ ਦੇ ਵਿਚ ਪਰਸਪਰ ਸਹਿਯੋਗ, ਭਾਈਚਾਰੇ ਅਤੇ ਇਕਸਰੁਤਾ ਦੀ ਪ੍ਰਵਿਰਤੀ ਬੱਲ ਪਕੜਦੀ ਹੈ, ਜਿਵੇਂ ਇਹ ਪੰਕਤੀਆਂ ਸਪਸ਼ਟ ਕਰਦੀਆਂ ਹਨ:

ਨਾਰੀ ਪੁਰਖੁ ਪੁਰਖੁ ਸਭ ਨਾਰੀ ਸਭੁ ਏਕੋ ਪੁਰਖੁ ਮੁਰਾਰੇ॥
ਸੰਤ ਜਨਾ ਕੀ ਰੇਨੁ ਮਨਿ ਭਾਈ ਮਿਲਿ ਹਰਿ ਜਨ ਹਰਿ ਨਿਸਤਾਰੇ॥ [136]

ਆਪੇ ਪੁਰਖੁ ਆਪੇ ਹੀ ਨਾਰੀ॥ ਆਪੇ ਪਾਸਾ ਆਪੇ ਸਾਰੀ॥
ਆਪੇ ਪਿੜ ਬਾਧੀ ਜਗੁ ਖੇਲੈ ਆਪੇ ਕੀਮਤਿ ਪਾਈ ਹੇ॥ [137]

ਗੁਰਬਾਣੀ ਅਧਿਆਤਮਕਤਾ ਤੇ ਰਹੱਸਵਾਦੀ ਭਾਵਾਂ ਦੀ ਸਿਖ਼ਰ ਹੈ। ਇਸ ਵਿਚ ਆਤਮਾ ਤੇ ਪਰਮਾਤਮਾ ਦੇ ਮਿਲਾਪ ਲਈ ਪ੍ਰਸਤੁਤ ਸਥਿਤੀਆਂ ਅਤੇ ਸੰਭਾਵਨਾਵਾਂ ਦਾ ਵਿਵਰਣ ਹੈ। ਗੁਰਬਾਣੀ ਦੇ ਸਮੁੱਚੇ ਪ੍ਰਵਚਨ ਵਿਚ ਨਾਰੀ ਨੂੰ ਜੀਵ ਰੂਪੀ-ਇਸਤਰੀ ਅਤੇ ਪਰਮ-ਪੁਰਖ ਪਰਮਾਤਮਾ ਨੂੰ ਕੰਤ ਜਾਂ ਪਤੀ ਦੇ ਰੂਪ ਵਿਚ ਚਿਤਵਿਆ ਗਿਆ ਹੈ। ਇਸ ਸੰਸਾਰ ਨੂੰ 'ਪੇਕਾ ਘਰ' ਅਤੇ ਅਕਾਲ-ਪਰਖ ਦੇ ਸੰਸਾਰ ਨੂੰ 'ਸਹੁਰੇ ਘਰ' ਦੇ ਰੂਪ ਵਿਚ ਕਲਪਿਆ ਗਿਆ ਹੈ। ਗੁਰਬਾਣੀ ਦੀਆਂ ਅਨੇਕ ਤੁਕਾਂ ਵਿਚ ਜੀਵ ਰੂਪੀ-ਇਸਤਰੀ ਦੀ ਪਤੀ ਜਾਂ ਕੰਤ ਰੂਪੀ ਪਰਮਾਤਮਾ ਨੂੰ ਪਾਉਣ ਦੀ ਤੀਬਰਤਾ, ਉਤਸੁਕਤਾ ਤੇ ਭਾਵੁਕਤਾ ਦਾ ਸੰਵਾਦ ਮਿਲਦਾ ਹੈ:

ਨੈਣੀ ਮੇਰੇ ਪਿਆਰਿਆ, ਨੈਣੀ ਮੇਰੇ ਗੋਬਿੰਦਾ,
ਕਿਨੇ ਮੇਰਾ ਹਰਿ ਪ੍ਰਭਿ ਡਿਠੜਾ ਨੈਣੀ ਜੀਉ?
ਮੇਰਾ ਮਨ ਤਨ ਬਹੁਤ ਬੈਰਾਗਿਆ, ਮੇਰੇ ਗੋਬਿੰਦਾ,
ਹਰਿ ਬਾਝੋਂ ਧਨ ਕੁਮਲੈਣੀ ਜੀਉ।[138]

ਪਿਰ ਰਤਿਆੜੇ ਮੈਂਡੇ ਲੋਇਣ, ਮੇਰੇ ਪਿਆਰੇ, ਚਾਤ੍ਰਿਕ ਬੂੰਦ ਜਿਵੇਂ।
ਮਨੁ ਸੀਤਲੁ ਹੋਆ, ਮੇਰੇ ਪਿਆਰੇ, ਹਰਿ ਬੂੰਦ ਪੀਵੇ।
ਤਨ ਬਿਰਹੁ ਜਗਾਵੈ, ਮੇਰੇ ਪਿਆਰੇ, ਨੀਂਦ ਨ ਪਵੈ ਕਿਵੈ।[139]

ਅਜ ਨ ਸੁਤੀ ਕੰਤ ਸਿਉ, ਅੰਗੁ ਮੁੜੇ ਮੁੜਿ ਜਾਇ।
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ॥[140]

ਚੜਿ ਚੇਤਿ ਬਸੰਤੁ ਮੇਰੇ ਪਿਆਰੇ ਭਲੀਆ ਰੁਤੇ॥
ਪਿਰ ਬਾਝੜਿਅਹੁ ਮੇਰੇ ਪਿਆਰੇ ਆਂਗਣਿ ਧੂੜਿ ਲੁਤੇ॥[141]

ਵੈਸਾਖੁ ਭਲਾ ਸਾਖਾ ਵੇਸ ਕਰੇ॥
ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ॥[142]

ਹਰਿ ਬਿਨੁ ਨੀਦ ਭੁਖ ਕਹੁ ਕੈਸੀ ਕਾਪੜ ਤਨਿ ਨ ਸੁਖਾਵਏ॥
ਨਾਨਕ ਸਾ ਸੋਹਾਗਣਿ ਕੰਤੀ ਪਿਰ ਕੇ ਅੰਕਿ ਸਮਾਵਏ॥[143]

ਆਸ ਪਿਆਸੀ ਸੇਜ ਸੁ ਕੰਤਿ ਵਿਛਾਇਐ।
ਹਰਿ ਹਾਂ ਮਸਤਕਿ ਹੋਵੈ ਭਾਗੁ ਤਾ ਸਾਜਨੁ ਪਾਈਐ।[144]

ਜਿਤੁ ਦਿਹਾੜੇ ਧਨ ਵਰੀ ਸਾਹੇ ਲਿਖਾਇ॥
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ॥[145]

ਪਤੀ-ਪਤਨੀ ਦੇ ਮਾਡਲ ਰਾਹੀ ਜੀਵ ਤੇ ਪਰਮਾਤਮਾ ਦੀ ਪ੍ਰੇਮਾ ਭਗਤੀ ਸਿਰਜ ਕੇ ਰਹੱਸਵਾਦੀ ਏਕਤਾ ਨੂੰ ਪ੍ਰਗਟਾਇਆ ਗਿਆ ਹੈ। ਇਸ ਸਾਰੇ ਸੰਵਾਦ ਵਿਚ ਨਾਰੀ 'ਬ੍ਰਹਿਮੰਡੀ ਚੇਤਨਾ ਦਾ ਪਰਮ ਚਿਹਨ' ਬਣ ਕੇ ਪੇਸ਼ ਹੁੰਦੀ ਹੈ। ਰਹੱਸਵਾਦ ਦੀ ਇਸ ਧਾਰਨਾ ਨਾਲ ਨਾਰੀ ਸਾਰੀ ਮਨੁੱਖਤਾ ਦਾ ਪ੍ਰਤੀਕ ਬਣ ਜਾਂਦੀ ਹੈ। ਜਗਿਆਸੂ ਜਾਂ ਸ਼ਰਧਾਲੂ ਜਾਂ ਸਾਧਕ ਦੇ ਬਿੰਬ ਦੇ ਰੂਪ ਵਿਚ ਨਾਰੀ  ਦਾ ਅਰਥ ਵਿਸਥਾਰ ਹੰਦਾ ਹੈ। ਇਹ ਅਵੱਸਥਾ ਨਿਸਚੇ ਹੀ ਨਾਰੀ ਦੇ ਸਨਮਾਨ ਦੀ ਗਵਾਹੀ ਦਿੰਦੀ ਹੈ। ਇਸ ਦਾ ਇਕ ਪਹਿਲੂ ਇਹ ਵੀ ਉਠਾਇਆ ਜਾਂਦਾ ਹੈ ਕਿ ਆਤਮਾ-ਪਰਮਾਤਮਾ ਦੇ ਇਸ ਰਿਸ਼ਤੇ ਵਿਚ ਨਾਰੀ ਆਤਮਾ ਦੇ ਰੂਪ ਵਿਚ ਵੀ ਅਧੀਨ ਜਾਂ ਪਰਮਾਤਮਾ ਦੇ ਨਾਂ ਬਰਾਬਰ ਹੈ। ਜੋ ਅਸਲ ਵਿਚ ਨਾਰੀ ਦੀ ਅਧੀਨਗੀ ਜਾਂ ਗ਼ੁਲਾਮੀ ਜਾਂ ਨਾਬਰਾਬਰੀ ਨੂੰ ਹੀ ਪੇਸ਼ ਕਰਦਾ ਹੈ। ਪਰ ਗੁਰੂ ਸਾਹਿਬਾਨ ਨਾਰੀ ਨੂੰ ਅਧੀਨ ਜਾਂ ਗ਼ੁਲਾਮ  ਨਹੀਂ ਸਗੋਂ ਕੰਤ ਨਾਲ ਜੋੜ ਕੇ ਇਕ ਸਮਾਨ ਜਾਂ ਬਰਾਬਰ ਕਰਕੇ ਵਡਿਆਉਣਾ ਚਾਹੰਦੇ ਹਨ। ਇਸੇ ਕਰਕੇ ਗੁਰੂ ਦਾ ਉਪਦੇਸ਼ ਸਮੁੱਚੀ ਮਾਨਵਤਾ ਲਈ ਵੀ ਹੈ ਅਤੇ ਨਾਰੀ ਲਈ ਵੀ। ਗੁਰੂ ਦੀ ਸਿਖਿਆ ਨਾਰੀ ਲਈ ਹੈ ਤੇ ਸਮੁੱਚੀ ਮਨੁੱਖਤਾ ਲਈ ਵੀ। ਇਹ ਸੰਚਾਰ ਕਲਾ ਹੈ। ਇਹ ਹੀ ਸੰਵਾਦ ਕਲਾ ਹੈ। ਨਾਰੀ ਦੇ ਨੁਕਤੇ ਤੋਂ ਇਹ ਉਪਦੇਸ਼ ਨਾਰੀ ਦੇ ਜੀਵਨ ਨੂੰ ਬਿਹਤਰ ਬਣਾਉਣ ਲਈ ਹਨ ਤਾਂ ਜੋ ਪੁਰਸ਼ ਨਾਲ ਬਣਦੇ/ਸਿਰਜਦੇ ਸੰਬੰਧਾਂ ਵਿਚ ਕੋਈ ਰੁਕਾਵਟ ਨਾ ਆਏ ਅਤੇ ਇਸ਼ਾਰਾ ਸਮੁੱਚੇ ਮਾਨਵ-ਜਾਤੀ ਦੇ ਕਲਿਆਣ ਦਾ ਹੈ; ਇਕ ਐਸਾ ਮਾਰਗ ਮੂਰਤੀਮਾਨ ਕੀਤਾ ਗਿਆ ਹੈ ਜਿਸ ਨਾਲ ਸਮੂਹ ਮਨੁੱਖੀ ਵਰਗ ਆਪਣੇ ਈਸ਼ਟ ਜਾਂ ਮੰਜ਼ਿਲ ਨੂੰ ਪਾ ਸਕੇ। ਅਜੋਕੇ ਯੁੱਗ ਵਿਚ ਗੁਰੂ ਸਾਹਿਬਾਨ ਦੇ ਇਨ੍ਹਾਂ ਉਪਦੇਸ਼ਾਂ ਅਤੇ ਸਿਖਿਆਵਾਂ ਦੀ ਬਹੁਤ ਸਾਰਥਿਕਤਾ ਹੈ। ਅੱਜ ਸਦੀਆਂ ਤੋਂ ਚਲੀ ਆ ਰਹੀ ਪਰੰਪਰਾ ਤੇ ਤਹਿਜ਼ੀਬ ਖ਼ਤਮ ਹੁੰਦੀ ਜਾ ਰਹੀ ਹੈ। ਰਿਸ਼ਤਿਆਂ ਦਾ ਘਾਣ ਹੁੰਦਾ ਜਾ ਰਿਹਾ ਹੈ। ਘਰ ਟੁੱਟਦੇ ਜਾ ਰਹੇ ਹਨ। ਤਲਾਕ ਵੱਧਦੇ ਜਾ ਰਹੇ ਹਨ। ਲਿੰਵਿੰਗ ਰੀਲੇਸ਼ਨ, ਲੇਟ ਮੈਰਿਜ ਅਤੇ ਨੋ ਮੈਰਿਜ ਨੇ ਸਾਰੀਆਂ ਪਰੰਪਰਾਗਤ ਸਮੀਕਰਣਾਂ ਬਦਲ ਦਿੱਤੀਆਂ ਹਨ। ਨਾਰੀਵਾਦ ਨੇ ਨਾਰੀਆਂ ਦੀ ਇਕ ਅਜਿਹੀ ਸ਼੍ਰੇਣੀ ਪੈਦਾ ਕਰ ਦਿੱਤੀ ਹੈ ਜੋ ਸੁਤੰਤਰਤਾ ਜਾਂ ਆਜ਼ਾਦੀ ਨੂੰ ਖੁੱਲ੍ਹ ਕੇ ਮਾਣਦੀ ਹੈ ਅਤੇ ਕਿਸੇ ਦੀ ਮੁਹਤਾਜ ਜਾਂ ਅਧੀਨਗੀ ਨੂੰ ਸਵੀਕਾਰ ਨਹੀਂ ਕਰਦੀ। ਪਰ ਨਾਰੀਆਂ ਦੀ ਅਜਿਹੀ ਸ਼੍ਰੇਣੀ ਵੀ ਸਦੀਵੀ ਖੁਸ਼ੀਆਂ ਤੇ ਸਕੂਨ ਨੂੰ ਕਾਇਮ ਨਹੀਂ ਕਰ ਸਕੀਆਂ।ਖੁਸ਼ੀ ਤਾਂ ਮਰਦ ਅਤੇ ਨਾਰੀ ਨੂੰ ਇਕ ਦੂਜੇ ਦੇ ਪੂਰਕ, ਸਹਿਯੋਗ ਅਤੇ ਭਾਈਚਾਰੇ ਨੂੰ ਸਥਾਪਿਤ ਕਰਨ ਨਾਲ ਹੋਵੇਗੀ।

ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ॥
ਸਹਿਜ ਸੰਤੋਖ ਸੀਗਾਰਿਆ ਮਿੱਠਾ ਬੋਲਣੀ॥ [146]

ਗੁਰੁਮੁਖਿ ਸਦਾ ਸੋਹਾਗਣੀ ਪਿਰ ਰਾਖਿਆ ਉਰਧਾਰ॥
ਮਿਠਾ ਬੋਲਹੀ ਨਿਵ ਚਲਹਿ ਸੇਜੈ ਰਵੈ ਭਤਾਰ॥ [147]

ਖਸਮ ਪਛਾਣਹਿ ਆਪਣਾ, ਤਨ ਮਨ ਆਗੈ ਦੇਇ
ਘਰ ਵਰ ਪਾਇਆ ਆਪਣਾ ਹਉਮੈ ਦੂਰ ਕਰੇਇ
ਨਾਨਕ ਸੋਭਾਵੰਤੀਆ ਸੋਹਾਗਣੀ, ਅਨੁਦਿਨ ਭਗਤਿ ਕਰੇਇ॥ [148]

ਪੇਈਅੜੈ ਸਹੁ ਸੇਵ ਤੂੰ, ਸਾਹੁਰੜੈ ਸੁਖਿ ਵਸ
ਗੁਰੁ ਸਿਲ ਚਜੁ ਅਚਾਰ ਸਿਖ, ਤੁਧ ਕਦੈ ਨ ਲਗੈ ਦੁਖ॥ [149]

ਸਤ ਸੰਤੋਖ ਦਇਆ ਧਰਮ ਸੀਗਾਰ ਬਨਾਵਉ
ਸਫਲ ਸੁਹਾਗਣਿ ਨਾਨਕਾ!ਅਪਨੇ ਪ੍ਰਭੂ ਭਾਵਉ॥ [150]

ਨਾਨਕ ਸੋਹਾਗਣਿ ਕਾ ਕਿਆ ਚਿਹਨ ਹੈ॥
ਅੰਦਰ ਸਚੁ ਮੁਖ ਉਜਲਾ ਖਸਮੈ ਮਾਹਿ ਸਮਾਇ॥ [151]

ਕਾਮ ਕ੍ਰੋਧ ਲੋਭ ਮੋਹ ਮਿਟਾਵੈ, ਛੁਟਕੈ ਦੁਰਮਤਿ ਅਪਨੀ ਧਾਰੀ
ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਪਿਆਰੀ॥ [152]

'ਅਸਲ ਗੱਲ ਇਹ ਹੈ ਕਿ ਗੁਰਬਾਣੀ ਦਾ ਪ੍ਰਵਚਨ ਆਪਣੇ ਵੇਲੇ ਦੇ ਸਮਾਜਕ ਚਿਹਨ-ਪ੍ਰਬੰਧਾਂ ਨੂੰ ਹੀ ਅਰਥਾਂ ਦੇ ਸੰਚਾਰ ਲਈ ਵਰਤਣ ਵਲ ਰੁਚਿਤ ਹੈ ਅਤੇ ਇਹ ਚਿਹਨ-ਪ੍ਰਬੰਧ ਵੇਲੇ ਦੀ ਸਮਾਜਿਕ ਆਰਥਿਕ ਬਣਤਰ ਅਨੁਸਾਰ ਪੁਰਖ-ਪ੍ਰਧਾਨ ਵਿਵਸਥਾ ਦਾ ਅੰਗ ਹੈ।----ਇਸ ਤਰ੍ਹਾਂ ਗੁਰਬਾਣੀ ਦੇ ਸਮੁੱਚੇ ਸਿਰਜਿਤ ਪ੍ਰਵਚਨ ਵਿਚ ਨਾਰੀ ਦਾ ਬਿੰਬ ਇਕੋਂ ਵੇਲੇ ਰੂਹਾਨੀਅਤ ਦਾ ਪਰਮ-ਚਿਹਨ ਵੀ ਹੈ ਅਤੇ ਤਤਕਾਲੀਨ ਮਰਦ-ਪ੍ਰਧਾਨ ਸਮਾਜਿਕ ਯਥਾਰਥ ਦੀ ਵਾਸਤਵਿਕਤਾ ਨੂੰ ਵੀ ਪ੍ਰਗਟਾਉਂਦਾ ਹੈ।'[153]

ਸਮਕਾਲੀਨ ਸਮਾਜ ਵਿਚ ਨਾਰੀ ਕਈ ਰੂੜੀਗਤ ਕੁਰੀਤੀਆਂ ਦਾ ਸ਼ਿਕਾਰ ਸੀ। ਨਾਰੀ ਸਦੀਆਂ ਤੋਂ ਚਲੀਆਂ ਆ ਰਹੀਆਂ ਨਿਗੁਣੀਆਂ ਰੀਤਾਂ-ਰਸਮਾਂ ਤੇ ਅੰਧ-ਵਿਸਵਾਸ਼ਾਂ ਵਿਚ ਘਿਰੀ ਹੋਈ ਸੀ। ਇਨ੍ਹਾਂ ਰਸਮਾਂ ਵਿਚੋਂ ਇਕ ਰਸਮ 'ਸਤੀ' ਪ੍ਰਥਾ ਦੀ ਸੀ। ਇਹ ਰਸਮ ਕਿਸੇ ਵੀ ਸਮਾਜ ਜਾਂ ਸਭਿਆਚਾਰ ਲਈ ਕਲੰਕ ਜਾਂ ਲਾਹਨਤ ਹੋ ਸਕਦੀ ਹੈ। ਪਰ ਅਫਸੋਸ ਹਿੰਦੋਸਤਾਨ ਵਿਚ ਨਾਰੀ ਨੂੰ 'ਸਤੀ' ਹੋਣ ਲਈ ਮਜਬੂਰ ਕੀਤਾ ਜਾਂਦਾ ਸੀ। ਸਤੀ ਦੀ ਰਸਮ ਦੇ ਆਰੰਭ ਬਾਰੇ ਵਿਦਵਾਨਾਂ ਵਿਚ ਮੱਤ-ਭੇਦ ਹਨ।'ਸਤੀ' ਬਾਰੇ ਇਕ ਪਰੰਪਰਾ ਜਾਂ ਰਵਾਇਤ ਮੰਨੀ ਜਾਂਦੀ ਹੈ ਕਿ ਇਕ ਪਤਨੀ ਦੇ ਪ੍ਰੇਮ-ਵੱਸ ਜਾਂ ਵਿਛੋੜੇ ਦੀ ਪੀੜਾ ਵਿਚ ਪਤੀ ਦੀ ਜਲਦੀ ਚਿਖਾ ਵਿਚ ਛਾਲ ਮਾਰ ਦਿੱਤੀ ਤੇ ਸਮਾਂ ਪਾ ਕੇ ਔਰਤਾਂ ਨੂੰ ਜਬਰਦਸਤੀ ਇਸੇ ਰਾਹ ਤੇ ਤੋਰਿਆ ਗਿਆ। ਇਸ ਰਸਮ ਦੇ ਬਾਰੇ ਗੁਰਬਾਣੀ ਵਿਚ ਜ਼ਿਕਰ ਆਉਂਦਾ ਹੈ:

ਕਿਰਤਿ ਸੰਜੋਗਿ ਸਤੀ ਉਠਿ ਹੋਈ॥ ਰਹਾਉ॥
ਦੇਖਾ ਦੇਖੀ ਮਨ ਹਰਿ ਜਲਿ ਜਾਈਐ॥
ਪ੍ਰਿਅ ਸੰਗੁ ਨ ਪਾਵੈ ਬਹੁ ਜੋਨਿ ਭਵਾਈਐ॥ [154]

ਨਾਰੀ ਨਾਲ ਹੋਣ ਵਾਲਾ ਇਹ ਅਣ-ਮਨੁੱਖੀ / ਅਮਾਨਵੀਯ (Inhuman)/ ਦਿੱਲ-ਕੰਬਾਊ ਤੇ ਬੇਰਹਿਮ ਵਤੀਰਾ ਸੀ। ਨਾਰੀ ਪ੍ਰਤੀ ਸਮਾਜ ਦੀ ਦਰਿੰਦਗੀ ਦੀ ਸਿਖ਼ਰ ਸੀ। ਪੁਰਸ਼-ਪ੍ਰਧਾਨ ਸਮਾਜ ਦੇ ਹੱਠ ਜਾਂ ਕਠੋਰਤਾ ਦੇ ਵਿਚੋਂ ਇਹ ਰਸਮ ਵਧਦੀ-ਫੁਲਦੀ ਹੈ। ਇਹ ਰਸਮ ਨਿਰੀ ਇਕ ਰਸਮ ਨਹੀਂ। ਇਸ ਪਿੱਛੇ ਇਕ ਬਹੁਤ ਵੱਡਾ ਸਭਿਆਚਾਰਕ ਦੁਖਾਂਤ ਪਸਰਿਆ ਹੋਇਆ ਹੈ। ਪਤੀ ਦੀ ਮੌਤ ਤੋਂ ਪਿੱਛੋਂ ਮਰਦ ਦੀਆਂ ਕਰੂਰ ਤੇ ਵਹਿਸ਼ੀ ਨਜ਼ਰਾਂ ਅਤੇ ਸਮਾਜ ਦੀਆਂ ਦਮ-ਘੋਟੂ ਰਸਮਾਂ ਵਿਚ ਔਰਤ ਸਾਹ-ਹੀਣ ਹੋ ਜਾਂਦੀ ਸੀ। ਪੱਲ-ਪੱਲ ਮਰਨ ਨਾਲੋਂ ਸਮਾਜ ਉਸਨੂੰ ਇਕੋਂ ਵਾਰ ਮਰਨ ਲਈ ਮਜਬੂਰ ਕਰ ਦਿੰਦਾ ਸੀ। ਗੁਰੂ-ਗ੍ਰੰਥ ਸਾਹਿਬ ਦੀ ਬਾਣੀ 'ਸਤੀ' ਦੇ ਸਕੰਲਪ ਨੂੰ ਅਪ੍ਰਵਾਨ ਕਰਕੇ ਔਰਤ ਨੂੰ ਅਸਲ ਅਰਥਾਂ ਵਿਚ ਮੁਕਤੀ ਦਿਵਾਉਂਦਾ ਹੈ। ਗੁਰਬਾਣੀ ਬੜੇ ਜ਼ੋਰਦਾਰ ਸ਼ਬਦਾਂ ਵਿਚ ਇਸ ਰਸਮ ਦੇ ਖਿਲਾਫ਼ ਆਵਾਜ਼ ਬੁਲੰਦ ਕਰਦੀ ਹੈ:

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜੰਲਨਿ॥
ਨਾਨਕ ਸਤੀਆ ਜਾਣੀਅਨਿ ਜਿ ਬਿਰਹੁ ਚੋਟ ਮਰੰਨਿ॥
ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖ ਰਹੰਨਿ॥
ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਹਾਲੰਨਿ॥ [155]

ਗੁਰੂ ਅਮਰਦਾਸ ਜੀ ਇਸੇ ਪ੍ਰਵਚਨ ਦੀ ਪ੍ਰੋੜਤਾ ਕਰਦੇ ਹੋਏ ਸਮਝਾਉਂਦੇ ਹਨ ਕਿ ਪਤੀ ਦੀ ਚਿਖਾ ਵਿਚ ਜਲ ਕੇ ਮਰਨ ਦਾ ਕੀ ਫਾਇਦਾ; ਜਦੋਂ ਕਿ ਪਤਨੀ ਤਾਂ ਨਿਰੰਤਰ ਪਤੀ ਦੀ ਯਾਦ ਤੇ ਵਿਛੋੜੇ ਵਿਚ ਮਰਦੀ ਹੈ ਅਤੇ ਉਨ੍ਹਾਂ ਇਸਤਰੀਆਂ ਲਈ

ਤਾਂ ਜਲ ਕੇ ਮਰਨਾ ਬਿਲਕੁਲ ਨਿਰਾਰਥਕ ਤੇ ਅਰਥਹੀਣ ਹੈ ਜੋ ਆਪਣੇ ਪਤੀਆਂ ਨਾਲ ਰਚੀਆਂ ਹੀ ਨਹੀਂ। ਇਨ੍ਹਾਂ ਭਾਵਾਂ ਨੂੰ ਗੁਰੂ ਸਾਹਿਬ ਇੰਝ ਬਿਆਨ ਕਰਦੇ ਹਨ-

ਕੰਤਾ ਨਾਲਿ ਮਹੇਲੀਆ ਸੇਤੀ ਅਗਿ ਜਲਾਹਿ॥
ਜੇ ਜਾਣਹਿ ਪਿਰੁ ਆਪਣਾ ਤਾ ਤਨਿ ਦੁਖ ਸਹਾਹਿ॥
ਨਾਨਕ ਕੰਤ ਨ ਜਾਣਨੀ ਸੇ ਕਿਉ ਅਗਿ ਜਲਾਹਿ॥
ਭਾਵੈ ਜੀਵਉ ਕੈ ਮਰਉ ਦੂਰਹੁ ਹੀ ਭਜਿ ਜਾਹਿ॥ [156]

ਤਤਕਾਲੀਨ ਸਮਿਆਂ ਵਿਚ ਔਰਤ ਨਾਲ 'ਸੂਤਕ' ਨਾਮੀ ਇਕ ਹੋਰ ਅੰਧ-ਵਿਸ਼ਵਾਸੀ ਧਾਰਨਾ ਜਾਂ ਰਸਮ ਜੁੜੀ ਹੋਈ ਸੀ। ਬੱਚੇ ਨੂੰ ਜਨਮ ਦੇਣ ਵਾਲੀ ਔਰਤ ਨੂੰ ਹੀ ਅਪਵਿੱਤਰ ਮੰਨਿਆ ਜਾਂਦਾ ਸੀ।ਇਹ ਵਿਸ਼ਵਾਸ ਸੀ ਕਿ ਬ੍ਰਾਹਮਣ ਔਰਤ ਅੱਠ ਦਿਨ, ਖਤਰੀ ਔਰਤ ਬਾਰਾਂ ਦਿਨ, ਵੈਸ਼ ਔਰਤ ਪੰਦਰਾਂ ਦਿਨ ਅਤੇ ਸ਼ੂਦਰ ਔਰਤ ਤੀਹ ਦਿਨਾਂ ਤੱਕ ਸੂਤਕ ਦੇ ਪ੍ਰਭਾਵ ਹੇਠਾਂ ਰਹਿੰਦੀ ਸੀ। ਇਨਾਂ ਦਿਨਾਂ ਵਿਚ ਔਰਤ ਨਾਲ ਸਾਂਝ ਜਾਂ ਸਾਥ ਅਸ਼ੁਭ ਮੰਨਿਆ ਜਾਂਦਾ ਸੀ। ਉਹ ਕਿਸੇ ਵੀ ਘਰੇਲੂ ਕੰਮ ਵਿਚ ਭਾਗ ਨਹੀਂ ਲੈ ਸਕਦੀ ਸੀ। ਗੁਰਬਾਣੀ ਇਸ ਰਸਮ ਦੇ ਖਿਲਾਫ਼ ਆਵਾਜ਼ ਉਠਾਉਂਦੀ ਹੋਈ ਜਿੱਥੇ ਔਰਤ ਨੂੰ ਮਾਣ ਤੇ ਇੱਜ਼ਤ ਦਿੰਦੀ ਹੈ ਉੱਥੇ ਅਜਿਹੀਆਂ ਨਾਬਰਾਬਰੀਆਂ ਅਤੇ ਬੇਇਨਸਾਫੀਆਂ ਵੀ ਖ਼ਤਮ ਕਰਨ ਦਾ ਉਪਰਾਲਾ ਕਰਦੀ ਹੈ:

ਸਭੋ ਸੂਤਕ ਭਰਮ ਹੈ ਦੂਜੇ ਲਗੈ ਜਾਇ॥
ਜੰਮਣ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥
ਖਾਣਾ ਪੀਣਾ ਪਵਿਤਰ ਹੈ ਦਿਤੋਨੁ ਰਿਜਕ ਸੰਬਾਹਿ॥
ਨਾਨਕ ਜਿਨੀ ਗੁਰਮੁਖਿ ਬੁਝਿਆ ਤਿਨਾ ਸੂਤਕ ਨਾਹਿ॥ [157]

'ਆਸਾ ਦੀ ਵਾਰ' ਵਿਚ ਸੂਤਕ ਬਾਰੇ ਇਸ ਤਰ੍ਹਾਂ ਵਿਚਾਰ ਕੀਤੀ ਹੈ:

ਜੇਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ॥
ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ॥
ਪਹਿਲਾ ਪਾਣੀ ਜੀਉ ਹੈ ਜਿਤ ਹਰਿਆ ਸਭੁ ਕੋਇ॥ [158]

ਪਰਦਾ ਜਾਂ ਘੁੰਡ ਕੱਢਣਾ ਸਦੀਆਂ ਤੋਂ ਚਲੀਆਂ ਆ ਰਹੀਆਂ ਰੂੜੀਗਤ ਪਰੰਪਰਾਵਾਂ ਵਿਚੋਂ ਇਕ ਅਜਿਹੀ ਪ੍ਰਥਾ ਹੈ ਜੋ ਕਿਸੇ ਕਿਸੇ ਸਮਾਜ-ਸਭਿਆਚਾਰ ਵਿਚ ਅਜੇ ਵੀ ਵਿਦਮਾਨ ਹੈ। ਇਹ ਕੈਦ ਹੈ ਜੋ ਔਰਤ ਨੂੰ ਇਕ ਵਸਤੂ ਤੋਂ ਵੱਧ ਦਾ ਦਰਜਾ

ਨਹੀਂ ਦਿੰਦੀ। ਸਿੱਖ ਮਤ ਵਿਚ ਇਸ ਪ੍ਰਥਾ ਦਾ ਪੂਰੀ ਤਰ੍ਹਾਂ ਨਿਖੇਧ ਕੀਤਾ ਗਿਆ ਹੈ। ਭਗਤ ਕਬੀਰ ਜੀ ਦਾ ਇਕ ਸ਼ਬਦ ਹੈ ਜੋ ਘੁੰਡ ਦੀ ਨਿਖੇਧੀ ਕਰਦਾ ਹੈ:

ਰਹੁ ਰਹੁ ਰੀ ਬਹੁਰੀਆ
ਘੂੰਘਟ ਜਿਨ ਕਾਢੈ
ਅੰਤ ਕੀ ਬਾਰ ਲਹੈਗੀ ਨ ਆਢੈ
ਘੂੰਘਟ ਕਾਢ ਗਈ ਤੇਰੀ ਆਗੈ
ਉਨਿ ਕੀ ਗੈਲ ਤੋਹਿ ਜਿਨ ਲਾਗੈ
ਘੂੰਘਟ ਕਾਢ ਕੀ ਇਹੈ ਬਡਾਈ
ਦਿਨ ਦਸ ਪਾਂਚ ਬਹੂ ਭਲੇ ਆਈ[159]

ਗੁਰਮਤਿ ਸਾਹਿਤ ਵਿਚ ਪੇਸ਼-ਨਾਰੀ ਚੇਤਨਾ ਨੂੰ ਅਮਲੀ ਰੂਪ ਵਿਚ ਲਾਗੂ ਕਰਵਾਉਣ ਅਤੇ ਨਾਰੀ ਦੀ ਪ੍ਰਤਿਸ਼ਠਤਾ ਨੂੰ ਬਣਾਈ ਰੱਖਣ ਲਈ ਸਮੇਂ ਸਮੇਂ ਤੇ ਸਿੱਖ ਪੰਥ ਵਿਚ ਹੁਕਮਨਾਮੇ ਜਾਰੀ ਹੁੰਦੇ ਆਏ ਹਨ, ਜਿੱਥੋਂ ਪਤਾ ਲਗਦਾ ਹੈ ਕਿ ਗੁਰਮਤਿ ਵਰਸੋਏ ਸਮਾਜ ਵਿਚ ਨਾਰੀ ਦੀ ਬਹੁਤ ਇੱਜ਼ਤ ਅਤੇ ਸਨਮਾਨ ਹੈ।

ਗੁਰੂ ਕਾ ਸਿੱਖ ਕੰਨਯਾ ਨਾ ਮਾਰੇ, ਕੁੜੀ ਮਾਰ ਨਾਲ ਨ ਵਰਤੇ
ਕੰਨਯਾ ਕਾ ਪੈਸਾ ਨਾ ਖਾਇ।
ਕੁੜੀ ਮਾਰਾਂ ਨਾਲ ਜਿਹੜਾ ਵੀ ਸਿਖ ਮੇਲ ਜੋਲ ਰਖੇਗਾ
ਮੈ ਉਸ ਨੂੰ ਦੋਖੀ ਮੰਨਾਂਗਾ ਤੇ ਉਸ ਤੇ ਮੇਰੀ ਕ੍ਰੋਪੀ ਹੋਵੇਗੀ।
ਜਿਹੜਾ ਸਿੱਖ ਕੁੜੀ ਮਾਰਾਂ ਨਾਲ ਰੋਟੀ ਬੇਟੀ ਦੀ ਸਾਂਝ ਕਰੇਗਾ
ਉਹ ਦੀਨ ਦੁਨੀਆਂ ਤੋਂ ਧਕਿਆ ਜਾਏਗਾ।[160]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿੰਗ ਬਰਾਬਰਤਾ ਤੇ ਨਾਰੀ ਚੇਤਨਾ ਬਾਰੇ ਕੀਤੇ ਅਧਿਐਨ ਅਤੇ ਵਿਸ਼ਲੇਸ਼ਣ ਤੋਂ ਇਹ ਨਤੀਜਾ ਨਿਕਲਦਾ ਹੈ ਕਿ ਅਜੋਕੇ ਗਲੋਬਲ ਪਿੰਡ ਵਿਚ ਅਨੇਕਾਂ ਰਾਜਸੀ, ਸਮਾਜਿਕ-ਸਭਿਆਚਾਰਕ, ਆਰਥਿਕ ਸੰਸਥਾਵਾਂ ਅਤੇ ਵਿਦਿਅਕ ਅਦਾਰੇ ਲਿੰਗ-ਬਰਾਬਰਤਾ, ਨਾਰੀ ਚੇਤਨਾ ਜਾਂ ਨਾਰੀ ਸਸ਼ਕਤੀਕਰਨ ਨੂੰ ਸਥਾਪਤ ਕਰਨ ਵਿਚ ਸੁਚੇਤ ਰੂਪ ਵਿਚ ਕਾਰਜਸ਼ੀਲ ਹਨ; ਅਣਗਿਣਤ ਚਿੰਤਕ ਤੇ ਅਨੇਕਾਂ ਰਚਨਾਵਾਂ ਨਾਰੀ ਏਕਤਾ ਦਾ ਪ੍ਰਚਾਰ ਕਰ ਰਹੀਆਂ ਹਨ ਪਰ ਸਾਨੂੰ ਗੁਰੂ ਗ੍ਰੰਥ ਸਾਹਿਬ ਵਰਗੇ ਅਧਿਆਤਮਕ ਅਤੇ ਸਭਿਆਚਾਰਕ ਟੈਕਸਟ ਤੇ ਮਾਣ ਹੈ ਕਿ ਸਦੀਆਂ ਪਹਿਲਾਂ ਇਸ ਨੇ ਲਿੰਗ-ਬਰਾਬਰਤਾ ਦੇ ਸੰਦਰਭ ਵਿਚ ਪੁਰਸ਼-ਨਾਰੀ ਏਕਤਾ ਦਾ ਪ੍ਰਵਚਨ ਰਚਾਇਆ; ਜੋ ਅੱਜ ਸਮੁੱਚੇ ਵਿਸ਼ਵ ਲਈ ਗਿਆਨ ਦਾ ਪ੍ਰੇਰਨਾਜਨਕ ਸੋਮਾ ਹੈ। 'ਸ੍ਰੀ ਗੁਰੂ ਗ੍ਰੰਥ ਸਾਹਿਬ ਨਾਰੀ ਸੁਭਾਅ ਅਤੇ ਅਸਤਿਤਵ ਦੀ ਪਛਾਣ ਨਾਲ ਜੁੜਿਆ

ਨਾਰੀਮੁਖਤਾ ਬਿਰਤਾਂਤ ( Feminist Narrative) ਹੈ। ਨਾਰੀ ਮੁਖਤਾ ਬਿਰਤਾਂਤ ਅਜਿਹਾ ਬਿਰਤਾਂਤ ਹੈ ਜਿਸ ਵਿਚ ਨਾਰੀ ਦੇਹ ਰੂਪਕ ਪਰਿਕਲਪਨਾ ਨੂੰ ਸੰਚਾਰ ਜੁਗਤ ਵਾਂਗ ਵਰਤ ਕੇ ਦੈਵੀ ਸੱਤਾ, ਮਨੁੱਖ ਅਤੇ ਸੰਸਾਰ ਵਿਚਲੇ ਸੰਬੰਧਾਂ ਦੀ ਨਿਸ਼ਾਨਦੇਹੀ ਨਾਲ ਜੁੜੇ ਧਰਮ-ਸ਼ਾਸਤਰੀ ਤੱਤਾਂ ਦੀ ਸੋਝੀ ਕਰਵਾਈ ਗਈ ਹੈ। ਇਸਦੇ ਅੰਤਰਗਤ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਾਰੀ ਜੀਵਨ ਦੇ ਮਹੱਤਵਪੂਰਨ ਪੱਖਾਂ ਨੂੰ ਉਜਾਗਰ ਕਰਕੇ ਨਾਰੀ ਦੀ ਦਮਨ ਭਰਪੂਰ ਸਥਿਤੀ ਦੇ ਵਿਰੋਧ ਵਿਚ ਨਾਰੀ ਹੱਕਾਂ, ਨਾਰੀ ਮੁਕਤੀ, ਨਾਰੀ ਉੱਚਤਾ ਦਾ ਪ੍ਰਵਚਨ ਸਿਰਜਿਆ ਗਿਆ ਹੈ। ਉਸ ਵੇਲੇ ਦੇ ਸਮਾਜ ਵਿਚ ਮਰਦ ਪ੍ਰਧਾਨ ਸ਼ਾਸਤ ਧਿਰ ਨੇ ਆਪਣੇ ਵਿਚਾਰਧਾਰਕ ਪ੍ਰਭਾਵਾਂ ਸਦਕਾ ਨਾਰੀ ਦੇ ਗਤੀਹੀਣ ਅਤੇ ਅਣਉਦਾਰੀ ਪਰਿਕਲਪਨਾ/ਇਮੇਜ ਸਥਾਪਿਤ ਕਰ ਦਿੱਤੀ ਸੀ, ਉਸ ਦੇ ਵਿਰੋਧ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਾਰੀ ਦੀ ਸ਼ਕਤੀਸ਼ਾਲੀ ਪਰਿਕਲਪਨਾ ਸਥਾਪਤ ਕਰਕੇ ਸਮਾਜਕ ਪਰਿਵਰਤਨ ਦਾ ਬਿਰਤਾਂਤ ਸਿਰਜਿਆ ਹੈ।'[161] ਇਸ ਤਰ੍ਹਾਂ ਗੁਰਮਤਿ ਵਿਚ ਨਾਰੀ ਚੇਤਨਾ ਇਕ ਵਿਲੱਖਣ ਸਿਧਾਂਤਕ ਪਰਿਪੇਖ ਵੱਜੋਂ ਸਥਾਪਿਤ ਹੋਈ ਹੈ। ਇਸ ਸਿਧਾਂਤਕ ਦ੍ਰਿਸ਼ਟੀਕੋਣ ਦੇ ਅੰਤਰਗਤ ਵਿਚਾਰੇ ਗਏ ਪਹਿਲੂਆਂ ਤੋਂ ਇਹ ਗੱਲ ਭਲੀ-ਭਾਂਤ ਸਪਸ਼ਟ ਹੋ ਜਾਂਦੀ ਹੈ ਕਿ ਲਿੰਗ-ਆਧਾਰਿਤ ਵੰਡ ਵਿਚੋਂ ਪੈਦਾ ਹੋਈਆਂ ਸ਼ੋਸ਼ਣੀ-ਜੁਗਤਾਂ ਨੂੰ ਗੁਰਮਤਿ ਮੂਲੋਂ ਰੱਦ ਕਰਦਾ ਹੈ।'ਇਸ ਨਾਲ ਨਾਰੀ ਅਬਲਾ ਪਰਿਪੇਖ ਦੀ ਦੁਰਲਬਤਾ ਵਿਚੋਂ ਨਿਕਲਕੇ ਸਵੈ-ਸੰਪੰਨ ਮਾਨਵੀ-ਮੰਡਲ ਦੀ ਸਮਰੱਥਤਾ ਦੀ ਧਾਰਨੀ ਸਾਬਤ ਹੋ ਜਾਂਦੀ ਹੈ। ਗੁਰਬਾਣੀ ਰਾਹੀਂ ਇਹ ਮਾਡਲ ਪਹਿਲੀ ਵਾਰ ਧਾਰਮਿਕ ਚਿੰਤਨ ਵਜੋਂ ਸਾਹਮਣੇ ਆਇਆ ਪ੍ਰਤੀਤ ਹੁੰਦਾ ਹੈ।'[162] ਇਸ ਵਿਚ ਪੇਸ਼ ਅੰਤਰ-ਦਿਸ਼ਟੀਆਂ ਦੇ ਪਾਠ-ਅਧਿਐਨ ਨਾਲ ਨਿਸਚੇ ਹੀ ਪੁਰਸ਼ ਅਤੇ ਨਾਰੀ ਵਿਚਲੇ ਸੰਬੰਧਾਂ ਵਿਚ ਇਕਸੁਰਤਾ ਤੇ ਇਕਸਾਰਤਾ ਪੈਦਾ ਕੀਤੀ ਜਾ ਸਕਦੀ ਹੈ।

## 5.4 ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਮਾਜਿਕ ਨਿਆਂ ਨਾਲ ਜੁੜੇ ਸੰਗਠਨ:

ਸਮਾਜਕ ਨਿਆਂ ਅਤੇ ਸਮਾਨਤਾ ਅੱਜ ਸਮੁੱਚੇ ਵਿਸ਼ਵੀ ਸਮਾਜ ਦਾ ਬਹੁਤ ਅਹਿਮ ਤੇ ਗੰਭੀਰ ਮੁੱਦਾ ਬਣਿਆ ਹੋਇਆ ਹੈ। ਇਹ ਮੁੱਖ ਰੂਪ ਵਿਚ ਮਾਨਵੀ ਅਧਿਕਾਰਾਂ, ਸਮਾਜਕ-ਰਾਜਨੀਤੀ ਹਿੱਤਾਂ, ਸਮਾਜਕ ਭਲਾਈ ਨਾਲ ਜੁੜੀਆਂ ਸਮੱਸਿਆਵਾਂ ਨਾਲ ਸੰਬੰਧਿਤ ਹੈ। ਸਮਾਜਕ ਨਿਆਂ ਵਿਸ਼ੇਸ਼ ਰੂਪ ਵਿਚ ਨਸਲ, ਜਾਤਿ, ਲਿੰਗ, ਸਮਾਜਕ-ਆਰਥਿਕ ਦਰਜੇਬੰਦੀ, ਸਿੱਖਿਆ ਪ੍ਰਾਪਤੀ ਆਦਿ ਸਰੋਕਾਰਾਂ ਨਾਲ ਸੰਬੰਧਿਤ ਹੁੰਦਾ ਹੋਇਆ ਹਰ ਆਮ ਵਿਅਕਤੀ ਨੂੰ ਵਿਸ਼ੇਸ਼ ਵਿਅਕਤੀ ਤੇ ਵਿਸ਼ੇਸ਼ ਸ਼੍ਰੇਣੀ ਵਿਚ ਸ਼੍ਰੇਣੀਬੱਧ ਕਰਦਾ ਹੈ। ਇਸ ਦਾ ਭਾਵ ਸਪੱਸ਼ਟ ਹੈ ਕਿ ਸਮਾਜਕ ਨਿਆਂ, ਸਮਾਨਤਾ ਅਤੇ ਸਮਾਜ ਭਲਾਈ ਇਕ ਅਜਿਹੇ ਸੰਬੰਧਾਂ ਦਾ ਵਰਤਾਰਾ ਹੈ ਜੋ ਉਨ੍ਹਾਂ ਮੁਲ੍ਹਾਂ, ਕਦਰਾਂ, ਨੇਮਾਂ ਨੂੰ ਨਿਰਧਾਰਤ ਕਰਦਾ ਹੈ ਜੋ ਹਰ ਵਿਅਕਤੀ ਨੂੰ ਸਮਾਜ ਵਿਚ ਯੋਗ ਥਾਂ ਦੇਣ। ਕਿਸੇ ਵੀ ਵਿਕਸਿਤ ਸਮਾਜ ਦੀ ਅਧਾਰਸ਼ਿਲਾ ਉਥੋਂ ਦੇ ਸਮਾਜਕ ਨਿਆਂ ਅਤੇ ਸਮਾਨਤਾ ਦੇ ਢਾਂਚੇ ਉੱਪਰ ਨਿਰਭਰ ਕਰਦੀ ਹੈ। ਇਹ ਤੱਥ ਹੀ ਸਮਾਜ ਦੇ ਸਮਾਜਕ-ਰਾਜਨੀਤਿਕ ਪ੍ਰਬੰਧਾਂ ਦੀ ਬੁਨਿਆਦ ਹਨ। ਸਮਾਜਕ ਨਿਆਂ ਇਕ ਵਿਅਕਤੀ ਨੂੰ ਸਮਾਜ ਵਿਚ ਮਿਲਣ ਵਾਲੇ ਬਰਾਬਰ ਅਤੇ ਉਪਯੁਕਤ ਢੰਗ ਤੇ ਮੌਕੇ ਹਨ। ਸੰਪੂਰਨ ਸਮਾਜਕ ਜੀਵਨ ਦੀ ਖੁਸ਼ਹਾਲੀ ਤੇ ਵਿਕਾਸ ਇਕ ਵਿਅਕਤੀ ਨੂੰ ਸਮਾਜ ਵਿਚ ਮਿਲਣ ਵਾਲੀਆਂ ਸਮਾਜਕ, ਆਰਥਿਕ, ਰਾਜਨੀਤਿਕ ਸਹੂਲਤਾਂ ਨਾਲ ਜੁੜੀ ਹੁੰਦੀ ਹੈ।

ਅਜੋਕੇ ਸਮਾਜ ਵਿਚ ਪੜ੍ਹਾਈ-ਲਿਖਾਈ, ਚੇਤੰਨਤਾ, ਜਾਗ੍ਰਿਤੀ, ਸਮਾਜਕ ਗਤੀਵਿਧੀਆਂ ਦੀ ਕਾਰਜਸ਼ੀਲਤਾ ਨਾਲ ਸਮਾਜ ਵਿਚ ਬਹੁਤ ਕੁਝ ਬਦਲਿਆ ਹੈ; ਪਰ ਇਹ ਸਮਾਜਕ ਵਿਕਾਸ ਅਜੇ ਵੀ ਬਹੁਤ ਘੱਟ ਹੈ। ਅੱਜ ਵੀ ਸਮਾਜ ਦੇ ਵਿਭਿੰਨ ਖੇਤਰਾਂ ਅਤੇ ਵਰਗਾਂ ਵਿਚ ਦਰਜੇਬੰਦੀ, ਅਸਮਾਨਤਾ, ਭੇਦ-ਭਾਵ ਹਨ। ਮੌਕਿਆਂ ਦੀ ਘਾਟ ਹੈ ਅਤੇ ਵਿਭਿੰਨ ਵਰਨਾਂ, ਨਸਲਾਂ, ਜਾਤਾਂ, ਭਾਸ਼ਾਵਾਂ, ਪਹਿਰਾਵਿਆਂ ਕਰ ਕੇ ਅਸਤੁੰਲਨ ਬਣਿਆ ਹੋਇਆ ਹੈ। ਸਮਾਜ ਦੇ ਵਿਕਾਸ ਲਈ ਯੋਜਨਾ ਬੱਧ ਢੰਗਾਂ ਦੀ ਲੋੜ ਹੈ। ਸਮਾਜ ਦੇ ਲੋਕਾਂ ਨੂੰ ਸੁਰੱਖਿਆ ਦੇਣ ਲਈ ਸਮਾਜਕ ਨਿਆਂ, ਸਮਾਨਤਾ ਅਤੇ ਮਾਨਵੀ ਅਧਿਕਾਰਾਂ ਦਾ ਪ੍ਰਸ਼ਨ ਪੈਦਾ ਹੁੰਦਾ ਹੈ। ਇਹ ਹਰ ਵਿਅਕਤੀ ਦੇ ਉਹ ਅਧਿਕਾਰ ਹਨ ਜਿਹੜੇ ਉਸਨੂੰ ਸਮਾਜ ਵਿਚ ਸਥਾਪਿਤ ਕਰਦੇ ਹਨ। ਜਿਵੇਂ ਨੌਕਰੀ, ਸਿੱਖਿਆ ਜਾਂ ਆਨੰਦ ਪ੍ਰਾਪਤੀ ਆਦਿ। ਅਰਥਾਤ ਹਰ ਵਿਅਕਤੀ ਨੂੰ ਉਸ ਦਾ ਸਮਾਜ ਵਿਚ ਉਸਦਾ ਸ੍ਰੇਸ਼ਟ (ਬੈਸਟ) ਮਿਲਣਾ ਚਾਹੀਦਾ ਹੈ। ਸਮਾਜਕ ਨਿਆਂ ਸਿਰਫ ਵਿਅਕਤੀ ਦੀ ਪੈਸੇ ਵੱਲੋਂ ਮਦੱਦ ਕਰਨਾ ਹੀ ਨਹੀਂ ਹੈ ਬਲਕਿ ਉਸਨੂੰ ਸਮਾਜ ਵਿਚ ਪੂਰਨ ਤੇ ਸੰਤੁਸ਼ਟ ਨਾਗਰਿਕ ਦੇ ਤੌਰ ਤੇ ਉਸਦੀ ਹੋਂਦ ਨੂੰ ਸਥਾਪਤ ਕਰਨਾ ਹੈ। ਸਮਾਜ ਵਿਚਲੀ ਆਰਥਿਕ ਅਸਮਾਨਤਾ ਨੂੰ ਖਤਮ ਕਰਨਾ ਹੈ।

ਸਮਾਜਕ ਨਿਆਂ ਦੇ ਨਿਕਾਸ ਦੀ ਪਛਾਣ ਓਗੁਸਤਿਨੇ ਓਫ ਹਿਸ਼ਪੋ ਦੇ ਧਰਮ ਸਾਸ਼ਤਰ ਅਤੇ ਥੋਮਸ ਪਹਿਨੇ ਦੀ ਫ਼ਿਲਾਸਫ਼ੀ ਤੋਂ ਕੀਤੀ ਜਾ ਸਕਦੀ ਹੈ। 1840 ਈ. ਤੋਂ ਇਸਦੀ ਵਰਤੋਂ ਸਪਸ਼ਟ ਰੂਪ ਵਿਚ ਸਾਮ੍ਹਣੇ ਆਉਂਦੀ ਹੈ। 1848 ਦੀ ਕ੍ਰਾਂਤੀ ਦੇ ਸਮੇਂ ਇਸ ਸ਼ਬਦ ਤੇ ਸੰਕਲਪ ਨੂੰ ਪ੍ਰਸਿੱਧ ਕਰਨ ਵਿਚ ਇਕ ਇਸਾਈ ਸੰਸਥਾ ਦੇ ਮੈਂਬਰ ਲਇਉਗੀ ਤਪਰੇਸ਼ਲੀ ਨੂੰ ਮਾਣ ਜਾਂਦਾ ਹੈ, ਜਿਸ ਵਿਚ ਓੱਟੋਨੀਅ ਰੋਸਮਿਨੀ ਸੇਰਬਤੀ ਉਨ੍ਹਾਂ ਦੇ ਸਹਾਇਕ ਸਨ। ਉਦਯੋਗਿਕ ਕ੍ਰਾਂਤੀ ਤੇ ਅਮਰੀਕੀ ਇਨਕਲਾਬ ਤੋਂ ਬਾਅਦ ਇਸ ਸੰਕਲਪ ਦੀ ਬਹੁਤ ਵਰਤੋਂ ਹੋਣ ਲੱਗੀ। ਅਮਰੀਕੀ ਪ੍ਰਗਤੀਵਾਦੀਆਂ ਵਿਚ ਖਾਸ ਕਰਕੇ ਲੂਇਸ ਬਰਾਂਨਡਿਜ਼ ਅਤੇ ਰੋਸਕਅ ਪਾਊਂਡ ਦੇ ਨਾਮ ਲਏ ਜਾ ਸਕਦੇ ਹਨ। ਵੀਹਵੀਂ ਸਦੀ ਵਿਚ ਇਸ ਨੂੰ ਅੰਤਰਰਾਸ਼ਟਰੀ ਕਾਨੂੰਨ ਅਤੇ ਸੰਸਥਾਵਾਂ ਦਾ ਹਿੱਸਾ ਬਣਾ ਦਿੱਤਾ ਗਿਆ।ਅੰਤਰਰਾਸ਼ਟਰੀ ਕਿਰਤ ਸੰਸਥਾਨ (International Labour Organisation) ਦੀ ਪ੍ਰਸਤਾਵਨਾ ਵਿਚ ਬੜੀ ਮਜਬੂਤੀ ਨਾਲ ਇਹ ਸਥਾਪਨਾ ਕੀਤੀ ਗਈ—

Universal and Lasting peace can be established only if it is based upon social Justice. [163]

ਅਰਥਾਤ ਵਿਸ਼ਵਵਿਆਪੀ ਰੂਪ ਵਿਚ ਸਾਂਤੀ ਉਦੋਂ ਹੀ ਸਥਾਪਿਤ ਹੋਵੇਗੀ ਜਦੋਂ ਇਹ ਸਮਾਜਕ ਨਿਆਂ ਤੇ ਆਧਾਰਿਤ ਹੋਵੇਗੀ। 1971 ਵਿਚ ਜੌਨ ਰਵਲਸਿਨ ਨੇ A Theory of Justice ਵਿਚ ਸਮਾਜਕ ਨਿਆਂ ਨੂੰ ਸਮਾਜਕ ਸਮਝੌਤਾ (Social Contract) ਦੇ ਮੁੱਖ ਕੇਂਦਰ ਵੱਜੋਂ ਪੇਸ਼ ਕੀਤਾ। ਵਿਆਨਾ ਐਲਾਨ ਅਤੇ (Vienna Declaration) ਅਤੇ Programme of Actions ਨੇ ਸਮਾਜਕ ਨਿਆਂ ਨੂੰ ਮਾਨਵੀ ਸਿੱਖਿਆ ਅਧਿਕਾਰ (Human Rights Education) ਦਾ ਮੁੱਖ ਉਦੇਸ਼ ਸਥਾਪਤ ਕੀਤਾ। ਪ੍ਰਾਚੀਨ ਦਰਸ਼ਨ ਸਾਸ਼ਤਰ ਵਿਚ ਸਮਾਜਕ ਨਿਆਂ ਨੂੰ ਵਿਭਿੰਨ ਢੰਗਾਂ ਨਾਲ ਬਿਆਨਿਆ ਗਿਆ ਹੈ। ਪਲੈਟੋ (Plato) ਆਪਣੀ ਪੁਸਤਕ The Republic ਵਿਚ ਆਦਰਸ਼ ਰਾਜ ਬਾਰੇ ਬਿਆਨ ਕਰਦਿਆਂ ਕਹਿੰਦਾ ਹੈ ਕਿ-

Every member of the Community must be assigned to the class for which he finds himself best fitted.[164]

ਪਲੈਟੋ ਲਈ ਸਮਾਜਕ ਨਿਆਂ ਮਾਨਵੀ ਮੁੱਲਾਂ ਦਾ ਅਜਿਹਾ ਸੰਬੰਧ ਹੈ ਜੋ ਸਮਾਜ ਨੂੰ ਜੋੜਦਾ ਹੈ। ਚੰਗਿਆਈ ਤੇ ਸਮਾਜਕਤਾ ਪੈਦਾ ਕਰਨ ਦੇ ਸਮਰੂਪ ਸਮਾਜਕ ਨਿਆਂ ਸਮਾਜ ਰੂਪੀ ਸਰੀਰਿਕ ਮਸ਼ੀਨਰੀ ਦੀ ਆਤਮਾ ਸਮਾਨ ਹੈ। ਸਾਰੇ ਸਮਾਜ ਨੂੰ ਇਕਸੁਰਤਾ ਵਿਚ ਪਰੋਣ ਵਾਲੀ ਤਾਕਤ ਹੈ। ਸਾਰੇ ਨੈਤਿਕ ਸੰਕਲਪ ਸਮੂਹ ਸਮਾਜ ਦੇ ਵਿਅਕਤੀ ਦੇ ਸਮਾਜਕ ਤੱਤਾਂ ਨਾਲ ਜੁੜੇ ਹੋਏ ਹਨ। ਅਰਸਤੂ ਅਨੁਸਾਰ ਅਧਿਕਾਰ ਉਦੋਂ ਹੀ ਮਾਣੇ ਜਾਂਦੇ ਹਨ ਜਦੋਂ ਲੋਕ ਸੁਤੰਤਰ ਹੋਣ। ਕਾਨੂੰਨ ਦੀ ਨਜ਼ਰ ਵਿਚ ਕਿਸੇ ਵਿਅਕਤੀ ਵਿਚ ਕੋਈ ਭੇਦ ਜਾਂ ਅੰਤਰ ਨਾ ਹੋਵੇ। ਲੋਕਾਂ ਦੇ ਸੰਬੰਧਾਂ ਵਿਚ ਸੰਤੁਲਨ ਹੋਵੇ ਤੇ ਇਹ ਸੰਤੁਲਨ ਉਦੋਂ ਹੀ ਬਣਦਾ ਹੈ ਜਦੋਂ ਲੋਕਾਂ ਵਿਚ ਸਮਾਨਤਾ ਹੋਵੇ। ਅਰਸਤੂ ਸਮਾਜਕ ਨਿਆਂ (Distribution Justice ) ਦੀ ਗੱਲ ਕਰਦਾ ਹੈ ਕਿ ਲੋਕਾਂ ਵਿਚ ਪਦਾਰਥ ( Goods / Assets) ਉਨ੍ਹਾਂ ਦੀ ਲੋੜ ਅਨੁਸਾਰ ਵੰਡੇ ਜਾਣ। ਸੁਕਰਾਤ ਨੇ ਪਲੈਟੋ ਤੇ ਅਰਸਤੂ ਦੇ ਨਿਆਂ ਨੂੰ ਅੱਗੇ ਤੋਰਿਆ। ਲੋਕਾਂ ਨੂੰ ਸਮਾਜ ਦੇ ਨਿਯਮਾਂ ਨੂੰ ਪਾਲਣਾ ਚਾਹੀਦਾ ਹੈ, ਜ਼ਿੰਮੇਵਾਰੀਆਂ ਨੂੰ ਸਵੀਕਾਰਨਾ ਚਾਹੀਦਾ ਹੈ ਕਿਉਂਕਿ ਲੋਕ ਇਸ ਤੋਂ ਲਾਭ ਵੀ ਲੈਂਦੇ ਹਨ। ਮੱਧਕਾਲ ਵਿਚ ਧਾਰਮਿਕ ਚਿੰਤਕਾਂ ਤੇ ਖਾਸ ਕਰਕੇ ਥੋਮਸ ਓਕਇਉਨਸ ਨੇ ਨਿਆਂ ਨੂੰ ਵੱਖਰੇ ਵੱਖਰੇ ਢੰਗਾਂ ਨਾਲ ਵਿਚਾਰਿਆ ਪਰ ਇਸ ਨਤੀਜੇ ਤੇ ਪਹੁੰਚੇ ਕਿ ਸਮਾਜ ਵਿਚ ਇਕ ਚੰਗੇ ਨਾਗਰਿਕ ਦੇ ਤੋਰ ਤੇ ਵਿਚਰਨਾ ਹੀ ਅਸਲ ਵਿਚ ਪਰਮਾਤਮਾ ਦੀ ਸੇਵਾ ਜਾਂ ਪੂਜਾ ਹੈ। ਪੁਨਰ-ਜਾਗਰਣ ਤੇ ਪੁਨਰ ਧਰਮ-ਸੁਧਾਰ ਲਹਿਰਾਂ ਦੇ ਦੋਰਾਨ ਸਮਾਜਕ ਨਿਆਂ ਨੂੰ ਮਾਨਵੀ ਸੰਭਾਵਨਾਵਾਂ (Human Potential ) ਦੇ ਮੂਲ ਵੱਜੋਂ ਸਥਾਪਤ ਕੀਤਾ ਗਿਆ। ਬਹੁਤ ਸਾਰੇ ਚਿੰਤਕਾਂ ਨੇ ਇਸ ਸੰਬੰਧੀ ਆਪਣੀ ਧਾਰਨਾਵਾਂ ਸਥਾਪਤ ਕੀਤੀਆਂ।ਬਰੁਚ ਸਪੀਨੋਆ ਦੀ ਪੁਸਤਕ On The Improvement of the Understanding (1677) ਮੁੱਖ ਰੂਪ ਵਿਚ ਸੰਕੇਤ ਕਰਦੀ ਹੈ ਕਿ ---

'A human character much more stable than (one's) own in. …..Pitch of Perfection..the chief good is that he should arrive together with other individuals if possible' [165]

ਅਰਥਾਤ ਜ਼ਿੰਦਗੀ ਦਾ ਮੁੱਖ ਨਿਸ਼ਾਨਾ ਅਜਿਹੇ ਚਰਿਤਰ ਦਾ ਨਿਰਮਾਣ ਕਰਨਾ ਹੈ ਜੋ ਸਥਿਰ ਹੋਵੇ ਅਤੇ ਪਰਪੱਕਤਾ ਹਾਸਲ ਕਰ ਸਕੇ ਤੇ ਇਹ ਉਦੋਂ ਹੀ ਸਫ਼ਲ ਹੋਵੇਗਾ ਜਦੋਂ ਸਾਰੇ ਮਿਲ ਕੇ ਚੱਲਣਗੇ। ਫਰਾਂਸ ਅਤੇ ਅਮਰੀਕਨ ਕ੍ਰਾਂਤੀ ਤੋਂ ਪ੍ਰਭਾਵਿਤ ਹੋ ਕੇ ਥੋਮਸ ਪਹਿਨੇ ਆਪਣੀ ਪੁਸਤਕ The Rights of Man (1792 ) ਵਿਚ ਲਿਖਦਾ ਹੈ ਕਿ ਸਮਾਜ 'Genius a fair and universal chance' [166] ਤੇ ਆਧਾਰਿਤ ਹੋਣੀ ਚਾਹਿਦੀ ਹੈ।ਅਜਿਹੀ ਸਰਕਾਰ ਹੋਵੇ ਜੋ ਅਜਿਹੇ ਸਮਾਜ ਦੀ ਸਿਰਜਣਾ ਕਰੇ ਕਿ ਕੋਈ ਕ੍ਰਾਂਤੀ ਦੀ ਸੰਭਾਵਨਾ ਨਾ ਰਹੇ। ਜੌਨ ਸਟੂਓਰਟ ਮਿਸ਼ਲ ਆਪਣੀ ਪੁਸਤਕ 'Utilitarianism' ਵਿਚ ਸਮਾਜ ਦੀ ਸਮਾਨਤਾ ਦੇ ਨਜ਼ਰੀਏ ਦੀ ਪ੍ਰੋੜਤਾ ਕਰਦਾ ਹੈ:

Society should treat all equally well who have deserved equally well of it, that is, who have deserved equally well absolutely.[167]

ਜੌਨ ਰਵਲਸ ਸਮਾਜਕ ਨਿਆਂ ਦੀ ਸਥਾਪਤੀ ਲਈ ਜਿਨ੍ਹਾਂ ਮੁੱਖ ਆਦਰਸ਼ਾਂ ਦੀ ਸਥਾਪਨਾ ਕਰਨਾ ਲੋਚਦਾ ਹੈ ਉਨ੍ਹਾਂ ਵਿਚੋਂ ਮੁੱਖ ਉਹ ਸਮਾਜ ਹੈ ਜਿੱਥੇ (Freedom of Thought)ਵਿਚਾਰਾਂ ਦੇ ਪ੍ਰਗਟਾਵੇ ਦੀ ਮੁਥਾਜੀ ਹੋਵੇ। ਧਰਮ, ਦਰਸ਼ਨ ਅਤੇ ਨੈਤਿਕ ਤੱਤਾਂ ਤੇ ਆਧਾਰਿਤ ਅਜਿਹੇ ਸਮਾਜਕ ਸੰਬੰਧਾਂ ਦਾ ਪ੍ਰਬੰਧ ਜਿਸ ਵਿਚ ਸਾਡੀ ਅੰਤਰ-ਆਤਮਾ ਅਤੇ ਜ਼ਮੀਰ ਸਾਫ ਅਤੇ ਇਮਾਨਦਾਰ ਹੋਵੇ। ਰਾਜਸੀ ਸੁਤੰਤਰਤਾ ਲੋਕਤੰਤਰੀ ਸੰਸਥਾਵਾਂ, ਭਾਸ਼ਣ, ਪ੍ਰੈੱਸ, ਸੰਘ, ਸਭਾ ਦੀ ਸੁਤੰਤਰਤਾ ਦੇ ਰੂਪ ਵਿਚ ਪ੍ਰਤੱਖ ਹੋਵੇ। ਕਾਨੂੰਨ ਦੀ ਨਜ਼ਰ ਵਿਚ ਸਮਾਨਤਾ ਕਾਰਜਸ਼ੀਲ ਹੋਵੇ।

ਸਯੁੰਕਤ ਰਾਸ਼ਟਰ ਨੇ ਸਮਾਜਕ ਨਿਆਂ ਦੀ ਉਸਾਰੀ ਲਈ ਬੜੇ ਸਲਾਘਾਯੋਗ ਕਦਮ ਪੁਟਦਿਆਂ ਇਹ ਦ੍ਰਿੜ ਕਰਵਾਇਆ ਕਿ ਦੇਸ਼ ਦੇ ਸਾਧਨਾਂ ਦੀ ਉਚਿਤ ਵੰਡ ਤੋਂ ਲੈ ਕੇ ਆਰਥਿਕ ਵਾਧੇ ਦੇ ਲਾਭਾਂ ਦੀ ਵੰਡ ਤੱਕ ਨਿਆਂ ਹੋਣਾ ਚਾਹੀਦਾ ਹੈ।

Social justice may be broadly understood as the fair and compassionate distribution of the fruits of economic growth.[168]

ਇਸੇ ਤਰ੍ਹਾਂ ਸੰਯੁਕਤ ਰਾਸ਼ਟਰ ਦੇ ਖਰੜੇ ਵਿਚ ਸਮਾਜਕ ਨਿਆਂ ਦੀ ਪ੍ਰਸਤੁਤੀ ਬੜੀ ਜ਼ੋਰਦਾਰ ਰੂਪ ਵਿਚ ਹੁੰਦੀ ਹੈ।ਇਸ ਦਸਤਾਵੇਜ ਵਿਚ ਸਪਸ਼ਟ ਕੀਤਾ ਗਿਆ ਹੈ –

'as a substitute for the protection of human rights [and] first appeared in United Nations texts during the second half of the 1960s. At the initiative of the Soviet Union, and with the support of developing countries, the term was used in the Declaration on Social Progress and Development, adopted in 1969'[169]

ਇਸ ਤਰ੍ਹਾਂ ਸੰਯੁਕਤ ਰਾਸ਼ਟਰ ਨੇ 1960 ਦੇ ਦੂਜੇ ਅੱਧ ਤੱਕ ਮਾਨਵੀ ਅਧਿਕਾਰਾਂ ਦੀ ਸੁਰੱਖਿਆ ਦਾ ਜੋ ਸੰਵਾਦ ਉਠਾਇਆ, ਉਹ ਸੋਵੀਅਤ ਸੰਘ ਅਤੇ ਹੋਰ ਵਿਕਾਸਸ਼ੀਲ ਦੇਸ਼ਾਂ ਦੇ ਸਮਰੱਥਨ ਨਾਲ ਸਮਾਜਿਕ ਵਿਕਾਸ ਅਤੇ ਉਨਤੀ ਦੇ ਐਲਾਨ ਹੇਠ 1969 ਵਿਚ ਸਵੀਕਾਰ ਕਰ ਲਿਆ ਗਿਆ।

ਸਮੁੱਚੇ ਵਿਸ਼ਵ ਵਿਚ ਅਨੇਕਾਂ ਧਰਮ ਹਨ ਤੇ ਹਰੇਕ ਧਰਮ ਦਾ ਆਪੋ-ਆਪਣਾ ਧਰਮ-ਗ੍ਰੰਥ ਹੁੰਦਾ ਹੈ ਜੋ ਆਪਣੇ ਧਰਮ ਦੀ ਵਿਲੱਖਣਤਾ ਤੇ ਵਿਸ਼ਿਸ਼ਟਤਾ ਨੂੰ ਬਰਕਰਾਰ ਰੱਖਦਾ ਧਰਮ ਦੀ ਸਦੀਵੀਂ ਹੋਂਦ ਦਾ ਸੂਚਕ ਬਣ ਜਾਂਦਾ ਹੈ।'ਧਰਮ ਦੇ ਬੁਨਿਆਦੀ ਸੁਭਾਅ/ਗੁਣਾਂ/ ਅਰਥਾਂ ਵਿਚਲੀ ਵਿਸ਼ਾਲਤਾ ਕਾਰਨ ਇਹ ਸਪੱਸ਼ਟ ਹੈ ਕਿ ਧਰਮ ਕੇਵਲ ਨਿੱਜਤਵ ਵਿਚ ਮਾਣੀ ਜਾ ਸਕਣ ਵਾਲੀ ਕਿਰਿਆ ਹੀ ਨਹੀਂ ਸਗੋਂ ਮਨੁੱਖੀ ਅਨੁਭਵ, ਗਿਆਨ ਅਤੇ ਵਿਹਾਰ ਨਾਲ ਜੁੜੀ ਚੇਤਨਾ ਹੈ। ਸ੍ਰੀ

ਗੁਰੂ ਗ੍ਰੰਥ ਸਾਹਿਬ ਵਿਚ ਵਿਆਪਕ ਚੇਤਨਾ ਨੂੰ ਪਿਛਲੇ 400 ਸਾਲਾਂ ਤੋਂ ਪਛਾਣਨ ਦੇ ਯਤਨ ਹੁੰਦੇ ਰਹੇ। ਮਨੁੱਖ ਦੀ ਅਲਪ ਬੁੱਧ ਕਦੇ ਵੀ ਸੰਪੂਰਨਤਾ ਦੀ ਥਾਹ ਪ੍ਰਾਪਤ ਨਹੀਂ ਕਰ ਸਕਦੀ। ਇਸ ਲਈ ਧਰਮ ਦੇ ਘੱਟਦੇ-ਵੱਧਦੇ ਪ੍ਰਭਾਵਾਂ, ਬਦਲਦੇ ਹਾਲਾਤਾਂ ਅਤੇ ਵਿਭਿੰਨ ਪ੍ਰਸਥਿਤੀਆਂ ਅਧੀਨ ਧਰਮ ਦਾ ਘੇਰਾ, ਵਿਸਤ੍ਰਿਤ ਅਤੇ ਪਰਵਰਤਿਤ ਹੁੰਦਾ ਰਹਿੰਦਾ ਹੈ। ਅਕਾਦਮਿਕ ਅਤੇ ਬਹੁ-ਅਨੁਸ਼ਾਸਨੀ ਵਿਧੀਆਂ ਅਧੀਨ ਧਰਮ ਗ੍ਰੰਥਾਂ ਵਿਚ ਵਿਆਪਤ ਸੱਚ ਅਤੇ ਸਦੀਵਤਾ ਨਾਲ ਜੁੜੇ ਧਾਰਮਕ ਵਿਹਾਰ, ਮਿੱਥਕ ਪੈਟਰਨ, ਪ੍ਰਤੀਕ ਪ੍ਰਬੰਧ ਨਾਲ ਜੁੜੇ ਪਰਾਭੌਤਿਕ ਸੱਚ ਦੀ ਵਿਆਖਿਆ ਹੁੰਦੀ ਰਹੀ ਹੈ। ਵਿਸ਼ਵ-ਦ੍ਰਿਸ਼ਟੀਕੋਣ ਅਨੁਸਾਰ ਧਰਮ ਦਾ ਇਤਿਹਾਸ ਅਤੇ ਵਿਕਾਸ, ਖੋਜ ਅਤੇ ਅਧਿਐਨ ਦਾ ਆਧਾਰ ਬਣਦੇ ਰਹੇ ਹਨ।'[170] ਇਸ ਖੋਜ-ਕਾਰਜ ਦਾ ਮੂਲ ਸਰੋਕਾਰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਦਰਸ਼ਨ ਨੂੰ ਨਵੇਂ ਬੋਧ ਤੇ ਸੂਝ ਨਾਲ ਵਾਬਸਤਾ ਕਰਨਾ ਹੈ ਤਾਂ ਜੋ ਸਮਕਾਲ ਵਿਚ ਇਸਦੀ ਪ੍ਰਾਸੰਗਿਕਤਾ ਚਿਰ-ਸਥਾਈ ਤੇ ਬਹੁ-ਦਿਸ਼ਾਵੀ ਸਾਬਤ ਹੋ ਸਕੇ। ਇਸ ਅਧਿਐਨ ਰਾਹੀਂ ਮੁੱਖ ਮਨੋਰਥ ਮਨੁੱਖ ਦੀ ਆਜ਼ਾਦੀ ਤੇ ਰੂਪਾਂਤਰਣ ਦੀ ਪੱਧਰ ਉੱਪਰ ਅੰਤਰ-ਰਾਸ਼ਟਰੀ ਸੰਵਾਦ ਨਾਲ ਰੂ-ਬ-ਰੂ ਹੋਣਾ ਹੈ। 'ਸ੍ਰੀ ਗੁਰੂ ਗ੍ਰੰਥ ਸਾਹਿਬ ਅਜਿਹੀ ਟੈਕਸਟ ਹੈ, ਜਿਸ ਵਿਚਲੀ ਅਧਿਆਤਮਕਤਾ ਆਪਣੇ ਸਿਖ਼ਰ ਤੇ ਹੈ ਪਰ ਨਾਲ ਹੀ ਇਸ ਵਿਚ ਸਭਿਆਚਾਰਕ ਨਿਰਮਾਣ ਦੀ ਪ੍ਰਕਿਰਿਆ ਵੀ ਨਿਰੰਤਰ ਚਲਦੀ ਹੈ।'[171]

ਉਪਰੋਕਤ ਵਿਚਾਰ ਵਿਮਰਸ਼ ਦੇ ਸੰਦਰਭ ਵਿਚ ਅਸੀਂ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰਨ ਦਾ ਉਪਰਾਲਾ ਕਰਦੇ ਹਾਂ ਕਿ ਇਹ ਵਿਵੇਕਸ਼ੀਲ ਅਤੇ ਮਾਨਵਵਾਦੀ ਗਿਆਨਮੂਲਕ ਗ੍ਰੰਥ ਸਮਾਜਕ ਨਿਆਂ ਦੀ ਉਸਾਰੀ ਲਈ ਕਿਹੜੇ ਆਦਰਸ਼ਾਂ ਦੀ ਨਿਸ਼ਾਨਦੇਹੀ ਕਰਦਾ ਹੈ। ਗੁਰਬਾਣੀ ਨੇ ਸਦੀਆਂ ਪਹਿਲਾਂ ਸਮਾਜਕ ਨਿਆਂ ਦੀ ਸਥਾਪਤੀ ਤੇ ਜ਼ੋਰ ਦਿੱਤਾ। ਸਮਾਜਕ ਨਿਆਂ ਦੀ ਉਸਾਰੀ ਵਿਚ ਗੁਰਬਾਣੀ ਦੀ ਅਹਿਮ ਭੂਮਿਕਾ ਹੈ। ਗੁਰਬਾਣੀ ਸਿੱਖ ਧਰਮ ਦਾ ਪ੍ਰਤੀਬਿੰਬ ਹੈ। ਸਿੱਖ ਧਰਮ ਵਿਸ਼ਵ ਦਾ ਨਵੀਨਤਮ ਧਰਮ ਹੈ ਕਿਉਂਜੋ ਇਸ ਵਿਚ ਵਿਸ਼ਵ ਦੀਆਂ ਅਜੋਕੀਆਂ ਅੰਤਰ ਦ੍ਰਿਸ਼ਟੀਆਂ ਲਈ ਵੀ ਜਵਾਬਦੇਹੀ ਹੈ। ਸਿੱਖ ਧਰਮ ਦੀ ਬੁਨਿਆਦ ਹੀ ਸਮਾਜਕ ਨਿਆਂ ਤੇ ਸਥਾਪਤ ਹੈ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਇਸਦੀ ਪ੍ਰਥਮ ਉਦਾਹਰਨ ਹਨ ਜਿਨ੍ਹਾਂ ਨੇ ਅਜਿਹਾ ਮਾਰਗ ਅਪਣਾਇਆ ਤੇ ਸੁਝਾਇਆ। 'ਨਾ ਕੋਈ ਹਿੰਦੂ ਨਾ ਮੁਸਲਮਾਨ' ਦੇ ਸੰਦੇਸ਼ ਦੁਆਰਾ ਬਰਾਬਰਤਾ ਤੇ ਇਕ ਸਮਾਨ ਮਨੁੱਖ ਦੇ ਸੰਕਲਪ ਨੂੰ ਪੇਸ਼ ਕੀਤਾ। ਸਮਾਜ ਵਿਚ ਵਿਤਕਰਿਆਂ ਤੇ ਵੰਡੀਆਂ ਨੂੰ ਖ਼ਤਮ ਕਰਨ ਲਈ 'ਸੰਗਤ' ਤੇ 'ਪੰਗਤ' ਪ੍ਰਥਾ ਦਾ ਆਰੰਭ ਕੀਤਾ ਤੇ ਹਰ ਵਿਅਕਤੀ ਨੂੰ ਪੂਰਨ ਅਜ਼ਾਦੀ ਤੇ ਸੁਤੰਤਰਤਾ ਮਾਣਨ ਦਾ ਰਾਹ ਦਿਖਾਇਆ। ਸੇਵਾ ਤੇ ਪਰਉਪਕਾਰ ਦੀ ਭਾਵਨਾ ਦਾ ਪਾਸਾਰ ਕਰਦਿਆਂ ਕਿਰਤ ਕਰੋ, ਵੰਡ ਕੇ ਛਕੋ ਅਤੇ 'ਘਾਲ ਖਾਇ ਕਿਛ ਹੱਥੋ ਦੇਇ' ਦਾ ਉਪਦੇਸ਼ ਦਿੱਤਾ। ਗੁਰੂ ਨਾਨਕ ਸਾਹਿਬ ਨੇ ਅਜਿਹਾ ਨਿਆਂ, ਅਜਿਹੀ ਸਦਭਾਵਨਾ, ਅਜਿਹਾ ਮਾਨਵੀ ਵਤੀਰਾ, ਸਮਾਜਕ ਸੁਰੱਖਿਆ ਤੇ ਸਮਾਜਕ/ਆਰਥਕ ਸੁਤੰਤਰਤਾ ਦਾ ਰਾਹ ਰੁਸ਼ਨਾਇਆ ਕਿ ਆਉਣ ਵਾਲੀਆਂ ਗੁਰੂ-ਜੋਤਾਂ, ਪਰੰਪਰਾਵਾਂ ਤੇ ਪੀੜੀਆਂ ਨੇ ਇਨ੍ਹਾਂ ਸਿਧਾਂਤਾਂ ਨੂੰ ਆਪਣਾ ਆਦਰਸ਼ ਮਿੱਥ ਲਿਆ। ਨਿਆਂ ਦੀ ਖਾਤਰ ਸਿੱਧਾ ਵਕਤ ਦੀਆਂ ਸਰਕਾਰਾਂ ਤੇ ਹਮਲਾਵਰਾਂ ਵਿਰੁਧ ਆਵਾਜ਼ ਬੁਲੰਦ ਕੀਤੀ। ਮੁਰੀਦ ਤੇ ਚੇਲੇ ਜਾਂ ਦਾਸ ਦੇ ਸੰਕਲਪ ਨੂੰ ਖਤਮ ਕਰਕੇ ਦਿਲੇਰੀ ਦਿਖਾਈ। ਸ੍ਰੀ ਚੰਦ ਤੇ ਲਖਮੀ ਦਾਸ ਦੀ ਬਜਾਇ ਆਪਣੇ ਮੁਰੀਦ ਭਾਈ ਲਹਿਣਾ ਨੂੰ ਆਪਣਾ ਅੰਗ ਪ੍ਰਵਾਨ ਕਰਕੇ ਅੰਗਦ ਨਾਂ ਦੇ ਕੇ ਆਪਣਾ ਉਤਰਾਧਿਕਾਰੀ ਥਾਪਣਾ ਸਮਾਜਕ ਨਿਆਂ ਦੀ ਸਥਾਪਨਾ ਦਾ ਬਹੁਤ ਵੱਡਾ ਉਪਰਾਲਾ ਹੈ। ਇਸੇ ਹੀ ਪਰੰਪਰਾ ਨੂੰ ਗੁਰੂ ਅੰਗਦ ਦੇਵ ਜੀ ਨੇ ਜ਼ਾਰੀ ਰਖੱਦਿਆਂ ਆਪਣੇ

ਪੁਤਰਾਂ ਦੀ ਬਜਾਇ ਆਪਣੇ ਮੁਰੀਦ ਅਮਰਦਾਸ ਨੂੰ ਗੁਰੂ ਥਾਪਿਆ। ਕਿਸੇ ਵੀ ਧਰਮ ਵਿਚ ਹੱਕ ਤੇ ਨਿਆਂ ਦੀਆਂ ਇਸ ਤੋਂ ਵੱਧ ਉਦਾਹਰਨਾਂ ਨਹੀਂ ਮਿਲਦੀਆਂ। ਗੁਰੂ ਤੇਗ਼ ਬਹਾਦਰ ਸਾਹਿਬ ਨੇ ਦੱਬੇ ਕੁਚਲੇ ਲੋਕਾਂ ਨੂੰ ਧਾਰਮਿਕ ਸੁਰੱਖਿਆ ਦੇਣ ਲਈ ਸੀਸ ਅਰਪਣ ਕਰ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਸਮਾਜ ਵਿਚ ਸਮਾਜਕ ਨਿਆਂ ਦੀ ਸਥਾਪਤੀ ਲਈ ਆਪਣਾ ਸਾਰਾ ਸਰਬੰਸ ਵਾਰ ਦਿੱਤਾ। ਖਾਲਸਾ ਪੰਥ ਸਮਾਜਕ ਨਿਆਂ ਦੀ ਉਸਾਰੀ ਲਈ ਇਕ ਆਦਰਸ਼ਕ ਘਟਨਾ ਹੈ।

ਮੱਧਕਾਲ ਵਿਚ ਹਾਕਮ ਵਰਗ ਤੇ ਉੱਚ ਸ਼੍ਰੇਣੀਆਂ ਆਪਣੇ ਆਪ ਨੂੰ ਦੂਜਿਆਂ ਤੋਂ ਬੜਾ ਸਰੇਸ਼ਠ ਸਮਝਦੀਆਂ ਸਨ ਅਤੇ ਆਪਣੇ ਅਧੀਨ ਆਉਂਦੀਆਂ ਦੂਜੀਆਂ ਕੌਮਾਂ ਤੇ ਧਿਰਾਂ ਨੂੰ ਬਹੁਤੇ ਅਧਿਕਾਰਾਂ ਤੋਂ ਵੰਚਿਤ ਰੱਖਣ ਵਿਚ ਸ਼ਾਨ ਮਹਿਸੂਸ ਕਰਦੀਆਂ ਸਨ। ਜਿਵੇਂ ਮੁਗਲਾਂ ਦੇ ਰਾਜ ਵਿਚ ਐਲਾਨ ਜਾਰੀ ਸੀ ਕਿ ਕੋਈ ਵੀ ਗ਼ੈਰ-ਮੁਸਲਮ ਸ਼ਹਿਰੀ ਦੋ ਮੰਜ਼ਲਾ ਮਕਾਨ ਵਿਚ ਨਹੀਂ ਰਹਿ ਸਕਦਾ। ਘੋੜੇ ਦੀ ਸਵਾਰੀ ਦੀ ਮਨਾਹੀ ਸੀ। ਸ਼ਸਤਰ ਧਾਰਨ ਨਹੀਂ ਕਰ ਸਕਦਾ ਸੀ। ਪੂਜਾ ਅਰਚਨਾ ਵਿਚ ਵੀ ਬਰਾਬਰੀ ਨਹੀਂ ਕੀਤੀ ਜਾ ਸਕਦੀ ਸੀ। ਇੱਥੋਂ ਤੱਕ ਕਿ ਧਾਰਮਿਕ ਸਥਾਨਾਂ ਦੇ ਨੇੜੇ ਵੀ ਨਹੀਂ ਜਾ ਸਕਦਾ ਸੀ। ਪਰ ਗੁਰੂ ਸਾਹਿਬਾਨ ਅਤੇ ਗੁਰਬਾਣੀ ਨੇ ਅਜਿਹੇ ਨਾਪਾਕ ਆਦੇਸ਼ਾਂ ਦੀ ਪਰਵਾਹ ਨਹੀਂ ਕੀਤੀ। ਗੁਰੂ ਸਾਹਿਬਾਂ ਨੇ ਗੁਰਬਾਣੀ ਵਿਚ ਕਦਮ-ਕਦਮ ਤੇ ਸਾਂਝੀਵਾਲਤਾ, ਬਰਾਬਰੀ, ਅਜ਼ਾਦੀ ਤੇ ਸੁਹਿਰਦਤਾ ਦੀ ਆਵਾਜ਼ ਬੁਲੰਦ ਕੀਤੀ। ਇੱਕ ਚੰਗੇ ਸਮਾਜਕ ਪ੍ਰਾਣੀ ਦਾ ਲਕਸ਼ ਸਾਮ੍ਹਣੇ ਰੱਖਿਆ। ਮਨੁੱਖ ਇਕ ਚੰਗਾ ਸਮਾਜਕ ਪ੍ਰਾਣੀ ਤੱਦ ਹੀ ਬਣ ਸਕਦਾ ਹੈ ਜਦੋਂ ਇਕ ਬਲਵਾਨ ਸਮਾਜ ਮੌਜੂਦ ਹੋਵੇਗਾ। ਸਮਾਜ ਉਦੋਂ ਹੀ ਬਲਵਾਨ ਹੋਵੇਗਾ ਜਦੋਂ ਸਮਾਜਕ ਨਿਰਮਾਣ ਵਿਚ ਸਮਾਜਕ ਨਿਆਂ ਦੀ ਨੀਂਹ ਹੋਵੇਗੀ। ਏਕਤਾ ਤੇ ਬਰਾਬਰੀ ਹੋਵੇਗੀ। ਅਰਥਾਤ ਜਦੋਂ ਮਨੁੱਖ ਜਾਤਾਂ-ਪਾਤਾਂ ਜਾਂ ਅਜ਼ਾਦੀ ਤੋਂ ਸੱਖਣਾ ਹੋਣ ਕਰਕੇ ਕਿਸੇ ਦੂਸਰੇ ਮਨੁੱਖ ਤੋਂ ਹੀਨਤਾ ਭਾਵ ਗ੍ਰਹਿਣ ਕਰਕੇ ਅਵਿਕਸਤ ਹੀ ਨ ਰਹਿ ਜਾਵੇ। ਗੁਰਬਾਣੀ ਦ੍ਰਿੜ ਕਰਵਾਉਂਦੀ ਹੈ ਕਿ ਵੰਡੀਆਂ ਪਾਉਣ ਤੇ ਜ਼ਾਤਾਂ-ਪਾਤਾਂ ਵਿਚ ਲੁਕਾਈ ਨੂੰ ਖੰਡਿਤ ਕਰਨ ਵਾਲੇ ਮਨੁੱਖ ਰੱਬ ਦੇ ਸੱਚੇ ਉਪਾਸ਼ਕ ਜਾਂ ਸ਼ਰਧਾਲੂ ਨਹੀਂ ਹੋ ਸਕਦੇ।ਅਕਾਲਪੁਰਖ ਵਖਰੇਵਾ ਨਹੀਂ ਜਾਣਦਾ। ਦੂਰੀਆਂ ਨਹੀਂ ਥਾਪਦਾ। ਜਦੋਂ ਰੱਬ ਦੀ ਨਜ਼ਰ ਵਿਚ ਸਭ ਸਮਾਨ ਹਨ ਤਾਂ ਫਿਰ ਸਮਾਜ ਵਿਚ ਅਨਿਆਂ ਜਾਂ ਵਖਰੇਵੇਂ ਦਾ ਕੋਈ ਅਰਥ ਹੀ ਨਹੀਂ ਰਹਿ ਜਾਂਦਾ। ਸਾਰਾ ਸੰਸਾਰ ਇਕ ਜੋਤਿ ਤੋਂ ਉਤਪੰਨ ਹੋਇਆ ਹੈ ਤਾਂ ਫਿਰ ਕੋਈ ਵੱਡਾ ਜਾਂ ਛੋਟਾ ਕਿਵੇਂ ਹੋ ਸਕਦਾ ਹੈ? ਸਾਰੇ ਸੰਸਾਰ ਦੇ ਜੀਵ ਇਕੋਂ ਘੁਮਿਆਰ ਰੂਪੀ ਰੱਬ ਨੇ ਘੜੇ ਹਨ ਤਾਂ ਇਹ ਜੀਵ ਰੂਪੀ ਭਾਂਡੇ ਉੱਤਮ, ਮੱਧਮ, ਘਟੀਆ ਜਾ ਨੀਚ ਵਿਚ ਕਿਵੇਂ ਵੰਡੇ ਜਾ ਸਕਦੇ ਹਨ?

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥ [172]

ਜਾਤਿ ਕਾ ਗਰਬ ਨ ਕਰੀਅਹੁ ਕੋਈ॥
ਬ੍ਰਹਮ ਬਿੰਦੈ ਸੋ ਬ੍ਰਾਹਮਣ ਹੋਈ॥
ਜਾਤਿ ਕਾ ਗਰਬ ਨ ਕਰ ਮੂਰਖ ਗਾਵਾਰਾ॥
ਇਸ ਗਰਬ ਤੇ ਚਲਹਿ ਬਹੁਤ ਵਿਕਾਰਾ॥

ਚਾਰੇ ਵਰਨ ਆਖੈ ਸਭ ਕੋਈ॥
ਬ੍ਰਹਮ ਬਿੰਦ ਤੇ ਸਭ ਉਤਪਤਿ ਹੋਈ॥
ਮਾਟੀ ਏਕ ਸਗਲ ਸੰਸਾਰਾ॥
ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ॥ [173]

ਜ਼ਾਤ-ਪਾਤ ਤੇ ਉਚ-ਨੀਚ ਦੇ ਬੰਧਨਾਂ ਦਾ ਖੁਲ੍ਹੇ ਆਮ ਖੰਡਨ ਕਰਦੀ ਹੋਈ ਗੁਰਬਾਣੀ ਸਮਾਜਕ ਨਿਆਂ ਦੀ ਉਸਾਰੀ ਲਈ ਆਧਾਰ ਸਥਾਪਤ ਕਰਦੀ ਹੈ। ਇਸ ਨਾਲ ਬਰਾਬਰੀ, ਸਦਭਾਵਨਾ ਅਤੇ ਮੈਤਰੀ ਦਾ ਇਕ ਅਜਿਹਾ ਪ੍ਰਵਚਨ ਉਘੜਦਾ ਹੈ ਜਿਸ ਨਾਲ ਸਾਰੀਆਂ ਦੂਰੀਆਂ ਤੇ ਵਖਰੇਵੇਂ ਮਹੱਤਵਹੀਣ ਹੋ ਜਾਂਦੇ ਹਨ। 'ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ'[174] ਦਾ ਵਾਤਾਵਰਨ ਤਿਆਰ ਹੋ ਜਾਂਦਾ ਹੈ ਤੇ ਅਜਿਹੇ ਮਾਹੌਲ ਵਿਚ ਆਦਰਸ਼ਕ ਸਮਾਜ ਦੀ ਸਿਰਜਨਾ ਸੰਭਵ ਹੁੰਦੀ ਹੈ। ਇਕ ਅਜਿਹਾ ਸਮਾਜ ਜਿਸ ਵਿਚ ਸਾਰੇ ਕਿਰਤੀ ਅਤੇ ਉੱਦਮੀ ਹੋਣ। ਕਿਸੇ ਦੀ ਕੀਤੀਆਂ ਕਮਾਈਆਂ ਤੇ ਐਸ਼ਾਂ ਨਾ ਕੀਤੀ ਜਾਣ। ਹੱਕ ਤੇ ਹਲਾਲ ਦੀਆਂ ਕਮਾਈਆਂ ਨੂੰ ਲੁੱਟਿਆ ਨਾ ਜਾ ਸਕੇ। ਗੁਰਬਾਣੀ ਸਮਾਜਕ ਨਿਆਂ ਦੀ ਸਥਾਪਤੀ ਲਈ ਉੱਦਮੀ ਜੀਵਨ ਦੀ ਧਰਾਤਲ ਨੂੰ ਨਿਰਧਾਰਤ ਕਰਦੀ ਹੈ ਤਾਂਕਿ ਮਨੁੱਖ ਚੰਗਾ ਗ੍ਰਹਿਸਥੀ ਇਨਸਾਨ ਬਣ ਕੇ ਆਪਣੇ ਪਰਿਵਾਰ, ਸਮਾਜ, ਦੇਸ਼, ਭਾਈਚਾਰੇ ਲਈ ਯੋਗ ਤੇ ਸਾਰਥਕ ਭੂਮਿਕਾ ਨਿਭਾ ਸਕੇ। ਗੁਰਬਾਣੀ ਉਸ ਕਮਾਈ ਤੇ ਜ਼ੋਰ ਦਿੰਦੀ ਹੈ ਜਿਸ ਤੋਂ ਸੁੱਖ-ਸ਼ਾਂਤੀ ਮਿਲੇ ਤੇ ਅਜਿਹੀ ਸੁੱਚੀ ਕਮਾਈ ਕਿਰਤ ਦੀ ਕਮਾਈ ਹੈ। ਅਜਿਹੀ ਕਮਾਈ ਨਾਲ ਸਾਰੇ ਲਾਲਚ ਤੇ ਤ੍ਰਿਸ਼ਨਾਵਾਂ ਦਾ ਅੰਤ ਹੋ ਜਾਂਦਾ ਹੈ ਤੇ ਸੁਹਿਰਦ ਹਿਰਦੇ ਵਿਚ ਸਬਰ ਸੰਤੋਖ ਜਾਗ੍ਰਿਤ ਜੋ ਜਾਂਦੇ ਹਨ। ਗੁਰਬਾਣੀ ਨਾ ਕੇਵਲ ਕਿਰਤ ਕਮਾਈ ਦਾ ਸੰਵਾਦ ਸਿਰਜਦੀ ਹੈ ਬਲਕਿ ਵੰਡ ਕੇ ਛਕਣ ਤੇ ਜ਼ੋਰ ਦਿੰਦੀ ਹੈ-

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥ [175]

ਵੰਡ ਕੇ ਛਕਣ ਨਾਲ ਸਰਬ-ਪੱਖੀ ਪਿਆਰ ਵੱਧਦਾ ਹੈ, ਹਮਦਰਦੀ ਤੇ ਸਨੇਹ ਪੈਦਾ ਹੁੰਦਾ ਹੈ, ਸੁਹਿਰਦਤਾ ਤੇ ਸਦਾਚਾਰ ਪ੍ਰਫੁਲਤ ਹੁੰਦਾ ਹੈ। ਵੰਡ ਕੇ ਛਕਣ ਵਾਲਾ ਮਨੁੱਖ ਸਬਰ ਸੰਤੋਖੀ ਹੁੰਦਾ ਹੋਇਆ ਨਿਮਰ ਤੇ ਨਿਰਮਾਣ ਹੋ ਜਾਂਦਾ ਹੈ। ਸੇਵਾਦਾਰ ਬਣ ਜਾਂਦਾ ਹੈ। ਸੇਵਾ ਦੀ ਭਾਵਨਾ ਨਾਲ ਓਤ-ਪ੍ਰੋਤ ਸਰੀਰ ਆਪਣੇ ਲਈ ਘੱਟ ਅਤੇ ਦੂਜਿਆਂ ਲਈ ਜ਼ਿਆਦਾ ਜਿਉਂਦਾ ਹੈ। ਗੁਰਬਾਣੀ ਵਿਚ ਆਉਂਦਾ ਹੈ:

ਵਿਚਿ ਦੁਨੀਆ ਸੇਵ ਕਮਾਈਐ॥
ਤਾ ਦਰਗਹ ਬੈਸਣੁ ਪਾਈਐ॥ [176]

ਨਿਸ਼ਕਾਮ ਸੇਵਾ ਨਾਲ ਹਮਦਰਦੀ, ਤਿਆਗ ਅਤੇ ਮਾਨਵ-ਪਿਆਰ ਦੀ ਬਿਰਤੀ ਪੈਦਾ ਹੁੰਦੀ ਹੈ। ਮਨੁੱਖ ਨੂੰ 'ਵਿਣ ਸੇਵਾ ਧ੍ਰਿਗ ਹਥ ਪੈਰ, ਹੋਰ ਨਿਹਫਲ ਕਰਨੀ' ਦੀ ਅਵੱਸਥਾ ਦੀ ਸੋਝੀ ਜੋ ਜਾਂਦੀ ਹੈ। ਅਜਿਹਾ ਮਨੁੱਖ ਸਮਾਜਕ ਅਨਿਆਂ ਨੂੰ ਬਰਦਾਸ਼ਤ ਹੀ ਨਹੀਂ ਕਰ ਸਕਦਾ। ਗੁਰਬਾਣੀ ਵਿਚ ਇਸਤਰੀ-ਜਾਤੀ ਦੇ ਗੌਰਵਸ਼ਾਲੀ ਤੇ ਮਹੱਤਵਪੂਰਨ ਕਿਰਦਾਰ ਨੂੰ ਆਧਾਰ ਬਣਾਇਆ ਗਿਆ ਹੈ। ਉਸ ਨਾਲ ਕਿਸੇ ਕਿਸਮ ਦਾ ਵਿਤਕਰਾ ਜਾਂ ਅਨਿਆਂ ਅਧਰਮ ਹੈ; ਅਨੈਤਿਕ ਹੈ। ਅਸੰਤੁਲਨ ਸਮਾਜ ਦੀ ਬੁਨਿਆਦ ਹੈ। ਗੁਰਬਾਣੀ ਸਭਿਆਚਾਰ ਵਿਚ ਲਿੰਗ-ਭੇਦ ਦੀ ਕੋਈ ਹੋਂਦ ਨਹੀਂ।

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ [177]

ਗੁਰਬਾਣੀ ਹਰ ਇਕ ਮਨੁੱਖ ਨੂੰ ਗਿਆਨ ਹਾਸਲ ਕਰਨ ਲਈ ਪ੍ਰੇਰਦੀ ਹੈ। ਵਿੱਦਿਆ ਪ੍ਰਾਪਤੀ ਲਈ ਉਤਸ਼ਾਹਿਤ ਕਰਦੀ ਹੈ। ਗੁਰਬਾਣੀ ਸਮਾਜ ਦੀਆਂ ਉਨ੍ਹਾਂ ਤਾਕਤਾਂ ਦਾ ਵਿਰੋਧ ਕਰਦੀ ਹੈ ਜੋ ਮਨੁੱਖ ਨੂੰ ਵਿੱਦਿਆ ਗ੍ਰਹਿਣ ਕਰਨ ਤੋਂ ਨਕਾਰਦੀਆਂ ਹਨ। ਗੁਰੂ ਨਾਨਕ ਸਾਹਿਬ ਫਰਮਾਉਂਦੇ ਹਨ ਕਿ 'ਵਿਦਿਆ ਵਿਚਾਰੀ ਤਾ ਪਰਉਪਕਾਰੀ'। ਗੁਰਬਾਣੀ ਦ੍ਰਿੜ ਕਰਵਾਉਂਦੀ ਹੈ:

ਅਕਲਿ ਇਹ ਨ ਆਖੀਐ ਅਕਲਿ ਗਵਾਈਐ ਬਾਦਿ॥
ਅਕਲੀ ਸਾਹਿਬ ਸੇਵੀਐ, ਅਕਲੀ ਪਾਈਐ ਮਾਨੁ॥
ਅਕਲੀ ਪੜਿ ਕੈ ਬੁਝੀਐ, ਅਕਲੀ ਕੀਚੈ ਦਾਨੁ॥
ਨਾਨਕੁ ਆਖੈ ਰਾਹੁ ਏਹੁ, ਹੋਰ ਗਲਾ ਸੈਤਾਨੁ॥ [178]

ਇਹ ਸਾਰੇ ਗੁਣ ਇਕ ਅਜਿਹੇ ਸਮਾਜ ਨੂੰ ਸਿਰਜਦੇ ਹਨ ਜੋ ਸਮਾਜਕ ਨਿਆਂ ਲਈ ਅਗਰਸਰ ਹੁੰਦਾ ਹੈ। ਇਕ ਅਜਿਹਾ ਸਮਾਜ ਜਿੱਥੇ ਹਰ ਵਿਅਕਤੀ ਅਜ਼ਾਦ ਤੇ ਸੁਤੰਤਰ ਹੁੰਦਾ ਹੈ। ਸਮਾਜ ਵਿਚ ਉਸਦੀ ਢੁਕਵੀਂ ਯੋਗ ਤੇ ਨਿਸਚਿਤ ਥਾਂ ਹੁੰਦੀ ਹੈ। ਉਹ ਸਮਾਜ ਵਿਚ ਬਰਾਬਰੀ ਤੇ ਸਮਾਨਤਾ ਨਾਲ ਜਿਉਂਦਾ ਹੈ। ਅਜੋਕੇ ਸਮਿਆਂ ਵਿਚ ਮਾਨਵੀ ਅਧਿਕਾਰਾਂ ਦੇ ਸੰਗਠਨ, ਕਾਨੂੰਨ, ਸੰਵਿਧਾਨ ਅਤੇ ਅਦਾਲਤਾਂ ਸਮਾਜਕ ਨਿਆਂ ਲਈ ਬਹੁਤ ਸਰਗਰਮ ਭਮਿਕਾ ਨਿਭਾ ਰਹੀਆਂ ਹਨ ਪਰ ਫਿਰ ਵੀ ਸਮਾਜ ਵਿਚ ਸਮਾਜਕ ਨਿਆਂ ਦੀ ਕਮੀ ਜਾਪਦੀ ਹੈ। ਸਮਾਜ ਜਾਤਿ-ਪਾਤਿ, ਊਚ-ਨੀਚ, ਲਿੰਗ-ਭੇਦ, ਸਹੂਲਤਾਂ ਤੇ ਸੁਰੱਖਿਆ ਆਦਿ ਦੇ ਪੱਖ ਤੋਂ ਵਿਤਕਰੇ ਕਰਦਾ ਹੈ। ਸਮਾਜ ਦੀਆਂ ਸੰਸਥਾਵਾਂ ਉਦੋਂ ਤੱਕ ਕਾਰਗਰ ਸਾਬਤ ਨਹੀਂ ਹੋ ਸਕਦੀਆਂ ਜਦੋਂ ਤੱਕ ਨਿੱਜੀ ਅਤੇ ਵਿਅਕਤੀਗਤ ਤੋਰ ਤੇ ਉਪਰਾਲੇ ਨਹੀਂ ਕੀਤੇ ਜਾਂਦੇ। ਸਮਾਜ ਦੀ ਸਿਰਜਨਾ ਸਮਾਜਕ

ਪ੍ਰਾਣੀਆਂ ਨਾਲ ਹੁੰਦੀ ਹੈ। ਲੋੜ ਸਮਾਜਕ ਪ੍ਰਾਣੀਆਂ ਦੇ ਮਾਰਗ-ਦਰਸ਼ਨ ਦੀ ਹੈ। ਇਸ ਭਾਵਨਾ ਦੀ ਅੱਜ ਵਿਸ਼ਵ-ਭਰ ਨੂੰ ਸਭ ਤੋਂ ਵੱਧ ਲੋੜ ਹੈ ਕਿਉਂਕਿ ਸਮਾਜਕ ਅਨਿਆਂ ਦੇ ਕਰਕੇ ਸਾਰਾ ਸੰਸਾਰ ਤੰਗ ਖ਼ਿਆਲੀ, ਨਫ਼ਰਤ ਤੇ ਬਖ਼ੀਲੀ ਦੀ ਮੰਦ ਭਾਵਨਾ ਨੂੰ ਬਲ ਦੇ ਰਿਹਾ ਹੈ। ਜਿਸ ਦੇ ਨਤੀਜੇ ਬਹੁਤ ਖਤਰਨਾਕ ਸਾਬਤ ਹੋਣਗੇ। ਉਪਰੋਕਤ ਅਧਿਐਨ ਅਤੇ ਵਿਸ਼ਲੇਸ਼ਣ ਤੋਂ ਇਹ ਨਤੀਜਾ ਨਿਕਲਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮਨੁੱਖ ਦੀ ਅਜਿਹੀ ਅਗਵਾਈ ਕਰਦੀ ਹੈ ਜਿਸ ਨਾਲ ਸਮਾਜਕ ਨਿਆਂ ਨੂੰ ਸਥਾਪਤ ਕੀਤਾ ਜਾ ਸਕੇ।

ਖੋਜ-ਕਾਰਜ ਦੇ ਇਸ ਅਧਿਆਇ 'ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਾਨਵੀ ਆਦਰਸ਼: ਵਿਸ਼ਵ-ਵਿਆਪੀ ਸੰਗਠਨਾਂ ਦੇ ਸੰਦਰਭ ਵਿਚ' ਕੀਤੀ ਵਿਚਾਰ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਮਾਨਵੀ ਅਧਿਕਾਰਾਂ, ਦਲਿਤ ਚੇਤਨਾ ਦੇ ਸੰਦਰਭ ਵਿਚ ਬੰਧਨ ਰਹਿਤ ਸਮਾਜ ਦੀ ਸਿਰਜਨਾ, ਲਿੰਗ ਬਰਾਬਰਤਾ ਅਤੇ ਸਮਾਜਕ ਨਿਆਂ ਨਾਲ ਜੁੜੇ ਗੰਭੀਰ ਮਸਲਿਆਂ ਦੇ ਸਮਾਧਾਨ ਲਈ ਸਮੁੱਚੇ ਵਿਸ਼ਵ ਵਿਚ ਅਨੇਕਾਂ ਸੰਸਥਾਵਾਂ ਕਾਰਜਸ਼ੀਲ ਹਨ ਪਰ ਸਦੀਆਂ ਪਹਿਲਾਂ ਰਚੀ ਗੁਰੂ ਗ੍ਰੰਥ ਸਾਹਿਬ ਦੀ ਟੈਕਸਟ ਨੇ ਇਸ ਸੰਬੰਧੀ ਪ੍ਰਵਚਨ ਪੇਸ਼ ਕੀਤਾ। ਇਸ ਟੈਕਸਟ ਵਿਚ ਇਨ੍ਹਾਂ ਆਦਰਸ਼ਾਂ ਸੰਬੰਧੀ ਕਈ ਅੰਤਰ ਦ੍ਰਿਸ਼ਟੀਆਂ ਮਿੱਲਦੀਆਂ ਹਨ ਜੋ ਅਜੋਕੇ ਸਮੇਂ ਵਿਚ ਵੀ ਉਪਯੁਕਤ ਅਤੇ ਢੁਕਵੀਂਆਂ ਹਨ। ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਮਾਨਵੀ ਆਦਰਸ਼ਾਂ ਦੀ ਸਥਾਪਨਾ ਨਾਲ ਨਿਸਚੈ ਹੀ ਵੰਡੀਆਂ, ਮਾਨਵੀ ਸ਼ੋਸ਼ਣ ਅਤੇ ਸੀਨਾਜ਼ੋਰੀਆਂ ਖ਼ਤਮ ਹੋ ਸਕਦੀਆਂ ਹਨ ਅਤੇ ਆਪਸੀ ਭਾਈਚਾਰੇ, ਪਰਸਪਰ ਮਿਲਵਰਤਨ, ਪ੍ਰੇਮ ਭਾਵਨਾ, ਸਹਿਹੋਂਦ, ਸਹਿਣਸ਼ੀਲਤਾ ਤੇ ਸਾਂਝੀਵਾਲਤਾ ਦੀ ਭਾਵਨਾ ਨੂੰ ਵਿਕਸਿਤ ਕਰਕੇ ਸੁਖਾਂਵਾਂ ਤੇ ਸਦਭਾਵਨਾ ਦਾ ਮਾਹੌਲ ਕਾਇਮ ਕਰਕੇ ਵਿਸ਼ਵ ਨੂੰ ਖੁਸ਼ਹਾਲ ਬਣਾਇਆ ਜਾ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾਵਾਦੀ ਅਤੇ ਸਰਬ-ਸਾਂਝੀ ਵਿਚਾਰਧਾਰਾ ਵਿਚ ਸਮਾਜਿਕ, ਧਾਰਮਿਕ, ਸੰਸਕ੍ਰਿਤਕ, ਰੰਗ-ਭੇਦ, ਨਸਲ-ਭੇਦ, ਆਰਥਿਕਤਾ ਅਤੇ ਰਾਸ਼ਟਰੀਅਤਾ ਆਧਾਰਿਤ ਵੰਡੀਆਂ ਅਤੇ ਸੀਨਾਜ਼ੋਰੀਆਂ ਲਈ ਕੋਈ ਸਥਾਨ ਨਹੀਂ ਅਤੇ ਇਹ ਕਿਸੇ ਵੀ ਜਾਤੀ ਦੀ ਸਰੇਸ਼ਠਤਾ, ਪ੍ਰਤਿਸ਼ਠਤਾ ਅਤੇ ਸੱਤਾ ਨੂੰ ਚੈਲੰਜ ਕਰਦਾ ਹਕੂਮਤੀ ਤਸ਼ਦੱਦ, ਸਮਾਜਕ ਅਨਿਆਂ ਅਤੇ ਸ਼ੋਸ਼ਣ ਭੋਗਣ ਵਾਲੇ ਜਨ-ਸਮੂਹ ਨੂੰ ਸਵੈ-ਚੇਤਨਾ ਅਤੇ ਮੁਕਤੀ ਦਾ ਰਾਹ ਦਿਖਾਉਂਦਾ ਬੰਧਨ ਮੁਕਤ ਸਮਾਜ ਦਾ ਸੰਕਲਪ ਸਾਹਮਣੇ ਲਿਆਉਂਦਾ ਹੈ। ਨਿਰਸੰਦੇਹ ਇਹ ਬਾਣੀ ਸਰਬ-ਸਾਂਝੀਵਾਲਤਾ ਦੇ ਪਾਸਾਰ ਲਈ ਯਤਨਸ਼ੀਲ ਹੁੰਦੀ ਹੋਈ 'ਸਰਬਤ ਦੇ ਭਲੇ' ਦਾ ਪੈਗ਼ਾਮ ਦਿੰਦੀ ਹੈ। ਇਸਦੇ ਅੰਤਰਗਤ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਾਰੀ ਜੀਵਨ ਦੇ ਮਹੱਤਵਪੂਰਨ ਪੱਖਾਂ ਨੂੰ ਉਜਾਗਰ ਕਰਕੇ ਨਾਰੀ ਦੀ ਦਮਨ ਭਰਪੂਰ ਸਥਿਤੀ ਦੇ ਵਿਰੋਧ ਵਿਚ ਨਾਰੀ ਹੱਕਾਂ, ਨਾਰੀ ਮੁਕਤੀ, ਨਾਰੀ ਉੱਚਤਾ ਦਾ ਪ੍ਰਵਚਨ ਸਿਰਜਿਆ ਗਿਆ ਹੈ ਜਿਸ ਨਾਲ ਸਦੀਆਂ ਤੋਂ ਪਿਸਦੀ ਨਾਰੀ ਨੂੰ ਨਿਆਂ ਅਤੇ ਇਨਸਾਫ਼ ਮਿਲਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਪੁਰਸ਼ ਤੇ ਨਾਰੀ ਵਿਚ ਇਕਸੁਰਤਾ ਤੇ ਇਕਸਮਤਾ ਦੀ ਭਾਵਨਾ ਨਾਲ ਨਾਰੀ ਦੀ ਸ਼ਕਤੀਸ਼ਾਲੀ ਪਰਿਕਲਪਨਾ ਸਥਾਪਤ ਕਰਦੇ ਹੋਏ ਸਮਾਜਕ ਪਰਿਵਰਤਨ ਦਾ ਬਿਰਤਾਂਤ ਸਿਰਜਿਆ ਗਿਆ ਹੈ। ਸਦੀਆਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੇ ਜੋ ਸਮਾਜਕ ਨਿਆਂ ਦਾ ਪ੍ਰਵਚਨ ਆਰੰਭਿਆ, ਉਹ ਨਿਸਚੈ ਹੀ ਇਕ ਇਨਕਲਾਬੀ ਸੋਚ ਤੇ ਦਲੇਰੀ ਭਰਿਆ ਸੰਵਾਦ ਸੀ ਅਤੇ ਇਹ ਮਾਣਜਨਕ ਅਮਲ ਅੱਜ ਵੀ ਉਨਾ ਹੀ ਸਾਰਥਿਕ ਅਤੇ ਪ੍ਰਾਸੰਗਿਕ ਹੈ।

**ਹਵਾਲੇ ਅਤੇ ਟਿੱਪਣੀਆਂ:**


1. Internet Resources, (https://en.wikipedia.org/wiki/List_of_human_rights_organisations)
2. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਪ੍ਰਭਾਤੀ, ਭਗਤ ਕਬੀਰ ਜੀ,ਪੰਨਾ1349
3. ਉਹੀ, ਰਾਗ ਭੈਰਓ, ਮ.3, ਪੰਨਾ1128
4. Max Webe: The Religion of India, p.124
5. ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ, ਮ. 1, ਪੰਨਾ15
6. ਉਹੀ, ਰਾਗ ਗਉੜੀ, ਭਗਤ ਕਬੀਰ, ਪੰਨਾ 324
7. ਉਹੀ, ਪੰਨਾ 324
8. ਉਹੀ, ਰਾਗ ਭੈਰਉ,ਮ.3, ਪੰਨਾ 1127-1128
9. ਉਹੀ, ਰਾਗ ਸੂਹੀ, ਮ.4, ਪੰਨਾ 733
10. ਉਹੀ, ਰਾਗ ਭੈਰਉ, ਮ. 3, ਪੰਨਾ 1127
11. ਉਹੀ,ਰਾਗ ਆਸਾ, ਮ.1, ਪੰਨਾ 473
12. ਉਹੀ, ਪੰਨਾ 473
13. ਉਹੀ, ਰਾਗ ਸੂਹੀ, ਮ.3, ਪੰਨਾ 787
14. ਉਹੀ, ਪ੍ਰਭਾਤੀ ਭਗਤ ਕਬੀਰ ਜੀ, ਪੰਨਾ1350
15. ਉਹੀ, ਰਾਗ ਗਉੜੀ, ਮ.5, ਪੰਨਾ 266
16. ਸਰੂਪ ਸਿੰਘ ਅਲੱਗ (ਡਾ.), ਸਰਬ ਨਿਧਾਨ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ਨੰ-45
17. ਮਹਿੰਦਰ ਕੌਰ ਗਿੱਲ (ਡਾ.),ਗੁਰਮਤਿ ਸਾਹਿਤ ਦੀ ਵਸ਼ਿਸ਼ਟਤਾ, ਖੋਜ-ਪਤ੍ਰਿਕਾ, ਸਤਬੰਰ 2002, ਅੰਕ:56, ਪੰਨਾ-114
18. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਮਾਰੂ, ਭਗਤ ਕਬੀਰ ਜੀ, ਪੰਨਾ-1105
19. ਉਹੀ, ਰਾਗ ਮਾਝ,ਮ.1, ਪੰਨਾ-145
20. ਉਹੀ, ਰਾਗ ਤਿਲੰਗ, ਮ.1,ਪੰਨਾ-722
21. ਉਹੀ, ਰਾਗ ਗਉੜੀ, ਮ.3, ਪੰਨਾ-231
22. ਉਹੀ, ਸਲੋਕ ਕਬੀਰ ਜੀ, ਪੰਨਾ-1372
23. ਉਹੀ, ਰਾਗ ਸੂਹੀ, ਮ.1,ਪੰਨਾ-791
24. ਉਹੀ, ਰਾਗ ਸਾਰੰਗ, ਮ.1, ਪੰਨਾ-1245
25. ਉਹੀ, ਰਾਗ ਗਉੜੀ ਗੁਆਰੇਰੀ, ਮ.5, ਪੰਨਾ-186
26. ਉਹੀ, ਰਾਗ ਗੁਜਰੀ, ਮ.5, ਪੰਨਾ-522

27. ਉਹੀ, ਪੰਨਾ-522

28. ਉਹੀ, ਰਾਗ ਸੋਰਠਿ, ਮ.5, ਪੰਨਾ-629

29. ਉਹੀ, ਰਾਗ ਸਾਰੰਗ, ਮ.3, ਪੰਨਾ-1249

30. ਉਹੀ, ਰਾਗ ਮਾਝ, ਮ.1,ਪੰਨਾ-141

31. ਕਮਲਪ੍ਰੀਤ ਸਿੰਘ, Shri Guru Granth Sahib and Human rights, ਡਾ. ਧਰਮਿੰਦਰ ਸਿੰਘ ਉੱਭਾ, ਡਾ. ਬਲਤੇਜ ਸਿੰਘ ਮਾਨ, ਡਾ. ਗੁਰਦੀਸ਼ ਕੌਰ ਬਾਜਵਾ (ਸੰਪਾਦਕ), ਸ੍ਰੀ ਗੁਰੂ ਗ੍ਰੰਥ ਸਾਹਿਬ: ਮਾਨਵੀ ਸਰੋਕਾਰ, ਪੰਨਾ-329

32. ਰੱਛਪਾਲ ਸਿੰਘ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਰਮਲ ਸੰਦੇਸ਼ ਸਰਬੱਤ ਦਾ ਭਲਾ, ਗੁਰਮਤਿ ਪ੍ਰਕਾਸ਼, ਪੰਨਾ ਨੰ:20

33. ਜਸਬੀਰ ਸਿੰਘ ਸਾਬਰ (ਡਾ.), ਰਵਿਦਾਸ ਬਾਣੀ ਵਿਚ ਦਲਿਤ ਚੇਤਨਾ, ਰਵਿਦਾਸ ਬਾਣੀ ਬਹੁਪੱਖੀ ਅਧਿਐਨ, ਪੰਨਾ-149-150

34. ਕਾਨ੍ਹ ਸਿੰਘ ਨਾਭਾ, ਗੁਰੂਸ਼ਬਦ ਰਤਨਾਗਰ ਮਹਾਨ ਕੋਸ਼, ਪੰਨਾ-468

35. M.N. Srinivas, Caste in Modern India, P.63

36. ਮੋਹਨਜੀਤ (ਡਾ.),ਦਲਿਤ-ਚੇਤਨਾ ਅਤੇ ਆਧੁਨਿਕ ਪੰਜਾਬੀ ਕਵਿਤਾ, ਪੰਨਾ ਨੰ. 70

37. Raj,Felix, SJ, Religion and Dalit Identity, ( Internet Resource)

38. MURugkar, lata: Dalit Panther Movement in Maharashtra, Bombay, p .237

39. Patawane,Dr. Gangadhar: Evoling a new identy: the development of a dalit liberation Movement, Edited by barbera R joshi, New Delhi, p. 79

40. ਰਿਗ ਵੇਦ-1, 51, 8

41. Wikipedia, free encyclopedia ,Internet resource

42. Zelliot, E. From Untouchables to Dalit: Essay on Ambedkar Movement, Manohar Publishers and Distributors, New Delhi,2001

43. ਮੈਨੇਜਰ ਪਾਂਡੇ(ਡਾ.), Internet Resource

44. ਰਿਗ ਵੇਦ 7090112

45. ਮੰਨੂ ਸਿਮਰੱਥੀ, 1.27.

46. ਮੰਨੂ ਸਿਮਰੱਥੀ, 1.31,1.87-91

47. ਭਾਗਵਤ ਗੀਤਾ 4.13

48. ਅੰਮ੍ਰਿਤਪਾਲ ਕੌਰ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਲਿਤ ਚੇਤਨਾ, ਖੋਜ ਪਤ੍ਰਿਕਾ, ਅੰਕ:62, ਸਤੰਬਰ 2005, ਡਾ.ਗੁਰਨਾਇਬ ਸਿੰਘ (ਮੁੱਖ ਸੰਪਾਦਕ), ਡਾ. ਰਾਜਿੰਦਰ ਲਹਿਰੀ (ਸੰਪਾਦਕ), ਪੰਨਾ-2

49. B.N. Luniya, Evolution of Indian Culture, P.67

50. ਧਰਮਪਾਲ ਸਿੰਗਲ (ਡਾ.) ਜਾਤਿ ਪਾਤਿ ਅਤੇ ਸਤਿਗੁਰੂ ਰਵਿਦਾਸ, ਰਵਿਦਾਸ ਪਤ੍ਰਿਕਾ, 1992, ਪੰ. 23-24.

51. ਜਗਬੀਰ ਸਿੰਘ(ਡਾ.), ਗੁਰੂ ਗ੍ਰੰਥ ਸਾਹਿਬ ਦੀ ਸਮਕਾਲੀਨ ਪ੍ਰਾਸੰਗਿਕਤਾ, ਪੰਨਾ-86

52. ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ, ਮ.1, ਪੰਨਾ-15

53. ਉਹੀ, ਰਾਗ ਸੂਹੀ, ਮ.5,ਪੰਨਾ-747

54. ਉਹੀ, ਰਾਗ ਮਾਝ, ਮ.5, ਪੰਨਾ-97

55. ਉਹੀ, ਰਾਗ ਸੋਰਠਿ, ਭਗਤ ਰਵਿਦਾਸ ਜੀ, ਪੰਨਾ-656

56. ਉਹੀ, ਜਪੁ ਮ.1, ਪੰਨਾ-2

57. ਉਹੀ, ਰਾਗ ਭੈਰਉ, ਮ.3,ਪੰਨਾ-1127-1128

58. ਉਹੀ, ਪ੍ਰਭਾਤੀ ਭਗਤ ਕਬੀਰ ਜੀ,ਪੰਨਾ-1349

59. ਉਹੀ, ਮਾਲੀ ਗਉੜਾ, ਭਗਤ ਨਾਮਦੇਵ ਜੀ,ਪੰਨਾ-988

60. ਉਹੀ, ਰਾਗ ਆਸਾ, ਭਗਤ ਨਾਮਦੇਵ ਜੀ, ਪੰਨਾ-485

61. ਉਹੀ, ਰਾਗ ਆਸਾ, ਮ.1,ਪੰਨਾ-349

62. ਉਹੀ, ਰਾਗ ਆਸਾ, ਮ.1,ਪੰਨਾ-469

63. ਉਹੀ, ਰਾਗ ਪ੍ਰਭਾਤੀ, ਮ.3, ਪੰਨਾ-1330

64. ਉਹੀ, ਰਾਗ ਆਸਾ, ਮ.1,ਪੰਨਾ-358.

65. ਉਹੀ,ਰਾਗ ਆਸਾ, ਮ.1, ਪੰਨਾ-10.

66. ਉਹੀ, ਰਾਗ ਆਸਾ, ਮ.3,ਪੰਨਾ-426

67. ਉਹੀ, ਰਾਗ ਸੂਹੀ, ਮ.4 ਪੰਨਾ-733

68. ਉਹੀ, ਰਾਗ ਸਿਰੀਰਾਗੁ, ਮ.3, ਪੰਨਾ-68

69. ਉਹੀ, ਸਲੋਕ ਵਾਰਾਂ ਤੇ ਵਧੀਕ, ਮ.1, ਪੰਨਾ-1411

70. ਉਹੀ, ਰਾਗ ਗਉੜੀ, ਭਗਤ ਕਬੀਰ,ਪੰਨਾ-324

71. ਜਸਬੀਰ ਸਿੰਘ ਸਾਬਰ(ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਬਾਣੀ ਦਾ ਮਹੱਤਵ, ਰਵਿਦਾਸ ਬਾਣੀ ਬਹੁਪੱਖੀ ਅਧਿਐਨ, ਪੰਨਾ-48

72. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਸਿਰੀਰਾਗੁ, ਮ.3, ਪੰਨਾ-67

73. ਉਹੀ, ਰਾਗ ਬਿਲਾਵਲ, ਮ.4, ਪੰਨਾ-835

74. ਉਹੀ, ਰਾਗ ਮਾਰੂ, ਮ.4,ਪੰਨਾ-995

75. ਉਹੀ, ਰਾਗ ਆਸਾ, ਮ.5, ਪੰਨਾ-487

76. ਉਹੀ, ਰਾਗ ਮਲਾਰ, ਭਗਤ ਰਵਿਦਾਸ, ਪੰਨਾ-1293

77. ਉਹੀ, ਰਾਗ ਸੂਹੀ, ਮ.4, ਪੰਨਾ-733

78. ਉਹੀ, ਰਾਗ ਭੈਰਉ, ਭਗਤ ਨਾਮਦੇਵ ਜੀ, ਪੰਨਾ-1164

79. ਉਹੀ, ਸਲੋਕ, ਭਗਤ ਕਬੀਰ ਜੀ, ਪੰਨਾ-1364

80. ਉਹੀ, ਪੰਨਾ-1368

81. ਉਹੀ, ਰਾਗ ਬਿਲਾਵਲ, ਭਗਤ ਰਵਿਦਾਸ, ਪੰਨਾ-858

82. ਉਹੀ, ਰਾਗ ਗਉੜੀ, ਭਗਤ ਰਵਿਦਾਸ ਜੀ,ਪੰਨਾ-345

83. ਉਹੀ, ਰਾਗ ਸਿਰੀਰਾਗੁ, ਭਗਤ ਰਵਿਦਾਸ ਜੀ, ਪੰਨਾ-858

84. ਉਹੀ, ਰਾਗ ਆਸਾ, ਭਗਤ ਰਵਿਦਾਸ ਜੀ, ਪੰਨਾ-486

85. ਉਹੀ, ਰਾਗ ਆਸਾ, ਭਗਤ ਕਬੀਰ ਜੀ,ਪੰਨਾ-483

86. ਉਹੀ

87. ਰਜਿੰਦਰ ਸਿੰਘ ਭੱਟੀ(ਡਾ.), ਭਗਤ ਬਾਣੀ ਦੇ ਸਮਾਜਿਕ ਸਰੋਕਾਰ, ਰਜਿੰਦਰ ਸਿੰਘ ਭੱਟੀ, ਹਰਸਿਮਰਨ ਸਿੰਘ ਰੰਧਾਵਾ(ਸੰਪਾਦਕ), ਸਿੱਖ ਧਰਮ: ਮਾਨਵਵਾਦੀ ਪਰਿਪੇਖ,ਪੰਨਾ-103

88. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਆਸਾ, ਮ.1, ਪੰਨਾ-473

89. ਬੇਅੰਤ ਕੌਰ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼, ਸਿੱਖ ਧਰਮ ਸ਼ਾਸ਼ਤਰ ਦਾ ਤੱਤ ਸਾਰ(ਉੱਤਰ ਆਧੁਨਿਕ ਪਰਿਪੇਖ), ਪੰਨਾ-79

90. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਗਉੜੀ, ਮ.5, ਪੰਨਾ-198

91. Internet Resource

92. ਰਤਨ ਸਿੰਘ ਜੱਗੀ (ਡਾ.), ਗੁਰੂ ਗ੍ਰੰਥ ਸਾਹਿਬ ਵਿਸ਼ਵਕੋਸ਼ (ਭਾਗ ਪਹਿਲਾ), ਦੋ ਸ਼ਬਦ (ਭੂਮਿਕਾ)

93. ਸ਼ਰਨ ਕੌਰ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਿਸ਼ਵ-ਵਿਆਪੀ ਸੰਦੇਸ਼, ਗੁਰਮਤਿ ਪ੍ਰਕਾਸ਼, ਮਾਰਚ 2008, ਪੰਨਾ 39-40

94. ਭਾਈ ਗੁਰਦਾਸ, ਵਾਰ1, ਪਉੜੀ 23

95. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਸਿਰੀਰਾਗੁ, ਮ.1, ਪੰਨਾ-62

96. The origin of The Family, Private Property and The State, p.23

97. ਉਹੀ

98. ਉਹੀ,ਪੰਨਾ-32

99. ਤੁਲਸੀਦਾਸ, Internet Source, ਡਾ.ਕੁਲਦੀਪ ਸਿੰਘ, ਨਾਰੀ ਦੀ ਮਾਨਵੀ ਹੋਂਦ ਦੇ ਰੱਖਿਅਕ: ਗੁਰੂ ਨਾਨਕ ਦੇਵ ਜੀ, ਰਜਿੰਦਰ ਸਿੰਘ ਭੱਟੀ, ਹਰਸਿਮਰਨ ਸਿੰਘ ਬਾਜਵਾ (ਸੰਪਾਦਕ), ਸਿੱਖ ਧਰਮ: ਮਾਨਵਵਾਦੀ ਪਰਿਪੇਖ, ਪੰਨਾ-145

100. ਨਾਥ ਬਾਣੀ, ਪੰਨਾ149

101. ਨਾਥ ਬਾਣੀ, ਪੰਨਾ 106

102. ਤ੍ਰਿਪਤ ਕੌਰ, ਆਦਿ ਗ੍ਰੰਥ ਵਿਚ ਇਸਤ੍ਰੀ ਦਾ ਸੰਕਲਪ, ਭਾਸ਼ਾ ਵਿਭਾਗ, ਪੰਜਾਬ, 2004, ਪੰਨਾ 109

103. ਉਹੀ, ਪੰਨਾ 109

104. ਸੁਰਜੀਤ ਸਿੰਘ ਭੱਟੀ, ਨਾਰੀਵਾਦ, ਵਾਦ ਚਿੰਤਨ, ਚੇਤਨਾ ਪ੍ਰਕਾਸ਼ਨ, 2010, ਪੰਨਾ-121

105. https://en.wikipedia.org/wiki/List_of_women%27s_organizations

106. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਆਸਾ, ਮ.1, ਪੰਨਾ-468-469

107. ਉਹੀ, ਰਾਗ ਮਲਾਰ, ਮ.1, ਪੰਨਾ-1288

108. ਕੁਲਦੀਪ ਸਿੰਘ (ਡਾ.), ਨਾਰੀ ਦੀ ਮਾਨਵੀ ਹੋਂਦ ਦੇ ਰੱਖਿਅਕ: ਗੁਰੂ ਨਾਨਕ ਦੇਵ ਜੀ, ਰਜਿੰਦਰ ਸਿੰਘ ਭੱਟੀ, ਹਰਸਿਮਰਨ ਸਿੰਘ ਬਾਜਵਾ (ਸੰਪਾਦਕ), ਸਿੱਖ ਧਰਮ: ਮਾਨਵਵਾਦੀ ਪਰਿਪੇਖ, ਪੰਨਾ-145

109. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਆਸਾ, ਮ.1, ਪੰਨਾ-473

110. ਉਹੀ, ਰਾਗ ਮਾਝ, ਮ.5, ਪੰਨਾ-97

111. ਉਹੀ, ਰਾਗ ਰਾਮਕਲੀ, ਮ.3, ਪੰਨਾ-921

112. ਉਹੀ, ਰਾਗ ਧਨਾਸਰੀ, ਮ.1,ਪੰਨਾ-13

113. ਉਹੀ, ਰਾਗ ਆਸਾ, ਮ.3, ਪੰਨਾ-441

114. ਉਹੀ, ਜਪੁ ਮ.1, ਪੰਨਾ-01

115. ਉਹੀ, ਸਲੋਕ ਮ.1, ਪੰਨਾ-08.

116. ਉਹੀ, ਰਾਗ ਰਾਮਕਲੀ, ਮ.1,ਪੰਨਾ-938

117. ਉਹੀ, ਪੰਨਾ-938

118. ਉਹੀ, ਰਾਗ ਸਿਰੀਰਾਗੁ, ਮ.3, ਪੰਨਾ-26

119. ਉਹੀ, ਰਾਗ ਮਾਝ, ਮ.5, ਪੰਨਾ-108

120. ਉਹੀ, ਰਾਗ ਗਉੜੀ, ਮ.5, ਪੰਨਾ-281

121. ਕਬਿਤ ਸਵਈਏ, ਗੁਰੂ ਗੋਬਿੰਦ ਸਿੰਘ

122. ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਮ.1, ਪੰਨਾ-730

123. ਹਰਿੰਦਰ ਕੌਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਾਰੀ ਦਾ ਸਰੂਪ, ਵਿਸਮਾਦ ਨਾਦ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾ ਨੂੰ ਦੇਣ, ਪੰਨਾ-348
124. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਭੈਰਉ, ਭਗਤ ਨਾਮਦੇਵ ਜੀ, ਪੰਨਾ-163
125. ਉਹੀ, ਰਾਗ ਆਸਾ, ਮ.5, ਪੰਨਾ-403
126. ਗੁਰੂ ਗੋਬਿੰਦ ਸਿੰਘ, ਚਰਿਤ੍ਰ 21-51/3
127. ਉਹੀ, ਰਾਗ ਆਸਾ, ਮ.5, ਪੰਨਾ-403
128. ਉਹੀ, ਰਾਗ ਸੂਹੀ, ਮ.3, ਪੰਨਾ-788
129. ਭਾਈ ਗੁਰਦਾਸ, ਵਾਰ ਪੰਜਵੀਂ, ਪਉੜੀ 16
130. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਸੂਹੀ, ਮ.4, ਪੰਨਾ-773
131. ਉਹੀ, ਰਾਗ ਗਉੜੀ, ਮ.4, ਪੰਨਾ-310
132. ਉਹੀ, ਰਾਗ ਆਸਾ, ਭਗਤ ਕਬੀਰ ਜੀ, ਪੰਨਾ-478
133. ਉਹੀ, ਰਾਗ ਗਉੜੀ, ਮ.5, ਪੰਨਾ-198
134. ਉਹੀ, ਰਾਗ ਗਉੜੀ, ਮ.1,ਪੰਨਾ-156
135. ਉਹੀ, ਰਾਗ ਰਾਮਕਲੀ, ਮ.1,ਪੰਨਾ-878-879
136. ਉਹੀ, ਨਟ ਮ.4,ਪੰਨਾ-983
137. ਉਹੀ, ਰਾਗ ਮਾਰੂ, ਮ.1, ਪੰਨਾ-1020
138. ਉਹੀ, ਰਾਗ ਗਉੜੀ ਮਾਝ, ਮ.4, ਪੰਨਾ-173
139. ਉਹੀ, ਰਾਗ ਆਸਾ, ਮ.4, ਪੰਨਾ-452
140. ਉਹੀ, ਸਲੋਕ ਸੇਖ ਫਰੀਦ ਜੀ, ਪੰਨਾ-1379
141. ਉਹੀ, ਰਾਗ ਆਸਾ, ਮ.4, ਪੰਨਾ-452
142. ਉਹੀ, ਰਾਗ ਤੁਖਾਰੀ,ਮ.1, ਪੰਨਾ-1108
143. ਉਹੀ, ਰਾਗ ਤੁਖਾਰੀ, ਮ.1, ਪੰਨਾ-1108
144. ਉਹੀ, ਫੁਨਹੇ, ਮ.5, ਪੰਨਾ-1361
145. ਉਹੀ, ਸਲੋਕ ਸੇਖ ਫਰੀਦ ਜੀ, ਪੰਨਾ-1377
146. ਉਹੀ, ਰਾਗ ਸਿਰੀਰਾਗੁ, ਮ.1,ਪੰਨਾ-17
147. ਉਹੀ, ਸਿਰੀਰਾਗੁ, ਮ.3, ਪੰਨਾ-31
148. ਉਹੀ, ਸਿਰੀਰਾਗੁ, ਮ.3, ਪੰਨਾ-68
149. ਉਹੀ, ਸਿਰੀਰਾਗੁ, ਮ.5, ਪੰਨਾ-50

150. ਉਹੀ, ਰਾਗ ਬਿਲਾਵਲ, ਮ.5, ਪੰਨਾ-247

151. ਉਹੀ, ਰਾਗ ਸੂਹੀ, ਮ.3, ਪੰਨਾ-785

152. ਉਹੀ, ਰਾਗ ਆਸਾ, ਮ.5, ਪੰਨਾ-377

153. ਜਗਬੀਰ ਸਿੰਘ (ਡਾ.), ਗੁਰਮਤਿ ਕਾਵਿ ਸਿਧਾਂਤ ਤੇ ਵਿਹਾਰ, ਨਾਰੀ ਚੇਤਨਾ ਦਾ ਪ੍ਰਵਚਨ:ਗੁਰੂ ਗ੍ਰੰਥ ਸਾਹਿਬ, ਚੇਤਨਾ ਪ੍ਰਕਾਸ਼ਨ, 2011, ਪੰਨਾ-134

154. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਗਉੜੀ ਗੁਆਰੇਰੀ, ਮ.5, ਪੰਨਾ-185

155. ਉਹੀ, ਰਾਗ ਸੂਹੀ, ਮ.3, ਪੰਨਾ-787

156. ਉਹੀ, ਰਾਗ ਸੂਹੀ, ਮ.3, ਪੰਨਾ-787

157. ਉਹੀ, ਰਾਗ ਆਸਾ, ਮ.1, ਪੰਨਾ-472-473

158. ਉਹੀ, ਰਾਗ ਆਸਾ, ਮ.1, ਪੰਨਾ-472

159. ਉਹੀ, ਰਾਗ ਆਸਾ,ਭਗਤ ਕਬੀਰ ਜੀ, ਪੰਨਾ-484

160. ਹਰਿੰਦਰ ਕੌਰ, ਸ੍ਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਾਰੀ ਦਾ ਸਰੂਪ, ਵਿਸਮਾਦ ਨਾਦ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾ ਨੂੰ ਦੇਣ, ਇੰਟਰਨੈਸ਼ਨਲ ਇਨਸਟੀਚਿਊਟ ਆਫ ਗੁਰਮਤਿ ਸਟੱਡੀਜ਼, 1994, ਪੰਨਾ-345

161. ਬੇਅੰਤ ਕੌਰ(ਡਾ.), ਸਿੱਖ ਧਰਮ-ਸ਼ਾਸ਼ਤਰ ਦਾ ਤੱਤ ਸਾਰ( ਉੱਤਰ-ਆਧੁਨਿਕ ਪਰਿਪੇਖ), ਸ੍ਰੀ ਗੁਰੂ ਗ੍ਰੰਥ ਸਾਹਿਬ: ਨਾਰੀਮੁਖਤਾ ਬਿਰਤਾਂਤ, ਚੇਤਨਾ ਪ੍ਰਕਾਸ਼ਨ, 2010, ਪੰਨਾ-98

162. ਹਰਿੰਦਰ ਕੌਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਾਰੀ ਦਾ ਸਰੂਪ, ਵਿਸਮਾਦ ਨਾਦ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾ ਨੂੰ ਦੇਣ, ਇੰਟਰਨੈਸ਼ਨਲ ਇਨਸਟੀਚਿਊਟ ਆਫ ਗੁਰਮਤਿ ਸਟੱਡੀਜ਼, 1994, ਪੰਨਾ-348

163. http://www.preservearticles.com/2012032428805/short-essay-on-social- justice.html, Internet Resourse, Wikipedia Encyclopedia

164. ਉਹੀ

165. ਉਹੀ

166. ਉਹੀ

167. ਉਹੀ

168. ਉਹੀ

169. ਉਹੀ

170. ਬੇਅੰਤ ਕੌਰ (ਡਾ.), ਸਿੱਖ ਧਰਮ-ਸ਼ਾਸ਼ਤਰ ਦਾ ਤੱਤ ਸਾਰ ( ਉੱਤਰ ਆਧੁਨਿਕ ਪਰਿਪੇਖ),

ਪੰਨਾ-8

171. ਹਰਿਭਜਨ ਸਿੰਘ ਭਾਟੀਆ (ਡਾ.), ਖੋਜ-ਪੱਤ੍ਰਿਕਾ, ਗੁਰਮਤਿ ਕਾਵਿ ਅੰਕ ( ਸਤੰਬਰ 1985), ਪੰਨਾ13-14

172. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਪ੍ਰਭਾਤੀ, ਭਗਤ ਕਬੀਰ ਜੀ, ਪੰਨਾ-1349

173. ਉਹੀ, ਰਾਗ ਭੈਰਉ, ਮ.3, ਪੰਨਾ-1128

174. ਉਹੀ, ਰਾਗ ਕਾਨੜਾ, ਮ.5, ਪੰਨਾ-1299

175. ਉਹੀ, ਰਾਗ ਸਾਰੰਗ, ਮ.1, ਪੰਨਾ-1245

176. ਉਹੀ, ਸਿਰੀਰਾਗੁ,ਮ.1,ਪੰਨਾ-26

177. ਉਹੀ, ਆਸਾ ਮ.1, ਪੰਨਾ-473

178. ਉਹੀ, ਰਾਗ ਸਾਰੰਗ, ਮ.1, ਪੰਨਾ-1245

ਅਧਿਆਇ-ਛੇਵਾਂ

# 6.0 ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਮਾਨਵੀ ਆਦਰਸ਼ਾਂ ਦੀ ਸਾਹਿਤਿਕ ਪੇਸ਼ਕਾਰੀ

## ਅਧਿਆਇ-ਛੇਵਾਂ

# 6.0 ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਮਾਨਵੀ ਆਦਰਸ਼ਾਂ ਦੀ ਸਾਹਿਤਿਕ ਪੇਸ਼ਕਾਰੀ

ਪਿੱਛਲੇ ਅਧਿਆਵਾਂ ਵਿਚ ਕੀਤੇ ਅਧਿਐਨ ਤੋਂ ਅਸੀਂ ਇਸ ਸਿੱਟੇ ਤੇ ਪਹੁੰਚੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਜਿੱਥੇ ਅਧਿਆਤਮਕ ਤੇ ਰਹੱਸਵਾਦੀ ਮੰਡਲਾਂ ਦੀਆਂ ਸਿਖਰਾਂ ਨੂੰ ਛੂੰਹਦਾ ਹੈ ਤੇ ਪ੍ਰਾਣੀਜਗਤ ਦੀਆਂ ਰੂਹਾਨੀ ਲੋੜਾਂ ਦੀ ਪੂਰਤੀ ਕਰਦਾ ਹੈ ਉੱਥੇ ਸਮੁੱਚੀ ਲੋਕਾਈ ਦੀ ਸਮਾਜ-ਸਭਿਆਚਾਰਕ ਅਗਵਾਈ ਕਰਦਾ ਹੋਇਆ ਨਿੱਜੀ ਪਛਾਣ ਨੂੰ ਨਿਸ਼ਚਿਤ ਕਰਨ ਦਾ ਪ੍ਰਯਤਨ ਵੀ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚਲੇ ਆਦਰਸ਼ਾਂ ਦੀ ਸਮੁੱਚੀ ਸੋਚ ਅਤੇ ਚਿੰਤਨ ਮਨੁੱਖ ਦੀ ਭਾਈਚਾਰਕ ਤੇ ਆਦਰਸ਼ਕ ਉਸਾਰੀ ਦਾ ਸੰਵਾਦ ਸਿਰਜਦੀ ਹੈ। ਇਹ ਬਾਣੀ ਸਮਕਾਲੀ ਸਰੋਕਾਰਾਂ ਤੇ ਪ੍ਰਸੰਗਾਂ ਨਾਲ ਜੁੜ ਕੇ ਇਸ ਦੇ ਸਰਬਕਾਲੀ ਚਰਿਤਰ ਦੀ ਸਾਰਥਕਤਾ ਨੂੰ ਸਥਾਪਿਤ ਕਰਦੀ ਹੈ। ਜਿਸ ਤੋਂ ਹਰ ਸਮੇਂ ਦੇ ਸਮਾਜ ਲਈ ਨਵੀਂ ਰੌਸ਼ਨੀ, ਨਵੀਂ ਪ੍ਰੇਰਣਾ ਤੇ ਨਵੀਂ ਸ਼ਕਤੀ ਪ੍ਰਾਪਤ ਹੁੰਦੀ ਹੈ। ਇਸ ਗ੍ਰੰਥ ਦਾ ਆਸ਼ਾ ਤੇ ਵਿਸ਼ਾ ਮਹਾਨ ਆਦਰਸ਼ਾਂ ਦੀ ਸਥਾਪਤੀ ਕਰਦਾ ਸਾਹਿਤ ਵਿਚ ਆਪਣੀ ਵਿਲੱਖਣਤਾ ਨਿਸ਼ਚਿਤ ਕਰਦਾ ਹੈ। ਇਸ ਵਿਲੱਖਣਤਾ ਤੇ ਨਿਵੇਕਲੇਪਨ ਨੂੰ ਕਾਇਮ ਕਰਨ ਵਿਚ ਇਸ ਗ੍ਰੰਥ ਵਿਚ ਵਰਤੀ ਕਲਾਤਮਕਤਾ ਜਾਂ ਰੂਪਗਤ ਤੱਤਾਂ ਦੀ ਪਛਾਣ ਕਰਨਾ ਵੀ ਬੜਾ ਉਚਿਤ ਜਾਪਦਾ ਹੈ ਕਿਉਂਕਿ ਅੱਜ੍ਹ ਵਿਸ਼ਵੀਕਰਨ ਦੇ ਯੁਗ ਵਿਚ ਕਲਾ ਨੇ ਆਪਣੇ ਵਿਭਿੰਨ ਪਾਸਾਰਾਂ ਕਰਕੇ ਬੜੇ ਵਿਸਤ੍ਰਿਤ ਰੂਪ ਵਿਚ ਆਪਣਾ ਸਨਮਾਨਯੋਗ ਸਥਾਨ ਬਣਾ ਲਿਆ ਹੈ। ਅਜੋਕੀ ਤੇਜ-ਤਰਾਰ ਤਕਨੀਕੀ ਜ਼ਿੰਦਗੀ ਦੇ ਰੁਝੇਵਿਆਂ ਵਿਚ ਕਲਾ ਜ਼ਿੰਦਗੀ ਦੀ ਨਿਰਾਸਤਾ ਤੇ ਰੁੱਖੇਪਨ ਨੂੰ ਖ਼ਤਮ ਕਰਨ ਦੇ ਪ੍ਰਭਾਵਸ਼ਾਲੀ ਉਪਰਾਲੇ ਵੱਜੋਂ ਸਥਾਪਿਤ ਹੋਈ ਹੈ। ਕਲਾ ਦੇ ਵਿਭਿੰਨ ਰੂਪਾਂ ਵਿਚੋਂ ਸਾਹਿਤ-ਕਲਾ ਨੇ ਬਹੁਤ ਵਿਕਾਸ ਕੀਤਾ ਹੈ। ਸ਼ਬਦ ਰੂਪੀ ਸੁੰਦਰ ਰਚਨਾ ਨੂੰ ਸਾਹਿਤ ਕਲਾ ਕਹਿੰਦੇ ਹਨ; ਅਰਥਾਤ ਸ਼ਾਬਦਿਕ ਕਲਾ। ਗੁਰੂ ਗ੍ਰੰਥ ਸਾਹਿਬ ਦੀ ਰਚਨਾ ਨੂੰ ਕਲਾ ਨਾਲ ਜੋੜਨ 'ਤੇ ਬੜੀਆਂ ਵਿਚਾਰਾਂ ਹੋਈਆਂ ਹਨ ਜਿਸ ਨੇ ਸਾਨੂੰ ਇਸ ਤੱਥ ਨਾਲ ਜੋੜਿਆ ਹੈ ਕਿ 'ਗੁਰਬਾਣੀ ਦੇ ਰਚਣਹਾਰਿਆਂ ਨੇ ਮੂਲ ਰੂਪ ਵਿਚ ਧਾਰਮਿਕ ਖੇਤਰ ਦੀ ਰਚਨਾ ਕੀਤੀ ਹੈ। ਰਹਸ ਅਨੁਭਵ, ਅਧਿਆਤਮਕ ਚਿੰਤਨ, ਵਿਅਕਤੀਗਤ ਨੈਤਿਕਤਾ ਤੇ ਸਮਾਜਿਕ ਸਦਾਚਾਰ ਧਰਮ ਦੇ ਖੇਤਰ ਦੇ ਅੰਗ ਹਨ। ਆਪਣੇ ਉਦਾਤ ਅਨੁਭਵ ਤੇ ਚਿੰਤਨ ਦਾ ਮਾਧਿਅਮ ਸਾਹਿਤ ਨੂੰ ਬਣਾ ਕੇ ਗੁਰੂ ਸਾਹਿਬਾਨ ਨੇ ਪੰਜਾਬੀ ਸਾਹਿਤ ਦੇ ਵਿਰਸੇ ਨੂੰ ਮਾਲੋਮਾਲ ਕਰ ਦਿੱਤਾ ਹੈ। ਆਪਣੇ ਇਸ ਮਹਾਨ ਵਿਰਸੇ ਨੂੰ ਜਾਣਨਾ ਸਮਝਣਾ ਤੇ ਇਸ ਨਾਲ ਜੁੜਨਾ ਸਾਡਾ ਪਵਿੱਤਰ ਫ਼ਰਜ਼ ਵੀ ਹੈ ਤੇ ਸਾਡੇ ਲਈ ਵਿਸ਼ੇਸ਼ ਗੌਰਵ ਦਾ ਆਧਾਰ ਵੀ ਹੈ। ਗੁਰੂ ਗ੍ਰੰਥ ਸਾਹਿਬ ਮੂਲ ਰੂਪ ਵਿਚ ਪਾਵਨ ਧਰਮ-ਗ੍ਰੰਥ ਹੈ। ਸਾਹਿਤ ਇਥੇ ਧਰਮ ਦੇ ਮਾਧਿਅਮ ਜਾਂ ਵਾਹਨ ਦੀ ਭੂਮਿਕਾ ਨਿਭਾਉਂਦਾ ਹੈ। ਸਾਹਿਤ ਨੂੰ ਧਰਮ ਦਾ ਵਾਹਨ ਬਣਾਉਣ ਦੀ ਪਰੰਪਰਾ ਬਹੁਤ ਪੁਰਾਣੀ ਹੈ। ਸੰਸਾਰ ਦੇ ਬਹੁਤ ਧਰਮ ਗ੍ਰੰਥ ਕਾਵਿ ਰੂਪ ਵਿਚ ਰਚੇ ਹੋਏ ਹਨ ਅਤੇ ਕਾਵਿ ਸਾਹਿਤ ਦਾ ਇਕ ਸਭ ਤੋਂ ਪੁਰਾਣਾ ਤੇ ਮਹੱਤਵਪੂਰਨ ਰੂਪ ਹੈ। ਧਰਮ ਅਤੇ ਸਾਹਿਤ ਮਨੁੱਖੀ ਚੇਤਨਾ ਦੀਆਂ ਦੋ ਮਹੱਤਵਪੂਰਨ ਸਿਰਜਨਾਵਾਂ ਹਨ। ਇਹ ਦੋਵੇਂ ਮਨੁੱਖੀ ਸੰਸਕ੍ਰਿਤੀ ਦੇ ਵਿਭਿੰਨ ਪੜਾਵਾਂ ਉੱਤੇ ਅੰਤਰ-ਸੰਬੰਧਿਤ ਰਹੀਆਂ ਹਨ, ਭਾਵੇਂ ਇਨ੍ਹਾਂ ਦੇ ਸੰਬੰਧ ਦਾ ਰੂਪ ਅਤੇ ਦਰਜਾ ਵੱਖ-ਵੱਖ ਦੌਰਾਂ ਵਿਚ ਵੱਖਰਾ-ਵੱਖਰਾ ਰਿਹਾ ਹੈ।'[1]

ਸੋ ਗੁਰੂ ਗ੍ਰੰਥ ਸਾਹਿਬ ਬੇਸ਼ਕ ਅਜਿਹੀ ਟੈਕਸਟ ਹੈ ਜਿਸ ਨਾਲ ਸ਼ਰਧਾ, ਸੋਚ ਅਤੇ ਭਾਵਨਾ ਜੁੜੀ ਹੈ ਅਤੇ ਇਸ ਦੇ ਸਮਾਨ-ਅੰਤਰ ਇਹ ਯੁੱਗ ਵਿਸ਼ੇਸ਼ ਦੇ ਇਤਿਹਾਸਿਕ ਯਥਾਰਥ ਦਾ ਪ੍ਰਤੀਕ ਹੈ। 'ਇਸ ਵਿਚ ਪ੍ਰਸਤੁਤ ਮਾਨਵੀ ਸਰੋਕਾਰ ਆਪਣੇ ਯੁੱਗ ਦੇ ਮੁਹਾਵਰੇ ਰਾਹੀਂ ਵਿਰਸੇ ਦੇ ਗੌਰਵ ਨੂੰ ਵਰਤਮਾਨ ਦੇ ਸੰਦਰਭ ਵਿਚ ਪੁਨਰ ਪਰਿਭਾਸ਼ਤ ਕਰਨ ਪ੍ਰਤੀ ਕਿਰਿਆਸ਼ੀਲ ਕਰਦੇ ਹੋਏ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਸੁਨੇਹਾ ਦਿੰਦੇ ਹਨ।'[2] ਅਰਥਾਤ ਇਸ ਕਿਰਤ ਦੀ ਦਿਸ਼ਾ ਨਿਰਸੰਦੇਹ ਗਿਆਨ-ਪ੍ਰਾਪਤੀ ਹੈ; ਇਹ ਕਿਰਤ ਸਰਬ-ਕਾਲੀਨ ਸੱਚ ਨੂੰ ਪੇਸ਼ ਕਰਨ ਪ੍ਰਤੀ ਵਧੇਰੇ ਰੁਚਿਤ ਹੈ; ਇਸ ਦਾ ਆਸ਼ਾ ਮਾਨਵਪੱਖੀ ਹੈ ਪਰ ਇਹ ਸਿਰਜਣਾ ਆਪਣੇ ਸਾਹਿਤਿਕ ਮੁੱਲਾਂ ਕਰਕੇ ਵੀ ਵਿਸ਼ੇਸ਼ ਪਛਾਣ ਦੀ ਧਾਰਨੀ ਹੁੰਦੀ ਹੈ। ਸੋ ਖੋਜ-ਕਾਰਜ ਦੇ ਇਸ ਅਧਿਆਇ ਵਿੱਚ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਿਕਤਾ ਨੂੰ ਪਛਾਣਨ ਦਾ ਉਪਰਾਲਾ ਕਰਦੇ ਹਾਂ ਜਿਸ ਨਾਲ ਇਹ ਵਿਚਾਰ-ਵਸਤੂ ਵਧੇਰੇ ਪ੍ਰਭਾਵਸ਼ਾਲੀ ਰੂਪ ਵਿਚ ਗ੍ਰਹਿਣਯੋਗ ਹੁੰਦੀ ਹੈ। ਗੁਰਬਾਣੀ ਦੀ ਸਾਹਿਤਿਕਤਾ ਨੂੰ ਸੰਪਾਦਕੀ ਵਿਧਾਨ, ਭਾਸ਼ਾਈ ਪਾਸਾਰ, ਕਾਵਿ-ਰੂਪਾਂ, ਸ਼ੈਲੀਆਂ, ਰਸ, ਅੰਲਕਾਰ, ਬਿੰਬ, ਵਿਸ਼ੇਸ਼ ਛੰਦ-ਪ੍ਰਬੰਧ ਅਤੇ ਰਾਗ/ਸੰਗੀਤ ਆਦਿ ਦੇ ਕਈ ਨੁਕਤਿਆਂ ਤੋਂ ਮੁਲਾਂਕਣ ਕਰਨ ਦਾ ਯਤਨ ਕੀਤਾ ਗਿਆ ਹੈ।

## ਸੰਪਾਦਕੀ ਵਿਧਾਨ:

ਗੁਰੂ ਗ੍ਰੰਥ ਸਾਹਿਬ ਵਿਚ ਮਾਨਵੀ ਆਦਰਸ਼ਾਂ ਦੀ ਸਫਲ ਪੇਸ਼ਕਾਰੀ ਲਈ ਸੱਭ ਤੋਂ ਵੱਧ ਗੌਰਵਸ਼ਾਲੀ ਪੱਖ ਇਸ ਦੇ ਸੰਪਾਦਕੀ ਵਿਧਾਨ ਦਾ ਅਧਿਐਨ ਹੈ। ਇਸ ਦੀਰਘਾਕਾਰੀ ਗ੍ਰੰਥ ਦੇ ਸ਼ਿਲਪ-ਵਿਧਾਨ ਜਾਂ ਕਲਾਗਤ ਜੁਗਤਾਂ ਦਾ ਅਧਿਐਨ ਕਰਨ ਲਈ ਇਸ ਦੇ ਸੰਪਾਦਕੀ ਵਿਧਾਨ ਨੂੰ ਜਾਣਨਾ ਬਹੁਤ ਜਰੂਰੀ ਹੈ ਕਿਉਂਕਿ ਇਸ ਨੂੰ ਜਾਣੇ ਬਗੈਰ ਇਸ ਦੇ ਰੂਪ ਪ੍ਰਬੰਧ ਨੂੰ ਸਮਝਿਆ ਹੀ ਨਹੀਂ ਜਾ ਸਕਦਾ। ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਗੁਰੂ ਅਰਜਨ ਦੇਵ ਜੀ ਨੇ ਬੜੀ ਸੂਝ ਅਤੇ ਬਾਰੀਕੀ ਨਾਲ ਕੀਤਾ। ਵੱਖ-ਵੱਖ ਸ੍ਰੋਤਾਂ ਤੇ ਸਾਧਨਾਂ ਰਾਹੀਂ ਆਪ ਜੀ ਨੇ ਬਾਣੀ ਇਕਤ੍ਰ ਕੀਤੀ ਅਤੇ ਬਾਰੀਕੀ ਨਾਲ ਉਸ ਦੀ ਪੁਣ-ਛਾਣ ਕੀਤੀ। ਆਪ ਨੇ ਇਕ ਸੁਚੱਜੇ ਤੇ ਸੁਘੜ ਸੰਪਾਦਕ ਦਾ ਸਬੂਤ ਦਿੰਦਿਆਂ ਸਾਰੀ ਬਾਣੀ ਨੂੰ ਇਕ ਯੋਗ ਤੇ ਢੁਕਵੀਂ ਤਰਤੀਬ ਵਿਚ ਪਰੋਇਆ। ਕੇਸਰ ਸਿੰਘ ਛਿੱਬੜ[3] ਅਨੁਸਾਰ ਇਸ ਕੰਮ ਲਈ ਆਪ ਨੇ ਚਾਰ ਲਿਖਾਰੀ ਨਿਯੁਕਤ ਕੀਤੇ, ਜਿਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ—ਸੰਤ ਦਾਸ, ਹਰੀਆ, ਸੁਖਾ ਅਤੇ ਮਨਸਾ ਰਾਮ। ਇਨ੍ਹਾਂ ਬਾਣੀਕਾਰਾਂ ਨੇ 1601 ਈ. ਵਿਚ ਸਾਰੀ ਬਾਣੀ ਦਾ ਇਕ ਥਾ ਉਤਾਰਾ ਕਰ ਲਿਆ। ਗੁਰੂ ਅਰਜਨ ਸਾਹਿਬ ਨੇ ਬੜੀ ਸੂਝ ਨਾਲ ਇਸ ਨੂੰ ਵਾਚਣਾ ਤੇ ਸੋਧਣਾ ਸ਼ੁਰੂ ਕੀਤਾ। ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਵਿਖੇ ਰਾਮਸਰ ਦੇ ਸਥਾਨ ਤੇ ਭਾਈ ਗੁਰਦਾਸ ਜੀ ਤੋਂ 1604 ਵਿਚ ਇਸ ਦੀ ਪਹਿਲੀ ਬੀੜ ਤਿਆਰ ਕਰਵਾਈ। 1604 ਇਸ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤਾ ਗਿਆ। ਬਾਬਾ ਬੁੱਢਾ ਜੀ ਪਹਿਲੇ ਗ੍ਰੰਥੀ ਸਥਾਪਿਤ ਕੀਤੇ ਗਏ। ਆਦਿ ਗ੍ਰੰਥ ਦੇ 30 ਰਾਗਾਂ ਵਿਚ 35 ਮਹਾਂਪੁਰਸ਼ਾਂ ਦੀ ਬਾਣੀ ਦਰਜ ਸੀ। 1706 ਈਸਵੀ ਵਿੱਚ ਗੁਰੂ ਗੋਬਿੰਦ ਸਿੰਘ ਦੀ ਨੇ ਤਲਵੰਡੀ ਸਾਬੋ, ਜਿਲ੍ਹਾ ਬਠਿੰਡਾ ਵਿਖੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਸ਼ਾਮਲ ਕਰ ਕੇ ਗ੍ਰੰਥ ਸਾਹਿਬ ਜੀ ਨੂੰ ਸੰਪੂਰਨਤਾ ਪ੍ਰਦਾਨ ਕੀਤੀ। ਜਿਸ ਨਾਲ ਬਾਣੀਕਾਰਾਂ ਦੀ ਸੰਖਿਆ 36 ਅਤੇ ਰਾਗਾਂ ਦੀ ਗਿਣਤੀ 31 ਹੋ ਗਈ। ਗੁਰੂ ਗ੍ਰੰਥ ਸਾਹਿਬ ਦੀ ਪ੍ਰਮਾਣਿਕ ਬੀੜ ਦੇ 1430 ਪੰਨੇ ਹਨ। ਸਿੱਖ ਦੇ ਮਨ ਵਿਚ ਅਧਿਆਤਮਿਕ ਵਿਕਾਸ ਦੀ ਚਿਣਗ ਪੈਦਾ ਕਰਨੀ ਅਤੇ ਉਸ ਨੂੰ ਸਚਿਆਰੇ ਮਾਰਗ ਦਾ ਧਾਰਨੀ ਬਣਾਉਣਾ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਮੁੱਖ ਵਿਸ਼ਾ ਹੈ। ਇਸ ਧਰਮ ਗ੍ਰੰਥ ਵਿਚ ਬਾਬਾ ਫ਼ਰੀਦ ਜੀ ਤੋਂ ਲੈ ਕੇ ਗੁਰੂ ਤੇਗ ਬਹਾਦਰ

ਸਾਹਿਬ ਜੀ ਤੱਕ ਵੱਖ-ਵੱਖ ਸਮੇਂ ਹੋਏ ਗੁਰੂਆਂ, ਭਗਤਾਂ ਅਤੇ ਹੋਰਨਾਂ ਮਹਾਂਪੁਰਖਾਂ ਦੀ ਬਾਣੀ ਦਰਜ ਹੈ ਜਿਨ੍ਹਾਂ ਦਾ ਸਮਾਂ 12ਵੀਂ ਸਦੀ ਤੋਂ ਲੈ ਕੇ 17ਵੀਂ ਸਦੀ ਤੱਕ ਮੰਨਿਆ ਜਾਂਦਾ ਹੈ। ਇਸ ਬਾਣੀ ਦਾ ਰਚਨਾ ਸਥਾਨ ਸਮੁੱਚਾ ਭਾਰਤ ਹੈ ਅਤੇ ਇਸ ਦਾ ਸੰਚਾਰ ਸਮੁੱਚੀ ਭਾਰਤੀ ਲੋਕਾਈ ਦੇ ਮਾਧਿਅਮ ਰਾਹੀਂ ਸਮੁੱਚੀ ਮਾਨਵਤਾ ਨੂੰ ਹੈ।

ਬਾਣੀਕਾਰਾਂ ਦਾ ਵੇਰਵਾ ਇਸ ਪ੍ਰਕਾਰ ਹੈ-

ਛੇ ਗੁਰੂ ਸਾਹਿਬਾਨ-

ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ।

ਪੰਦਰਾਂ ਭਗਤ ਸਾਹਿਬਾਨ-

ਸਧਨਾ, ਸੂਰਦਾਸ, ਸੈਣ, ਕਬੀਰ, ਜੈਦੇਵ, ਤ੍ਰਿਲੋਚਨ, ਧੰਨਾ, ਨਾਮਦੇਵ, ਪਰਮਾਨੰਦ, ਪੀਪਾ, ਫ਼ਰੀਦ, ਬੇਨੀ, ਭੀਖਨ, ਰਵਿਦਾਸ, ਰਾਮਾਨੰਦ।

ਗਿਆਰਾਂ ਭੱਟ ਸਾਹਿਬਾਨ-

ਕਲਸਹਾਰ, ਜਾਲਪ, ਕੀਰਤ, ਭਿਖਾ, ਸਲ੍ਯ, ਭਲ੍ਯ, ਨਲ੍ਯ, ਬਲ੍ਯ, ਗਯੰਦ, ਮਥੁਰਾ ਅਤੇ ਹਰਬੰਸ।

ਚਾਰ ਗੁਰਸਿੱਖ-

ਮਰਦਾਨਾ, ਬਲਵੰਡ, ਸੱਤਾ ਅਤੇ ਸੁੰਦਰ।

ਇਸ ਗ੍ਰੰਥ ਦੇ ਸੰਕਲਨ ਰਾਹੀਂ ਸਿੱਖ ਧਰਮ ਦੀ ਸਰਬ ਸਾਂਝੀਵਾਲਤਾ ਦੀ ਭਾਵਨਾ ਦੀ ਗੌਰਵਮਈ ਭੂਮਿਕਾ ਨਿਭਾਈ ਗਈ ਅਤੇ ਇਹ ਸਾਹਿਤ ਜਗਤ ਵਿਚ ਸੰਪਾਦਨ-ਕਾਰਜ ਦਾ ਮੀਲ ਪੱਥਰ ਹੈ। ਗੁਰੂ ਸਾਹਿਬਾਨ ਨੇ ਬਾਣੀਕਾਰ ਵਿਸ਼ੇਸ਼ ਨੂੰ ਜਾਣਨ ਲਈ ਗੁਰੂ ਸਾਹਿਬਾਨ ਨਾਲ ਕ੍ਰਮਵਾਰ ਮਹਲਾ-ਸੰਕੇਤ, ਬਾਣੀ ਦੇ ਆਰੰਭ ਵਿਚ ਦਰਜ ਕੀਤਾ ਹੈ। ਸੰਤ-ਭਗਤ ਕਵੀਆਂ, ਗੁਰੂ ਘਰ ਦੇ ਸੰਬੰਧੀ, ਰਾਗੀ ਤੇ ਰਬਾਬੀ ਸਭ ਦੇ ਨਾਮ ਰਚਨਾ ਦੇ ਆਰੰਭ ਵਿਚ ਦਿੱਤੇ ਗਏ ਹਨ। ਗੁਰੂ ਸਾਹਿਬ ਨੇ ਭੱਟਾਂ ਦੇ ਸਵੱਈਆਂ ਨੂੰ ਸਵਈਏ ਮਹਲਾ ਪਹਿਲੇ ਕੇ, ਦੂਜੇ ਕੇ, ਤੀਜੇ ਕੇ ਆਦਿ ਨਾਲ ਸੰਕੇਤ ਕੀਤਾ ਹੈ ਅਤੇ ਭੱਟ ਵਿਸ਼ੇਸ਼ ਦਾ ਨਾਮ ਅੰਤਲੀ ਤੁੱਕ ਵਿਚ ਆਇਆ ਹੈ। ਗੁਰੂ ਸਾਹਿਬਾਨ ਦੇ ਸਵਈਆਂ ਨੂੰ ਸਵਯੇਏ ਸ੍ਰੀ ਮੁਖਵਾਕ ਨਾਲ ਦਰਜ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਬਾਣੀ ਨੂੰ ਮੁੱਖ ਰੂਪ ਵਿਚ ਤਿੰਨ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ:

ਪਹਿਲੇ ਭਾਗ ਵਿਚ ਰਾਗਾਂ ਤੋਂ ਪਹਿਲਾਂ ਦੀਆਂ ਤਿੰਨ ਬਾਣੀਆਂ ਜਪੁ, ਸੋਦਰੁ ਤੇ ਸੋਹਿਲਾ ਬਾਣੀਆਂ ਹਨ। ਆਮ ਤੌਰ ਤੇ ਇਹਨਾਂ ਨੂੰ ਜਪੁਜੀ, ਰਹਿਰਾਸ ਅਤੇ ਕੀਰਤਨ ਸੋਹਿਲਾ ਕਿਹਾ ਜਾਂਦਾ ਹੈ। ਇਹ ਬਾਣੀਆਂ ਨਿਤਨੇਮ ਦਾ ਹਿੱਸਾ ਹਨ।

ਦੂਸਰੇ ਭਾਗ ਵਿਚ ਰਾਗਬੱਧ ਬਾਣੀ ਹੈ। ਬਾਣੀ ਰਾਗਾਂ ਅਨੁਸਾਰ ਹੈ। ਇਸ ਗ੍ਰੰਥ ਵਿਚ ਦਰਜ 31 ਰਾਗਾਂ ਦਾ ਕ੍ਰਮ ਇਸ ਪ੍ਰਕਾਰ ਹੈ- ਸਿਰੀ, ਮਾਝ, ਗਉੜੀ, ਆਸਾ, ਗੁਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸੁ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਨਟ-ਨਰਾਇਨ, ਮਾਲੀ-ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤੁ, ਸਾਰੰਗ, ਮਲਾਰ, ਕਾਨੜਾ, ਕਲਿਆਨ, ਪ੍ਰਭਾਤੀ, ਅਤੇ ਜੈਜਾਵੰਤੀ। ਇਹਨਾਂ ਰਾਗਾਂ ਵਿਚ ਜੋ ਸ਼ਬਦ ਮਿਲਦੇ

ਹਨ ਉਹ ਦੁਪਦੇ, ਤਿਪਦੇ, ਚਉਪਦੇ, ਅਸਟਪਦੀਆਂ, ਲੰਮੀਆਂ ਬਾਣੀਆਂ, ਛੰਦ, ਵਾਰਾਂ ਅਤੇ ਭਗਤਾਂ ਦੀ ਬਾਣੀ ਆਦਿ ਰੂਪ ਵਿਚ ਹਨ। ਇਸ ਦੇ ਨਾਲ ਹੀ ਪ੍ਰਚਲਿਤ ਲੋਕ ਸੰਗੀਤ ਦੀਆਂ ਗਾਇਨ ਸ਼ੈਲੀਆਂ ਦਾ ਵਰਨਣ ਕੀਤਾ ਵੀ ਮਿਲਦਾ ਹੈ ਜਿਵੇਂ ਘੋੜੀਆਂ, ਅਲਾਹੁਣੀਆਂ, ਛੰਦ, ਪਉੜੀ, ਸਦ, ਆਰਤੀ ਆਦਿ। ਰਾਗਾਂ ਤੋਂ ਉਪਰੰਤ ਤੀਜੇ ਭਾਗ ਵਿਚ ਰਾਗ ਮੁਕਤ ਬਾਣੀਆਂ ਇਸ ਤਰ੍ਹਾਂ ਦਰਜ ਕੀਤੀਆਂ ਗਈਆਂ ਹਨ।ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

1. ਸਲੋਕ ਸਹਸਕ੍ਰਿਤੀ ਮਹਲਾ 1
2. ਸਲੋਕ ਸਹਸਕ੍ਰਿਤੀ ਮਹਲਾ 5
3. ਗਾਥਾ ਮਹਲਾ 5
4. ਫੁਨਹ ਮਹਲਾ 5
5. ਚਉਬੋਲੇ ਮਹਲਾ 5
6. ਸਲੋਕ ਭਗਤ ਕਬੀਰ ਜੀਉ ਕੇ
7. ਸਲੋਕ ਸੇਖ ਫਰੀਦ ਕੇ
8. ਸਵਯੇ ਸ੍ਰੀ ਮੁਖ ਵਾਕ
9. ਸਵਈਏ ਭਟਾਂ ਕੇ
10. ਸਲੋਕ ਵਾਰਾਂ ਤੇ ਵਧੀਕ
11. ਸਲੋਕ ਮਹਲਾ 9
12. ਮੁੰਦਾਵਣੀ ਮਹਲਾ 5
13. ਰਾਗਮਾਲਾ

ਗੁਰੂ ਅਰਜਨ ਦੇਵ ਜੀ ਨੇ ਰਾਗਾਂ ਅਧੀਨ ਦਰਜ ਬਾਣੀ ਨੂੰ ਵਿਸ਼ੇਸ਼ ਕ੍ਰਮ ਅਨੁਸਾਰ ਦਰਜ ਕੀਤਾ ਹੈ, ਜਿਵੇਂ ਸ਼ਬਦ, ਅਸ਼ਟਪਦੀਆਂ, ਛੰਤ, ਵਾਰਾਂ ਅਤੇ ਭਗਤ-ਬਾਣੀ। ਸਾਰੀ ਬਾਣੀ ਗੁਰੂ ਕ੍ਰਮ ਅਨੁਸਾਰ ਹੈ। ਅਰਥਾਤ ਗੁਰੂਆਂ ਦੇ ਕ੍ਰਮ ਗੁਰੂ ਨਾਨਕ ਸਾਹਿਬ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੇ ਸ਼ਬਦ, ਅਸ਼ਟਪਦੀਆਂ ਤੇ ਛੰਤ ਦਰਜ ਹਨ। ਗੁਰੂ ਅੰਗਦ ਦੇਵ ਜੀ ਦੇ ਸ਼ਬਦ ਨਾ ਹੋਣ ਕਰਕੇ ਉਨ੍ਹਾਂ ਦੇ ਸਲੋਕਾਂ ਨੂੰ ਕਈਆਂ ਵਾਰਾਂ ਦੀਆਂ ਪਉੜੀਆਂ ਦੇ ਨਾਲ ਦਰਜ ਕੀਤਾ ਗਿਆ ਹੈ। ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਬਦ ਗੁਰੂ ਅਰਜਨ ਦੇਵ ਜੀ ਤੋਂ ਮਗਰੋਂ ਦਰਜ ਕੀਤੇ ਗਏ ਹਨ। ਇਸੇ ਤਰ੍ਹਾਂ ਅਸ਼ਟਪਦੀਆਂ ਅਤੇ ਛੰਤ ਦਰਜ ਹਨ। ਇਸ ਤੋਂ ਬਾਅਦ ਵਾਰਾਂ ਦਰਜ ਹਨ। ਵਾਰਾਂ ਤੋਂ ਬਾਅਦ ਭਗਤ-ਬਾਣੀ ਦਰਜ ਹੈ। ਭਗਤ ਬਾਣੀ 22 ਰਾਗਾਂ ਵਿਚ ਦਰਜ ਹੈ। ਭਗਤ ਬਾਣੀ ਦੀ ਕੁੱਲ ਸੰਖਿਆ 352 ਹੈ ਜਿਨ੍ਹਾਂ ਵਿਚੋਂ 3 ਸ਼ਬਦ ਗੁਰੂ ਅਰਜਨ ਦੇਵ ਜੀ ਦੇ ਹਨ। ਇਸ ਤਰ੍ਹਾਂ ਭਗਤਾਂ ਦੇ 349 ਸ਼ਬਦ ਬਣਦੇ ਹਨ। ਭਗਤਾਂ ਵਿਚੋਂ ਸਭ ਤੋਂ ਪਹਿਲਾ ਭਗਤ ਕਬੀਰ, ਭਗਤ ਨਾਮਦੇਵ ਅਤੇ ਭਗਤ ਰਵਿਦਾਸ ਜੀ ਅਨੁਸਾਰ ਬਾਣੀ ਸੰਪਾਦਿਤ ਹੈ।

ਗੁਰੂ ਸਾਹਿਬ ਨੇ ਹਰ ਸ਼ਬਦ, ਅਸ਼ਟਪਦੀ ਜਾਂ ਪਉੜੀ-ਸਲੋਕ ਦੇ ਅੰਤ ਉਤੇ ਸੰਖਿਆ-ਅੰਕ ਦਿੱਤਾ ਹੈ ਅਤੇ ਨਾਲ ਨਾਲ ਕੁਲ-ਜੋੜ ਅੰਕ ਵੀ ਦਿੱਤਾ ਹੈ। ਰਾਗ ਬੱਧ ਬਾਣੀ ਵਿਚ ਮਹਲਾ ਅੰਕਾਂ ਦੇ ਨਾਲ ਘਰ-ਅੰਕ ਵੀ ਦਿੱਤੇ ਮਿਲਦੇ ਹਨ।

ਇਨ੍ਹਾਂ ਦੀ ਗਿਣਤੀ 17 ਹੈ। ਘਰ ਅਸਲ ਵਿਚ, ਤਾਲ ਦਾ ਸੂਚਕ ਹੈ। ਬਾਣੀ ਦੇ ਸੰਪਾਦਨ ਵੇਲੇ ਹਰ ਨਿੱਕੀ ਵੱਡੀ ਬਾਣੀ ਨੂੰ ਕੋਈ ਨਾ ਕੋਈ ਨਾਂ ਦਿੱਤਾ ਹੈ। ਆਮ ਤੌਰ ਤੇ ਇਹ ਨਾਂ ਛੰਦ ਜਾਂ ਲੋਕ-ਕਾਵਿ ਰੂਪ ਉੱਤੇ ਆਧਾਰਿਤ ਹਨ. ਜਿਵੇਂ ਪਹਰੇ, ਅਲਾਹੁਣੀਆਂ, ਕਰਹਲੇ ਆਦਿ। ਕਈਆਂ ਰਚਨਾਵਾਂ ਦੇ ਕੇਂਦਰੀ ਭਾਵ ਨੂੰ ਨਾਮਕਰਣ ਦਾ ਆਧਾਰ ਬਣਾਇਆ ਗਿਆ ਹੈ, ਜਿਵੇਂ ਸੁਖਮਨੀ, ਸਿਧ ਗੋਸਟਿ, ਅਨੰਦੁ। ਇਸ ਪ੍ਰਕਾਰ ਦੇ ਲਗਭਗ ਪੰਜ ਦਰਜਨ ਸਿਰਲੇਖ ਅਤੇ ਉਪ-ਸਿਰਲੇਖ ਇਸ ਗ੍ਰੰਥ ਵਿਚ ਮਿਲਦੇ ਹਨ।

ਨਿਸਚੇ ਹੀ ਗੁਰੂ ਅਰਜਨ ਸਾਹਿਬ ਨੇ ਡੂੰਘੀ ਸੂਝ ਤੇ ਕਰੜੀ ਮਿਹਨਤ ਨਾਲ 'ਆਦਿ ਗ੍ਰੰਥ' ਨੂੰ ਵਿਉਂਤਿਆ ਹੈ। ਬੜੇ ਵਿਗਿਆਨਕ ਢੰਗ ਨਾਲ ਆਪਨੇ ਬਾਣੀ ਦਾ ਵਰਗੀਕਰਨ ਕੀਤਾ ਅਤੇ ਇਸ ਨੂੰ ਇਕ ਅਜਿਹੇ ਪ੍ਰਬੰਧ ਵਿਚ ਢਾਲਿਆ ਹੈ ਜਿਸ ਨੇ ਸਮੁੱਚੀ ਰਚਨਾ ਨੂੰ ਉੱਚ ਕਲਾਤਮਕ ਉਚਾਈਆਂ ਤੇ ਪਹੁੰਚਾ ਦਿੱਤਾ ਹੈ। ਸਮੁੱਚੇ ਬਾਣੀਕਾਰਾਂ ਦੀ ਬਾਣੀ ਨੂੰ ਇਕਸੂਤਰ ਵਿਚ ਪਰੋਇਆ ਜਿਸ ਨਾਲ ਸਮਸਤ ਰਚਨਾ ਇਕੋ ਥੀਮ ਵੱਲ ਨਿਰੰਤਰ ਵਿਕਾਸ ਕਰਦੀ ਹੈ। ਇਸ ਤਰ੍ਹਾਂ ਵਿਭਿੰਨ ਪ੍ਰਾਂਤਾਂ ਅਤੇ ਪਰਦੇਸਾਂ ਦੇ ਸੂਫ਼ੀ ਸੰਤਾਂ, ਭਗਤਾਂ ਤੇ ਭੱਟਾਂ ਦੀ ਬਾਣੀ ਨੂੰ ਗੁਰਬਾਣੀ ਨਾਲ ਇਕ ਥਾਂ ਜੋੜ ਕੇ ਗੁਰੂ ਅਰਜਨ ਸਾਹਿਬ ਨੇ ਆਪਣੇ ਉਦਾਰ ਅਤੇ ਸਮਨਵੈਵਾਦੀ ਦ੍ਰਿਸ਼ਟੀਕੋਣ ਦਾ ਪਰੀਚੈ ਦਿੱਤਾ।'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਕੀ ਜੁਗਤ ਵਿਧਾਨ ਰਾਹੀਂ ਇਸ ਵਿਚ ਕੰਮ ਕਰ ਰਹੇ ਬੁਨਿਆਦੀ ਨੇਮਾਂ ਦੀ ਸਮਝ ਆ ਜਾਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਬਾਣੀਕਾਰ-ਅੰਕਣ-ਪ੍ਰਬੰਧ, ਬਾਣੀ ਅੰਕਣ-ਪ੍ਰਬੰਧ, ਮੰਗਲ-ਪ੍ਰਬੰਧ, ਰਾਗ-ਪ੍ਰਬੰਧ, ਅੰਕ-ਅੰਕਣ-ਪ੍ਰਬੰਧ, ਸਿਰਲੇਖ ਪ੍ਰਬੰਧ, ਘਰ-ਪ੍ਰਬੰਧ, ਰਹਾਉ-ਪ੍ਰਬੰਧ ਪੰਚਮ ਗੁਰੂ ਨੂੰ ਸੁਚੇਤ ਵਿਉਂਤਕਾਰ ਦੇ ਰੂਪ ਵਿਚ ਦ੍ਰਿਸ਼ਟਮਾਨ ਕਰਵਾਉਂਦੇ ਹਨ। ਦੂਜੇ ਪਾਸੇ ਪਾਰੰਗਤ ਕਲਾਕਾਰ ਦੇ ਰੂਪ ਵਿਚ ਦਰਸਾਉਂਦੇ ਹਨ। ਉਨ੍ਹਾਂ ਦੀ ਸੂਖਮ ਦਿਸ਼ਤਾ ਆਪਣੀ ਚਰਮ ਸੀਮਾ ਉੱਤੇ ਜਾ ਪੁਜਦੀ ਹੈ, ਜਦੋਂ ਉਹ ਨਾ ਕੇਵਲ ਰਾਗ, ਰਾਗਾਂ ਦੀਆਂ ਕਿਸਮਾਂ ਦਾ ਸੰਕੇਤ ਹੀ ਦਿੰਦੇ ਹਨ ਸਗੋਂ ਰਾਗ ਦੀ ਪ੍ਰਧਾਨ ਸੁਰ ਦਾ ਸੰਕੇਤ ਵੀ ਰਾਗ-ਮਤ ਅਨੁਸਾਰ ਦਿੰਦੇ ਹਨ। ਇਸੇ ਤਰ੍ਹਾਂ ਉਹ ਨਾ ਕੇਵਲ ਤਾਲ ਆਦਿ ਦਾ ਸੰਕੇਤ ਹੀ ਦਿੰਦੇ ਹਨ ਸਗੋਂ ਗਾਇਕੀ ਵਿਚ ਸਰਸਤਾ ਭਰਨ ਲਈ ਪੜਤਾਲ ਆਦਿ ਦਾ ਸੰਕੇਤ ਵੀ ਦਿੰਦੇ ਹਨ। ਰਾਗ ਪ੍ਰਬੰਧ ਦਾ ਘਰ-ਪ੍ਰਬੰਧ, ਰਹਾਉ-ਪ੍ਰਬੰਧ ਤੇ ਅੰਕ-ਪ੍ਰਬੰਧ ਨਾਲ ਗਹਿਰਾ ਸੰਬੰਧ ਹੈ। ਬਾਣੀ ਵਿਚਲੇ ਵਿਭਿੰਨ ਕਾਵਿ-ਰੂਪਾਂ, ਕਾਵਿ-ਛੰਦਾਂ ਦੀ ਵਿਵਿਧ ਵਰਤੋਂ ਪੰਚਮ ਗੁਰੂ ਦੀ ਕਾਵਿ-ਸ਼ਾਸਤਰੀ ਦ੍ਰਿਸ਼ਟੀ ਨੂੰ ਸਪਸ਼ਟ ਕਰਦੀ ਹੈ। ਵੱਖੋ-ਵੱਖ ਮਤਾਂ ਮਤਾਂਤਰਾਂ ਨਾਲ ਸੰਬੰਧਿਤ ਵਿਅਕਤੀਆਂ ਨੂੰ ਇਕ ਥਾਂ ਆਸੀਨ ਕਰ ਦੇਣਾ ਇਹ ਨਿਸ਼ਚਿਤ ਕਰਦਾ ਹੈ ਕਿ ਉਨ੍ਹਾਂ ਪਾਸ ਰਾਸ਼ਟਰ ਏਕੀਕਰਨ ਦੀ ਭਾਵਨਾ ਸੀ। ਸਰਬ ਸਾਂਝੀਵਾਲਤਾ ਦੇ ਮੁਦਈ ਪੰਚਮ ਗੁਰੂ ਦੁਆਰਾ ਸਰਬੰਗੀ, ਸਰਬਕਾਲੀ ਨੀਝ ਨਾਲ ਕੀਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਆਪਣੇ ਆਪ ਵਿਚ ਅਸਲੋਂ ਅਦੁੱਤੀ ਹੈ।'[4]

**ਕਾਵਿ-ਰੂਪ:** ਭਾਰਤੀ ਕਾਵਿ-ਸ਼ਾਸਤਰੀ ਪਰੰਪਰਾ ਅਨੁਸਾਰ ਕਾਵਿ ਦਾ ਚਾਰ ਭੇਦਾਂ ਅਨੁਸਾਰ ਵਰਗੀਕਰਨ ਕੀਤਾ ਜਾ ਸਕਦਾ ਹੈ। ਉਹ ਭੇਦ ਹਨ- ਸਰੂਪ, ਸ਼ੈਲੀ, ਬੰਧ ਅਤੇ ਅਰਥ। ਸਰੂਪ ਦੀ ਦ੍ਰਿਸ਼ਟੀ ਤੋਂ ਕਾਵਿ ਦੋ ਪ੍ਰਕਾਰ ਦਾ ਮੰਨਿਆ ਗਿਆ ਹੈ-

ਸਵਯ ਕਾਵਿ : ਜੋ ਕਾਵਿ ਸੁਣਿਆ ਜਾਂ ਪੜ੍ਹਿਆ ਜਾਏ।

ਦ੍ਰਿਸ਼ਯ ਕਾਵਿ: ਜੋ ਕਾਵਿ ਮੰਚ ਤੇ ਪ੍ਰਸਤੁੱਤ ਕੀਤਾ ਜਾਏ।

ਸ਼ੈਲੀ ਦੀ ਦ੍ਰਿਸ਼ਟੀ ਤੋਂ ਕਾਵਿ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ: ਗੱਦ, ਪੱਦ ਅਤੇ ਚੰਪੂ (ਗੱਦ ਅਤੇ ਪੱਦ ਦਾ ਮਿਲਿਆ ਰੂਪ)।

ਬੰਧ ਦੇ ਆਧਾਰ ਤੇ ਕਾਵਿ ਦੋ ਪ੍ਰਕਾਰ ਦਾ ਹੈ: ਪ੍ਰਬੰਧ ਕਾਵਿ ਅਤੇ ਮੁਕਤਕ ਕਾਵਿ। ਪ੍ਰਬੰਧ ਕਾਵਿ ਵਿਚ ਮਹਾਂਕਾਵਿ ਅਤੇ ਖੰਡ ਕਾਵਿ ਆਦਿ ਸ਼ਾਮਿਲ ਹਨ।

ਅਰਥ ਦੀ ਦ੍ਰਿਸ਼ਟੀ ਤੋਂ ਕਾਵਿ ਤਿੰਨ ਕਿਸਮ ਦਾ ਹੈ: ਉੱਤਮ ਕਾਵਿ, ਮਧਿਅਮ ਕਾਵਿ ਅਤੇ ਅਧਮ ਕਾਵਿ। ਉੱਤਮ ਕਾਵਿ ਜਿੱਥੇ ਵਿਅੰਗਾਰਥ ਨਿਹਿਤ ਹੁੰਦਾ ਹੈ ਉੱਥੇ ਮਧਿਅਮ ਅਤੇ ਅਧਮ ਕਾਵਿ ਵਿਚ ਵਾਚਯ ਅਰਥਾਂ ਦੀ ਪ੍ਰਧਾਨਤਾ ਹੁੰਦੀ ਹੈ।

ਗੁਰੂ ਗ੍ਰੰਥ ਸਾਹਿਬ ਦੇ ਸੰਦਰਭ ਵਿਚ ਇਸ ਕਾਵਿ ਨੂੰ ਪੱਦ ਕਿਹਾ ਜਾਏਗਾ ਜੋ ਸਵਯ ਕਾਵਿ ਦਾ ਉੱਤਮ ਨਮੂਨਾ ਹੈ। ਅਰਥ ਦੀ ਦ੍ਰਿਸ਼ਟੀ ਤੋਂ ਇਹ ਕਾਵਿ ਉੱਤਮ ਸ਼੍ਰੇਣੀ ਵਿਚ ਆਉਂਦਾ ਹੈ ਕਿਉਂਜੋ ਇਹ ਕਾਵਿ ਸਦੀਆਂ ਤੋਂ ਮਨੁੱਖ ਦੀ ਹੋਂਦ ਨੂੰ ਹਲੂਣਦਾ ਤੇ ਪ੍ਰੇਰਦਾ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੱਡ-ਆਕਾਰੀ ਲੰਮੀਆਂ ਬਾਣੀਆਂ ਹਨ ਪਰ ਉਨ੍ਹਾਂ ਨੂੰ ਪ੍ਰਬੰਧ-ਕਾਵਿ ਅਧੀਨ ਨਹੀਂ ਰੱਖਿਆ ਜਾ ਸਕਦਾ। ਬੇਸ਼ਕ ਇਨ੍ਹਾਂ ਵਿਚ ਵਿਚਾਰਧਾਰਾ ਇਕ ਲੜੀ ਵਿਚ ਪਰੋ ਕੇ ਵਿਕਾਸ ਕਰਦੀ ਹੈ ਪਰ ਇਨ੍ਹਾਂ ਰਚਨਾਵਾ ਵਿਚ ਬਿਰਤਾਂਤ ਅਤੇ ਪਾਤਰਾਂ ਦੀ ਅਣਹੋਂਦ ਹੈ। ਡਾ. ਰਤਨ ਸਿੰਘ ਜੱਗੀ ਇਨ੍ਹਾਂ ਨੂੰ ਬੰਧਗਤ ਮੁਕਤਕ ਕਾਵਿ ਕਹਿੰਦੇ ਹੋਏ ਸਪਸ਼ਟ ਕਰਦੇ ਹਨ ਕਿ ਇਨ੍ਹਾਂ ਦੇ ਹਰ ਪਉੜੀ ਜਾਂ ਪਦਾਂ ਦਾ ਆਪਣੇ ਪ੍ਰਸੰਗ ਤੋਂ ਬਾਹਰ ਵੀ ਅਰਥ ਵਿਦਮਾਨ ਰਹਿੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਬਹੁਤਾ ਹਿੱਸਾ ਮੁਕਤਕ ਸਰੂਪ ਨਾਲ ਮੇਲ ਖਾਂਦਾ ਹੈ। ਮੁਕਤਕ ਕਾਵਿ ਰਚਨਾ ਦਾ ਉਹ ਸਰੂਪ ਹੈ ਜਿਸ ਦਾ ਰਚਨਾ ਤੋਂ ਪਹਿਲਾ ਅਤੇ ਪਿਛੋਂ ਕਿਸੇ ਹੋਰ ਰਚਨਾ ਨਾਲ ਸੰਬੰਧ ਨਾਂ ਹੋਵੇ। ਬਾਣੀਕਾਰਾਂ ਨੇ ਆਪਣੇ ਭਾਵਾਂ, ਵਿਚਾਰਾਂ, ਅਨੁਭਵਾਂ ਜਾਂ ਪ੍ਰਤਿਕ੍ਰਿਆਵਾਂ ਨੂੰ ਪ੍ਰਗਟ ਕਰਨ ਲਈ ਕਾਵਿ-ਪਰੰਪਰਾ ਨੂੰ ਮੱਦੇਨਜ਼ਰ ਰੱਖਦੇ ਹੋਏ ਅਤੇ ਸਮਾਜ ਦੀ ਬਦਲਦੀ ਨੁਹਾਰ ਮੁਤਾਬਕ ਕਾਵਿ ਰੂਪਾਂ ਨੂੰ ਅਪਣਾਇਆ ਤੇ ਪ੍ਰਗਟਾਇਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਮੁੱਖ ਰੂਪ ਵਿਚ ਦੋ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ-ਬੰਧਯੁਕਤ ਕਾਵਿ-ਰੂਪ ਅਤੇ ਬੰਧ-ਮੁਕਤ ਕਾਵਿ ਰੂਪ। ਉਹ ਕਾਵਿ-ਰੂਪ ਜੋ ਕਿਸੇ ਖਾਸ ਜੁਗਤੀ ਜਾਂ ਵਿਧੀ ਮੁਤਾਬਕ ਵਿਸ਼ੇਸ਼ ਯੋਜਨਾ ਦੇ ਅੰਤਰਗਤ ਵਿਕਸਿਤ ਹੋਏ ਹਨ ਅਰਥਾਤ ਜਿਨ੍ਹਾਂ ਦੀ ਸਿਰਜਨ ਪ੍ਰਕਿਰਿਆ ਵਿਚ ਭਾਵਾਂ ਜਾਂ ਵਿਚਾਰਾਂ ਨੂੰ ਇਕ ਨਿਸ਼ਚਿਤ ਕ੍ਰਮ ਅਤੇ ਸੀਮਾ ਸਹਿਤ ਪੇਸ਼ ਕੀਤਾ ਗਿਆ ਹੈ; ਉਨ੍ਹਾਂ ਨੂੰ ਬੰਧਯੁਕਤ ਕਾਵਿ-ਰੂਪਾਂ ਦੀ ਸ਼੍ਰੇਣੀ ਵਿਚ ਰੱਖਿਆ ਗਿਆ ਹੈ। ਪਰ ਇਹ ਰਚਨਾਵਾਂ ਪਰੰਪਰਾਗਤ ਜਾਂ ਪੁਰਾਤਨ ਕਾਵਿ-ਰੂਪਾਂ ਦੇ ਵਿਧੀ-ਵਿਧਾਨ ਤੋਂ ਵੱਖਰਾ ਤੇ ਨਿਵੇਕਲਾ ਰੂਪ ਧਾਰਨ ਧਾਰਨ ਕਰਦੀਆਂ ਹਨ। ਗੁਰਬਾਣੀ ਦੀ ਪਹੁੰਚ ਜਨ-ਸਾਧਾਰਨ ਤੱਕ ਹੈ ਇਸ ਲਈ ਇਹ ਆਪਣਾ ਕਾਵਿ ਸ਼ਾਸਤਰ ਆਪ ਸਿਰਜਦੀ ਹੈ ਅਤੇ ਪਰੰਪਰਾਗਤ ਕਾਵਿ-ਵਿਧਾਨ ਨੂੰ ਆਪਣੀਆਂ ਲੋੜਾਂ ਅਨੁਸਾਰ ਢਾਲਦੀ ਹੈ। ਇਸ ਸ਼੍ਰੇਣੀ ਵਿਚ ਜਪੁਜੀ, ਸਿਧ ਗੋਸਟਿ, ਸੁਖਮਨੀ, ਅਨੰਦ, ਓਅੰਕਾਰ, ਪਟੀ, ਬਾਵਨ ਅਖਰੀ, ਥਿਤੀ, ਬਾਰਹਮਾਹ, ਵਾਰਾਂ ਆਦਿ ਸ਼ਾਮਿਲ ਕੀਤੀਆਂ ਜਾ ਸਕਦੀਆਂ ਹਨ। ਬੰਧਮੁਕਤ ਕਾਵਿ ਵਰਗ ਵਿਚ ਮੁਕਤਕ ਰਚਨਾਵਾਂ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਹੁਤੀ ਬਾਣੀ ਮੁਕਤਕ ਕਾਵਿ ਦੇ ਘੇਰੇ ਵਿਚ ਹੀ ਆਉਂਦੀ ਹੈ। ਇਸ ਵਰਗ ਵਿਚ ਦੁਪਦੇ, ਚਉਪਦੇ, ਅਸ਼ਟਪਦੀਆਂ, ਸੋਲਹੇ, ਸਲੋਕ, ਛੰਤ, ਪਾਉੜੀਆਂ ਆਦਿ ਨੂੰ ਰੱਖਿਆ ਜਾ ਸਕਦਾ ਹੈ। ਪਰ ਇਨ੍ਹਾਂ ਰਚਨਾਵਾਂ ਵਿਚ ਤੁਕਾਂ

ਦੀ ਗਿਣਤੀ ਤੇ ਆਕਾਰ ਇਕ ਸਮਾਨ ਨਹੀਂ ਹੈ। ਬਾਣੀਕਾਰਾਂ ਨੇ ਵਿਸ਼ੇ ਅਭਿਵਿਅਕਤੀ ਦੀ ਪ੍ਰਸਤੁਤੀ ਨੂੰ ਅਹਿਮੀਅਤ ਦਿੱਤੀ ਹੈ। ਉਨਾਂ ਨੇ ਕਾਵਿ-ਸ਼ਾਸਤਰੀ ਨਿਯਮਾਂ ਨੂੰ ਪ੍ਰਵਾਨ ਨਹੀਂ ਕੀਤਾ ਅਤੇ ਸੁਤੰਤਰ ਰੂਪ ਵਿਚ ਕਾਵਿ-ਰੂਪਾਂ ਨੂੰ ਅਪਣਾਇਆ ਹੈ। 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਪਾਦਿਤ ਬਾਣੀ ਰਚਨਾਵਾਂ ਰਚਨਾ ਰੂਪ ਦੀ ਦ੍ਰਿਸ਼ਟੀ ਤੋਂ ਭਾਵੇਂ ਭਿੰਨ-ਭਿੰਨ ਹਨ, ਪਰ ਬਾਣੀ ਵਿਧਾਨ ਦੀ ਸੰਚਾਰਮੁਖੀ ਪ੍ਰਸਤੁਤੀ ਅਤੇ ਪ੍ਰਯੋਜਨ ਕਰਕੇ ਇਨ੍ਹਾਂ ਵਿਚ ਗਹਿਰੀ ਨਿਕਟਤਾ ਹੈ। ਇੱਥੇ ਇਹ ਵੀ ਸਪਸ਼ਟ ਕਰਨਾ ਉਚਿਤ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਦਾ ਸੰਕਲਨ ਇਸ ਦਾ ਮੂਲ ਲਕਸ਼ ਨਹੀਂ ਹੈ। ਬਾਣੀ ਦਾ ਸਿੱਖ ਧਰਮ ਦੀ ਵਿਵਹਾਰਿਕ ਮਰਿਆਦਾ ਨਾਲ ਸਦੀਆਂ ਤੋਂ ਅਨਿੱਖੜਵਾ ਸੰਬੰਧ ਨਿਰੰਤਰ ਚੱਲਿਆ ਆ ਰਿਹਾ ਹੈ। ਬਾਣੀ ਅਧਿਐਨ ਕਰਨ ਸਮੇਂ ਇਸ ਦ੍ਰਿਸ਼ਟੀ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਅਧਿਐਨ ਦੀ ਸੋਖ ਲਈ ਬਾਣੀ ਰੂਪਾਂ ਨੂੰ ਤਿੰਨ ਭਾਗਾਂ ਵਿਚ ਵਿਭਾਜਿਤ ਕੀਤਾ ਜਾ ਸਕਦਾ ਹੈ, ਪ੍ਰਥਮ ਰੂਪ ਵਿਚ ਸਨਾਤਨੀ ਬਾਣੀ ਰੂਪ ਹਨ, ਦੂਸਰੇ ਲੋਕ ਬਾਣੀ ਰੂਪ ਅਤੇ ਤੀਸਰੇ ਵਿਸ਼ਿਸ਼ਟ ਤੇ ਮੌਲਿਕ ਬਾਣੀ ਰੂਪ ਹਨ।'[5] ਸਨਾਤਨੀ ਕਾਵਿ-ਰੂਪ ਕਾਵਿ ਸ਼ਾਸਤਰੀ ਨਿਯਮਾਂ ਤੇ ਆਧਾਰਿਤ ਕਾਵਿ-ਰੂਪ ਹਨ।ਇਹ ਕਾਵਿ-ਰੂਪ ਵਿਸ਼ੇਸ਼ ਅਨੁਸ਼ਾਸਨਬਧਤਾ ਦੇ ਧਾਰਨੀ ਹਨ। ਇਸ ਸ਼੍ਰੇਣੀ ਵਿਚ ਪਦੇ, ਅਸ਼ਟਪਦੀਆਂ, ਸਲੋਕ, ਪਉੜੀ ਆਦਿ ਸ਼ਾਮਿਲ ਹਨ। ਲੋਕ-ਕਾਵਿ ਰੂਪ ਲੋਕ-ਮਾਨਸ ਦੀ ਅਭਿਵਿਅਕਤੀ ਤੇ ਲੋਕ ਪ੍ਰਵਾਨਗੀ ਦਾ ਹਿੱਸਾ ਹਨ। ਗੁਰਬਾਣੀ ਵਿਚ ਲੋਕ-ਬਾਣੀ ਰੂਪ ਕੇਵਲ ਲੋਕ-ਕਾਵਿ ਰੂਪ ਨਹੀਂ ਬਲਕਿ ਲੋਕ-ਗੀਤ ਰੂਪ ਵੀ ਹਨ। ਉਦਾਹਰਨ ਵਜੋਂ ਵਾਰ, ਅਲਾਹੁਣੀਆਂ, ਛੰਤ, ਘੋੜੀਆਂ ਆਦਿ ਇਸ ਦਾ ਹਿੱਸਾ ਹਨ। ਡਾ. ਮਹਿੰਦਰ ਕੌਰ ਗਿਲ[6] ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਹੋਏ ਰਚਨਾ ਰੂਪਾਂ ਨੂੰ ਵਸਤੂ ਦ੍ਰਿਸ਼ਟੀ ਤੋਂ ਪੰਜ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ:

(ੳ) ਅਨੁਸ਼ਠਾਨਿਕ ਰਚਨਾ ਰੂਪ---ਸੋਹਿਲਾ, ਘੋੜੀਆਂ, ਲਾਵਾਂ, ਅਲਾਹੁਣੀਆਂ, ਅਜੁੰਲੀਆਂ, ਸਦੁ, ਮੁੰਦਾਵਣੀ।

(ਅ) ਤਿਥੀਵਾਰ ਰਚਨਾ-ਰੂਪ-----ਪਹਿਰੇ, ਦਿਨ ਰੈਣਿ, ਵਾਰ ਸਤ, ਥਿਤੀ, ਰੁਤੀ, ਬਾਰਾਮਾਹ।

(ੲ) ਸਤੁਤੀਆਤਮਿਕ ਰਚਨਾ-ਰੂਪ—--ਸੋਦਰੁ, ਸੋ ਪੁਰਖੁ, ਆਰਤੀ।

(ਸ) ਉਦਯੇਗਾਤਮਿਕ ਜਾਂ ਯਾਤਰਾ ਰਚਨਾ---ਰੂਪ-ਕਰਹਲੇ, ਵਣਜਾਰਾ।

(ਹ) ਲੋਕ ਮੁਹਾਵਰਾ ਬੋਧਕ ਰਚਨਾ-ਰੂਪ ---ਬਿਰਹੜੇ, ਕੁਚੱਜੀ, ਸੁਚੱਜੀ, ਗੁਣਵੰਤੀ।

ਇਸ ਤੋਂ ਇਲਾਵਾ ਗੁਰੂ ਸਾਹਿਬਾਨ ਦੁਆਰਾ ਰਚੇ ਵਿਲੱਖਣ ਬਾਣੀ ਰੂਪ ਵੀ ਹਨ ਜਿਨਾਂ ਦਾ ਮੁਖ ਪ੍ਰਯੋਜਨ ਦਾਰਸ਼ਨਿਕ ਤੇ ਅਧਿਆਤਮਕ ਚੇਤਨਾ ਪ੍ਰਦਾਨ ਕਰਨਾ ਹੈ। ਇਹ ਬਾਣੀ ਰੂਪ ਰਾਗ, ਘਰ, ਅੰਕ, ਰਹਾਉ ਆਦਿ ਸੰਕੇਤਾਂ ਅਤੇ ਸਿਰਲੇਖਾਂ ਵਿਚ ਪੇਸ਼ ਗੁਰਬਾਣੀ ਕਾਵਿ-ਵਿਧਾਨ ਦੇ ਅਨੁਸਾਰੀ ਹਨ। ਇਨ੍ਹਾਂ ਵਿਚ ਜਪੁਜੀ, ਸੁਖਮਨੀ, ਅਨੰਦੁ, ਦਖਣੀ ਓਅੰਕਾਰ, ਸਿਧ ਗੋਸ਼ਟਿ, ਬਾਵਨ ਅਖਰੀ, ਪਟੀ, ਸੋਦਰ, ਸੋਹਿਲਾ ਆਦਿ ਪ੍ਰਮੁੱਖ ਹਨ।

ਬਾਣੀ ਰੂਪਾਂ ਦੇ ਵਿਸ਼ਲੇਸ਼ਣ ਤੋਂ ਇਹ ਗੱਲ ਸਹਿਜੇ ਉਭਰ ਕੇ ਸਾਮ੍ਹਣੇ ਆਉਂਦੀ ਹੈ ਕਿ ਬਾਣੀ ਦਾ ਸੰਦੇਸ਼, ਸੰਚਾਰ, ਪ੍ਰਸਤੁਤੀ ਅਤੇ ਪ੍ਰਵਾਨਗੀ ਬਾਣੀ ਰੂਪਾਂ ਦੀ ਨਿਵੇਕਲੀ ਤੇ ਨਿਖੜਵੀ ਨੁਹਾਰ ਵਿਚੋਂ ਉਤਪੰਨ ਹੁੰਦੀ ਹੈ। ਬਾਣੀਕਾਰਾਂ ਨੇ ਵਿਭਿੰਨ ਕਾਵਿ ਰੂਪਾਂ ਨੂੰ ਸੰਗੀਤਕ ਗਾਇਨ ਰੂਪਾਂ ਅਨੁਸਾਰ ਅਜਮਾਇਆ ਅਤੇ ਉਹ ਪਰੰਪਰਿਕ ਕਾਵਿ-ਸ਼ਾਸਤਰੀ ਨਿਯਮਾਂ ਨੂੰ ਪ੍ਰਵਾਨ ਕਰ ਕੇ ਨਹੀਂ ਚੱਲੇ, ਸਗੋਂ ਉਨ੍ਹਾਂ ਨੇ ਲੋਕ-ਚੇਤਨਾ ਮੁਤਾਬਕ ਕਾਵਿ-ਰੂਪਾਂ ਨੂੰ ਸਫਲਤਾ ਸਹਿਤ ਪ੍ਰਗਟਾਇਆ ਹੈ।

## ਭਾਸ਼ਾਈ ਵਿਧੀਆਂ:

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਭਾਸ਼ਾਈ ਸਰੂਪ ਭਾਸ਼ਾਈ ਵਿਵਿਧਤਾ ਦਾ ਮਹਾਨ ਕੋਸ਼ ਹੈ ਜਿਸਦੇ ਅਧਿਐਨ ਦੀ ਪਰੰਪਰਾ ਟੀਕਾਕਾਰੀ, ਸ਼ੁਧ ਉਚਾਰਨ, ਕੋਸ਼ਕਾਰੀ ਤੋਂ ਵਿਕਸਿਤ ਹੁੰਦੀ ਹੋਈ ਵਿਆਕਰਨਿਕ ਵਿਸ਼ਲੇਸ਼ਣ ਤੱਕ ਅਪੜੀ ਹੈ ਪਰ ਇਹ ਆਰੰਭਿਕ ਕਿਸਮ ਦੇ ਸੰਕੇਤ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਭਾਸ਼ਾਈ ਅਧਿਐਨ ਵਿਸ਼ਾ ਵਿਭਿੰਨ ਪਾਸਾਰਾਂ ਨਾਲ ਬੱਝਿਆ ਹੋਇਆ ਹੈ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਸੇ ਇਕ ਪੁਰਖ, ਇਕ ਖੇਤਰ ਜਾਂ ਕਿਸੇ ਇਕੋ ਕਾਲ ਦੀ ਭਾਸ਼ਾ ਦਾ ਅਧਿਐਨ ਨਹੀਂ। ਇਸ ਦਾ ਵਿਸਥਾਰ 12 ਵੀਂ ਤੋਂ 17 ਵੀਂ ਸਦੀ ਤੱਕ ਦਾ ਹੈ। ਬਾਬਾ ਫ਼ਰੀਦ ਦੇ ਜਨਮ 1173 ਤੋਂ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ 1675 ਤੱਕ ਦਾ ਸਮਾਂ ਇਸ ਬਾਣੀ ਵਿਚ ਸਾਂਭਿਆ ਪਿਆ ਹੈ। ਭਾਰਤ ਦੇ ਉੱਤਰ-ਪੱਛਮ ਤੋਂ ਲੈ ਕੇ ਦੱਖਣ ਵਿਚ ਮਹਾਰਾਸ਼ਟਰ ਤੀਕ ਅਤੇ ਪੱਛਮ ਵਿਚ ਸਿੰਧ ਤੋਂ ਲੈ ਕੇ ਪੂਰਬ ਵਿਚ ਬੰਗਾਲ ਤੀਕ ਇਸ ਦਾ ਖੇਤਰ ਹੈ। ਸੋ ਭਾਸ਼ਾ ਵਿਵਿਧਤਾ ਅਤੇ ਭਾਸ਼ਾ ਵੰਨ-ਸੁਵੰਨਤਾ ਇਸਦੀ ਪ੍ਰਮੁੱਖ ਵਿਸ਼ੇਸ਼ਤਾ ਹੈ। ਜਿਸਦਾ ਹੋਰ ਵਿਸਤ੍ਰਿਤ ਅਧਿਐਨ ਕਰਨ ਨਾਲ ਸਾਰਥਕ ਅੰਤਰ-ਦ੍ਰਿਸ਼ਟੀ ਦੀਆਂ ਸੰਭਾਵਨਾਵਾਂ ਦੀ ਆਸ ਬੱਝਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰਬਾਣੀ ਦੀ ਭਾਸ਼ਾ ਬਾਰੇ ਕਾਨ੍ਹ ਸਿੰਘ ਨਾਭਾ (ਮਹਾਨ ਕੋਸ਼), ਭਾਈ ਵੀਰ ਸਿੰਘ (ਸ੍ਰੀ ਗੁਰੂ ਗ੍ਰੰਥ ਕੋਸ਼), ਪ੍ਰੋ. ਸਾਹਿਬ ਸਿੰਘ, ਡਾ. ਹਰਕੀਰਤ ਸਿੰਘ, ਡਾ. ਪ੍ਰੇਮ ਪ੍ਰਕਾਸ਼, ਰੂਸੀ ਸਾਹਿਤਕਾਰ ਡਾ.ਸਮਿਰਨੋਂਵ ਅਤੇ ਡਾ. ਕਿਸ੍ਰਟੋਫ਼ਰ ਸ਼ੈਕਲ ਆਦਿ ਨਾਂ ਬੜੇ ਉਲੇਖਨੀਯ ਅਤੇ ਉਚੇਚਨੀਯ ਹਨ ਜਿਨ੍ਹਾਂ ਨੇ ਗੁਰਬਾਣੀ ਦੀ ਭਾਸ਼ਾ ਅਤੇ ਵਿਆਕਰਨ ਦੇ ਖੇਤਰ ਵਿਚ ਨਿੱਗਰ ਯੋਗਦਾਨ ਪਾਇਆ ਅਤੇ ਉੱਘੇ ਨਤੀਜੇ ਦਿੱਤੇ ਹਨ। ਡਾ. ਪਰਮਜੀਤ ਸਿੰਘ ਸਿੱਧੂ, ਡਾ. ਮਨਮੋਹਨ ਸਹਿਗਲ, ਡਾ, ਵਿਦਿਆ ਭਾਸਕਰ ਅਰੁਣ, ਪ੍ਰੋ. ਸੰਤ ਸਿੰਘ ਸੇਖੋਂ, ਪ੍ਰੋ. ਦੁਨੀ ਚੰਦ, ਪ੍ਰੋ. ਪਿਆਰਾ ਸਿੰਘ ਪਦਮ, ਡਾ. ਬੂਟਾ ਸਿੰਘ ਬਰਾੜ, ਡਾ. ਵੇਦ ਅਗਨੀਹੋਤਰੀ , ਡਾ. ਨਵਰਤਨ ਕਪੂਰ ਆਦਿ ਵਿਦਵਾਨਾਂ ਨੇ ਗੁਰਬਾਣੀ ਦੀ ਭਾਸ਼ਾ ਬਾਰੇ ਵਿਸ਼ਲੇਸ਼ਣ ਕਰਦੇ ਹੋਏ ਆਪਣਾ ਦ੍ਰਿਸ਼ਟੀਕੋਣ ਜ਼ਾਹਰ ਕੀਤਾ ਹੈ। ਇਨ੍ਹਾਂ ਸਾਰੇ ਵਿਸ਼ੇਸ਼ਗਾਂ ਨੇ ਗੁਰਬਾਣੀ ਦੀ ਭਾਸ਼ਾ ਨੂੰ ਮਿਸ਼ਰਿਤ ਭਾਸ਼ਾਈ ਰੂਪ ਦੀ ਦਿੱਖ ਵਾਲੀ ਭਾਸ਼ਾ ਕਿਹਾ ਹੈ। ਇਸ ਭਾਸ਼ਾਈ ਸੁਮੇਲ ਨੂੰ ਸਾਧ ਭਾਸ਼ਾ, ਸਾਧੂ ਭਾਸ਼ਾ, ਸੰਤ ਭਾਸ਼ਾ ਜਾਂ ਸਧੂਕੜੀ ਭਾਸ਼ਾ ਆਦਿ ਨਾਵਾਂ ਨਾਲ ਚਿਤਵਿਆ ਗਿਆ ਹੈ ਜਿਸਨੇ ਭਾਸ਼ਾਈ ਅਨੇਕਤਾ ਜਾਂ ਵਨ-ਸੁਵੰਨਤਾ ਨੂੰ ਆਪਣੇ ਅੰਦਰ ਸਮੋਇਆ ਹੋਇਆ ਹੈ। ਡਾ. ਹਰਕੀਰਤ ਸਿੰਘ ਨੇ ਆਪਣੇ ਖੋਜ-ਪੱਤਰ 'ਗੁਰੂ ਗ੍ਰੰਥ ਸਾਹਿਬ ਦਾ ਭਾਸ਼ਾਈ ਅਧਿਐਨ' ਵਿਚ ਟ੍ਰੰਪ ਦਾ ਹਵਾਲਾ ਦੇ ਕੇ ਭਾਸ਼ਾ ਦੀ ਇਸ ਵਿਸ਼ੇਸ਼ਤਾ ਨੂੰ ਉਘਾੜਿਆ ਹੈ:

" …..it is real treasury of old Hindvi dialects specimens of which have been preserve there in which are not to be found any where else. The Granth contains sufficient materials which will enables us to investigate those old and now obsolute bialects….." [7]

ਅਰਥਾਤ ਗੁਰੂ ਗ੍ਰੰਥ ਸਾਹਿਬ ਪੁਰਾਣੀਆਂ ਹਿੰਦਵੀ ਬੋਲੀਆਂ ਦਾ ਸਹੀ ਅਰਥਾਂ ਵਿਚ ਖਜਾਨਾ ਹੈ। ਇਨ੍ਹਾਂ ਬੋਲੀਆ ਦੇ ਨਮੂਨੇ ਜੋ ਇੱਥੇ ਸੰਭਾਲੇ ਹੋਏ ਹਨ ਹੋਰ ਕਿੱਥੇ ਨਹੀਂ ਮਿਲਦੇ। ਗ੍ਰੰਥ ਵਿਚ ਅਜਿਹੀ ਚੌਖੀ ਸਮਗਰੀ ਮਿਲਦੀ ਹੈ ਜਿਸ ਦੇ ਆਧਾਰ ਤੇ ਅਸੀਂ ਉਨਾਂ ਪੁਰਾਣੀਆਂ ਬੋਲੀਆਂ ਦੀ ਪੜਚੋਲ ਕਰ ਸਕਦੇ ਹਾਂ, ਜੋ ਹੁਣ ਮਰ ਚੁੱਕੀਆਂ ਹਨ। ਇਸ ਤੁੱਕ ਦਾ ਸੰਕੇਤ

ਇਹ ਹੈ ਕਿ ਹਿੰਦਵੀ ਬੋਲੀਆਂ ਦੇ ਇੰਨੇ ਨਮੂਨੇ ਕਿਸੇ ਇਕ ਗ੍ਰੰਥ ਵਿਚ ਨਹੀਂ ਮਿਲਦੇ ਅਤੇ ਉਹ ਪੁਰਾਣੀਆਂ ਭਾਸ਼ਾਵਾਂ ਦੇ ਹੁਣ ਰੂਪ ਬਦਲ ਚੁੱਕੇ ਹਨ।

ਗੁਰਬਾਣੀ ਵਿਚ ਸਭ ਤੋਂ ਵੱਡਾ ਭਾਗ ਸਾਧ ਭਾਸ਼ਾ ਦਾ ਹੈ। ਇਹ ਭਾਸ਼ਾ ਅੱਜ ਵੀ ਰਮਤੇ ਸਾਧੂਆਂ, ਸੰਤਾਂ ਦੀ ਬੋਲੀ ਹੈ। ਉੱਤਰੀ ਭਾਰਤ ਵਿਚ ਸਾਧੂਆਂ ਦੇ ਡੇਰਿਆਂ ਤੇ ਇਹ ਬੋਲੀ ਅੱਜ ਵੀ ਪ੍ਰਚਲਿਤ ਹੈ। ਇਸ ਗ੍ਰੰਥ ਵਿਚ ਪੰਜਾਬੀ, ਲਹਿੰਦੀ, ਬ੍ਰਜ ਭਾਸ਼ਾ ਦੇ ਬਹੁ-ਰੂਪਾਂ ਨੂੰ ਦੇਖਿਆ ਜਾ ਸਕਦਾ ਹੈ। ਪ੍ਰਾਕ੍ਰਿਤ ਪ੍ਰਭਾਵਿਤ ਭਾਸ਼ਾ ਦੇ ਨਮੂਨੇ ਵੀ ਹਨ। ਸੰਸਕ੍ਰਿਤ, ਫਾਰਸੀ ਆਦਿ ਦੇ ਸ਼ਬਦਾਂ ਨੂੰ ਤਤਸਮ ਤੇ ਤੱਦਭਵ ਦੋਹਾਂ ਰੂਪਾਂ ਵਿਚ ਪ੍ਰਗਟਾਇਆ ਗਿਆ ਹੈ। 'ਪਰ ਮੂਲ ਰੂਪ ਵਿਚ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਬੋਲ-ਭਾਸ਼ਾ ਰੂਪਾਂ ਵਾਲੀ ਹੈ। ਗਹੁ ਨਾਲ ਵੇਖਿਆ ਜਾਵੇ ਤਾਂ ਇਨ੍ਹਾਂ ਵਿਭਿੰਨ ਲੋਕ-ਭਾਸ਼ਾ-ਰੂਪਾਂ (ਖੇਤਰੀ ਬੋਲੀਆਂ) ਵਿਚ ਸਥਾਨਿਕ ਵਖਰੇਵਿਆਂ ਦੇ ਬਾਵਜੂਦ ਇਕਸੁਰਤਾ ਹੈ। ਪ੍ਰਤੀਤ ਹੁੰਦਾ ਹੈ ਕਿ ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਵਿਭਿੰਨ ਧਰਮਾਂ, ਜਾਤਾਂ, ਇਲਾਕਿਆਂ, ਇੱਥੋਂ ਤੱਕ ਕਿ ਵਿਭਿੰਨ ਵਿਚਾਰਧਾਰਾਵਾਂ ਨਾਲ ਸੰਬੰਧਿਤ ਬਾਣੀਕਾਰਾਂ ਦੀ ਰਚਨਾਵਾਂ ਵਿਚ ਵਿਚਾਰਧਾਰਾਈ ਇਕਸੁਰਤਾ ਹੈ, ਬਿਲਕੁਲ ਉਸੇ ਤਰ੍ਹਾਂ , ਇਨ੍ਹਾਂ ਰਚਨਾਵਾਂ ਵਿਚ ਪ੍ਰਤੀਤ ਹੁੰਦੀ ਬਹੁਭਾਸ਼ਕਤਾ ਦੇ ਬਾਵਜੂਦ ਵਿਲੱਖਣ ਭਾਸ਼ਾਈ ਇਕਸਾਰਤਾ ਹੈ।'[8] ਗੁਰਬਾਣੀ ਦਾ ਮੂਲ ਲਕਸ਼ ਲੋਕ ਚੇਤਨਾ ਨੂੰ ਉਭਾਰਨਾ, ਹਲੂਣਨਾ ਅਤੇ ਪ੍ਰੇਰਿਤ ਕਰਨਾ ਸੀ ਤੇ ਉਹ ਉਨ੍ਹਾਂ ਦੀ ਭਾਸ਼ਾ ਵਿਚ ਹੀ ਹੋ ਸਕਦਾ ਸੀ। ਤਤਕਾਲੀਨ ਸਮੇਂ ਸੰਸਕ੍ਰਿਤ ਹੀ ਧਰਮ-ਭਾਸ਼ਾ ਵਜੋਂ ਪ੍ਰਵਾਨਿਤ ਸੀ ਤੇ ਨਿਮਨ ਵਰਗ ਨੂੰ ਇਸ ਦਾ ਪਾਠ ਕਰਨ ਦਾ ਕੋਈ ਅਧਿਕਾਰ ਨਹੀਂ ਸੀ। ਬਾਣੀਕਾਰਾਂ ਨੇ ਸਮੇਂ ਦੀ ਇਸ ਚੁਣੌਤੀ ਨੂੰ ਸਵੀਕਾਰਦਿਆਂ ਲੋਕ-ਭਾਸ਼ਾ ਵਿਚ ਆਪਣਾ ਉਪਦੇਸ਼ ਦੇ ਕੇ ਸਾਰੇ ਲੋਕਾਂ ਵਿਚ ਏਕਤਾ ਤੇ ਭਾਈਚਾਰਾ ਸਥਾਪਿਤ ਕਰਨ ਦਾ ਯਤਨ ਕੀਤਾ। 'ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਭਾਸ਼ਾਈ ਸਰੂਪ ਉੱਚ-ਪੱਧਰੀ ਸਿਰਜਨਾਤਮਿਕ ਰਚਨਾ ਵਾਲਾ ਹੈ। ਇਹ ਗ੍ਰੰਥ ਸਿੱਖ ਵਿਰਸੇ ਦਾ ਅਦੁੱਤੀ ਗ੍ਰੰਥ ਹੋਣ ਦੇ ਨਾਲ-ਨਾਲ ਮੱਧਕਾਲੀ ਭਾਰਤ ਦਾ ਮੁੱਲਵਾਨ ਸਾਹਿਤਿਕ-ਸਭਿਆਚਾਰਕ ਪਾਠ ਵੀ ਹੈ। ਮਨੁੱਖੀ ਜੀਵਨ ਦੇ ਯਥਾਰਥ ਨੂੰ ਪਰਮਾਰਥ ਦੇ ਮੁਹਾਵਰੇ ਰਾਹੀਂ ਪ੍ਰਗਟ ਕਰਨ ਵਾਲਾ ਇਹ ਪਾਠ, ਪ੍ਰਵਚਨੀ ਅਰਥਾਂ ਦਾ ਬਹੁ-ਪਸਾਰੀ ਅਤੇ ਬਹੁ-ਪਰਤੀ ਸੰਗਠਨ ਉਸਾਰਦਾ ਹੈ। ਇਸ ਦੀ ਮੂਲ ਪਛਾਣ ਤਾਂ ਇਸ ਵਿਚ ਸਮਾਈ ਉਹ ਮਹਾਂਦ੍ਰਿਸ਼ਟੀ ਹੈ, ਜਿਹੜੀ ਆਪਣੇ ਜੁੱਗ ਦੀ ਆਤਮਾ ਵਿਚ ਝਾਕਣ ਦਾ ਪ੍ਰਮਾਣ ਪੇਸ਼ ਕਰਦੀ ਹੈ।----ਇਸ ਮਹਾਂਦ੍ਰਿਸ਼ਟੀ ਦੇ ਇਕਾਗਰ ਵਿਸਤਾਰ ਨੂੰ ਸਮਝਾਉਣ ਲਈ ਇਸ ਪਾਵਨ ਪ੍ਰਵਚਨ ਵਿਚ ਅਨੇਕਾਂ ਅੰਤਰ-ਦ੍ਰਿਸ਼ਟੀਆਂ ਅੰਤਰ-ਨਿਹਿਤ ਹਨ। ਇਨ੍ਹਾਂ ਵਿਚੋਂ ਇਕ ਅੰਤਰ-ਦ੍ਰਿਸ਼ਟੀ ਬਾਣੀਕਾਰਾਂ ਦੀ ਲੋਕ-ਪੱਖੀ ਚੇਤਨਾ ਹੈ। ਬਾਣੀਕਾਰ ਇਹ ਜਾਣਦੇ ਸਨ ਕਿ ਲੋਕਾਂ ਦੇ ਮਨ-ਮਸਤਕ ਤੱਕ ਪਹੁੰਚਣ ਲਈ ਧਰਮ ਸ਼ਾਸਤਰੀ ਪਰਿਪੇਖ ਨੂੰ ਲੋਕ ਕੰਠ ਦੀ ਭਾਸ਼ਾ ਜੁਗਤ ਰਾਹੀਂ ਪੇਸ਼ ਕਰਨਾ ਹੀ ਜਾਇਜ਼ ਹੈ।'[9]

ਸਪਸ਼ਟ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਭਾਸ਼ਾਵਾਂ ਵਿਚ ਸਮੂਹਦੇਸ਼, ਬਹੁਕਾਲ, ਬਾਣੀਕਾਰਾਂ ਆਦਿ ਦੀ ਵਿਵਿਧਤਾ ਹੈ ਪਰ ਬਹੁਪੱਖੀ ਸਾਂਝ ਇਸ ਦੀ ਉਘੜਵੀ ਵਿਸ਼ੇਸ਼ਤਾ ਹੈ। ਇਸੇ ਆਧਾਰ ਤੇ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਭਾਸ਼ਾਵਾਂ ਦੀ ਬਜਾਇ 'ਭਾਸ਼ਾ' ਹੀ ਕਹਿੰਦੇ ਹਾਂ। ਇਸ ਸਾਂਝ ਦਾ ਪ੍ਰਮੁੱਖ ਕਾਰਕ ਇਸ ਦਾ ਅਧਿਆਤਮਕ ਸਰੂਪ ਹੈ ਜੋ ਰਚਨਾ ਦੇ ਆਰ-ਪਾਰ ਪੂਰੀ ਤਰ੍ਹਾਂ ਫੈਲਿਆ ਹੋਇਆ ਹੈ। ਸਾਰੀ ਬਾਣੀ ਵਿਚ ਇਕੋਂ ਅਧਿਆਤਮਕ ਸ਼ਬਦਾਵਲੀ, ਅਧਿਆਤਮਕ ਮੁਹਾਵਰਾ ਅਤੇ ਅਧਿਆਤਮਕ ਸ਼ੈਲੀ ਮੌਜੂਦ ਹੈ।

ਗੁਰਬਾਣੀ ਦੀ ਭਾਸ਼ਾ ਕਾਵਿ-ਭਾਸ਼ਾ ਹੈ। ਜਿਸ ਕਰਕੇ ਇਸ ਵਿਚ ਕਾਵਿ ਭਾਸ਼ਾ ਵਾਲਾ ਸੰਜਮ, ਸੰਖੇਪਤਾ, ਬਹਿਰ ਤੇ ਤੁਕਾਂਤ ਦੀ ਬੰਦਿਸ਼ ਹੈ। ਛੰਦ ਅਤੇ ਰਾਗਾਂ ਮੁਤਾਬਕ ਕਈ ਸ਼ਬਦਾਂ ਦੇ ਰੂਪ ਵਿਚ ਪਰਿਵਰਤਨ ਆਇਆ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਦੀ ਮੁੱਖ ਭਾਸ਼ਾ ਸੰਤ ਭਾਸ਼ਾ ਹੈ। ਇਸ ਭਾਸ਼ਾ ਵਿਚ ਕਿਸੇ ਵੀ ਤਰ੍ਹਾਂ ਦੀ ਬਣਾਉਟੀ ਭਾਸ਼ਾ ਨੂੰ ਕਾਵਿ-ਰਚਨਾ ਦਾ ਮਾਧਿਅਮ ਬਣਾਉਣ ਦੀ ਥਾਂ ਤੇ ਲੋਕ-ਭਾਸ਼ਾ ਨੂੰ ਮਾਧਿਅਮ ਬਣਾਇਆ ਗਿਆ ਹੈ। ਸੰਤ, ਬ੍ਰਿਜ, ਹਿੰਦਵੀ, ਭਟ, ਰੇਖਤਾ, ਸਹਸਕ੍ਰਿਤੀ, ਗਾਥਾ, ਅਪਭ੍ਰੰਸ, ਪੰਜਾਬੀ, ਲਹਿੰਦੀ ਦੇ ਨਾਲ ਨਾਲ ਸੰਸਕ੍ਰਿਤ ਦੇ ਤੱਤਸਮ ਅਤੇ ਤਦਭਵ ਸ਼ਬਦ ਅਤੇ ਪਾਲੀ, ਪ੍ਰਾਕ੍ਰਿਤ, ਅਪਭ੍ਰੰਸ ਦੇ ਸ਼ਬਦ ਅਰਬੀ, ਫ਼ਾਰਸੀ ਦੇ ਤਤਸਮ ਅਤੇ ਤਦਭਵ ਸ਼ਬਦ ਅਤੇ ਪੰਜਾਬ ਦੀਆਂ ਉਪ-ਭਾਖਾਵਾਂ ਦੇ ਸ਼ਬਦ ਵੀ ਆਮ ਹੀ ਮਿਲਦੇ ਹਨ। ਇੱਥੇ ਇਨ੍ਹਾਂ ਦਾ ਸੰਖੇਪ ਜਿਹਾ ਵੇਰਵਾ ਦਿੱਤਾ ਜਾ ਰਿਹਾ ਹੈ:

ਸੰਸਕ੍ਰਿਤ ਦੇ ਤਤਸਮ ਸ਼ਬਦ- ਨਾਮ, ਕੀਟ, ਇੰਦ, ਗੁਪਤ, ਗੁਰੂ, ਕਰਤਾ, ਰੰਗ, ਮਾਲ, ਨਾਥ, ਪਰਚੰਦ, ਨਿਰਵੈਰ, ਬਿਭੂਤ,ਵੇਕਾਰ, ਨਾਥ, ਸ਼ਾਂਤਿ, ਦਾਤਾ, ਕਰਮੰ, ਬ੍ਰਹਮੰ, ਮ੍ਰਿਗ,ਮੀਨ, ਭ੍ਰਿੰਗ,ਕਸ਼ਟ, ਨਲ, ਨਾਦ, ਹਰਿ, ਨਖ, ਮੁਖ ਆਦਿ।

ਸੰਸਕ੍ਰਿਤ ਦੇ ਤਦਭਵ ਸਬਦ- ਹਥ, ਚੰਦ, ਰੈਨਿ, ਜੋਗ, ਸੁਨਿ, ਕੀੜਾ, ਕਪੜਾ, ਰਤ, ਸੁਰਗ, ਮੁਹ, ਮੁੰਦਾ, ਮੋਖ, ਮਾਣਿਕ, ਭਖ, ਭੁਗਤ, ਪਰਹਰਿ, ਪੁਰਖ, ਮਾਧਉ, ਅਰਬਿੰਦ, ਸੰਪਤ, ਬਿਪਤਿ, ਨਿਮਤ, ਅਨਲ, ਮੈ, ਓਦਧਿ, ਖਿਆਨ, ਆਰਤੀ, ਅੰਭੁਲਾ, ਅਉਹਾਰ, ਅਨਭਉ, ਜਮ ਕੰਕਰ, ਸੁਰਸੁਰੀ, ਬਾਰੁਨੀ, ਆਨ-ਬਾਨ ਆਦਿ। ਲੋਕ ਭਾਸ਼ਾ ਨੇ ਸੰਸਕ੍ਰਿਤ ਦੇ ਤਤਸਮ ਸ਼ਬਦਾਂ ਦੀਆਂ ਧੁਨੀਆਂ ਨੂੰ ਆਪਣੇ ਅਨੁਸਾਰ ਢਾਲ ਕੇ ਉਨ੍ਹਾਂ ਨੂੰ ਤਦਭਵ ਸ਼ਬਦਾਂ ਦਾ ਰੂਪ ਦੇ ਦਿੱਤਾ ਹੈ। ਕੋਈ ਵੀ ਸਾਹਿਤ ਆਪਣੇ ਸਮੇਂ ਦੀਆਂ ਰਾਜਨੀਤਿਕ ਗਤੀਵਿਧੀਆਂ ਤੋਂ ਜ਼ਰੂਰ ਪ੍ਰਭਾਵਿਤ ਹੁੰਦਾ ਹੈ ਇਸੇ ਲਈ ਗੁਰਬਾਣੀ ਦੀ ਭਾਸ਼ਾ ਵਿਚ ਪੰਜਾਬ ਵਿਚ ਮੁਸਲਮਾਨਾਂ ਦੇ ਆਉਣ ਨਾਲ ਅਰਬੀ-ਫ਼ਾਰਸੀ ਸ਼ਬਦਾਵਲੀ ਦਾ ਆਉਣਾ ਸੁਭਾਵਿਕ ਹੀ ਸੀ।

ਅਰਬੀ- ਹਰਾਮ, ਕੁਰਾਨ, ਮੁਲਾ, ਹਲਾਲ, ਅਲਾ, ਦੀਨ, ਰਬਾਬ, ਫਕੀਰ, ਕਤੇਬ, ਖ਼ਾਲਿਕ, ਗ਼ਰੀਬ, ਰਹੀਮ, ਸਾਹਿਬ, ਸੁਲਤਾਨ, ਸੂਰਤਿ, ਹਜ਼ੂਰ ਆਦਿ।

ਫ਼ਾਰਸੀ- ਖੁਦਾਇ, ਸਾਹਿਬ, ਜਿਮੀ, ਦੀਦਾਰ, ਤਖਤ, ਸਾਹ, ਕੁਦਰਤ, ਸਾਇਰ, ਕਤੇਬਾ, ਕਾਗਦ, ਦਰਦ, ਪੋਚ, ਬੰਦਗੀ, ਬਾਜੀ, ਨਿਵਾਜ, ਖ਼ੂਬ, ਬਾਜੀਗਰ ਆਦਿ।

ਬ੍ਰਜ- ਭਏ, ਛੋਡੇ, ਤਾਰੇ, ਲਾਗਾ, ਘੋੜੇ, ਕਾਲ, ਸਾਚਾ ਆਦਿ।

ਲੋਕ ਮੁਹਾਵਰੇ ਲੋਕਾਂ ਦੇ ਸਮੂਹਿਕ ਅਵਚੇਤਨ ਦੀ ਸਿਰਜਣਾ ਹੁੰਦੇ ਹਨ। ਕਾਵਿ ਵਿਚ ਲੋਕ-ਮੁਹਾਵਰਿਆਂ ਦੀ ਵਰਤੋਂ ਤੋਂ ਭਾਵ ਹੀ ਵਾਸਤਵ ਵਿਚ ਕਾਵਿ ਦੇ ਭਾਵ ਨੂੰ ਲੋਕਾਂ ਦੇ ਸਾਮੂਹਿਕ ਅਵਚੇਤਨ ਤੱਕ ਪਹੁੰਚਾਉਣਾ ਹੈ। ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਮੁਹਾਵਰੇ ਤੇ ਅਖਾਉਤਾਂ ਦੀ ਵਰਤੋਂ ਨਾਲ ਬੜੀ ਪ੍ਰਭਾਵਸ਼ਾਲੀ ਬਣੀ ਹੈ।

ਦੁਨੀਆ ਕਾਰਣਿ ਦੀਨੁ ਗਵਾਇਆ॥ [10]

ਦੁਨਿਆਵੀ ਪਦਾਰਥਾਂ ਲਈ ਧਰਮ ਦਾ ਤਿਆਗ ਕਰ ਦਿੱਤਾ।

ਗੁਰਮੁਖਿ ਬੁਢੇ ਕਦੇ ਨਹੀਂ ਜਿਨ੍ਹਾਂ ਅੰਤਰਿ ਸੁਰਤਿ ਗਿਆਨੁ॥ [11]
ਗੁਰੂ ਦੇ ਰਾਹ ਤੇ ਚੱਲਣ ਵਾਲੇ ਕਮਜੋਰ ਨਹੀਂ ਹੁੰਦੇ ਕਿਉਂਕਿ ਉਹਨਾਂ ਦੇ ਅੰਦਰ ਪ੍ਰਕਾਸ਼ ਦੀ ਤਾਕਤ ਹੁੰਦੀ ਹੈ।
ਰਾਸ ਨਾ ਆਉਣਾ --ਕੀਆ ਗਰਬੁ ਨਾ ਆਵੈ ਰਾਸਿ॥ [12.3]
ਹੌਲਾ ਹੋਣਾ- ਹੋਰ ਹਉਲੀ ਮਤੀ ਹਉਲੇ ਬੋਲ[13]

ਇਸ ਤੋਂ ਇਲਾਵਾ ਕਾਇਮ ਦਾਇਮ, ਬਲਬਲ ਜਾਉ, ਹਾਥਿ ਬਿਕਾਨੋ, ਕਰਨਾ ਕੂਚ, ਗਹਿ ਪਾਈ ਆਦਿ ਅਨੇਕਾਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ।

ਕਾਵਿ ਨੂੰ ਲੋਕ-ਪੱਧਰ ਤੇ ਲੈ ਕੇ ਜਾਣਾ ਕਾਵਿ ਦੀ ਸਰਵ-ਉਤਮ ਕਾਵਿ-ਵਡਿਆਈ ਲੋਕ ਕਹਾਵਤਾਂ ਵਿਚ ਹੁੰਦੀ ਹੈ। ਗੁਰੂ ਸਾਹਿਬਾਨ ਦੀ ਰਚਨਾ ਵਿਚ ਕਹਿਰਾਂ ਦਾ ਸੰਜਮ ਤੇ ਟਿਕਾਅ ਹੈ। ਜਿਸ ਨਾਲ ਉਨਾਂ ਦੇ ਬਚਨ ਆਖਾਣਾਂ ਬਣ ਕੇ ਲੋਕ-ਮੂੰਹਾਂ ਤੇ ਚੜ੍ਹ ਗਏ ਹਨ।

'ਮਨ ਜੀਤੇ ਜਗੁ ਜੀਤੁ', 'ਦੁਖ ਦਾਰੂ ਸੁਖ ਰੋਗੁ ਭਇਆ', 'ਮਿਠੁਤ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ', 'ਹਮ ਘਰਿ ਸਾਜਨ ਆਏ', 'ਵਿਦਿਆ ਵੀਚਾਰੀ ਤਾ ਪਰਉਪਕਾਰੀ', 'ਗਲੀ ਅਸੀ ਚੰਗੀਆ ਆਚਾਰੀ ਬੁਹੀਆਹ', 'ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ', 'ਹੱਕ ਪਰਾਇਆ ਨਾਨਕਾ ਉਸਿ ਸੂਅਰ ਉਸਿ ਗਾਇ' 'ਨਿਵੈ ਸੋ ਗਉਰਾ ਹੋਇ' 'ਮਨੁ ਅੰਧਾ ਨਾਉਂ ਸੁਜਾਨੁ' ਆਦਿ।
ਬਾਣੀਕਾਰਾਂ ਨੇ ਆਪਣੇ ਡੂੰਘੇ ਅਨੁਭਵ ਤੇ ਉੱਚ ਕਲਪਨਾ ਨਾਲ ਬੜੇ ਸਾਦੇ, ਸਰਲ, ਸਪਸ਼ਟ, ਵਿਸ਼ੇ ਅਨੁਕੂਲ, ਡੂੰਘੇ, ਤੇਜਸਵੀ, ਚਮਕਦਾਰ ਸ਼ਬਦ ਰੂਪੀ ਇੱਟਾਂ ਨਾਲ ਕਲਾ ਰੂਪੀ ਕਿਰਤ ਦਾ ਸੁੰਦਰ ਮਹਲ ਉਸਾਰਿਆ ਹੈ। ਕਾਵਿ ਸੁੰਦਰ ਸ਼ਬਦਾਂ ਦੀ ਸੁੰਦਰ ਤਰਤੀਬ ਹੈ। ਗੁਰਬਾਣੀ ਵਿਚ ਭਾਵਾਂ ਦੀ ਪੇਸ਼ਕਾਰੀ ਲਈ ਬਾਣੀਕਾਰਾਂ ਨੇ ਮਿੱਥਕ ਤੇ ਪੌਰਾਣਿਕ ਹਵਾਲਿਆਂ ਨਾਲ ਰਚਨਾ ਵਿਚ ਕਥਾਤਮਕ ਸੰਚਾਰ ਜੁਗਤ ਵਰਤਣ ਦਾ ਸਫਲਪ੍ਰਯਾਸ ਕੀਤਾ ਹੈ। ਇੱਕ ਇੱਕ ਤੁੱਕ ਦੇ ਪਿੱਛੇ ਕਈ ਬਿਰਤਾਂਤ ਛੁਪੇ ਹਨ ਜੋ ਰਚਨਾ ਨੂੰ ਹੋਰ ਗਹਿਰਾ ਤੇ ਗ੍ਰਹਿਣਯੋਗ ਬਣਾਉਂਦੇ ਹਨ। ਭਾਸ਼ਾ ਵਿਚ ਸਵੈ-ਸੰਬੋਧਨ ਵੀ ਹੈ ਅਤੇ ਸੰਬੋਧਨੀ ਸੁਰ ਵੀ। ਬਾਣੀਕਾਰਾਂ ਨੇ ਸਮੇਂ ਤੇ ਸਥਿਤੀ ਮੁਤਾਬਕ ਸੰਵਾਦ ਰਚਾਇਆ ਹੈ। ਭਾਸ਼ਾ ਵਿਚ ਸੰਜਮ ਤੇ ਸੰਖੇਪਤਾ ਹੈ। ਸਰਲਤਾ ਤੇ ਸਪਸ਼ਟਤਾ ਹੈ ਪਰ ਕਿਤੇ ਕਿਤੇ ਲੋੜ ਮੁਤਾਬਕ ਵਿਅੰਗ ਤੇ ਕਟਾਖਸ਼ ਦੀ ਵਰਤੋਂ ਬੜੀ ਭਾਵਪੂਰਤ ਹੈ। ਨਿਰਸੰਦੇਹ ਗੁਰਬਾਣੀ ਦੀ ਭਾਸ਼ਾ ਮਨੁੱਖ ਦੀ ਅੰਤਰ-ਆਤਮਾ ਨੂੰ ਹਲੂਣ ਕੇ ਅਤੇ ਝੰਜੋੜ ਕੇ ਨਵ-ਚੇਤਨਾ ਦਾ ਸੰਚਾਰ ਕਰਦੀ ਉਨ੍ਹਾਂ ਦੀ ਮਤਿ, ਮਨਿ ਬੁੱਧੀ ਦੀ ਘਾੜਤ ਕਰਦੀ ਹੈ।

## ਰਸ-ਵਿਧਾਨ:

ਰਸ ਨੂੰ ਕਾਵਿ ਦੀ ਆਤਮਾ ਮੰਨਿਆ ਗਿਆ ਹੈ। ਰਸ ਤੋਂ ਭਾਵ ਹੈ- ਕਾਵਿ ਆਨੰਦ। ਭਰਤਮੁਨੀ ਨੂੰ ਰਸ ਸੰਪਰਦਾਇ ਦਾ ਮੋਢੀ ਮੰਨਿਆ ਜਾਂਦਾ ਹੈ। ਭਰਤ ਮੁਨੀ ਆਪਣੇ ਗ੍ਰੰਥ 'ਨਾਟਯ-ਸ਼ਾਸਤ੍ਰ' ਵਿਚ ਰਸ ਦੀ ਪਰਿਭਾਸ਼ਾ ਦਿੰਦਾ ਲਿਖਦਾ ਹੈ:

"ਜਿਸ ਤਰ੍ਹਾਂ ਅਨੇਕ ਪ੍ਰਕਾਰ ਦੇ ਵਿਅੰਜਨਾਂ, ਔਸ਼ਿਧਾਵਾਂ ਅਰਥਾਤ ਦ੍ਰਵਾਂ ਦੇ ਸੰਜੋਗ ਨਾਲ (ਭੋਜ) ਰਸ ਬਣਦਾ ਹੈ- ਉਸੇ ਪ੍ਰਕਾਰ ਵਿਵਿਧ ਭਾਵ ਸੰਯੁਕਤ ਹੋ ਕੇ ਸਥਾਈ ਭਾਵ ਦੁਆਰਾ (ਨਾਟਯ) ਰਸ-ਨਿਸ਼ਪਤੀ ਕਰਦੇ ਹਨ।"[14]

ਡਾ. ਕਰਤਾਰ ਸਿੰਘ ਹਿਤਕਾਰੀ ਰਸ ਨੂੰ ਪਰਿਭਾਸ਼ਤ ਕਰਦੇ ਲਿਖਦੇ ਹਨ:

"ਵਿਭਾਵ ਅਨੁਭਾਵ ਸੰਚਾਰੀ ਆਦਿ ਨਾਲ ਪਰਿਪੂਰਨ ਆਨੰਦ ਰੂਪ ਸਾਖਯਾਤਕਾਰ ਨੂੰ ਪ੍ਰਾਪਤ ਹੋਏ ਹੋਏ ਸਥਾਈ ਭਾਵ ਨੂੰ ਰਸ ਆਖਦੇ ਹਨ।"[15]

ਭਰਤਮੁਨੀ ਅਨਸਾਰ ਰਸ ਤੋਂ ਬਿਨਾਂ ਕਿਸੇ ਅਰਥ ਦੀ ਪ੍ਰਾਪਤੀ ਹੋ ਹੀ ਨਹੀਂ ਸਕਦੀ। ਕਵੀ ਦਾ ਸਮੁੱਚਾ ਸੁਹਜਵਾਦੀ ਅਨੁਭਵ ਹੀ ਰਸ ਹੈ। ਵਿਦਵਾਨ ਡਾ. ਵਿਸ਼ਵਾਨਾਥ ਦਾ ਮੰਨਣਾ ਹੈ ਕਿ ਰਸ ਯੁਕਤ ਵਾਕ ਹੀ ਕਾਵਿ ਹੈ।ਕਾਵਿ-ਰਸ, ਪਦਾਰਥਿਕ ਰਸ ਅਤੇ ਸਰੀਰਿਕ ਰਸ ਤੋਂ ਭਿੰਨ ਸੁਤੰਤਰ ਹੋਂਦ ਰਖਦਾ ਹੈ। ਕਾਵਿ ਵਿਚ ਰਸ ਦਾ ਮਹੱਤਵ ਭਾਰਤੀ ਅਤੇ ਪੱਛਮੀ ਵਿਦਵਾਨਾਂ ਨੇ ਕਾਵਿ ਦੇ ਮੁੱਖ ਲਖਸ਼ ਵਜੋਂ ਹੀ ਸਵੀਕਾਰ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਿੰਗਾਰ ਰਸ ਅਤੇ ਸ਼ਾਂਤ ਰਸ ਦੀ ਪ੍ਰਧਾਨਤਾ ਹੈ ਪਰ ਬਾਕੀ ਦੇ ਰਸ ਵੀ ਰਚਨਾ ਵਿਚ ਵਿਦਮਾਨ ਹਨ। ਬਾਣੀਕਾਰਾਂ ਨੇ ਰਸ ਦੀ ਯੋਗ ਵਰਤੋਂ ਕੀਤੀ ਹੈ; ਰਚਨਾ ਦੇ ਪਾਠ ਨਾਲ ਪਾਠਕ ਤੇ ਸ੍ਰੋਤੇ ਦੀ ਅਵਸਥਾ ਸਹਿਜੇ ਹੀ ਸਾਧਾਰਨੀਕਰਨ ਦੀ ਅਵਸਥਾ ਗ੍ਰਹਿਣ ਕਰ ਲੈਂਦੀ ਹੈ। ਹੇਠ ਲਿਖੀਆਂ ਉਦਾਹਰਨਾਂ ਤੋਂ ਰਸ-ਪ੍ਰਕਿਰਿਆ ਅਰਥਾਤ ਰਸ ਦੀ ਉਤਪਤੀ ਦੇ ਅਨੁਭਵ ਨੂੰ ਸਮਝਿਆ ਜਾ ਸਕਦਾ ਹੈ:

**ਸ਼ਿੰਗਾਰ ਰਸ:** ਸ਼ਿੰਗਾਰ ਰਸ ਉਦੋਂ ਪੈਦਾ ਹੁੰਦਾ ਹੈ ਜਦੋਂ ਪਿਆਰ ਵਿੱਚ ਲਬਰੇਜ਼ ਸੰਯੋਗੀ ਅਤੇ ਵਿਯੋਗੀ ਅਨੁਭਵ ਸੁੰਦਰਮਈ ਸ਼ਬਦਾਂ ਵਿੱਚ ਉਤਰਦਾ ਹੈ। ਸ਼ਿੰਗਾਰ ਦਾ ਮੂਲ ਅਰਥ ਰਤੀ ਜਾਂ ਸਨੇਹ ਹੈ, ਜਿਸਦਾ ਸੁਹਜਨਾਤਮਕ ਤਰੀਕੇ ਨਾਲ ਅਨੁਭਵ ਕੀਤਾ ਜਾਵੇ। ਸ਼ਿੰਗਾਰ ਰਸ ਸਾਕਾਰ ਪ੍ਰੇਮੀ-ਪ੍ਰੇਮਿਕਾ ਜਾਂ ਪਤੀ ਪਤਨੀ ਵਿਚਕਾਰ ਵਿਗਸਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਆਤਮਾ ਤੇ ਪਰਮਾਤਮਾ ਨੂੰ ਪਤੀ-ਪਤਨੀ ਜਾਂ ਜੀਵ ਰੂਪੀ ਆਤਮਾ ਤੇ ਪਤੀ ਰੂਪੀ ਪਰਮਾਤਮਾ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ।

ਮੀਠੀ ਆਗਿਆ ਪਿਰ ਕੀ ਲਾਗੀ॥ ਸਉਕਨਿ ਘਰ ਕੀ ਕੰਤਿ ਤਿਆਗੀ॥
ਪ੍ਰਿਅ ਸੋਹਾਗਨਿ ਸੀਗਾਰਿ ਕਰੀ॥ ਮਨ ਮੇਰੇ ਕੀ ਤਪਤਿ ਹਰੀ॥[16]

ਸਹ ਕੀ ਸਾਰ ਸੁਹਾਗਨ ਜਾਨੈ॥ ਤਜਿ ਅਭਿਮਾਨ ਸੁਖ ਰਲੀਆ ਮਾਨੈ॥
ਤਨੁ ਮਨੁ ਦੇਇ ਨ ਅੰਤਰ ਰਾਖੈ॥ ਅਵਰਾ ਦੇਖ ਨ ਸੁਨੈ ਅਭਾਖੈ॥[17]

ਧਨਿ ਧਨਿ ਹਮਾਰੇ ਭਾਗ ਘਰਿ ਆਇਆ ਪਿਰੁ ਮੇਰਾ॥
ਸੋਹੇ ਬੰਕ ਦੁਆਰ ਸਗਲਾ ਬਨੁ ਹਰਾ॥[18]

ਵਿਯੋਗ ਸ਼ਿੰਗਾਰ ਰਸ: ਪਤੀ ਪਤਨੀ ਦੇ ਵਿਛੋੜੇ ਜਾ ਬਿਰਹਾ ਦੀ ਅਵਸਥਾ ਨੂੰ ਪ੍ਰਗਟਾਉਣ ਵੇਲੇ ਪੈਦਾ ਹੋਏ ਭਾਵ ਨੂੰ ਵਿਯੋਗ ਰਸ ਦੇ ਅੰਦਰ ਵਿਚਾਰਿਆ ਜਾਂਦਾ ਹੈ। ਗੁਰਬਾਣੀ ਵਿਚ ਪਰਮਾਤਮਾ ਤੇ ਗੁਰੂ ਤੋਂ ਵਿਛੜੀ ਆਤਮਾ ਜਾਂ ਜੀਵ ਦੀ ਦਸ਼ਾ ਇਸ ਭਾਵ ਦੀ ਪੇਸ਼ਕਾਰੀ ਕਰਦੀ ਹੈ। ਜਿਵੇਂ-

ਮੋਰੀਂ ਰੁਣ ਝੁਣ ਲਾਇਆ ਭੈਣੇ ਸਾਵਣ ਆਇਆ॥
ਤੇਰੇ ਮੁੰਦ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ॥
ਚੂੜਾ ਭੰਨ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ॥ [19]

ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ
ਬਿਰਹਿ ਬਿਰੋਧ ਤਨੁ ਛੀਜੈ॥ [20]

ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ॥ [21]

ਬੀਰ ਰਸ: ਬੀਰ ਰਸ ਯੁੱਧਾਂ ਜਾਂ ਲੜਾਈਆਂ ਨਾਲ ਸੰਬੰਧਿਤ ਕਾਵਿ-ਰਸ ਹੈ। ਕਵੀ ਯੋਧੇ ਦਾ ਯੁੱਧ ਵਿਚ ਉਤਸ਼ਾਹ ਵਧਾਉਣ ਲਈ ਬੀਰ ਰਸ ਦੀ ਨਿਸ਼ਪਤੀ ਕਰਦੇ ਹਨ। ਬੀਰਤਾ ਦੇ ਭਾਵ ਨੂੰ ਉਤਸਾਹਿਤ ਕਰਨਾ ਇਸ ਰਸ ਦਾ ਸਥਾਈ ਭਾਵ ਹੈ। ਗੁਰਬਾਣੀ ਵਿਚਲਾ ਬੀਰ ਰਸ ਸਰੋਤਿਆਂ ਵਿੱਚ ਜੀਵਨ ਉਤਸਾਹ ਤੇ ਜੋਸ਼ ਭਰਦਾ ਹੈ।

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ॥
ਖੇਤ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥ [22]

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨਾ ਕੀਜੈ॥ [23]

ਕਰੁਣਾ ਰਸ: ਕਰੁਣਾ ਰਸ ਮਨ-ਇੱਛਿਤ ਚੀਜ ਨੂੰ ਗੁਆ ਦੇਣ ਅਤੇ ਨਾ ਪਸੰਦ ਹਾਲਾਤ ਸਮੇਂ ਉਤਪੰਨ ਹੁੰਦਾ ਹੈ। ਕਰੁਣਾ ਰਸ ਦਾ ਸਥਾਈ ਭਾਵ ਸ਼ੋਕ ਹੈ ਜੋ ਮਨੁੱਖੀ ਮਨ ਨੂੰ ਵੈਰਾਗ ਅਤੇ ਉਦਾਸੀ ਦੀ ਪਰਿਸਥਿਤੀ ਵਿਚ ਲੈ ਜਾਂਦਾ ਹੈ।

ਸਜਣ ਮੈਡੇ ਰੰਗਲੇ ਜਾਇ ਸੁਤੇ ਜੀਰਾਣਿ॥
ਹੰਭੀ ਵੰਞਾ ਡੁੰਮਣੀ ਰੋਵਾ ਝੀਣੀ ਬਾਣਿ॥ [24]

ਸਾਚੀ ਪ੍ਰੀਤ ਹਮ ਤੁਮ ਸਿਉ ਜੋਰੀ॥
ਤੁਮ ਸਿਉ ਜੋਰ ਅਉਰ ਸੰਗ ਤੋਰੀ॥ [25]

**ਅਦਭੁਤ ਰਸ:** ਅਦਭੁੱਤ ਰਸ ਅਨੋਖੀ ਤੇ ਵਿਚਿਤ੍ਰ ਅਵਸਥਾ ਜੋ ਬਿਆਨ ਨਹੀਂ ਕੀਤੀ ਜਾ ਸਕਦੀ ਦੀ ਪੇਸ਼ਕਾਰੀ ਸਮੇਂ ਉਤਪੰਨ ਹੁੰਦਾ ਹੈ। ਅਦਭੁਤ ਰਸ ਦਾ ਸਥਾਈ ਭਾਵ ਹੈਰਾਨੀ ਜਾਂ ਅਸਚਰਜਤਾ ਹੈ। ਗੁਰਬਾਣੀ ਵਿਚ ਬ੍ਰਹਮ, ਜਗਤ ਤੇ ਜੀਵ ਦੀਆਂ ਵਿਭਿੰਨ ਸਥਿਤੀਆਂ ਬਾਰੇ ਅਸਚਰਜਤਾ ਪ੍ਰਗਟਾਈ ਗਈ ਹੈ:

ਵਿਸਮਾਦ ਨਾਦ ਵਿਸਮਾਦ ਵੇਦ॥
ਵਿਸਮਾਦ ਜੀਅ ਵਿਸਮਾਦ ਭੇਦ॥
ਵਿਸਮਾਦ ਰੂਪ ਵਿਸਮਾਦ ਰੰਗ॥
ਵਿਸਮਾਦ ਨਾਗੇ ਫਿਰਹਿ ਜੰਤ॥
ਵਿਸਮਾਦ ਪਉਣ ਵਿਸਮਾਦ ਪਾਣੀ॥
ਵਿਸਮਾਦ ਅਗਨੀ ਖੇਡਹਿ ਵਿਡਾਣੀ॥ [26]

ਅਚਰਜ ਏਕੁ ਸੁਨਹੁ ਰੇ ਪੰਡੀਆ ਅਬ ਕਿਛੁ ਕਹਨੁ ਨ ਜਾਈ॥
ਸੁਰਿ ਨਰ ਗਣ ਗੰਧ੍ਰਬ ਜਿਨਿ ਮੋਹੇ ਤ੍ਰਿਭਵਣ ਮੇਖੁਲੀ ਲਾਈ॥ [27]

ਲਖ ਚਉਰਾਸੀਹ ਮੇਦਨੀ ਤਿਸਨਾ ਜਲਤੀ ਕਰੇ ਪੁਕਾਰ॥
ਇਹੁ ਮੋਹੁ ਮਾਇਆ ਸਭੁ ਪਸਰਿਆ ਨਾਲਿ ਚਲੈ ਨ ਅੰਤੀ ਵਾਰ॥ [28]

**ਵੀਭਤਸ ਰਸ:** ਇਸ ਰਸ ਦਾ ਸਥਾਈ ਭਾਵ ਘਿਰਣਾ ਹੈ ਅਤੇ ਇਸ ਦਾ ਆਲੰਬਨ ਘਿਰਣਾਮਈ ਦ੍ਰਿਸ਼ ਹਨ ਅਰਥਾਤ ਇਹ ਘਿਰਣਾਮਈ ਦ੍ਰਿਸ਼ ਤੋਂ ਉਪਜਦਾ ਹੈ। ਸਾਹਿਤਕਾਰ ਅਜਿਹੀ ਸਥਿਤੀ ਜਾਂ ਦ੍ਰਿਸ਼ ਦਾ ਬਿਆਨ ਕਰਦਾ ਹੈ ਜਿਸ ਤੋਂ ਘਨ ਆਵੇ। ਗੁਰੂ ਸਾਹਿਬਾਨ ਨੇ ਬੜੇ ਭਾਵਪੂਰਤ ਢੰਗ ਨਾਲ ਵੀਭਤਸ ਰਸ ਦਾ ਪ੍ਰਗਟਾ ਕੀਤਾ ਹੈ

ਕਰਪੂਰ ਪੁਹਪ ਸੁਗੰਧਾ ਪਰਸ ਮਾਨੁਖ੍ ਦੇਹੰ ਮਲੀਣੰ ॥
ਮਜਾ ਰੁਧਿਰ ਦੁਗੰਧਾ ਨਾਨਕ ਅਥਿ ਗਰਬੇਣ ਅਗ੍ਯਾਨਣੋ ॥ [29]

ਕਲਰ ਕੇਰੀ ਛਪੜੀ ਕਊਆ ਮਲਿ ਮਲਿ ਨਾਇ ॥
ਮਨੁ ਤਨੁ ਮੈਲਾ ਅਵਗੁਣੀ ਚਿੰਜੁ ਭਰੀ ਗੰਧੀ ਆਇ ॥[30]

ਜਾਤਿ ਸਨਾਤੀ ਹੋਰ ਹਿੰਦਵਾਣੀਆ ਏਹਿ ਭੀ ਲੇਖੇ ਲਾਇ ਵੇ ਲਾਲੋ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ॥[31]

ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ॥
ਫੋਲ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ॥
ਭੇਡਾਂ ਵਾਗੀ ਸਿਰੁ ਖੋਹਾਇਨ ਭਰੀਅਨਿ ਹੱਥ ਸੁਆਹੀ॥
ਮਾਊ ਪੀਊ ਕਿਰਤੁ ਗਵਾਇਨਿ ਟੱਬਰ ਰੋਵਨਿ ਧਾਹੀ॥[32]
ਜੋ ਜਾਨੈ ਮੈ ਜੋਬਨਵੰਤੁ॥ ਸੋ ਹੋਵਤ ਬਿਸਟਾ ਕਾ ਜੰਤੁ॥[33]

ਭਿਆਨਕ ਰਸ: ਇਸ ਰਸ ਦਾ ਸਥਾਈ ਭਾਵ ਭੈ ਹੈ ਜੋ ਮਨੁੱਖ ਦੇ ਭੈਅ ਦੇ ਅਹਿਸਾਸ ਨੂੰ ਜਗਾਉਂਦਾ ਹੈ। ਗੁਰਬਾਣੀ ਵਿੱਚ ਭੈ ਦੇ ਅਹਿਸਾਸ ਨੂੰ ਮਾਧਿਅਮ ਵਜੋਂ ਵਰਤਕੇ ਮਨੁੱਖ ਦੇ ਆਤਮ ਨੂੰ ਚੇਤੰਨ ਕਰਨ ਦਾ ਪ੍ਰਯਤਨ ਹੈ ਅਤੇ ਮਨੁੱਖ ਨੂੰ ਆਤਮ ਚਿੰਤਨ ਲਈ ਪ੍ਰੇਰਿਤ ਕੀਤਾ ਗਿਆ ਹੈ।

ਥਰਹਰ ਕੰਪੈ ਬਾਲਾ ਜੀਉ॥ ਨਾ ਜਾਨਉ ਕਿਆ ਕਰਸੀ ਪੀਉ॥[34]

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥[35]

ਘਰੀ ਘਰੀ ਕਾ ਲੇਖਾ ਮਾਗੈ ਕਾਇਥੁ ਚੇਤੂ ਨਾਉ॥
ਧਰਮ ਰਾਇ ਜਬ ਲੇਖਾ ਮਾਗੈ ਬਾਕੀ ਨਿਕਸੀ ਭਾਰੀ॥
ਪੰਚ ਕਿਸਾਨਵਾ ਭਾਗਿ ਗਏ ਲੈ ਬਾਧਿਓ ਜੀਉ ਦਰਬਾਰੀ॥[36]

## ਹਾਸ ਰਸ:

ਰੰਗ, ਰੂਪ, ਲਿਬਾਸ, ਆਕਾਰ, ਬੋਲਚਾਲ ਤੇ ਕੰਮ-ਕਾਜ ਦੇ ਬੇਢੱਬੇਪਨ ਤੋਂ ਹਾਸ-ਰਸ ਪੈਦਾ ਹੁੰਦਾ ਹੈ।"ਹਾਸ ਰਸ ਅਨੋਖੇ ਮਨੋਭਾਵ ਦੀ ਸਰਜਨਾ ਕਰਦਾ ਹੈ । ਇਹ ਇਕ ਮਾਨਸਿਕ ਕ੍ਰਿਆ ਹੈ। ਆਮ ਹਾਸਾ ਮੋਟਾ ਠੁੱਲਾ ਹੁੰਦਾ ਹੈ, ਇਹ ਭੌਤਿਕ

ਹਾਸਾ ਹੈ ਪਰ 'ਹਾਸਯ ਰਸ' ਦਾ ਹਾਸਾ ਮੰਜਿਆ-ਸੰਵਰਿਆ, ਸੁਹਰਿਦਤਾ ਵਾਲਾ ਹੁੰਦਾ ਹੈ। ਇਸ ਵਿਚ ਸਰੀਰਕ ਕ੍ਰਿਆ ਜ਼ਰੂਰੀ ਹੈ। ਆਮ ਹਾਸੇ ਦੇ ਮੁਕਾਬਲੇ ਵਿਚ ਸਾਹਿਤਕ ਹਾਸੇ ਦਾ ਬਹੁਤ ਮਹੱਤਵ ਹੈ।"[37]

ਆਜੁ ਨਾਮੇ ਬੀਠਲੁ ਦੇਖਿਆ ਮੂਰਖ ਕੋ ਸਮਝਾਊ ਰੇ॥
ਪਾਡੇ ਤੁਮਰੀ ਗਾਇਤ੍ਰੀ ਲੋਧੇ ਕਾ ਖੇਤੁ ਖਾਤੀ ਥੀ॥
ਲੈ ਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ॥
ਪਾਂਡੇ ਤੁਮਰਾ ਮਹਾਦੇਉ ਧਉਲੇ ਬਲਦ ਆਵਤੁ ਦੇਖਿਆ ਥਾ॥
ਮੋਦੀ ਕੇ ਘਰ ਖਾਣਾ ਪਾਕਾ ਵਾ ਕਾ ਲੜਕਾ ਮਾਰਿਆ ਥਾ॥"[38]

ਫਰੀਦਾ ਲੋੜੈ ਦਾਖ ਬਿਜਉਰੀਆ ਕਿਕਰਿ ਬੀਜੈ ਜਟੁ॥
ਹੰਢੈ ਉਨ ਕਤਾਇਦਾ ਪੈਧਾ ਲੋੜੈ ਪਟੁ॥[39]

ਰੌਦਰ ਰਸ: ਰੌਦਰ ਦਾ ਅਰਥ ਹੈ ਕ੍ਰੋਧ ਜਾਂ ਗੁੱਸਾ।'ਰੌਦਰ ਰਸ ਦਾ ਸਥਾਈ ਭਾਵ ਕ੍ਰੋਧ ਹੈ ਪਰ ਜਦ ਕ੍ਰੋਧ ਦਾ ਭਾਵ ਕਾਵਿ-ਰਸ ਦੁਆਰਾ ਪ੍ਰਗਟ ਕੀਤਾ ਜਾਂਦਾ ਹੈ ਤਾਂ ਇਸ ਕ੍ਰੋਧ ਦਾ ਸੁਭਾਵ ਵਿਅਕਤੀਗਤ ਨਾ ਹੋ ਕੇ ਸਾਧਾਰਣੀਕਰਣ ਦੀ ਵਿਧੀ ਦੁਆਰਾ ਸਮੂਹਿਕ ਹੋ ਜਾਂਦਾ ਹੈ।'[40]

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥
ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥[41]

ਰਾਜੇ ਸ਼ੀਹ ਮੁਕੱਦਮ ਕੁਤੇ॥
ਜਾਇ ਜਗਾਇਨ ਬੈਠੇ ਸੁਤੇ॥[42]

ਸ਼ਾਂਤ ਰਸ: ਭਰਤ ਮੁਨੀ ਅਤੇ ਕਈ ਹੋਰ ਸੰਸਕ੍ਰਿਤ ਆਚਾਰੀਆਂ ਨੇ ਸ਼ਾਂਤ ਰਸ ਨੂੰ ਕਾਵਿ ਦਾ ਸੁਤੰਤਰ ਰਸ ਪਰਵਾਨ ਨਹੀਂ ਕੀਤਾ। ਗੁਰਬਾਣੀ ਸ਼ਾਂਤ ਰਸ ਨਾਲ ਭਰਭੂਰ ਹੈ। "ਤੱਤ੍ਵ-ਗਿਆਨ ਜਾਂ ਆਤਮ-ਗਿਆਨ ਮੁਕਤੀ ਦੀ ਪ੍ਰਾਪਤੀ ਲਈ ਇਕ ਉਚੇਰੀ ਵਿਧੀ ਹੈ। ਆਤਮ-ਗਿਆਨ ਵਾਸਤਵ ਅਰਥਾਂ ਵਿਚ ਗਿਆਨ-ਸਹਿਤ ਆਨੰਦ ਹੈ। ਇਹ ਗਿਆਨ-ਸਹਿਤ ਆਨੰਦ ਹੀ ਸ਼ਾਂਤ ਰਸ ਦਾ ਸਥਾਈ ਭਾਵ ਹੈ ਜੋ ਆਤਮਾ ਨੂੰ ਆਨੰਦਿਤ ਕਰਦਾ ਹੈ। ਏਥੇ ਆਤਮ-ਆਨੰਦ ਦੀ

ਪਰਿਸਥਿਤੀ ਪਰਾ-ਭੌਤਿਕ, ਅਧਿਆਤਮਿਕ ਅਤੇ ਦੇਸ਼ ਕਾਲ ਦੀਆਂ ਸੀਮਾਵਾਂ ਤੋਂ ਮੁਕਤ ਇਕ ਪਰਾ-ਆਵਸਥਾ ਵਾਲੀ ਹੈ, ਜਿਥੇ ਬਾਕੀ ਸਭ ਰਸ ਸੁਮਿਲਤ ਹੋ ਕੇ ਸ਼ਾਂਤ ਰਸ ਦੇ ਸਥਾਈ ਨਾਲ ਇਕ-ਸੁਰ ਹੋ ਜਾਂਦੀ ਹੈ।"[43]

ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ॥
ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ॥
ਮਿਤ੍ਰ ਨਿ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ॥
ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥
ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ॥[44]

ਨਾਨਕ ਤਿਸੈ ਬਸੰਤੁ ਹੈ ਜਿ ਸਤਿਗੁਰੁ ਸੇਵਿ ਸਮਾਇ॥
ਹਰਿ ਵੁਠਾ ਮਨੁ ਤਨੁ ਸਭੁ ਪਰਫੜੈ ਸਭੁ ਜਗੁ ਹਰੀਆਵਲੁ ਹੋਇ॥
ਸਬਦੇ ਸਦਾ ਬਸੰਤੁ ਹੈ ਜਿਤੁ ਤਨੁ ਮਨੁ ਹਰਿਆ ਹੋਇ॥
ਨਾਨਕੁ ਨਾਮੁ ਨ ਵੀਸਰੈ ਜਿਨਿ ਸਿਰਿਆ ਸਭੁ ਕੋਇ॥[45]
ਸਖੀਓ ਸਹੇਲੜੀਓ ਮੇਰਾ ਪਿਰ ਵਣਜਾਰਾ ਰਾਮ॥
ਹਰਿ ਨਾਮ ਵਣਜਾਰਿਆ ਰਸ ਮੇਲ ਅਪਾਰਾ ਰਾਮ॥[46]

ਡਾ.ਰਤਨ ਸਿੰਘ ਜੱਗੀ ਨੇ ਗੁਰਬਾਣੀ ਵਿਚਲੇ ਸਮੁੱਚੇ ਰਸ-ਵਿਧਾਨ ਨੂੰ ਭਗਤੀ ਰਸ ਕਿਹਾ ਹੈ ਕਿਉਂਕਿ ਹਰ ਰਸ ਪਰਿਪਕਤਾ ਵਿਚ ਪਹੁੰਚ ਕੇ ਭਗਤੀ ਰਸ ਦੇ ਰੂਪ ਵਿਚ ਸਥਾਪਿਤ ਹੁੰਦਾ ਹੈ। ਨਿਰਸੰਦੇਹ ਰਸ ਅਮਰ ਹੈ ਅਤੇ ਕਾਵਿ ਦਾ ਸਭ ਤੋਂ ਮਹੱਤਵਪੂਰਨ ਅੰਗ ਵੀ ਹੈ। ਜਦੋਂ ਤੱਕ ਕਵਿਤਾ ਰਹੇਗੀ ਰਸ ਦੀ ਸ਼੍ਰਿਸ਼ਟੀ ਨਿਰੰਤਰ ਹੋਵੇਗੀ। ਗੁਰਬਾਣੀ ਰਚਣਹਾਰਿਆਂ ਨੇ ਰਸ ਦੀ ਉਪਯੁਕਤ ਪ੍ਰਕਿਰਿਆ ਨੂੰ ਨਿਭਾਉਂਦਿਆਂ ਰਸ ਨਿਸ਼ਪਤੀ ਕੀਤੀ ਹੈ ਜੋ ਪਾਠਕਾਂ ਤੇ ਸਰੋਤਿਆਂ ਨੂੰ 'ਲੋਕੋਤਰ ਆਨੰਦ' ਦਿੰਦੀ ਹੈ ਜਿਸ ਨੂੰ ਪਰਮਾਨੰਦ ਦਾ ਇਕ ਹਿੱਸਾ ਮੰਨਿਆ ਜਾ ਸਕਦਾ ਹੈ।

## ਅੰਲਕਾਰ ਵਿਧਾਨ:

ਅਲੰਕਾਰ ਦਾ ਸਾਧਾਰਣ ਅਰਥ 'ਗਹਿਣਾ' ਜਾਂ 'ਸਜਾਵਟ' ਹੈ। ਭਾਰਤੀ ਚਿੰਤਕ ਅਲੰਕਾਰ-ਰਹਿਤ ਕਾਵਿ ਨੂੰ ਉਤਕ੍ਰਿਸ਼ਟ ਨਹੀਂ ਮੰਨਦੇ। ਕਾਵਿ ਅੰਦਰ ਉਚੇਚੀ ਸੁੰਦਰਤਾ ਲਿਆਉਣ ਵਾਲੇ ਤੱਤ ਅਲੰਕਾਰ ਹਨ। 'ਸ਼ਬਦ ਅਤੇ ਅਰਥ ਦੇ ਵਰਣਨ ਕਰਨ ਦੀ ਰੀਤਿ, ਜੋ ਕਾਵਯ ਦੀ ਸ਼ੋਭਾ ਵਧਾਵੇ ਅਲੰਕਾਰ ਹੈ।'[47] ਸੰਸਕ੍ਰਿਤ ਦਾ ਪ੍ਰਸਿੱਧ ਵਿਦਵਾਨ ਭਾਮਹ ਅਲੰਕਾਰ ਨੂੰ ਪ੍ਰਥਮ ਸਥਾਨ ਦਿੰਦਾ ਹੈ। ਉਹ ਅਲੰਕਾਰ ਨੂੰ ਸ਼ਬਦ ਅਤੇ ਅਰਥ ਦੀ ਵਿਚਿਤ੍ਰਤਾ ਅਤੇ ਦੰਡੀ ਕਾਵਿ-ਸ਼ੋਭਾ ਨੂੰ ਵਧਾਉਣ ਵਾਲਾ ਗੁਣ ਦਰਸਾਉਂਦਾ ਹੈ।

ਡਾ. ਓਮ ਪ੍ਰਕਾਸ਼ ਆਪਣੀ ਪੁਸਤਕ ਅਲੰਕਾਰ-ਵਿਧਾਨ ਵਿਚ ਲਿਖਦਾ ਹੈ:

"ਸਾਰੀਆਂ ਕਲਾਵਾਂ ਵਿਚੋਂ ਸਾਹਿੱਤ ਜਾਂ ਕਾਵਿ-ਕਲਾ ਸਭ ਤੋਂ ਉੱਚੀ ਮੰਨੀ ਜਾਂਦੀ ਹੈ। ਉਸ ਦੀ ਉੱਚਤਾ ਦੇ ਅਨੇਕ ਸਾਧਨਾਂ ਵਿਚੋਂ ਇੱਕ ਸਾਧਨ ਅਲੰਕਾਰ ਵੀ ਹੈ।"[48]

ਡਾ. ਓਮ ਪ੍ਰਕਾਸ਼ ਅੰਲਕਾਰਾਂ ਦਾ ਹੋਰ ਸਪਸ਼ਟੀਕਰਨ ਕਰਦੇ ਆਖਦੇ ਹਨ:

"ਅਲੰਕਾਰ ਸਾਹਿੱਤਕਾਰ ਦੇ ਮਨ ਵਿਚ ਫੁਰਨ ਵਾਲੇ ਚਮਤਕਾਰ-ਭਾਵ ਦਾ ਉਹ ਰੂਪ ਹੈ ਜਿਹੜਾ ਬਾਣੀ ਦਾ ਭੂਸ਼ਣ ਅਤੇ ਕੰਨਾਂ ਲਈ ਸੁਖਦਾਇਕ ਹੈ। "[49]

ਅਲੰਕਾਰ ਵਾਸਤਵ ਵਿਚ ਕੋਈ ਨਿਸਚਿਤ ਗਿਣਤੀ ਅੰਦਰ ਸੀਮਤ ਨਹੀਂ ਹੁੰਦੇ। ਕਵੀ ਆਪਣੀ ਕਾਵਿ-ਕਲਪਨਾ ਸਹਿਤ ਕਿਸੇ ਪ੍ਰਕਾਰ ਵੀ ਕਾਵਿ-ਸ਼ੋਭਾ ਵਧਾ ਸਕਦਾ ਹੈ। ਗ੍ਰੰਥ ਸਾਹਿਬ ਦੀ ਬਾਣੀ ਵਿਚ ਅਨੇਕ ਪ੍ਰਕਾਰ ਦੇ ਅਲੰਕਾਰਾਂ ਦੀ ਵਰਤੋਂ ਹੋਈ ਹੈ, ਜੋ ਉਨ੍ਹਾਂ ਦੀ ਕਾਵਿ-ਸ਼ੋਭਾ ਨੂੰ ਵਧਾ ਰਹੇ ਹਨ।

**ਸ਼ਬਦ ਅਲੰਕਾਰ:** ਜਿਨ੍ਹਾਂ ਅਲੰਕਾਰਾਂ ਅੰਦਰ ਕੋਈ ਸ਼ਬਦ ਵਿਸ਼ੇਸ਼ ਚਮਤਕਾਰ ਦਾ ਕਾਰਨ ਹੋਵੇ, ਉਹ ਸ਼ਬਦ ਅਲੰਕਾਰ ਅਖਾਉਂਦੇ ਹਨ; ਅਰਥਾਤ ਕਾਵਿ-ਸੁਹਜ ਜਾਂ ਕਾਵਿ ਵਿਸ਼ਿਸ਼ਟਤਾ ਦਾ ਆਧਾਰ ਸ਼ਬਦ ਹੋਣ। ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਪ੍ਰਮੁੱਖ ਸ਼ਬਦ ਅਲੰਕਾਰ ਹਨ- ਅਨੁਪ੍ਰਾਸ, ਯਮਕ, ਵੀਪਸਾ ਆਦਿ।

ਅਨੁਪ੍ਰਾਸ "ਅਨੁਪ੍ਰਾਸ ਸ਼ਬਦ ਦੇ ਮੂਲ ਵਿਚ ਤਿੰਨ ਸ਼ਬਦ-ਟੂਕ ਹਨ 'ਅਨੁ', 'ਪ੍ਰ' ਅਤੇ 'ਆਸ'। ਇਨ੍ਹਾਂ ਦਾ ਸੰਮਿਲਿਤ ਅਰਥ ਹੈ (ਰਸ ਦੇ ਅਨੁਕੂਲ ਅੱਖਰਾਂ ਨੂੰ) ਉਚਿਤ ਢੰਗ ਰਾਹੀਂ ਇਕ ਦੂਜੇ ਦੇ ਨਾਲ-ਨਾਲ ਰੱਖਣਾ। ਸਵਰ ਅੱਖਰਾਂ ਦਾ ਨਾਲ ਨਾਲ ਰੱਖਣਾ ਕੋਈ ਚਮਤਕਾਰ ਪੈਦਾ ਨਹੀਂ ਕਰਦਾ। ਇਹ ਚਮਤਕਾਰ ਵਿਅੰਜਨਾ ਦੀ ਅਵ੍ਰਿੱਤੀ ਰਾਹੀਂ ਹੀ ਸੰਭਵ ਹੈ।"[50]

ਅਨੁਪ੍ਰਾਸ ਅੰਲਕਾਰ ਦੇ ਪੰਜ ਭੇਦ ਹਨ:

**ਛੇਕ ਅੰਲਕਾਰ**—ਜਿੱਥੇ ਇੱਕੋਂ ਅੱਖਰ ਸ਼ਬਦਾਂ ਦੇ ਮੁੱਢ ਤੇ ਵਿਚਕਾਰ ਕਈ ਵਾਰ ਵਰਤਿਆ ਜਾਵੇ-

ਰਾਮੈ ਰਾਮ ਰਮਤ ਸੁਖੁ ਪਾਵੈ॥[51]

ਕਥਿ ਕਥਿ ਕਥੀ ਕੋਟੀ ਕੋਟਿ ਕੋਟਿ॥[52]

ਜਾਚਕ ਜਨੁ ਜਾਚੈ ਪ੍ਰਭ ਦਾਨੁ॥[53]

ਹੁਕਮੇ ਹੋਇਆ ਹੁਕਮੁ ਬੂਝਿ ਸਮਾਈ॥[54]

ਸੋਈ ਸੋਈ ਸਦਾ ਸਚੁ ਸਾਹਿਬ ਸਾਚਾ ਸਾਚੀ ਨਾਈ॥[55]

**ਵ੍ਰਤੀ ਅੰਲਕਾਰ**- ਜਿੱਥੇ ਇਕੋਂ ਅੱਖਰ ਜਾਂ ਅੱਖਰਾਂ ਦਾ ਇੱਕਠ ਸ਼ਬਦਾਂ ਦੇ ਅਖੀਰ ਵਿਚ ਆਵੇ ਤੇ ਸ਼ਬਦਾਂ ਦੀ ਲੈਅ ਤੇ ਤੋਲ ਮਿਲਦਾ ਹੋਵੇ-

ਦਰਸਨ ਪਰਸਨ ਸਰਸਨ ਹਰਸਨ ਰੰਗਿ ਰੰਗੀ ਕਰਤਾਰੀ ਰੇ॥[56]

ਓਹੁ ਧਨਵੰਤੁ ਕੁਲਵੰਤੁ ਪਤਿਵੰਤੁ॥

ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ॥[57]

ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ॥ [58]

**ਛੁਤੀ ਅੰਲਕਾਰ**-ਜਿਸ ਵਾਕ ਦੇ ਸ਼ਬਦਾਂ ਦੇ ਅੱਖਰਾਂ ਦਾ ਉਚਾਰਨ ਮੂੰਹ ਦੇ ਇਕੋ ਹਿੱਸੇ ਵਿਚੋਂ ਹੁੰਦਾ ਹੋਵੇ-

ਤਿਥੈ ਘੜੀਐ ਸੁਰਾ ਸਿਧਾ ਕੀ ਸੁਧ॥ [59]

**ਲਾਟ ਅਨੁਪ੍ਰਾਸ**- ਜਦੋਂ ਕਿਸੇ ਵਾਕ ਜਾਂ ਤੁੱਕ ਵਿਚ ਸ਼ਬਦ ਅਜਿਹੇ ਹੋਣ ਤੇ ਇਸ ਤਰ੍ਹਾਂ ਨਾਲ ਜੁੜੇ ਹੋਣ ਕਿ ਵਿਸਰਾਮ ਬਦਲ ਲੈਣ ਨਾਲ ਅਰਥ ਹੋਰ ਹੋ ਜਾਣ-

ਗਾਵੈ ਕੋ ਤਾਣ ਹੋਵੈ ਕਿਸੇ ਤਾਣ॥ [60]

ਹਮ ਸਰ ਦੀਨ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ॥ [61]

**ਅੰਤ ਅਨੁਪ੍ਰਾਸ**- ਜਦੋਂ ਤੁਕਾਂ ਦੇ ਅਖੀਰ ਵਿਚ ਸ਼ਬਦ ਤਾਂ ਵੱਖ-ਵੱਖ ਹੋਣ ਪਰ ਸ਼ਬਦਾਂ ਦੇ ਅਖੀਰਲੇ ਅੱਖਰ ਤੇ ਉਨ੍ਹਾਂ ਦੀ ਸੁਰ ਮਿਲਦੀ ਹੋਵੇ ਤਾਂ ਅੰਤ ਅਨੁਪ੍ਰਾਸ ਹੁੰਦਾ ਹੈ-

ਠਾਕੁਰ ਕੇ ਸੇਵਕ ਕੈ ਮਨਿ ਪਰਤੀਤਿ॥
ਠਾਕੁਰ ਕੇ ਸੇਵਕ ਕੀ ਨਿਰਮਲ ਰੀਤਿ॥
ਠਾਕੁਰ ਕਉ ਸੇਵਕੁ ਜਾਨੈ ਸੰਗਿ॥
ਪ੍ਰਭੁ ਕਾ ਸੇਵਕ ਨਾਮ ਕੈ ਰੰਗਿ॥ [62]

ਮਾਨਸ ਜਤਨ ਕਰਤ ਬਹੁ ਭਾਤਿ॥
ਤਿਸ ਕੇ ਕਰਤਬ ਬਿਰਥੇ ਜਾਤਿ॥
ਮਾਰੈ ਨ ਰਾਖੈ ਅਵਰੁ ਨ ਕੋਇ॥
ਸਰਬ ਜੀਆ ਕਾ ਰਾਖਾ ਸੋਇ॥ [63]

**ਯਮਕ ਅੰਲਕਾਰ:** ਯਮਕ ਦਾ ਅਰਥ ਹੈ ਜੋੜਾ ਭਾਵ ਸ਼ਬਦਾਂ ਦਾ ਜੋੜਾ। ਇਸ ਅੰਦਰ ਇਕੋ ਸ਼ਬਦ ਅਨੇਕ ਵਾਰ ਵਰਤਿਆ ਜਾਂਦਾ ਹੈ, ਪਰ ਉਸਦਾ ਅਰਥ ਅਲਗ ਅਲਗ ਹੁੰਦਾ ਹੈ।

ਇਕਨਾ ਨਾਦੁ ਨ ਬੇਦੁ ਨ ਗੀਅ ਰਸੁ ਰਸ ਕਸ ਨ ਜਾਣੰਤਿ॥ [64]

ਇਸ ਵਿੱਚ 'ਰਸ' ਦੋ ਬਾਰ ਆਇਆ ਹੈ ਪਹਿਲਾ 'ਰਸ' ਗੀਤ ਦਾ ਰਸ ਭਾਵ ਉਹ ਜੋਗੀ ਨਾ ਗਿਆਨੀ ਤੇ ਨਾ ਰਾਗੀ ਹਨ। ਦੂਸਰਾ 'ਰਸ' ਕੁਸੈਲਾ ਆਦਿ ਛੇ ਰਸ ਭਾਵ ਢੰਗ ਮੰਦਾ ਹੈ।

ਸੋ ਜੀਵਤ ਜਿਹ ਜੀਵਤ ਜਪਿਆ [65] ਗੁਰੂ-ਵਾਕ ਵਿਚ 'ਜੀਵਤ' ਯਮਕ ਅਲੰਕਾਰ ਦੀ ਉਦਾਹਰਨ ਹੈ।

**ਵੀਪਸਾ-** ਜਦੋਂ ਕ੍ਰੋਧ, ਹੈਰਾਨੀ, ਪ੍ਰੇਮ, ਘ੍ਰਿਣਾ ਆਦਿ ਕਿਸੇ ਭਾਵ ਨੂੰ ਪ੍ਰਗਟਾਉਣ ਲਈ ਇਕ ਸ਼ਬਦ ਦੀ ਵਰਤੋਂ ਬਾਰ ਬਾਰ ਕੀਤੀ ਜਾਂਦੀ ਹੈ ਉੱਥੇ ਵੀਪਸਾ ਅੰਲਕਾਰ ਹੁੰਦਾ ਹੈ।'ਬਹੁਤੇ ਗਿਲੇ, ਸ਼ਿਕਵੇ ਜਾਂ ਘ੍ਰਿਣਾ ਦੇ ਭਾਵ ਖੁਸ਼ੀ ਨਾਲ ਜਿਆਦਾ ਪੇਸ਼ ਹੋਏ ਮਿਲਦੇ ਹਨ। ਅਜਿਹੇ ਭਾਵਾਂ ਨੂੰ ਅਭਿਵਿਅਕਤ ਕਰਨ ਲਈ ਜੋ ਸ਼ਬਦ ਬਾਰ-ਬਾਰ ਜਾਂ ਪੂਰੀ ਤੁਕ ਹੀ ਬਾਰ-ਬਾਰ

ਦੁਹਰਾਈ ਜਾਵੇ ਤਾਂ ਉਥੇ ਵੀਪਸਾ ਅਲੰਕਾਰ ਹੁੰਦਾ ਹੈ। '[66]

ਵਾਹੁ ਵਾਹੁ ਸਤਿਗੁਰੁ ਸਤਿ ਪੁਰਖੁ ਹੈ ਜਿਸ ਨੇ ਸਮਤੁ ਸਭ ਕੋਇ॥
ਵਾਹੁ ਵਾਹੁ ਸਤਿਗੁਰੁ ਨਿਰਵੈਰੁ ਹੈ ਜਿਸੁ ਨਿੰਦਾ ਉਸਤਤਿ ਤੁਲਿ ਹੋਇ॥[67]

ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ॥[68]

ਭਲਾ ਭਲਾ ਭਲਾ ਤੇਰਾ ਰੂਪ॥ਅਤਿ ਸੁੰਦਰ ਅਪਾਰ ਅਨੂਪ॥
ਨਿਰਮਲ ਨਿਰਮਲ ਨਿਰਮਲ ਤੇਰੀ ਬਾਣੀ॥ ਘਟਿ ਘਟਿ ਸੁਨੀ ਸ੍ਰਵਨ ਬਖਾਣੀ॥
ਪਵਿਤ੍ਰ ਪਵਿਤ੍ਰ ਪਵਿਤ੍ਰ ਪੁਨੀਤ ਨਾਮ ਜਪੈ ਨਾਨਕ ਮਨਿ ਪ੍ਰੀਤਿ॥[69]

ਅਰਥ ਅਲੰਕਾਰ: ਜਦੋਂ ਕਾਵਿ ਵਿਚਲਾ ਵਿਸ਼ਿਸ਼ਟਪਨ ਜਾਂ ਸੁਹਜ ਅਰਥਾਂ ਤੇ ਆਧਾਰਿਤ ਹੁੰਦਾ ਹੈ ਓੱਥੇ ਅਰਥ ਅੰਲਕਾਰ ਹੁੰਦਾ ਹੈ ਅਰਥਾਤ ਜਿਹੜੇ ਅਲੰਕਾਰ ਕਿਸੇ ਸ਼ਬਦ-ਵਿਸ਼ੇਸ਼ ਦੇ ਆਸ਼੍ਰਿਤ ਨਹੀਂ ਹੁੰਦੇ ਅਤੇ ਜਿਨ੍ਹਾਂ ਵਿਚ ਚਮਤਕਾਰ ਦਾ ਕਾਰਨ ਅਰਥ ਹੁੰਦਾ ਹੈ, ਉਨ੍ਹਾਂ ਨੂੰ ਅਰਥਾਲੰਕਾਰ ਕਿਹਾ ਜਾਂਦਾ ਹੈ। ਜਿਸ ਸ਼ਬਦ ਦੇ ਅਰਥ ਵਿਚ ਚਮਤਕਾਰ ਹੁੰਦਾ ਹੈ, ਉਸ ਸ਼ਬਦ ਨੂੰ ਬਦਲ ਕੇ ਉਸ ਦੀ ਥਾਂ ਤੇ ਉਸਦਾ ਕੋਈ ਹੋਰ ਸਮਾਨਾਰਥਕ ਜਾਂ ਪਰਿਆਇਵਾਚੀ ਸ਼ਬਦ ਵਰਤਣ ਨਾਲ ਵੀ ਚਮਤਕਾਰ ਬਣਿਆ ਰਹਿੰਦਾ ਹੈ।

**ਉਪਮਾ ਅੰਲਕਾਰ-** 'ਉਪਮਾ' ਸ਼ਬਦ ਦੀ ਵਿਉਂਤ 'ਉਪ' ਅਤੇ 'ਮਾ' ਤੋਂ ਰਲ ਕੇ ਹੋਈ ਹੈ। 'ਉਪ' ਦਾ ਅਰਥ ਹੈ ਨੇੜੇ, ਸਮਾਨ। 'ਮਾ' ਦਾ ਅਰਥ ਹੈ ਤੋਲਣਾ। ਭਾਵ ਕਿਸੇ ਵਸਤੂ ਦੀ ਸਮਾਨਤਾ ਕਰਕੇ ਤੋਲਿਆ ਅਰਥਾਤ ਪਰਖਿਆ ਜਾਂਦਾ ਹੈ। 'ਜਿਸ ਉਕਤਿ ਵਿਚ ਉਪਮਾਨ ਉਪਮੇਯ ਦੇ ਭਿੰਨ ਹੋਣ ਪਰ ਭੀ, ਉਨ੍ਹਾਂ ਦੇ ਸਾਧਾਰਣ ਧਰਮ ਦੀ ਸਮਤਾ ਕਥਨ ਕਰੀ ਜਾਵੇ, ਉਹ 'ਉਪਮਾ ' ਅਲੰਕਾਰ ਹੈ। ਉਪਮਾ ਅਲੰਕਾਰ ਵਿਚ ਚਾਰ ਅੰਗ ਉਪਮਾਨ, ਉਪਮੇਯ, ਧਰਮ ਅਤੇ ਵਾਚਕ ਹੁੰਦੇ ਹਨ। 'ਉਪਮਾਨ ' ਤੋਂ ਭਾਵ ਹੈ, ਜਿਸ ਦੀ ਤੁਲਯਤਾ ਕਿਸੇ ਨੂੰ ਦੇਇਏ ; 'ਉਪਮੇਯ' ਤੋਂ ਭਾਵ ਹੈ, ਜਿਸ ਨੂੰ ਤੁਲਯਤਾ ਦੇਈਏ ; 'ਧਰਮ ' ਤੋਂ ਭਾਵ ਹੈ 'ਸਾਧਾਰਣ ਧਰਮ ', ਜੋ ਉਪਮਾਨ ਅਤੇ ਉਪਮੇਯ ਵਿਖੇ ਸਮਾਨ ਗੁਣ ਰਹਿੰਦਾ ਹੈ ਅਤੇ 'ਵਾਚਕ 'ਤੋਂ ਭਾਵ ਹੈ ਜੋ ਉਪਮਾਨ ਉਪਮੇਯ ਦੇ ਸਾਧਾਰਣ ਧਰਮ ਨੂੰ ਤੁਲਯ ਬੋਧਨ ਕਰਦਾ ਹੈ, ਜੈਸਾ, ਤੈਸਾ, ਜਿਉਂ, ਤਿਉਂ ਆਦਿ। '[70]
ਡਾ.ਓਮ ਪ੍ਰਕਾਸ਼ ਅਨੁਸਾਰ:
"ਜਿੱਥੇ ਕਿਸੇ ਵਸਤੂ ਦੇ ਰੂਪ-ਗੁਣ ਦੀ ਵਿਸ਼ੇਸ਼ਤਾ ਪ੍ਰਗਟ ਕਰਨ ਲਈ, ਕਿਸੇ ਵਾਧੂ ਉਤਕਰਸ਼ ਵਾਲੀ ਵਸਤੂ ਨਾਲ ਇਸ ਦੀ ਸਮਾਨਤਾ ਕੀਤੀ ਜਾਂਦੀ ਹੈ, ਉਥੇ ਉਪਮਾ ਅਲੰਕਾਰ ਹੁੰਦਾ ਹੈ।"[71]

ਜਿਉ ਮੀਨਾ ਬਿਨੁ ਪਾਣੀਐ ਤਿਉ ਸਾਕਤੁ ਮਰੈ ਪਿਆਸ॥[72]

ਇਸ ਕਾਵਿ-ਟੂਕ ਵਿਚ 'ਸਾਕੁਤ' ਉਪਮੇਯ ਹੈ, 'ਮੀਨਾ' ਉਪਮਾਨ ਹੈ, 'ਪਿਆਸ' ਸਮਾਨ ਧਰਮ ਹੈ ਅਤੇ 'ਜਿਉਂ ਤਿਉ' ਵਾਚਕ ਸ਼ਬਦ ਹਨ।ਇਸੇ ਤਰ੍ਹਾਂ ਹੋਰ ਉਦਾਹਰਨਾਂ ਦਾ ਅਧਿਐਨ ਕੀਤਾ ਜਾ ਸਕਦਾ ਹੈ-

ਜੈਸੇ ਜਲ ਮਹਿ ਕਮਲੁ ਨਿਰਾਲਮ ਮੁਰਗਾਈ ਨੈਸਾਣੈ॥
ਸੁਰਤ ਸਬਦਿ ਭਵ ਸਾਗਰ ਤਰੀਐ ਨਾਨਕ ਨਾਮ ਵਖਾਣੈ॥[73]

ਇਹ ਤਨ ਐਸਾ ਜੈਸੇ ਘਾਸ ਕੀ ਟਾਟੀ॥
ਜਲ ਗਇਓ ਘਾਸ ਰਲ ਗਇਓ ਮਾਟੀ॥[74]

ਰੂਪਕ ਅੰਲਕਾਰ- ਰੂਪਕ ਸ਼ਬਦ ਦਾ ਅਰਥ ਹੈ ਰੂਪ ਧਾਰਨ ਕਰਨਾ। ਕਵਿਤਾ ਅੰਦਰ ਕਈ ਵਾਰ ਉਪਮੇਯ ਉਪਮਾਨ ਦਾ ਰੂਪ ਧਾਰਨ ਕਰ ਲੈਂਦਾ ਹੈ ਅਰਥਾਤ ਦੋਵੇਂ ਇਕ-ਰੂਪ ਜਾਪਦੇ ਹਨ। 'ਸ੍ਵਰੂਪ ਅਥਵਾ ਗੁਣ ਕਰਕੇ ਕਿਸੀ ਜੇਹਾ ਰੂਪ ਧਾਰਣ ਵਾਲਾ 'ਰੂਪਕ' ਅਲੰਕਾਰ ਹੈ। ਅਰਥਾਤ ਬਿਨਾਂ ਨਿਸ਼ੇਧ ਦੇ ਉਪਮਾਨ ਅਤੇ ਉਪਮੇਯ ਨੂੰ ਇਕ ਰੂਪ ਠਹਿਰਾਉਣਾ।'[75] ਰੂਪਕ ਅਲੰਕਾਰ ਵਿਚ ਉਪਮਾਨ ਅਤੇ ਉਪਮੇਯ ਦੀ ਗੁਣ-ਪੱਖ ਤੋਂ ਇਕ-ਰੂਪਤਾ ਦਰਸਾਈ ਜਾਂਦੀ ਹੈ-

ਨਾਨਕ ਚਾਤ੍ਰਿਕ ਅੰਮ੍ਰਿਤ ਜਲੁ ਮਾਗੈ ਹਰਿ ਜਸੁ ਦੀਜੈ ਕਿਰਪਾ ਧਾਰਿ॥[76]
ਇਨ੍ਹਾਂ ਕਾਵਿ-ਟੂਕਾਂ ਵਿਚ 'ਨਾਨਕ' ਉਪਮੇਯ 'ਸਾਰੰਗ' ਅਤੇ 'ਚਾਤ੍ਰਿਕ' ਹੋ ਗਿਆ ਹੈ। ਅਰਥਾਤ ਗੁਣ-ਪੱਖ ਤੋਂ 'ਨਾਨਕ', 'ਸਾਰੰਗ' ਅਤੇ 'ਚਾਤ੍ਰਿਕ' ਇਕ ਰੂਪ ਹੋ ਗਏ ਹਨ। ਇਸ ਕਰਕੇ ਇਸ ਨੂੰ ਰੂਪਕ ਅਲੰਕਾਰ ਕਿਹਾ ਜਾਂਦਾ ਹੈ। ਇਸ ਪ੍ਰਕਾਰ ਹੋਰ ਹਵਾਲਿਆਂ ਵਿਚ ਰੂਪਕ ਅੰਲਕਾਰਾਂ ਨੂੰ ਵਿਚਾਰਿਆ ਜਾ ਸਕਦਾ ਹੈ-
ਗਗਨ ਮੈ ਥਾਲ ਰਵਿ ਚੰਦ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥[77]
ਜਤੁ ਪਹਾਰਾ ਧੀਰਜ ਸੁਨਿਆਰ॥
ਅਹਿਰਣਿ ਮਤਿ ਵੇਦ ਹਥੀਆਰ॥[78]

ਜਉ ਤੁਮ ਗਿਰਵਰ ਤਉ ਹਮ ਮੋਰਾ॥
ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ॥[79]

ਉਲੇਖ ਅੰਲਕਾਰ: ਉਲੇਖ ਸ਼ਬਦ ਦਾ ਸਧਾਰਨ ਅਰਥ ਹੈ ਵਰਣਨ ਕਰਨਾ। ਕਿਸੇ ਗੱਲ ਦਾ ਵਿਸ਼ੇਸ਼ ਰੀਤੀ ਨਾਲ ਵਰਣਨ

ਕਰਨਾ ਚਮਤਕਾਰ ਹੁੰਦਾ ਹੈ। ਜਦੋਂ ਇਕੋ ਵਸਤੂ ਨੂੰ ਅਨੇਕ ਰੂਪਾਂ ਦੁਆਰਾ ਪ੍ਰਗਟਾਇਆ ਜਾਵੇ, ਉਸ ਨੂੰ 'ਉਲੇਖ ਅਲੰਕਾਰ' ਕਿਹਾ ਜਾਂਦਾ ਹੈ।
"ਇਕ ਵਸਤੂ ਨੂੰ ਇਕ ਹੀ ਪੁਰਸ਼ ਅਨੇਕ ਰੂਪ ਦੇਖੇ, ਉਹ ਉਲੇਖ ਅਲੰਕਾਰ ਹੈ।"[80]
"ਜਿੱਥੇ ਕਿਸੇ ਵਸਤੂ ਦਾ ਅਨੇਕ ਰੂਪਾਂ ਵਿਚ ਵਰਨਣ ਕੀਤਾ ਜਾਵੇ, ਉਥੇ ਉਲੇਖ ਅਲੰਕਾਰ ਹੁੰਦਾ ਹੈ। "[81]

ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰ ਤੂ ਹੰਸ॥
ਕਉਲੁ ਤੂ ਹੈ ਕਵੀਆ ਤੂ ਹੈ ਆਪੇ ਵੇਖਿ ਵਿਗਸੁ॥[82]

ਦੀਪਕ ਅੰਲਕਾਰ: ਉਪਮੇਯ ਅਤੇ ਉਪਮਾਨ ਨੂੰ ਇਕੋ ਹੀ ਪਦ ਪ੍ਰਕਾਸ਼ੇ, ਉਹ ਦੀਪਕ ਅਲੰਕਾਰ ਹੈ। ਜਿਸ ਤਰ੍ਹਾਂ ਇਕ ਥਾਂ ਤੇ ਰਖਿਆ ਗਿਆ ਦੀਪਕ ਆਪਣੇ ਆਸ-ਪਾਸ ਦੀਆਂ ਸਭ ਵਸਤੂਆਂ ਨੂੰ ਪ੍ਰਕਾਸ਼ਮਾਨ ਕਰ ਦੇਂਦਾ ਹੈ ਉਸੇ ਤਰ੍ਹਾਂ ਇਸ ਅਲੰਕਾਰ ਅੰਦਰ ਇਕੋ ਧਰਮ ਉਪਮੇਯ ਤੇ ਉਪਮਾਨ ਦੋਹਾਂ ਨਾਲ ਜੁੜਿਆ ਰਹਿੰਦਾ ਹੈ।
"ਜਿੱਥੇ ਪ੍ਰਸਤੁਤ (ਉਪਮੇਯ) ਅਤੇ ਅਪ੍ਰਸਤੁਤ (ਉਪਮਾਨ) ਅੰਦਰ ਇਕੋ ਧਰਮ ਦਾ ਕਥਨ ਹੋਵੇ ਅਰਥਾਤ ਇੱਕੋ ਕ੍ਰਿਆਵਾਚਕ ਸ਼ਬਦ ਰਾਹੀਂ ਉਪਮੇਯ ਅਤੇ ਉਪਮਾਨ ਦਾ ਸੰਬੰਧ ਜੁੜਿਆ ਹੋਵੇ, ਉੱਥੇ ਦੀਪਕ ਅਲੰਕਾਰ ਹੁੰਦ ਹੈ।"[83]

ਸੋਈ ਗਿਆਨੀ ਸੋਈ ਧਿਆਨੀ ਸੋਈ ਪੁਰਖੁ ਸੁਭਾਈ॥
ਗੁਰ ਪਰਸਾਦਿ ਮਿਟਿਓ ਅਗਿਆਨਾ ਪ੍ਰਗਟ ਭਏ ਸਭ ਠਾਈ॥[84]

ਸੋਈ ਮੁਕੰਦੁ ਮੁਕਤਿ ਕਾ ਦਾਤਾ॥ ਸੋਈ ਮੁਕੰਦੁ ਹਮਰਾ ਪਿਤ ਮਾਤਾ॥
ਜੀਵਤ ਮੁਕੰਦੇ ਮਰਤ ਮੁਕੰਦੇ॥ ਤਾ ਕੇ ਸੇਵਕ ਕਉ ਸਦਾ ਅਨੰਦੇ॥[85]

ਅਤਿਕਥਨੀ ਅੰਲਕਾਰ: ਜਦੋਂ ਕਿਸੇ ਵਸਤੂ ਜਾਂ ਤੱਥ ਨੂੰ ਵਧਾ-ਚੜ੍ਹਾ ਕੇ ਬਿਆਨ ਕੀਤਾ ਜਾਵੇ। ਉਸ ਵਿਚ ਅਮੰਨਣਯੋਗ ਗੱਲ ਜਾਪੇ।
ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥[86]

ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ॥
ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ॥
ਭੀ ਤੇਰੀ ਕੀਮਤ ਨ ਪਵੈ ਹਉ ਕੇਵਡੁ ਆਖਾ ਨਾਉ॥[87]

ਦ੍ਰਿਸ਼ਟਾਂਤ ਅੰਲਕਾਰ: "ਕਿਸੇ ਪ੍ਰਯੋਗ ਅਥਵਾ ਵਸਤੂ ਦਾ ਪੂਰਾ ਗਿਆਨ ਕਰਵਾਉਣ ਲਈ, ਕਿਸੇ ਸਮਾਨ ਧਰਮ ਵਾਲੀ ਵਸਤੂ ਦਾ ਕਥਨ, ਅਰਥਾਤ ਉਪਮੇਯ ਦੀ ਪ੍ਰਤਿਬਿੰਬ ਰੂਪ ਮਿਸਾਲ ਦਾ ਵਰਣਨ 'ਦ੍ਰਿਸ਼ਟਾਂਤ' ਅਲੰਕਾਰ ਹੈ।"[88]

ਜਿਨ ਸਤਿਗੁਰੂ ਇਕ ਮਨਿ ਸੇਵਿਆ ਤਿਨ ਜਨ ਲਾਗਉ ਪਾਇ॥
ਗੁਰ ਸਬਦੀ ਹਰਿ ਮਨਿ ਵਸੈ ਮਾਇਆ ਕੀ ਭੁਖਿ ਜਾਇ॥
ਸੇ ਜਨ ਨਿਰਮਲ ਉਜਲੇ ਜਿ ਗੁਰਮੁਖਿ ਸਾਮਿ ਸਮਾਇ॥[89]

ਜੈਸੋ ਰੰਗ ਕਸੁੰਭ ਕਾ ਤੈਸੋ ਇਹ ਸੰਸਾਰ॥
ਮੇਰੇ ਰਮਈਏ ਰੰਗ ਮਜੀਠਾ ਕਾ ਕਹੁ ਰਵਿਦਾਸ ਚਮਾਰ॥[90]

ਭਰੀਐ ਹਥੁ ਪੈਰੁ ਤਨੁ ਦੇਹ॥ਪਾਣੀ ਧੋਤੈ ਉਤਰਸੁ ਖੇਹ॥
ਮੂਤ ਪਲੀਤੀ ਕਪੜੁ ਹੋਇ॥ਦੇ ਸਾਬਣ ਲਈਐ ਓਹੁ ਧੋਇ॥
ਭਰੀਐ ਮਤਿ ਪਾਪਾ ਕੇ ਸੰਗਿ॥ਓਹੁ ਧੋਪੈ ਨਾਵੈ ਕੈ ਰੰਗਿ॥[91]

**ਪ੍ਰਸ਼ਨੋਤਰ ਅੰਲਕਾਰ**– ਜੋ ਅੰਲਕਾਰ ਪ੍ਰਸ਼ਨ ਉਤਰ ਦੇ ਕ੍ਰਮ ਤੇ ਆਧਾਰਿਤ ਹੋਵੇ–
"ਧਿਗੁ ਤਿਨਾ ਕਾ ਜੀਵਿਆ ਕਿਤੁ ਆਏ ਸੰਸਾਰਿ॥
ਗੁਰਮਤੀ ਭਉ ਮਨਿ ਪਵੈ ਤਾ ਹਰਿ ਰਸਿ ਲਗੈ ਪਿਆਰਿ॥[92]

ਕਿਵ ਸਚਿਆਰਾ ਹੋਈਐ ਕਿਵ ਕੂੜੇ ਤੁਟੈ ਪਾਲਿ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥[93]

ਲੋਕੋਕਤੀ ਅੰਲਕਾਰ ਦਾ ਅਰਥ ਹੈ ਅਖਾਣ ਜਾਂ ਅਖੌਤ ਦੀ ਵਰਤੋਂ। ਅਰਥਾਤ ਜਦੋਂ ਲੋਕਾਂ ਦੇ ਮੂੰਹ ਤੇ ਚੜ੍ਹੀ ਕਿਸੇ ਅਖੌਤ ਨੂੰ ਕਿਸੇ ਮੁਨਾਸਿਬ ਮੌਕੇ ਤੇ ਵਰਤਿਆ ਜਾਵੇ। ਕਿਸੇ ਗਲ ਦੀ ਪੁਸ਼ਟੀ ਲਈ ਇਸ ਅੰਲਕਾਰ ਨੂੰ ਵਰਤਿਆ ਜਾਂਦਾ ਹੈ–

ਗੁਰ ਬਿਨੁ ਗਿਆਨੁ ਧਰਮ ਬਿਨੁ ਧਿਆਨੁ॥[94]
ਸਚੁ ਬਿਨੁ ਸਾਖੀ ਮੂਲੋ ਨ ਬਾਕੀ॥[95]

ਸੰਕਰ ਅਲੰਕਾਰ: ਸੰਕਰ ਸ਼ਬਦ ਦਾ ਵਿਆਕਰਨਕ ਅਰਥ ਹੈ ਮਿਸ਼੍ਰਣ ਭਾਵ ਇਕ ਤੋਂ ਵਧ ਦਾ ਆਪੋਂ ਵਿਚ ਮੇਲ।

"ਜਿੱਥੇ ਇਕ ਤੋਂ ਵੱਧ ਸ਼ਬਦ ਜਾਂ ਅਰਥ ਅਲੰਕਾਰ ਦੁੱਧ-ਪਾਣੀ ਵਾਂਗੂੰ ਆਪੋ ਵਿਚ ਮਿਲੇ ਹੋਏ ਹੋਣ, ਉੱਥੇ ਸੰਕਰ ਅਲੰਕਾਰ ਹੁੰਦਾ ਹੈ। "[96]

ਨਾਲਿ ਇਆਣੇ ਦੋਸਤੀ ਵਡਾਰੂ ਸਿਉ ਨੇਹੁ॥
ਪਾਣੀ ਅੰਦਰ ਲੀਕ ਜਿਉ ਤਿਸ ਦਾ ਥਾਉ ਨ ਥੇਹੁ॥[97]

ਵਿਖਮ ਅੰਲਕਾਰ: ਜਿੱਥੇ ਭਾਂਤ ਭਾਂਤ ਦੇ ਪਰਮ ਗੁਣ ਵਾਲੀਆਂ ਅਨਮੋਲ ਵਸਤਾਂ ਦਾ ਸੰਬੰਧ ਵਰਣਨ ਕੀਤਾ ਜਾਵੇ ਉੱਥੇ ਵਿਖਮ ਅੰਲਕਾਰ ਹੁੰਦਾ ਹੈ-

ਹਮ ਅਉਗਨ ਤੁਮ ਉਪਕਾਰੀ॥[98]

ਗੁਰਬਾਣੀ ਵਿਚੋਂ ਅੰਲਕਾਰਾਂ ਦੀਆਂ ਪੇਸ਼ ਕੀਤੀਆਂ ਸੀਮਿਤ ਜਿਹੀਆਂ ਉਦਾਹਰਨਾਂ ਤੋਂ ਇਹ ਗਲ ਸਹਿਜੇ ਹੀ ਸਪਸ਼ਟ ਹੋ ਜਾਂਦੀ ਹੈ ਕਿ ਬੇਸ਼ਕ ਬਾਣੀਕਾਰਾਂ ਦਾ ਪਿਛੋਕੜ ਧਾਰਮਿਕ ਜਾਂ ਰੂਹਾਨੀ ਹੈ ਪਰ ਉਨ੍ਹਾਂ ਦੀ ਕਾਵਿ-ਕੁਸ਼ਲਤਾ ਤੋਂ ਵੀ ਇਨਕਾਰੀ ਨਹੀਂ ਹੋਇਆ ਜਾ ਸਕਦਾ। ਆਪ ਨੇ ਜਿਸ  ਸਹਿਜ ਸੁਭਾਵਕਤਾ ਤੇ ਬਿਨਾਂ ਕਿਸੇ ਉਚੇਚ ਜਾਂ ਤਰਦੱਦ ਦੇ ਅੰਲਕਾਰਾਂ ਨੂੰ ਨਿਭਾਇਆ ਹੈ ਉਹ ਬਾਕਮਾਲ ਹੈ।ਬਾਣੀਕਾਰਾਂ ਨੇ ਅੰਲਕਾਰਾਂ ਨੂੰ ਕੇਵਲ ਸੁਹਜ-ਸੁਆਦ ਦੀ ਦ੍ਰਿਸ਼ਟੀ ਤੋਂ ਨਹੀਂ ਵਰਤਿਆ ਬਲਕਿ ਉਨਾਂ ਦਾ ਉਦੇਸ਼ ਨਵੇਂ ਅਰਥ, ਨਵੀਂ ਸਮਰੱਥਾ ਤੇ ਵਿਸ਼ੇਸ਼ ਸਪਸ਼ਟਤਾ ਪ੍ਰਦਾਨ ਕਰਨਾ ਹੈ।ਅੰਲਕਾਰਾਂ ਦੀ ਵਰਤੋਂ ਪ੍ਰਸੰਗ ਅਨੁਕੂਲ, ਸਥਾਨ, ਪ੍ਰਸਥਿਤੀ ਅਤੇ ਉਦੇਸ਼ ਮੁਤਾਬਕ ਢੁਕਵੀਂ ਤੇ ਸਾਰਥਕ ਹੈ। ਕੇਵਲ ਰੂਪਾਤਮਕ ਮਹੱਤਵ ਦੇ ਪ੍ਰਸੰਗ ਵਿਚ ਅੰਲਕਾਰਾਂ ਦੀ ਵਰਤੋਂ ਨਹੀਂ ਕੀਤੀ ਗਈ। ਅੰਲਕਾਰ ਭਾਵਾਂ ਦੇ ਚਮਤਕਾਰ ਪ੍ਰਦਰਸ਼ਨ ਲਈ ਨਹੀਂ ਸਗੋਂ ਰਹੱਸ ਅਨੁਭੂਤੀ ਨੂੰ ਤੀਬਰ ਕਰਨ ਲਈ ਵਰਤੇ ਗਏ ਹਨ।

## ਬਿੰਬ-ਵਿਧਾਨ:

ਬਿੰਬ ਨੂੰ ਕਾਵਿ-ਕਲਾ ਦਾ ਬੁਨਿਆਦੀ ਤੱਤ ਸਵੀਕਾਰਿਆ ਗਿਆ ਹੈ। ਬਿੰਬ ਇਕ ਇਹੋ ਜਿਹਾ ਸ਼ਬਦ ਚਿੱਤਰ ਹੁੰਦਾ ਹੈ ਜੋ ਪਾਠਕਾਂ ਤੇ ਸਰੋਤਿਆਂ ਵਿਚ ਉਹੋ ਜਿਹਾ ਵੇਗ ਤੇ ਆਵੇਸ਼ ਪੈਦਾ ਕਰ ਦਿੰਦਾ ਹੈ ਜੋ ਕਵੀ ਦੀ ਚੇਤਨਾ ਵਿਚ ਮੌਜੂਦ ਹੁੰਦਾ ਹੈ। ਰਾਬਨਸਨ ਕੈਲਟਨ ਅਨੁਸਾਰ ਬਿੰਬ ਅਜਿਹਾ ਸ਼ਬਦ ਚਿੱਤਰ ਹੈ ਜੋ ਇੰਦ੍ਰਿਆਵੀਂ ਬੋਧ ਨੂੰ ਉਜਾਗਰ ਕਰ ਦਿੰਦਾ ਹੈ। ਬਿੰਬ ਕਿਸੇ ਵਸਤੂ ਦੀ ਮਾਨਸਿਕ ਪ੍ਰਤੀਨਿਧਤਾ ਹੈ ਜੋ ਕਿਸੇ ਅਨੁਬੋਧ ਦੀ ਥਾਂ ਸਿਮਰਤੀ ਜਾਂ ਕਲਪਨਾ ਦੁਆਰਾ ਕੀਤੀ ਕੀਤੀ ਜਾਂਦੀ ਹੈ। ਅੰਗਰੇਜ਼ੀ ਪੰਜਾਬੀ ਕੋਸ਼ ਵਿੱਚ ਬਿੰਬ ਨੂੰ ਮੂਰਤੀ, ਬੁੱਤ, ਚਿੱਤਰ, ਮੂਰਤ, ਪ੍ਰਤੀਬਿੰਬ, ਅਕਸ, ਪਰਛਾਈ, ਪ੍ਰਤੀਰੂਪ, ਸਮਰੂਪ ਖਿਆਲ ਕਰਨਾ, ਉਪਮਾ, ਰੂਪਕ ਆਦਿ ਅਨੇਕ ਅਰਥ ਦਿੱਤੇ ਹਨ। ਬਿੰਬ ਆਪਣੇ ਸਾਰੇ ਗੁਣ ਜਿਵੇਂ ਉਤੇਜਿਕਤਾ, ਤੀਬਰਤਾ, ਮੌਲਿਕਤਾ ਜਾਣ-ਪਛਾਣ, ਉਚਿਤਤਾ ਆਦਿ ਕਵਿਤਾ ਵਿੱਚ ਉਤਾਰਦਾ ਹੈ। "ਪ੍ਰਤੀਕ ਯਥਾਰਥ ਦੀ ਅਨੇਕਤਾ ਨੂੰ ਜਿਥੇ ਸਾਮੂਹਿਕ ਪੱਖ ਤੋਂ ਸੰਕਲਪਮਈਤਾ ਬਖਸ਼ਦਾ ਹੈ ਉਥੇ ਬਿੰਬ ਅਜਿਹੀ ਸੰਕਲਪਮਈਤਾ ਨੂੰ ਬਿੰਬ (ਮੂਰਤ) ਰਾਹੀਂ ਪ੍ਰਗਟ ਕਰਦਾ ਹੈ। "[99]

ਇੰਦ੍ਰਿਆਵੀ ਬਿੰਬ- ਜਿਹੜੇ ਇੰਦਰੀਆਂ ਨਾਲ ਸਬੰਧਿਤ ਹੁੰਦੇ ਹਨ। ਦ੍ਰਿਸ਼ ਜਾਂ ਰੂਪ, ਸ਼ਬਦ ਜਾਂ ਸ੍ਰਵਣ, ਗੰਧ, ਸਵਾਦ ਅਤੇ ਸਪਰਸ਼ ਬਿੰਬ।

ਰੂਪ ਬਿੰਬ- ਇਸ ਵਿਚ ਪ੍ਰਧਾਨਤਾ ਦ੍ਰਿਸ਼ਟਤਾ ਦੀ ਹੁੰਦੀ ਹੈ।ਅੱਖਾਂ ਸਾਮ੍ਹਣੇ ਹਰ ਵਸਤੂ ਦ੍ਰਿਸ਼ਟੀਗੋਚਰ ਪ੍ਰਤੀਤ ਹੁੰਦੀ ਹੈ।

"ਕਲਰ ਕੇਰੀ ਛਪੜੀ ਕਊਆ ਮਲਿ ਮਲਿ ਨਾਇ॥ [100]

"ਮਨੁ ਤਨੁ ਧਨੁ ਆਗੈ ਰਾਖਿਆ ਸਿਰੁ ਵੇਚਿਆ ਗੁਰ ਆਗੈ ਜਾਇ॥ [101]

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥

ਭਰਿ ਸਰਵਰ ਜਬ ਊਛਲੇ ਤਬ ਤਰਣੁ ਦੁਹੇਲਾ॥ [102]

ਮਾਟੀ ਕੋ ਪੁਤਲਾ ਕੈਸੇ ਨਚਤ ਹੈ॥ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤ ਹੈ॥

ਜਬ ਕਛੁ ਪਾਵੈ ਤਬ ਗਰਬ ਕਰਤੁ ਹੈ॥ਮਾਇਆ ਗਈ ਤਬ ਰੋਵਨ ਲਗਤ ਹੈ॥ [103]

ਮਾਟੀ ਏਕ ਸਗਲ ਸੰਸਾਰਾ॥

ਬਹੁ ਬਿਧਿ ਭਾਂਡੇ ਘੜੇ ਕੁਮਹਾਰਾ॥ [104]

ਨਾਦ ਬਿੰਬ- ਇਸ ਬਿੰਬ ਦਾ ਸਬੰਧ ਕੰਨਾਂ ਨਾਲ ਹੈ। ਸ਼ਬਦਾਂ ਦੀ ਨਾਦਮਈ ਧੁਨ ਇਸ ਦਾ ਅਧਾਰ ਹੈ।

ਬਾਬੀਹਾ ਪ੍ਰਿਉ ਪ੍ਰਿਉ ਕਰੇ ਜਲ ਨਿਧਿ ਪ੍ਰੇਮ ਪਿਆਰਿ॥ [105]

ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ॥

ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ॥ [106]

ਕੈਸੀ ਆਰਤੀ ਹੋਇ ਭਵਖੰਡਨਾ ਤੇਰੀ ਆਰਤੀ॥

ਅਨਹਤਾ ਸ਼ਬਦ ਵਾਜੰਤ ਭੇਰੀ॥ [107]

ਘੜੀਐ ਸਬਦੁ ਸਚੀ ਟਕਸਾਲ॥ [108]

ਰਸ ਬਿੰਬ: ਰਸ ਬਿੰਬ ਦਾ ਆਧਾਰ ਜਾ ਸਰੋਤ ਜੀਭ ਹੈ।ਇਹ ਬਿੰਬ ਕਿਸੇ ਵਸਤੂ ਦੇ ਰਸਦਾਇਕ, ਬੇਰਸੀ , ਮਿੱਠੀ , ਕੌੜੀ ਜਾਂ ਖੱਟੀ ਹੋਣ ਦਾ ਪ੍ਰਗਟਾ ਕਰਵਾਉਂਦਾ ਹੈ-

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥ [109]

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ॥
ਸਭੇ ਵਸਤੂ ਮਿਠੀਆ ਰਬ ਨ ਪੁਜਨਿ ਤੁਧੁ॥ [110]

ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ॥
ਜਿਨਾ ਖਾਧੀ ਚੋਪੜੀ ਘਣੇ ਸਹਿਨਗੇ ਦੁਖ॥ [111]

ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ॥
ਕ੍ਰਿਪਾ ਜਲ ਦੇਹਿ ਨਾਨਕ ਸਾਰਿੰਗ ਕਉ ਹੋਇ ਜਾਤੇ ਤੇਰੇ ਨਾਮ ਵਾਸਾ॥ [112]

ਜਿਉ ਪੁਰਖੈ ਘਰਿ ਭਗਤੀ ਨਾਰਿ ਹੈ ਅਤਿ ਲੋਚੈ ਭਗਤੀ ਭਾਇ॥
ਬਹੁਰਸ ਸਾਲਣੇ ਸਵਾਰਦੀ ਖਟ ਰਸ ਮੀਠੇ ਪਾਇ॥
ਤਿਉ ਬਾਣੀ ਭਗਤ ਸਲਾਹਦੇ ਹਰਿ ਨਾਮੈ ਚਿਤੁ ਲਾਇ॥ [113]

ਮੀਨ ਪਕਰਿ ਫਾਕਿਓ ਅਰੁ ਕਾਟਿਓ ਰਾਧਿ ਕੀਓ ਬਹੁ ਬਾਨੀ॥
ਖੰਡ ਖੰਡ ਕਰ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ॥ [114]

ਗਰੀ ਛੁਹਾਰੇ ਖਾਂਦੀਆਂ ਮਾਣਨ੍ਹਿ ਸੇਜੜੀਆ॥ [115]

ਸਪਰਸ਼ ਬਿੰਬ- ਇਸ ਬਿੰਦ ਦਾ ਆਧਾਰ ਚਮੜੀ ਦੇ ਸਪਰਸ਼ ਦਾ ਅਹਿਸਾਸ ਜਾਂ ਅਨੁਭਵ ਹੈ । ਕਈ ਪ੍ਰਕਾਰ ਦੇ ਭਾਵ-ਤਪਸ਼, ਨਿੱਘ, ਰੜਕ, ਕੰਬਣੀ ਆਦਿ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ।

ਚੋਟੈ ਸੇਤੀ ਜੋ ਮਰੈ ਲਗੀ ਨਾ ਪਰਵਾਣੁ॥
ਜਿਸ ਨੋ ਲਾਏ ਤਿਸੁ ਲਗੈ ਲਗੀ ਨਾ ਪਰਵਾਣੁ॥ [116]

ਅਨੰਦ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ
ਸਤਿਗੁਰੁ ਤ ਪਾਇਆ ਸਹਜ ਸੇਤੀ

ਮਨਿ ਵਜੀਆ ਵਾਧਾਈਆ॥ [117]

ਹਥਿ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ॥ [118]

ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ॥ [119]

ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ॥ [120]

ਗੰਧ ਬਿੰਬ: ਇਸ ਬਿੰਬ ਦਾ ਸੰਬੰਧ ਨੱਕ ਨਾਲ ਹੈ।ਨੱਕ ਦਾ ਸੰਬੰਧ ਸੁੰਘਣ ਸ਼ਕਤੀ ਨਾਲ ਹੈ। ਗੁਰਬਾਣੀ ਵਿਚੋਂ ਇਸ ਦੀਆਂ ਅਨੇਕਾਂ ਮਿਸਾਲਾਂ ਮਿਲਦੀਆਂ ਹਨ।

ਫਲ ਕਾਰਨ ਫੂਲੀ ਬਨਰਾਇ॥

ਫਲ ਲਾਗਾ ਤਬ ਫੂਲ ਬਿਲਾਇ॥ [121]

ਧੂਪੁ ਮਲਆਨਲੋ ਪਵਨੁ ਚਵਰ ਕਰੇ ਸਗਲ ਬਨਰਾਇ ਫੂਲੰਤ ਜੋਤੀ॥ [122]

ਹਥਿ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ॥ [123]

ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥ [124]

ਗੁਰਬਾਣੀ ਵਿਚ ਪੇਸ਼ ਬਿੰਬ ਕਾਵਿ ਨੂੰ ਅਮੀਰ ਤੇ ਗੌਰਵਸ਼ਾਲੀ ਬਣਾਉਂਦੇ ਹਨ ਕਿਉਂਜੋ ਇਹ ਕਾਵਿ-ਥੀਮ ਨੂੰ ਸਰਲ, ਸਪੱਸ਼ਟ, ਸਜੀਵ ਤੇ ਸੁਹਜ ਭਾਵ ਪ੍ਰਦਾਨ ਕਰਨ ਦੇ ਸਮਰੱਥ ਹਨ। ਗੁਰਬਾਣੀ ਵਿਚ ਪੇਸ਼ ਬਿੰਬ ਯੋਜਨਾ ਦੀ ਸਭ ਤੋਂ ਵੱਡੀ ਵਿਸ਼ਿਸ਼ਿਟਤਾ ਇਹ ਹੈ ਕਿ ਬਿੰਬ ਜਿੱਥੇ ਕਾਵਿ-ਕਿਰਤ ਦੇ ਅਰਥਾਂ ਦਾ ਸਪਸ਼ਟੀਕਰਨ ਕਰਦੇ ਹਨ, ਅਰੂਪ ਨੂੰ ਰੂਪਮਾਨ ਕਰਦੇ ਹਨ, ਉਥੇ ਮਨ ਦੀ ਕਲਪਨਾ ਨੂੰ ਅੰਤਹਕਰਣ ਦੀ ਅਨੰਤਤਾ ਵਿਚ ਲਿਜਾ ਕੇ ਸਾਰਥਿਕ ਅਰਥਾਂ ਦੇ ਰੁਬਰੂ ਪ੍ਰਗਟ ਕਰਦੇ ਹਨ। ਮਨੁੱਖੀ ਮਨ ਦੀਆਂ ਵੇਦਨਾਵਾਂ, ਅੰਤਰਮਨ ਦੀਆਂ ਤਰੰਗਾਂ, ਦਿਲ ਦੇ ਵਲਵਲੇ, ਬੋਧ ਤੇ ਵਿਵੇਕ ਬਿੰਬਾਂ ਰਾਹੀਂ ਸੰਖੇਪ ਤੇ ਸਰਲ ਰੂਪ ਵਿਚ ਉਭਰਦੇ ਹਨ। ਬਿੰਬ ਵਿਧਾਨ ਅਜਿਹੀ ਜੁਗਤ ਵਿਚ ਪੇਸ਼ ਹੈ ਕਿ ਪਾਠਕ ਤੇ ਕਵੀ ਦੇ ਦਿਲਾਂ ਦੀ ਸਾਂਝ ਇਕ ਪੱਧਰ ਤੇ ਇਕਸੁਰ ਹੋ ਜਾਂਦੀ ਹੈ ਤੇ ਇਹੀ ਸੋਚ ਸਦੀਵੀ ਯਾਦ ਦਾ ਅਭਿੰਨ ਅੰਗ ਬਣਦੀ ਹੋਈ ਸੁਹਜ ਆਨੰਦ ਪ੍ਰਦਾਨ ਕਰਦੀ ਹੈ। ਨਿਰਸੰਦੇਹ ਇਹ ਯਤਨ ਬਨਾਵਟੀ ਜਾਂ ਉਚੇਚਪੂਰਵਕ ਨਹੀਂ ਸਗੋਂ ਬਾਣੀਕਾਰਾਂ ਦੇ ਧੁਰ ਅੰਦਰੋਂ ਉਪਜੇ ਪ੍ਰਤੀਤ ਹੁੰਦੇ ਹਨ। ਬਾਣੀਕਾਰਾਂ ਦੀ ਵਿਸ਼ਾਲ ਕਲਪਨਾ ਤੇ ਅਨੁਭਵ ਵਿਚੋਂ ਪੈਦਾ ਹੋਇਆ ਬਿੰਬ ਵਿਧਾਨ ਰਚਨਾ ਨੂੰ ਕਲਾਤਮਕ ਉਚਾਈਆਂ ਤੇ ਲੈ ਜਾਣ ਵਿਚ ਸਫਲ ਹੁੰਦਾ ਹੈ।

## ਪ੍ਰਤੀਕ ਵਿਧਾਨ:

ਪ੍ਰਤੀਕ ਅੰਗਰੇਜੀ ਭਾਸ਼ਾ ਦੇ ਸ਼ਬਦ Symbol ਦਾ ਸਮਾਨਅਰਥੀ ਸ਼ਬਦ ਹੈ। ਜਦੋਂ ਕਿਸੇ ਵਿਸ਼ੇ ਵਿਚ ਵਰਣਨਯੋਗ ਵਸਤੂ ਦਾ ਬਿਆਨ ਕਰਕੇ ਉਸ ਦੀ ਥਾਂ ਉਸ ਨਾਲ ਮਿਲਦੀ ਹੋਰ ਵਸਤੂ ਨੂੰ ਵੀ ਪੇਸ਼ ਕਰ ਦਿੱਤਾ ਜਾਦਾ ਹੈ ਤਾਂਕਿ ਵਿਸ਼ੇ ਦਾ ਪ੍ਰਭਾਵ ਵਧੇਰੇ ਪ੍ਰਬੱਲ ਤੇ ਡੂੰਘਾ ਹੋ ਜਾਵੇ; ਉਸ ਨੂੰ ਪ੍ਰਤੀਕ ਕਿਹਾ ਜਾਦਾ ਹੈ। ਬਹੁਤੀ ਵਾਰ ਪ੍ਰਤੀਕ ਤੇ ਚਿੰਨ੍ਹ ਨੂੰ ਇਕੋਂ ਸਮਝ ਲਿਆ ਜਾਂਦਾ ਹੈ ਪਰ ਚਿੰਨ੍ਹ ਤੇ ਪ੍ਰਤੀਕ ਵਿਚ ਫ਼ਰਕ ਹੈ। ਹਰ ਪ੍ਰਤੀਕ ਚਿੰਨ੍ਹ ਹੋ ਸਕਦਾ ਹੈ ਪਰ ਹਰ ਚਿੰਨ੍ਹ ਪ੍ਰਤੀਕ ਨਹੀਂ

ਹੁੰਦਾ। ਅਸਲ ਵਿਚ ਜਦੋਂ ਕਿਸੇ ਕਲਾਕਾਰ ਨੂੰ ਆਪਣੇ ਭਾਵਾਂ ਦੀ ਢੁਕਵੀਂ ਤੇ ਯੋਗ/ਸਫਲ ਪੇਸ਼ਕਾਰੀ ਵਿਚ ਵਿਚ ਸ਼ਬਦਾਂ ਦੀ ਥੁੜ ਜਾਂ ਘਾਟ ਮਹਿਸੂਸ ਹੁੰਦੀ ਹੈ ਤਾਂ ਉਹ ਪ੍ਰਤੀਕਾਂ ਦੀ ਮੱਦਦ ਲੈਂਦਾ ਹੈ। ਇਸ ਦਾ ਇਕ ਪਾਸਾਰ ਇਹ ਵੀ ਹੈ ਕਿ ਆਪਣੇ ਭਾਵਾਂ ਨੂੰ ਵਧੇਰੇ ਪ੍ਰਭਾਵਸ਼ਾਲੀ ਅਤੇ ਗਹਿਰਾਈ ਤੱਕ ਪਹੁੰਚਾਣ ਲਈ ਕਵੀ ਪ੍ਰਤੀਕਾਂ ਨੂੰ ਮਾਧਿਅਮ ਵੱਜੋਂ ਵਰਤਦਾ ਹੈ। ਪ੍ਰਤੀਕਾਂ ਦਾ ਕਾਰਜ-ਖੇਤਰ ਆਮ ਤੌਰ ਤੇ ਅਰਥਾਂ ਦੇ ਅਰਥਾਂ ਦਾ ਸੰਚਾਰ ਹੁੰਦਾ ਹੈ।

ਡਾ. ਨਿਤਆਨੰਦ ਅਨੁਸਾਰ:

'ਅਪ੍ਰਸਤੁਤ, ਅਗੋਚਰ ਤੇ ਅਮੂਰਤ ਦੀ ਪ੍ਰਤਿਨਿੱਧਤਾ ਕਰਨ ਵਾਲੇ ਗੋਚਰ ਵਸਤੂ-ਵਿਧਾਨ ਨੂੰ ਪ੍ਰਤੀਕ ਆਖਦੇ ਹਨ। ਜੋ ਦੇਸ਼ ਕਾਲ ਅਤੇ ਸਾਂਸਕ੍ਰਿਤਕ ਮਾਨਤਾਵਾਂ ਕਾਰਨ ਸਾਡੇ ਮਨ ਤੇ ਤੀਬਰ ਭਾਵਨਾਵਾਂ ਜਾਗ੍ਰਤ ਕਰਦੇ ਹਨ'[125]

ਇਨਸਾਈਕਲੋਪੀਡੀਆ ਬ੍ਰਿਟੇਨਕਾ ਵਿਚ ਪ੍ਰਤੀਕ ਨੂੰ ਇਸ ਤਰ੍ਹਾਂ ਪਰਿਭਾਸ਼ਤ ਕੀਤਾ ਗਿਆ ਹੈ:

"ਪ੍ਰਤੀਕ ਕਿਸੇ ਅਮੂਰਤ ਵਸਤੂ ਦਾ ਸ਼ਬਦ ਸੰਕੇਤ ਹੈ ਜੋ ਗੋਚਰ ਨਹੀਂ ਹੋ ਸਕਦੀ ਜਿਸਦਾ ਸਿਰਫ ਅਨੁਭਵ ਹੀ ਕੀਤਾ ਜਾ ਸਕਦਾ ਹੈ।"[126]

ਪ੍ਰਤੀਕਾਂ ਦਾ ਮੁੱਖ ਮੰਤਵ ਭਾਵਨਾ ਨੂੰ ਉਸ ਦੇ ਸਹੀ ਪਰਿਪੇਖ ਵਿਚ ਮੂਰਤੀਮਾਨ ਕਰਨਾ ਹੁੰਦਾ ਹੈ।ਇਹਨਾਂ ਦੀ ਵਰਤੋਂ ਪ੍ਰਾਕ੍ਰਿਤਕ, ਇਤਿਹਾਸਕ-ਮਿਥਿਹਾਸਕ, ਅਧਿਆਤਮਿਕ ਜੀਵਨ ਸਬੰਧੀ, ਗੁਰਮੁਖ-ਮਨਮੁਖ, ਗੁਰੂ, ਪਰਮਾਤਮਾ, ਮਨੁੱਖੀ ਸਰੀਰ ਸਬੰਧੀ ਕੀਤੀ ਗਈ ਮਿਲਦੀ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਪੇਸ਼ ਪ੍ਰਤੀਕਾਂ ਨੂੰ ਹੇਠ ਲਿਖੇ ਹਵਾਲਿਆਂ ਨਾਲ ਸਮਝਿਆ ਜਾ ਸਕਦਾ ਹੈ-

ਜੈਸਾ ਰੰਗ ਕਸੁੰਭ ਕਾ ਤੈਸੜਾ ਇਹ ਸੰਸਾਰ॥[127]
ਕਹਿ ਰਵਿਦਾਸ ਬਾਜੀ ਜਗੁ ਭਾਈ॥
ਬਾਜੀਗਰ ਸਿਉ ਮੋਹਿ ਪ੍ਰੀਤਿ ਬਨਿਆਈ॥[128]
ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ॥[129]
ਸਾਹੁਰੈ ਢੋਈ ਨਾ ਲਹੈ ਪੇਈਐ ਨਾਹੀ ਥਾਉ॥[130]
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ॥[131]
ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ॥[132]
ਜਲ ਤਰੰਗ ਜੈਸਾ॥[133]
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥[134]
ਹਮ ਸਰ ਦੀਨ ਦਇਆਲ ਨ ਤੁਮ ਸਰ॥[135]
ਹਮ ਬਨਜਾਰੋ ਰਾਮ ਕੋ ਸਹਜ ਕਰਉ ਬਾਪਾਰ॥[136]
ਕਾਗਾ ਕਰੰਗੁ ਢਢੋਲਿਆ ਸਗਲਾ ਖਾਇਆ ਮਾਸੁ॥
ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਣ ਕੀ ਆਸ॥[137]

ਗੋਇਲ ਆਇਆ ਗੋਇਲੀ ਕਿਆ ਤਿਸੁ ਡੰਫੁ ਪਸਾਰੁ॥ [138]

ਜੈਸੇ ਰੈਣਿ ਪ੍ਰਾਹੁਣੇ ਉਠ ਚਲਸਹਿ ਪ੍ਰਭਾਤਿ॥

ਕਿਆ ਤੂੰ ਰਤਾ ਗਰੱਸਤ ਸਿਉ ਸਭ ਫੁਲਾਂ ਕੀ ਬਾਗਾਤਿ॥ [139]

ਹਰਿ ਮੰਦਰ ਹਰਿ ਸਾਜਿਆ ਹਰਿ ਵਸੈ ਜਿਸੁ ਨਾਲਿ॥ [140]

ਲਿਖਿਅੜਾ ਸਾਹਾ ਨ ਟਲੈ ਜੇਹੜਾ ਪੁਰਬ ਕਮਾਇਆ॥ [141]

ਕਾਂਇਆ ਹੰਸ ਥੀਆ ਵੇਛੋੜਾ ਜਾਂ ਦਿਨ ਪੁੰਨੇ ਮੇਰੀ ਮਾਏ॥ [142]

ਨਉ ਦਰ ਠਾਕੇ ਹੁਕਮਿ ਸਚੈ ਹੰਸੁ ਗਇਆ ਗੈਣਾਰੇ॥ [143]

ਪਰਵਰਦਗਾਰ ਅਪਾਰ ਅਗਮ ਬੇਅੰਤ ਤੂ॥ [144]

ਕਹੈ ਫਰੀਦ ਸਹੇਲੀਹੋ ਸਹੁ ਅਲਾਏਸੀ॥

ਹੰਸ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ॥ [145]

ਫਰੀਦਾ ਦਰੀਆਵੈ ਕੰਨਹੈ ਬਗੁਲਾ ਬੈਠਾ ਕੇਲ ਕਰੇ॥

ਕੇਲ ਕਰੇਦੇ ਹੰਝ ਕੋ ਅਚਿੰਤੇ ਬਾਜ ਪਏ॥ [146]

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥

ਬਿਲਪ ਕਰੇ ਚਾਤ੍ਰਿਕ ਕੀ ਨਿਆਈ॥ [147]

ਆਪਿ ਸਾਹੁ ਆਪੇ ਵਣਜਾਰਾ ਆਪੇ ਵਣਜੁ ਕਰਾਇਆ॥ [148]

ਨਾਨਕ ਨਾਮ ਰਤੇ ਸੇ ਧਨਵੰਤ ਹੈਨਿ ਨਿਰਧਨੁ ਹੋਰ ਸੰਸਾਰੁ॥ [149]

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸਿੱਧੀ ਸਪਾਟ ਅਤੇ ਸਰਲ ਭਾਸ਼ਾ ਵਿਚ ਹੁੰਦਿਆਂ ਹੋਇਆਂ ਵੀ ਸੰਕੇਤਾਤਮਕ ਤੇ ਪ੍ਰਤੀਕਾਤਮਕ (symbolic) ਹੈ ਕਿਉਂਕਿ ਇਹ ਕਿਰਤ ਅਧਿਆਤਮਕ ਤੇ ਰਹੱਸਵਾਦੀ ਭਾਵਾਂ ਦਾ ਬਿਰਤਾਂਤ ਹੈ। ਆਤਮਾ ਤੇ ਪਰਮਾਤਮਾ ਦੇ ਪ੍ਰਸਤੁਤ ਮਿਲਾਪ ਲਈ ਪ੍ਰਸਤੁਤ ਸਥਿਤੀਆਂ ਤੇ ਸੰਭਾਵਨਾਵਾਂ ਦੇ ਵਿਵਰਣ ਦੀ ਅਭਿਵਿਅਕਤੀ ਬਹੁਤੀ ਵਾਰ ਸਰਲ ਭਾਸ਼ਾ ਵਿਚ ਨਹੀਂ ਕੀਤੀ ਜਾ ਸਕਦੀ। ਅਧਿਆਤਮਕ ਵਿਚਾਰਾਂ ਦੀ ਪ੍ਰਸਤੁਤੀ ਲਈ ਪ੍ਰਤੀਕਾਂ ਦਾ ਸਹਾਰਾ ਲਿਆ ਗਿਆ ਹੈ। ਗੁਰਬਾਣੀ ਵਿਚ ਪੇਸ਼ ਪ੍ਰਤੀਕ ਬਾਣੀਕਾਰਾਂ ਦੀ ਭਾਵਨਾ ਦਾ ਚਿੱਤਰ ਪੇਸ਼ ਕਰਦੇ ਹਨ ਜਿਸਦਾ ਮਨੁੱਖੀ ਮਨ ਤੇ ਡੂੰਘਾ ਅਸਰ ਹੁੰਦਾ ਹੈ। ਇਸ ਤਰ੍ਹਾਂ ਗੁਰਬਾਣੀ ਵਿਚ ਸੂਖਮ ਭਾਵਾਂ ਦੇ ਪ੍ਰਗਟਾਉ ਲਈ ਪ੍ਰਤੀਕਾਂ ਦੀ ਵਰਤੋਂ ਨਾਲ ਗੁੱਝੇ ਤੇ ਡੂੰਘੇ ਭਾਵਾਂ ਦੀ ਸਮਝ ਸਰਲ ਤੇ ਸਪੱਸ਼ਟ ਹੋ ਜਾਂਦੀ ਹੈ।

## ਛੰਦ ਵਿਧਾਨ:

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮੁੱਖ ਰੂਪ ਵਿਚ ਦੋ ਮੁੱਖ ਬੰਦਿਸ਼ਾਂ ਰਾਹੀਂ ਪੇਸ਼ ਹੋਈ ਹੈ; ਪਹਿਲੀ ਰਾਗ ਅਤੇ ਦੂਸਰੀ ਛੰਦ ਦੁਆਰਾ ਪ੍ਰਸਤੁਤ ਹੈ। ਰਾਗ ਬੰਦਿਸ਼ ਦੇ ਅੰਤਰਗਤ ਰਾਗਬੱਧ ਰਚਨਾ ਅਤੇ ਛੰਦ ਬੰਦਿਸ਼ ਦੇ ਅੰਤਰਗਤ ਗੁਰੂ ਗ੍ਰੰਥ ਸਾਹਿਬ ਦੇ ਪੰਨੇ 1353 ਤੋਂ ਲੈ ਕੇ 1430 ਪੰਨੇ ਵਿਚ ਸ਼ਾਮਿਲ ਰਾਗ ਰਹਿਤ ਬਾਣੀ ਆਉਂਦੀ ਹੈ। ਅਸਲ ਵਿਚ ਰਾਗਬੱਧ ਬਾਣੀ ਵਿਚ ਬਾਣੀ ਦੀ ਪ੍ਰਮੁਖ ਵਿਧੀ ਰਾਗ ਆਧਾਰਿਤ ਹੈ ਅਤੇ ਕਾਵਿ-ਛੰਦ ਗੌਣ ਰੂਪ ਵਿਚ ਪ੍ਰਗਟ ਹੁੰਦਾ ਹੈ ਅਤੇ ਰਾਗ-ਰਹਿਤ

ਬਾਣੀ ਪੂਰੀ ਤਰ੍ਹਾਂ ਕਾਵਿ-ਛੰਦਾਂ ਰਾਹੀਂ ਰੂਪਮਾਨ ਹੋਈ ਹੈ।ਕਾਵਿ ਦੀ ਇਕ ਵੰਨਗੀ ਆਪਣੇ ਰਾਗ/ ਸੰਗੀਤ ਕਰਕੇ ਗਾਉਣਯੋਗ ਹੁੰਦੀ ਹੈ ਅਤੇ ਦੂਸਰੀ ਵੰਨਗੀ ਵਿਚ ਕਾਵਿ ਉਚਾਰਣ ਵਿਚ ਮਿਠਾਸ ਦੀ ਉਤਪਤੀ ਛੰਦ ਦੁਆਰਾ ਨਿਰਧਾਰਿਤ ਹੁੰਦੀ ਹੈ। ਗੁਰਬਾਣੀ ਵਿਚ ਇਕ ਰਾਗ ਵਿਚ ਇਕ ਛੰਦ ਅਤੇ ਇਕ ਰਾਗ ਵਿਚ ਵਿਭਿੰਨ ਛੰਦਾਂ ਦੀ ਵਰਤੋਂ ਹੋਈ ਹੈ। ਇਕੋ ਕਾਵਿ-ਰੂਪ ਵਿਚ ਵਿਭਿੰਨ ਛੰਦਾਂ ਦੀ ਵਰਤੋਂ ਹੋਈ ਹੈ। ਅਰਥਾਤ ਛੰਦਾਂ ਦਾ ਸੰਬੰਧ ਕਿਸੇ ਇਕ ਰਾਗ ਜਾਂ ਕਿਸੇ ਇਕ ਕਾਵਿ ਰੂਪ ਨਾਲ ਨਹੀਂ। ਸਿਰਫ਼ ਵਾਰਾਂ ਵਿਚ ਸਲੋਕ ਤੇ ਪਉੜੀਆਂ ਦੀ ਵਰਤੋਂ ਹੋਈ ਹੈ ਤੇ ਸਲੋਕਾਂ ਵਿਚ ਦੋਹਾ ਤੇ ਸੋਰਠਾ ਵਰਤਿਆ ਗਿਆ ਹੈ ਅਤੇ ਪਉੜੀਆਂ ਨਿਸ਼ਾਨੀ ਛੰਦ ਦੇ ਵਿਭਿੰਨ ਰੂਪਾਂ ਵਿਚ ਰਚੀਆਂ ਗਈਆਂ ਹਨ।ਗੁਰਬਾਣੀ ਵਿਚ ਇਕੋ ਹੀ ਛੰਦ ਦੇ ਕਈ ਭੇਦ ਹਨ। ਛੰਦ ਮਾਤ੍ਰਾ, ਵਰਣ, ਯਤੀ, ਚਰਣ, ਤੁਕਾਂਤ ਦੇ ਭੇਦ ਕਰਕੇ ਕਈ ਰੂਪ ਧਾਰ ਲੈਂਦਾ ਹੈ। ਗੁਰਬਾਣੀ ਦੇ ਛੰਦ-ਵਿਧਾਨ ਸੰਬੰਧੀ ਭਾਈ ਕਾਨ੍ਹ ਸਿੰਘ ਨਾਭਾ ਨੇ 'ਗੁਰਛੰਦ ਦਿਵਾਕਰ' ਵਿਚ ਅਧਿਐਨ ਕੀਤਾ ਹੈ। ਅਸਲ ਵਿਚ ਇਸ ਸੰਬੰਧੀ ਹੋਰ ਬਹੁਤ ਖੋਜ ਅਤੇ ਸੰਭਾਵਨਾਵਾਂ ਦੀ ਆਸ ਹੈ।"ਕਈ ਗਯਾਨੀ ਆਖਦੇ ਅਤੇ ਲਿਖਦੇ ਹਨ ਕਿ ਗੁਰਬਾਣੀ ਛੰਦ ਨਿਯਮਾਂ ਤੋਂ ਬਾਹਰ ਹੈ, ਪਰੰਤੂ ਇਹ ਉਨ੍ਹਾਂ ਦੀ ਭੁੱਲ ਹੈ, ਹਾਂ, ਅਸੀਂ ਇਹ ਆਖ ਸਕਦੇ ਹਾਂ ਕਿ ਅਸੀਂ ਗੁਰਬਾਣੀ ਦੇ ਸਾਰੇ ਛੰਦਾਂ ਦੇ ਰੂਪ ਨਹੀਂ ਜਾਣਦੇ, ਅਰੁ ਜਿਨ੍ਹਾਂ ਛੰਦਾਂ ਦੇ ਲਕਸ਼ਣ ਅਸੀਂ ਜਾਣਦੇ ਭੀ ਹਾਂ, ਉਨ੍ਹਾਂ ਦੇ ਸਾਰੇ ਰੂਪਾਂ ਦਾ ਗਯਾਨ ਨਹੀਂ ਰਖਦੇ, ਖ਼ਾਸ ਕਰਕੇ ਮੁਕ੍ਦੰਡਕ (ਲੰਬੀ ਤੁਕਾਂ ਦੇ ਛੰਦ, ਜਿਨ੍ਹਾਂ ਵਿਖੇ ਗੁਣ ਆਦਿਕ ਦਾ ਬੰਧਨ ਨਹੀਂ) ਦੇ ਰੂਪਾਂ ਤੋਂ ਅਸੀਂ ਪੂਰੇ ਅਣਜਾਣ ਹਾਂ।"[150] ਕਾਵਿ ਹਮੇਸ਼ਾ ਛੰਦ ਵਿੱਚ ਹੁੰਦਾ ਹੈ। ਛੰਦ ਵਿੱਚ ਮਾਤਰਾ,ਅੱਖਰ,ਵਿਸ਼ਰਾਮ, ਵਰਣ, ਗਣ ਅਤੇ ਅਨੁਪ੍ਰਾਸ ਮੇਲ ਹੁੰਦਾ ਹੈ, ਅਨੁਪ੍ਰਾਸ ਨੂੰ ਤੁਕਾਂਤ ਜਾਂ ਸੁਰ ਮੇਲ ਵੀ ਕਹਿੰਦੇ ਹਨ। ਛੰਦ ਵਿੱਚ ਘੱਟੋ- ਘੱਟ ਦੋ ਸਤਰਾਂ ਜ਼ਰੂਰ ਹੁੰਦੀਆਂ ਹਨ। ਛੰਦ ਬਿਨ੍ਹਾਂ ਕਵਿਤਾ ਨਹੀਂ ਹੁੰਦੀ। ਛੰਦ-ਰਹਿਤ ਲਿਖਤ ਗਦ ਹੁੰਦੀ ਹੈ ਅਤੇ ਛੰਦ-ਸਹਿਤ ਲਿਖਤ ਪਦ ਹੁੰਦੀ ਹੈ। ਛੰਦ ਵਿੱਚ ਰਸ ਅਤੇ ਰਾਗਆਤਮਕਤਾ ਹੁੰਦੀ ਹੈ। ਇਸੇ ਕਰਕੇ ਛੰਦ ਕਾਵਿ ਦਾ ਜ਼ਰੂਰੀ ਤੱਤ ਮੰਨਿਆ ਜਾ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਛੰਦਾਂ ਦੀਆਂ ਕੁਝ ਉਦਾਹਰਨਾਂ ਇਸ ਪ੍ਰਕਾਰ ਹਨ-

ਉਪਮਾਨ ਛੰਦ

ਇਹ ਮਾਤ੍ਰਿਕ ਛੰਦ ਹੈ। ਇਸ ਦੇ ਚਾਰ ਚਰਣ ਅਤੇ ਪ੍ਰਤੀ ਚਰਣ 23 ਮਾਤਰਾ ਪਹਿਲਾ ਵਿਸ਼ਰਾਮ 13 ਅਤੇ ਦੂਸਰਾ 10 ਮਾਤਰਾ ਤੇ ਹੁੰਦਾ ਹੈ। ਹਰੇਕ ਚਰਣ ਦੇ ਆਦਿ ਵਿਚ ਗੁਰੂ ਅਤੇ ਅੰਤ ਸਗਣ (112) ਹੁੰਦਾ ਹੈ।

ਅਖੀ ਬਾਝਹੁ ਵੇਖਣਾ, ਵਿਣ ਕੰਨਾ ਸੁਨਣਾ॥
ਪੈਰਾ ਬਾਝਹੁ ਚੱਲਣਾ, ਵਿਣ ਹੱਥਾ ਕਰਣਾ॥
ਜੀਭੈ ਬਾਝਹੁ ਬੋਲਣਾ, ਇਉ ਜੀਵਤ ਮਰਣਾ॥
ਨਾਨਕ ਹੁਕਮ ਪਛਾਣ ਕੈ, ਤਉ ਖਸਮੈ ਮਿਲਣਾ॥[151]

ਉੱਲਾਲਾ (ਚੰਦ੍ਰਮਣਿ) ਛੰਦ –

ਇਹ ਮਾਤ੍ਰਿਕ ਛੰਦ ਹੈ। ਇਸ ਦੇ ਚਾਰ ਚਰਣ ਅਤੇ ਪ੍ਰਤੀ ਚਰਣ 13 ਮਾਤਰਾ ਪਹਿਲਾ ਵਿਸ਼ਰਾਮ 8 ਅਤੇ ਦੂਸਰਾ 5 ਮਾਤਰਾ ਤੇ ਹੁੰਦਾ ਹੈ। ਗ੍ਰੰਥ ਸਾਹਿਬ ਇਹ ਛੰਦ ਸਲੋਕ ਸਿਰਲੇਖ ਹੇਠ ਵੀ ਆਇਆ ਹੈ।

ਸਿਦਕੁ ਸਬੂਰੀ, ਸਾਦਿਕਾ,ਸਬਰੁ ਤੋਸਾ, ਮਲਾਇਕਾ,
ਦੀਦਾਰ ਪੂਰੇ, ਪਾਇਸਾ,ਥਾਉ ਨਾਹੀ, ਖਾਇਕਾ॥[152]

ਅਤਿਗੀਤਾ ਛੰਦ–

ਇਹ ਮਾਤ੍ਰਿਕ ਛੰਦ ਹੈ। ਇਸ ਦੇ ਚਾਰ ਚਰਣ ਅਤੇ ਪ੍ਰਤੀ ਚਰਣ 32 ਮਾਤਰਾ ਪਹਿਲਾ ਵਿਸ਼ਰਾਮ 15 ਅਤੇ ਦੂਸਰਾ 17 ਮਾਤਰਾ ਤੇ ਹੁੰਦਾ ਹੈ। ਅੰਤ ਗੁਰੂ ਲਘੂ ਹੁੰਦਾ ਹੈ।

ਜਿਨ ਹਰਿ ਹਰਿ ਨਾਮ ਨ ਚੇਤਿਓ, ਤੇ ਮਨਮਖ ਮੂੜ ਇਆਣੇ ਰਾਮ॥
ਜੋ ਮੋਹਿ ਮਾਇਆ ਚਿਤੁ ਲਾਇਦੇ, ਸੇ ਅੰਤ ਗਏ ਪਛਤਾਣੇ ਰਾਮ॥
ਹਰਿ ਦਰਗਹਿ ਢੋਈ ਨਾ ਲਹਨਿ, ਜੋ ਮਨਮੁਖ ਪਾਰ ਲੁਭਾਣੇ ਰਾਮ॥
ਜਨ ਨਾਨਕ ਗੁਰ ਮਿਲ ਉਬਰੇ, ਹਰਿ ਜਪ ਹਰਿ ਨਾਮ ਸਮਾਣੇ ਰਾਮ॥[153]

ਦੋਹਾ ਛੰਦ

ਇਹ ਮਾਤ੍ਰਿਕ ਛੰਦ ਹੈ। ਇਸ ਦੀਆਂ ਦੋ ਸਤਰਾਂ ਹੁੰਦੀਆਂ ਹਨ। ਦੋਹਾਂ ਸਤਰਾਂ ਦਾ ਤੁਕਾਂਤ, ਅਨੁਪ੍ਰਾਸ ਅਤੇ ਸੁਰਮੇਲ ਮਿਲਦਾ ਹੈ । ਇਕ ਸਤਰ ਵਿੱਚ 13,11=24 ਮਾਤਰਾ ਹੁੰਦੀਆਂ ਹਨ। 13 ਤੇ ਪਹਿਲਾਂ ਅਤੇ 11 ਤੇ ਦੂਸਰਾ ਵਿਸ਼ਰਾਮ ਹੰਦਾ ਹੈ। ਜਿਵੇਂ ਜਪੁਜੀ ਸਾਹਿਬ ਦੇ ਅਖੀਰ ਵਿੱਚ ਇਹ ਉਦਾਹਰਨ ਮਿਲਦੀ ਹੈ–

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥[154]

ਸੋਰਠਾ ਛੰਦ

ਇਹ ਮਾਤ੍ਰਿਕ ਛੰਦ ਹੈ। ਦੋਹਾ ਛੰਦ ਨੂੰ ਉਲਟਾਉਣ ਨਾਲ ਸੋਰਠਾ ਛੰਦ ਬਣ ਜਾਂਦਾ ਹੈ। ਇਸ ਵਿੱਚ 11, 13 ਮਾਤਾਰਾਂ ਹੁੰਦੀਆਂ ਹਨ। 11 ਤੇ ਪਹਿਲਾ ਅਤੇ 13 ਤੇ ਦੂਸਰਾ ਵਿਸ਼ਰਾਮ ਹੰਦਾ ਹੈ। ਅਨੁਪ੍ਰਾਸ ਪਹਿਲੇ ਵਿਸ਼ਰਾਮ ਭਾਵ 11 ਤੇ ਮਿਲਦਾ ਹੈ। ਅਖੀਰਲੇ ਦੋਵੇਂ (ਦੂਜਾ ਅਤੇ ਚੌਥਾ) ਵਿਸ਼ਰਾਮ ਬੇਮੇਲ ਹੁੰਦੇ ਹਨ। ਨੌਂਵੇ ਮਹਲੇ ਦੇ ਸਲੋਕਾਂ ਵਿੱਚ ਇਸ ਦੀ

ਉਦਾਹਰਨ ਮਿਲਦੀ ਹੈ-

ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੇ ਭਈ॥
ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ॥ [155]

ਸਾਲਾਹੀ ਸਾਲਾਹਿ, ਏਤੀ ਸੁਰਤਿ ਨਾ ਪਾਈਆ॥
ਨਦੀਆ ਅਤੇ ਵਾਹ, ਪਵਹਿ ਸਮੁੰਦਿ ਨ ਜਾਣੀਅਹਿ॥ [156]
('ਭਈ' ਅਤੇ 'ਪਰੀ' ਸ਼ਬਦਾਂ ਦਾ ਬਿਹਾਰੀ ਸੁਰ ਨਾਲ ਮੇਲ ਹੈ ਇਸ ਨੂੰ ਅੱਜ-ਕੱਲ੍ਹ ਸੁਸਤ ਕਾਫੀਆ ਕਿਹਾ ਜਾਂਦਾ ਹੈ)

ਸਵੈਯਾ ਛੰਦ-

ਇਹ ਮਾਤ੍ਰਿਕ ਅਤੇ ਵਰਣਿਕ ਦੋਵਾਂ ਕਿਸਮਾਂ ਦਾ ਹੁੰਦਾ ਹੈ। ਮਾਤ੍ਰਿਕ ਸਵੈਯੇ ਵਿੱਚ ਜੇ ਚਾਰੇ ਵਰਣਾ ਦਾ ਪਦਾਂਤ ਅਨੁਪ੍ਰਾਸ ਹੋਵੇ ਤਾਂ ਉੱਤਮ ਸਮਝਿਆ ਜਾਂਦਾ ਹੈ ਨਹੀਂ ਤਾਂ ਦੋ ਚਰਣਾ ਦਾ ਪਦਾਂਤ ਜਰੂਰ ਮਿਲਣਾ ਚਾਹੀਦਾ ਹੈ। ਇਸ ਵਿਚ ਚਾਰ ਚਰਣ, ਪ੍ਰਤੀ ਚਰਣ 32 ਮਾਤਰਾਂ ਹੁੰਦੀਆਂ ਹਨ 16,16 ਤੇ ਵਿਸ਼ਰਾਮ ਅਤੇ ਅੰਤ ਸਗਣ ਹੁੰਦਾ ਹੈ।

ਸਤਗੁਰੁ ਮਤਿ ਗੂੜ ਬਿਮਲ ਸਤਸੰਗਤਿ ਆਤਮੁ ਰੰਗ ਚਲੂਲ ਭਯਾ॥
ਜਾਗ੍ਯਾ ਮਨੁ ਕਵਲੁ ਸਹਿਜ ਪਰਕਾਸਾ ਅਭੈ ਨਿਰੰਜਨੁ ਘਰਹਿ ਲਹਾ॥ [157]

ਵਰਣਿਕ ਸਵੈਯੇ ਵਿੱਚ ਚਾਰ ਚਰਣ ਹੁੰਦੇ ਹਨ। ਪ੍ਰਤੀ ਚਰਣ 7 ਭਗਣ, 22 ਵਰਣ ਅਤੇ 12, 10 ਤੇ ਵਿਸ਼ਰਾਮ ਅੰਤ ਇਕ ਗੁਰੂ , , , , , , , .
ਸੰਤਤ ਹੀ ਸਤਸੰਗਿਤ ਸੰਗ ਸੁਰੰਗ ਰਤੇ ਜਸ ਗਾਵਤ ਹੈਂ॥ [158]

ਸ਼ੰਕਰ ਛੰਦ

ਇਹ ਮਾਤ੍ਰਿਕ ਛੰਦ ਹੈ। ਇਸ ਵਿੱਚ ਚਾਰ ਚਰਣ ਪ੍ਰਤੀ ਚਰਣ 26 ਮਾਤਰਾਂ ਹੁੰਦੀਆਂ ਹਨ 16,10 ਤੇ ਵਿਸ਼ਰਾਮ ਅਤੇ ਅੰਤ ਗੁਰੂ ਲਘੂ ਹੁੰਦਾ ਹੈ।
ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ॥ [159]

ਗੀਤਾ ਛੰਦ

ਇਹ ਮਾਤ੍ਰਿਕ ਛੰਦ ਹੈ। ਇਸ ਵਿੱਚ ਚਾਰ ਚਰਣ ਪ੍ਰਤੀ ਚਰਣ 26 ਮਾਤਰਾਂ ਹੁੰਦੀਆਂ ਹਨ 14,12 ਤੇ ਵਿਸ਼ਰਾਮ ਅਤੇ ਅੰਤ ਗੁਰੂ ਲਘੂ ਹੁੰਦਾ ਹੈ।

ਮੋਤੀ ਤ ਮੰਦਿਰ ਊਸਰਹਿ, ਰਤਨੀ ਤ ਹੋਇ ਜੜਾਉ॥
ਕਸਤੂਰਿ ਕੁੰਗੂ ਅਗਨਿ ਚੰਦਨਿ, ਲੀਪਿ ਆਵੈ ਚਾਉ॥ [160]

ਘਨਕਲਾ ਛੰਦ

ਇਹ ਮਾਤ੍ਰਿਕ ਛੰਦ ਹੈ। ਇਸ ਵਿੱਚ ਚਾਰ ਚਰਣ ਪ੍ਰਤੀ ਚਰਣ 63 ਮਾਤਰਾਂ ਹੁੰਦੀਆਂ ਹਨ ਤਿੰਨ ਵਿਸ਼ਰਾਮ 16 ਅਤੇ ਚੌਥਾ 15 ਤੇ ਅੰਤ ਗੁਰੂ ਲਘੂ ਪਹਿਲੇ ਅਤੇ ਦੂਜੇ ਵਿਸ਼੍ਰਾਮ ਦਾ ਅਨੁਪ੍ਰਾਸ ਮਿਲਦਾ ਹੈ।

ਹਰਿ ਹਰਿ ਸਿਮਰਹੁ ਅਗਮ ਅਪਾਰਾ॥
ਜਿਸੁ ਸਿਮਰਤ ਦੁਖੁ ਮਿਟੈ ਹਮਾਰਾ॥
ਹਰਿ ਹਰਿ ਸਤਿਗੁਰੁ ਪੁਰਖ ਮਿਲਾਵਹੁ॥
ਗੁਰਿ ਮਿਲਿਐ ਸੁਖੁ ਹੋਈ ਰਾਮ॥ [161]

ਚੌਪਈ-

ਇਹ ਮਾਤ੍ਰਿਕ ਛੰਦ ਹੈ। ਇਸ ਵਿੱਚ ਚਾਰ ਚਰਣ ਪ੍ਰਤੀ ਚਰਣ 15 ਮਾਤਰਾਂ ਹੁੰਦੀਆਂ ਹਨ 8,7 ਤੇ ਵਿਸ਼ਰਾਮ ਅਤੇ ਅੰਤ ਗੁਰੂ ਲਘੂ ਹੁੰਦਾ ਹੈ।

ਸੁਣਿਐ ਈਸਰੁ ਬਰਮਾ ਇੰਦੁ॥
ਸੁਣਿਐ ਮੁਖਿ ਸਾਲਾਹਣ ਮੰਦੁ॥
ਸੁਣਿਐ ਜੋਗ ਜੁਗਤਿ ਤਨਿ ਭੇਦ॥
ਸੁਣਿਐ ਸਾਸਤ ਸਿਮ੍ਰਿਤ ਵੇਦ॥ [162]

ਦਵੈਯਾ ਛੰਦ-

ਇਹ ਮਾਤ੍ਰਿਕ ਛੰਦ ਹੈ। ਇਸ ਵਿੱਚ ਚਾਰ ਚਰਣ ਪ੍ਰਤੀ ਚਰਣ 28 ਮਾਤਰਾ ਹੁੰਦੀਆਂ ਹਨ 16,12 ਤੇ ਵਿਸ਼ਰਾਮ ਅਤੇ ਅੰਤ ਦੋ ਗੁਰੂ ਹੁੰਦਾ ਹੈ।

ਸ੍ਰੀਧਰ ਮੋਹਨ ਸਗਲ ਉਪਾਵਨ, ਨਿਰੰਕਾਰ ਸੁਖਦਾਤਾ॥
ਐਸਾ ਪ੍ਰਭੁ ਛੋਡਿ ਕਰਹਿ ਅਨ ਸੇਵਾ ਕਵਨ ਬਿਖਿਆ ਰਸ ਮਾਤਾ॥ [163]

ਨਿਸ਼ਾਨੀ ਛੰਦ

ਇਸ ਨੂੰ 'ਉਪਮਾਨ' ਛੰਦ ਵੀ ਕਹਿੰਦੇ ਹਨ। ਇਸ ਵਿਚ ਚਾਰ ਚਰਣ, 23 ਮਾਤਰਾ 13, 10 ਤੇ ਵਿਸ਼ਰਾਮ ਅਤੇ ਅੰਤ ਵਿਚ ਦੋ ਗੁਰੂ ਹੁੰਦੇ ਹਨ।

ਭਲੀ ਸੁਹਾਵੀ ਛਾਪਰੀ, ਜਾ ਮਹਿ ਗੁਨ ਗਾਏ॥
ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ॥[164]

ਸਖੀ ਛੰਦ- ਹਰੇਕ ਚਰਣ 14 ਮਾਤਰਾ ਤੇ ਅੰਤ ਵਿਚ ਦੋ ਗੁਰੂ ਹੁੰਦੇ ਹਨ।

ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥[165]

ਸਾਰ ਛੰਦ- 28 ਮਾਤਰਾਵਾਂ ਵਾਲਾ ਛੰਦ ਹੈ, ਇਸ ਵਿਚ 16-12 ਤੇ ਵਿਸ਼ਰਾਮ ਅਤੇ ਅੰਤ ਵਿਚ ਦੋ ਗੁਰੂ ਹੁੰਦੇ ਹਨ।

ਧਣੀ ਵਿਰੂਣਾ ਪਾਟ ਪਟੰਬਰ ਭਾਹੀ ਸੇਤੀ ਜਾਲੇ॥
ਧੂੜੀ ਵਿਚਿ ਲੁਡੰਦੜੀ ਸੋਹਾ ਨਾਨਕ ਤੈ ਸਹ ਨਾਲੈ॥[166]

ਗੁਰਬਾਣੀ ਵਿਚ ਛੰਦ-ਵਿਧਾਨ ਦੀ ਵਰਤੋਂ ਨਾਲ ਰਚਨਾ ਨਿਰਸੰਦੇਹ ਪ੍ਰਭਾਵਸ਼ਾਲੀ, ਸ਼ਕਤੀਸ਼ਾਲੀ ਬਣੀ ਹੈ ਅਤੇ ਉਸ ਵਿਚ ਵੰਨਸੁਵੰਨਤਾ ਤੇ ਪਰਪੱਕਤਾ ਆ ਗਈ ਹੈ। ਬਾਣੀਕਾਰ ਆਪਣੀ ਥੀਮਗਤ ਵਿਵਿਧਤਾ ਤੇ ਅਨੁਭਵ-ਵਿਰਾਟਤਾ ਨਾਲ ਪੂਰੀ ਤਰ੍ਹਾਂ ਪ੍ਰਤਿਬੱਧ ਰਹੇ ਹਨ ਅਤੇ ਇਕੋ ਬਾਣੀ ਵਿਚ ਵਿਭਿੰਨ ਛੰਦ-ਤੋਲ ਪ੍ਰਸਤੁਤ ਕਰਦੇ ਰਹੇ ਪਰ ਕਿਤੇ ਵੀ ਲੈਅ ਭੰਗ ਨਹੀਂ ਹੁੰਦੀ। ਅਸਲ ਵਿਚ ਬਾਣੀਕਾਰਾਂ ਨੇ ਸੁਤੰਤਰ ਰਹਿ ਕੇ ਛੰਦ-ਵਿਧਾਨ ਦੀ ਵਰਤੋਂ ਕੀਤੀ ਹੈ ਕਿਉਂਕਿ ਗੁਰਬਾਣੀ ਦਾ ਅਸਲ ਉਦੇਸ਼ ਸ੍ਰੋਤੇ ਗਨ ਨਾਲ ਜੁੜਨਾ ਸੀ । ਕਾਵਿ-ਪ੍ਰਣਾਲੀਆਂ ਦੇ ਸਿਧਾਂਤਾਂ ਨਾਲ ਆਪਣੀ ਰਚਨਾ ਨੂੰ ਜਟਿਲ ਤੇ ਗੁੰਝਲ ਨਹੀਂ ਬਣਾਉਣਾ ਸੀ। ਇਸੇ ਲਈ ਬਾਣੀਕਾਰਾਂ ਨੇ ਬਹੁਤ ਕੁੱਝ ਨਵਾਂ ਵੀ ਸਿਰਜਿਆ ਹੈ ਅਤੇ ਪੁਰਾਣੇ ਨੂੰ ਭੰਗ ਵੀ ਕੀਤਾ ਹੈ। ਚੌਪਈ ਤੇ ਕਲਸ ਦਾ ਰੂਪ ਪਰਿਵਰਤਨ ਇਸ ਦੀ ਮੁਖ ਉਦਾਹਰਨ ਹੈ। ਰਹਾਉ, ਤੁਕ, ਲੈਅ, ਲੋਕ-ਕਾਵਿ ਰੂਪਾਂ ਦੀ ਵਰਤੋਂ, ਛੰਦ-ਚਾਲ ਦੀ ਪ੍ਰਮੁਖਤਾ ਆਦਿ ਨਾਲ ਮੌਲਿਕ ਨਵ-ਰੂਪ ਸਿਰਜਣਾ ਦ੍ਰਿਸ਼ਟੀਗੋਚਰ ਹੁੰਦੀ ਹੈ ਅਤੇ ਇਹ ਹੀ ਛੰਦ-ਵਿਧਾਨ ਦਾ ਨਿਵੇਕਲਾਪਨ ਹੈ।'ਗੁਰੂ ਗ੍ਰੰਥ ਸਾਹਿਬ ਦਾ ਛੰਦ-ਵਿਧਾਨ ਪਿੰਗਲ-ਸ਼ਾਸਤ੍ਰ ਤੋਂ ਵਧੀਕ ਸੰਗੀਤ-ਸ਼ਾਸਤ੍ਰ ਨਾਲ ਸੰਬੰਧਿਤ ਹੈ। ਧਿਆਨ ਯੋਗ ਤੱਥ ਤਾਂ ਇਹ ਹੈ, ਛੰਦ-ਪ੍ਰਬੰਧ ਮਾਤ੍ਰਾ ਪ੍ਰਬੰਧ ਤੋਂ ਲੈਅ-ਪ੍ਰਬੰਧ ਦਾ ਅਨੁਸਾਰੀ ਹੈ। ਛੰਦ-ਵੰਨ-ਸੁਵੰਨਤਾ ਗੁਰਬਾਣੀ ਦਾ ਉੱਘਾ ਲੱਛਣ ਹੈ। ਕਿਸੇ ਛੰਦ ਵਿਸ਼ੇਸ਼ ਨੂੰ ਕਿਸੇ ਕਾਵਿ-ਰੂਪ ਵਿਸ਼ੇਸ਼ ਨਾਲ ਬੰਨ੍ਹਿਆ ਨਹੀਂ ਜਾ ਸਕਦਾ। ਇਕੋਂ ਕਾਵਿ-ਰੂਪ ਅਨੇਕਾ ਛੰਦਾਂ ਵਿਚ ਮੂਰਤੀਮਾਨ ਹੋਇਆ ਹੈ। ਅਸਟਪਦੀ, ਸਲੋਕ, ਦੁਪਦੇ, ਤਿਪਦੇ, ਚਉਪਦੇ ਆਦਿ ਉਪ-ਸੰਕੇਤਾਂ ਤੋਂ ਇਹ ਭੁਲੇਖਾ ਲਗਦਾ ਹੈ ਕਿ ਸ਼ਾਇਦ ਇਹ ਛੰਦ-ਵਿਸ਼ੇਸ਼ ਦੇ ਅਨੁਸਾਰੀ

ਹਨ ਪਰ ਵਿਵੇਚਨ ਉਪਰੰਤ ਇਹ ਪਤਾ ਲਗਦਾ ਹੈ ਕਿ ਇਹ ਇਕ ਛੰਦ ਦੇ ਅਨੁਸਾਰੀ ਨਹੀਂ ਸਗੋਂ ਇਨ੍ਹਾਂ ਵਿਚ ਵੰਨ-ਸੁਵੰਨੇ ਛੰਦਾਂ ਦੀ ਵੰਨਗੀ ਦਿਖਾਈ ਦਿੰਦੀ ਹੈ। ਗੁਰਬਾਣੀ ਦੀ ਛੰਦ ਦੇ ਪੱਖੋਂ ਸਭ ਤੋਂ ਵੱਡੀ ਵਿਸ਼ੇਸ਼ਤਾ ਲੈਆਤਾਮਕਤਾ ਹੈ। ਮਾਤ੍ਰਾ ਗਿਣਤੀ ਦੀ ਪਾਬੰਦੀ ਦੀ ਅਧੀਨਗੀ ਨੂੰ ਕਬੂਲ ਨਹੀਂ ਕੀਤਾ ਗਿਆ। ਛੰਦ-ਵਿਵਧਤਾ ਦੀ ਵਰਤੋਂ ਤੋਂ ਇਹ ਸਾਬਤ ਨਹੀਂ ਹੁੰਦਾ ਕਿ ਗੁਰੂ ਸਾਹਿਬਾਨ ਛੰਦਾਂ ਦੀ ਵਰਤੋਂ ਛੰਦ-ਕੌਸ਼ਲ ਦੇ ਪ੍ਰਦਰਸ਼ਨ ਲਈ ਕਰਦੇ ਸਨ ਹਾਲਾਂ ਕਿ ਕਾਵਿ-ਰੂਪਾਂ , ਲੋਕ-ਰੂਪਾਂ ਜਾਂ ਪਦਾ ਰਚਨਾ ਆਦਿ ਵਿਚ ਅਨੇਕ ਪ੍ਰਕਾਰੀ ਛੰਦਾਂ ਦਾ ਉਪਯੋਗ ਹੋਇਆ ਹੈ। ਪਰ ਤਾਂ ਵੀ ਉਨ੍ਹਾਂ ਨੂੰ ਛੰਦ-ਮੁਖ ਬਾਣੀਕਾਰ ਨਹੀਂ ਕਿਹਾ ਜਾ ਸਕਦਾ। ਇਸ ਦਾ ਕਾਰਨ ਸਾਫ਼ ਹੈ, ਉਹ ਛੰਦ-ਵਿਧਾਨ ਨੇਮਾਂ ਦੇ ਅਭਿਆਸੀ ਜ਼ਰੂਰ ਸਨ, ਉਨ੍ਹਾਂ ਦੇ ਗੁਲਾਮ ਨਹੀਂ। ਛੰਦ-ਕੋਸ਼ਲ ਵਿਚ ਉਨ੍ਹਾਂ ਖੁਦਮੁਖਤਾਰੀ ਦਾ ਦੀਦਾਰ ਅਤਿ ਸੰਘਣਾ ਹੈ ਤੇ ਇਹੀ ਉਨ੍ਹਾਂ ਦੀ ਵਿਲੱਖਣ ਪ੍ਰਾਪਤੀ ਵੀ ਹੈ। ਗੁਰੂ ਸਾਹਿਬਾਨ ਦਾ ਛੰਦ-ਕੌਸ਼ਲ ਉਨ੍ਹਾਂ ਦੀ ਕਮਾਲ ਕਾਰੀਗਿਰੀ ਦਾ ਥਹੁ ਦਿੰਦਾ ਹੈ।ਉਹ ਇਕੋ ਹੀ ਰਚਨਾ ਵਿਚ ਇਕ ਤੋਂ ਵਧੀਕ ਛੰਦਾਂ ਦੀ ਵਰਤੋਂ ਕਰਦੇ ਹਨ ਪਰ ਵਿਸ਼ੇ ਦਾ ਇਕਾਗਰ ਪ੍ਰਭਾਵ ਸਦਾ ਕਾਇਮ ਰਹਿੰਦਾ ਹੈ ਤੇ ਚਿੱਤ ਉਕਤਾਉਂਦਾ ਨਹੀਂ। ਭਰਪੁਰ ਆਨੰਦ ਸਿਰਜਣ ਉਨ੍ਹਾਂ ਦੀ ਕਲਾ-ਸਿਧੀ ਦਾ ਅਤਿ ਉੱਤਮ ਪ੍ਰਮਾਣ ਹੈ।'[167] ਸਪਸ਼ਟ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਛੰਦ-ਵਿਧਾਨ ਪਿੰਗਲ ਅਨੁਸਾਰੀ ਨਹੀਂ, ਸਗੋਂ ਭਾਵਾਂ ਦੁਆਰਾ ਅਨੁਸ਼ਾਸਿਤ ਹੈ। ਇਸ ਦਾ ਬੁਨਿਆਦੀ ਆਧਾਰ ਰਾਗ ਜਾਂ ਸੰਗੀਤ ਨਾਲ ਜੁੜਦਾ ਹੈ। ਮਾਤ੍ਰਾਵਾਂ ਦੀ ਵਾਧ-ਘਾਟ ਜਾਂ ਵਖਰੇਵਾਂ ਸੰਗੀਤਕ ਸੁਰਾਂ ਅਨੁਸਾਰ ਰੂਪ ਬਦਲਦਾ ਹੈ; ਇਹ ਹੀ ਗੁਰਬਾਣੀ ਛੰਦ-ਯੋਜਨਾ ਦਾ ਨਿਵੇਕਲਾਪਨ ਹੈ।

## ਸੰਗੀਤ:

ਸੰਗੀਤ ਮਨੁੱਖੀ ਮਨ ਦੇ ਭਾਵਾਂ ਨੂੰ ਤਰਲਤਾ, ਤੀਬਰਤਾ ਅਤੇ ਹੁਲਾਰਾ ਸ਼ਕਤੀ ਪ੍ਰਦਾਨ ਕਰਨ ਵਾਲੀ ਕਲਾ ਹੈ। ਇਹ ਮਨੁੱਖੀ ਮਨ ਨੂੰ ਟੁੰਬਣ ਵਾਲੀ ਅਤੇ ਬੁੱਧੀ ਦੀ ਪਕੜ ਤੋਂ ਦੂਰ ਅਜਿਹੀ ਅਨੰਦਦਾਇਕ ਕਲਾਤਮਕ ਸ਼ਕਤੀ ਹੈ ਜੋ ਮਾਨਵੀ ਮਨ ਤੇ ਬੁਰੇ ਭਲੇ ਦਾ ਪ੍ਰਭਾਵ ਅੰਕਿਤ ਕਰਦੀ ਹੈ। ਭਾਈ ਕਾਹਨ ਸਿੰਘ ਨਾਭਾ ਅਨੁਸਾਰ 'ਨ੍ਰਿਤ, ਗਾਉਣ ਅਤੇ ਵਜਾਉਣ ਦੇ ਸੰਮਿਸ਼ਰਣ ਨੂੰ ਸੰਗੀਤ ਕਿਹਾ ਜਾਂਦਾ ਹੈ।'[168] ਇਸ ਪ੍ਰਕਾਰ ਸੰਗੀਤ ਸਮੁਦਾਇਕ ਵਾਚਕ ਨਾਮ ਹੈ, ਜਿਸ ਤੋਂ ਗਾਇਨ, ਨ੍ਰਿਤ ਅਤੇ ਵਾਦਨ ਤਿੰਨ ਕਲਾਵਾਂ ਦਾ ਬੋਧ ਹੁੰਦਾ ਹੈ। ਸੰਗੀਤ ਦੀਆਂ ਤਿੰਨ ਸ਼ੈਲੀਆਂ ਹਨ:

ੳ) ਸ਼ਾਸਤਰੀ ਸੰਗੀਤ

ਅ) ਲੋਕ-ਸੰਗੀਤ

ੲ) ਕੀਰਤਨ

ਸ਼ਾਸਤਰੀ ਸੰਗੀਤ ਤਾਨ, ਪਲਟੇ ਅਤੇ ਮੁਦਰਾ ਆਦਿ ਨਾਲ ਨਿਸ਼ਚਿਤ ਨੇਮ-ਪ੍ਰਬੰਧ ਅਰਥਾਤ ਪੱਕੇ ਰਾਗਾਂ ਵਿਚ ਗਾਇਆ ਜਾਣ ਵਾਲਾ ਅਤੇ ਜਨ ਸਾਧਾਰਨ ਦੀ ਪਹੁੰਚ ਤੋਂ ਦੂਰ ਹੁੰਦਾ ਹੈ। ਲੋਕ ਸੰਗੀਤ ਦੀਆਂ ਧੁਨੀਆਂ ਰਾਗ ਬੰਧਨਾਂ ਤੋਂ ਮੁਕਤ ਅਤੇ ਲੋਕ ਰੁਚੀਆਂ ਅਨੁਸਾਰ ਹੁੰਦੀਆਂ ਹਨ। ਲੋਕ-ਸੰਗੀਤ ਕਿਸੇ ਜਾਤੀ ਦੇ ਅੰਤ੍ਰੀਵ ਜਜ਼ਬਿਆਂ ਦੀਆਂ, ਤਾਲ-ਬੱਧ, ਸੁਭਾਵਿਕ, ਅਜਿਹੀਆਂ ਤਰੰਗਾਂ ਹਨ ਜੋ ਕਿਸੇ ਵਿਸ਼ੇਸ਼ ਵਿਅਕਤੀ ਨਾਲ ਨਹੀਂ ਸਗੋਂ ਲੋਕ ਸਮੂਹ ਨਾਲ ਸੰਬੰਧਿਤ ਹੁੰਦੀਆਂ ਹਨ। ਲੋਕ-ਸੰਗੀਤ ਦਾ ਉਦੇਸ਼ ਲੋਕ-ਭਾਵਨਾਵਾਂ ਦੀ ਤਰਜ਼ਮਾਨੀ ਕਰਨਾ ਹੁੰਦਾ ਹੈ ਅਤੇ ਲੋਕ ਸੰਗੀਤ ਦੀਆਂ ਧੁਨੀਆਂ ਵਿਚ ਸਰਲਤਾ, ਸਾਦਗੀ, ਮਿਠਾਸ, ਸੰਖੇਪਤਾ, ਸੁਭਾਵਿਕਤਾ ਆਦਿ ਗੁਣ ਲੋਕ ਸੰਗੀਤ ਨੂੰ ਲੋਕਪ੍ਰਿਯਤਾ ਪ੍ਰਦਾਨ ਕਰਦੇ

ਹਨ। ਮੱਧਕਾਲ ਦੇ ਸੰਤਾਂ ਭਗਤਾਂ ਅਤੇ ਬਾਣੀਕਾਰਾਂ ਨੇ ਆਪਣੇ ਅਧਿਆਤਮਕ ਭਾਵਾਂ ਦੀ ਅਭਿਵਿਅਕਤੀ ਲਈ ਸ਼ਾਸਤਰੀ ਸੰਗੀਤ ਅਤੇ ਲੋਕ-ਸੰਗੀਤ ਦੋਵਾਂ ਦੇ ਸੁਮੇਲ ਤੋਂ ਕੀਰਤਨੀ ਸ਼ੈਲੀ ਨੂੰ ਅਪਣਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਨੇ ਸ਼ਬਦ ਕੀਰਤਨ ਦੀ ਮਹਿਮਾ ਨੂੰ ਇਸ ਤਰ੍ਹਾਂ ਪੇਸ਼ ਕੀਤਾ ਹੈ:

ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੇ ਕਰਮਾ ॥[169]
ਹਰਿ ਕੀਰਤਿ ਕਲਜੁਗਿ ਪਦੁ ਊਤਮ ਹਰਿ ਪਾਈਐ ਸਤਿਗੁਰ ਮਾਝਾ॥[170]
ਕੀਰਤਨ ਨਿਰਮੋਲਕ ਹੀਰਾ॥ ਆਨੰਦ ਗੁਣੀ ਗਹੀਰਾ॥[171]
ਕਲਜੁਗ ਮਹਿ ਕੀਰਤਨ ਪਰਧਾਨਾ॥ ਗੁਰਮੁਖਿ ਜਪੀਏ ਲਾਇ ਧਿਆਨਾ॥[172]
ਅਰਥਾਤ ਗੁਰਬਾਣੀ ਦਾ ਕੀਰਤਨ ਅਜੋਕੇ ਯੁੱਗ ਵਿਚ ਸਰਵੋਤਮ, ਉੱਤਮ, ਨਿਰਮੋਲਕ ਤੇ ਪ੍ਰਧਾਨ ਕਰਮ ਹੈ। ਬਾਣੀ ਦੇ ਅੰਦਰੂਨੀ ਹਵਾਲਿਆਂ ਤੋਂ ਪਤਾ ਲਗਦਾ ਹੈ ਕਿ ਬਾਣੀ ਕੀਰਤਨ ਲਈ ਹੀ ਰਚੀ ਗਈ ਹੈ।ਜਿਵੇਂ-
ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥[173]
ਗੁਰਬਾਣੀ ਗਾਵਹੁ ਭਾਈ॥ ਓਹ ਸਫਲ ਸਦਾ ਸੁਖਦਾਈ॥[174]
ਐਸਾ ਕੀਰਤਨ ਕਰਿ ਮਨ ਮੇਰੇ॥ ਈਹਾ ਊਹਾ ਕਾਮਿ ਤੇਰੈ॥[175]
ਗੁਰਬਾਣੀ ਵਿਚ ਕੀਰਤਨ ਦੀ ਮਹਤਤਾ ਬਾਰੇ ਗੁਰੂ ਅਰਜਨ ਦੇਵ ਜੀ ਦੇ 'ਦੋ ਸਿੱਖਾਂ ਨਾਲ ਸੰਬੰਧਿਤ ਸਾਖੀ' ਨੂੰ ਭਾਈ ਮਨੀ ਸਿੰਘ ਜੀ ਨੇ ਕਲਮਬੱਧ ਕਰਦਿਆ ਲਿਖਿਆ ਹੈ:

"ਬਾਣੀ ਦਾ ਪਾਠ ਏਹੁ ਹੈ ਜੋ ਆਪਣੇ ਖੂਹ ਦੀ ਪੈਲੀ ਪਾਣੀ ਦੇ ਕੇ ਝਬਦੇ ਪਕਾਇਦੀ ਹੈ ਅਤੇ ਅਨਾਜ ਦਾ ਬੋਹਲ ਘਰ ਲੈ ਆਵੀਦਾ ਹੈ। ਤੈਸੇ ਬਾਣੀ ਦੇ ਪਾਠ ਦਾ ਫਲ ਹੋਤਾ ਹੈ। ਪਰ ਖੂਹ ਦਾ ਪਾਣੀ ਦੂਜੇ ਦੀ ਪੈਲੀ ਦੇ ਨਜ਼ਦੀਕ ਹੋਵੇ ਤਾਂ ਉਸ ਨੂੰ ਭੀ ਪਹੁੰਚਦਾ ਹੈ ਪਰ ਦੂਰ ਦੀਆਂ ਪੈਲੀਆਂ ਨੂੰ ਨਹੀਂ ਪਹੁੰਚਦਾ ਤੇ ਕੀਰਤਨ ਐਸਾ ਹੈ ਜੈਸੇ ਮੇਘ ਗਰਜ ਕੇ ਵਰਖਾ ਕਰਤਾ ਹੈ ਤਾਂ ਸਭੇ ਪੈਲੀਆਂ ਹਰੀਆਂ ਹੁੰਦੀਆ ਹੈਨ।"[176]

ਬਾਣੀ ਵਿਚ ਕੀਰਤਨ ਦੀ ਮਹਿਮਾ ਦਾ ਜਸ ਹੀ ਨਹੀਂ ਬਲਕਿ ਕੀਰਤਨ ਹਿੱਤ ਇਕ ਵਿਸ਼ੇਸ਼ ਮਰਿਯਾਦਾ ਤੇ ਅਨੁਸ਼ਾਸਨ ਨੂੰ ਕਾਇਮ ਰੱਖਦੇ ਹੋਏ ਕੀਰਤਨ ਦੀ ਪਰੰਪਰਾ ਨੂੰ ਨਿਭਾਉਣ ਦਾ ਆਦੇਸ਼ ਹੈ। ਕੀਰਤਨ ਲਈ 'ਗੁਣ ਗੋਬਿੰਦ ਗਾਵਹੁ ਸਭਿ ਹਰਿ ਜਨ ਰਾਗ ਰਤਨ ਰਸਨਾ ਆਲਾਪ' ਅਤੇ 'ਧਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ' ਦਾ ਗੁਰ ਫੁਰਮਾਨ ਹੈ।ਕੀਰਤਨ ਉੱਚ ਅਵੱਸਥਾ ਤੇ ਸਿਖਰਾਂ ਤੱਕ ਪਹੁੰਚਣ ਦਾ ਸਾਧਨ ਹੈ ਇਸ ਲਈ ਕੀਰਤਨੀਏ ਲਈ ਵੀ ਲਕਸ ਨਿਰਧਾਰਿਤ ਹਨ:

ਭਲੋ ਭਲੋ ਰੇ ਕੀਰਤਨੀਆ॥ ਰਾਮ ਰਮਾ ਰਾਮਾ ਗੁਨ ਗਾਉ॥
ਛੋਡਿ ਮਾਇਆ ਕੇ ਧੰਧ ਸੁਆਉ॥[177]

ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿਚ ਸੰਗੀਤ ਦੇ ਸਿਧਾਂਤਕ ਆਧਾਰ ਨਾਲ ਇਕ ਨਿਸ਼ਚਿਤ ਮਰਿਆਦਾ ਤੇ ਪਰੰਪਰਾ ਵਿਕਸਿਤ ਹੋਈ; ਜਿਸਨੂੰ ਗੁਰਮਤਿ ਸੰਗੀਤ ਵੱਜੋਂ ਜਾਣਿਆ ਗਿਆ। ਅਰਥਾਤ ਬਾਣੀਕਾਰਾਂ ਦੁਆਰਾ ਨਿਰਧਾਰਿਤ ਸਿਧਾਂਤਾਂ ਦੀ ਅਨੁਸਾਰੀ ਸੰਗੀਤਮਈ ਸ਼ਬਦ ਕੀਰਤਨ ਪਰੰਪਰਾ। ਗੁਰੂ ਗ੍ਰੰਥ ਸਾਹਿਬ ਵਿਚ ਇਹ ਗਾਇਨ ਵਿਧਾਨ ਨਿਸ਼ਚਿਤ ਰੂਪ ਵਿਚ ਅੰਕਿਤ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕੁੱਲ 31 ਰਾਗ ਹਨ। ਇਹ ਰਾਗ ਪੂਰੀ ਵੰਨ-ਸੁਵੰਨਤਾ ਨਾਲ ਦਿਸ਼ਟੀਗੋਚਰ ਹੁੰਦੇ ਹਨ। ਭਾਵ ਇਨ੍ਹਾਂ ਦੀਆਂ ਕਈ ਵੰਨਗੀਆਂ ਹਨ; ਜਿਵੇਂ-

ਸ਼ੁਧ ਰਾਗ- 31 ਮੁੱਖ ਰਾਗ ਜਿਵੇਂ ਸਿਰੀ, ਗਉੜੀ, ਆਸਾ, ਵਡਹੰਸ, ਜੈਜਾਵੰਤੀ।

ਮਿਸ਼ਰਤ ਰਾਗ- ਗਉੜੀ ਪੂਰਬੀ, ਆਸਾ ਕਾਫ਼ੀ, ਸੂਹੀ ਲਲਿਤ, ਬਸੰਤ ਹਿੰਡੋਲ, ਪ੍ਰਭਾਤੀ ਬਿਭਾਸ ਆਦਿ।

ਦੱਖਣੀ ਰਾਗ- ਗਉੜੀ ਦੱਖਣੀ, ਵਡਹੰਸ ਦੱਖਣੀ, ਬਿਲਾਵਲ ਦੱਖਣੀ, ਮਾਰੂ ਦੱਖਣੀ, ਰਾਮਕਲੀ ਦੱਖਣੀ, ਪ੍ਰਭਾਤੀ ਦੱਖਣੀ।

ਮੌਸਮੀ ਰਾਗ- ਮਲਹਾਰ, ਬਸੰਤ।

ਇਲਾਕਾਈ ਰਾਗ- ਆਸਾ, ਤੁਖਾਰੀ, ਮਾਝ ਆਦਿ।

ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਰਾਗ-ਪ੍ਰਬੰਧ ਨੂੰ ਬੜੀ ਕੁਸ਼ਲਤਾ ਪੂਰਵਕ ਨਿਭਾਇਆ ਹੈ ਤੇ ਇਸ ਰਾਹੀਂ ਬੜੀ ਖੁਬਸੂਰਤੀ ਨਾਲ ਇਸ ਵਿਚਲੇ ਜੀਵਨ-ਦਰਸ਼ਨ ਦੀ ਪ੍ਰਸਤੁਤੀ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਰਾਗ ਪ੍ਰਬੰਧ ਦੀ ਦ੍ਰਿਸ਼ਟੀ ਤੋਂ ਪਹਿਲਾ ਗ੍ਰੰਥ ਹੈ ਜੋ ਇਕ ਵਿਸ਼ੇਸ਼ ਸੋਝੀ ਅਧੀਨ ਸੰਪਾਦਿਤ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਤਰਤੀਬ ਇਸ ਪ੍ਰਕਾਰ ਹੈ:

ਸਿਰੀ ਰਾਗੁ, ਗਉੜੀ (ਗੁਆਰੇਰੀ, ਦਖਣੀ, ਚੇਤੀ, ਬੈਰਾਗਣਿ, ਪੂਰਬੀ ਮਾਝ, ਮਾਲਵਾ, ਮਾਝਾ, ਤੇ ਸੋਰਠਿ), ਆਸਾ (ਕਾਫੀ, ਆਸਾਵਰੀ, ਸੁਧੰਗ), ਗੂਜਰੀ, ਦੇਵਗੰਧਾਰੀ (ਦੇਵਗੰਧਾਰ), ਬਿਹਾਗੜਾ, ਵਡਹੰਸ (ਵਡਹੰਸ ਦੱਖਣੀ), ਸੋਰਠਿ, ਧਨਾਸਰੀ, ਜੈਤਸਰੀ, ਟੋਡੀ,ਬੈਰਾੜੀ, ਤਿਲੰਗ(ਤਿਲੰਗ ਕਾਫੀ), ਸੂਹੀ (ਸੂਹੀ ਕਾਫੀ, ਸੂਹੀ ਲਲਿਤ), ਬਿਲਾਵਲੁ ( ਦਖਣੀ, ਮੰਗਲ), ਗੋਂਡ (ਬਿਲਾਵਲ ਗੋਂਡ), ਰਾਮਕਲੀ (ਰਾਮਕਲੀ ਦਖਣੀ), ਨਟ ਨਰਾਇਣ(ਨਟ), ਮਾਲੀ ਗਉੜਾ, ਮਾਰੂ ( ਮਾਰੂ ਕਾਫੀ, ਮਾਰੂ ਦਖਣੀ), ਤੁਖਾਰੀ, ਕਟਦਾਰਾ, ਭੈਰਉ, ਬਸੰਤੁ (ਬਸੰਤ ਹਿੰਡੋਲ), ਸਾਰੰਗ, ਮਲਾਰ, ਕਾਨੜਾ, ਕਲਿਆਨ ( ਕਲਿਆਨ ਭੋਪਾਲੀ), ਪ੍ਰਭਾਤੀ ( ਪ੍ਰਭਾਤੀ ਬਿਭਾਸ, ਪ੍ਰਭਾਤੀ ਦਖਣੀ, ਬਿਭਾਸ ਪ੍ਰਭਾਤੀ), ਜੈਜਾਵੰਤੀ।

ਰਾਗਾਂ ਦੀ ਤਰਤੀਬ ਗੁਰੂ-ਕ੍ਰਮ ਅਨੁਸਾਰ, ਭਗਤ ਕਬੀਰ, ਨਾਮਦੇਵ, ਰਵਿਦਾਸ ਅਤੇ ਹੋਰ ਭਗਤਾਂ ਦੀ ਬਾਣੀ, ਗੁਰੂ ਘਰ ਦੇ ਨਿਕਟਵਰਤੀਆਂ ਅਨੁਸਾਰ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਇਨ੍ਹਾਂ ਰਾਗਾਂ ਦੇ ਮਹੱਤਵ ਬਾਰੇ ਸੰਕੇਤ ਹਨ:

ਰਾਗਾ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ॥ [178]

ਗਉੜੀ ਰਾਗ ਸੁਲਖਣੀ ਜੇ ਖਸਮੈ ਚਿਤਿ ਕਰੇਇ॥ [179]

ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ॥ [180]

ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ॥ [181]

ਮਲਾਰੁ ਸੀਤਲ ਰਾਗੁ ਹੈ ਹਰਿ ਧਿਆਈਐ ਸਾਂਤਿ ਹੋਇ॥ [182]

ਗੁਰਮਤਿ ਫ਼ਿਲਾਸਫ਼ੀ ਤੇ ਰਾਗਾਂ ਦਾ ਸੰਬੰਧ ਇਨ੍ਹਾਂ ਟਿੱਪਣੀਆਂ ਰਾਹੀਂ ਦੇਖਿਆ ਜਾ ਸਕਦਾ ਹੈ; ਜਿਵੇਂ ਮਲਾਰ ਰਾਗ ਮਾਨਸਿਕ ਸ਼ਾਂਤੀ ਲਈ, ਰਾਗ ਮਾਝ ਦਾ ਸੰਬੰਧ ਮਾਝੇ ਇਲਾਕੇ ਨਾਲ ਅਤੇ ਇਸ ਦਾ ਸੰਬੰਧ ਬਾਰਸ਼ ਨਾਲ, ਗੁਜਰੀ ਰਾਗ ਗੁਜਰ ਲੋਕਾਂ ਦਾ ਰਾਗ, ਬਸੰਤ, ਮਲਾਰ, ਕਾਨੜਾ, ਕਲਿਆਣ ਦਾ ਸੰਬੰਧ ਮੌਸਮਾਂ ਨਾਲ, ਸੂਹੀ ਖੁਸ਼ੀ ਦੇ ਮੌਕੇ ਦਾ (ਵਿਆਹ ਸਮੇਂ ਗਾਇਆ ਜਾਣ ਵਾਲਾ), ਤਿਲੰਗ, ਮਾਰੂ, ਤੁਖਾਰ, ਆਸਾ ਦਾ ਸੰਬੰਧ ਖੇਤਰਾਂ ਨਾਲ ਹੈ।ਇਸ ਤਰ੍ਹਾਂ ਇਨ੍ਹਾਂ ਰਾਗਾਂ ਵਿਚ ਰਚਿਤ ਬਾਣੀ ਆਪਣੇ ਸਮੁੱਚੇ ਪ੍ਰਭਾਵ ਨੂੰ ਚਿਤਰਦੀ ਅਧਿਆਤਮਕ ਸੰਦੇਸ਼ ਦਿੰਦੀ ਹੈ। ਗੁਰੂ ਗ੍ਰੰਥ ਸਾਹਿਬ ਦੇ ਅੰਤ ਵਿਚ ਰਾਗਮਾਲਾ ਦਿੱਤੀ ਗਈ ਹੈ ਪਰ ਉਸ ਵਿਚ ਸ਼ਾਮਿਲ ਰਾਗ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਹਨ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਰਾਗ ਰਾਗਮਾਲਾ ਵਿਚ ਸ਼ਾਮਿਲ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਪਹਿਲਾ ਰਾਗ ਸ੍ਰੀ ਰਾਗ ਹੈ ਅਤੇ ਅੰਤਿਮ ਰਾਗ ਜੈਜਾਵੰਤੀ ਹੈ ਅਤੇ ਇਹ ਪ੍ਰਬੰਧ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਭਾਰਤੀ ਸੰਗੀਤ ਪ੍ਰਬੰਧ ਵਿਚ ਨਿਖੜਵਾ ਤੇ ਵਿਸ਼ਿਸ਼ਟ ਦਰਜਾ ਦਿਵਾਉਂਦੀ ਹੈ। ਕਿਉਂਕਿ ਇਨ੍ਹਾਂ ਰਾਗਾਂ ਮੁਤਾਬਕ ਜੀਵਨ ਫ਼ਲਸਫ਼ੇ ਨੂੰ ਪੇਸ਼ ਕੀਤਾ ਗਿਆ ਹੈ। ਗੁਰਬਾਣੀ ਕੀਰਤਨ ਵਿਧਾਨ ਦੀਆਂ ਵਿਸ਼ੇਸ਼ਤਾਵਾਂ ਉਜਾਗਰ ਕਰਦੇ ਹੋਏ ਡਾ. ਗੁਰਨਾਮ ਸਿੰਘ ਆਪਣੇ ਖੋਜ-ਪੱਤਰ 'ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗਾਇਨ ਵਿਧਾਨ ਦੀ ਵਰਤਮਾਨ ਪ੍ਰਾਸੰਗਿਕਤਾ' ਵਿਚ ਅੰਕਿਤ ਕਰਦੇ ਹਨ:

"ਬਾਣੀ ਰਚਨਾ ਨੂੰ ਸਥਾਈ ਤੇ ਅੰਤਰਿਆਂ ਵਿਚ ਨਿਸ਼ਚਿਤ ਤੇ ਵਿਭਾਜਿਤ ਕਰਨ ਲਈ ਰਹਾਉ ਤੇ ਅੰਕ ਦੇ ਅੰਕਣ ਦੀ ਵਿਧੀ ਪ੍ਰਯੋਗ ਕੀਤੀ ਗਈ ਹੈ। ਸ਼ਬਦ ਵਿਚ ਭਾਵ ਪਰਿਵਰਤਨ ਸਮੇਂ ਇਕ ਤੋਂ ਵਧੀਕ ਚਾਰ ਤੱਕ ਰਹਾਉ ਪ੍ਰਯੋਗ ਕੀਤੇ ਗਏ ਹਨ। ਬਾਣੀ ਰੂਪਾਂ ਅਨੁਸਾਰ ਅੰਕਾਂ ਦਾ ਅੰਕਣ ਵੀ ਬਾਣੀ ਰਚਨਾ ਦੀ ਵਿਸ਼ਿਸ਼ਟਤਾ ਉਜਾਗਰ ਕਰ ਰਿਹਾ ਹੈ। ਗਾਉਣ ਹਿੱਤ ਵੱਖ ਵੱਖ ਸਿਰਲੇਖ ਤੇ ਸੰਕੇਤ ਥਾਂ-ਥਾਂ ਤੇ ਬਾਣੀ ਦੇ ਵਿਸ਼ੇਸ਼ ਨਿਸ਼ਚਿਤ ਸਰੂਪ ਨੂੰ ਪ੍ਰਗਟਾ ਰਹੇ ਹਨ। ਇਸ ਤਰ੍ਹਾਂ ਗੁਰਮਤਿ ਸੰਗੀਤ ਵਿਚ ਨਿਸ਼ਚਿਤ ਗਾਇਨ ਵਿਧਾਨ ਅਧੀਨ ਇਕ ਸੰਪੂਰਨ ਸ਼ਬਦ ਕੀਰਤਨ ਪ੍ਰਸਤੁਤੀ ਨੂੰ 'ਕੀਰਤਨ ਚੌਕੀ' ਵੱਜੋਂ ਨਾਮਾਂਕਣ ਕੀਤਾ ਗਿਆ ਹੈ। ਇਸ ਪਰੰਪਰਾ ਵਿਚ ਵੱਖ-ਵੱਖ ਰਾਗਾਂ, ਰੁੱਤਾਂ ਅਨੁਸਾਰ ਕੀਰਤਨ ਚੌਕੀਆਂ ਦੀ ਵਿਸ਼ੇਸ਼ ਪਰੰਪਰਾ ਹੈ।"[183]

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਦਰਭ ਵਿਚ ਜੋ ਰਾਗਾਤਾਮਕਤਾ ਤੇ ਸੰਗੀਤਾਤਮਕਤਾ ਨਿਸ਼ਚਿਤ ਕੀਤੀ ਗਈ ਹੈ ਦਾ ਮੂਲ ਮਨੋਰਥ ਬਾਣੀ ਨੂੰ ਕੀਰਤਨ ਦੁਆਰਾ ਸਮੁੱਚੀ ਲੋਕਾਈ ਤੱਕ ਸੰਚਾਰਿਤ ਕਰਨਾ ਹੈ ਅਤੇ ਇਹ ਕੀਰਤਨ ਵਿਧਾਨ ਜਾ ਗੁਰਮਤਿ ਸੰਗੀਤ ਕੇਵਲ ਕੀਰਤਨੀਆਂ ਤੱਕ ਮਹਿਦੂਦ ਨਹੀਂ ਸਗੋਂ ਬਾਣੀ ਦਰਸ਼ਨ ਦੇ ਅਧਿਆਤਮਕ ਮੰਡਲਾਂ ਵਿਚ ਵਿਚਰਨ ਵਾਲੇ ਸਮੱਸਤ ਸਾਧਕਾਂ ਜਾਂ ਜਗਿਆਸੂਆਂ ਲਈ ਵੀ ਹੈ। 'ਬਾਣੀ ਦੀ ਸ਼ਬਦ ਗਾਇਨ ਪ੍ਰਸਤੁਤੀ ਅਧੀਨ ਗਾਇਕ ਸ਼ਬਦ ਦੇ ਸਤਿ ਦਾ ਅਨੁਭਵ ਬੋਧ ਕਰਦਾ ਹੋਇਆ ਮਨ ਦੇ ਅੰਤਰ ਨਿਹਿਤ ਨਵੀਨ ਚੇਤਨਾ ਨੂੰ ਜਗਾਉਣ ਵਲ ਰੁਚਿਤ ਹੁੰਦਾ ਹੈ। ਇਸ ਤਰ੍ਹਾਂ ਸ਼ਬਦ ਗਾਇਨ ਪ੍ਰਸਤੁਤੀ ਦੀ ਕਾਰਜ ਵਿਧੀ ਦੂਹਰੀ ਹੋ ਨਿਬੜਦੀ ਹੈ। ਇਸ ਵਿਚ ਪ੍ਰਸਤੁਤਕਾਰ ਸੰਗੀਤ ਦੁਆਰਾ ਬਾਣੀ ਦੇ ਪਰਮਸਤਿ ਦਾ ਬਾਹਰਮੁਖੀ ਗਾਇਨ ਆਹਤ/ਨਾਦਾਤਮਿਕ ਕਰਦਾ ਹੋਇਆ ਇਸ ਨੂੰ ਮਨ ਅੰਤਰ ਵਿਚ ਵਸਾਉਂਦਾ ਦ੍ਰਿੜਾਉਂਦਾ ਸਹਿਜ ਪਦ (ਅਨਹਦ ਅਵਸਥਾ) ਦੀ ਪ੍ਰਾਪਤੀ ਕਰਦਾ ਹੈ। ਜਿੱਥੇ ਵਾਜੇ ਬਾਝਹੁ ਸਿੰਙੀ ਵਜਦੀ ਹੈ, ਜਿੱਥੇ ਕਰ ਬਿਨਾ ਵਾਜਾ, ਪਰ ਬਿਨਾ ਤਾਲ ਦਾ ਵਾਦਨ ਹੁੰਦਾ ਹੈ। ਸ਼ਬਦ ਗਾਇਨ ਦੀ ਇਹ ਦੁਵੱਲੀ ਪ੍ਰਕਿਰਿਆ ਮਨ ਵਿਚ ਸਚੁ ਦੁਆਰਾ ਸਹਿਜ ਦੇ ਅਨੰਦ ਦੀ ਅਵਸਥਾ ਪ੍ਰਾਪਤ ਕਰਾਉਂਦੀ ਹੈ ਜੋ ਸੁਰਤਿ ਨੂੰ ਟਿਕਾਉਣ ਵਿਚ ਸਹਾਈ ਹੁੰਦੀ ਹੈ।

ਸੁਰਤਿ ਦੇ ਜੁੜਨ ਨਾਲ ਹੀ ਚੇਤਨਾ ਜਾਗ੍ਰਿਤ ਹੁੰਦੀ ਹੈ। ਸੁਰਤਿ ਦੀ ਲਿਵ ਦੁਆਰਾ ਹੀ ਅਧਿਆਤਮਕ ਅਨੁਭਵ ਦਾ ਆਭਾਸ ਹੋਵੇਗਾ, ਜਿਸ ਵਿਚ ਗਾਇਨ ਦੀ ਬਾਰ-ਬਾਰ ਪੁਨਰਾਵ੍ਰਿਤੀ ਅੰਤਿਮ ਸਤਿ ਦੇ ਬੋਧ, ਭਾਵ ਅਧਿਆਤਮਕ ਸਤਿ ਦੇ ਪ੍ਰਕਾਸ਼ਨ ਦੀ ਕਾਰਜ ਪ੍ਰਕਿਰਿਆ ਨੂੰ ਹੋਰ ਤੀਬਰ ਕਰਨ ਅਤੇ ਮੰਜ਼ਿਲ ਦੇ ਨਿਕਟ ਲਿਆਉਣ ਵਿਚ ਸਹਾਈ ਹੋਵੇਗੀ।'[184] ਇਸ ਤਰ੍ਹਾਂ ਇਹ ਸਪਸ਼ਟ ਹੁੰਦਾ ਹੈ ਕਿ ਜਦੋਂ ਬਾਣੀ ਦਾ ਗਾਇਨ ਕੀਤਾ ਜਾਂਦਾ ਹੈ ਤਾਂ ਉਸ ਦਾ ਅਰਥ ਸਮਝਾਉਣ ਦੀ ਲੋੜ ਨਹੀਂ ਪੈਂਦੀ ਸਗੋਂ ਭਾਵ ਆਪਣੇ ਆਪ ਹਿਰਦੇ ਵਿਚ ਵਸ ਜਾਂਦਾ ਹੈ। ਗੁਰਮਤਿ ਕਾਵਿ ਨਾਲ ਮਿਲ ਕੇ ਸੰਗੀਤ ਕੋਈ ਸਾਧਾਰਨ ਸੰਗੀਤ ਨਹੀਂ ਰਿਹਾ ਸਗੋਂ ਇਹ ਕੀਰਤਨ ਬਣ ਜਾਂਦਾ ਹੈ।

ਖੋਜ-ਕਾਰਜ ਦੇ ਇਸ ਅਧਿਆਇ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਮਾਨਵੀ ਆਦਰਸ਼ਾਂ ਦੀ ਸਾਹਿਤਿਕ ਪੇਸ਼ਕਾਰੀ' ਦੇ ਮੂਲ ਵਿਸ਼ੇ ਦੀ ਰੋਸ਼ਨੀ ਵਿਚ ਗੁਰੂ ਗ੍ਰੰਥ ਸਾਹਿਬ ਦੇ ਕੀਤੇ ਅਧਿਐਨ ਉਪਰੰਤ ਇਸ ਸਿੱਟੇ ਤੇ ਪੁੱਜਿਆ ਗਿਆ ਹੈ ਜਿੱਥੇ ਇਹ ਗ੍ਰੰਥ ਥੀਮਕ ਜਾਂ ਵਿਸ਼ੇਗਤ ਪੱਖੋਂ ਮਨੁੱਖ ਦੀ ਉੱਤਮ ਤੇ ਸੁਚੱਜੀ ਰਹਿਨੁਮਾਈ ਕਰਦਾ ਹੈ ਉੱਥੇ ਇਹ ਗ੍ਰੰਥ ਕਲਾਗਤ ਜਾਂ ਰੂਪਕ ਵਿਸ਼ੇਸ਼ਤਾਵਾਂ ਨਾਲ ਵੀ ਪੂਰੀ ਤਰ੍ਹਾਂ ਪ੍ਰਗਟ ਹੁੰਦਾ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਵਿਚ ਕੋਈ ਸ਼ਕ ਨਹੀਂ ਕਿ ਇਹ ਗ੍ਰੰਥ ਧਾਰਮਿਕ ਸਾਹਿਤ ਦਾ ਹਿੱਸਾ ਹੈ ਤੇ ਇਸ ਦੇ ਰਚਣਹਾਰੇ ਪੂਰਨ ਰੂਪ ਵਿਚ ਰੂਹਾਨੀ ਪਿਛੋਕੜ ਨਾਲ ਹੀ ਵਾਬਸਤਾ ਰਹੇ ਹਨ ਪਰ ਕਮਾਲ ਦੀ ਗਲ ਹੈ ਕਿ ਉਨ੍ਹਾਂ ਦੀ ਸਾਹਿਤਿਕ ਸੂਝ ਤੇ ਸਮਝ ਦੁਆਰਾ ਉਤਪੰਨ ਕਿਰਤ ਦੀ ਸਾਹਿਤਿਕਤਾ ਨੇ ਹਰ ਕਿਸਮ ਦੇ ਸਰੋਤੇ ਤੇ ਪਾਠਕ ਨੂੰ ਟੁੰਬਿਆ ਤੇ ਹਲੂਣਿਆ ਹੈ।

ਨਿਰਸੰਦੇਹ ਗੁਰੂ ਗ੍ਰੰਥ ਸਾਹਿਬ ਦੀ ਕਾਵਿ-ਕਲਾ ਉੱਚ-ਦਰਜੇ ਦੀ ਹੈ, ਜੋ ਮੱਧਕਾਲੀ ਪੰਜਾਬੀ ਸਾਹਿਤ ਦੀ ਅਮੀਰੀ ਦੀ ਸਾਹਦੀ ਭਰਦੀ ਹੈ। ਇਸ ਵਿਚ ਭਾਰਤੀ-ਕਾਵਿ ਸ਼ਾਸ਼ਤਰੀ ਸੰਕਲਪਾਂ ਦੀ ਵਿਭਿੰਨ ਵੰਨਗੀਆਂ ਅਤਿ ਦੀ ਸੁਹਜਾਤਮਕਿਤਾ ਤੇ ਨਿਵੇਕਲੇਪਨ ਨਾਲ ਪੇਸ਼ ਹੋਈਆਂ ਹਨ।'ਸਪਸ਼ਟ ਹੈ ਕਿ ਗੁਰਬਾਣੀ ਨਿਰੇ ਸੰਕਲਪੀਕਰਣ ਵਾਲੀ ਰਚਨਾ ਨਹੀਂ। ਇਸ ਵਿਚ ਨੀਰਸ ਦਾਸ਼ਨਿਕਤਾ ਜਾਂ ਅਮੂਰਤ ਉਪਦੇਸ਼ ਨਹੀਂ ਹੈ। ਇਹ ਅਨੁਭਵ ਤੇ ਚਿੰਤਨ ਨੂੰ ਭਾਵਨਾਤਮਕ ਰਸ ਨਾਲ ਭਰਪੂਰ ਕਰ ਲੈਂਦੀ ਹੈ, ਸੰਕਲਪਾਂ ਦਾ ਉਦਾਤ ਕਲਪਨਾ ਨਾਲ ਸੁਮੇਲ ਕਾਇਮ ਕਰ ਲੈਂਦੀ ਹੈ ਅਤੇ ਇਸ ਤਰ੍ਹਾਂ ਉਨ੍ਹਾਂ ਨੂੰ ਮਾਨਵੀ ਸਾਰਥਕਤਾ ਨਾਲ ਭਰਪੂਰ ਕਰ ਦਿੰਦੀ ਹੈ। ਗੁਰਬਾਣੀ ਦੀ ਵਿਲੱਖਣਤਾ ਦਾ ਪ੍ਰਮੁੱਖ ਆਧਾਰ ਇਸ ਵਿਚ ਵਿਸਮਾਦੀ ਧਾਰਮਿਕ ਅਨੁਭਵ ਅਤੇ ਅਸੰਪ੍ਰਦਾਇਕ ਤੇ ਮਾਨਵਹਿਤਕਾਰੀ ਚਿੰਤਨ ਦਾ ਸੁਮੇਲ ਹੈ। ਇਸ ਅਨੁਭਵ ਤੇ ਚਿੰਤਨ ਨੂੰ ਕਾਵਿਕ ਰੂਪਾਂ ਦੀ ਜਿੰਨੀ ਵੰਨ-ਸੁਵੰਨਤਾ ਅਤੇ ਛੰਦ-ਬਣਤਰਾਂ ਦੀ ਜਿੰਨੀ ਅਮੀਰੀ ਸਹਿਤ ਪੇਸ਼ ਕੀਤਾ ਗਿਆ ਹੈ, ਉਸ ਦੀ ਮਿਸਾਲ ਕਿਸੇ ਵੀ ਹੋਰ ਭਾਸ਼ਾ ਦੀ ਕਿਸੇ ਕਿਰਤ ਵਿਚ ਨਹੀਂ ਮਿਲਦੀ।'[185] ਗੁਰਬਾਣੀ ਦੇ ਕਾਵਿ ਰੂਪਾਂ, ਛੰਦ-ਬਣਤਰਾਂ, ਅੰਲਕਾਰਕ ਜੁਗਤਾਂ, ਭਾਸ਼ਾ-ਸ਼ੈਲੀਆਂ, ਬਿੰਬ-ਵਿਧਾਨ, ਪ੍ਰਤੀਕ-ਯੋਜਨਾ, ਰਸ-ਵੰਨਗੀਆਂ ਦੀ ਵਰਤੋਂ ਆਪਣੀ ਵੰਨ-ਸੁਵੰਨਤਾ ਕਰਕੇ ਅਤੇ ਮੌਲਿਕਤਾ ਤੇ ਨਵੀਨਤਾ ਦੇ ਗੁਣਾਂ ਨਾਲ ਭਰਪੂਰ ਹੁੰਦੀ ਹੋਈ ਪ੍ਰਕਾਰਜਸ਼ੀਲ ਹੈ।'ਰਸ-ਦ੍ਰਿਸ਼ਟੀ ਤੋਂ ਗੁਰਬਾਣੀ ਸਾਹਿਤ ਨੂੰ ਨਾਮ ਰਸਾਤਮਕ ਕਾਵਿ ਦਾ ਨਾਂ ਦਿੱਤਾ ਜਾ ਸਕਦਾ ਹੈ। ਰੀਤੀ ਸਾਹਿਤ ਦੇ ਨੁਕਤੇ ਤੋਂ ਗੁਰਬਾਣੀ ਸਾਹਿਤ ਪ੍ਰਕਾਸ਼ ਗੁਣ ਨਾਲ ਭਰਪੂਰ ਹੈ। ਅੰਲਕਾਰ-ਸਿਧਾਂਤ ਦਾ ਮੁਖ ਲੱਛਣ ਕਾਵਿ-ਕੌਸਲ ਦਾ ਪ੍ਰਦਰਸ਼ਨ ਹੈ। ਅੰਲਕਾਰ ਦਾ ਸਹਿਜ ਪ੍ਰਗਟਾਅ ਹੀ ਗੁਰਬਾਣੀ ਸਾਹਿਤ ਦੀ ਵਿਸ਼ੇਸ਼ਤਾ ਹੈ। ਛੰਦ ਦੀ ਵੰਨ-ਸੁਵੰਨੀ ਵਰਤੋਂ ਗੁਰਬਾਣੀ ਸਾਹਿਤ ਦਾ ਉਭਰਵਾਂ ਗੁਣ ਹੈ। ਪਰ ਕਾਵਿ-ਛੰਦ ਮਾਤਰਾ ਦੀ ਅਧੀਨਗੀ ਸਵੀਕਾਰ ਨਾ ਕਰਕੇ ਲੈਅ ਦਾ

ਅਨੁਸਾਰੀ ਹੈ। ਇਸ ਦਾ ਪ੍ਰਮਾਣ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਚਉਪਦਿਆਂ ਉਪਰ ਤੁਕ-ਮਾਤਰਾ ਹੈ, ਜੇਹਾ ਕਿ ਚਉਪਦੇ, ਚਉਤੁਕਾ, ਦੁਪਦੇ, ਦੁਤੁਕੇ, ਤਿਪਦੇ ਆਦਿ। ਗੁਰਬਾਣੀ ਸਾਹਿਤ ਵਿਚ ਰਾਗ ਬੰਦਿਸ਼ ਮੁਖ ਹੈ ਤੇ ਛੰਦ ਦੀ ਜੁਗਤ ਗੌਣ ਰੂਪ ਵਿਚ ਵਰਤੀ ਗਈ ਹੈ।'[186]

ਇਸ ਪ੍ਰਕਾਰ ਗੁਰੂ ਗ੍ਰੰਥ ਸਾਹਿਬ ਮਨੁੱਖ ਦੀ ਧਾਰਮਿਕ-ਸਮਾਜ-ਸੰਸਕ੍ਰਿਤਿਕ ਅਗਵਾਈ ਕਰਦਾ ਸਮੁੱਚੀ ਲੋਕਾਈ ਲਈ ਪ੍ਰਤੀਬੱਧ ਤੇ ਸਮਰਪਿਤ ਹੈ। ਇਹ ਗ੍ਰੰਥ ਇਕ ਅਜਿਹੀ ਸਿਰਜਨਾਤਮਕ ਕਿਰਤ ਹੈ ਜੋ ਆਪਣੀਆਂ ਕਲਾ-ਜੁਗਤਾਂ ਜਾਂ ਵਿਭਿੰਨ ਕਾਵਿ-ਸ਼ੈਲੀਆਂ ਰਾਹੀਂ ਜਨਸਾਧਾਰਨ ਨੂੰ ਸੰਬੋਧਿਤ ਹੁੰਦੀ ਹੈ।ਇਸ ਗ੍ਰੰਥ ਦਾ ਮੂਲ ਮਕਸਦ ਹੀ ਲੋਕਾਈ ਦੀ ਰਹਿਨੁਮਾਈ ਕਰਨਾ ਰਿਹਾ ਹੈ ਤੇ ਇਸ ਲਈ ਪ੍ਰਵਚਨ ਦਾ ਮਾਧਿਅਮ ਇਸ ਦੀਆਂ ਲੋਕ-ਕਲਾ ਪ੍ਰਭਾਵਿਤ ਸੰਚਾਰ-ਜੁਗਤਾਂ ਰਹੀਆਂ ਹਨ। ਅੱਜ ਸਦੀਆਂ ਦੇ ਬਾਅਦ ਵੀ ਇਸ ਗ੍ਰੰਥ ਦੀ ਕਲਾਤਮਕਤਾ ਮਨੁੱਖ ਨੂੰ ਸਦੀਵੀਂ ਪ੍ਰੇਰਨਾ ਤੇ ਨਿਰੰਤਰ-ਰਸ ਪ੍ਰਦਾਨ ਕਰਦੀ ਹੈ। ਵਿਭਿੰਨ-ਕਾਵਿ ਜੁਗਤਾਂ ਵਿਚ ਸਜੇ ਕਾਵਿ-ਭਾਵ, ਭਾਵਾਂ ਦੀ ਸੂਖਮਤਾ ਤੇ ਅਥਾਹ ਕਲਪਨਾ ਦੁਆਰਾ ਮਨੁੱਖ ਦੇ ਵਲਵਲੇ ਤੇ ਵੇਗਾਂ ਨੂੰ ਸੁਹਜ-ਸਿਖਰਾਂ ਵਲ ਲੈ ਜਾਂਦੇ ਹਨ। ਉਨ੍ਹਾਂ ਦੀ ਅੰਤਰ-ਆਤਮਾ ਨੂੰ ਹਲੂਣ ਕੇ, ਉਨ੍ਹਾਂ ਅੰਦਰ ਝਰਨਾਹਟ ਛੇੜ ਕੇ ਉਨ੍ਹਾਂ ਨੂੰ ਧਰਤੀ ਤੋਂ ਉੱਚਾ ਉਠਾ ਕੇ ਆਨੰਦ ਤੇ ਆਵੇਸ਼ ਦੀ ਹਾਲਤ ਵਿਚ ਲਿਜਾ ਕੇ ਉਨ੍ਹਾਂ ਦੀ ਜ਼ਿੰਦਗੀ ਵਿਚ ਨਵ-ਚੇਤਨਾ ਤੇ ਨਵ-ਬੋਧ ਦਾ ਸੰਚਾਰ ਕਰਦੇ ਹਨ। ਛੰਦ-ਬੱਧਤਾ ਦੇ ਨਿਵੇਕਲੇ ਪੈਟਰਨਾਂ ਵਿਚ ਜੜੇ ਕਾਵਿ-ਪਦ ਆਪਣੀ ਵਿਲੱਖਣਰਾਗਾਤਮਕ ਸੰਗੀਤਕ ਸੁਰਾਂ ਨਾਲ ਸੰਚਾਰ-ਜੁਗਤ ਵੱਜੋਂ ਇਕ ਅਜਿਹੀ 'ਕੀਰਤਨ ਸ਼ੈਲੀ' ਨੂੰ ਹੋਂਦ ਵਿਚ ਲਿਆਉਂਦੇ ਹਨ ਜਿਸ ਨਾਲ ਮਨੁੱਖੀ ਆਦਰਸ਼ਾਂ ਦੀ ਪੇਸ਼ਕਾਰੀ ਤੇ ਸਥਾਪਤੀ ਬਹੁਤ ਗੌਰਵਸ਼ਾਲੀ ਤੇ ਪ੍ਰਭਾਵਸ਼ਾਲੀ ਰੂਪ ਵਿਚ ਹੁੰਦੀ ਹੋਈ ਗ੍ਰਹਿਣਯੋਗ ਬਣਦੀ ਹੈ। ਨਿਰਸੰਦੇਹ ਸੰਗੀਤ ਰੂਹਾਂ ਦੀ ਖ਼ੁਰਾਕ ਹੈ ਤੇ ਗੁਰਬਾਣੀ ਸੰਗੀਤ ਮਨੁੱਖ ਦੀ ਰੂਹਾਨੀ ਤੇ ਲੌਕਿਕ ਤਰਜਮਾਨੀ ਕਰਦਾ ਹੋਇਆ ਬਹੁਤ ਮਹੱਤਵਪੂਰਨ ਬਣ ਗਿਆ ਹੈ। ਗੁਰਬਾਣੀ ਦੇ ਕੀਰਤਨ ਨਾਲ, ਇਸ ਵਿਚ ਪੇਸ਼ ਹੋਏ ਮੌਲਿਕ ਤੇ ਨਿਵੇਕਲੇ ਬਿੰਬ, ਅੰਲਕਾਰ, ਪ੍ਰਤੀਕ, ਰਸ ਤੇ ਭਾਸ਼ਾਈ-ਜੁਗਤਾਂ ਇਸ ਦੇ ਗੂੜ੍ਹ ਰਹੱਸ ਤੇ ਰਮਜ਼ਾਂ ਨੂੰ ਪੇਸ਼ ਕਰਨ ਵਿਚ ਸਫਲ ਰਹੇ ਹਨ। ਇਹ ਗੱਲ ਬੜੀ ਹੈਰਾਨੀ ਵਾਲੀ ਹੈ ਕਿ ਬਾਣੀਕਾਰ ਧਾਰਮਿਕ ਪਿਛੋਕੜ ਦੇ ਸਨ ਪਰ ਉਨ੍ਹਾਂ ਨੂੰ ਸਾਹਿਤਿਕ ਗਿਆਨ ਦੀ ਬੜੀ ਸੂਝ ਸੀ ਜਿਸ ਨਾਲ ਉਨ੍ਹਾਂ ਨੇ ਅਧਿਆਤਮਕਤਾ ਤੇ ਸਮਾਜਿਕਤਾ ਦੇ ਪ੍ਰਵਚਨ ਨੂੰ ਸਾਹਿਤਿਕਤਾ ਨਾਲ ਇਕਸੁਰ ਕਰ ਕੇ ਪੇਸ਼ ਕੀਤਾ।

## ਹਵਾਲੇ ਅਤੇ ਟਿੱਪਣੀਆਂ:


1. ਬਲਜੀਤ ਕੌਰ (ਡਾ.), ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੀ ਵਿਲੱਖਣਤਾ, ਖੋਜ ਪਤ੍ਰਿਕਾ, ਸਤੰਬਰ 2002, ਅੰਕ-56, ਪੰਨਾ-155
2. ਅੰਮ੍ਰਿਤਪਾਲ ਕੌਰ (ਡਾ.), ਸ਼ਬਦ ਤੇ ਸੰਗੀਤ ਦੀ ਸਮਕਾਲੀਨ ਪ੍ਰਾਸੰਗਿਕਤਾ, ਖੋਜ ਪਤ੍ਰਿਕਾ, ਸਤੰਬਰ 2002, ਅੰਕ-56, ਪੰਨਾ-107
3. ਗੁਰਬਚਨ ਕੌਰ (ਡਾ.), ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਦਾ ਇਤਿਹਾਸ ਅਤੇ ਤਕਨੀਕ, ਖੋਜ ਪਤ੍ਰਿਕਾ, ਸਤੰਬਰ 1985, ਅੰਕ 26, ਪੰਨਾ 22
4. ਮਹਿੰਦਰ ਕੌਰ ਗਿਲ(ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਕੀ, ਖੋਜ-ਪਤ੍ਰਿਕਾ, ਮਾਰਚ 2004, ਅੰਕ:59, ਪੰਨਾ-8
5. ਅੰਮ੍ਰਿਤਪਾਲ ਕੌਰ(ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀ ਰੂਪ, ਖੋਜ-ਪਤ੍ਰਿਕਾ, ਸਤੰਬਰ 2003, ਅੰਕ 58, ਪੰਨਾ 2
6. ਮਹਿੰਦਰ ਕੌਰ ਗਿਲ(ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੋਕ ਕਾਵਿ-ਰੂਪ, ਖੋਜ-ਪਤ੍ਰਿਕਾ, ਸਤੰਬਰ 2003, ਅੰਕ 58, ਪੰਨਾ 20
7. ਹਰਕੀਰਤ ਸਿੰਘ(ਡਾ.), ਗੁਰੂ ਗ੍ਰੰਥ ਸਾਹਿਬ ਦਾ ਭਾਸ਼ਾਈ ਅਧਿਐਨ'ਖੋਜ-ਪਤ੍ਰਿਕਾ, ਸਤੰਬਰ1985, ਅੰਕ 26, ਪੰਨਾ-196
8. ਵੇਦ ਅਗਨੀਹੋਤਰੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਭਾਸ਼ਾਈ ਵਿਧੀਆਂ, ਵਿਸਮਾਦੁ ਨਾਦ, ਪੰਨਾ-221
9. ਬੂਟਾ ਸਿੰਘ ਬਰਾੜ(ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਭਾਸ਼ਾਈ ਸਰੂਪ: ਪੁਨਰ ਚਿੰਤਨ, ਖੋਜ-ਪਤ੍ਰਿਕਾ, ਮਾਰਚ2004, ਅੰਕ:59, ਪੰਨਾ-159
10. ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਵਾਰਾਂ ਤੇ ਵਧੀਕ, ਮਹਲਾ 1. ਪੰਨਾ-1410
11. ਉਹੀ, ਸਲੋਕ ਮਹਲਾ 3, ਪੰਨਾ-1418
12. ਉਹੀ, ਰਾਗ ਗਉੜੀ ਮਹਲਾ 1, ਪੰਨਾ-154
13. ਉਹੀ, ਸਲੋਕ ਮਹਲਾ 1, ਪੰਨਾ-1239
14. ਭਰਤ ਮੁਨੀ, ਨਾਟਯ-ਸ਼ਾਸਤਰ, ਪੰਨਾ 50-63 (ਅਨੁਵਾਦਕ : ਡਾ. ਨਗੇਂਦ੍ਰ), ਰਸ-ਸਿਧਾਂਤ, ਨੈਸ਼ਨਲ ਪਬਲਿਸ਼ਿੰਗ ਹਾਊਸ ਦਿੱਲੀ, 1964, ਪੰਨਾ 137
15. ਕਰਤਾਰ ਸਿੰਘ ਹਿਤਕਾਰੀ, ਪੀਯੂਖ, ਰਸ ਚਮਤਕਾਰ ਚੰਦ੍ਰਿਕਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000. ਪੰਨਾ 4
16. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਆਸਾ ਮਹਲਾ 5, ਪੰਨਾ-394
17. ਉਹੀ, ਰਾਗ ਸੂਹੀ, ਬਾਣੀ ਸ੍ਰੀ ਰਵਿਦਾਸ ਜੀਉ ਕੀ,ਪੰਨਾ-793
18. ਉਹੀ, ਰਾਗ ਬਿਲਾਵਲ, ਮਹਲਾ 5, ਪੰਨਾ-847
19. ਉਹੀ, ਰਾਗ ਵਡਹੰਸ, ਮਹਲਾ 5, ਪੰਨਾ-557
20. ਉਹੀ, ਰਾਗ ਤੁਖਾਰੀ, ਮਹਲਾ 1 ਪੰਨਾ-1108
21. ਉਹੀ, ਸਲੋਕ ਸੇਖ਼ ਫਰੀਦ ਕੇ, ਪੰਨਾ-1379

22. ਉਹੀ, ਸਲੋਕ ਕਬੀਰ, ਪੰਨਾ-1105
23. ਉਹੀ, ਸਲੋਕ,ਮਹਲਾ 1, ਪੰਨਾ-1412
24. ਉਹੀ, ਸ੍ਰੀਰਾਗ, ਮਹਲਾ 1, ਪੰਨਾ-23
25. ਉਹੀ, ਰਾਗ ਸੋਰਠਿ, ਭਗਤ ਰਵਿਦਾਸ, ਪੰਨਾ-659
26. ਉਹੀ, ਸਲੋਕ ਮਹਲਾ 1,ਪੰਨਾ-463-464
27. ਉਹੀ, ਸ੍ਰੀਰਾਗ, ਭਗਤ ਕਬੀਰ, ਪੰਨਾ-92
28. ਉਹੀ, ਸਲੋਕ ਮਹਲਾ 3, ਪੰਨਾ-1416
29. ਉਹੀ, ਮਹਲਾ5, ਗਾਥਾ, ਪੰਨਾ-1360
30. ਉਹੀ, ਸਲੋਕ ਮਹਲਾ 1, ਪੰਨਾ-1411
31. ਉਹੀ, ਰਾਗ ਤਿਲੰਗ, ਮਹਲਾ1, ਪੰਨਾ-722
32. ਉਹੀ, ਸਲੋਕ ਮਹਲਾ 1, ਪੰਨਾ-149
33. ਉਹੀ, ਰਾਗ ਗਉੜੀ, ਮਹਲਾ 5, ਪੰਨਾ-278
34. ਉਹੀ, ਰਾਗ ਸੂਹੀ, ਭਗਤ ਕਬੀਰ, ਪੰਨਾ-792
35. ਉਹੀ, ਸਲੋਕ ਭਗਤ ਕਬੀਰ ਜੀ, ਪੰਨਾ-1377
36. ਉਹੀ, ਰਾਗ ਮਾਰੂ, ਭਗਤ ਕਬੀਰ ਜੀ, ਪੰਨਾ-1104
37. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ, (ਡਾ.), ਭਾਰਤੀ ਕਾਵਿ-ਸ਼ਾਸਤ੍ਰ, ਮਦਾਨ ਪਬਲੀਕੇਸ਼ਨ, ਪਟਿਆਲਾ, 2012. ਪੰਨਾ 90
38. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਬਿਲਾਵਲ ਗੋਂਡ, ਭਗਤ ਨਾਮਦੇਵ, ਪੰਨਾ-874-875
39. ਉਹੀ, ਸਲੋਕ ਸ਼ੇਖ਼ ਫਰੀਦ ਕੇ, ਪੰਨਾ-1379
40. ਹਰਬੰਸ ਸਿੰਘ, ਗੁਰਚਰਨ ਸਿੰਘ (ਡਾ.)(ਸੋਧਕ), ਗੁਰੂ ਨਾਨਕ ਦੇਵ ਦੀ ਕਾਵਿ-ਕਲਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003. ਪੰਨਾ 191
41. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਆਸਾ ਮਹਲਾ 1, ਪੰਨਾ-360
42. ਉਹੀ, ਸਲੋਕ ਮਹਲਾ 1, ਪੰਨਾ-1288
43. ਹਰਬੰਸ ਸਿੰਘ, ਗੁਰਚਰਨ ਸਿੰਘ (ਡਾ.)(ਸੋਧਕ), ਗੁਰੂ ਨਾਨਕ ਦੇਵ ਦੀ ਕਾਵਿ-ਕਲਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003. ਪੰਨਾ 193
44. ਸ੍ਰੀ ਗੁਰੂ ਗ੍ਰੰਥ ਸਾਹਿਬ, ਪਉੜੀ, ਮਹਲਾ 5, ਪੰਨਾ-707
45. ਉਹੀ, ਸਲੋਕ, ਮਹਲਾ 3, ਪੰਨਾ-1420
46. ਉਹੀ, ਰਾਗ ਆਸਾ, ਮਹਲਾ 1, ਪੰਨਾ-436
47. ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1960. ਪੰਨਾ 65
48. ਓਮ ਪ੍ਰਕਾਸ਼ (ਡਾ.), ਅਲੰਕਾਰ-ਵਿਧਾਨ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ-ਬੁੱਕ ਬੋਰਡ, ਚੰਡੀਗੜ੍ਹ, 1979. ਪੰਨਾ 1
49. ਉਹੀ, ਪੰਨਾ 17
50. ਉਹੀ,ਪੰਨਾ 52

51. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਗਉੜੀ, ਭਗਤ ਕਬੀਰ, ਪੰਨਾ-326
52. ਉਹੀ, ਮਹਲਾ 1, ਪੰਨਾ-2
53. ਉਹੀ, ਰਾਗ ਗਉੜੀ, ਮਹਲਾ 5, ਪੰਨਾ-289
54. ਉਹੀ, ਰਾਗ ਗਉੜੀ, ਭਗਤ ਕਬੀਰ, ਪੰਨਾ-330
55. ਉਹੀ, ਮਹਲਾ 1, ਪੰਨਾ-6
56. ਉਹੀ, ਰਾਗ ਆਸਾ, ਮਹਲਾ 5,ਪੰਨਾ-404
57. ਉਹੀ, ਰਾਗ ਗਉੜੀ, ਮਹਲਾ 5, ਪੰਨਾ-294
58. ਉਹੀ, ਰਾਗ ਮਲਾਰ, ਮਹਲਾ 1, ਪੰਨਾ-1254
59. ਉਹੀ, ਮਹਲਾ 1, ਪੰਨਾ-8
60. ਉਹੀ, ਮਹਲਾ 1, ਪੰਨਾ-1
61. ਉਹੀ, ਰਾਗ ਧਨਾਸਰੀ,ਭਗਤ ਰਵਿਦਾਸ, ਪੰਨਾ-694
62. ਉਹੀ, ਰਾਗ ਗਉੜੀ, ਮਹਲਾ 5, ਪੰਨਾ-285
63. ਉਹੀ, ਰਾਗ ਗਉੜੀ, ਮਹਲਾ 5, ਪੰਨਾ-286
64. ਉਹੀ, ਸਲੋਕ ਮਹਲਾ 1, ਪੰਨਾ-1246
65. ਉਹੀ, ਰਾਗ ਗਉੜੀ, ਮਹਲਾ 5,ਪੰਨਾ-254
66. ਜਸਵੰਤ ਸਿੰਘ ਬੇਗੋਵਾਲ, ਪੰਜਾਬੀ ਪਿੰਗਲ, ਬਲਵੰਤ ਪ੍ਰਕਾਸ਼ਨ, ਜਲੰਧਰ, 1992. ਪੰਨਾ 45
67. ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਮਹਲਾ 4, ਪੰਨਾ-1421
68. ਉਹੀ, ਰਾਗ ਸੋਰਠਿ, ਮਹਲਾ 5, ਪੰਨਾ-1408
69. ਉਹੀ, ਰਾਗ ਗਉੜੀ, ਮਹਲਾ 5, ਪੰਨਾ-279
70. ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1960. ਪੰਨਾ 5-6
71. ਓਮ ਪ੍ਰਕਾਸ਼ (ਡਾ.), ਅਲੰਕਾਰ-ਵਿਧਾਨ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ-ਬੁੱਕ ਬੋਰਡ, ਚੰਡੀਗੜ੍ਹ, 1979. ਪੰਨਾ 66
72. ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਮਹਲਾ1, ਪੰਨਾ-597
73. ਉਹੀ, ਰਾਮਕਲੀ, ਮਹਲਾ 1,ਪੰਨਾ-938
74. ਉਹੀ, ਰਾਗ ਸੂਹੀ, ਭਗਤ ਰਵਿਦਾਸ, ਪੰਨਾ-794
75. ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1960. ਪੰਨਾ 162-163
76. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਗੁਜਰੀ, ਮਹਲਾ 1, ਪੰਨਾ-504
77. ਉਹੀ, ਰਾਗ ਧਨਾਸਰੀ, ਮਹਲਾ 1, ਪੰਨਾ-13
78. ਉਹੀ, ਮਹਲਾ 1, ਪੰਨਾ-8
79. ਉਹੀ, ਰਾਗ ਸੋਰਠਿ, ਭਗਤ ਰਵਿਦਾਸ, ਪੰਨਾ-658

80. ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1960. ਪੰਨਾ 18
81. ਓਮ ਪ੍ਰਕਾਸ਼ (ਡਾ.),ਅਲੰਕਾਰ-ਵਿਧਾਨ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ-ਬੁੱਕ ਬੋਰਡ, ਚੰਡੀਗੜ੍ਹ,1979. ਪੰਨਾ 83
82. ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਰਾਗ, ਮਹਲਾ 1, ਪੰਨਾ-23
83. ਓਮ ਪ੍ਰਕਾਸ਼ (ਡਾ.),ਅਲੰਕਾਰ-ਵਿਧਾਨ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ-ਬੁੱਕ ਬੋਰਡ,ਚੰਡੀਗੜ੍ਹ, 1979. ਪੰਨਾ 95
84. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਸੋਰਠਿ, ਮਹਲਾ 5, ਪੰਨਾ-610
85. ਉਹੀ, ਰਾਗ ਗੋਂਡ, ਭਗਤ ਰਵਿਦਾਸ, ਪੰਨਾ-875
86. ਉਹੀ, ਸਲੋਕ ਮਹਲਾ 1, ਪੰਨਾ-1412
87. ਉਹੀ, ਸ੍ਰੀ ਰਾਗ, ਮਹਲਾ 1, ਪੰਨਾ-15
88. ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1960. ਪੰਨਾ 162-103
89. ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਮਹਲਾ 3, ਪੰਨਾ-1413
90. ਉਹੀ, ਰਾਗ ਗਉੜੀ, ਭਗਤ ਰਵਿਦਾਸ, ਪੰਨਾ-346
91. ਉਹੀ, ਮਹਲਾ 1,ਪੰਨਾ-4
92. ਉਹੀ, ਸਲੋਕ ਮਹਲਾ 3, ਪੰਨਾ-1414
93. ਉਹੀ, ਮਹਲਾ 1, ਪੰਨਾ-1
94. ਉਹੀ, ਸਲੋਕ, ਮਹਲਾ 1, ਪੰਨਾ-1412
95. ਉਹੀ, ਸਲੋਕ, ਮਹਲਾ 1, ਪੰਨਾ-1412
96. ਓਮ ਪ੍ਰਕਾਸ਼ (ਡਾ.), ਅਲੰਕਾਰ-ਵਿਧਾਨ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ-ਬੁੱਕ ਬੋਰਡ, ਚੰਡੀਗੜ੍ਹ, 1979. ਪੰਨਾ-128
97. ਸ੍ਰੀ ਗੁਰੂ ਗ੍ਰੰਥ ਸਾਹਿਬ,ਸਲੋਕ ਮਹਲਾ 2, ਪੰਨਾ-474
98. ਉਹੀ, ਰਾਗ ਆਸਾ, ਭਗਤ ਰਵਿਦਾਸ, ਪੰਨਾ-486
99. ਹਰਬੰਸ ਸਿੰਘ, ਗੁਰਚਰਨ ਸਿੰਘ (ਡਾ.)(ਸੋਧਕ), ਗੁਰੂ ਨਾਨਕ ਦੇਵ ਦੀ ਕਾਵਿ-ਕਲਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003. ਪੰਨਾ 114
100. ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ,ਮਹਲਾ 1, ਪੰਨਾ-1411
101. ਉਹੀ, ਸਲੋਕ, ਮਹਲਾ 3, ਪੰਨਾ-1413
102. ਉਹੀ, ਸਲੋਕ, ਰਾਗ ਸੂਹੀ ਲਲਿਤ, ਸੇਖ ਫਰੀਦ ਜੀ, ਮਹਲਾ 3, ਪੰਨਾ-794
103. ਉਹੀ, ਰਾਗ ਆਸਾ, ਭਗਤ ਰਵਿਦਾਸ, ਪੰਨਾ-487
104. ਉਹੀ, ਰਾਗ ਭੈਰਉ, ਮਹਲਾ 3, ਪੰਨਾ-1128
105. ਉਹੀ, ਸਲੋਕ ਮਹਲਾ 3, ਪੰਨਾ-1419
106. ਉਹੀ, ਰਾਗ ਰਾਮਕਲੀ, ਮਹਲਾ 3, ਪੰਨਾ-917
107. ਉਹੀ, ਰਾਗ ਧਨਾਸਰੀ ਮਹਲਾ1, ਪੰਨਾ-13
108. ਉਹੀ, ਮਹਲਾ 1, ਪੰਨਾ-8

109. ਉਹੀ, ਸਲੋਕ ਸੇਖ ਫਰੀਦ ਕੇ, ਪੰਨਾ-1379
110. ਉਹੀ, ਸਲੋਕ ਸੇਖ ਫਰੀਦ ਕੇ, ਪੰਨਾ-1379
111. ਉਹੀ, ਸਲੋਕ ਸੇਖ ਫਰੀਦ ਕੇ, ਪੰਨਾ-1379
112. ਉਹੀ, ਰਾਗ ਧਨਾਸਰੀ ਮਹਲਾ1, ਪੰਨਾ-13
113. ਉਹੀ, ਸਲੋਕ ਮਹਲਾ 3, ਪੰਨਾ-1413
114. ਉਹੀ, ਰਾਗ ਸੋਰਠਿ, ਭਗਤ ਰਵਿਦਾਸ, ਪੰਨਾ-658
115. ਉਹੀ, ਰਾਗ ਆਸਾ, ਮਹਲਾ 1, ਪੰਨਾ-417
116. ਉਹੀ, ਸਲੋਕ, ਮਹਲਾ 1, ਪੰਨਾ-1411
117. ਉਹੀ, ਰਾਗ ਰਾਮਕਲੀ, ਮਹਲਾ 3, ਪੰਨਾ-917
118. ਉਹੀ, ਰਾਗ ਸੂਹੀ ਲਲਿਤ, ਸੇਖ ਫਰੀਦ ਜੀ, ਪੰਨਾ-794
119. ਉਹੀ, ਰਾਗ ਆਸਾ, ਸੇਖ ਫਰੀਦ ਜੀ, ਪੰਨਾ-488
120. ਉਹੀ, ਰਾਗ ਆਸਾ, ਸੇਖ ਫਰੀਦ ਜੀ, ਪੰਨਾ-488
121. ਉਹੀ, ਰਾਗ ਭੈਰਉ, ਭਗਤ ਰਵਿਦਾਸ, ਪੰਨਾ-1167
122. ਉਹੀ, ਰਾਗ ਧਨਾਸਰੀ ਮਹਲਾ1, ਪੰਨਾ-13
123. ਉਹੀ, ਰਾਗ ਸੂਹੀ ਲਲਿਤ, ਸੇਖ ਫਰੀਦ ਜੀ, ਪੰਨਾ-794
124. ਉਹੀ, ਰਾਗਸਿਰੀ ਰਾਗੁ ਮਹਲਾ 1,ਪੰਨਾ-14
125. ਨਿਤਆਨੰਦ(ਡਾ.), ਆਧੁਨਿਕ ਹਿੰਦੀ ਕਾਵਯ ਮੇਂ ਪ੍ਰਤੀਕ-ਵਿਧਾਨ, ਪੰਨਾ-21
126. ਇਨਸਾਈਕਲੋਪੀਡੀਆ ਬ੍ਰਿਟੇਨਕਾ. ਪੰਨਾ.700
127. ਸ੍ਰੀ ਗੁਰੂ ਗ੍ਰੰਥ ਸਾਹਿਬ,ਰਾਗ ਗਉੜੀ, ਭਗਤ ਰਵਿਦਾਸ, ਪੰਨਾ-346
128. ਉਹੀ, ਰਾਗ ਆਸਾ, ਭਗਤ ਰਵਿਦਾਸ, ਪੰਨਾ-487
129. ਉਹੀ, ਸਲੋਕ ਸੇਖ ਫਰੀਦ ਕੇ, ਪੰਨਾ-1383
130. ਉਹੀ, ਸਲੋਕ ਸੇਖ ਫਰੀਦ ਕੇ, ਪੰਨਾ-1379
131. ਉਹੀ, ਸਲੋਕ ਸੇਖ ਫਰੀਦ ਕੇ, ਪੰਨਾ-1379
132. ਉਹੀ, ਰਾਗ ਜੈਤਸਰੀ, ਭਗਤ ਰਵਿਦਾਸ, ਪੰਨਾ-710
133. ਉਹੀ, ਰਾਗ ਸਿਰੀਰਾਗ, ਭਗਤ ਰਵਿਦਾਸ, ਪੰਨਾ-93
134. ਉਹੀ, ਸਲੋਕ ਸੇਖ ਫਰੀਦ ਕੇ, ਪੰਨਾ-1384
135. ਉਹੀ, ਰਾਗ ਧਨਾਸਰੀ, ਭਗਤ ਰਵਿਦਾਸ, ਪੰਨਾ-694
136. ਉਹੀ, ਰਾਗ ਗਉੜੀ, ਭਗਤ ਰਵਿਦਾਸ, ਪੰਨਾ-346
137. ਉਹੀ, ਸਲੋਕ ਸੇਖ ਫਰੀਦ ਕੇ, ਪੰਨਾ-1382
138. ਉਹੀ, ਰਾਗ ਸਿਰੀਰਾਗ, ਮਹਲਾ 5, ਪੰਨਾ-50
139. ਉਹੀ, ਰਾਗ ਸਿਰੀਰਾਗ, ਮਹਲਾ 5, ਪੰਨਾ-50

140. ਉਹੀ, ਸਲੋਕ ਮਹਲਾ 3, ਪੰਨਾ-1418
141. ਉਹੀ, ਰਾਗ ਵਡਹੰਸ, ਮਹਲਾ1, ਪੰਨਾ-582
142. ਉਹੀ, ਰਾਗ ਵਡਹੰਸ, ਮਹਲਾ1, ਪੰਨਾ-579
143. ਉਹੀ, ਰਾਗ ਵਡਹੰਸ, ਮਹਲਾ1, ਪੰਨਾ-580
144. ਉਹੀ, ਰਾਗ ਆਸਾ, ਸੇਖ ਫਰੀਦ ਜੀ, ਪੰਨਾ-488
145. ਉਹੀ, ਰਾਗ ਸੂਹੀ ਲਲਿਤ, ਸੇਖ ਫਰੀਦ ਜੀ, ਪੰਨਾ-794
146. ਉਹੀ, ਸਲੋਕ ਸੇਖ ਫਰੀਦ ਕੇ, ਪੰਨਾ-1383
147. ਉਹੀ, ਮਾਝਮਹਲਾ 5,ਪੰਨਾ-96
148. ਉਹੀ,ਰਾਗ ਸੋਰਠਿ, ਮਹਲਾ4, ਪੰਨਾ-605
149. ਉਹੀ, ਸਲੋਕ ਮਹਲਾ 3, ਪੰਨਾ-1416
150. ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1960. ਪੰਨਾ 25-26.
151. ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ, ਮਹਲਾ 2, ਪੰਨਾ-139
152. ਉਹੀ, ਸਲੋਕ, ਮਹਲਾ 1, ਪੰਨਾ-83
153. ਉਹੀ, ਰਾਗ ਬਿਹਾਗੜਾ , ਮਹਲਾ 4, ਪੰਨਾ-540
154. ਉਹੀ, ਸਲੋਕ ਮਹਲਾ 1,ਪੰਨਾ-5
155. ਉਹੀ, ਸਲੋਕ ਮਹਲਾ 9,ਪੰਨਾ-1428
156. ਉਹੀ, ਮਹਲਾ1,ਪੰਨਾ-5
157. ਉਹੀ, ਸਵੱਈਏ, ਮਹਲਾ 4, ਪੰਨਾ-1396
158. ਉਹੀ, ਸਵੱਈਏ, ਮਹਲਾ 4, ਪੰਨਾ-1404
159. ਉਹੀ, ਰਾਗ ਆਸਾ, ਭਗਤ ਰਵਿਦਾਸ, ਪੰਨਾ-486
160. ਉਹੀ, ਰਾਗ ਸਿਰੀਰਾਗ ਮਹਲਾ1, ਪੰਨਾ-14
161. ਉਹੀ, ਰਾਗ ਜੈਤਸਰੀ, ਮਹਲਾ 4, ਪੰਨਾ-698
162. ਉਹੀ, ਮਹਲਾ 1,ਪੰਨਾ-2
163. ਉਹੀ, ਰਾਗ ਭੈਰਉ, ਮਹਲਾ 5, ਪੰਨਾ-1138
164. ਉਹੀ, ਰਾਗ ਸੂਹੀ, ਮਹਲਾ 5, ਪੰਨਾ-745
165. ਉਹੀ, ਸਲੋਕ ਮਹਲਾ 1,ਪੰਨਾ-1412
166. ਉਹੀ, ਸਲੋਕ ਮਹਲਾ 5,ਪੰਨਾ-1425
167. ਮਹਿੰਦਰ ਕੌਰ ਗਿਲ (ਡਾ.), ਆਦਿ ਗ੍ਰੰਥ ਛੰਦ ਪ੍ਰਬੰਧ, ਖੋਜ-ਪਤ੍ਰਿਕਾ, ਸਤੰਬਰ1985, ਅੰਕ-26, ਪੰਨਾ185
168. ਭਾਈ ਕਾਹਨ ਸਿੰਘ ਨਾਭਾ, ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ-180
169. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਸੋਰਠਿ, ਮਹਲਾ 5, ਪੰਨਾ-642

170. ਉਹੀ, ਰਾਗ ਜੈਤਸਰੀ, ਮਹਲਾ4, ਪੰਨਾ-693

171. ਉਹੀ, ਰਾਗ ਰਾਮਕਲੀ, ਮਹਲਾ 5,ਪੰਨਾ-893

172. ਉਹੀ, ਰਾਗ ਮਾਰੂ ਸੋਲਹੇ, ਮਹਲਾ 5,ਪੰਨਾ-1075

173. ਉਹੀ, ਰਾਗ ਰਾਮਕਲੀ, ਮਹਲਾ 3, ਪੰਨਾ-920

174. ਉਹੀ, ਰਾਗ ਸੋਰਠਿ,ਮਹਲਾ 5,ਪੰਨਾ-628

175. ਉਹੀ, ਰਾਗ ਗਉੜੀ, ਮਹਲਾ 5, ਪੰਨਾ-236

176. ਭਾਈ ਮਨੀ ਸਿੰਘ, ਸਿੱਖਾਂ ਦੀ ਭਗਤ ਮਾਲਾ, ਪੰਨੇ 91-92

177. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਰਾਮਕਲੀ, ਮਹਲਾ 5, ਪੰਨਾ-885

178. ਉਹੀ,ਸਲੋਕ ਮਹਲਾ 3, ਪੰਨਾ-83

179. ਉਹੀ, ਸਲੋਕ ਮਹਲਾ 3, ਪੰਨਾ-311

180. ਉਹੀ, ਸਲੋਕ ਮਹਲਾ 1, ਪੰਨਾ-642

181. ਉਹੀ, ਰਾਗ ਬਿਲਾਵਲ ਮਹਲਾ 3, ਪੰਨਾ-849

182. ਉਹੀ, ਰਾਗ ਮਲਾਰ, ਮਹਲਾ 3, ਪੰਨਾ-1283

183. ਗੁਰਨਾਮ ਸਿੰਘ(ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗਾਇਨ ਵਿਧਾਨ ਦੀ ਵਰਤਮਾਨ ਪ੍ਰਾਸੰਗਿਕਤਾ, ਡਾ. ਜਸਬੀਰ ਕੌਰ (ਸੰਪਾਦਕ), ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਿੰਨ ਪਰਿਪੇਖ,ਪੰਨਾ-228

184. ਅੰਮ੍ਰਿਤਪਾਲ ਕੌਰ (ਡਾ.), ਸ਼ਬਦ ਤੇ ਸੰਗੀਤ ਦੀ ਸਮਕਾਲੀਨ ਪ੍ਰਸੰਗਿਕਤਾ, ਖੋਜ ਪਤ੍ਰਿਕਾ, ਸਤੰਬਰ 2002, ਅੰਕ-26, ਪੰਨਾ-109

185. ਬਲਜੀਤ ਕੌਰ(ਡਾ.), ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੀ ਵਿਲੱਖਣਤਾ, ਖੋਜ ਪਤ੍ਰਿਕਾ, ਸਤੰਬਰ 2002, ਅੰਕ-56, ਪੰਨਾ-162

186. ਮਹਿੰਦਰ ਕੌਰ ਗਿੱਲ(ਡਾ.), ਗੁਰਬਾਣੀ ਸਾਹਿਤ ਦੀ ਵਸ਼ਿਸ਼ਟਤਾ, ਖੋਜ ਪਤ੍ਰਿਕਾ, ਸਤੰਬਰ 2002, ਅੰਕ-56,ਪੰਨਾ-114

## ਸਾਰ ਅਤੇ ਸਥਾਪਨਾਵਾਂ

ਖੋਜ ਕਾਰਜ ਦੇ ਮੂਲ ਵਿਸ਼ੇ 'ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਮਾਨਵੀ ਆਦਰਸ਼ਾਂ ਦੀ ਵਿਸ਼ਵੀ ਪ੍ਰਾਸੰਗਿਕਤਾ' ਦੇ ਅੰਤਰਗਤ ਖੋਜ ਅਧਿਐਨ ਨੂੰ ਪ੍ਰਸਤੁਤ ਕਰਦਿਆਂ ਇਸ ਵਿਸ਼ੇ ਨਾਲ ਜੁੜੇ ਵਿਭਿੰਨ ਪਹਿਲੂਆਂ ਤੇ ਪਾਸਾਰਾਂ ਉੱਪਰ ਗੰਭੀਰ ਚਰਚਾ ਕਰਨ ਉਪਰੰਤ ਇਸ ਸੰਬੰਧੀ ਕਈ ਪ੍ਰਮੁੱਖ ਸਥਾਪਨਾਵਾਂ ਤੇ ਸਿੱਟਿਆਂ ਨੂੰ ਉਜਾਗਰ ਕਰਨ ਦਾ ਅਸੀਂ ਜਤਨ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਦੇ ਵਡੇਰੇ ਯੋਗਦਾਨ ਨੂੰ ਵਿਸ਼ਵੀ ਸਰੋਕਾਰਾਂ ਦੀ ਵਿਵਹਾਰਕਤਾ ਨਾਲ ਜੋੜਦਿਆਂ ਇਸ ਸੰਬੰਧੀ ਪ੍ਰਾਪਤ ਹੋਈ ਅਹਿਮ ਜਾਣਕਾਰੀ ਦੇ ਵਿਭਿੰਨ ਸੂਤਰਾਂ ਨੂੰ ਅਸੀਂ ਛੇ ਅਧਿਆਵਾਂ ਵਿਚ ਫੈਲਾਇਆ ਹੈ ਜਿਸਦਾ ਸਾਰ ਤੇ ਸਿੱਟੇ ਇਸ ਪ੍ਰਕਾਰ ਹਨ:

ਖੋਜ-ਕਾਰਜ ਦਾ ਪਹਿਲਾ ਅਧਿਆਇ 'ਪੂਰਵ ਖੋਜ ਕਾਰਜ ਦਾ ਸਰਵੇਖਣ, ਵਿਸ਼ਲੇਸ਼ਣ ਅਤੇ ਮੁਲਾਂਕਣ' ਨਾਲ ਸੰਬੰਧਿਤ ਹੈ ਜੋ ਇਸ ਵਿਸ਼ੇ ਦੇ ਨਿਕਟ ਅਧਿਐਨ ਸੰਬੰਧੀ ਹੋ ਚੁੱਕੀ ਪੂਰਵ ਖੋਜ ਦੇ ਪ੍ਰਸਤੁਤੀਕਰਨ ਬਾਰੇ ਰੋਸ਼ਨੀ ਪਾਉਂਦਾ ਹੈ। ਇਸ ਅਧਿਆਇ ਵਿਚ ਅਸੀਂ ਉਨ੍ਹਾਂ ਸਾਰੇ ਖੋਜ ਪ੍ਰਬੰਧਾਂ ਤੇ ਨਿਬੰਧਾਂ ਦਾ ਵੇਰਵਾ ਤੇ ਰੀਵੀਊ ਪੇਸ਼ ਕੀਤਾ ਹੈ ਜੋ ਸਾਡੇ ਤੋਂ ਪਹਿਲਾਂ ਇਸ ਵਿਸ਼ੇ ਨਾਲ ਸੰਬੰਧਿਤ ਕਿਸੇ ਤਰ੍ਹਾਂ ਦੀ ਖੋਜ ਕਰ ਚੁੱਕੇ ਹਨ। ਸੋ ਇਸ ਅਧਿਆਇ ਵਿਚ ਵਿਭਿੰਨ ਯੂਨੀਵਰਸਿਟੀਆਂ ਤੇ ਅਕਾਦਮਿਕ ਅਦਾਰਿਆਂ ਵਿਚ ਹੋ ਚੁੱਕੀ ਪੀ.ਐਚ.ਡੀ. ਤੇ ਖੋਜ ਕਾਰਜਾਂ ਦੇ ਵਿਸ਼ਲੇਸ਼ਣ ਨਾਲ ਇਸ ਨਤੀਜੇ ਤੇ ਪੁੱਜਿਆ ਗਿਆ ਹੈ ਕਿ ਹੱਥਲਾ ਖੋਜ ਕਾਰਜ ਇਕ ਨਿਵੇਕਲਾ ਵਿਸ਼ਾ ਹੈ। ਜਿਸ ਉੱਤੇ ਪਹਿਲਾ ਕੋਈ ਖੋਜ ਕਾਰਜ ਨਹੀਂ ਹੋਇਆ ਤੇ ਜੋ ਆਧੁਨਿਕ ਖੋਜ ਸੰਦਰਭ ਵਿਚ ਖੋਜ ਦੀ ਗੰਭੀਰ ਮੰਗ ਕਰਦਾ ਹੈ ਕਿਉਂਕਿ ਇਸ ਵਿਸ਼ੇ ਤੇ ਵਿਸ਼ਵੀ ਦ੍ਰਿਸ਼ਟੀਬਿੰਦੂਆਂ ਤੋਂ ਅਧਿਐਨ ਕਰਨ ਦੀਆਂ ਵਿਸ਼ੇਸ਼ ਸੰਭਾਵਨਾਵਾਂ ਪਾਈਆਂ ਗਈਆਂ ਹਨ ਜੋ ਇਸ ਵਿਚ ਪ੍ਰਸਤੁਤ ਹੋਏ ਮਾਨਵੀ ਆਦਰਸ਼ਾਂ ਦੀ ਵਿਸ਼ਵੀ ਪ੍ਰਾਸੰਗਿਕਤਾ, ਸਾਰਥਕਤਾ ਤੇ ਵਿਵਹਾਰਕਤਾ ਨੂੰ ਨਿਸਚਿਤ ਕਰਦੀਆਂ ਹਨ।

ਖੋਜ-ਕਾਰਜ ਦਾ ਦੂਸਰਾ ਅਧਿਆਇ 'ਸ੍ਰੀ ਗੁਰੂ ਗ੍ਰੰਥ ਸਾਹਿਬ: ਵਿਸ਼ਵ ਧਰਮ ਗ੍ਰੰਥਾਂ ਦੇ ਸੰਦਰਭ ਵਿਚ' ਵਿਸ਼ਵ ਦੇ ਪ੍ਰਸਿੱਧ ਧਰਮ ਜਿਵੇਂ ਹਿੰਦੂ ਧਰਮ, ਬੁੱਧ ਧਰਮ, ਜੈਨ ਧਰਮ, ਯਹੂਦੀ ਧਰਮ, ਈਸਾਈ ਧਰਮ ਤੇ ਇਸਲਾਮ ਧਰਮ ਅਤੇ ਉਨ੍ਹਾਂ ਨਾਲ ਸੰਬੰਧਿਤ ਗ੍ਰੰਥਾਂ ਵਿਚ ਮਿਲਦੇ ਗਿਆਨ ਨੂੰ ਤੁਲਨਾਤਮਕ ਦ੍ਰਿਸ਼ਟੀ ਨਾਲ ਸਮਝਣ ਦੇ ਪ੍ਰਯਤਨ ਵਜੋਂ ਪ੍ਰਸਤੁੱਤ ਹੋਇਆ ਹੈ। ਪਹਿਲੇ ਤਿੰਨ ਧਰਮ ਭਾਰਤ ਦੀ ਧਾਰਮਕ ਪਰੰਪਰਾ ਦੇ ਨਾਲ ਸੰਬੰਧਿਤ ਹਨ ਅਤੇ ਮਗਰਲੇ ਤਿੰਨ ਧਰਮ ਸਾਮੀ ਧਾਰਮਕ ਪਰੰਪਰਾ ਨੂੰ ਪ੍ਰਗਟਾਉਂਦੇ ਹਨ। ਹੋਰਨਾਂ ਧਰਮ ਗ੍ਰੰਥਾਂ ਦੇ ਸੰਦਰਭ ਵਿਚ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਿਸ਼ਲੇਸ਼ਣ ਕੀਤਾ ਗਿਆ ਤਾਂ ਸਪਸ਼ਟ ਹੋਇਆ ਕਿ ਨਿਸਚੈ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰੇਰਨਾ ਅਤੇ ਪ੍ਰਾਸੰਗਿਕਤਾ ਬਾਕੀ ਧਰਮ-ਗ੍ਰੰਥਾਂ ਵਾਂਗ ਸਰਵਜਨਕ ਅਤੇ ਸਦੀਵੀ ਹੈ ਪਰ ਇਹ ਗ੍ਰੰਥ ਆਪਣੇ ਬਾਣੀ ਸਿਧਾਂਤਾਂ ਦੀ ਪ੍ਰਮਾਣਿਕਤਾ ਵਜੋਂ, ਹੋਰ ਬਹੁਤ ਸਾਰੀਆਂ ਦਾਰਸ਼ਨਿਕ ਪ੍ਰਣਾਲੀਆਂ ਨਾਲੋਂ ਵੱਖਰਾ ਤੇ ਵਿਲੱਖਣ ਹੈ। ਧਰਮ ਦੀ ਦੁਨੀਆਂ ਵਿਚ ਹੋ ਚੁੱਕੇ ਬਹੁਤ ਸਾਰੇ ਉਪਦੇਸ਼ਕ ਤੇ ਧਰਮ ਸੰਚਾਲਕ ਜਿੱਥੇ ਆਪਣੇ ਧਰਮ ਦੇ ਧਾਰਮਿਕ ਗ੍ਰੰਥਾਂ ਨੂੰ ਲਿੱਖ ਕੇ ਨਹੀਂ ਗਏ ਤੇ ਉਨ੍ਹਾਂ ਦੇ ਸਿੱਖਿਆ ਤੇ ਉਪਦੇਸ਼ਾਂ ਨੂੰ ਸੁਣੀ-ਸੁਣਾਈ ਜਾਂਦੀ ਜਾਣਕਾਰੀ ਦੇ ਆਧਾਰ ਤੇ ਹੀ ਜਾਣਿਆ ਜਾਂਦਾ ਹੈ। ਪਰੰਤੂ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਦੀ ਬਾਣੀ ਉਨ੍ਹਾਂ ਦੀ ਆਪ ਦੀ ਲਿਖੀ ਹੋਣ ਵਜੋਂ ਪ੍ਰਮਾਣਿਤ ਵੀ ਰਹੀ ਹੈ ਅਤੇ ਸੁਰੱਖਿਅਤ ਵੀ

ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਸੰਕਲਨ, ਬਾਣੀ ਇੱਕਤਰੀਕਰਨ ਦੇ ਸਰੋਤ, ਬਾਣੀ ਦਾ ਅੰਕਣ-ਪ੍ਰਬੰਧ, ਉਪਕ੍ਰਮ, ਉਪਸੰਹਾਰ, ਰਾਗ-ਪ੍ਰਬੰਧ, ਸਿਰਲੇਖ-ਵਿਧਾਨ ਆਦਿ ਗ੍ਰੰਥ-ਸਿਰਜਣਾ ਦੇ ਸਿਧਾਂਤਾਂ ਦਾ ਨਿਭਾਉ ਬਹੁਤ ਉੱਚ ਪੱਧਰ ਦਾ ਹੈ। ਇਹ ਗ੍ਰੰਥ ਪੰਜਵੇਂ ਗੁਰੂ ਅਰਜਨ ਦੇਵ ਜੀ ਦੀ ਦੀਰਘ ਦ੍ਰਿਸ਼ਟੀ ਤੇ ਵਿਲੱਖਣ ਸੰਪਾਦਨ ਕਲਾ ਰਾਹੀਂ ਪ੍ਰਗਟ ਹੋਇਆ ਹੈ। ਇਹ ਗ੍ਰੰਥ 36 ਬਾਣੀਕਾਰਾਂ ਦਾ ਸ਼ਬਦ ਰੂਪ ਮਾਧਿਅਮ ਵਿਚ ਪੈਗ਼ਾਮ ਹੈ। ਇਹ ਸਮੱਸਤ ਬਾਣੀਕਾਰ ਮੱਧਕਾਲੀਨ ਹਿੰਦੋਸਤਾਨ ਦੇ ਉਨ੍ਹਾਂ ਕ੍ਰਾਂਤੀਕਾਰੀ ਧਰਮ-ਪ੍ਰਵਰਤਕਾਂ ਵਿਚੋਂ ਹਨ ਜਿਨ੍ਹਾਂ ਨੇ ਆਪਣੇ ਸਿਰਜਿਤ ਸੰਵਾਦ ਤੇ ਪ੍ਰਵਚਨ ਵਿਚ ਪੇਸ਼ ਪਿਆਰ, ਸਦਭਾਵਨਾ, ਸਹਿਚਾਰ ਤੇ ਏਕਤਾ ਦੇ ਗੁਣਾਂ ਦੁਆਰਾ ਤਤਕਾਲੀਨ ਸਮੇਂ ਦੇ ਸਮਾਜਕ ਅਤੇ ਸਭਿਆਚਾਰਕ ਜੀਵਨ ਵਿਚ ਨਵ-ਜਾਗ੍ਰਿਤੀ ਦੀ ਨਵ-ਚੇਤੰਨਤਾ ਨੂੰ ਸੰਗਠਿਤ ਕਰਨ ਦਾ ਉਪਰਾਲਾ ਕਰਦਿਆਂ ਸਾਰੇ ਜਾਤੀ ਬੰਧਨਾਂ, ਵਿੱਥਾਂ ਅਤੇ ਨਫ਼ਰਤਾਂ ਨੂੰ ਪਰੇ ਕਰਕੇ ਮਨੁੱਖ ਨੂੰ ਮਨੁੱਖ ਦੀ ਨਜ਼ਰ ਨਾਲ ਵੇਖਣ ਦਾ ਵਲ ਲੋਕਾਈ ਨੂੰ ਸਿਖਾਇਆ ਹੈ। ਜਿਸ ਵਜੋਂ ਇਸ ਗ੍ਰੰਥ ਨੂੰ ਦਮਨਕਾਰੀ ਸ਼ਕਤੀ-ਪ੍ਰਵਚਨ ਨਾਲ ਸੰਵਾਦ ਰਚਾਉਣ ਵਾਲੇ ਮੁਕਤੀ-ਪ੍ਰਵਚਨ ਦਾ ਪ੍ਰਤੀਕ ਮੰਨਿਆ ਜਾ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਅਨੁਭਵ ਦੀ ਦੂਰ-ਦ੍ਰਿਸ਼ਟਤਾ ਤੇ ਦਿੱਬ ਦ੍ਰਿਸ਼ਟਤਾ ਉਸ ਨੂੰ ਸਮੁੱਚੇ ਵਿਸ਼ਵ ਸਾਹਿਤ ਵਿਚ ਵਿਲੱਖਣ ਤੇ ਨਿਵੇਕਲਾ ਸਥਾਪਿਤ ਕਰਦੀ ਮਾਨਵਜਾਤੀ ਦੇ ਅਵਚੇਤਨ ਵਿਚ ਵਸਦੀ ਉਸ ਦ੍ਰਿੜ ਲੋਚਾ ਨੂੰ ਮੂਰਤੀਮਾਨ ਕਰਦੀ ਹੈ ਜੋ ਹਰ ਕਿਸਮ ਦੇ ਜ਼ੁਲਮ, ਤਸ਼ੱਦਦ, ਦਮਨ ਅਤੇ ਸ਼ੋਸ਼ਣ ਦੇ ਖ਼ਿਲਾਫ਼ ਵਿਦਰੋਹ ਬਣ ਕੇ ਉਜਾਗਰ ਹੁੰਦੀ ਹੈ। ਇਸ ਪ੍ਰਯੋਜਨ ਲਈ ਬਾਣੀ ਨੂੰ ਵਿਸ਼ਵ ਪੱਧਰ ਤੱਕ ਸੰਚਾਰਿਤ ਕਰਨ ਲਈ ਇਕ ਵਿਸ਼ੇਸ਼ ਸੰਗੀਤ ਵਿਧਾਨ ਦੇ ਅੰਤਰਗਤ ਸੰਕਲਪਿਆ ਗਿਆ ਹੈ।

ਖੋਜ ਪ੍ਰਬੰਧ ਦੇ ਤੀਜੇ ਅਧਿਆਇ 'ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਮਾਨਵੀ ਆਦਰਸ਼ਾਂ ਦੇ ਬਹੁ-ਰੂਪ' ਦੇ ਅੰਤਰਗਤ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਰਾਹੀਂ ਪ੍ਰਸਤੁਤ ਹੋਏ ਵਿਭਿੰਨ ਆਦਰਸ਼ਾਂ ਨੂੰ ਲਿਆ ਗਿਆ ਹੈ। ਜਿਨ੍ਹਾਂ ਵਿਚੋਂ ਪਹਿਲਾ ਆਦਰਸ਼ 'ਕਰਮ-ਕਾਂਡਾਂ, ਵਹਿਮਾਂ ਭਰਮਾਂ ਤੇ ਮਨੁੱਖੀ ਆਡੰਬਰਾਂ ਦੇ ਵਿਰੋਧ ਵਿਚ ਉਪਜੇ ਗਿਆਨ ਦੇ ਨਵੇਂ ਮਾਡਲ' ਨਾਲ ਸੰਬੰਧਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਭਵਿਖਮੁਖੀ ਗਿਆਨ ਦੀ ਅਜਿਹੀ ਸਮਰੱਥ ਟੈਕਸਟ ਦੇ ਰੂਪ ਵਿਚ ਸਥਾਪਿਤ ਹੁੰਦਾ ਹੈ ਜੋ ਕਰਮਾਂ-ਕਾਂਡਾਂ ਤੇ ਅੰਧ-ਵਿਸ਼ਵਾਸ਼ਾਂ ਨੂੰ ਤਰਕ ਨਾਲ ਕੱਟਦਾ ਹੈ ਅਤੇ ਮਨੁੱਖ ਨੂੰ ਯੋਗ ਤੇ ਵਿਵੇਕਸ਼ੀਲ ਮਾਰਗ ਦੀ ਸੋਝੀ ਨਾਲ ਜੋੜਦਾ ਹੋਇਆ ਉਸ ਨੂੰ ਸਹੀ ਅਰਥਾਂ ਵਿਚ ਅਗਿਆਨਤਾ ਦੇ ਭਰਮ ਜਾਲ ਤੋਂ ਮੁਕਤ ਕਰਵਾਉਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਜਨੇਊ ਪਾਉਣ, ਵਰਤ ਰੱਖਣ, ਤੀਰਥ-ਇਸ਼ਨਾਨਾਂ, ਸਰਾਧ, ਸੂਤਕ, ਦਾਨ ਦੇਣ, ਮੜੀਆਂ-ਮਸਾਣਾਂ ਤੇ ਪੂਜਾ ਕਰਨ, ਸੰਧਯਾ, ਗ੍ਰਹਿ ਪੂਜਾ, ਗ੍ਰਹਿਣ-ਵਿਸ਼ਵਾਸ਼, ਚਕ੍ਰਾਂਕਿਤ, ਚੁੱਲੀ, ਤਿਥਿ ਵਾਰ ਦਾ ਸ਼ੁਭ-ਅਸ਼ੁਭ ਫਲ ਮੰਨਣਾ, ਮਹੂਰਤ, ਚੌਂਕਾ-ਕਾਰ ਅਤੇ ਜੰਗਲਾਂ, ਪਰਬਤਾਂ ਤੇ ਤੀਰਥਾਂ ਤੇ ਜਾ ਕੇ ਸੰਨਿਆਸੀਆਂ ਜਾਂ ਜੋਗੀਆਂ ਦੇ ਨਿਰਾਰਥਕ ਕਰਮਾਂ-ਕਾਂਡਾਂ, ਨਿਗੂਣੇ ਵਹਿਮਾਂ-ਭਰਮਾਂ ਤੇ ਫਜ਼ੂਲ ਦੇ ਅੰਧਵਿਸ਼ਵਾਸ਼ਾਂ ਜਿਹੇ ਕਰਮ-ਕਾਂਡਾਂ ਤੇ ਅੰਧ-ਵਿਸ਼ਵਾਸ਼ਾਂ ਦਾ ਬਦਲ ਪੇਸ਼ ਕਰਨਾ ਹੈ ਅਰਥਾਤ ਨਿਰਾਰਥਕ ਕਰਮ-ਕਾਂਡਾਂ ਤੇ ਆਡੰਬਰਾਂ ਦੀ ਨਿਖੇਧੀ ਕਰ ਕੇ ਉਨ੍ਹਾਂ ਦੀ ਸਾਰਥਕਤਾ ਰੂਪਾਂਤਰਣ ਰੂਪ ਵਿਚ ਪੇਸ਼ ਕੀਤੀ ਗਈ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਪ੍ਰਸਤੁਤ ਹੋਏ ਰੱਬੀ ਏਕਤਾ ਅਤੇ ਪ੍ਰੇਮ ਭਗਤੀ ਨਾਲ ਸੰਬੰਧਤ ਆਦਰਸ਼ ਦਾ ਮੁੱਖ ਪ੍ਰਕਰਣ ਵੀ ਵੱਖ-ਵੱਖ ਧਰਮਾਂ ਨੂੰ ਸਤਿਕਾਰਨਾ ਤੇ ਆਪਸ ਵਿਚ ਰਵਾਦਾਰੀ ਤੇ ਸਹਿਣਸ਼ੀਲਤਾ ਵਿਚ ਰਹਿਣਾ ਹੈ। ਇਹ ਮਾਨਵੀ

ਆਦਰਸ਼ ਅਜੋਕੇ ਅਸੰਤੁਲਿਤ ਤੇ ਸੇਧ-ਹੀਣ ਸਮਾਜ ਵਿਚ ਭਰਾਤਰੀ ਭਾਵ, ਸਮਾਨਤਾ ਤੇ ਏਕਤਾ ਪੈਦਾ ਕਰਕੇ ਇਕ ਸੰਤੁਲਿਤ ਤੇ ਸਿਹਤਮੰਦ ਮਨੁੱਖੀ ਭਾਈਚਾਰੇ ਦੀ ਸਿਰਜਨਾ ਨੂੰ ਮੁੜ ਸੁਰਜੀਤ ਕਰਨ ਦੇ ਸਮਰੱਥ ਵੀ ਬਣਦੇ ਹਨ।

ਅੱਜ ਮੌਜੂਦਾ ਸਮਾਜ ਵਿਚ ਅਨੈਤਿਕਤਾ ਦੀ ਮਹਾਂਮਾਰੀ (Epidemic of Immorality) ਫ਼ੈਲੀ ਹੋਈ ਹੈ। ਇਸ ਲਈ ਖੋਜ ਕਾਰਜ ਦੇ ਇਸ ਉਪ ਅਧਿਆਇ 'ਨੈਤਿਕਤਾ ਦੇ ਬਹੁ ਰੂਪਾਂ ਦੀ ਸਿਰਜਣਾ' ਵਿਚ ਸਭ ਪ੍ਰਕਾਰ ਦੇ ਦਵੈਤਾਂ ਤੇ ਦੁਸ਼ਮਣੀਆਂ, ਈਰਖਾ, ਕ੍ਰੋਧ ਤੋਂ ਉੱਪਰ ਉੱਠ ਕੇ ਸਾਰੇ ਬ੍ਰਹਿਮੰਡ ਨੂੰ ਪ੍ਰੇਮ ਦੇ ਕਲਾਵੇ ਵਿਚ ਲੈਣ ਦਾ ਸਬਕ ਹੈ ਜਿਸ ਦੀ ਪ੍ਰਾਪਤੀ ਲਈ ਨਿਮਰਤਾ, ਮਿਠਾਸ, ਹਲੀਮੀ, ਸੇਵਾ, ਸਬਰ, ਸੰਤੋਖ, ਧੀਰਜ, ਦਇਆ, ਖਿਮਾ ਜਾਚਨਾ, ਮਨ-ਬਚਨ-ਕਰਮ ਦੀ ਏਕਤਾ, ਤਿਆਗ, ਹਮਦਰਦੀ, ਸਦਭਾਵਨਾ, ਮਿਲਵਰਤਣ ਅਤੇ ਪਰਉਪਕਾਰਤਾ, ਹੱਕ-ਹਲਾਲ ਦੀ ਕਮਾਈ, ਇਮਾਨਦਾਰੀ, ਮਿਹਨਤ, ਸੁਹਿਰਦਤਾ ਤੇ ਆਚਰਣਿਕ ਉੱਚਤਾ ਆਦਿ ਗੁਣਾਂ ਨਾਲ ਸੰਬੰਧਤ ਬਾਣੀ ਪ੍ਰਵਚਨਾਂ ਦਾ ਸੰਚਾਰ ਇਸ ਗ੍ਰੰਥ ਵਿਚ ਹੋਇਆ ਹੈ। ਜਿੰਨ੍ਹਾਂ ਦੇ ਵਿਸ਼ਲੇਸ਼ਣ ਤੋਂ ਸਪਸ਼ਟ ਹੁੰਦਾ ਹੈ ਕਿ ਨੈਤਿਕ ਪਾਸਾਰਾਂ ਦੇ ਅਨੁਸ਼ਾਸ਼ਨ ਤੋਂ ਬਿਨਾਂ ਅਧਿਆਤਮਕ ਜੀਵਨ ਅਤੇ ਲੌਕਿਕ ਜੀਵਨ ਨੂੰ ਸਫ਼ਲਾ ਕੀਤਾ ਹੀ ਨਹੀਂ ਜਾ ਸਕਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਦਾਚਾਰ ਸੰਕਲਪ, ਮਾਨਵ ਚੇਤਨਾ ਵਿਚ ਅਜਿਹਾ ਬੋਧ ਪੈਦਾ ਕਰਨ ਵਾਲਾ ਹੈ ਜੋ ਮਨੁੱਖ ਨੂੰ ਸਮੁੱਚੀ ਮਾਨਵਤਾ ਦੀ ਭਲਾਈ ਹਿੱਤ ਸਮਾਜਕ ਜ਼ਿੰਮੇਵਾਰੀ ਨੂੰ ਨਿਭਾਉਣ ਹਿੱਤ ਕਾਰਜਸ਼ੀਲ ਹੋਣ ਦੀ ਪ੍ਰੇਰਣਾ ਦਿੰਦਾ ਹੈ। ਨੈਤਿਕ ਗੁਣਾਂ ਨਾਲ ਸੰਪੰਨ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਸਤੁਤ ਹੁੰਦਾ ਨੈਤਿਕ ਵਿਧਾਨ, ਗਲੋਬਲ ਪਿੰਡ ਜਾਂ ਵਿਸ਼ਵ ਭਾਈਚਾਰੇ ਵਿਚ ਵਿਚਰਦੇ ਮਨੁੱਖ ਦੇ ਨਿੱਜ ਅਤੇ ਭਾਈਚਾਰਕ ਜੀਵਨ ਦੀ ਉੱਤਮ ਬਣਤਰ ਦੇ ਨਰੋਏ ਤੇ ਨਿਗਰ ਪਾਸਾਰ ਪੇਸ਼ ਕਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਬਾਣੀ ਇਕ ਅਜਿਹਾ ਮਾਨਵਤਾਵਾਦੀ ਅਚਾਰ ਸਿਰਜਦੀ ਹੈ, ਜੋ ਸਾਰੇ ਵਿਸ਼ਵ ਦੇ ਲੋਕਾਂ ਦੀ ਵਿਚਰਣ ਸ਼ੈਲੀ, ਸਾਰੀਆਂ ਸੰਸਕ੍ਰਿਤੀਆਂ, ਸਮੁੱਚੀਆਂ ਜੀਵਨ-ਪੱਧਤੀਆਂ ਆਦਿ ਦੀ ਵਿਭਿੰਨਤਾ ਨੂੰ ਦੈਵੀ-ਸੁੰਦਰਤਾ ਦਾ ਰੂਪ ਸਮਝ ਕੇ ਇਨ੍ਹਾਂ ਦੀ ਵੰਨਸੁਵੰਨਤਾ ਕਾਇਮ ਰੱਖਦਿਆਂ ਹੋਇਆ ਵੀ ਇਕ ਸਰਬ ਸਾਂਝਾ ਵਿਵਹਾਰ ਮੰਡਲ ਸਿਰਜਦਾ ਹੈ, ਜਿਸ ਵਿਚ ਸੰਸਕ੍ਰਿਤੀਆਂ ਦਾ ਨਿਆਰਾਪਨ ਵੀ ਬਣਿਆ ਰਹਿੰਦਾ ਹੈ ਅਤੇ ਇਕ ਅਤਿ ਮਾਨਵੀ ਆਚਾਰ ਨੂੰ ਵਿਵਸਥਿਤ ਕਰਨ ਵਾਲੀ ਜੀਵਨ-ਪ੍ਰਣਾਲੀ ਵੀ ਪ੍ਰਵਾਹਿਤ ਹੁੰਦੀ ਹੈ। ਇਸ ਪ੍ਰਕਾਰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਨੈਤਿਕ-ਵਿਧਾਨ ਆਪਣੇ-ਆਪ ਵਿਚ ਮੁਕੰਮਲ ਇਕਾਈ ਹੈ, ਜਿਸਦੇ ਵਿਸ਼ਲੇਸ਼ਣ ਤੋਂ ਨਾ ਕੇਵਲ ਗੁਰਬਾਣੀ ਦੇ ਸਮੂਹ ਸਰੋਕਾਰਾਂ ਦੀ ਸੋਝੀ ਹੁੰਦੀ ਹੈ ਬਲਕਿ ਇਸ ਵਿਚ ਪ੍ਰਸਤੁੱਤ ਅਨੰਤ ਮਨੁੱਖੀ ਸੰਭਾਵਨਾਵਾਂ ਅਜੋਕੇ ਵਿਸ਼ਵ-ਵਿਆਪੀ ਪੱਧਰ ਤੇ ਮਨੁੱਖ ਦੇ ਆਧੁਨਿਕ ਬੋਧ ਤੇ ਸੋਚ ਨੂੰ ਨਿਸ਼ਚਿਤ ਕਰਦੀਆਂ ਹੋਈਆਂ ਉਸ ਦੀ ਸਮਾਜਿਕ ਭੂਮਿਕਾ ਨੂੰ ਜ਼ਿੰਮੇਵਾਰ ਤੇ ਜਵਾਬਦੇਹ ਵੀ ਬਣਾਉਂਦੀਆਂ ਹਨ।

ਅੱਜ ਅਸੀਂ ਮਾਰਕਸਵਾਦ ਤੋਂ ਪੈਦਾ ਹੋਏ ਕਿਰਤ ਦੇ ਸਿਧਾਂਤ ਦੀ ਬਹੁਤ ਚਰਚਾ ਕਰਦੇ ਹਾਂ ਪਰ ਗੁਰਬਾਣੀ ਨੇ ਸਦੀਆਂ ਪਹਿਲਾਂ ਕਿਰਤ ਦਾ ਲਾਸਾਨੀ ਮਾਡਲ ਪੇਸ਼ ਕੀਤਾ ਹੈ। 'ਕਿਰਤ ਦੇ ਨਵੇਂ ਪਾਸਾਰ' ਸਿਰਲੇਖ ਅਧੀਨ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਹੋਏ ਕਿਰਤ ਦੇ ਆਦਰਸ਼ਕ ਤੇ ਵਿਵਹਾਰਕ ਮਾਡਲਾਂ ਸੰਬੰਧੀ ਚਰਚਾ ਤੋਂ ਸਪਸ਼ਟ ਹੁੰਦਾ ਹੈ ਕਿ ਗੁਰਬਾਣੀ ਕਿਰਤ ਦਾ ਇਕ ਅਜਿਹਾ ਸੂਝ ਮਾਡਲ ਸਿਰਜਦੀ ਹੈ ਜੋ ਸਮਾਜਵਾਦ ਵਾਂਗ ਸਿਰਫ ਪਦਾਰਥ ਤਕ ਸੀਮਤ ਨਹੀਂ ਸਗੋਂ ਮਨੁੱਖ ਦੀ ਆਤਮਾ ਅਤੇ ਸਰੀਰ ਦੋਹਾਂ ਨੂੰ ਬਲਵਾਨ ਬਣਾਉਨਾ ਲੋਚਦਾ ਹੈ। ਅਧਿਆਤਮਕ ਅਤੇ ਸਦਾਚਾਰਕਤਾ ਦੇ

ਰੰਗ ਵਿਚ ਰੰਗੇ ਜਾਣ ਉਪਰੰਤ ਮਨੁੱਖ ਦੇ ਸਾਰੇ ਸੰਸਾਰਿਕ ਕਾਰਜ ਸੁਕ੍ਰਿਤ ਅਰਥਾਤ ਸੱਚੀ ਕਿਰਤ ਬਣ ਜਾਂਦੇ ਹਨ। ਮਨੁੱਖ ਕੇਵਲ ਧਨ ਪ੍ਰਾਪਤੀ ਲਈ ਕਿਰਤ ਨਹੀਂ ਕਰਦਾ ਸਗੋਂ ਸੇਵਾ ਅਤੇ ਪਰਉਪਕਾਰ ਰਾਹੀਂ ਲੋੜਵੰਦਾਂ ਦਾ ਸਹਾਰਾ ਵੀ ਬਣਦਾ ਹੈ। 'ਵਿਣ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫ਼ਲ ਕਰਣੀ' ਦੇ ਅਨੁਸਾਰ ਗੁਰਬਾਣੀ ਤਾਂ ਹੱਥੀਂ ਕਾਰ ਭਾਵ ਕਿਰਤ ਜਾਂ ਸੇਵਾ ਨਾ ਕਰਨ ਵਾਲੇ ਦੇ ਹੱਥਾਂ-ਪੈਰਾਂ ਨੂੰ ਵਿਅਰਥ ਸਮਝਦੀ ਹੈ। ਇਸੇ ਲਈ ਗੁਰਬਾਣੀ ਦਰਿੱਦਰ ਤੇ ਆਲਸ ਦੀ ਥਾਂ ਉੱਦਮਸ਼ੀਲਤਾ ਤੇ ਚੜ੍ਹਦੀ ਕਲਾ ਦੀ ਪ੍ਰੋੜਤਾ ਕਰਦੀ ਹੈ। ਸਾਰੇ ਵਿਹਲੜਪੁਣੇ ਤੇ ਐਸ਼-ਅਰਾਮਾਂ ਨੂੰ ਛੱਡਣ ਦਾ ਉੱਦਮ ਅਤੇ ਸੱਚੀ-ਸੁੱਚੀ ਕਿਰਤ ਕਰਨ ਦਾ ਉੱਦਮ 'ਕਿਰਤ' ਕਰਨ ਦਾ ਵਿਸ਼ੇਸ਼ ਆਧਾਰ ਹੈ। ਅਸਲ ਵਿਚ ਹਰ ਪ੍ਰਾਪਤੀ ਦੀ ਬੁਨਿਆਦ ਉੱਦਮ ਹੀ ਹੈ। ਉੱਦਮ ਤੋਂ ਬਿਨਾਂ ਕਿਸੇ ਕਮਾਈ ਦੀ ਪ੍ਰਾਪਤੀ ਦੀ ਆਸ ਨਹੀਂ। ਗੁਰਬਾਣੀ 'ਉਦੱਮ' ਦੇ ਗੁਣ ਨੂੰ ਧਾਰਨ ਕਰਕੇ ਆਪਣੇ ਪਰਿਵਾਰ ਤੇ ਸਮਾਜ ਨੂੰ ਖੁਸ਼ਹਾਲੀ ਅਤੇ ਵਿਕਾਸ ਦੇ ਰਾਹ ਤੇ ਪਾਉਣ ਦਾ ਮਾਰਗ ਸੁਝਾਉਂਦੀ ਹੈ ਗੁਰਬਾਣੀ ਵਿਚ ਪੇਸ਼ ਇਹ ਚਿੰਤਨ ਇਸ ਅੰਤਰਦ੍ਰਿਸ਼ਟੀ ਨੂੰ ਪੇਸ਼ ਕਰਦਾ ਹੈ ਕਿ ਸੁਕ੍ਰਿਤ ਕਰਦੇ ਹੋਏ ਸੇਵਾ ਤੇ ਪਰਉਪਕਾਰ ਦੀ ਭਾਵਨਾ ਨਾਲ ਵੰਡ ਕੇ ਛੱਕਣ ਦੀ ਬਿਰਤੀ ਮਜਬੂਤ ਹੁੰਦੀ ਹੈ। ਧਨਵਾਨ ਮਨੁੱਖ, ਰਾਜ ਜਾਂ ਕੌਮਾਂ ਨੇ ਖੁਸ਼ਹਾਲੀ ਦੇ ਨਸ਼ੇ ਵਿਚ ਗਰੀਬ ਦਾ ਜੀਣਾ ਦੁਭਰ ਕੀਤਾ ਹੋਇਆ ਹੈ। ਗੁਰਬਾਣੀ ਵਿਚ ਧਨ ਦਾ ਕੇਂਦਰੀਕਰਨ ਕਿਰਤ ਸਭਿਆਚਾਰ ਦੇ ਐਂਟੀਥੀਸਿਸ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਅਜੋਕੇ ਮਨੁੱਖ ਦੀ ਨਿਰਾਸਤਾ ਦਾ ਵੱਡਾ ਕਾਰਨ ਦਲਿੱਦਰੀ ਜਾਂ ਆਲਸਪੁਣੇ ਵਿਚ ਜੀਵਨ ਜਿਉਣਾ ਹੈ। ਜਿਸ ਨਾਲ ਉਹ ਅਣਗਿਣਤ ਬੁਰਾਈਆਂ ਤੇ ਪਤਿਤਪੁਣੇ ਦਾ ਸ਼ਿਕਾਰ ਹੋ ਜਾਂਦਾ ਹੈ। ਨਸ਼ਿਆਂ ਦੇ ਸੇਵਨ ਵਰਗੀਆਂ ਅਲਾਮਤਾਂ ਵੀ ਕਿਰਤ ਦੀ ਘਾਟ ਕਰਕੇ ਪੈਦਾ ਹੋ ਰਹੀਆਂ ਹਨ। ਬਾਣੀ ਨੇ ਕਿਰਤ ਅਤੇ ਕਿਰਤੀ ਦੋਹਾਂ ਦੇ ਸਨਮਾਨ ਨੂੰ ਬਹਾਲ ਕੀਤਾ ਅਤੇ ਸੇਵਾ ਜੋ ਬ੍ਰਾਹਮਣੀ ਵਿਚਾਰਧਾਰਾ ਵਿਚ ਨੀਵੀਂ ਸਮਝੀ ਜਾਂਦੀ ਸੀ, ਗੁਰਬਾਣੀ ਨੇ ਉਸ ਸੇਵਾ ਨੂੰ ਦਰਗਾਹ ਦੀ ਪਉੜੀ ਬਣਾ ਦਿੱਤਾ। ਗੁਰੂ ਗ੍ਰੰਥ ਸਾਹਿਬ ਨੇ 'ਕਿਰਤ' ਨੂੰ ਕਰਤੇ ਭਾਵ ਪਰਮਾਤਮਾ ਜਿੱਡਾ ਵੱਡਾ ਦਰਜਾ ਦੇ ਕੇ ਭਾਰਤੀ ਧਰਮ ਪਰੰਪਰਾ ਵਿਚ ਕਾਮਿਆਂ ਅਤੇ ਸਮਾਜਕ ਤੌਰ ਤੇ ਦੱਬੇ, ਲਿਤਾੜੇ, ਨਿਤਾਣੇ ਅਤੇ ਨਿਥਾਵੇਂ ਲੋਕਾਂ ਦਾ ਸਨਮਾਨ ਬਹਾਲ ਕਰ ਦਿੱਤਾ ਹੈ।

ਮਨੁੱਖੀ ਸਭਿਆਚਾਰ ਦੇ ਵਿਕਾਸ ਲਈ ਸਭਿਆਚਾਰਕ ਵੰਨਸਵੰਨਤਾ ਦਾ ਪੈਦਾ ਹੋਣਾ ਬਹੁਤ ਜ਼ਰੂਰੀ ਹੈ ਤੇ ਇਹ ਵੰਨਸਵੰਨਤਾ ਉਦੋਂ ਤੱਕ ਸਥਾਪਿਤ ਨਹੀਂ ਹੋ ਸਕਦੀ ਜਦੋਂ ਤੱਕ ਵਿਲੱਖਣ ਇਕਾਈਆਂ ਵਿਚਕਾਰ ਬਰਾਬਰੀ ਦਾ ਸੰਵਾਦ ਪੈਦਾ ਨਹੀਂ ਹੁੰਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਤਤਕਾਲੀਨ ਸਮੇਂ ਦੀਆਂ ਵਿਭਿੰਨ ਸੰਪਰਦਾਇਕ ਅਤੇ ਸੰਸਕ੍ਰਿਤਕ ਇਕਾਈਆਂ ਲਈ ਜੋ ਪ੍ਰਵਚਨ ਆਰੰਭਿਆ, ਉਸ ਨੂੰ ਖੋਜ ਕਾਰਜ ਦੇ ਇਸ ਪਾਠ 'ਹੁਕਮ ਤੇ ਰਜ਼ਾ ਦਾ ਸੰਦਰਭ' ਵਿਚੋਂ ਸਮਝਿਆ ਜਾ ਸਕਦਾ ਹੈ। ਇਸ ਅਧਿਐਨ ਦਾ ਮੁੱਖ ਸੰਵਾਦ ਹੁਕਮ ਤੇ ਰਜਾ ਨਾਲ ਸੰਬੰਧਿਤ ਹੁੰਦਾ ਹੋਇਆ ਧਰਮ, ਭਾਸ਼ਾ, ਖਿੱਤੇ, ਨਸਲ, ਲਿੰਗ, ਕੌਮ, ਜਾਤੀ, ਜਮਾਤ, ਬਰਾਦਰੀ, ਸਦਾਚਾਰ, ਵਿਹਾਰ ਅਤੇ ਵਿਚਾਰਧਾਰਾ ਦੀ ਕੱਟੜਤਾ ਨੂੰ ਚੁਣੌਤੀ ਦਿੰਦਾ ਹੋਇਆ ਪਾਰ-ਸੰਸਕ੍ਰਿਤਕ, ਪਾਰ-ਵਿਚਾਰਧਾਰਕ, ਪਾਰ-ਰਾਸ਼ਟਰੀ, ਪਾਰ-ਭਾਸ਼ਾਈ ਸਰੂਪ ਨਾਲ ਜਾ ਜੁੜਦਾ ਹੈ। ਇਸ ਤਰ੍ਹਾਂ ਵਿਸ਼ਵੀ ਚੇਤਨਾ ਦਾ ਪਾਸਾਰ ਕਰਨਾ 'ਹੁਕਮ' ਤੇ 'ਰਜਾ' ਦੇ ਸਿਧਾਂਤਾਂ ਦੀ ਵਡਮੁੱਲੀ ਪ੍ਰਾਪਤੀ ਬਣ ਜਾਂਦਾ ਹੈ ਅਤੇ ਇਸ ਦੀ ਪਾਲਣਾ ਕਰਨ ਵਾਲਾ ਮਨੁੱਖ ਆਤਮਿਕ ਤੌਰ ਤੇ ਪ੍ਰਫੁਲਤ, ਮਾਨਸਿਕ ਤੌਰ ਤੇ ਸ਼ਾਂਤ-ਚਿਤ, ਸਦਾਚਾਰਿਕ ਤੌਰ ਤੇ ਸੁਦ੍ਰਿੜ ਇਨਸਾਨ ਬਣ ਜਾਂਦਾ ਹੈ। ਅਜਿਹੇ ਮਨੁੱਖ ਲੋਭ-ਲਾਲਚਾਂ ਤੇ ਕੂੜ-ਧੰਦਿਆਂ ਦੀ ਬਜਾਇ ਨਿਮਰ ਤੇ

ਨਿਰਮਾਣ ਹੋ ਕੇ ਆਪਣੇ ਹਿਰਦੇ ਨੂੰ ਸ਼ਾਂਤ ਰੱਖਦੇ ਹਨ। ਮਾਇਆ ਵਿਚ ਵਿਚਰਦਿਆਂ ਹੋਇਆ ਵੀ ਸੱਚੀ-ਸੁੱਚੀ ਕਾਰ ਕਮਾਉਂਦਿਆਂ ਸੰਸਾਰ ਦੀ ਝੂਠੀ ਚਮਕ-ਦਮਕ ਤੇ ਸ਼ੋਸ਼ੇਬਾਜੀਆਂ ਤੋਂ ਮੁਕਤ, ਅਲਿਪਤ ਅਤੇ ਬੇਨਿਆਜ਼ ਹੋ ਕੇ ਚੜ੍ਹਦੀ ਕਲਾ ਵਿਚ ਵਿਚਰਦੇ ਹਨ ਅਤੇ ਇਸ ਗਿਆਨ ਦੀ ਪ੍ਰਾਪਤੀ ਨਾਲ ਉਹ ਕੇਵਲ ਨਿਮਾਣਿਆਂ, ਨਿਤਾਣਿਆਂ ਤੇ ਗਰਜ਼ਮੰਦਾਂ ਲਈ ਡੱਟ ਕੇ ਖੜੇ ਹੀ ਨਹੀਂ ਹੋ ਜਾਂਦੇ ਸਗੋਂ ਇਕ ਅਜਿਹੇ ਵਿਸ਼ਵੀ ਸਮਾਜ ਦੀ ਬੁਨਿਆਦ ਰੱਖਦੇ ਹਨ ਜੋ ਪਿਆਰ, ਮਿਲਵਰਤਨ, ਸਹਿਯੋਗ ਤੇ ਟਿਕੀ ਹੋਈ ਮਨੁੱਖਤਾ ਦੀ ਰਹਿਬਰੀ ਲਈ ਉੱਦਮਸ਼ੀਲ ਤੇ ਪ੍ਰਯਤਨਸ਼ੀਲ ਹੋਵੇ।

'ਸੇਵਾ, ਸਹਿਹੋਂਦ ਤੇ ਸਹਿਣਸ਼ੀਲਤਾ ਦੇ ਨਵੇਂ ਪਾਸਾਰ' ਅਧਿਆਇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਉਨ੍ਹਾਂ ਆਦਰਸ਼ਾਂ ਨੂੰ ਲਿਆ ਗਿਆ ਹੈ ਜੋ ਮਨੁੱਖੀ ਜੀਵਨ ਦੀ ਸਫਲਤਾ ਲਈ ਜ਼ਰੂਰੀ ਆਧਾਰ ਹਨ। ਇਨ੍ਹਾਂ ਵਿਚੋਂ ਸਭ ਤੋਂ ਪ੍ਰਮੁੱਖ ਸੇਵਾ ਹੈ ਜੋ ਇਕ ਇਕ ਸ੍ਰੇਸ਼ਠ ਕਰਮ ਵੱਜੋਂ ਮੰਨੀ ਜਾਂਦੀ ਹੈ। ਗੁਰਬਾਣੀ ਤਨ, ਮਨ, ਧਨ ਨਾਲ ਸੱਚੀ ਸੇਵਾ ਕਰਨ ਉੱਪਰ ਜ਼ੋਰ ਦਿੰਦੀ ਹੈ। ਗੁਰਬਾਣੀ ਅਨੁਸਾਰ ਇਕ ਚੰਗੇ ਗ੍ਰਿਹਸਥੀ ਵਾਂਗ ਜੀਵਨ ਬਤੀਤ ਕਰਨ ਲਈ ਜਿੱਥੇ ਜੀਵ ਨੇ ਆਪਣੇ ਪਰਿਵਾਰ ਲਈ ਅਜਿਹੀ ਸੱਚੀ-ਸੁੱਚੀ ਕਿਰਤ ਕਰਨੀ ਹੈ, ਉੱਥੇ ਲੋੜਵੰਦਾਂ ਦੀ ਸਹਾਇਤਾ ਕਰਨਾ ਵੀ ਉਸ ਦਾ ਅਸਲੀ ਧਰਮ ਹੈ। ਅਜਿਹਾ ਕਰਨ ਨਾਲ ਉਸ ਦੇ ਮਨ ਨੂੰ ਆਤਮਿਕ ਸ਼ਾਂਤੀ ਅਤੇ ਸਬਰ-ਸੰਤੋਖ ਮਿਲਦਾ ਹੈ, ਜਿਨ੍ਹਾਂ ਸਦਕਾ ਉਹ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਅਤੇ ਹੋਰ ਹਰ ਪ੍ਰਕਾਰ ਦੇ ਵਿਸ਼ੈਲੇ ਵਿਸ਼ਿਆਂ ਤੋਂ ਦੂਰ ਹਟ ਕੇ ਨਿਰਮਲ ਪੁਰਖ ਬਣ ਜਾਂਦਾ ਹੈ। ਅਜਿਹਾ ਨਿਰਮਲ ਪੁਰਸ਼ ਜੋ ਬਿਨਾ ਕਿਸੇ ਭੇਦਭਾਵ, ਬਿਨਾ ਵਿਤਕਰੇ ਦੇ ਪੂਰਨ ਸਹਿਣਸ਼ੀਲਤਾ ਨਾਲ ਸਹਿਹੋਂਦ ਨੂੰ ਪ੍ਰਗਟਾਉਂਦਾ ਸਮੁੱਚੇ ਵਿਸ਼ਵ ਨੂੰ ਪਿਆਰ ਕਰਦਾ ਹੈ। ਜਿੱਥੇ ਕਿੱਥੇ ਵੀ ਕੋਈ ਨਿਮਾਣਾ, ਨਿਤਾਣਾ ਜਾਂ ਲੋੜਵੰਦ ਉਸ ਦੀ ਨਜ਼ਰੀ ਪੈਂਦਾ ਹੈ ਉਹ ਪੂਰੀ ਤਰ੍ਹਾਂ ਸਮਰਪਿਤ ਹੋ ਕੇ ਉਸ ਦੀ ਸੇਵਾ ਵਿਚ ਜੁੱਟ ਜਾਂਦਾ ਹੈ। ਉਹ ਸਾਰੇ ਸਮਾਜ ਨੂੰ ਅਮਨ, ਸ਼ਾਂਤੀ ਅਤੇ ਆਤਮਿਕ ਅਨੰਦ ਦੇ ਪ੍ਰਸਾਰਨ ਲਈ ਗੁਰ-ਸ਼ਬਦ ਰਾਹੀਂ ਇਕ ਧਾਗੇ ਵਿਚ ਪਰੋਣ ਦਾ ਯਤਨ ਕਰਦਾ ਹੈ। ਇਸ ਪ੍ਰਕਾਰ ਭਰਾਤਰੀ-ਭਾਵ ਵਿਕਸਿਤ ਹੋਣ ਨਾਲ ਸਿਹਤਮੰਦ ਸਮਾਜ ਦੀ ਸਥਾਪਨਾ ਹੁੰਦੀ ਹੈ।

ਖੋਜ ਕਾਰਜ ਦੇ ਚੌਥੇ ਅਧਿਆਇ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਮਾਨਵੀ ਆਦਰਸ਼: ਵਿਸ਼ਵੀ ਏਕਤਾ ਦੇ ਪ੍ਰਸੰਗ ਵਿਚ' ਧਾਰਮਿਕ ਸਹਿਣਸ਼ੀਲਤਾ, ਧਾਰਮਿਕ ਬਹੁਲਤਾਵਾਦ ਦੀ ਸਥਾਪਨਾ, ਅੰਤਰ-ਧਰਮ ਸੰਵਾਦ ਦੀ ਸਥਾਪਨਾ, ਬਹੁ-ਸਭਿਆਚਾਰਕ ਸਮਾਜ ਦੀ ਸਥਾਪਨਾ, ਵਿਸ਼ਵ-ਭਾਈਚਾਰਾ ਅਤੇ ਵਿਸ਼ਵ-ਸ਼ਾਂਤੀ ਦੇ ਮਾਡਲ ਨਾਲ ਸੰਬੰਧਤ ਵਿਭਿੰਨ ਆਦਰਸ਼ ਪੇਸ਼ ਕੀਤੇ ਗਏ ਹਨ। ਧਰਮ ਦੇ ਵਿਸ਼ਵ-ਵਿਆਪੀ ਵਰਤਾਰੇ ਦਾ ਸਮਕਾਲੀ ਦ੍ਰਿਸ਼ ਗੰਭੀਰ ਸੰਕਟ ਭਰੀ ਸਥਿਤੀ ਵਲ ਸੰਕੇਤ ਕਰ ਰਿਹਾ ਹੈ। ਧਰਮ ਆਪਣੇ ਹਕੀਕੀ-ਰੂਹਾਨੀ ਅਰਥਾਂ ਤੋਂ ਦੂਰ ਹੁੰਦਾ ਹੋਇਆ ਹਿੰਸਕ ਅਤੇ ਬੇਭਰੋਸਗੀ ਦਾਇਰਿਆਂ ਵਿਚ ਘਿਰਿਆ ਹੋਇਆ ਹੈ। ਵਿਸ਼ਵ ਪੱਧਰ ਤੇ ਬਹੁਤ ਬੁਰਾ ਵਕਤ ਚੱਲ ਰਿਹਾ ਹੈ ਮਾਨਵ-ਸਮਾਜ ਵਿਚ ਧਾਰਮਿਕ, ਸਮਾਜਕ, ਆਰਥਿਕ, ਰਾਜਨੀਤਿਕ ਪੱਧਰ ਤੇ ਬਹੁਤ ਨਿਘਾਰ ਆ ਚੁੱਕਾ ਹੈ, ਮੱਧ-ਕਾਲ ਵਾਂਗ ਅੱਜ ਵੀ ਹਰ ਪਾਸੇ ਵੈਰ-ਵਿਰੋਧ, ਨਫ਼ਰਤ, ਜਾਤ-ਪਾਤ, ਨਿੱਜਵਾਦ, ਖੇਤਰਵਾਦ, ਆਤੰਕਵਾਦ ਦੇ ਕਾਲੇ ਬੱਦਲ ਮੰਡਰਾ ਰਹੇ ਹਨ ਸੋ ਅਜੋਕੇ ਸਮਿਆਂ ਵਿਚ ਧਰਮ ਦੀ ਪ੍ਰਾਸੰਗਿਕਤਾ ਬੜੀ ਚੁਣੌਤੀ ਭਰਪੂਰ ਹੋ ਗਈ ਹੈ। ਅੱਜ ਧਰਮ ਕੇਵਲ ਸਮੇਂ ਦੀ ਲੋੜ ਨਹੀਂ ਰਿਹਾ, ਬਲਕਿ ਲੋੜ ਹੋਰਨਾਂ ਧਰਮਾਂ ਨੂੰ ਸਵੀਕਾਰ ਕਰਨ ਅਤੇ ਸਤਿਕਾਰ ਕਰਨ ਵਿਚ ਹੈ ਤਾਂ ਜੋ ਪਰਸਪਰ ਸਹਿਯੋਗ ਅਤੇ ਇਕਸਾਰਤਾ ਪੈਦਾ ਕੀਤੀ ਜਾ ਸਕੇ ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਧਾਰਮਿਕ ਸਹਿਣਸ਼ੀਲਤਾ ਨੇ ਮੂਲ ਰੂਪ ਵਿਚ ਇਸ ਤੱਥ ਦਾ ਪ੍ਰਤੀਪਾਦਨ ਕੀਤਾ ਕਿ ਹੋਰਨਾਂ ਧਰਮਾਂ ਨਾਲ ਵਿਤਕਰਾ ਨਹੀਂ ਕਰਨਾ ਚਾਹੀਦਾ, ਬੇਸ਼ਕ ਅਸੀਂ ਉਨ੍ਹਾਂ ਦੇ ਧਾਰਮਿਕ ਵਿਸ਼ਵਾਸਾਂ ਨਾਲ ਸਹਿਮਤ ਨਹੀਂ ਵੀ ਹੁੰਦੇ ਹਾਂ। ਧਾਰਮਿਕ ਸਹਿਨਸ਼ੀਲਤਾ ਅਨੇਕਤਾ ਨੂੰ ਏਕਰੂਪਤਾ ਵਿਚ ਸਮੇਟਣ ਦੀ ਥਾਂ ਤੇ ਅਨੇਕਤਾ ਵਿਚ ਏਕਤਾ ਨੂੰ ਵਿਕਸਿਤ ਕਰਨਾ ਲੋਚਦੀ ਹੈ। ਇਸ ਤਰ੍ਹਾਂ ਧਾਰਮਿਕ ਸਹਿਣਸ਼ੀਲਤਾ ਦਾ ਪ੍ਰਯੋਜਨ ਨਾ ਤਾਂ ਦੂਜਿਆਂ ਦੇ ਧਾਰਮਿਕ ਅਕੀਦਿਆਂ, ਸਰਗਰਮੀਆਂ ਅਤੇ ਵਿਸ਼ਵਾਸਾਂ ਨੂੰ ਪ੍ਰਵਾਨ ਕਰ ਕੇ ਧਾਰਨ ਕਰਨਾ ਹੈ ਅਤੇ ਨਾ ਹੀ ਉਨ੍ਹਾਂ ਨੂੰ ਆਪਣੇ ਧਰਮ ਵਲ ਰੂਪਾਂਤਰਰਿਤ ਕਰਨਾ ਹੈ ਜਿਸ ਦਾ ਉਦੇਸ਼ ਕੇਵਲ ਤੇ ਕੇਵਲ ਦੂਜਿਆਂ ਦੇ ਧਾਰਮਿਕ ਇਮਾਨ ਤੇ ਨਿਸਚੇ ਨੂੰ ਬਿਨ੍ਹਾਂ ਕਿਸੇ ਨੁਕਸਾਨ ਪੰਹਚਾਏ ਮਾਣ ਦੇਣਾ ਹੈ ਤਾਂ ਕਿ ਸ਼ਾਤੀ ਤੇ ਸਦਭਾਵਨਾ ਦਾ ਮਾਹੌਲ ਬਰਕਰਾਰ ਰਹੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਸ਼ਬਦ ਵਿਸ਼ਵੀ-ਚੇਤਨਾ ਜਗਾਉਂਦੇ ਪ੍ਰਤੀਤ ਹੁੰਦੇ ਹਨ। ਇਸ ਬਾਣੀ ਦਾ ਅਧਿਐਨ ਸੁਤੇ-ਸਿਧ ਇਹ ਬਿਰਤੀ ਪੈਦਾ ਕਰਦਾ ਹੈ ਕਿ 'ਨਾ ਕੋਈ ਹਿੰਦੂ ਨਾ ਮੁਸਲਮਾਨ' ਤੇ ਇਹ ਹੀ ਭਾਵ ਅੱਗੇ ਜਾ ਕੇ 'ਮਾਨਸ ਕੀ ਜਾਤਿ ਸਭੈ ਏਕੇ ਪਹਿਚਾਨਬੋ' ਦਾ ਸ਼ਕਤੀਸ਼ਾਲੀ ਪ੍ਰਵਚਨ ਪੈਦਾ ਕਰਦਾ ਹੈ। ਜਿਹੜੀ ਬਾਣੀ 'ਸਰਬੱਤ ਦਾ ਭਲਾ' ਕਰਨਾ ਲੋਚਦੀ ਹੈ ਉਹ ਕਿਸੇ ਧਰਮ ਦਾ ਨਿਰਾਦਰ ਕਦਾਚਿਤ ਕਲਪਿਤ ਵੀ ਨਹੀਂ ਕਰ ਸਕਦੀ ਬਲਕਿ 'ਸਰਬ ਧਰਮ ਮਹਿ ਸ੍ਰੇਸਟ ਧਰਮ' ਦਾ ਉਪਦੇਸ ਦਿੰਦੀ ਹੈ ਜਿਸ ਨਾਲ 'ਨਾ ਕੋ ਬੈਰੀ ਨਹੀ ਬਿਗਾਨਾ' ਵਾਲੀ ਸਥਿਤੀ ਬਣ ਜਾਂਦੀ ਹੈ। ਸ੍ਰੀ ਗੁਰੂ ਗੰਥ ਸਾਹਿਬ ਦੀ ਸਮੁੱਚੀ ਰਚਨਾ ਸਮੁੱਚੇ ਵਿਸ਼ਵ ਨੂੰ ਆਪਣਾ ਸੰਗੀ-ਸਾਥੀ ਮੰਨਦੀ ਹੈ, ਇਸੇ ਲਈ ਉਸ ਦੀ ਅਰਦਾਸ ਜਾਂ ਪ੍ਰਾਰਥਨਾ ਵਿਚ ਖ਼ੁਦ-ਗਰਜ਼ੀ ਨਹੀਂ, ਸਗੋਂ ਸਭ ਲਈ ਬਖ਼ਸ਼ਿਸ਼ਾਂ, ਖ਼ੁਸ਼ੀਆਂ ਅਤੇ ਨਹਿਮਤਾਂ ਦੀ ਜਾਚਨਾ ਹੈ।

ਅੱਜ ਵਿਸ਼ਵ-ਵਿਆਪੀ ਪਿੰਡ ਵਿਚ ਸਦੀਵੀ ਸ਼ਾਂਤੀ, ਇਕਸਾਰਤਾ, ਸੰਤੁਲਨ ਤੇ ਆਪਸੀ ਤਾਲਮੇਲ ਪੈਦਾ ਕਰਨ ਲਈ ਬਹੁ ਧਰਮਵਾਦ ਜਾਂ ਬਹੁਲਤਾਵਾਦ ਦਾ ਸਥਾਪਿਤ ਹੋਣਾ ਬਹੁਤ ਜ਼ਰੂਰੀ ਹੋ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਧਾਰਮਿਕ ਬਹੁਲਤਾਵਾਦ ਇਕ ਅਜਿਹਾ 'ਗਲੋਬਲੀ ਜ਼ਿੰਮੇਵਾਰੀ' ਵਾਲਾ ਪ੍ਰਵਚਨ ਹੈ ਜੋ ਵਿਭਿੰਨ ਵਖਰੇਵਿਆਂ ਵਿਚ ਪਰਸਪਰ ਸਤਿਕਾਰ, ਸੰਵਾਦ ਅਤੇ ਸਿੱਖਣ ਤੇ ਸਿਖਾਉਣ ਦੇ ਰਿਸ਼ਤੇ ਉੱਤੇ ਆਧਾਰਿਤ ਹੈ। ਇਹ ਧਾਰਮਿਕ ਬਹੁਲਤਾਵਾਦ ਸੰਸਾਰ ਦੇ ਹਰੇਕ ਧਰਮ ਨੂੰ ਪ੍ਰਮਾਣਿਕ, ਸ਼ੁਧ ਅਤੇ ਮਨੁੱਖ ਦੀ ਯੋਗ ਅਗਵਾਈ ਕਰਨ ਦੇ ਸਮਰੱਥ ਮੰਨਦਾ ਹੋਇਆ ਮਾਨਤਾ ਤੇ ਪ੍ਰਮਾਣਿਕਤਾ ਦਿੰਦਾ ਹੈ ਅਤੇ ਕੇਵਲ ਵਿਭਿੰਨਤਾ ਨੂੰ ਸਤਿਕਾਰ ਨਹੀਂ ਦਿੰਦਾ, ਬਲਕਿ ਵਿਭਿੰਨਤਾ ਨੂੰ ਤੀਬਰਤਾ ਨਾਲ ਸਮਝ ਕੇ ਮਾਣਨ ਵਲ ਰੁਚਿਤ ਹੁੰਦਾ ਹੈ। ਵਿਸ਼ਵ ਦੇ ਹਰੇਕ ਧਰਮ ਦਾ ਆਪਣਾ ਸਿਧਾਂਤ ਹੈ ਤੇ ਧਾਰਮਿਕ ਬਹੁਲਤਾਵਾਦ ਅਜਿਹੀ ਸਮਝ ਤੇ ਸੰਵਾਦ ਪੈਦਾ ਕਰਨ ਦੀ ਪੈਰਵੀ ਕਰਦਾ ਹੈ ਜਿਸ ਨਾਲ ਸਾਰੇ ਅਵਿਸ਼ਵਾਸ ਤੇ ਵਿਤਕਰੇ ਨਿਵਿਰਤ ਹੁੰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ 'ਸਮੂਹਿਕ ਬਹੁਲਤਾਵਾਦ' Unitary Pluralism ਵਿਸ਼ਵ ਵਿਚ ਪਸਰੀ ਸਾਰੀ ਨਫ਼ਰਤ, ਕਰੂਰਤਾ ਅਤੇ ਮਾਰੋਧਾਪੀ ਖ਼ਤਮ ਕਰਕੇ 'ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ' ਵਾਕ ਅਨੁਸਾਰ ਪਰਸਪਰ ਪ੍ਰੇਮ, ਸਦਭਾਵਨਾ, ਇਕਸਾਰਤਾ ਉਤਪੰਨ ਕਰ ਕੇ 'ਕੁਦਰਤਿ ਕੇ ਸਭ ਬੰਦੇ' ਦੀ ਅੰਤਰਦਿਸ਼ਟੀ ਦਾ ਪ੍ਰਵਚਨ ਉਸਾਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਅਨੇਕ ਤੱਤ ਬਹੁਲਤਾਵਾਦ Pluriform Pluralism ਦੇ ਅੰਤਰਗਤ ਕਿਸੇ ਵੀ ਧਰਮ ਦੀ ਨਿਖੇਧੀ ਨਹੀਂ ਕੀਤੀ ਗਈ। ਇਹ ਗ੍ਰੰਥ ਵਿਭਿੰਨ ਧਰਮਾਂ ਦੀ ਮੌਜੂਦਗੀ ਅਤੇ ਅਸਤਿਤਵ ਨੂੰ ਸਵੀਕਾਰਦਾ ਹੈ। ਬਾਣੀਕਾਰਾਂ ਦੀ ਬਾਣੀ ਕਿਸੇ ਧਰਮ ਨੂੰ ਨਹੀਂ ਨਕਾਰਦੀ, ਕੇਵਲ ਧਰਮ ਦੇ ਪੈਰੋਕਾਰਾਂ ਤੇ ਠੇਕੇਦਾਰਾਂ ਦੇ

ਬਾਹਰਲੇ ਭੇਖਾਂ, ਮਕਾਰੀਆਂ ਤੇ ਪਾਖੰਡਾਂ ਵਿਰੁੱਧ ਪ੍ਰਵਚਨ ਰਚਾਉਂਦੀ ਹੈ। ਗੁਰਬਾਣੀ ਧਰਮ ਦੇ ਨਾਮ ਉਤੇ ਪਾਈ ਫਿਕ ਨੂੰ ਮਿਟਾਉਂਦਿਆਂ ਵੱਖ-ਵੱਖ ਧਰਮਾਂ ਦੀ ਇਕਸੁਰਤਾ ਦਾ ਸਾਂਝਾ ਪਲੇਟਫਾਰਮ ਉਸਾਰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਦਰਸ਼ਤ ਨੈਤਿਕ ਬਹੁਲਤਾਵਾਦ **Ethical pluralism** ਅਜਿਹੇ ਸਦਾਚਾਰ-ਸ਼ਾਸਤਰ ਦੀ ਘਾੜਤ ਹੈ ਜੋ ਮਾਨਵ-ਸੰਸਾਰ ਵਿਚ ਵਿਚਰਦੇ ਮਨੁੱਖ ਦੇ ਵਿਅਕਤੀਗਤ ਅਤੇ ਭਾਈਚਾਰਕ ਜੀਵਨ ਦੀ ਉੱਚ-ਸੁੱਚ ਦੀ ਉੱਤਮਤਾ ਦੇ ਨਿਰੋਏ ਤੇ ਨਿਗਰ ਆਧਾਰਾਂ ਤੇ ਆਧਾਰਿਤ ਹੈ।

ਗੁਰੂ ਗ੍ਰੰਥ ਸਾਹਿਬ ਵਿਚ 'ਅੰਤਰ-ਧਰਮ ਸੰਵਾਦ ਦੀ ਸਥਾਪਨਾ' ਦੀ ਸਰਵੋਤਮ ਵਿਲੱਖਣਤਾ ਇਸ ਤੱਥ ਵਿਚ ਕਾਰਜਸ਼ੀਲ ਹੈ ਕਿ ਗੁਰਮਤਿ ਹੋਰਨਾਂ ਧਰਮਾਂ ਤੇ ਧਾਰਮਿਕ ਫਲਸਫ਼ਿਆਂ ਦੀ ਹੋਂਦ ਨੂੰ ਪ੍ਰਵਾਨ ਕਰਦਾ ਹੈ।'ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ' ਦੀ ਭਾਵਨਾ ਦੂਜੇ ਧਾਰਮਿਕ ਅਦਾਰਿਆਂ ਅਤੇ ਅਨੁਯਾਈਆਂ ਨੂੰ ਆਪਣਾ ਮੱਤ ਤੇ ਵਿਚਾਰਧਾਰਾ ਨੂੰ ਪ੍ਰਗਟਾਉਣ ਦਾ ਖੁੱਲ੍ਹੇ ਸੱਦੇ ਦਾ ਹੋਕਾ ਹੈ। ਇਹ ਬਿਰਤੀ 'ਖੋਜੀ ਉਪਜੈ ਬਾਦੀ ਬਿਨਸੈ' ਦੇ ਪ੍ਰਵਚਨ ਰਾਹੀਂ ਅਗਿਆਨਤਾ ਨੂੰ ਮਿਟਾ ਕੇ ਗਿਆਨ ਦਾ ਪਾਸਾਰ ਕਰਨਾ ਹੈ ਤਾਂਕਿ 'ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ' ਦੀ ਭਾਵਨਾ ਤੇ ਆਧਾਰਿਤ ਸ਼ੁਭ ਅਮਲਾਂ ਤੇ ਕਰਮਾਂ ਨੂੰ ਗ੍ਰਹਿਣ ਕਰਨ ਲਈ ਯਤਨਸ਼ੀਲ ਤੇ ਵਚਨਬੱਧ ਹੋ ਸਕੀਏ। ਵਰਤਮਾਨ ਸਮਿਆਂ ਵਿਚ ਵਿਚਾਰ-ਵਟਾਂਦਰੇ ਦੇ ਜਿਸ ਸੰਕਲਪ ਨੂੰ ਅੰਤਰ-ਰਾਸ਼ਟਰੀ ਪੱਧਰ ਤੇ ਤਰਜੀਹ ਦਿੱਤੀ ਜਾ ਰਹੀ ਹੈ, ਉਸ ਦ੍ਰਿਸ਼ਟੀਕੋਣ ਨੂੰ ਗੁਰੂ ਸਾਹਿਬਾਨ ਦੇ ਸਦੀਆਂ ਪਹਿਲਾ ਮਹਿਸੂਸ ਕੀਤਾ ਤੇ ਆਪਣੀ ਰਚਨਾ ਵਿਚ ਸੰਵਾਦ ਦੀ ਉਸਾਰੀ ਕੀਤੀ। ਬੜੀ ਧਿਆਨਦੇਣ ਯੋਗ ਗੱਲ ਹੈ ਕਿ ਗੁਰਬਾਣੀ ਸਮੁੱਚੇ ਧਾਰਮਿਕ ਵਾਤਾਵਰਣ ਦੀ ਉਸਾਰੀ ਦੇ ਪ੍ਰਬੰਧ ਹੇਠ ਰਚੀ ਗਈ ਹੈ। ਗੁਰੂ ਸਾਹਿਬ ਹੋਰਨਾਂ ਧਰਮਾਂ ਤੇ ਯਕੀਨ ਤੇ ਨਿਸਚਾ ਕਰਦੇ ਹਨ ਤਾਂ ਹੀ ਉਨ੍ਹਾਂ ਦੀ ਰਚਨਾ ਵਿਚ ਸਭ ਪ੍ਰਕਾਰ ਦੇ ਰੱਬ, ਦੇਵੀ ਦੇਵਤੇ, ਅਵਤਾਰ, ਧਾਰਮਿਕ-ਮਿਥਿਹਾਸਕ ਚਿੰਨ੍ਹਾਂ ਅਤੇ ਰਸਮਾਂ ਦਾ ਵਿਵਰਣ ਹੈ। ਆਪ ਤਾਂ ਧਰਮ ਦੀ ਸਹੀ ਤੇ ਵਾਸਤਵਿਕ ਭਾਵਨਾ ਦਾ ਸੰਚਾਰ ਕਰਨਾ ਲੋਚਦੇ ਹਨ। ਗੁਰਬਾਣੀ ਦੇ ਇਹ ਸਾਰੇ ਪਰਮਾਣ ਸਿਧ ਕਰਦੇ ਹਨ ਕਿ ਗੁਰਬਾਣੀ ਕਿਸੇ ਇਕ ਧਰਮ, ਇਕ ਫਿਰਕੇ ਦੇ ਲੋਕਾਂ ਲਈ ਨਹੀਂ ਸਗੋਂ ਇਹ ਸਾਰੇ ਧਰਮਾਂ, ਅਕੀਦਿਆਂ ਦੇ ਹੱਦ ਬੰਨ੍ਹੇ ਟੱਪ ਕੇ ਸਮੁੱਚੇ ਮਨੁੱਖ ਨੂੰ ਸੱਚ, ਨੇਕੀ, ਭਰਾਤਰੀ ਭਾਵ, ਬਰਾਬਰੀ ਅਤੇ ਸੁਤੰਤਰਤਾ ਦੇ ਪ੍ਰਭਾਵਾਂ ਨਾਲ ਸਰਸ਼ਾਰ ਕਰਦੀ ਹੈ। ਨਿਰਸੰਦੇਹ ਇਹ ਅੰਤਰ-ਸਭਿਆਚਾਰਕ ਅਤੇ ਅੰਤਰ-ਧਾਰਮਿਕ ਸੰਵਾਦ ਦਾ ਅਜਿਹਾ ਢੁਕਵਾਂ ਮਾਡਲ ਹੈ, ਜੋ ਵਿਸ਼ਵ ਵਿਆਪੀ ਪੱਧਰ ਤੇ ਸਾਰਥਕ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ 'ਬਹੁ-ਸਭਿਆਚਾਰਕ ਸਮਾਜ ਦੀ ਸਥਾਪਨਾ' ਅਜਿਹਾ ਸਿਧਾਂਤਕ ਮਾਡਲ ਪੇਸ਼ ਕਰਦਾ ਹੈ ਜੋ ਵਿਭਿੰਨ ਸੰਪਰਦਾਇਕ ਇਕਾਈਆਂ ਵਿਚ ਸਹਿਯੋਗ ਅਤੇ ਸਹਿਹੋਂਦ ਦੀ ਸਥਾਪਨਾ ਲਈ ਸੰਵਾਦ ਨੂੰ ਉਤਸ਼ਾਹਿਤ ਕਰਦਾ ਹੈ। ਜਿਸ ਦੇ ਫਲਸਰੂਪ ਇਹ ਇਕਾਈਆਂ ਇਕ ਸੰਗਠਨ ਵਿਚ ਰੂਪਾਂਤਰਿਤ ਹੋ ਕੇ ਮਾਨਵਤਾ ਦੇ ਕਲਿਆਣ ਦਾ ਰਾਹ ਖੋਲ੍ਹਦੀਆਂ ਹਨ। ਨਿਰਸੰਦੇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਮਾਡਲ ਸਭਿਆਚਾਰਕ ਪਹਿਚਾਣ, ਸਭਿਆਚਾਰਕ ਆਦਾਨ-ਪ੍ਰਦਾਨ, ਸਭਿਆਚਾਰਕ ਸੰਵਾਦ ਅਤੇ ਸਭਿਆਚਾਰਕ ਏਕਤਾ ਨੂੰ ਮੂਰਤੀਮਾਨ ਕਰਦਾ ਆਪਣੀ ਵਿਲੱਖਣਤਾ ਦਾ ਸਬੂਤ ਹੋ ਜਾਂਦਾ ਹੈ। ਗੁਰਬਾਣੀ ਦਾ ਸੰਦੇਸ਼ ਹਰ ਸਭਿਆਚਾਰ ਤੇ ਸੰਸਕ੍ਰਿਤੀ ਦੀ ਪਹਿਚਾਣ ਨੂੰ ਬਰਾਬਰਤਾ ਪ੍ਰਦਾਨ ਕਰਦੇ ਹੋਏ ਇਸਨੂੰ ਪ੍ਰਭਾਵਸ਼ਾਲੀ ਅਤੇ ਭਾਵਪੂਰਨ ਰੂਪ ਵਿਚ ਸਥਾਪਿਤ ਕਰਨਾ ਹੈ। ਗੁਰਬਾਣੀ ਵੈਰ-ਵਿਰੋਧ,

ਪੱਖਪਾਤ ਅਤੇ ਹਿੰਸਾ ਨੂੰ ਨਿਰਉਤਸ਼ਾਹਿਤ ਕਰਦੇ ਹੋਏ, ਸਮਾਜਕ ਤੇ ਨਸਲੀ ਇਕਸੁਰਤਾ ਅਤੇ ਅੰਤਰ-ਸਭਿਆਚਾਰ ਨੂੰ ਵਧਾਵਾ ਦਿੰਦੀ ਹੈ ਜੋ ਬਹੁ-ਸਭਿਆਚਾਰਕ ਸਮਾਜ ਦੇ ਜਰੂਰੀ ਅੰਸ਼ ਹਨ। ਗੁਰੂ ਗ੍ਰੰਥ ਸਾਹਿਬ ਸਾਨੂੰ ਦੂਸਰਿਆਂ ਦੇ ਮੁੱਲਾਂ ਨੂੰ ਸਵੀਕਾਰ ਕਰਨ ਅਤੇ ਸਤਿਕਾਰ ਕਰਨ ਦੀ ਸਿੱਖਿਆ ਦਿੰਦਾ ਹੈ।ਅਸਲ ਵਿਚ ਗੁਰੂ ਸਾਹਿਬਾਨ ਇਕ ਵਰਗ-ਰਹਿਤ ਅਤੇ ਸ਼੍ਰੇਣੀ-ਰਹਿਤ ਸਮਾਜ ਦੀ ਸਿਰਜਣਾ ਕਰਨਾ ਚਾਹੁੰਦੇ ਸਨ ਜਿਸ ਤਹਿਤ ਹਰ ਮਨੁੱਖ ਆਪਣੀ ਸੁਤੰਤਰਤਾ ਨੂੰ ਮਾਣ ਸਕੇ; ਹਰ ਧਰਮ ਦਾ ਸਤਿਕਾਰ ਅਤੇ ਸਮਰਥਨ ਹੋ ਸਕੇ, ਅਤੇ ਸਮਾਜਕ ਬਰਾਬਰਤਾ ਦੇ ਅੰਤਰਗਤ ਅਧਿਕਾਰਾਂ ਅਤੇ ਫਰਜ਼ਾਂ ਦਾ ਸੁਮੇਲ ਹੋ ਸਕੇ। ਇਕ ਬਹੁ-ਸਭਿਆਚਾਰਕ ਸਮਾਜ ਵਿਚ ਆਪਣੇ ਧਰਮ ਪ੍ਰਤੀ ਨਿਸ਼ਠਾ ਅਤੇ ਵਿਸ਼ਵਾਸ ਦਾ ਹੋਣਾ ਚੰਗਾ ਗੁਣ ਹੈ ਪਰ ਦੂਸਰਿਆਂ ਦੇ ਧਰਮ ਪ੍ਰਤੀ ਅਸਹਿਣਸ਼ੀਲਤਾ ਅਤੇ ਅਨਾਦਰ ਰਖਣਾ ਅਧਰਮ ਹੈ। ਗੁਰੂ ਗ੍ਰੰਥ ਸਾਹਿਬ ਦਾ ਸਮੁੱਚਾ ਪ੍ਰਵਚਨ ਦੱਬੇ ਕੁਚਲੇ ਵਰਗਾਂ ਅਤੇ ਲੋਕਾਂ ਦੀ ਜ਼ੁਬਾਨ ਬਣ ਕੇ ਹਾਕਮ ਸ਼੍ਰੇਣੀ ਅਤੇ ਕੁਲੀਨ ਵਰਗਾਂ ਦੇ ਦਮਨਕਾਰੀ ਅਤੇ ਅਮਾਨਵੀ ਰੂਪ ਨੂੰ ਵੰਗਾਰਦਾ ਸਮੂਹ ਸੰਸਕ੍ਰਿਤੀ ਦੇ ਮਨੋਬਲ ਨੂੰ ਇਕ ਨਵੀਂ ਦ੍ਰਿਸ਼ਟੀ ਪ੍ਰਦਾਨ ਕਰਦਾ ਹੈ ਜੋ ਹਿੰਮਤ ਅਤੇ ਮਨੋਬਲ ਦਾ ਪ੍ਰਤੀਕ ਹੈ। ਇਸ ਪ੍ਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਦੁਨੀਆ ਵਿਚ ਪਹਿਲੀ ਵਾਰੀ ਅਨੇਕਤਾ ਵਿਚ ਏਕਤਾ ਅਤੇ ਵਿਲੱਖਣਤਾ ਵਿਚ ਸਾਂਝ ਨੂੰ ਸੰਸਕ੍ਰਿਤਕ ਵਿਕਾਸ ਦੇ ਪ੍ਰਮੁੱਖ ਸਾਧਨ ਵਜੋਂ ਰੂਪਮਾਨ ਕਰਦੇ ਹੋਏ ਧਰਮ, ਭਾਸ਼ਾ, ਖਿੱਤੇ, ਨਸਲ, ਲਿੰਗ, ਕੌਮ, ਜਾਤੀ, ਜਮਾਤ, ਵਿਹਾਰ ਅਤੇ ਵਿਚਾਰਧਾਰਾ ਆਦਿ ਦੀ ਕੱਟੜਤਾ ਨੂੰ ਚੁਣੌਤੀ ਦਿੱਤੀ ਹੈ ਅਤੇ ਵਿਭਿੰਨ ਸੂਬਿਆਂ, ਸੰਸਕ੍ਰਿਤੀਆਂ, ਭਾਸ਼ਾਵਾਂ, ਜਾਤਾਂ, ਜਮਾਤਾਂ, ਸਿਧਾਂਤਾਂ, ਸਦਾਚਾਰਾਂ ਅਤੇ ਫ਼ਿਰਕਿਆਂ ਦੇ ਭਗਤ ਕਵੀਆਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਮਾਣਯੋਗ ਸਥਾਨ ਦੇ ਕੇ ਇਸ ਦੇ ਪਾਰ-ਸੰਸਕ੍ਰਿਤਿਕ, ਪਾਰ-ਵਿਚਾਰਧਾਰਕ, ਪਾਰ-ਰਾਸ਼ਟਰੀ ਅਤੇ ਪਾਰ-ਭਾਸ਼ਾਈ ਰੂਪ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ। ਸਮੁੱਚੇ ਰੂਪ ਵਿਚ ਇਹ ਆਖਿਆ ਜਾ ਸਕਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖਤਾ ਲਈ ਕਲਿਆਣਕਾਰੀ ਅਤੇ ਮਾਨਵ-ਹਿਤਕਾਰੀ ਵਿਸ਼ਵ-ਦ੍ਰਿਸ਼ਟੀਆਂ ਪ੍ਰਦਾਨ ਹੁੰਦੀਆਂ ਹਨ ਜੋ ਬਹੁ-ਸਭਿਆਚਾਰਕ ਸਮਾਜ ਦਾ ਅਜਿਹਾ ਮਾਡਲ ਪੇਸ਼ ਕਰਦੀਆਂ ਹਨ ਜੋ ਵਿਸ਼ਵ ਵਿਆਪੀ ਸਾਰਥਕ ਅਤੇ ਪ੍ਰਾਸੰਗਿਕ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ 'ਵਿਸ਼ਵ-ਭਾਈਚਾਰਾ ਅਤੇ ਵਿਸ਼ਵ-ਸ਼ਾਂਤੀ ਦੇ ਮਾਡਲ' ਨਾਲ ਸੰਬੰਧਤ ਆਦਰਸ਼ ਸਮੁੱਚੀ ਮਾਨਵਤਾ ਦੇ ਬਹੁ-ਪੱਖੀ ਕਲਿਆਣ ਲਈ ਸਰਬੱਤ ਦੇ ਭਲੇ ਦਾ ਸੰਵਾਦ ਦ੍ਰਿੜ ਕਰਵਾਉਂਦੇ ਹਨ। ਅਜੋਕੇ ਸਮੇਂ ਵਿਚੋ ਜਿਸ ਵਿਸ਼ਵ-ਭਾਈਚਾਰੇ ਅਤੇ ਵਿਸ਼ਵ-ਸ਼ਾਂਤੀ ਨੂੰ ਬਣਾਉਣ ਦੀ ਚਰਚਾ ਚੱਲ ਰਹੀ ਹੈ, ਗੁਰੂ ਗ੍ਰੰਥ ਸਾਹਿਬ ਵਿਚ ਉਸਦਾ ਇਕ ਵਿਸ਼ਾਲ ਨਕਸ਼ਾ Paradigm ਹੈ। ਇਹ ਗ੍ਰੰਥ ਵਿਭਿੰਨਤਾ, ਵਿਭਿੰਨਤਾ ਦੀ ਸਵੀਕ੍ਰਿਤੀ, ਵਿਭਿੰਨਤਾ ਨੂੰ ਮਾਣਨਾ ਅਤੇ ਵਿਭਿੰਨਤਾ ਨੂੰ ਆਦਰ ਕਰਨ ਦੇ ਸਰੋਕਾਰਾਂ ਨਾਲ ਜੁੜਿਆ ਹੋਇਆ, ਵਿਸ਼ਵ-ਭਾਈਚਾਰਾ ਤੇ ਵਿਸ਼ਵ-ਸ਼ਾਂਤੀ ਨੂੰ ਪੈਦਾ ਕਰਨ ਦਾ ਪ੍ਰਗਟਾਵਾ ਹੋ ਨਿਬੜਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਬ੍ਰਹਮ ਦਾ ਸਰੂਪ ੧ੴ ਤੋਂ ਆਰੰਭ ਹੋ ਕੇ ਸਰਬੱਤ ਦੇ ਭਲੇ ਤੱਕ ਦੀਆਂ ਅੰਤਰਦ੍ਰਿਸ਼ਟੀਆਂ ਦਾ ਲਖਾਇਕ ਹੋ ਜਾਂਦਾ ਹੈ।

ਖੋਜ-ਕਾਰਜ ਦੇ ਪੰਜਵੇਂ ਅਧਿਆਇ 'ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਾਨਵੀ ਆਦਰਸ਼: ਵਿਸ਼ਵ-ਵਿਆਪੀ ਸੰਗਠਨਾਂ ਦੇ ਸੰਦਰਭ ਵਿਚ' ਮਾਨਵੀ ਅਧਿਕਾਰਾਂ, ਦਲਿਤ ਚੇਤਨਾ ਤੇ ਬੰਧਨ ਮੁਕਤ ਸਮਾਜ ਦੀ ਸਥਾਪਨਾ, ਨਾਰੀ ਚੇਤਨਾ ਤੇ ਲਿੰਗ ਬਰਾਬਰਤਾ ਅਤੇ ਸਮਾਜਿਕ ਨਿਆਂ ਨਾਲ ਜੁੜੇ ਆਦਰਸ਼ਾਂ ਦਾ ਵਿਸ਼ਵ ਵਿਆਪੀ ਸੰਗਠਨਾਂ ਦੇ ਸੰਦਰਭ ਵਿਚ ਵਿਸ਼ਲੇਸ਼ਣ ਕਰਨ ਦਾ ਉਪਰਾਲਾ ਹੈ। ਅੱਜ ਸਮੁੱਚੇ ਵਿਸ਼ਵ ਵਿਚ ਇਨ੍ਹਾਂ ਮੁੱਦਿਆਂ ਨਾਲ ਸੰਬੰਧਿਤ ਅਨੇਕਾਂ ਸੰਸਥਾਵਾਂ ਸਰਗਰਮ ਰੂਪ

ਵਿਚ ਕਾਰਜਸ਼ੀਲ ਹਨ ਪਰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੇ ਸਦੀਆਂ ਪਹਿਲਾਂ ਇਸ ਸੰਬੰਧੀ ਚੇਤੰਨਤਾ ਪ੍ਰਦਾਨ ਕੀਤੀ। ਇਸੇ ਸੰਦਰਭ ਵਿਚ ਸਭ ਤੋਂ ਪਹਿਲਾਂ ਵਿਸ਼ਵੀ ਪੱਧਰ ਤੇ ਮੌਜੂਦ ਮਾਨਵੀ ਅਧਿਕਾਰਾਂ ਦੀਆਂ ਸੰਸਥਾਵਾਂ ਦੇ ਪ੍ਰਕਰਣ ਵਿਚ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਬਾਰੇ ਅਧਿਐਨ ਕਰਦਿਆਂ ਸਪਸ਼ਟ ਹੁੰਦਾ ਹੈ ਕਿ ਇਸ ਵਿਚ ਸਮਾਜਕ, ਧਾਰਮਿਕ, ਆਰਥਿਕ, ਰਾਜਨੀਤਿਕ ਅਤੇ ਹੋਰ ਮਨੁੱਖੀ ਅਧਿਕਾਰਾਂ ਨੂੰ ਬੜੀਆਂ ਜੁਗਤਾਂ ਨਾਲ ਸਾਰਥਿਕ ਕਰਨ ਦਾ ਉਪਰਾਲਾ ਹੈ। ਗੁਰੂ ਗ੍ਰੰਥ ਸਾਹਿਬ ਮਨੁੱਖ ਦੀ ਏਕਤਾ ਦਾ ਸ਼ਕਤੀਸ਼ਾਲੀ ਤੇ ਕ੍ਰਾਂਤੀਕਾਰੀ ਪ੍ਰਵਚਨ ਰਚਾਉਂਦਾ ਹੈ। ਗੁਰਬਾਣੀ ਸਮਾਜਕ-ਸਭਿਆਚਾਰਕ ਅਜ਼ਾਦੀ ਦੀ ਸਾਰਥਿਕਤਾ ਨੂੰ ਮਹਿਸੂਸ ਕਰਦਿਆਂ ਜਾਤ-ਪਾਤ ਅਤੇ ਊਚ-ਨੀਚ ਦੀਆਂ ਵੰਡੀਆਂ ਤੋਂ ਪਾਰ ਜਾ ਕੇ, ਸਮੁੱਚੀ ਮਾਨਵਤਾ ਨੂੰ ਮੁਖ਼ਾਤਿਬ ਹੁੰਦੀ ਹੋਈ 'ਸਭੈ ਸਾਂਝੀਵਾਲ ਸਦਾਇਣ' ਦਾ ਸੁਨੇਹਾ ਲੈ ਕੇ ਜੀਵਨ ਕਰਮ ਵਿਚ ਤਬਦੀਲੀ ਦੇ ਮਕਸਦ ਨਾਲ ਸਾਹਮਣੇ ਆਉਂਦੀ ਹੈ। ਸਦੀਆਂ ਤੋਂ ਲਤਾੜੀ ਤੇ ਦੁਰਕਾਰੀ ਜਾਂਦੀ ਔਰਤ ਦੇ ਹੱਕ ਵਿਚ ਸੱਭ ਤੋਂ ਪਹਿਲਾ ਆਵਾਜ ਗੁਰੂ ਨਾਨਕ ਸਾਹਿਬ ਨੇ ਉਠਾਈ। ਸਤੀ ਪ੍ਰਥਾ, ਪਰਦਾ ਪ੍ਰਥਾ ਤੇ ਹੋਰ ਵਧੀਕੀਆਂ ਨੂੰ ਸਹਿੰਦੀ ਔਰਤ ਲਈ ਗੁਰੂਆਂ ਨੇ ਇੱਕ ਅਹਿਮ ਪ੍ਰਵਚਨ ਛੇੜਿਆ। ਧਾਰਮਿਕ ਅਧਿਕਾਰਾਂ ਦੇ ਅੰਤਰਗਤ ਗੁਰੂ ਗ੍ਰੰਥ ਸਾਹਿਬ ਸਭ ਤੋਂ ਵੱਡੀ ਉਦਾਹਰਨ ਹੈ। ਗੁਰੂ ਗ੍ਰੰਥ ਸਾਹਿਬ ਵਿਚਲਾ ਇਕ ਪ੍ਰਵਚਨ ਵਕਤ ਦੀਆਂ ਸਰਕਾਰਾਂ ਦੇ ਜ਼ੁਲਮ, ਅਨਿਆਂ ਤੇ ਕੁਪ੍ਰਬੰਧ ਲਈ ਚੁਣੌਤੀ ਬਣ ਜਾਂਦਾ ਹੈ। ਗੁਰਬਾਣੀ ਅਜਿਹੇ ਸ਼ਾਸ਼ਕਾਂ ਤੇ ਹਾਕਮਾਂ ਨੂੰ 'ਰਾਜੇ ਸ਼ੀਹ ਮੁਕਦਮ ਕੁੱਤੇ' ਕਹਿ ਕੇ ਨਿੰਦਦੀ ਹੀ ਨਹੀਂ ਸਗੋਂ 'ਤਖਤਿ ਬਹੈ ਤਖਤੈ ਕੀ ਲਾਇਕ' ਅਤੇ 'ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨ' ਕਹਿ ਕੇ ਰਾਜਿਆਂ ਨੂੰ ਉਨਾਂ ਦੇ ਸਹੀ ਕਰਤਵਾਂ ਅਤੇ ਨਿਆਂ ਕਰਨ ਲਈ ਉਨ੍ਹਾਂ ਦੀ ਜ਼ਮੀਰ ਨੂੰ ਹਲੂਣਦੀ ਵੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿੱਖਿਆ ਦੇ ਅਧਿਕਾਰ ਤੇ ਬੱਲ ਦਿੱਤਾ ਗਿਆ ਹੈ। ਗੁਰਬਾਣੀ ਗਿਆਨ ਦੇ ਚਾਨਣ ਦਾ ਪਾਸਾਰਾ ਕਰ ਕੇ ਅਗਿਆਨਤਾ ਦੇ ਹਨੇਰੇ ਨੂੰ ਖਤਮ ਕਰਨ ਦੀਆਂ ਜੁਗਤਾਂ ਦਾ ਉਪਦੇਸ਼ ਦ੍ਰਿੜ ਕਰਦੀ ਹੈ। ਆਰਥਿਕ ਅਧਿਕਾਰਾਂ ਦੇ ਅੰਤਰਗਤ ਗੁਰੂ ਗ੍ਰੰਥ ਸਾਹਿਬ ਵਿਚ ਕਿਰਤ ਕਰਨ, ਵੰਡ ਕੇ ਛਕਣ ਦਾ ਮਾਡਲ ਪ੍ਰਸਤੁਤ ਹੈ ਜੋ ਸਾਰੇ ਜਨ ਤੇ ਲੋਕਾਈ ਨੂੰ ਮਿਹਨਤ ਨਾਲ ਕੰਮ ਕਰਨ ਅਤੇ ਮਿਹਨਤਾਨਾ ਹਾਸਲ ਕਰਨ ਦਾ ਸਬਕ ਸਿਖਾਉਂਦਾ ਸਫ਼ਲ ਜੀਵਨ ਜੀਉਣ ਦੀ ਜਾਚ ਸਿਖਾਉਂਦਾ ਹੈ।

'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬੰਧਨ ਮੁਕਤ ਸਮਾਜ ਦੀ ਸਥਾਪਨਾ ਅਤੇ ਦਲਿਤ ਚੇਤਨਾ ਨਾਲ ਜੁੜੇ ਸੰਗਠਨ' ਉਪ ਅਧਿਆਇ ਵਿਚ ਇਹ ਦ੍ਰਿੜ ਹੁੰਦਾ ਹੈ ਕਿ ਅੱਜ ਅਣਗਿਣਤ ਸੰਸਥਾਵਾਂ ਦਲਿਤ-ਲੋਕਾਂ/ਹਾਸ਼ੀਆਗਤ/ subaltan /Marjinalized ਦੇ ਮਾਣ-ਰੁਤਬੇ ਨੂੰ ਕਾਇਮ ਕਰਨ ਲਈ ਯਤਨਸ਼ੀਲ ਅਤੇ ਸੰਘਰਸ਼ਸ਼ੀਲ ਹਨ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੇ ਸਦੀਆਂ ਪਹਿਲਾਂ ਦਲਿਤ ਲੋਕਾਈ ਦੇ ਭਲੇ ਦਾ ਸੰਵਾਦ ਰਚਾਇਆ। ਬਾਣੀਕਾਰਾਂ ਦੀ ਪ੍ਰਤੀਬੱਧਤਾ ਤੇ ਨਿਸ਼ਠਾ ਨਿਮਾਣੇ ਤੇ ਨਿਆਸਰੇ ਵਰਗ ਦੇ ਨਾਲ ਹੈ। ਇਸੇ ਲਈ ਸਮੁੱਚੇ ਗੁਰਬਾਣੀ ਪ੍ਰਵਚਨ ਵਿਚ ਇਸ ਵਰਗ ਪ੍ਰਤੀ ਸੁਹਿਰਦ ਭਰੇ ਵਰਤਾਉ ਅਤੇ ਬਰਾਬਰਤਾ ਦੇ ਸੰਕਲਪ ਦੀ ਗੂੰਜ ਸੁਣਾਈ ਦਿੰਦੀ ਹੈ। ਗੁਰਬਾਣੀ ਵਿਚ ਪੇਸ਼ ਦਲਿਤ-ਚੇਤਨਾ ਦੇ ਪ੍ਰਵਚਨ ਅਤੇ ਸੰਵਾਦ ਵਿਚ ਉਸਰੀਆਂ ਸਥਿਤੀਆਂ ਅਤੇ ਸੰਭਾਵਨਾਵਾਂ ਹੀ ਬੰਧਨ-ਮੁਕਤ ਸਮਾਜ ਦੀ ਸਥਾਪਨਾ ਲਈ ਨੀਂਹ-ਪੱਥਰ ਬਣਦੀਆਂ ਹਨ। ਬਾਣੀ ਵਿਚ ਪ੍ਰਸਤੁੱਤ ਦਲਿਤ ਚੇਤਨਾ ਮੂਲ ਰੂਪ ਵਿਚ ਜਾਤੀ-ਦਵੇਸ਼ ਨੂੰ ਮਿਟਾ ਕੇ ਸਮਾਜਕ ਬਰਾਬਰੀ ਨੂੰ ਉਲੀਕਣ ਦੇ ਇੱਕ ਅਜਿਹੇ ਸੰਘਰਸ਼ ਦਾ ਸੂਚਕ ਬਣ ਜਾਂਦੀ ਹੈ ਜਿਸ ਵਿਚ ਦਲਿਤ ਹਾਰ ਸਵੀਕਾਰ ਕਰਕੇ

ਜ਼ੁਲਮ ਜਾਂ ਪੀੜਾ ਨੂੰ ਬਰਦਾਸ਼ਤ ਨਹੀਂ ਕਰਦਾ ਬਲਕਿ ਇਸ ਅਣਮਨੁੱਖੀ ਵਤੀਰੇ ਨੂੰ ਖਤਮ ਕਰਨ ਲਈ ਸੰਘਰਸ਼ ਦੀ ਦਿਸ਼ਾ ਅਖਤਿਆਰ ਕਰਦਾ ਹੈ। ਇਸ ਤਰ੍ਹਾਂ ਦਲਿਤ-ਚੇਤਨਾ ਜੀਵਨ ਦੇ ਹਰ ਖੇਤਰ ਵਿਚ ਦੱਬੇ, ਡਰੇ, ਦੁਰਕਾਰੇ ਤੇ ਫਿਟਕਾਰੇ ਮਨੁੱਖ ਦੇ ਸ਼ੋਸ਼ਣ ਖਿਲਾਫ਼ ਕੀਤੇ ਉਪਰਾਲਿਆਂ ਦਾ ਪ੍ਰਬੰਧ ਹੈ। ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਦਲਿਤ ਚੇਤਨਾ ਪੰਰਪਰਕ ਸਾਂਸਕ੍ਰਿਤਕ ਪ੍ਰਵਿਰਤੀ ਦੇ ਖਿਲਾਫ਼ ਇਕ ਵਿਵੇਕਸ਼ੀਲ ਤੇ ਮਾਨਵਵਾਦੀ ਸੰਘਰਸ਼ ਚੇਤਨਾ ਨੂੰ ਉਭਾਰਦੀ ਹੈ। ਗੁਰਬਾਣੀ ਦਾ ਪ੍ਰਵਚਨ ਸ਼ੋਸ਼ਣ ਅਤੇ ਦਮਨ ਦੇ ਵਿਰੋਧ ਵਿਚ ਰੂਹਾਨੀ ਵਿਵੇਕ ਅਤੇ ਨੈਤਿਕ ਚੇਤੰਨਤਾ ਨੂੰ ਸਥਾਪਿਤ ਕਰਦਾ ਹੈ। ਜਦੋਂ ਸਮੂਹ ਜਨ-ਜਾਤੀ ਨੂੰ ਆਪਣੇ ਅੰਦਰ ਵਸੀ ਜੋਤਿ ਦਾ ਪ੍ਰਕਾਸ਼ ਹੋਵੇਗਾ ਤਾਂ ਪ੍ਰਚਲਿਤ ਰੰਗ-ਭੇਦ ਅਤੇ ਨਸਲੀ-ਉਤਮਤਾ ਦੇ ਸਾਰੇ ਮਾਡਲ ਫੇਲ ਹੋ ਜਾਣਗੇ। ਵੰਡੀਆਂ ਤੇ ਨਾਬਰਾਬਰੀਆਂ ਦਾ ਮਾਹੌਲ ਖ਼ਤਮ ਹੋ ਜਾਵੇਗਾ ਤੇ ਮਨੁੱਖ ਨੂੰ ਮਨੁੱਖ ਵੱਲ ਵੇਖਣ ਦਾ ਵੱਲ ਆਵੇਗਾ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਦੇਸ਼ ਦੇ ਵਿਭਿੰਨ ਖਿਤਿਆਂ, ਵਰਗਾਂ ਅਤੇ ਸੰਸਕ੍ਰਿਤੀਆਂ ਦੀ ਪ੍ਰਤੀਨਿੱਧਤਾ ਕਰਦੇ ਬਾਣੀਕਾਰਾਂ ਦੀ ਬਾਣੀ ਦੇ ਸ਼ਾਮਿਲ ਹੋਣ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਜਿਹਾ ਬਿੰਬ ਉਭਰਿਆ ਹੈ ਜਿਸ ਵਿਚੋਂ ਸਮੁੱਚੀ ਮਾਨਵ-ਜਾਤੀ ਦੀ ਸੰਸਕ੍ਰਿਤੀ ਹੀ ਨਹੀਂ ਝਲਕਦੀ ਸਗੋਂ ਸਮੁੱਚੇ ਰਾਸ਼ਟਰ ਅਤੇ ਭਾਈਚਾਰੇ ਨੂੰ ਇਕਸੁਰਤਾ ਤੇ ਇਕਸਮਤਾ ਪ੍ਰਦਾਨ ਕਰਦਿਆਂ ਉਨ੍ਹਾਂ ਦੇ ਦਰਦ ਤੇ ਪੀੜਾ ਨੂੰ ਖ਼ਤਮ ਕਰਨ ਲਈ ਸੱਚ ਦਾ ਮਾਰਗ ਨਜ਼ਰ ਆਉਂਦਾ ਹੈ। ਇਸ ਵਿਚ ਵਰਣ-ਰਹਿਤ ਸਮਾਜ ਦਾ ਸੰਕਲਪ ਉੱਭਰ ਕੇ ਸਾਮ੍ਹਣੇ ਆਉਂਦਾ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾਵਾਦੀ ਅਤੇ ਸਰਬ-ਸਾਂਝੀ ਵਿਚਾਰਧਾਰਾ ਵਿਚ ਸਮਾਜਕ, ਧਾਰਮਿਕ, ਸੰਸਕ੍ਰਿਤਕ ਆਧਾਰਿਤ ਰੰਗ-ਭੇਦ, ਨਸਲ-ਭੇਦ, ਆਰਥਿਕਤਾ ਅਤੇ ਰਾਸ਼ਟਰੀਅਤਾ ਆਧਾਰਿਤ ਦਰਜੇਬੰਦੀਆਂ ਲਈ ਕੋਈ ਸਥਾਨ ਨਹੀਂ।

'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿੰਗ ਬਰਾਬਰਤਾ ਤੇ ਨਾਰੀ ਚੇਤਨਾ ਨਾਲ ਜੁੜੇ ਸੰਗਠਨ' ਉਪ ਅਧਿਆਇ ਵਿਚ ਅਸੀਂ ਇਹ ਅਨੁਭਵ ਕੀਤਾ ਹੈ ਕਿ ਅਜੋਕੇ ਵਿਸ਼ਵੀਕਰਨ ਦੇ ਯੁੱਗ ਵਿਚ ਵਿਸ਼ਵ-ਵਿਦਿਆਲਿਆਂ, ਸਮਾਜਕ ਅਦਾਰਿਆਂ ਅਤੇ ਅਣਗਿਣਤ ਸੰਸਥਾਵਾਂ ਵਿਚ ਲਿੰਗ-ਬਰਾਬਰਤਾ, ਨਾਰੀ ਚੇਤਨਾ ਜਾਂ ਨਾਰੀ ਸਸ਼ਕਤੀਕਰਨ ਦੇ ਮੁੱਦੇ ਬੜੇ ਚਰਚਾ ਦਾ ਵਿਸ਼ਾ ਰਹੇ ਹਨ ਤੇ ਨਾਰੀ ਏਕਤਾ ਦਾ ਪ੍ਰਚਾਰ ਕਰ ਰਹੇ ਹਨ ਪਰੰਤੂ ਗੁਰੂ ਗ੍ਰੰਥ ਸਾਹਿਬ ਦੀ ਅਧਿਆਤਮਕ ਅਤੇ ਸਭਿਆਚਾਰਕ ਟੈਕਸਟ ਨੇ ਸਦੀਆਂ ਪਹਿਲਾਂ ਲਿੰਗ-ਬਰਾਬਰਤਾ ਦੇ ਸੰਦਰਭ ਵਿਚ ਪੁਰਸ਼-ਨਾਰੀ ਏਕਤਾ ਦਾ ਪ੍ਰਵਚਨ ਰਚਾਇਆ; ਜੋ ਅੱਜ ਸਮੁੱਚੇ ਵਿਸ਼ਵ ਲਈ ਗਿਆਨ ਦਾ ਪ੍ਰੇਰਨਾਜਨਕ ਸੋਮਾ ਹੈ ਜਿਸ ਵਿਚ ਪੇਸ਼ ਅੰਤਰ-ਦ੍ਰਿਸ਼ਟੀਆਂ ਦਾ ਵਿਵਹਾਰਕ ਰੂਪ ਨਿਸਚੇ ਹੀ ਪੁਰਸ਼ ਅਤੇ ਨਾਰੀ ਵਿਚਲੇ ਸੰਬੰਧਾਂ ਵਿਚ ਇਕਸੁਰਤਾ ਤੇ ਇਕਸਾਰਤਾ ਪੈਦਾ ਕਰ ਸਕਣ ਦੇ ਸਮਰਥ ਹੈ। ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਸੰਵਾਦ ਹਰ ਸੂਰਤ ਵਿਚ ਨਾਰੀ ਦੀ ਸਮਾਜਕ, ਰਾਜਨੀਤਿਕ, ਆਰਥਿਕ ਅਤੇ ਕਾਨੂੰਨੀ ਅਧਿਕਾਰਾਂ ਨੂੰ ਮਜ਼ਬੂਤੀ ਨਾਲ ਸਥਾਪਿਤ ਕਰਨਾ ਲੋਚਦਾ ਹੈ ਅਤੇ ਲਿੰਗ-ਬਰਾਬਰਤਾ ਨੂੰ ਪੂਰੀ ਤਰ੍ਹਾਂ ਲਾਗੂ ਕਰਦਾ ਹੈ। ਨਾਰੀ ਨੂੰ ਜੀਵਨ ਦੇ ਹਰ ਹੱਕ ਲੈਣ ਲਈ ਯੋਗ ਅਤੇ ਸਮਰੱਥ ਬਣਾਉਂਦਾ ਹੈ। ਸੰਬੰਧਿਤ ਅਧਿਆਇ ਵਿਚ ਤਤਕਾਲੀਨ ਸਮਾਜ ਅਤੇ ਸਮਕਾਲੀਨ ਸਮਾਜ ਵਿਚ ਨਾਰੀ ਦੀ ਵਿਸ਼ਵੀ ਪੱਧਰ ਦੀ ਸਥਿਤੀ ਨੂੰ ਪੇਸ਼ ਕਰ ਕੇ ਗੁਰਬਾਣੀ ਦੇ ਪ੍ਰਕਰਣ ਵਿਚ ਲਿੰਗ ਬਰਾਬਰਤਾ ਨੂੰ ਨਿਸ਼ਚਿਤ ਕਰਨ ਦਾ ਉਪਰਾਲਾ ਕੀਤਾ ਗਿਆ ਹੈ।

ਅਜੋਕੇ ਸਮਿਆਂ ਵਿਚ ਮਾਨਵੀ ਅਧਿਕਾਰਾਂ ਦੇ ਸੰਗਠਨ, ਕਾਨੂੰਨ, ਸੰਵਿਧਾਨ ਅਤੇ ਅਦਾਲਤਾਂ 'ਸਮਾਜਕ ਨਿਆਂ' ਲਈ ਬਹੁਤ ਸਰਗਰਮ ਭਮਿਕਾ ਨਿਭਾ ਰਹੀਆਂ ਹਨ ਪਰ ਫਿਰ ਵੀ ਸਮਾਜ ਵਿਚ ਸਮਾਜਕ ਨਿਆਂ ਦੀ ਕਮੀ ਜਾਪਦੀ ਹੈ। ਸਮਾਜ ਜਾਤਿ-ਪਾਤਿ, ਉਚ-ਨੀਚ, ਲਿੰਗ-ਭੇਦ, ਸਹੂਲਤਾਂ ਤੇ ਸੁਰੱਖਿਆ ਆਦਿ ਦੇ ਪੱਖ ਤੋਂ ਕਈ ਤਰ੍ਹਾਂ ਦੇ ਵਿਤਕਰਿਆਂ ਦਾ ਸ਼ਿਕਾਰ ਹੈ। ਸਮਾਜਕ ਦੀਆਂ ਸੰਸਥਾਵਾਂ ਉਦੋਂ ਤੱਕ ਕਾਰਗਰ ਸਾਬਤ ਨਹੀਂ ਹੋ ਸਕਦੀਆਂ ਜਦੋਂ ਤੱਕ ਨਿੱਜੀ ਅਤੇ ਵਿਅਕਤੀਗਤ ਤੋਰ ਤੇ ਵਿਵਹਾਰਕ ਉਪਰਾਲੇ ਹੋਂਦ ਵਿਚ ਨਹੀਂ ਧਾਰਦੇ। ਸਮਾਜਕ ਨਿਆਂ ਦੀ ਉਸਾਰੀ ਵਿਚ ਗੁਰਬਾਣੀ ਦੀ ਅਹਿਮ ਭੂਮਿਕਾ ਹੈ।'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਮਾਜਿਕ ਨਿਆਂ ਨਾਲ ਜੁੜੇ ਸੰਗਠਨ' ਉਪ ਅਧਿਆਇ ਵਿਚ ਸਪਸ਼ਟ ਹੁੰਦਾ ਹੈ ਕਿ ਸਿੱਖ ਧਰਮ ਦੀ ਬੁਨਿਆਦ ਹੀ ਸਮਾਜਕ ਨਿਆਂ ਤੇ ਸਥਾਪਤ ਹੈ। ਜ਼ਾਤ-ਪਾਤ ਤੇ ਊਚ-ਨੀਚ ਦੇ ਬੰਧਨਾਂ ਦਾ ਖੁੱਲ੍ਹੇ ਆਮ ਖੰਡਨ ਕਰਦੀ ਹੋਈ ਗੁਰਬਾਣੀ ਸਮਾਜਕ ਨਿਆਂ ਦੀ ਉਸਾਰੀ ਲਈ ਆਧਾਰ ਸਥਾਪਤ ਕਰਦੀ ਹੈ। ਇਸ ਨਾਲ ਬਰਾਬਰੀ, ਸਦਭਾਵਨਾ ਅਤੇ ਮੈਤਰੀ ਦਾ ਇਕ ਅਜਿਹਾ ਪ੍ਰਵਚਨ ਉਘੜਦਾ ਹੈ ਜਿਸ ਨਾਲ ਸਾਰੀਆਂ ਦੂਰੀਆਂ ਤੇ ਵਖਰੇਵੇਂ ਮਹੱਤਵਹੀਣ ਹੋ ਜਾਂਦੇ ਹਨ। ਗੁਰਬਾਣੀ ਵਿਚ ਇਸਤਰੀ-ਜਾਤੀ ਦੇ ਗੌਰਵਸ਼ਾਲੀ ਤੇ ਮਹੱਤਵਪੂਰਨ ਕਿਰਦਾਰ ਨੂੰ ਆਧਾਰ ਬਣਾਇਆ ਗਿਆ ਹੈ। ਉਸ ਨਾਲ ਕਿਸੇ ਕਿਸਮ ਦਾ ਵਿਤਕਰਾ ਤੇ ਅਨਿਆਂ ਕਰਨਾ ਅਧਰਮ ਅਤੇ ਅਨੈਤਿਕ ਮੰਨਿਆ ਗਿਆ ਹੈ ਜੋ ਅਸੰਤੁਲਨ ਸਮਾਜ ਦੀ ਬੁਨਿਆਦ ਬਣਦਾ ਹੈ। ਗੁਰਬਾਣੀ ਸਭਿਆਚਾਰ ਵਿਚ ਲਿੰਗ-ਭੇਦ ਦੀ ਕੋਈ ਹੋਂਦ ਨਹੀਂ। ਗੁਰਬਾਣੀ ਹਰ ਇਕ ਮਨੁੱਖ ਨੂੰ ਗਿਆਨ ਹਾਸਲ ਕਰਨ ਲਈ ਪ੍ਰੇਰਦੀ ਹੈ। ਵਿੱਦਿਆ ਪ੍ਰਾਪਤੀ ਲਈ ਉਤਸ਼ਾਹਿਤ ਕਰਦੀ ਹੈ। ਇਹ ਸਾਰੇ ਗੁਣ ਇਕ ਅਜਿਹੇ ਸਮਾਜ ਨੂੰ ਸਿਰਜਦੇ ਹਨ ਜੋ ਸਮਾਜਕ ਨਿਆਂ ਲਈ ਅਗਰਸਰ ਹੁੰਦਾ ਹੈ। ਇਕ ਅਜਿਹਾ ਸਮਾਜ ਜਿੱਥੇ ਹਰ ਵਿਅਕਤੀ ਅਜ਼ਾਦ ਤੇ ਸੁਤੰਤਰ ਹੁੰਦਾ ਹੈ। ਲੋੜ ਸਮਾਜਕ ਪ੍ਰਾਣੀਆਂ ਦੇ ਮਾਰਗ-ਦਰਸ਼ਨ ਦੀ ਹੈ। ਇਸ ਭਾਵਨਾ ਦੀ ਅੱਜ ਵਿਸ਼ਵ-ਭਰ ਨੂੰ ਸਭ ਤੋਂ ਵੱਧ ਲੋੜ ਹੈ ਕਿਉਂਕਿ ਸਮਾਜਕ ਅਨਿਆਂ ਦੇ ਕਰਕੇ ਸਾਰਾ ਸੰਸਾਰ ਤੰਗ ਖ਼ਿਆਲੀ, ਨਫ਼ਰਤ ਤੇ ਬਖ਼ੀਲੀ ਦੀ ਮੰਦ ਭਾਵਨਾ ਨੂੰ ਬਲ ਦੇ ਰਿਹਾ ਹੈ। ਜਿਸ ਦੇ ਨਤੀਜੇ ਬਹੁਤ ਖਤਰਨਾਕ ਸਾਬਤ ਹੋ ਸਕਦੇ ਹਨ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਜੋਕੇ ਸੰਦਰਭ ਵਿਚ ਵੀ ਮਨੁੱਖ ਦੀ ਅਜਿਹੀ ਅਗਵਾਈ ਕਰਦੀ ਹੈ ਜਿਸ ਨਾਲ ਸਮਾਜਕ ਨਿਆਂ ਨੂੰ ਸਥਾਪਤ ਕੀਤਾ ਜਾ ਸਕਦਾ ਹੈ। ਸਦੀਆਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੇ ਜੋ ਸਮਾਜਕ ਨਿਆਂ ਦਾ ਪ੍ਰਵਚਨ ਆਰੰਭਿਆ, ਉਹ ਨਿਸਚੇ ਹੀ ਇਕ ਇਨਕਲਾਬੀ ਸੋਚ ਤੇ ਦਲੇਰੀ ਭਰਿਆ ਸੰਵਾਦ ਸੀ ।

ਅੱਜ੍ਹ ਵਿਸ਼ਵੀਕਰਨ ਦੇ ਯੁਗ ਵਿਚ ਕਲਾ ਨੇ ਆਪਣੇ ਵਿਭਿੰਨ ਪਾਸਾਰਾਂ ਕਰਕੇ ਬੜੇ ਵਿਸਤ੍ਰਿਤ ਰੂਪ ਵਿਚ ਆਪਣਾ ਸਨਮਾਨਯੋਗ ਤੇ ਪ੍ਰਵਾਨਯੋਗ ਸਥਾਨ ਬਣਾ ਲਿਆ ਹੈ। ਅਜੋਕੀ ਤੇਜ-ਤਰਾਰ ਤਕਨੀਕੀ ਜ਼ਿੰਦਗੀ ਦੇ ਰੁਝੇਵਿਆਂ ਵਿਚ ਕਲਾ ਜ਼ਿੰਦਗੀ ਦੀ ਨਿਰਾਸਤਾ ਤੇ ਰੁੱਖੇਪਨ ਨੂੰ ਖ਼ਤਮ ਕਰਨ ਦੇ ਪ੍ਰਭਾਵਸ਼ਾਲੀ ਉਪਰਾਲੇ ਵੱਜੋਂ ਸਥਾਪਿਤ ਹੋਈ ਹੈ। ਕਲਾ ਦੇ ਵਿਭਿੰਨ ਰੂਪਾਂ ਵਿਚੋਂ ਸਾਹਿਤ-ਕਲਾ ਨੇ ਬਹੁਤ ਵਿਕਾਸ ਕੀਤਾ ਹੈ।'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਮਾਨਵੀ ਆਦਰਸ਼ਾਂ ਦੀ ਸਾਹਿਤਿਕ ਪੇਸ਼ਕਾਰੀ' ਅੰਤਿਮ ਅਧਿਆਇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਵਡਮੁੱਲੇ ਕਲਾਤਮਕ ਸਰਮਾਏ ਵਜੋਂ ਸਥਾਪਤ ਕਰਦਾ ਹੈ ਜੋ ਆਪਣੀਆਂ ਸਾਹਿਤਿਕ ਕਲਾ-ਜੁਗਤਾਂ ਤੇ ਵਿਭਿੰਨ ਕਾਵਿ-ਸ਼ੈਲੀਆਂ ਰਾਹੀਂ ਵਿਸ਼ਵ ਦੇ ਹਰ ਜਨਸਾਧਾਰਨ ਨੂੰ ਸੰਬੋਧਿਤ ਹੁੰਦਾ ਹੈ। ਇਸ ਦੇ ਪ੍ਰਵਚਨ ਦਾ ਮਾਧਿਅਮ ਇਸ ਦੀਆਂ ਲੋਕ-ਕਲਾ ਪ੍ਰਭਾਵਿਤ ਸੰਚਾਰ-ਜੁਗਤਾਂ ਰਹੀਆਂ ਹਨ। ਅੱਜ ਸਦੀਆਂ ਬੀਤ ਜਾਣ ਬਾਅਦ ਵੀ ਇਸ ਗ੍ਰੰਥ ਦੀ ਕਲਾਤਮਕਤਾ ਮਨੁੱਖ ਨੂੰ ਸਦੀਵੀ ਪ੍ਰੇਰਨਾ ਤੇ ਨਿਰੰਤਰ-ਰਸ ਪ੍ਰਦਾਨ

ਕਰਦੀ ਹੈ। ਇਸ ਟੈਕਸਟ ਦੀ ਸੰਪਾਦਨ-ਪ੍ਰਕਿਰਿਆ, ਭਾਸ਼ਾਈ ਖੂਬੀਆਂ, ਵਿਭਿੰਨ-ਕਾਵਿ ਜੁਗਤਾਂ ਵਿਚ ਸਜੇ ਕਾਵਿ-ਭਾਵ, ਭਾਵਾਂ ਦੀ ਸੂਖਮਤਾ ਤੇ ਅਥਾਹ ਕਲਪਨਾ ਦੁਆਰਾ ਮਨੁੱਖ ਦੇ ਵਲਵਲੇ ਤੇ ਵੇਗਾਂ ਨੂੰ ਸੁਹਜ-ਸਿਖਰਾਂ ਵਲ ਲੈ ਜਾਂਦੇ ਹਨ। ਛੰਦ-ਬੱਧਤਾ ਦੇ ਨਿਵੇਕਲੇ ਪੈਟਰਨਾਂ ਵਿਚ ਜੜੇ ਕਾਵਿ-ਪਦ ਆਪਣੀ ਵਿਲੱਖਣ ਰਾਗਾਤਮਕ ਸੰਗੀਤਕ ਸੁਰਾਂ ਨਾਲ ਸੰਚਾਰ-ਜੁਗਤ ਵੱਜੋਂ ਇਕ ਅਜਿਹੀ 'ਕੀਰਤਨ ਸ਼ੈਲੀ' ਨੂੰ ਹੋਂਦ ਵਿਚ ਲਿਆਉਂਦੇ ਹਨ ਜਿਸ ਨਾਲ ਮਨੁੱਖੀ ਆਦਰਸ਼ਾਂ ਦੀ ਪੇਸ਼ਕਾਰੀ ਤੇ ਸਥਾਪਤੀ ਬਹੁਤ ਗੌਰਵਸ਼ਾਲੀ ਤੇ ਪ੍ਰਭਾਵਸ਼ਾਲੀ ਰੂਪ ਵਿਚ ਹੁੰਦੀ ਹੋਈ ਗ੍ਰਹਿਣਯੋਗ ਬਣਦੀ ਹੈ। ਨਿਰਸੰਦੇਹ ਸੰਗੀਤ ਰੂਹਾਂ ਦੀ ਖ਼ੁਰਾਕ ਹੈ ਤੇ ਗੁਰਬਾਣੀ ਸੰਗੀਤ ਮਨੁੱਖ ਦੀ ਰੂਹਾਨੀ ਤੇ ਲੌਕਿਕ ਤਰਜਮਾਨੀ ਕਰਦਾ ਹੋਇਆ ਬਹੁਤ ਮਹੱਤਵਪੂਰਨ ਬਣ ਗਿਆ ਹੈ। ਗੁਰਬਾਣੀ ਦੇ ਕੀਰਤਨ ਨਾਲ, ਇਸ ਵਿਚ ਪੇਸ਼ ਹੋਏ ਮੌਲਿਕ ਤੇ ਨਿਵੇਕਲੇ ਬਿੰਬ, ਅੰਲਕਾਰ, ਪ੍ਰਤੀਕ, ਰਸ ਤੇ ਭਾਸ਼ਾਈ-ਜੁਗਤਾਂ ਇਸ ਦੇ ਗੂੜ੍ਹ ਰਹੱਸ ਤੇ ਰਮਜ਼ਾਂ ਨੂੰ ਪੇਸ਼ ਕਰਨ ਵਿਚ ਸਫ਼ਲ ਰਹੇ ਹਨ। ਇਹ ਗੱਲ ਬੜੀ ਹੈਰਾਨੀ ਵਾਲੀ ਹੈ ਕਿ ਬਾਣੀਕਾਰਾਂ ਨੂੰ ਸਾਹਿਤਿਕ ਗਿਆਨ ਦੀ ਬੜੀ ਬਾਰੀਕੀ ਸੂਝ ਸੀ ਜਿਸ ਨਾਲ ਉਨ੍ਹਾਂ ਨੇ ਅਧਿਆਤਮਕਤਾ ਤੇ ਸਮਾਜਿਕਤਾ ਦੇ ਪ੍ਰਵਚਨ ਨੂੰ ਸਾਹਿਤਿਕਤਾ ਨਾਲ ਇਕਸੁਰ ਕਰ ਕੇ ਪੇਸ਼ ਕੀਤਾ।

ਉਪਰੋਕਤ ਰੂਪ ਵਿਚ ਸਿਲਸਿਲੇਵਾਰ ਛੇ ਅਧਿਆਵਾਂ ਵਿਚ ਪੇਸ਼ ਕੀਤੇ ਖੋਜ ਕਾਰਜ ਨੂੰ ਅੰਤਰ-ਅਨੁਸ਼ਾਸ਼ਨੀ ਵਿਧੀ ਰਾਹੀਂ ਉਸਾਰਦਿਆਂ ਅਸੀਂ ਇਸ ਨਤੀਜੇ ਤੇ ਪੁੱਜੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਮਾਨਵੀ ਜੀਵਨ ਦੇ ਸਰੋਕਾਰਾਂ ਦੀ ਤਰਜਮਾਨੀ ਕਰਦਾ ਹੈ ਅਤੇ ਆਉਣ ਵਾਲੇ ਸਮੇਂ ਵਿਚ ਪਨਪਣ ਵਾਲੇ ਸੰਕਟਾਂ ਅਤੇ ਸਮੱਸਿਆਵਾਂ ਨੂੰ ਅਗਾਊਂ ਰੂਪ ਵਿਚ ਚਿਤਰਦਾ ਹੋਇਆ ਵਿਸ਼ਵੀ ਮਨੁੱਖ ਨੂੰ ਅਜਿਹੀਆਂ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਸੰਬੰਧੀ ਨਵੀਨ ਦ੍ਰਿਸ਼ਟੀ ਪ੍ਰਦਾਨ ਕਰਦਾ ਆਪਣੀ ਪ੍ਰਾਸੰਗਿਕਤਾ, ਪ੍ਰਮਾਣਿਕਤਾ, ਸਾਰਥਕਤਾ ਤੇ ਵਿਵਹਾਰਕਤਾ ਨੂੰ ਦ੍ਰਿੜ ਕਰਵਾਉਂਦਾ ਹੈ। ਅੰਤ ਵਿਚ ਅਸੀਂ ਇਸ ਗਲ ਨੂੰ ਨਿਰਮਾਣ ਭਰੇ ਦਾਅਵੇ ਨਾਲ ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਵਿਚ ਅਜੇ ਵੀ ਖੋਜ ਕਰਨ ਦੀਆਂ ਅਨੰਤ ਸੰਭਾਵਨਾਵਾਂ ਛੁਪੀਆਂ ਹੋਈਆਂ ਹਨ ਜਿਨ੍ਹਾਂ ਨੂੰ ਉਜਾਗਰ ਕਰਨ ਦੀ ਲੋੜ ਹਮੇਸ਼ਾ ਬਣੀ ਰਹੇਗੀ।

# ਪੁਸਤਕ ਸੂਚੀ

## ਧਰਮ ਗ੍ਰੰਥ/ਸੰਦਰਭ ਗ੍ਰੰਥ


| | |
|---|---|
| ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ | **ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ** |
| ਸਾਹਿਬ ਸਿੰਘ, (ਪ੍ਰੋ.) | **ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ,** 10 ਭਾਗ, ਜੰਲਧਰ, ਰਾਜ ਪਬਲਿਸ਼ਰਜ਼, 1997 |
| ਸੇਖਵਾਂ , ਬਦਨ ਸਿੰਘ ਗਿਆਨੀ | **ਫਰੀਦਕੋਟ ਵਾਲਾ ਟੀਕਾ**, 4 ਭਾਗ, ਪਟਿਆਲਾ, ਭਾਸ਼ਾ ਵਿਭਾਗ,1970 |
| ਤੇਜਾ ਸਿੰਘ | **ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ** (ਚਾਰ ਜ਼ਿਲਦਾਂ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2008 |
| ਵੀਰ ਸਿੰਘ, ਭਾਈ | **ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ**, 7 ਭਾਗ, (ਸੰਪਾ.) ਡਾ. ਬਲਬੀਰ ਸਿੰਘ,ਦਿੱਲੀ, ਭਾਈ ਵੀਰ ਸਿੰਘ ਸਾਹਿਤ ਸਦਨ, 1958 |
| ਹਰਸ਼ ਕੁਮਾਰ 'ਹਰਸ਼'(ਅਨੁਵਾਦ ਤੇ ਲਿੱਪੀਅੰਤਰਣ) | **ਤੁਲਸੀਦਾਸ ਕ੍ਰਿਤ ਸ੍ਰੀ ਰਾਮਚਰਿਤ ਮਾਨਸ**, **ਰਾਮਾਇਣ**, ਅਮਿਤ ਪਾਕੇਟ ਬੁੱਕਸ, ਜਲੰਧਰ, ਮਿਤੀਹੀਣ |
| ਗੁਰਚਰਨ ਸਿੰਘ, ਗਿਆਨੀ, (ਅਨੁ.) | **ਸ੍ਰੀ ਮਹਾਂਭਾਰਤ**, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2009 |
| ਰਮਜ਼ਾਨ ਸਈਦ,(ਅਨੁ) | **ਕੁਰਆਨ ਮਜੀਦ** (ਅਨੁਵਾਦ ਤੇ ਸੰਖੇਪ ਟੀਕਾ ਸਾਹਿਤ), ਮਲੇਰਕੋਟਲਾ, ਪੰਜਾਬੀ ਇਸਲਾਮਿਕ ਪਬਲੀਕੇਸ਼ਨਜ਼, 1998 |

| | |
|---|---|
| ਡਾ. ਮੁਹੰਮਦ ਜਮੀਲ | **ਕੁਰਆਨ ਮਜੀਦ** ( ਅਨੁਵਾਦ ਤੇ ਸੰਖੇਪ ਹਵਾਸ਼ੀ ਸਹਿਤ) ਨੰਦਨ ਪਬਲੀਕੇਸ਼ਨਜ਼, ਮਲੇਰਕੋਟਲਾ, 2013 |
| ਬਾਈਬਲ ਸੁਸਾਇਟੀ ਆਫ ਇੰਡੀਆ | **ਪਵਿੱਤਰ ਬਾਈਬਲ,** ਪੰਜਾਬੀ ਅਨੁਵਾਦ, ਬੰਗਲੋਰ, ਬਾਈਬਲ ਸੁਸਾਇਟੀ ਆਫ ਇੰਡੀਆ, ਮਿਤੀਹੀਣ |
| ਚਾਕਰ, ਅਮਰ ਸਿੰਘ, (ਸੰਪਾ.) | **ਵਾਰਾਂ ਭਾਈ ਗੁਰਦਾਸ ਜੀ**, ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2005 |
| ਸੇਵਾ ਸਿੰਘ | **ਕਬਿੱਤ ਸਵੈਯੇ ਭਾਈ ਗੁਰਦਾਸ ਜੀ**, ਸਟੀਕ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1996 |
| ਵੀਰ ਸਿੰਘ, ਭਾਈ | **ਕਬਿੱਤ ਭਾਈ ਗੁਰਦਾਸ**, 2 ਭਾਗ, ਭਾਈ ਵੀਰ ਸਿੰਘ ਸਾਹਿਤ ਸਦਨ , 1940 |
| ਅਸ਼ੋਕ, ਸ਼ਮਸ਼ੇਰ ਸਿੰਘ, (ਸੰਪਾ.) | **ਪੁਰਾਤਨ ਜਨਮਸਾਖੀ**, ਸ੍ਰੀ ਗੁਰੂ ਨਾਨਕ ਦੇਵ ਜੀ, ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1969 |
| ਵੀਰ ਸਿੰਘ, ਭਾਈ | **ਪੁਰਾਤਨ ਜਨਮਸਾਖੀ**, ਸ੍ਰੀ ਗੁਰੂ ਨਾਨਕ ਦੇਵ ਜੀ,ਭਾਈ ਵੀਰ ਸਿੰਘ ਸਾਹਿਤ ਸਦਨ, 1926 |

ਭੰਗੂ, ਰਤਨ ਸਿੰਘ — **ਸ੍ਰੀ ਗੁਰੂ ਗ੍ਰੰਥ ਪ੍ਰਕਾਸ਼**, ਸੰਪਾ., ਡਾ. ਜੀਤ ਸਿੰਘ ਸ਼ੀਤਲ, ਸਿੱਖ ਇਤਿਹਾਸ ਰਿਸਰਚ ਬੋਰਡ, ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2005

ਨਾਭਾ, ਕਾਨ੍ਹ ਸਿੰਘ(ਭਾਈ) — **ਗੁਰਮਤਿ ਮਾਰਤੰਡ**(ਭਾਗ ਪਹਿਲਾ ਅਤੇ ਦੂਜਾ), ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਚੌਥੀ ਐਡੀਸ਼ਨ, 1992

ਮਨੀ ਸਿੰਘ, ਗਿਆਨੀ, — **ਗੁਰਮਤਿ ਸਾਖੀ ਸਾਗਰ,** ਪ੍ਰਕਾਸ਼ਕ, ਗੁਰਮਤਿ ਸਾਹਿਤ ਚੈਰੀਟੇਬਲ ਟਰੱਸਟ, ਅੰਮ੍ਰਿਤਸਰ, 2002

Gopal Singh (Tr.) — **Sri Guru Granth Sahib, 4 –Vol,** Delhi, Gurdas Kapoor and Sons, 1960-1962; Reprinted Chandigarh: World Sikh University Press, 1978.

Manmohan Singh,(Tr.) — **Sri Guru Granth Sahib, (English-Punjabi), 8-Vol,** Amritsar, SGPC, 1969.

Talib, G.S.Dr. (Tr.) — **Sri Guru Granth Sahib**, 4 Vols, Patiala, Punjabi University, Patiala.

# ਪੁਸਤਕਾਂ


ਉੱਪਲ, ਸਵਿੰਦਰ ਸਿੰਘ — **ਸਿੱਖ ਧਰਮ ਦਾ ਲਾਸਾਨੀਪਨ**, ਨੈਸ਼ਨਲ ਬੁੱਕ ਸ਼ਾਪ, ਨਵੀਂ ਦਿੱਲੀ, 2002

ਉਹੀ — **ਗੁਰੂ ਦਰਸ਼ਨ**, ਨੈਸ਼ਨਲ ਬੁੱਕ ਸ਼ਾਪ, ਨਵੀਂ ਦਿੱਲੀ, 2004

ਉੱਭਾ,ਧਰਮਿੰਦਰ ਸਿੰਘ (ਡਾ.), ਮਾਨ — **ਸ੍ਰੀ ਗੁਰੂ ਗ੍ਰੰਥ ਸਾਹਿਬ: ਮਾਨਵੀ ਸਰੋਕਾਰ,** GSSDGSਖਾਲਸਾ ਕਾਲਜ, ਪਟਿਆਲਾ, 2010

ਅਮਰਜੀਤ (ਡਾ.) — **ਸ੍ਰੀ ਗੁਰੂ ਗ੍ਰੰਥ ਸਾਹਿਬ: ਬਾਣੀ-ਬਿਉਰਾ ਤੇ ਅਦਬ ਸਤਿਕਾਰ**, ਪ੍ਰਕਾਸ਼ਨ ਡਾ.ਚਤਰ ਸਿੰਘ ਜੀਵਨ ਸਿੰਘ,ਬਾਜ਼ਾਰ ਮਾਈ ਸੇਵਾ, ਅੰਮ੍ਰਿਤਸਰ, ਪਹਿਲੀ ਐਡੀਸਨ ਮਈ 2014

ਅਵਤਾਰ ਸਿੰਘ — **ਆਦਿ ਗ੍ਰੰਥ ਦੇ ਗੁਰੂ ਕਾਵਿ ਦਾ ਸਮਾਜਿਕ ਪੱਖ**, ਪੰਜਾਬ ਯੁਨੀਵਰਸਿਟੀ, ਚੰਡੀਗੜ੍ਹ, 1980

ਅਮਰਦੀਪ ਕੌਰ (ਡਾ.) — **ਗੁਰਬਾਣੀ ਚਿੰਤਨ ਮਾਨਵ ਵਿਗਿਆਨਕ ਪਰਿਪੇਖ,** ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ, 2014

ਅਮਰਦੀਪ ਕੌਰ (ਡਾ.) — **ਗੁਰਬਾਣੀ ਚਿੰਤਨ ਮਾਨਵ ਵਿਗਿਆਨਕ ਪਰਿਪੇਖ**, ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ, 2014

ਅਜਾਇਬ ਸਿੰਘ — **ਗਿਆਨ ਦਾ ਸਾਗਰ**, ਲੁਧਿਆਣਾ, ਚੇਤਨਾ ਪ੍ਰਕਾਸ਼ਨ,

ਅਮਨਜੋਤ ਕੌਰ — **ਸ਼੍ਰੀ ਗੁਰੂ ਗ੍ਰੰਥ ਸਾਹਿਬ: ਪ੍ਰਾਚੀਨ ਅਤੇ ਆਧੁਨਿਕ ਪ੍ਰਾਸੰਗਿਕਤਾ**, ਪਟਿਆਲਾ, ਅਮਰਜੀਤ ਸਾਹਿਤ ਪ੍ਰਕਾਸ਼ਨ, 2005

ਅਮੋਲ, ਸ.ਸ. — **ਪੰਜਾਬੀ ਸਭਿਆਚਾਰ ਦੀ ਰੂਪ ਰੇਖਾ,** ਦਿੱਲੀ, ਧਨਪਤ ਰਾਏ ਐਂਡ ਸਨਜ਼, 1968

ਅਲੱਗ, ਸਰੂਪ ਸਿੰਘ — **ਪ੍ਰੀਚੈ ਸ਼੍ਰੀ ਗੁਰੂ ਗ੍ਰੰਥ ਸਾਹਿਬ**, ਪ੍ਰਕਾਸ਼ਕ ਖੁਦ, 2016

ਐਲ.ਐਮ.ਜੋਸ਼ੀ, ਜੋਧ ਸਿੰਘ (ਡਾ.) — **ਵਿਸ਼ਵ ਧਰਮ ਸੰਗ੍ਰਹਿ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ,2000

ਅੰਮ੍ਰਿਤ ਪਾਲ ਕੌਰ (ਡਾ.) — **ਗੁਰਮਤਿ ਕਾਵਿ: ਸਰੂਪ, ਸਿਧਾਂਤ ਤੇ ਸਥਿਤੀ,** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2014.

ਸਰਬਜਿੰਦਰ ਸਿੰਘ, (ਸੰਪਾ☺ — **ਸ਼੍ਰੀ ਗੁਰੂ ਗ੍ਰੰਥ ਸਾਹਿਬ ਅਤੇ ਇੱਕੀਵੀਂ ਸਦੀ**, ਪੰਜਾਬੀ ਯੂਨੀਵਰਸਿਟੀ ਪਟਿਆਲਾ, 2006

ਉਹੀ

ਉਹੀ — **ਧੁਰ ਕੀ ਬਾਣੀ: ਸੰਪਾਦਨ ਜੁਗਤ**, ਨਵੀਂ ਦਿੱਲੀ, ਸਿੱਖ ਫਾਊਂਡੇਸ਼ਨ, ਮਿਤੀਹੀਣ

ਉਹੀ — **ਲਿਖੇ ਬਾਝਹੁ ਸੁਰਤਿ ਨਾਹੀ**:ਸ੍ਰੀ ਗੁਰੁ ਗ੍ਰੰਥ ਸਾਹਿਬ ਦੀ ਪ੍ਰਮਾਣਿਕਤਾ ਦਾ ਪ੍ਰਸ਼ਨ, ਲੁਧਿਆਣਾ, ਐਸਥੈਟਿਕਸ ਪਬਲੀਕੇਸ਼ਨ, 2013

ਉਹੀ — **ਸ੍ਰੀ ਗੁਰੁ ਗ੍ਰੰਥ ਸਾਹਿਬ ਅਤੇ ਇਕੀਵੀਂ**

**ਸਦੀ**,ਪਟਿਆਲਾ,ਪੰਜਾਬੀ ਯੂਨੀਵਰਸਿਟੀ, 2006

ਸਰਬਜੀਤ ਸਿੰਘ(ਸੰਪਾ.) **ਸਿੱਖ ਧਰਮ ਸਿਧਾਂਤਕ ਤੇ ਇਤਿਹਾਸਕ ਪਰਿਪੇਖ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਸਰਬਜੀਤ ਸਿੰਘ (ਡਾ.) **ਦਲਿਤ-ਦ੍ਰਿਸ਼ਟੀ**, ਚੇਤਨਾ ਪ੍ਰਕਾਸ਼ਨ, ਲੁਧਿਆਣਾ,2004

ਸਰਬਜੀਤ ਸਿੰਘ(ਡਾ.) **ਵਿਸ਼ਵ ਧਰਮ ਬਾਨੀ ਗ੍ਰੰਥ**, **ਸੰਪ੍ਰਦਾਇ ਅਤੇ ਚਿੰਤਕ**, ਭਾਗ-ਪਹਿਲਾ,ਪਬਲੀਕੇਸ਼ਨ ਬਿਊਰੋ, ਪੰਜਾਬੀ ਯੁਨੀਵਰਸਿਟੀ, ਪਟਿਆਲਾ

ਇਕਬਾਲ ਸਿੰਘ ਬਾਬਾ **ਸਿੱਖ ਸਿਧਾਂਤ**, ਪਬਲੀਕੇਸ਼ਨ ਬਿਊਰੋ, ਕਲਗੀਧਰ ਟਰੱਸਟ, ਬੜੂ ਸਾਹਿਬ, 2010

ਸਤਿੰਦਰ ਸਿੰਘ (ਡਾ.) (ਸੰਪਾ.) **ਤੁਲਨਾਤਮਕ ਭਾਰਤੀ ਸਾਹਿਤ,** ਗੁਰੂ ਨਾਨਕ ਦੇਵ ਯੁਨੀਵਰਸਿਟੀ, ਅੰਮ੍ਰਿਤਸਰ, 1990

ਸਾਹਿਬ ਸਿੰਘ **ਸੁਖਮਨੀ ਸਾਹਿਬ ਸਟੀਕ**, ਸ੍ਰੀ ਅਮ੍ਰਿਤਸਰ, ਸਿੰਘ ਬ੍ਰਦਰਜ਼, 2003

ਉਹੀ **ਸਿੱਧ ਗੋਸ਼ਟਿ ਸਟੀਕ**, ਸ੍ਰੀ ਅੰਮ੍ਰਿਤਸਰ, ਸਿੰਘ ਬ੍ਰਦਰਜ਼, 2004

ਉਹੀ **ਗੁਰਬਾਣੀ ਵਿਆਕਰਨ**, ਸ੍ਰੀ ਅੰਮ੍ਰਿਤਸਰ, ਸਿੰਘ ਬ੍ਰਦਰਜ਼, 2011

ਉਹੀ — **ਭਗਤ ਬਾਣੀ ਸਟੀਕ( ਹਿੱਸਾ ਪਹਿਲਾ),** ਸ੍ਰੀ ਅੰਮ੍ਰਿਤਸਰ, ਸਿੰਘ ਬ੍ਰਦਰਜ਼, 2013

ਉਹੀ — **ਬਾਣੀ ਮਹਲਾ 9 ਸਟੀਕ**, ਸ੍ਰੀ ਅੰਮ੍ਰਿਤਸਰ, ਸਿੰਘ ਬ੍ਰਦਰਜ਼, 2014

ਸਾਬਰ, ਜਸਬੀਰ ਸਿੰਘ (ਡਾ.) (ਸੰਪਾ.) — **ਸਿੱਖ ਧਰਮ ਅਧਿਐਨ(ਮੁਢਲੀ ਜਾਣਕਾਰੀ),** ਭਾਗ-ਪਹਿਲਾ, ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ, 2010

ਸਿਮਰਜੀਤ ਸਿੰਘ(ਸੰਪਾ.) — **ਗੁਰਮਤਿ-ਦਰਸ਼ਨ ਅਤੇ ਸਿੱਖ ਸੱਭਿਆਚਾਰ**, ਪ੍ਰਕਾਸ਼ਕ, ਧਰਮ ਪ੍ਰਚਾਰ ਕਮੇਟੀ, (ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ,2010

ਸੁਖਦੇਵ ਸਿੰਘ — **ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਲੋਕ: ਬਹੁਪੱਖੀ ਅਧਿਐਨ**, ਸ੍ਰੀ ਅੰਮ੍ਰਿਤਸਰ, ਰਵੀ ਸਾਹਿਤ ਪ੍ਰਕਾਸ਼ਨ, 2017

ਉਹੀ — **ਰਵਿਦਾਸ ਬਾਣੀ ਬਹੁਪੱਖੀ ਅਧਿਐਨ**, ਗੁਰੂ ਨਾਨਕ ਦੇਵ ਯੁਨੀਵਰਸਿਟੀ, ਅੰਮ੍ਰਿਤਸਰ,2005

ਹਰਮਿੰਦਰ ਸਿੰਘ — **ਮਨੁੱਖ ਅਤੇ ਉਸਦਾ ਭਾਈਚਾਰਾ**, ਪਟਿਆਲਾ, ਪੰਜਾਬੀ ਯੁਨੀਵਰਸਿਟੀ, ਪਟਿਆਲਾ

ਕਵੀਸ਼ਰ ਸਰਦੂਲ ਸਿੰਘ — **ਸਿੱਖ ਧਰਮ ਦਰਸ਼ਨ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੁਨੀਵਰਸਿਟੀ, ਪਟਿਆਲਾ, 1993

ਕਰਤਾਰ ਸਿੰਘ (ਡਾ.) — **ਗੁਰਮਤਿ ਦੇ ਮੌਲਿਕ ਸਿਧਾਂਤ**, ਗੁਰੂ ਨਾਨਕ ਪ੍ਰਚਾਰ ਸਭਾ,

ਜਲੰਧਰ,ਸੈਂਟਰਲ ਟਾਊਨ, ਜਲੰਧਰ, 1983

ਕਸੇਲ,ਕਿਰਪਾਲ ਸਿੰਘ, ਵਧਾਵਾ ਸਿੰਘ — **ਭਗਤ ਨਾਮਦੇਵ,** ਭਾਸ਼ਾ ਵਿਭਾਗ, ਪੰਜਾਬ, 1989

ਕਾਂਗ, ਅਮਰਜੀਤ ਸਿੰਘ (ਡਾ.), ਜਸਪਾਲ ਕੌਰ (ਡਾ.) — **ਮਧਕਾਲੀ ਪੰਜਾਬੀ ਸਾਹਿਤ ਵਿਵੇਕ,** ਨਾਨਕ ਸਿੰਘ ਕਾਂਗ, ਪੁਸਤਕ ਮਾਲਾ, ਅੰਮ੍ਰਿਤਸਰ, 2001.

ਕਾਂਗ, ਅਮਰਜੀਤ ਸਿੰਘ (ਡਾ.) — **ਮੱਧਕਾਲੀ ਸਾਹਿਤ ਚਿੰਤਨ**, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, ਮਿਤੀਹੀਣ

ਉਹੀ — **ਵਿਸ਼ਵੀਕਰਣ ਅਤੇ ਪੰਜਾਬੀ ਸਾਹਿਤ ਸਭਿਆਚਾਰ**, ਸਾਹਿਤ ਅਕਾਦਮੀ, ਨਵੀਂ ਦਿੱਲੀ, 2005

ਕਾਂਗ, ਜਸਪਾਲ ਕੌਰ (ਡਾ.) — **ਬਾਣੀ ਰਹੱਸ,** ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 2010.

ਕਾਂਗ, ਜਸਪਾਲ ਕੌਰ ਤੇ ਬਲਜੀਤ ਕੌਰ — **ਬਾਣੀ ਸੰਵੇਦਨਾ**, ਨਾਨਕ ਸਿੰਘ ਪੁਸਤਕਮਾਲਾ, ਸ੍ਰੀ ਅੰਮ੍ਰਿਤਸਰ, 2007

ਕੇ.ਐਨ.ਉਪਾਧਿਆਇ — **ਬੁੱਧ ਧਰਮ:ਉਤਪਤੀ ਤੇ ਵਿਕਾਸ,** ਇੰਪੀਰੀਅਲ ਆਫਸੈਟ ਪ੍ਰਿੰਟਰਜ਼, ਜਲੰਧਰ,2015

ਉਹੀ — **ਜੈਨ ਧਰਮ:ਸਾਰ ਸੰਦੇਸ਼,** ਇੰਪੀਰੀਅਲ ਆਫਸੈਟ ਪ੍ਰਿੰਟਰਜ਼, ਜਲੰਧਰ,2011

ਕੰਗ, ਗੁਲਜ਼ਾਰ ਸਿੰਘ (ਡਾ.) — **ਸ਼ਬਦ ਦਾ ਸੰਕਲਪ,** ਲਾਹੌਰ ਬੁੱਕ ਸ਼ਾਪ, ਲੁਧਿਆਣਾ,

2005.

ਗੰਗਾ ਸਿੰਘ(ਪ੍ਰਿੰਸੀਪਲ) **ਸਿੱਖ ਧਰਮ ਫਿਲਾਸਫੀ**, ਸਿੰਘ ਬ੍ਰਦਰਜ਼, ਅੰਮ੍ਰਿਤਸਰ 1998

ਗੁਰਸ਼ਰਨਜੀਤ ਸਿੰਘ(ਡਾ.) **ਗੁਰੂ ਨਾਨਕ ਬਾਣੀ ਦਾ ਸਮਾਜ-ਸ਼ਾਸਤਰੀ ਪਰਿਪੇਖ**, ਸਿੰਘ ਬ੍ਰਦਰਜ਼, ਅਮ੍ਰਿਤਸਰ, 1998

ਗਿੱਲ, ਹਰਬੰਸ ਕੌਰ **ਜਨਮ ਸਾਖੀਆਂ ਦਾ ਲੋਕ ਤਾਤਵਿਕ ਅਧਿਐਨ**, ਚੰਡੀਗੜ੍ਹ, ਪੰਜਾਬ ਸਟੇਟ ਯੁਨੀਵਰਸਿਟੀ ਟੈਕਸਟ, ਬੁੱਕ ਸੈਂਟਰ, 1992

ਗੋਗੋਆਣੀ, ਇੰਦਰਜੀਤ ਸਿੰਘ (ਡਾ. ) **ਗੁਰਮਤਿ ਗਿਆਨ (ਦਰਜਾ-ਪਹਿਲਾ),** ਪ੍ਰਕਾਸ਼ਕ, ਧਰਮ ਪ੍ਰਚਾਰ ਕਮੇਟੀ, (ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ,2012

ਜਸਪਾਲ ਸਿੰਘ (ਡਾ.) **ਸ੍ਰੀ ਗੁਰੂ ਗ੍ਰੰਥ ਸਾਹਿਬ ਸਦੀਵੀ ਪ੍ਰੇਰਨਾ ਸਰੋਤ**, ਪੰਜਾਬੀ ਅਕਾਦਮ, ਦਿੱਲੀ, 2006

ਜਗਬੀਰ ਸਿੰਘ (ਡਾ.) **ਮਾਨਵ ਮੁਕਤੀ ਅਤੇ ਦਲਿਤ ਚੇਤਨਾ ਦਾ ਪ੍ਰਵਚਨ**: ਗੁਰੂ ਗ੍ਰੰਥ ਸਾਹਿਬ, ਗੁਰੂ ਨਾਨਕ ਦੇਵ ਯੁਨੀਵਰਸਿਟੀ, 2006

ਉਹੀ **ਸ੍ਰੀ੍ ਗੁਰੂ ਗ੍ਰੰਥ ਸਾਹਿਬ ਦੀ ਸਮਕਾਲੀਨ ਪ੍ਰਾਸੰਗਿਕਤਾ**, ਪੰਜਾਬੀ ਯੁਨੀਵਰਸਿਟੀ, ਪਟਿਆਲਾ, 2012

ਉਹੀ **ਗੁਰਮਤਿ ਕਾਵਿ: ਸਿਧਾਂਤ ਤੇ ਵਿਹਾਰ,** ਚੇਤਨਾ ਪ੍ਰਕਾਸ਼ਨ, ਲੁਧਿਆਣਾ, 2011

ਜਗਜੀਤ ਸਿੰਘ — **ਜਾਤ ਪਾਤ ਅਤੇ ਸਿੱਖ**, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ, 1986

ਜਸਬੀਰ ਕੌਰ (ਡਾ.) — **ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਿੰਨ ਪਰਿਪੇਖ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005

ਜੋਧ ਸਿੰਘ (ਡਾ.) — **ਸਿੱਖ ਸਿਧਾਂਤ: ਸਰੂਪ ਤੇ ਸਮੱਰਥਾ**, ਸਿੰਘ ਬ੍ਰਦਰਜ਼, ਅੰਮ੍ਰਿਤਸਰ

ਉਹੀ — **ਗੁਰਮਤਿ ਨਿਰਣਯ**, ਭਾਸ਼ਾ ਵਿਭਾਗ,ਪੰਜਾਬ, ਪਟਿਆਲਾ, 1990

ਉਹੀ — **ਸਿੱਖ ਧਰਮ ਦੇ ਰਹਿਸ ਤੇ ਰਮਜ਼**, ਨਿਊ ਬੁੱਕ ਕੰਪਨੀ, ਜਲੰਧਰ, 2004

ਜੋਸ਼ੀ ਐਲ.ਐਮ., ਜੋਧ ਸਿੰਘ — **ਵਿਸ਼ਵ ਧਰਮ ਸੰਗ੍ਰਹਿ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਜੱਗੀ, ਰਤਨ ਸਿੰਘ (ਡਾ.) — **ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008

ਉਹੀ — **ਪੰਜਾਬੀ ਸਾਹਿਤ ਦਾ ਸਰੋਤ-ਮੂਲਕ ਇਤਿਹਾਸ (ਭਾਗ ਪਹਿਲਾ)**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.

ਉਹੀ — **ਪੰਜਾਬੀ ਸਾਹਿਤ ਦਾ ਸਰੋਤ-ਮੂਲਕ ਇਤਿਹਾਸ (ਭਾਗ ਦੂਜਾ)**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ,

| | |
|---|---|
| | ਪਟਿਆਲਾ, 1998 |
| ਤਲਵਾੜਾ, ਗੁਰਚਰਨ ਸਿੰਘ, (ਡਾ.) | **ਇਸਲਾਮ ਅਤੇ ਸੂਫ਼ੀਵਾਦ**, ਸਿਧਾਂਤ, ਇਤਿਹਾਸ ਅਤੇ ਬੁਨਿਆਦੀ ਸੰਕਲਪ, ਵਾਰਿਸ ਸ਼ਾਹ ਫ਼ਾਊਂਡੇਸ਼ਨ, ਅੰਮ੍ਰਿਤਸਰ, 2012 |
| ਤਾਲਿਬ, ਗੁਰਬਚਨ ਸਿੰਘ (ਪ੍ਰੋ.) ਸੰਪਾਦਕ | **ਧਰਮ ਦੀ ਉਤਪਤੀ ਤੇ ਵਿਕਾਸ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007 |
| ਤਾਰਨ ਸਿੰਘ (ਡਾ.) | **ਗੁਰੂ ਨਾਨਕ ਚਿੰਤਨ ਤੇ ਕਲਾ**, ਨਿਊ ਬੁੱਕ ਕੰਪਨੀ, ਜਲੰਧਰ, 1969 |
| ਤੇਜਾ ਸਿੰਘ (ਪ੍ਰਿੰ.) | **ਸਿੱਖ ਸੱਭਿਆਚਾਰ ਅਤੇ ਹੋਰ ਧਾਰਮਿਕ ਲੇਖ**, ਪ੍ਰਕਾਸ਼ਕ, ਧਰਮ ਪ੍ਰਚਾਰ ਕਮੇਟੀ, (ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ,2010 |
| ਉਹੀ | **ਗੁਰੂ ਨਾਨਕ ਬਾਣੀ ਪ੍ਰਕਾਸ਼ ( ਭਾਗ 1 ਅਤੇ 2)** ਸ਼੍ਰੀ ਗੁਰੂ ਗ੍ਰੰਥ ਸਾਹਿਬ ਖੋਜ ਵਿਭਾਗ, ਪਟਿਆਲਾ |
| ਉਹੀ | **ਸਿੱਖ ਧਰਮ ਤੇ ਭਾਰਤ ਦੀ ਕੌਮੀ ਏਕਤਾ**, ਗੁਰੂ ਗੋਬਿੰਦ ਸਿੰਘ ਫਾਊਡੇਸ਼ਨ, ਚੰਡੀਗੜ੍ਹ |
| ਉਹੀ | **ਸਿੱਖ, ਸਿੱਖੀ ਅਤੇ ਸਿਧਾਂਤ,** ਧਰਮ ਪ੍ਰਚਾਰ ਕਮੇਟੀ, ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2010. |
| ਉਹੀ | **ਗੁਰੂ ਨਾਨਕ ਬਾਣੀ ਪ੍ਰਕਾਸ਼, ਭਾਗ ਪਹਿਲਾ**, ਸ੍ਰੀ ਗੁਰੂ ਗ੍ਰੰਥ |

| | |
|---|---|
| | ਸਾਹਿਬ, ਖੋਜ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969 |
| ਉਹੀ | **ਨੇਮ ਤੇ ਪ੍ਰੇਮ,** ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1969 |
| ਉਹੀ | **ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1980 |
| ਦਰਸ਼ਨ ਸਿੰਘ(ਡਾ.) | **ਧਰਮ ਅਧਿਐਨ ਸਿਖ ਅਧਿਐਨ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000 |
| ਧਰਮ ਸਿੰਘ | **ਪੰਜਾਬੀ ਖੋਜ ਸੰਦਰਭ**, ਸ੍ਰੀ ਅੰਮ੍ਰਿਤਸਰ, ਰਵੀ ਸਾਹਿਤ ਪ੍ਰਕਾਸ਼ਨ, 2008 |
| ਧਾਲੀਵਾਲ, ਪ੍ਰੇਮ ਪ੍ਰਕਾਸ਼ ਸਿੰਘ (ਡਾ.) | **ਭਾਰਤੀ ਕਾਵਿ-ਸ਼ਾਸਤ੍ਰ,** ਮਦਾਨ ਪਬਲੀਕੇਸ਼ਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012 |
| ਨਗੇਂਦ੍ਰ (ਡਾ.) | **ਰਸ ਸਿਧਾਂਤ,** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998 |
| ਨੂਰ, ਸੁਤਿੰਦਰ ਸਿੰਘ ਅਤੇ ਬੱਤਰਾ, ਪ੍ਰੀਤਮ ਸਿੰਘ (ਸੰਪਾ.) | **ਦਲਿਤ-ਚੇਤਨਾ ਅਤੇ ਸਾਹਿਤ,** ਪੰਜਾਬੀ ਅਕਾਦਮੀ, ਦਿੱਲੀ, 1998 |
| ਨੂਰ, ਸੁਤਿੰਦਰ ਸਿੰਘ (ਸੰਪਾ.) | **ਸਾਹਿਤ ਵਿਚ ਦਲਿਤ ਚੇਤਨਾ,** ਸਾਹਿਤ ਅਕਾਦਮੀ, ਨਵੀਂ ਦਿੱਲੀ, 2004 |

| | |
|---|---|
| ਨੂਰ, ਸੁਤਿੰਦਰ ਸਿੰਘ | **ਇਤੁ ਬਿਧੁ ਪੜੀਐ,** ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2012. |
| ਪਰਮਵੀਰ ਸਿੰਘ (ਡਾ.) | **ਸ੍ਰੀ ਗੁਰੂ ਗ੍ਰੰਥ ਸਾਹਿਬ ਚਿੰਤਨ ਅਤੇ ਵਿਚਾਰਧਾਰਾ,** ਪਬਲੀਕੇਸ਼ਨ ਬਿਊਰੋ, ਪੰਜਾਬੀ ਯੁਨੀਵਰਸਿਟੀ, ਪਟਿਆਲਾ,2010 |
| ਪਰਮਵੀਰ ਸਿੰਘ (ਡਾ.) ਪ੍ਰਭਜੋਤ ਕੌਰ(ਪ੍ਰਿੰਸੀਪਲ, ਸੰਪਾ.) | **ਗਿਆਨੁ ਚਰਾਗੁ**, ਗੁਰਮਤਿ ਕਾਲਜ, ਪਟਿਆਲਾ, 2009 |
| ਪਿਆਰ ਸਿੰਘ (ਡਾ.) | **ਆਦਿ ਸਾਖੀਆਂ,** ਲੁਧਿਆਣਾ, ਲਾਹੌਰ ਬੁੱਕ ਸ਼ਾਪ, 1972 |
| ਪਿਆਰ ਸਿੰਘ (ਡਾ.) | **ਖੋਜ:ਸਿਧਾਂਤ ਤੇ ਵਿਵਹਾਰ**, ਪਟਿਆਲਾ, ਪੰਜਾਬੀ ਯੁਨੀਵਰਸਿਟੀ, ਪਟਿਆਲਾ, 1995 |
| ਪੂਰਨ ਸਿੰਘ | **ਆਦਰਸ਼ਕ ਜੀਵਨ ਜਾਚ**, ਸ੍ਰੀ ਅੰਮ੍ਰਿਤਸਰ, ਆਲ ਇੰਡੀਆ ਪਿੰਗਲਵਾੜਾ ਸੋਸਾਇਟੀ, 2011 |
| ਉਹੀ | **ਆਦਰਸ਼ਕ ਜੀਵਨ ਲਈ ਸੇਧਾਂ**, ਸ੍ਰੀ ਅੰਮ੍ਰਿਤਸਰ, ਆਲ ਇੰਡੀਆ ਪਿੰਗਲਵਾੜਾ ਸੋਸਾਇਟੀ, 2011 |
| ਉਹੀ | **ਧਰਾਸ ਤੇ ਵਿਕਾਸ**, ਸ੍ਰੀ ਅੰਮ੍ਰਿਤਸਰ, ਆਲ ਇੰਡੀਆ ਪਿੰਗਲਵਾੜਾ ਸੋਸਾਇਟੀ, 2012 |
| ਉਹੀ | **ਜਿਨ ਕੇ ਚੋਲੇ ਰੱਤੜੇ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੁਨੀਵਰਸਿਟੀ, ਪਟਿਆਲਾ,ਮਿਤੀਹੀਣ |

ਬਲਤੇਜ ਸਿੰਘ(ਡਾ.), ਬਾਜਵਾ ਗੁਰਦੀਸ਼ ਕੌਰ(ਡਾ.) — **ਸ੍ਰੀ ਗੁਰੂ ਗ੍ਰੰਥ ਸਾਹਿਬ ਚਿੰਤਨ ਅਤੇ ਵਿਚਾਰਧਾਰਾ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੁਨੀਵਰਸਿਟੀ, ਪਟਿਆਲਾ, 2010

ਬਲਕਾਰ ਸਿੰਘ — **ਗੁਰਮਤਿ ਵਿਵੇਚਨ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੁਨੀਵਰਸਿਟੀ, ਪਟਿਆਲਾ, 1995

ਬਖ਼ਤਾਵਰ ਸਿੰਘ — **ਵਰਤਮਾਨ ਯੁੱਗ ਦੇ ਮਨੁੱਖ ਦੀਆਂ ਸਮੱਸਿਆਵਾਂ ਦਾ ਹੱਲ**, ਸ੍ਰੀ ਅੰਮ੍ਰਿਤਸਰ, ਆਲ ਇੰਡੀਆ ਪਿੰਗਲਵਾੜਾ ਸੋਸਾਇਟੀ, 2015

ਬ੍ਰਹਮ ਜਗਦੀਸ਼ ਸਿੰਘ — **ਗੁਰੂ ਨਾਨਕ ਅਤੇ ਸੰਤ ਬਾਣੀ : ਇਕ ਅਧਿਐਨ**, ਰੂਹੀ ਪ੍ਰਕਾਸ਼ਨ, 26 ਗੁਰੂ ਤੇਗ ਬਹਾਦਰ ਨਗਰ, ਅੰਮ੍ਰਿਤਸਰ, 1996

ਬ੍ਰਹਮ ਜਗਦੀਸ਼ ਸਿੰਘ(ਪ੍ਰੋ.) — **ਗੁਰਮਤਿ ਕਾਵਿ, ਇਤਿਹਾਸਕ ਵਿਚਾਰਧਾਰਕ ਪਰਿਪੇਖ**,ਵਾਰਿਸ ਸ਼ਾਹ ਫਾਊਡੇਸ਼ਨ, 2011

ਬੇਅੰਤ ਕੌਰ(ਡਾ. ) — **ਸਿੱਖ ਧਰਮ-ਸ਼ਾਸ਼ਤਰ ਦਾ ਤੱਤ ਸਾਰ (ਉੱਤਰ ਆਧੁਨਿਕ ਪਰਿਪੇਖ),** ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2010

ਬਡੂੰਗਰ, ਕਿਰਪਾਲ ਸਿੰਘ (ਪ੍ਰੋ.) — **ਗੁਰਮਤਿ ਸਭਿਆਚਾਰ**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2008

ਭੀਮ ਇੰਦਰ ਸਿੰਘ, ਡਾ, (ਸੰਪਾ☺ — **ਵਿਸ਼ਵੀਕਰਨ ਵਿਸ਼ਲੇਸ਼ਣ ਅਤੇ ਵਿਵੇਚਨ**, ਕੁਕਨੁਸ ਪ੍ਰਕਾਸ਼ਨ, ਜਲੰਧਰ

ਭੱਟੀ, ਬਲਵਿੰਦਰ ਕੌਰ (ਡਾ.) — **ਸ੍ਰੀ ਗਰੂ ਗ੍ਰੰਥ ਸਾਹਿਬ: ਸਮਾਜਕ ਸਰੋਕਾਰ,** ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2011.

ਭੱਟੀ ਰਜਿੰਦਰ ਸਿੰਘ (ਡਾ.), ਰੰਧਾਵਾ, ਹਰਸਿਮਰਨ ਸਿੰਘ — **ਸਿੱਖ ਧਰਮ:ਮਾਨਵਵਾਦੀ ਧਰਮ**, ਗਰੇਸੀਅਸ ਬੁੱਕਸ, ਅਰਬਨ ਅਸਟੇਟ ਪਟਿਆਲਾ, 2014

ਭੱਲਾ, ਜਸਬੀਰ ਸਿੰਘ — **ਧਰਮ ਤੇ ਸਦਾਚਾਰਕ ਜੀਵਨ**, ਸ੍ਰੀ ਅੰਮ੍ਰਿਤਸਰ, ਨਵੀਨ ਪ੍ਰਕਾਸ਼ਨ, 1979

ਮਨਜੀਤ ਸਿੰਘ — **ਧਰਮ ਦਰਸ਼ਨ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007

ਮਨਮੋਹਨ ਸਿੰਘ — **ਧਰਮ ਦਾ ਵਿਕਾਸ ਅਤੇ ਗੁਰਮਤਿ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994

ਮਸਕੀਨ,ਸੰਤ ਸਿੰਘ (ਗਿ.) — **ਗੁਰੂ ਜੋਤੀ**, ਹਰਦਾਸ ਪ੍ਰਿੰਟਿੰਗ ਪ੍ਰੈਸ, ਸ੍ਰੀ ਅੰਮ੍ਰਿਤਸਰ, 1985

ਮਹਿੰਦਰ ਸਿੰਘ — **ਸਿੱਖ ਸੰਸਕਾਰ ਅਤੇ ਮਰਯਾਦਾ**, ਧਰਮ ਪ੍ਰਚਾਰ ਕਮੇਟੀ ਅੰਮ੍ਰਿਤਸਰ, 2008

ਮਹਿੰਦਰ ਪ੍ਰਤਾਪ — **ਜੀਵਨ ਜਾਚ**, ਸ੍ਰੀ ਅੰਮ੍ਰਿਤਸਰ, ਲਿਟਰੇਚਰ ਹਾਊਸ, 2004

ਉਹੀ — **ਪੰਚ ਪ੍ਰਵਾਨ**, ਨੈਸ਼ਨਲ ਪ੍ਰੈਸ ਆਫ਼ ਇੰਡੀਆ, ਦਿੱਲੀ, 1990

ਰਾਮ ਸਿੰਘ — **ਸੁਖਮਨੀ ਸਾਹਿਬ: ਇਕ ਸਰਬਪੱਖੀ ਅਧਿਐਨ**, ਲੁਧਿਆਣਾ, ਪੰਜਾਬੀ ਸਾਹਿਤ ਅਕਾਦਮੀ, 2016

ਰਾਜਿੰਦਰ ਪਾਲ ਸਿੰਘ — **ਭਾਰਤੀ ਦਰਸ਼ਨ ਵਿਗਿਆਨਕ ਅਧਿਐਨ**, ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ,2002

ਰਾਧਾ ਕ੍ਰਿਸ਼ਨਨ(ਡਾ.) — **ਜੀਵਨ ਦੀ ਅਧਿਆਤਮਕ ਦ੍ਰਿਸ਼ਟੀ**, ਰਾਜਪਾਲ ਐਂਡ ਸੰਜ਼, ਦਿੱਲੀ

ਉਹੀ — **ਧਰਮ ਅਤੇ ਸਮਾਜ**, ਰਾਜਪਾਲ ਐਂਡ ਸੰਜ਼,ਦਿੱਲੀ

ਉਹੀ — **ਪੂਰਬ ਅਤੇ ਪੱਛਮ**, ਰਾਜਪਾਲ ਐਂਡ ਸੰਜ਼, ਦਿੱਲੀ

ਰੌਣਕੀ ਰਾਮ (ਡਾ.) — **ਦਲਿਤ ਪਛਾਣ: ਮੁਕਤੀ ਅਤੇ ਸ਼ਕਤੀਕਰਨ,** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.

ਉਹੀ — **ਦਲਿਤ ਚੇਤਨਾ: ਸਰੋਤ ਤੇ ਸਰੂਪ (ਪੰਜਾਬ ਦੇ ਸੰਦਰਭ ਵਿਚ),** ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010.

ਰੋਹੀ, ਰਾਜਿੰਦਰ ਕੌਰ(ਡਾ.) — **ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਆਤਮ ਤੇ ਵਿਵਹਾਰ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012

ਰੂਪ ਸਿੰਘ (ਸੰਪਾ) — **ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ**, ਪ੍ਰਕਾਸ਼ਕ, ਧਰਮ ਪ੍ਰਚਾਰ ਕਮੇਟੀ, (ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ, 2012

ਰਣਧੀਰ ਸਿੰਘ (ਭਾਈ ਸਾਹਿਬ) **ਗੁਰਮਤਿ ਵਿਚਾਰ**, ਭਾਈ ਸਾਹਿਬ ਰਣਧੀਰ ਸਿੰਘ ਪਬਲੀਕੇਸ਼ਨ ਹਾਊਸ, ਲੁਧਿਆਣਾ, 1976

ਰੈਣਾ, ਅਮਮ੍ਰਿਤ ਕੌਰ, (ਡਾ.) **ਸ੍ਰੀ ਗੁਰੂ ਗ੍ਰੰਥ ਸਾਹਿਬ ਸਮੂਹਿਕ ਸਿੱਖਿਆ ਸੰਚਾਰ ਦਾ ਸਾਧਨ,** ਪਬਲੀਕੇਸ਼ਨ ਬਿਊਰੋ, ਪੰਜਾਬੀ ਯੁਨੀਵਰਸਿਟੀ, ਪਟਿਆਲਾ,2007

ਵਜੀਰ ਸਿੰਘ (ਡਾ.) **ਸਿੱਖ ਦਰਸ਼ਨਧਾਰਾ,** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.

ਉਹੀ **ਗੁਰੂ ਗ੍ਰੰਥ ਸਾਹਿਬ ਦੇ ਵਿਲੱਖਣ ਤੱਤ,** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.

ਵਿਵੇਕਾਨੰਦ **ਵਿਸ਼ਵ ਸ਼ਾਂਤੀ ਕਾ ਸੰਦੇਸ਼**, ਸਨਮਾਰਗ ਪ੍ਰਕਾਸ਼ਨ ਦਿੱਲੀ, 1975

ਵਿਰਦੀ, ਐਸ.ਐਲ. (ਐਡਵੋਕੇਟ) **ਜਾਤ-ਪਾਤ ਅਤੇ ਭਾਰਤ ਦਾ ਭਵਿੱਖ,** ਯਸ਼ ਆਰਟ ਪ੍ਰੈਸ, ਫਿਲੌਰ, 2010.

ਵਿਰਦੀ, ਐਸ.ਐਲ. (ਸੰਪਾ.) **ਦਲਿਤ ਸਾਹਿਤ,** ਦਲਿਤ ਪੈਂਥਰ ਪੰਜਾਬ ਪ੍ਰਕਾਸ਼ਨ, ਫਗਵਾੜਾ, 1994.

ਸ਼ਰਮਾ, ਸ਼ੁਕਦੇਵ (ਪ੍ਰੋ.) **ਭਾਰਤੀ ਕਾਵਿ-ਸ਼ਾਸਤਰ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੁਨੀਵਰਸਿਟੀ, ਪਟਿਆਲਾ, 2017

ਸ਼ਾਂਤ, ਗੁਰਬਖਸ਼ ਸਿੰਘ (ਡਾ.) **ਭਾਈ ਗੁਰਦਾਸ ਦੀਆਂ ਵਾਰਾਂ ਦਾ ਅਲੋਚਨਾਤਮਕ ਅਧਿਐਨ,**ਭਾਸ਼ਾ ਵਿਭਾਗ,ਪੰਜਾਬ, 1984

ਸ਼ੇਰ ਸਿੰਘ ਐਮ.ਏ.(ਪ੍ਰੋ) — **ਸਿੱਖ ਧਰਮ ਅਤੇ ਪੱਛੜੀਆਂ ਸ਼੍ਰੇਣੀਆਂ**, ਪ੍ਰਕਾਸ਼ਕ, ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ,1949

ਸ਼ੇਰ ਸਿੰਘ (ਗਿਆਨੀ) — **ਗੁਰਮਤਿ ਦਰਸ਼ਨ**, ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1962

ਸ਼ੀਤਲ, ਸੋਹਣ ਸਿੰਘ — ਮੇਰੇ ਇਤਿਹਾਸਕ ਲੈਕਚਰ, ਲਾਹੌਰ ਬੁੱਕ ਸ਼ਾਪ, ਲੁਧਿਆਣਾ,1980

## English Books

Ahluwalia, J. S. — **The Doctrine and Dynamics of Sikhism**, Patiala,Punjabi University,1999

… — **Sikhism and 21st Century**, Amritsar, GNDU,1997

… — **Librating Sikhism from the Sikhs**, Unistar , Chandigarh, 2004

Archer, J.C. — **The Sikhs in Relation to Hindus, Muslims, Christians and Ahmadiyyas: A study in Comparative Religions**, Princeton: Princeton University Press, 1966

Avtar Singh,Dr. — **Ethics of The Sikhs**, Patiala,Punjabi

University,2009

Bhattacharya, Narerda Nath — **A glossary of Indian Reliogions Terms And Concepts**, Manohar Publications,Ansari Road, Daryaganj New Delhi, 1990

Bauman, Z., — **Globalization: The Human Consequences** , Cambridge: Polity, 1998

Butler, C., — **Postmodernism**

Daljit Singh — **Sikhism**, Sterling Publishers's Publishers, Pvt. Ltd, New Delhi, 1975

Darshan Singh,Dr — **Guru Granth Sahib Among the Scriptures of the World**, Patiala, Publication Bureau, Punjabi University,2004

Dharam Singh, Dr — **Understanding Sikhism**,Amritsar Singh Brothers, 2012

Harbans Singh, Joshi Lal Mani — **An Introduction to Indian Religions**, Patiala, Publication Bureau, Punjabi University, 1996.

Neki. J. S. Dr. **Guru Granth Sahib and its context**,Delhi ,Bhai Vir Sahitya Sadan,2007

Ravinder G.B. Singh **Indian Philosophical Tradition and Guru Nanak**, Punjab Publishing House, Patiala 1982

Sher Singh **Philosophy of Sikhism**, SGPC, 2003

## ਕੋਸ਼

ਹਰਕੀਰਤ ਸਿੰਘ (ਸੰਪਾ.) **ਪੰਜਾਬੀ ਸ਼ਬਦ ਰੂਪ ਅਤੇ ਸ਼ਬਦ ਜੋੜ ਕੋਸ਼**, ਸ਼ਬਦ ਜੋੜ ਕੋਸ਼ ਸੈਲ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988

ਗੁਰਚਰਨ ਸਿੰਘ, (ਡਾ.) **ਪੰਜਾਬੀ ਸੂਫ਼ੀ ਕਾਵਿ ਕੋਸ਼**, ਗਰੇਸੀਅਸ ਬੁੱਕਸ, ਅਰਬਨ ਅਸਟੇਟ, ਪਟਿਆਲਾ, 2015

ਜੱਗੀ, ਗੁਰਸ਼ਰਨ ਕੌਰ **ਸਾਹਿਤ ਕੋਸ਼ ਪਰਿਭਾਸ਼ਕ' ਸ਼ਬਦਾਵਲੀ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001

ਜੀ.ਐਸ. ਰਿਆਲ **ਪੰਜਾਬੀ ਭਾਸ਼ਾ ਦਾ ਨਿਰੁਕਤ ਕੋਸ਼**, ਪਬਕੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006

ਜੋਧ ਸਿੰਘ, ਡਾ. (ਸੰਪਾ.) **ਸਿੱਖ ਧਰਮ ਵਿਸ਼ਵਕੋਸ਼**, 2 ਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008

ਜੱਗੀ, ਰਤਨ ਸਿੰਘ — **ਗੁਰੂ ਗ੍ਰੰਥ ਵਿਸ਼ਵਕੋਸ਼**, ਭਾਗ ਪਹਿਲਾ ਅਤੇ ਦੂਜਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002

ਨਾਭਾ, ਕਾਨ੍ਹ ਸਿੰਘ(ਭਾਈ) — **ਮਹਾਨ ਕੋਸ਼**, ਨੈਸ਼ਨਲ ਬੁੱਕ ਸ਼ਾਪ ਦਿੱਲੀ, 1999

ਉਹੀ — **ਗੁਰਸ਼ਬਦ ਰਤਨਾਕਰ ਮਹਾਨ ਕੋਸ਼**, ਨੈਸ਼ਨਲ ਬੁੱਕ ਸ਼ਾਪ, ਨਵੀਂ ਦਿੱਲੀ, 1995

ਉਹੀ — **ਗੁਰਮਤਿ ਪ੍ਰਭਾਕਰ**, ਭਾਸ਼ਾ ਵਿਭਾਗ, ਪੰਜਾਬ, 1970

ਉਹੀ — **ਸ੍ਰੀ ਗੁਰੂ ਗ੍ਰੰਥ ਕੋਸ਼**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002

ਪਦਮ, ਪਿਅਰਾ ਸਿੰਘ — **ਗੁਰੂ ਗ੍ਰੰਥ ਸੰਕੇਤ ਕੋਸ਼**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1983

ਉਹੀ, (ਸੰਪਾ.) — **ਗੁਰੂ ਗ੍ਰੰਥ ਮਹਿਮਾ ਕੋਸ਼**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1983

ਉਹੀ, (ਸੰਪਾ.) — **ਗੁਰੂ ਗ੍ਰੰਥ ਵਿਚਾਰ ਕੋਸ਼**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011

ਵੀਰ ਸਿੰਘ, ਭਾਈ, (ਸੰਪਾ.) — **ਸ੍ਰੀ ਗੁਰੂ ਗ੍ਰੰਥ ਕੋਸ਼**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1995

ਸ਼ਾਸਤਰੀ,ਰਾਜਿੰਦਰ ਸਿੰਘ (ਅਨੁਵਾਦਕ) ਜੌਨ ਡੌਸਨ — **ਹਿੰਦੂ ਮਿਥਿਹਾਸ ਕੋਸ਼**, ਭਾਸ਼ਾ ਵਿਭਾਗ, ਪੰਜਾਬ, 2000

Chidanandjee, Shri Ravindra Bramachari — T**he Encyclopaedia of Relogion and Ethics** Vol-X, Anmol Publications,PVT, LTD, New Delhi, 2008.

Harbans Singh — **The Encyclopaedia of Sikhism,** Vol-III, Punjabi University Patiala, 1997.

**ਖੋਜ ਪੱਤ੍ਰਿਕਾਵਾਂ/ ਮੈਗਜ਼ੀਨ**

**ਸਮਦਰਸ਼ੀ** — ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦਿਵਸ ਨੂੰ ਸਮਰਪਿਤ ਵਿਸ਼ੇਸ਼ ਅੰਕ, ਪੰਜਾਬੀ ਅਕਾਦਮੀ ਦਿੱਲੀ, ਅੰਕ 81, ਅਗਸਤ-ਸਤੰਬਰ 2004

**ਸਾਡਾ ਵਿਰਸਾ ਸਾਡਾ ਗੌਰਵ** — ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ ,ਅੰਕ ਸਤੰਬਰ, 2010

**ਸਿੱਖ ਫੁਲਵਾੜੀ** — ਪ੍ਰਿੰ. ਹਰਭਜਨ ਸਿੰਘ (ਸੰਪਾ.) ਅਤੇ ਹੋਰ, ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ, ਮਈ-ਜੂਨ 2010

**ਖੋਜ ਪੱਤ੍ਰਿਕਾ** — ਬਾਣੀ ਕਾਵਿ-ਰੂਪ ਵਿਸ਼ੇਸ਼ ਅੰਕ, ਪਬਲਿਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸਤੰਬਰ 2003

ਉਹੀ — ਬਾਣੀਕਾਰ ਵਿਸ਼ੇਸ਼ ਅੰਕ, ਪਬਲੀਕੇਸ਼ਨ ਬਿਊਰੋ,

ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003.

ਉਹੀ — ਗੁਰਮਤਿ ਕਾਵਿ ਅੰਕ, ਅੰਕ:26, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012

ਉਹੀ — ਗੁਰਮਤਿ ਕਾਵਿ ਅੰਕ, ਅੰਕ:26, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012

**ਗੁਰਮਤਿ ਪ੍ਰਕਾਸ਼** — ਭਗਤ ਸਾਹਿਬਾਨ ਵਿਸ਼ੇਸ਼ ਅੰਕ, ਮਈ 1983

ਉਹੀ — ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ੇਸ਼ ਅੰਕ

**ਧਰਮ ਅਧਿਐਨ ਪਤ੍ਰਿਕਾ** — ਸੰਪਾ. ਪ੍ਰੋ. ਸ਼ਸ਼ੀ ਬਾਲਾ, ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2015

**ਨਾਨਕ ਪ੍ਰਕਾਸ਼ ਪਤ੍ਰਿਕਾ** — ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਧਰਮ ਚਿੰਤਕ ਵਿਸ਼ੇਸ਼ ਅੰਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ 2007, ਅੰਕ 2ਅਤੇ ਅੰਕ 2015

**ਪੰਜਾਬੀ ਦੁਨੀਆ** — ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ੇਸ਼ ਅੰਕ, ਭਾਸ਼ਾ ਵਿਭਾਗ, ਪੰਜਾਬ, ਨਵੰਬਰ2003-ਫ਼ਰਵਰੀ 2004

**ਵਿਸਮਾਦ ਨਾਦ** — ਇੰਟਰਨੈਸ਼ਨਲ ਇਨਸਟੀਚਿਊਟ ਆਫ ਗੁਰਮਤਿ ਸਟੱਡੀਜ਼, ਲੁਧਿਆਣਾ,ਅੰਕ 1, ਜਨਵਰੀ 1994

JOURNALS


| | |
|---|---|
| **Journal of Religious studies** | 34(1,2) spr.Aut.2003, p.68-74 & 28 (1-2), 1996, p.82-87 |
| **Panjab Journal of Sikh Studies** | Volume 1, Year 2011 |
| **Prespectives on Guru Granth Sahib** | Editor Dr. Balwant Singh Dhillon, Guru Nanak Dev University, Amritsar, 2013 |
| **Studies in Sikhism and Comparative Religion** | Guru Nanak Foundation , Delhi, July-December 2015 |
| **The Journal of Religions** | Vol.82, No1,(Jan.,2002) The University of Chicago Press |
| **The Journal of Religion And Sikh Studies** | Sri Guru Granth Sahib World University, Fatehgarh Sahib, January-June, 2014 |